सत्यमेव जयते

# ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ
# ਦੀ ਰਿਪੋਰਟ
# ਸਮਾਜਿਕ, ਜਨਰਲ, ਰੈਵੀਨਿਊ ਅਤੇ ਆਰਥਿਕ ਖੇਤਰ
## (ਗੈਰ-ਜਨਤਕ ਖੇਤਰ ਦੇ ਅਦਾਰੇ)
## 31 ਮਾਰਚ 2019 ਨੂੰ ਸਮਾਪਤ ਹੋਏ ਸਾਲ ਲਈ

भारतीय लेखापरीक्षा और लेखा विभाग ✦ INDIAN AUDIT AND ACCOUNTS DEPARTMENT

सत्यमेव जयते

लोकहितार्थ सत्यनिष्ठा
Dedicated to Truth in Public Interest

ਪੰਜਾਬ ਸਰਕਾਰ
सत्यमेव जयते
GOVT. OF PUNJAB

## ਪੰਜਾਬ ਸਰਕਾਰ
*ਸਾਲ 2021 ਦੀ ਰਿਪੋਰਟ ਨੰ. 1*

# ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ

# ਦੀ ਰਿਪੋਰਟ

# ਸਮਾਜਿਕ, ਜਨਰਲ, ਰੈਵੀਨਿਊ ਅਤੇ ਆਰਥਿਕ ਖੇਤਰ

**(ਗੈਰ-ਜਨਤਕ ਖੇਤਰ ਦੇ ਅਦਾਰੇ)**

## 31 ਮਾਰਚ 2019 ਨੂੰ ਸਮਾਪਤ ਹੋਏ ਸਾਲ ਲਈ

## ਪੰਜਾਬ ਸਰਕਾਰ

*ਸਾਲ 2021 ਦੀ ਰਿਪੋਰਟ ਨੰ. 1*

# ਵਿਸ਼ਾ ਸਾਰਣੀ


| ਵੇਰਵਾ | ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨਾ |
| ਭੂਮਿਕਾ | -- | vii |
| ਝਲਕ | -- | ix-xvi |
| **ਭਾਗ – I** | | |
| **ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਗੈਰ–ਜਨਤਕ ਖੇਤਰ ਦੇ ਅਦਾਰੇ)** | | |
| **ਅਧਿਆਇ–I: ਜਾਣ–ਪਛਾਣ** | | |
| ਬਜਟ ਦੀ ਰੂਪ ਰੇਖਾ | 1.1 | 1 |
| ਰਾਜ ਸਰਕਾਰ ਦੇ ਸਾਧਨਾਂ ਦੀ ਵਰਤੋਂ | 1.2 | 1-2 |
| ਨਿਰੰਤਰ ਵੱਧ ਖਰਚਾ | 1.3 | 2 |
| ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ | 1.4 | 2-3 |
| ਲੇਖਾ ਪ੍ਰੀਖਿਆ ਦੀ ਯੋਜਨਾਬੰਦੀ ਅਤੇ ਸੰਚਾਲਨ | 1.5 | 3 |
| ਮਹੱਤਵਪੂਰਣ ਲੇਖਾ ਪ੍ਰੀਖਿਆ ਟਿੱਪਣੀਆਂ ਅਤੇ ਸਰਕਾਰ ਦਾ ਲੇਖਾ ਪ੍ਰੀਖਿਆ ਨੂੰ ਜਵਾਬ | 1.6 | 4 |
| ਲੇਖਾ ਪ੍ਰੀਖਿਆ ਦੇ ਸੁਝਾਅ 'ਤੇ ਵਸੂਲੀਆਂ | 1.7 | 4 |
| ਲੇਖਾ ਪ੍ਰੀਖਿਆ ਵੱਲ ਸਰਕਾਰ ਦਾ ਹੁੰਗਾਰਾ | 1.8 | 4-5 |
| ਰਾਜ ਵਿਧਾਨ ਸਭਾ ਵਿੱਚ ਖੁਦਮੁਖਤਿਆਰ ਸੰਗਠਨਾਂ ਦੀਆਂ ਵੱਖਰੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਪੇਸ਼ ਕੀਤੇ ਜਾਣ ਦੀ ਸਥਿਤੀ | 1.9 | 6 |
| **ਅਧਿਆਇ-II: ਕਾਰਗੁਜ਼ਾਰੀ ਲੇਖਾ ਪ੍ਰੀਖਿਆ** | | |
| **ਭੂਮੀ ਤੇ ਜਲ ਸੰਭਾਲ, ਅਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ** | | |
| ਸਸਟੇਨੇਬਲ ਖੇਤੀਬਾੜੀ ਲਈ ਪੰਜਾਬ ਵਿੱਚ ਭੂਮੀ ਅਤੇ ਜਲ ਸੰਭਾਲ | 2.1 | 7-46 |
| **ਅਧਿਆਇ-III: ਪਾਲਣ ਲੇਖਾ ਪ੍ਰੀਖਿਆ** | | |
| **ਸ਼ਹਿਰੀ ਹਵਾਬਾਜ਼ੀ ਵਿਭਾਗ** | | |
| ਸਰਕਾਰ ਦੇ ਬਕਾਇਆ ਡਿਊਜ਼ ਦੀ ਵਸੂਲੀ ਨਾ ਕਰਨਾ | 3.1 | 47-49 |

| ਵੇਰਵਾ | ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨਾ |
| **ਸਿਹਤ ਅਤੇ ਪਰਿਵਾਰ ਭਲਾਈ ਵਿਭਾਗ** | | |
| ਯੂਜ਼ਰ ਚਾਰਜ਼ਿਜ ਦੀ ਸ਼ੱਕੀ ਕੁਵਰਤੋਂ | 3.2 | 49-50 |
| **ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ** | | |
| ਖਾਲੀ ਪਈਆਂ ਸਰਕਾਰੀ ਜਮੀਨਾਂ ਦੀ ਸਰਵੋਤਮ ਵਰਤੋਂ | 3.3 | 51-68 |
| **ਪ੍ਰਸੋਨਲ, ਅਤੇ ਗ੍ਰਹਿ ਮਾਮਲੇ ਤੇ ਨਿਆਂ ਵਿਭਾਗ** | | |
| ਅਪੈਕਸ ਸਕੇਲ ਅਤੇ ਹਾਇਰ ਪ੍ਰਸ਼ਾਸਨਿਕ ਗ੍ਰੇਡ ਅਧੀਨ ਅਸਾਮੀਆਂ ਦਾ ਅਨਿਯਮਤ ਸੰਚਾਲਨ | 3.4 | 69-71 |
| **ਲੋਕ ਨਿਰਮਾਣ ਵਿਭਾਗ** | | |
| ਭਾਰ ਮੁਕਤ ਸਾਈਟ ਮੁਹੱਈਆ ਨਾ ਕਰਵਾਏ ਜਾਣ ਕਾਰਣ ਅਧੂਰਾ ਕੰਮ | 3.5 | 71-73 |
| **ਮਾਲ, ਮੁੜ-ਵਸੇਬਾ ਅਤੇ ਆਫਤ ਪ੍ਰਬੰਧਨ ਵਿਭਾਗ** | | |
| ਰਾਜ ਆਫਤ ਰਿਸਪੌਂਸ ਫੰਡ ਵਿਚੋਂ ਵਿੱਤੀ ਸਹਾਇਤਾ ਦੀ ਵੱਧ ਅਦਾਇਗੀ | 3.6 | 74-75 |
| **ਸਕੂਲ ਸਿੱਖਿਆ ਅਤੇ ਵਿੱਤ ਵਿਭਾਗ** | | |
| ਸ਼ੱਕੀ ਧੋਖਾਧੜੀ ਨਾਲ ਤਨਖਾਹ ਤੇ ਭੱਤੇ ਕਢਵਾਉਣਾ ਅਤੇ ਅਦਾਇਗੀ ਕਰਨਾ | 3.7 | 75-79 |
| **ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਅਤੇ ਵਿੱਤ ਵਿਭਾਗ** | | |
| ਟਰੇਨਰਾਂ ਦੀ ਸਿਖਲਾਈ ਲਈ ਸੰਸਥਾ ਸਥਾਪਤ ਕਰਨ ਦੇ ਅਧੂਰੇ ਕੰਮ ਕਾਰਣ ਹੋਇਆ ਬੇਕਾਰ ਖਰਚਾ | 3.8 | 80-82 |
| **ਜਲ ਸਰੋਤ ਵਿਭਾਗ** | | |
| ਰਾਜ ਦੇ ਖਜ਼ਾਨੇ 'ਤੇ ਅਣਉਚਿੱਤ ਵਾਧੂ ਬੋਝ | 3.9 | 82-84 |
| **ਜਲ ਸਪਲਾਈ ਤੇ ਸੈਨੀਟੇਸ਼ਨ , ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ, ਅਤੇ ਵਿੱਤ ਵਿਭਾਗ** | | |
| ਗੈਰ-ਕਾਰਜਸ਼ੀਲ ਸੀਵਰੇਜ ਸਕੀਮ 'ਤੇ ਲਾਭਹੀਣ ਖਰਚਾ | 3.10 | 85-87 |

| ਵੇਰਵਾ | ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨਾ |
| **ਭਾਗ - II** | | |
| **ਰੈਵੀਨਿਓ ਸੈਕਟਰ** | | |
| **ਅਧਿਆਇ-I: ਆਮ** | | |
| ਰੈਵੀਨਿਊ ਪ੍ਰਾਪਤੀਆਂ ਦੇ ਰੁਝਾਨ | 1.1 | 89-96 |
| ਰੈਵੀਨਿਊ ਦੇ ਬਕਾਏ ਦਾ ਮੁਲਾਂਕਣ | 1.2 | 96-97 |
| ਨਿਰਧਾਰਣ ਦੇ ਬਕਾਇ | 1.3 | 97-98 |
| ਕਰ ਦੀ ਚੋਰੀ | 1.4 | 98 |
| ਰਿਫੰਡ ਕੇਸ | 1.5 | 99 |
| ਆਡਿਟ ਪ੍ਰਤੀ ਸਰਕਾਰ/ਵਿਭਾਗਾਂ ਦਾ ਹੁੰਗਾਰਾ | 1.6 | 99-100 |
| ਵਿਭਾਗੀ ਆਡਿਟ ਕਮੇਟੀ ਮੀਟਿੰਗਾਂ | 1.6.2 | 101 |
| ਆਡਿਟ ਨੂੰ  ਪੜਤਾਲ ਲਈ ਰਿਕਾਰਡ ਪੇਸ਼ ਨਾ ਕਰਨਾ | 1.6.3 | 102 |
| ਡ੍ਰਾਫਟ ਆਡਿਟ ਪੈਰ੍ਹਿਆਂ ਪ੍ਰਤੀ ਵਿਭਾਗਾਂ ਦਾ ਹੁੰਗਾਰਾਂ | 1.6.4 | 102-103 |
| ਆਡਿਟ ਰਿਪੋਰਟਾਂ ਉੱਤੇ ਪੈਰ੍ਹਵੀ–ਸੰਖੇਪ ਸਥਿਤੀ | 1.6.5 | 103 |
| ਆਡਿਟ ਦੁਆਰਾ ਉਠਾਏ ਗਏ ਮਾਮਲਿਆਂ ਨੂੰ ਨਜਿੱਠਣ ਵਾਲੇ ਤੰਤਰ ਦਾ ਵਿਸ਼ਲੇਸ਼ਣ | 1.7 | 103 |
| ਨਿਰੀਖਣ ਰਿਪੋਰਟਾਂ | 1.7.1 | 104 |
| ਸਵੀਕਾਰ ਕੀਤੇ ਕੇਸਾਂ ਦੀ ਵਸੂਲੀ | 1.7.2 | 104-105 |
| ਆਡਿਟ ਯੋਜਨਾਬੰਦੀ | 1.8 | 105 |
| ਅੰਦਰੂਨੀ ਆਡਿਟ | 1.9 | 105-106 |
| ਆਡਿਟ ਦੇ ਨਤੀਜੇ | 1.10 | 106 |
| ਸਾਲ ਦੌਰਾਨ ਕੀਤੀ ਸਥਾਨਕ ਆਡਿਟ ਦੀ ਸਥਿਤੀ | 1.10.1 | 106 |
| ਭਾਗ-II ਦੀ ਕਵਰੇਜ (ਰੈਵੀਨਿਊ ਸੈਕਟਰ) | 1.10.2 | 107 |
| **ਅਧਿਆਇ-II: ਵਿੱਕਰੀਆਂ ਅਤੇ ਵਪਾਰ ਉੱਤੇ ਕਰ/ਵੈਟ** | | |
| ਕਰ ਪ੍ਰਬੰਧਨ | 2.1 | 109 |
| ਆਡਿਟ ਦੇ ਨਤੀਜ | 2.2 | 109-110 |

| ਵੇਰਵਾ | ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨਾ |
| ਟੈਕਸ ਦੀ ਅਨਿਯਮਤ ਰਿਆਇਤ/ ਛੋਟ | 2.3 | 110-112 |
| ਟੈਕਸ ਫਰੀ ਵਿੱਕਰੀ ਉੱਤੇ ਇੰਨਪੁੱਟ ਟੈਕਸ ਕਰੈਡਿਟ ਦਾ ਘੱਟ ਉਲਟਾਓ | 2.4 | 112-113 |
| ਟੀ ਡੀ ਐਸ ਦੀ ਦੇਰੀ ਨਾਲ ਜਮਾ ਉੱਤੇ ਵਿਆਜ਼ ਦੀ ਰਿਕਵਰੀ ਦਾ ਕਰਨਾ | 2.5 | 113-114 |
| ਟੈਕਸ ਦੀ ਮੰਗ ਨਾ ਕਰਨਾ | 2.6 | 114-115 |
| ਆਈ ਟੀ ਸੀ ਦਾ ਨਾਮਿਲਣਯੋਗ ਲਾਭ | 2.7 | 115-116 |
| ਵਿਆਜ਼ ਨਾ/ਘੱਟ ਲਗਾਉਣਾ | 2.8 | 116-117 |
| ਫਰਨੈਸ ਤੇਲ ਉੱਪਰ ਨਾਮਿਲਣਯੋਗ ਇੰਨਪੁੱਟ ਟੈਕਸ ਕਰੈਡਿਟ | 2.9 | 118 |
| ਪੰਜਾਬ ਇੰਨਫਰਾਸਟਰਕਚਰ (ਡਿਵੈਲਪਮੈਂਟ ਅਤੇ ਰੈਗੂਲੇਸ਼ਨ) ਐਕਟ ਅਧੀਨ ਫੀਸ ਨਾ/ਘੱਟ ਲਗਾਉਣਾ | 2.10 | 119-120 |
| **ਅਧਿਆਇ-III: ਰਾਜ ਆਬਕਾਰੀ** | | |
| ਕਰ ਪ੍ਰਬੰਧਨ | 3.1 | 121 |
| ਆਡਿਟ ਦੇ ਨਤੀਜੇ | 3.2 | 121-122 |
| ਸਪੈਸ਼ਲ ਡਿਵੈਲਪਮੈਂਟ ਫੀਸ ਦੀ ਘੱਟ ਵਸੂਲੀ | 3.3 | 122-123 |
| ਅਸੈਸਡ ਫੀਸ ਦੀ ਘੱਟ ਵਸੂਲੀ | 3.4 | 123-124 |
| ਸ਼ਰਾਬ ਦੀ ਵਿੱਕਰੀ ਉੱਤੇ ਕਾਓ ਸੈੱਸ ਨਾ ਵਸੂਲਣਾ | 3.5 | 124-125 |
| **ਅਧਿਆਇ-IV: ਅਸ਼ਟਾਮ ਡਿਊਟੀ** | | |
| ਕਰ ਪ੍ਰਬੰਧਨ | 4.1 | 127 |
| ਆਡਿਟ ਦੇ ਨਤੀਜ | 4.2 | 127-129 |
| ਪਾਵਰ ਆੱਫ ਅਟਾਰਨੀ ਉੱਤੇ ਅਸ਼ਟਾਮ ਡਿਊਟੀ ਘੱਟ ਲਗਾਉਣਾ | 4.3 | 129 |
| ਨਿਰਧਾਰਤ ਮਾਰਕੀਟ ਰੇਟ ਨਾ ਲਗਾਉਣਾ | 4.4 | 129-130 |
| ਵਧੀਕ ਅਸ਼ਟਾਮ ਡਿਊਟੀ, ਸਮਾਜਿਕ ਢਾਂਚਾ ਸੈੱਸ ਅਤੇ ਇੰਨਫਰਾਸਟਰਕਚਰ ਵਿਕਾਸ ਫੀਸ ਦੀ ਨਾਮਿਲਣਯੋਗ ਛੋਟ | 4.5 | 130-132 |
| ਜਾਇਦਾਦ ਦੇ ਗਲਤ ਵਰਗੀਕਰਣ ਕਰਕੇ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਘੱਟ ਲਗਾਉਣਾ | 4.6 | 132-133 |

| ਵੇਰਵਾ | ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨਾ |
| ਲੀਜ਼ ਡੀਡਜ਼ ਉੱਤੇ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਲਗਾਉਣਾ ਅਤੇ ਇੱਕਠਾ ਕਰਨਾ | 4.7 | 133 |
| ਜਾਣ-ਪਛਾਣ | 4.7.1 | 133-135 |
| ਲੀਜ਼ ਵਿਲੇਖਾਂ ਦੇ ਮੋਹਰ ਲਗਾਉਣ ਵਿੱਚ ਕਮੀਆਂ | 4.7.2 | 135-140 |
| ਲੀਜ਼ ਡੀਡਜ਼ ਉੱਤੇ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਘੱਟ ਲਗਾਉਣ | 4.7.3 | 140 |
| **ਅਧਿਆਇ-V: ਵਾਹਨਾਂ ਉੱਤੇ ਕਰ** | | |
| ਕਰ ਪ੍ਰਬੰਧਨ | 5.1 | 141 |
| ਆਡਿਟ ਦੇ ਨਤੀਜ | 5.2 | 141-142 |
| ਮੋਟਰ ਵਾਹਨ ਕਰ ਦੀ ਘੱਟ ਵਸੂਲੀ | 5.3 | 142-143 |
| **ਅਧਿਆਇ-VI: ਜੰਗਲਾਤ ਅਤੇ ਜੰਗਲੀ ਜੀਵਣ** | | |
| ਕਰ ਪ੍ਰਬੰਧਨ | 6.1 | 145 |
| ਆਡਿਟ ਦੇ ਨਤੀਜੇ | 6.2 | 145 |
| ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਕੰਮ ਉੱਤੇ ਕਾਰਗੁਜ਼ਾਰੀ ਆਡਿਟ | 6.3 | 146-174 |
| **ਅਧਿਆਇ-VII: ਹੋਰ ਕਰ ਅਤੇ ਗੈਰ-ਕਰ ਪ੍ਰਾਪਤੀਆਂ** | | |
| ਕਰ ਪ੍ਰਬੰਧਨ | 7.1 | 175 |
| ਆਡਿਟ ਦੇ ਨਤੀਜੇ | 7.2 | 175-176 |
| ਮਨੋਰੰਜਨ ਸ਼ੁੱਲਕ ਦੀ ਨਾ/ਘੱਟ ਵਸੂਲੀ | 7.3 | 176-177 |

# ਅੰਤਿਕਾਵਾਂ



| ਲੜੀ ਨੰ. | ਵੇਰਵਾ | ਹਵਾਲੇ ਵਿੱਚ | |
|---|---|---|---|
| | | ਪੈਰ੍ਹਾ | ਪੰਨਾ |
| **ਭਾਗ-I: ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਗੈਰ – ਜਨਤਕ ਖੇਤਰ ਦੇ ਅਦਾਰੇ)** | | | |
| 1.1 | ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀਆਂ ਕਾਰਗੁਜ਼ਾਰੀ ਲੇਖਾ ਪ੍ਰੀਖਿਆਵਾਂ/ਰਿਪੋਰਟਾਂ ਦੇ ਪੈਰ੍ਹਿਆਂ ਦੇ ਵੇਰਵੇ ਜਿਨ੍ਹਾਂ ਵਿੱਚ 31 ਮਾਰਚ 2020 ਤੱਕ ਵਿਭਾਗੀ ਉੱਤਰ ਪ੍ਰਾਪਤ ਨਹੀਂ ਹੋਏ ਸਨ | 1.8.2 | 179-180 |
| 1.2 | ਹੈਂਗਰ ਨੰ. 2 ਨਾਲ ਸਬੰਧਤ ਬਕਾਇਆ ਕਿਰਾਏ ਦੇ ਵੇਰਵੇ | 3.1 | 181 |
| 1.3 | ਅਪ੍ਰੈਲ 2017 ਤੋਂ ਜਨਵਰੀ 2018 ਦੇ ਸਮੇਂ ਦੌਰਾਨ ਘੱਟ ਜਮ੍ਹਾਂ ਕਰਵਾਏ ਗਏ ਯੂਜ਼ਰ ਚਾਰਜਿਜ਼ ਦੇ ਵੇਰਵੇ | 3.2 | 182 |
| 1.4 | ਵਿਕੇ/ਅਣਵਿਕੇ ਰਹੇ ਰਿਹਾਇਸ਼ੀ ਅਤੇ ਕਮਰਸ਼ੀਅਲ ਪਲਾਟਾਂ ਨੂੰ ਦਰਸਾਉਂਦੇ ਵੇਰਵੇ | 3.3.2.1 | 183-192 |
| 1.5 | ਨਜਾਇਜ਼ ਕਬਜਿਆਂ ਕਾਰਣ ਵੇਚੀਆਂ ਨਹੀਂ ਜਾ ਸਕੀਆਂ ਸਾਈਟਾਂ ਦੇ ਵੇਰਵੇ | 3.3.2.2(i) | 193-195 |
| 1.6 | ਕਨਵੇਂਸ ਡੀਡਜ਼ ਨਹੀਂ ਕਰਵਾਏ ਜਾਣ ਨੂੰ ਦਰਸਾਉਂਦੇ ਵੇਰਵੇ | 3.3.4.4 | 196-199 |
| 1.7 | ਲੈਵਲ 17 (ਅਪੈਕਸ ਸਕੇਲ) ਵਿੱਚ ਮੁੱਖ ਸਕੱਤਰ ਗ੍ਰੇਡ ਅਧੀਨ ਅਸਾਮੀਆਂ ਦਾ ਅਨਿਯਮਿਤ ਸੰਚਾਲਨ | 3.4(i) | 200-201 |
| 1.8 | ਹਾਇਰ ਪ੍ਰਸ਼ਾਸਕੀ ਗ੍ਰੇਡ (ਲੈਵਲ-16) ਅਧੀਨ ਪੁਲਿਸ ਦੇ ਡਾਇਰੈਕਟਰ ਜਨਰਲ ਦੀਆਂ ਅਸਾਮੀਆਂ ਦਾ ਅਨਿਯਮਿਤ ਸੰਚਾਲਨ | 3.4(ii) | 202 |
| 1.9 | ਸਰਕਾਰੀ ਹਾਈ ਸਕੂਲ, ਕੁਲਗਰਾਂ, ਜਿਲ੍ਹਾ ਰੋਪੜ ਵਿੱਚ ਦਸੰਬਰ 2015 ਤੋਂ ਦਸੰਬਰ 2019 ਦੇ ਸਮੇਂ ਦੌਰਾਨ ਸ਼ੱਕੀ ਧੋਖਾਧੜੀ ਨਾਲ ਤਨਖਾਹ ਅਤੇ ਭੱਤੇ ਕਢਵਾਉਣ ਨੂੰ ਦਰਸਾਉਂਦੇ ਵੇਰਵੇ | 3.7(i) | 203-208 |
| 1.10 | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪੰਜੋਲਾ, ਜਿਲ੍ਹਾ ਪਟਿਆਲਾ ਵਿੱਚ ਸਤੰਬਰ 2014 ਤੋਂ ਦਸੰਬਰ 2017 ਦੇ ਸਮੇਂ ਦੌਰਾਨ ਸ਼ੱਕੀ ਧੋਖਾਧੜੀ ਨਾਲ ਤਨਖਾਹ ਕਢਵਾਉਣ ਨੂੰ ਦਰਸਾਉਂਦੀ ਵਿਵਰਣੀ | 3.7(ii) | 209-210 |
| 1.11 | ਜਮੀਨ ਦੇ ਮਾਲਕਾਂ ਨੂੰ ਮੁਆਵਜ਼ੇ ਦੀ ਵੱਧ ਅਦਾਇਗੀ | 3.9 | 211 |
| **ਭਾਗ-II: ਰੈਵੀਨਿਓ ਸੈਕਟਰ** | | | |
| 2.1 | ਟੀ ਡੀ ਐਸ ਦੀ ਦੇਰੀ ਨਾਲ ਜਮ੍ਹਾਂ ਉੱਤੇ ਲੱਗਣਯੋਗ ਵਿਆਜ਼ ਦੀ ਰਕਮ | 2.5 | 212 |
| ਸੰਖੇਪਣਾਂ ਦੀ ਗਲੌਸਰੀ | | | 213 |

# ਭੂਮਿਕਾ

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ 31 ਮਾਰਚ 2019 ਨੂੰ ਸਮਾਪਤ ਹੋਏ ਸਾਲ ਲਈ ਇਹ ਰਿਪੋਰਟ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151 ਅਧੀਨ ਪੰਜਾਬ ਦੇ ਰਾਜਪਾਲ ਜੀ ਨੂੰ ਪੇਸ਼ ਕਰਨ ਲਈ ਤਿਆਰ ਕੀਤੀ ਗਈ ਹੈ। ਇਹ ਰਿਪੋਰਟ ਦੋ ਭਾਗਾਂ ਵਿੱਚ ਹੈ।

**ਭਾਗ-I** ਵਿੱਚ ਸਮਾਜਿਕ, ਜਨਰਲ ਅਤੇ ਆਰਥਿਕ ਖੇਤਰਾਂ (ਗੈਰ-ਜਨਤਕ ਖੇਤਰ ਦੇ ਅਦਾਰਿਆਂ) ਅਧੀਨ ਪੰਜਾਬ ਸਰਕਾਰ ਦੇ ਵਿਭਾਗਾਂ/ਖੁਦਮੁਖਤਿਆਰ ਸੰਗਠਨਾਂ ਦੀ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਅਤੇ ਪਾਲਣ ਲੇਖਾ ਪ੍ਰੀਖਿਆ ਦੇ ਮਹੱਤਵਪੂਰਣ ਨਤੀਜੇ ਸ਼ਾਮਲ ਹਨ।

**ਭਾਗ-II** ਵਿੱਚ ਰੈਵੀਨਿਊ ਖੇਤਰ ਅਧੀਨ ਰੈਵੀਨਿਊ ਕਮਾਉਣ ਵਾਲੇ ਮੁੱਖ ਵਿਭਾਗਾਂ ਦੀਆਂ ਧਨ ਪ੍ਰਾਪਤੀਆਂ ਅਤੇ ਖਰਚੇ ਦੀ ਲੇਖਾ ਪ੍ਰੀਖਿਆ ਦੀਆਂ ਮਹੱਤਵਪੂਰਣ ਲੱਭਤਾਂ ਸ਼ਾਮਲ ਹਨ।

ਇਸ ਰਿਪੋਰਟ ਵਿੱਚ ਉਨ੍ਹਾਂ ਮਾਮਲਿਆਂ ਦਾ ਜ਼ਿਕਰ ਕੀਤਾ ਗਿਆ ਹੈ ਜਿਹੜੇ ਕਿ 2018-19 ਦੇ ਸਮੇ ਦੌਰਾਨ ਨਮੂਨਾ ਜਾਂਚ ਕਰਦੇ ਹੋਏ ਧਿਆਨ ਵਿੱਚ ਆਏ ਸਨ ਅਤੇ ਨਾਲ ਹੀ ਉਨ੍ਹਾਂ ਦਾ ਜੋ ਕਿ ਇਸ ਤੋਂ ਪਹਿਲੇ ਸਾਲਾਂ ਦੌਰਾਨ ਧਿਆਨ ਵਿੱਚ ਆਏ ਸਨ, ਪ੍ਰੰਤੂ ਪਹਿਲੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਸ਼ਾਮਲ ਨਹੀਂ ਕੀਤੇ ਜਾ ਸਕੇ ਸਨ; ਜਿੱਥੇ ਕਿਤੇ ਜਰੂਰੀ ਸੀ 2018-19 ਤੋਂ ਬਾਅਦ ਦੇ ਸਮੇਂ ਨਾਲ ਸਬੰਧਤ ਮਾਮਲਿਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਲੇਖਾ ਪ੍ਰੀਖਿਆ ਦਾ ਸੰਚਾਲਨ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਵਲੋਂ ਜਾਰੀ ਕੀਤੇ ਗਏ ਲੇਖਾ ਪ੍ਰੀਖਿਆ ਮਿਆਰਾਂ ਅਨੁਸਾਰ ਕੀਤਾ ਗਿਆ ਹੈ।

**ਜੇਕਰ ਅਨੁਵਾਦ ਕੀਤੇ ਕਥਨ ਵਿੱਚ ਸੰਦੇਹ ਹੋਵੇ, ਅੰਗਰੇਜ਼ੀ ਕਥਨ ਨੂੰ ਪ੍ਰਮਾਣਕ ਮੰਨਿਆ ਜਾਵੇ ਜੀ।**

# ਝਲਕ

# ਝਲਕ

ਇਹ ਰਿਪੋਰਟ ਦੋ ਭਾਗਾਂ ਵਿੱਚ ਹੈ ਜਿਨ੍ਹਾਂ ਵਿੱਚ ਦੋ ਕਾਰਗੁਜ਼ਾਰੀ ਲੇਖਾ ਪ੍ਰੀਖਿਆਵਾਂ ਅਤੇ 28 ਪੈਰ੍ਹੇ ਸ਼ਾਮਲ ਹਨ। ਭਾਗ-I, ਸਮਾਜਿਕ, ਜਨਰਲ ਅਤੇ ਆਰਥਿਕ ਖੇਤਰਾਂ (ਗੈਰ-ਜਨਤਕ ਖੇਤਰ ਦੇ ਅਦਾਰੇ) ਨਾਲ ਸਬੰਧਤ ਹੈ ਅਤੇ ਇਸ ਵਿੱਚ "ਸਸਟੇਨੇਬਲ ਖੇਤੀਬਾੜੀ ਲਈ ਪੰਜਾਬ ਵਿੱਚ ਭੂਮੀ ਅਤੇ ਜਲ ਸੰਭਾਲ" 'ਤੇ ਇਕ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਅਤੇ 10 ਪੈਰ੍ਹੇ ਜਿਨ੍ਹਾਂ ਦਾ ਮੁਦਰਾ ਮੁੱਲ ₹ 726.23 ਕਰੋੜ ਹੈ, ਸ਼ਾਮਲ ਹਨ, ਜਿਵੇਂ ਕਿ ਹੇਠਾਂ ਵੇਰਵਾ ਦਿੱਤਾ ਗਿਆ ਹੈ:

| ਸਾਲ | ਕਾਰਗੁਜ਼ਾਰੀ ਲੇਖਾ ਪ੍ਰੀਖਿਆ | | ਪੈਰ੍ਹੇ | |
|---|---|---|---|---|
| | ਸੰਖਿਆ | ਮੁਦਰਾ ਮੁੱਲ (₹ ਕਰੋੜ ਵਿੱਚ) | ਸੰਖਿਆ | ਮੁਦਰਾ ਮੁੱਲ (₹ ਕਰੋੜ ਵਿੱਚ) |
| 2018-19 | 01 | 93.01 | 10 | 633.22 |

ਭਾਗ-II ਰੈਵੀਨਿਊ ਖੇਤਰ ਨਾਲ ਸਬੰਧਤ ਹੈ ਅਤੇ ਇਸ ਵਿੱਚ "ਵਣ ਅਤੇ ਜੰਗਲੀ ਜੀਵਨ ਸੰਭਾਲ ਵਿਭਾਗ ਦੇ ਕੰਮਕਾਜ" 'ਤੇ ਇਕ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਅਤੇ ਵੈਲਿਯੂ ਐਡਿਡ ਟੈਕਸ/ਕੇਂਦਰੀ ਵਿਕਰੀ ਕਰ ਨਾ/ਘੱਟ ਲਾਉਣ, ਵੈਟ ਦੇ ਵੱਧ ਰਿਫੰਡ, ਵਿਸ਼ੇਸ਼ ਵਿਕਾਸ ਫੀਸ/ਨਿਰਧਾਰਤ ਫੀਸ ਦੇ ਘੱਟ ਜਮ੍ਹਾਂ ਕਰਾਉਣ, ਸਟੈਂਪ ਡਿਊਟੀ ਨਾ/ਘੱਟ ਲਾਉਣ, ਮੋਟਰ ਵਾਹਨ ਕਰ ਦੀ ਵਸੂਲੀ ਨਾ/ਘੱਟ ਕਰਨ ਅਤੇ ਮਨੋਰੰਜਨ ਡਿਊਟੀ ਦੀ ਵਸੂਲੀ ਨਾ ਕਰਨ ਨਾਲ ਸਬੰਧਤ, ₹ 194.29 ਕਰੋੜ ਦੇ ਵਿੱਤੀ ਪ੍ਰਭਾਵ ਵਾਲੇ 18 ਪੈਰ੍ਹੇ ਸ਼ਾਮਲ ਹਨ, ਜਿਵੇਂ ਕਿ ਹੇਠਾਂ ਵੇਰਵਾ ਦਿੱਤਾ ਗਿਆ ਹੈ:

| ਸਾਲ | ਕਾਰਗੁਜ਼ਾਰੀ ਲੇਖਾ ਪ੍ਰੀਖਿਆ | | ਪੈਰ੍ਹੇ | |
|---|---|---|---|---|
| | ਸੰਖਿਆ | ਮੁਦਰਾ ਮੁੱਲ (₹ ਕਰੋੜ ਵਿੱਚ) | ਸੰਖਿਆ | ਮੁਦਰਾ ਮੁੱਲ (₹ ਕਰੋੜ ਵਿੱਚ) |
| 2018-19 | 01 | 14.10 | 18 | 180.19 |

## ਭਾਗ – I
## ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ
(ਗੈਰ-ਜਨਤਕ ਖੇਤਰ ਦੇ ਅਦਾਰੇ)

## ਕਾਰਗੁਜ਼ਾਰੀ ਲੇਖਾ ਪ੍ਰੀਖਿਆ

### ਭੂਮੀ ਤੇ ਜਲ ਸੰਭਾਲ, ਅਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ

### ਸਸਟੇਨੇਬਲ ਖੇਤੀਬਾੜੀ ਲਈ ਪੰਜਾਬ ਵਿੱਚ ਭੂਮੀ ਅਤੇ ਜਲ ਸੰਭਾਲ

ਭੂਮੀ ਅਤੇ ਜਲ ਦੋ ਕੁਦਰਤੀ ਸ੍ਰੋਤ ਹਨ ਜਿਹੜੇ ਕਿ ਖੇਤੀਬਾੜੀ ਵਿੱਚ ਬਹੁਤ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ। ਰਾਜ ਵਿੱਚ ਸਸਟੇਨੇਬਲ ਖੇਤੀਬਾੜੀ ਲਈ ਭੂਮੀ ਅਤੇ ਜਲ ਸੰਭਾਲ ਗਤੀਵਿਧੀਆਂ ਦੇ ਵਿਸ਼ਲੇਸ਼ਣ ਲਈ ਇੱਕ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਕੀਤੀ ਗਈ ਸੀ ਜਿਸਨੇ ਸਕੀਮਾਂ ਦੀ ਯੋਜਨਾਬੰਦੀ, ਵਿੱਤੀ ਪ੍ਰਬੰਧਨ ਅਤੇ ਸਕੀਮਾਂ ਦੇ ਲਾਗੂਕਰਣ ਵਿੱਚ ਵੱਖ-ਵੱਖ ਕਮੀਆਂ ਨੂੰ ਉਜਾਗਰ ਕੀਤਾ। ਕੁੱਝ ਮਹੱਤਵਪੂਰਣ ਲੇਖਾ ਪ੍ਰੀਖਿਆ ਲੱਭਤਾਂ ਹੇਠਾਂ ਦਿੱਤੀਆਂ ਗਈਆਂ ਹਨ:

ਰਾਜ ਕੋਲ ਭੂਮੀ ਅਤੇ ਜਲ ਸੰਭਾਲ ਨੂੰ ਅਸਰਦਾਰ ਢੰਗ ਨਾਲ ਅੱਗੇ ਵਧਾਉਣ ਲਈ ਭੂਮੀ ਅਤੇ ਜਲ ਸੰਭਾਲ ਲਈ ਨਾ ਤਾਂ ਕੋਈ ਖੇਤੀਬਾੜੀ ਨੀਤੀ ਅਤੇ ਦੀਰਘਕਾਲੀਨ ਯੋਜਨਾ ਹੈ ਅਤੇ ਨਾ ਹੀ ਭੂਮੀ ਦੀ ਮੁਕੰਮਲ ਇਨਵੈਂਟਰੀ ਹੈ।

***(ਪੈਰ੍ਹਾ 2.1.6.1 ਅਤੇ 2.1.6.2)***

ਫਸਲ ਵਿਭਿੰਨਤਾ ਪ੍ਰੋਗਰਾਮ ਉੱਤੇ ₹ 274 ਕਰੋੜ ਖਰਚ ਕਰਨ ਦੇ ਬਾਵਜੂਦ 2014-19 ਦੌਰਾਨ ਝੋਨੇ ਦੇ ਬਿਜਾਈ ਖੇਤਰ ਵਿੱਚ 7.18 *ਪ੍ਰਤੀਸ਼ਤ* ਦਾ ਵਾਧਾ ਹੋਇਆ ਜਿਸਨੇ ਧਰਤੀ ਹੇਠਲੇ ਪਾਣੀ ਦੀ ਖਪਤ ਤੇ ਬੁਰਾ ਪ੍ਰਭਾਵ ਪਾਇਆ।

***(ਪੈਰ੍ਹਾ 2.1.7.1(v))***

ਸਟੇਕਹੋਲਡਰਾਂ ਵਿਚਕਾਰ ਸਿਸਟੈਮਿਕ ਜਾਗਰੂਕਤਾ ਫੈਲਾਉਣ ਦੀ ਕਮੀ ਕਾਰਣ ਪਰਾਲੀ ਨੂੰ ਸਾੜਨ ਦੇ ਮਾਮਲੇ 2017-18 ਵਿੱਚ 43,660 ਤੋਂ ਵਧ ਕੇ 2018-19 ਵਿੱਚ 49,905 ਹੋ ਗਏ।

***(ਪੈਰ੍ਹਾ 2.1.7.2(iv))***

ਫੰਡਾਂ ਦੇ ਨਿਪੁੰਨਤਾ ਰਹਿਤ ਵਹਾਅ, ਸਿਫਾਰਸ਼ ਕੀਤੇ ਗਏ ਪੋਸ਼ਟਿਕ ਤੱਤਾਂ ਲਈ ਵਿੱਤੀ ਸਹਾਇਤਾ ਲਈ ਊਣਤਾਭਰੀ ਯੋਜਨਾਬੰਦੀ ਅਤੇ ਸਿਖ਼ਲਾਈ ਤੇ ਵਰਕਸ਼ਾਪਾਂ ਲਈ ਗੈਰ-ਯੋਜਨਾਬੰਦੀ ਕਾਰਣ ਸੌਇਲ ਹੈਲਥ ਕਾਰਡ ਸਕੀਮ ਦਾ ਲਾਗੂਕਰਣ ਅਸਰਹੀਣ ਰਿਹਾ।

***(ਪੈਰ੍ਹਾ 2.1.7.3(i ਤੋਂ iv))***

ਰਾਜ ਨੂੰ 2014-19 ਦੌਰਾਨ ਭੂਮੀਗਤ ਪਾਈਪਲਾਈਨ ਸਕੀਮ ਉੱਤੇ ₹ 37.16 ਕਰੋੜ ਖਰਚ ਕਰਨ ਦੇ ਬਾਵਜੂਦ 972.04 ਲੱਖ ਕਿਊਬਿਕ ਮੀਟਰ ਪਾਣੀ ਦੀ ਸੰਭਾਲ ਕਰਨ ਤੋਂ ਵਾਂਝੇ ਰੱਖਿਆ ਗਿਆ।

***(ਪੈਰ੍ਹਾ 2.1.7.6(ii))***

ਅੰਦਰੂਨੀ ਕੰਟਰੋਲ ਅਤੇ ਮਾਨੀਟਰਿੰਗ ਮੈਕਾਨਿਜ਼ਮ ਵਿੱਚ ਕਮੀ ਵੇਖੀ ਗਈ ਸੀ ਕਿਉਂਜੋਂ ਭੂਮੀ ਅਤੇ ਜਲ ਸੰਭਾਲ ਵਿਭਾਗ (ਡੀ ਐਸ ਅਤੇ ਡਬਲਿਯੂ ਸੀ) ਅਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ (ਡੀ ਏ ਅਤੇ ਐਫ ਡਬਲਿਊ) ਨੇ ਕਿਸੇ ਵੀ ਸਕੀਮ ਅਧੀਨ ਟੀਚਿਆਂ ਦੀ ਪ੍ਰਾਪਤੀ ਵਿੱਚ ਕਮੀ ਦੇ ਕਾਰਣਾਂ ਦੀ ਸਮੀਖਿਆ ਨਹੀਂ ਕੀਤੀ।

***(ਪੈਰ੍ਹਾ 2.1.10)***

## ਪਾਲਣ ਲੇਖਾ ਪ੍ਰੀਖਿਆ

### ਸ਼ਹਿਰੀ ਹਵਾਬਾਜ਼ੀ ਵਿਭਾਗ

### ਸਰਕਾਰ ਦੇ ਬਕਾਇਆ ਡਿਊਜ਼ ਦੀ ਵਸੂਲੀ ਨਾ ਕਰਨਾ

ਪੰਜਾਬ ਸਰਕਾਰ ਦੇ ਸ਼ਹਿਰੀ ਹਵਾਬਾਜ਼ੀ ਵਿਭਾਗ ਵਲੋਂ ਜਮੀਨ ਦੀ ਨਿਸ਼ਾਨਦਈ, ਕਿਰਾਏ/ਠੇਕੇ ਦੀ ਰਾਸ਼ੀ ਅਤੇ ਨਿਯਮ ਤੇ ਸ਼ਰਤਾਂ ਦਾ ਨਿਰਧਾਰਣ ਕੀਤੇ ਬਗੈਰ ਮੈਸਰਜ਼ ਬਿਰਮੀ ਫਲਾਇੰਗ ਅਕੈਡਮੀ ਪ੍ਰਾਈਵੇਟ ਲਿਮਟਿਡ ਨੂੰ ਜਮੀਨ ਅਤੇ ਹੈਂਗਰ ਨੰ. 2 ਦੀ ਅਲਾਟਮੈਂਟ ਕਰਨ ਕਰਕੇ ਦਸ ਸਾਲਾਂ ਤੋਂ ਵੱਧ ਦੇ ਸਮੇਂ ਲਈ ਮੁਕੱਦਮੇਬਾਜ਼ੀ ਹੋਈ ਜਦੋਂਕਿ ਤੁਰੰਤ ਕਾਰਵਾਈ ਦੀ ਘਾਟ ਕਾਰਣ ₹ 0.83 ਕਰੋੜ

ਦੇ ਬਕਾਇਆ ਡਿਊਜ਼ ਦੀ ਵਸੂਲੀ ਵਿੱਚ ਦੇਰੀ ਹੋਈ ਅਤੇ ਪਿਛਲੇ ਪੰਦਰਾਂ ਸਾਲਾਂ ਤੋਂ ਜ਼ਮੀਨ ਦਾ ਇਹ ਭਾਗ ਕਿਸੇ ਆਰਥਿਕ ਪ੍ਰਤੀਫਲ ਤੋਂ ਬਗੈਰ ਬਲਾਕ ਰੱਖਿਆ ਗਿਆ।

***(ਪੈਰ੍ਹਾ 3.1)***

## ਸਿਹਤ ਅਤੇ ਪਰਿਵਾਰ ਭਲਾਈ ਵਿਭਾਗ

### ਯੂਜ਼ਰ ਚਾਰਜਿਜ਼ ਦੀ ਸ਼ੱਕੀ ਕੁਵਰਤੋਂ

ਸਿਵਲ ਹਸਪਤਾਲ ਮਾਨਸਾ ਵਿਖੇ ਡਰਾਇੰਗ ਅਤੇ ਡਿਸਬਰਸਿੰਗ ਅਫਸਰ ਦੁਆਰਾ ਕੋਡਲ ਉਪਬੰਧਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿਣ ਅਤੇ ਅੰਦਰੂਨੀ ਕੰਟਰੋਲ ਮੈਕਾਨਿਜ਼ਮ ਨਾਲ ਸਮਝੌਤਾ ਕਰਨ ਕਰਕੇ ₹ 1.02 ਲੱਖ ਦੀ ਰਾਸ਼ੀ ਦੇ ਯੂਜ਼ਰ ਚਾਰਜਿਜ਼ ਦੀ ਸ਼ੱਕੀ ਕੁਵਰਤੋਂ ਕਰਨ ਵਿੱਚ ਅਸਾਨੀ ਹੋਈ।

***(ਪੈਰ੍ਹਾ 3.2)***

## ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ

### ਖਾਲੀ ਪਈਆਂ ਸਰਕਾਰੀ ਜਮੀਨਾਂ ਦੀ ਸਰਵੋਤਮ ਵਰਤੋਂ

ਖਾਲੀ ਪਈਆਂ ਸਰਕਾਰੀ ਜਮੀਨਾਂ ਦੀ ਸਰਵੋਤਮ ਵਰਤੋਂ ਸਕੀਮ ਅਧੀਨ, 2016-19 ਦੌਰਾਨ ਵਿਕਰੀ ਲਈ ਚਿੰਨਤ ਕੀਤੀਆਂ ਗਈਆਂ ਜਾਇਦਾਦਾਂ ਵਿੱਚੋਂ 61 *ਪ੍ਰਤੀਸ਼ਤ* ਰਿਹਾਇਸ਼ੀ, 73 *ਪ੍ਰਤੀਸ਼ਤ* ਕਮਰਸ਼ੀਅਲ ਅਤੇ 91 *ਪ੍ਰਤੀਸ਼ਤ* ਹੋਰ ਜਾਇਦਾਦਾਂ ਅਣਵਿਕੀਆਂ ਰਹਿ ਗਈਆਂ ਸਨ। ਇਸ ਸਕੀਮ ਵਿੱਚ ₹ 1,158.63 ਕਰੋੜ ਦਾ ਘਾਟਾ ਸੀ ਜਿਹੜਾ ਕਿ ਸਕੀਮ ਦੀਆਂ ਜਾਇਦਾਦਾਂ ਨੂੰ ਗਿਰਵੀਂ ਰੱਖਕੇ ਮਾਰਕੀਟ ਕਰਜਿਆਂ ਰਾਹੀਂ ਪੂਰਾ ਕੀਤਾ ਗਿਆ ਸੀ। ਰਾਖਵੇਂ ਮੁੱਲ ਤੋਂ ਉੱਪਰ ਬੋਲੀ ਪ੍ਰਾਪਤ ਹੋ ਜਾਣ ਦੇ ਬਾਵਜੂਦ ਨਿਲਾਮੀ ਰੱਦ ਕਰ ਦੇਣ ਨਾਲ ₹ 335.57 ਕਰੋੜ ਦੇ ਰੈਵੀਨਿਊ ਤੋਂ ਵਾਂਝੇ ਰਹਿਣਾ ਪਿਆ ਸੀ। ਜਮੀਨ ਦੇ ਇੰਤਕਾਲ ਤੋਂ ਬਗੈਰ ਪਲਾਟਾਂ ਨੂੰ ਅਲਾਟਮੈਂਟ ਲਈ ਪੇਸ਼ ਕਰਨ ਨਾਲ ₹ 25.52 ਕਰੋੜ ਬਲਾਕ ਹੋ ਗਏ ਸਨ। ₹ 8.40 ਕਰੋੜ ਦੀ ਲਾਗਤ ਨਾਲ ਉਸਾਰੀ ਗਈ ਸ਼ਹਿਰੀ ਹੱਟ, ਅੰਮ੍ਰਿਤਸਰ ਗੈਰ-ਕਾਰਜਸ਼ੀਲ ਰਹੀ ਜਿਸ ਕਰਕੇ ਦਸਤਕਾਰੀ ਕਾਰੀਗਰ/ ਹੈਂਡਲੂਮ ਵੀਵਰਜ਼ ਸਾਲ ਭਰ ਸਿੱਧੀਆਂ ਮਾਰਕੀਟਿੰਗ ਸਹੂਲਤਾਂ ਤੋਂ ਵਾਂਝੇ ਰਹੇ।

***(ਪੈਰ੍ਹਾ 3.3)***

## ਪ੍ਰਸੋਨਲ, ਅਤੇ ਗ੍ਰਹਿ ਮਾਮਲੇ ਤੇ ਨਿਆਂ ਵਿਭਾਗ

### ਅਪੈਕਸ ਸਕੇਲ ਅਤੇ ਹਾਇਰ ਪ੍ਰਸ਼ਾਸਨਿਕ ਗ੍ਰੇਡ ਅਧੀਨ ਅਸਾਮੀਆਂ ਦਾ ਅਨਿਯਮਤ ਸੰਚਾਲਨ

ਕੇਂਦਰ ਸਰਕਾਰ ਦੀ ਅਗਾਊਂ ਪ੍ਰਵਾਨਗੀ ਤੋਂ ਬਗੈਰ ਰਾਜ ਡੈਪੂਟੇਸ਼ਨ ਰਿਜ਼ਰਵ ਅਧੀਨ, ਲੈਵਲ-17 (ਅਪੈਕਸ ਸਕੇਲ) ਵਿੱਚ ਮੁੱਖ ਸੱਕਤਰ ਗ੍ਰੇਡ ਦੀਆਂ 1-9 ਐਕਸ-ਕਾਡਰ ਅਸਾਮੀਆਂ ਦਾ ਅਤੇ ਲੈਵਲ-16 (ਹਾਇਰ ਪ੍ਰਸ਼ਾਸਨਿਕ ਗ੍ਰੇਡ) ਵਿੱਚ ਡਾਇਰੈਕਟਰ ਜਨਰਲ ਦੀਆਂ 1-7 ਐਕਸ-ਕਾਡਰ/ਡੈਪੂਟੇਸ਼ਨ ਅਸਾਮੀਆਂ ਦਾ ਨਿਰਧਾਰਤ ਸੀਮਾ ਤੋ ਵੱਧ ਕੀਤਾ ਗਿਆ ਸੰਚਾਲਨ ਅਨਿਯਮਤ ਸੀ, ਜਿਸ ਵਿੱਚ ਜਨਵਰੀ 2016 ਤੋਂ ਜੂਨ 2020 ਦੇ ਸਮੇਂ ਦੌਰਾਨ ਕਢਵਾਈ ਤਨਖਾਹ ਦੀ ₹ 10.31 ਕਰੋੜ ਦੀ ਰਾਸ਼ੀ ਸ਼ਾਮਲ ਸੀ।

***(ਪੈਰ੍ਹਾ 3.4)***

## ਲੋਕ ਨਿਰਮਾਣ ਵਿਭਾਗ

### ਭਾਰ ਮੁਕਤ ਸਾਈਟ ਮੁਹੱਈਆ ਨਾ ਕਰਵਾਏ ਜਾਣ ਕਾਰਣ ਅਧੂਰਾ ਕੰਮ

"ਬਬਨਪੁਰ ਪੁਲ ਤੋਂ ਜੌੜੇ ਪੁਲ, ਮੇਜਰ ਡਿਸਟ੍ਰਿਕ ਰੋਡ (ਐਮ ਡੀ ਆਰ–78)" ਸੜ੍ਹਕ ਦੇ ਪੀਰੀਓਡੀਕਲ ਰਿਪੇਅਰ ਦੇ ਕੰਮ ਨੂੰ ਅਵਾਰਡ ਕਰਨ ਤੋਂ ਪਹਿਲਾਂ ਭਾਰ ਮੁਕਤ ਸਾਈਟ ਯਕੀਨੀ ਬਣਾਉਣ ਦੀ ਲੋਕ ਨਿਰਮਾਣ ਵਿਭਾਗ ਦੀ ਅਸਫਲਤਾ ਦੇ ਸਿੱਟੇ ਵਜੋਂ ₹ 3.61 ਕਰੋੜ ਖਰਚਣ ਦੇ ਬਾਵਜੂਦ ਕੰਮ ਮੁਕੰਮਲ ਨਹੀਂ ਹੋਇਆ ਸੀ ਅਤੇ ਇਸ ਤੋਂ ਇਲਾਵਾ ਜਰਗ–ਖੰਨਾ ਖੇਤਰ ਦੇ ਲੋਕਾਂ ਨੂੰ ਛੋਟੇ ਮਾਰਗ ਤੋਂ ਇਨਕਾਰ ਹੋਇਆ।

***(ਪੈਰ੍ਹਾ 3.5)***

## ਮਾਲ, ਮੁੜ–ਵਸੇਬਾ ਅਤੇ ਆਫਤ ਪ੍ਰਬੰਧਨ ਵਿਭਾਗ

### ਰਾਜ ਆਫਤ ਰਿਸਪੌਂਸ ਫੰਡ ਵਿਚੋਂ ਵਿੱਤੀ ਸਹਾਇਤਾ ਦੀ ਵੱਧ ਅਦਾਇਗੀ

ਮਾਲ, ਮੁੜ–ਵਸੇਬਾ ਅਤੇ ਆਫਤ ਪ੍ਰਬੰਧਨ ਵਿਭਾਗ ਵੱਲੋਂ ਰਾਜ ਆਫਤ ਰਿਸਪੌਂਸ ਫੰਡ ਵਿੱਚੋਂ, ਕਿਸਾਨਾਂ ਨੂੰ ਪ੍ਰਭਾਵਿਤ ਹੋਈ ਜਮੀਨ ਦਾ ਪ੍ਰਤੀ ਕਿਸਾਨ ਵੱਧ ਤੋਂ ਵੱਧ ਦੋ ਹੈਕਟੇਅਰ ਦੀ ਸੀਮਾ ਦੀ ਸ਼ਰਤ ਤੇ ਇਨਪੁਟ ਸਬਸਿਡੀ ਮੁਹੱਈਆ ਕਰਾਉਣ ਦੇ ਸਬੰਧ ਵਿੱਚ ਸਹਾਇਤਾ ਦੇ ਮਾਪਦੰਡਾਂ ਦੀ ਪਾਲਣਾ ਨਾ ਕਰਨ ਦੇ ਸਿੱਟੇ ਵਜੋਂ ₹ 1.38 ਕਰੋੜ ਦੀ ਵਿੱਤੀ ਸਹਾਇਤਾ ਦੀ ਵੱਧ ਅਦਾਇਗੀ ਹੋਈ।

***(ਪੈਰ੍ਹਾ 3.6)***

## ਸਕੂਲ ਸਿੱਖਿਆ ਅਤੇ ਵਿੱਤ ਵਿਭਾਗ

### ਸ਼ੱਕੀ ਧੋਖਾਧੜੀ ਨਾਲ ਤਨਖਾਹ ਤੇ ਭੱਤੇ ਕਢਵਾਉਣਾ ਅਤੇ ਅਦਾਇਗੀ ਕਰਨਾ

ਪੰਜਾਬ ਵਿੱਤੀ ਨਿਯਮਾਵਲੀ ਅਤੇ ਪੰਜਾਬ ਖਜਾਨਾ ਨਿਯਮਾਵਲੀ ਅਧੀਨ ਲੋੜੀਂਦੇ ਕੰਟਰੋਲਾਂ ਅਨੁਸਾਰ ਖਜਾਨੇ ਨੂੰ ਪੇਸ਼ ਕੀਤੇ ਬਿਲਾਂ ਦੀ ਜਾਂਚ ਕਰਨ ਵਿੱਚ ਡਰਾਇੰਗ ਅਤੇ ਡਿਸਬਰਸਿੰਗ ਅਫਸਰਾਂ ਅਤੇ ਖਜਾਨਾ ਅਫਸਰਾਂ ਦੀ ਅਸਫਲਤਾ ਅਤੇ ਇਸ ਦੇ ਨਾਲ ਨਾਲ ਇੰਟੀਗ੍ਰੇਟਿਡ ਫਾਇਨਾਸ਼ੀਅਲ ਮਨੇਜਮੈਂਟ ਸਿਸਟਮ ਵਿੱਚ ਕਰਮਚਾਰੀਆਂ ਦੇ ਮਾਸਟਰ ਡਾਟਾ ਦੀ ਮੈਪਿੰਗ ਨਾ ਹੋਣ ਦੇ ਨਤੀਜੇ ਵਜੋਂ ਸਰਕਾਰੀ ਹਾਈ ਸਕੂਲ, ਕੁਲਗਰਾਂ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪੰਜੋਲਾ ਵਿੱਚ ਸ਼ੱਕੀ ਧੋਖਾਧੜੀ ਨਾਲ ₹ 1.16 ਕਰੋੜ ਦੀ ਰਾਸ਼ੀ ਦੇ ਤਨਖਾਹ ਅਤੇ ਭੱਤੇ ਕਢਵਾਏ ਗਏ ਅਤੇ ਅਦਾਇਗੀ ਕੀਤੀ ਗਈ।

***(ਪੈਰ੍ਹਾ 3.7)***

## ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਅਤੇ ਵਿੱਤ ਵਿਭਾਗ

### ਟਰੇਨਰਾਂ ਦੀ ਸਿਖਲਾਈ ਲਈ ਸੰਸਥਾ ਸਥਾਪਿਤ ਕਰਨ ਦੇ ਅਧੂਰੇ ਕੰਮ ਕਾਰਣ ਹੋਇਆ ਬੇਕਾਰ ਖਰਚਾ

ਵਿੱਤ ਵਿਭਾਗ ਦੁਆਰਾ ਲੋੜੀਂਦੇ ਫੰਡ ਦੇਰੀ ਨਾਲ/ਨਾ ਜਾਰੀ ਕਰਨ ਕਰਕੇ ਲਾਲੜੂ ਵਿਖੇ ਟਰੇਨਰਾਂ ਦੀ ਸਿਖਲਾਈ ਲਈ ਸੰਸਥਾ ਚਾਲੂ ਨਹੀ ਹੋ ਸਕੀ, ਜਿਸ ਕਰਕੇ ਨਾ ਕੇਵਲ ₹ 6.34 ਕਰੋੜ ਦਾ

ਕੀਤਾ ਖਰਚਾ ਬੇਕਾਰ ਹੋ ਗਿਆ ਸਗੋਂ ਕਰਾਫਟ ਇਨਸਟਰਕਟਰ ਟ੍ਰੇਨਿੰਗ ਸਕੀਮ ਅਧੀਨ ਟਰੇਂਡ ਅਤੇ ਕੁਆਲੀਫਾਈਡ ਇੰਸਟਰਕਟਰ ਤਿਆਰ ਕਰਨ ਦਾ ਚਿਤਵਿਆ ਟੀਚਾ ਵੀ ਪ੍ਰਾਪਤ ਨਹੀ ਕੀਤਾ ਜਾ ਸਕਿਆ।

*(ਪੈਰ੍ਹਾ 3.8)*

## ਜਲ ਸਰੋਤ ਵਿਭਾਗ

### ਰਾਜ ਦੇ ਖਜ਼ਾਨੇ ਤੇ ਅਣਉਚਿੱਤ ਵਾਧੂ ਬੋਝ

ਭੂਮੀ ਗ੍ਰਹਿਣ ਕੁਲੈਕਟਰ, ਸ਼ਾਹਪੁਰਕੰਡੀ ਦੁਆਰਾ ਅਵਾਰਡ ਦੀ ਘੋਸ਼ਣਾ ਕਰਨ ਤੋਂ ਪਹਿਲਾਂ ਗ੍ਰਹਿਣ ਕੀਤੀ ਗਈ ਜ਼ਮੀਨ ਉੱਤੇ ਬਣੇ ਢਾਂਚਿਆਂ ਦਾ ਮੁੱਲ ਨਿਰਧਾਰਤ ਨਾ ਕੀਤੇ ਜਾਣ ਕਾਰਣ ਜਲ ਸਰੋਤ ਵਿਭਾਗ ਨੂੰ ਇਕ ਪੂਰਕ ਅਵਾਰਡ ਰਾਹੀਂ ਢਾਂਚਿਆਂ ਦੇ ਮੁਆਵਜੇ ਦੀ ਅਦਾਇਗੀ ਕਰਨੀ ਪਈ, ਜਿਸ ਦੇ ਸਿੱਟੇ ਵਜੋ ਸੋਲੇਸ਼ੀਅਮ ਦੀ ₹ 3.26 ਕਰੋੜ ਦੀ ਟਾਲਣਯੋਗ ਅਦਾਇਗੀ ਤੋਂ ਇਲਾਵਾ ਵਿਭਾਗ ਨੇ ਢਾਂਚਿਆਂ ਦੇ ਮੁੱਲ ਦੇ ਹੋਏ ਅਡੀਸ਼ਨਲ ਵਾਧੇ ਲਈ ₹ 1.69 ਕਰੋੜ ਦੀ ਨਾ ਦੇਣਯੋਗ ਰਾਸ਼ੀ ਦੀ ਅਦਾਇਗੀ ਵੀ ਕੀਤੀ।

*(ਪੈਰ੍ਹਾ 3.9)*

## ਜਲ ਸਪਲਾਈ ਤੇ ਸੈਨੀਟੇਸ਼ਨ , ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ, ਅਤੇ ਵਿੱਤ ਵਿਭਾਗ

### ਗੈਰ-ਕਾਰਜਸ਼ੀਲ ਸੀਵਰੇਜ ਸਕੀਮ ਤੇ ਲਾਭਹੀਣ ਖਰਚਾ

ਟੋਲ ਸੜ੍ਹਕ ਦੀ ਪੁਟਾਈ ਦੀ ਵਿਵਸਥਾ ਕੀਤੇ ਬਗੈਰ ਅਤੇ ਲੋੜੀਂਦੇ ਫੰਡਾਂ ਦੀ ਵਿਵਸਥਾ ਨੂੰ ਯਕੀਨੀ ਬਣਾਏ ਬਗੈਰ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਲੋਂ ਮੋਗਾ ਜਿਲ੍ਹੇ ਦੇ ਬਾਘਾਪੁਰਾਣਾ ਕਸਬੇ ਵਿੱਚ "ਸੀਵਰੇਜ ਸਿਸਟਮ ਅਤੇ ਸੀਵਰੇਜ ਟਰੀਟਮੈਂਟ ਪਲਾਂਟ ਮੁਹੱਈਆ ਕਰਾਉਣ" ਦੇ ਇੱਕ ਪ੍ਰੋਜੈਕਟ ਨੂੰ ਬਣਾਉਣ ਦੇ ਨਤੀਜੇ ਵਜੋਂ ਸੀਵਰੇਜ ਸਿਸਟਮ ਇਸਦੇ ਮੁਕੰਮਲ ਹੋਣ ਦੇ ਮਿੱਥੇ ਸਮੇਂ ਤੋਂ ਸੱਤ ਸਾਲਾਂ ਤੋਂ ਵੀ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਕਾਰਜਸ਼ੀਲ ਨਹੀਂ ਹੋ ਸਕਿਆ। ਇਸਦੇ ਨਾਲ ਨਾ ਕੇਵਲ ₹ 18.95 ਕਰੋੜ ਦਾ ਕੀਤਾ ਖਰਚਾ ਲਾਭਹੀਣ ਹੋ ਗਿਆ ਸਗੋਂ ਬਾਘਾਪੁਰਾਣਾ ਕਸਬੇ ਦੇ ਵਸਨੀਕਾਂ ਨੂੰ ਲਗਾਤਾਰ ਗੈਰ-ਹਾਈਜਨਿਕ ਹਾਲਤਾਂ ਦਾ ਸਾਹਮਣਾ ਵੀ ਕਰਨਾ ਪਿਆ।

*(ਪੈਰ੍ਹਾ 3.10)*

# ਭਾਗ - II
# ਰੈਵੀਨਿਓ ਸੈਕਟਰ

ਸਾਲ 2018-19 ਦੌਰਾਨ ਰਾਜ ਸਰਕਾਰ ਦੀਆਂ ਕੁੱਲ ਰੈਵੀਨਿਊ ਪ੍ਰਾਪਤੀਆਂ 62,269.08 ਕਰੋੜ ਸਨ। ਸਰਕਾਰ ਨੇ ₹ 39,156.57 ਕਰੋੜ ਇਕੱਠਾ ਕੀਤਾ, ਜਿਸ ਵਿੱਚ ₹ 31,574.28 ਕਰੋੜ ਦਾ ਕਰ ਰੈਵੀਨਿਊ ਅਤੇ ₹ 7,582.29 ਕਰੋੜ ਦਾ ਗੈਰ-ਕਰ ਰੈਵੀਨਿਊ ਸੀ। ਰਾਜ ਸਰਕਾਰ ਨੇ ਕੇਂਦਰੀ ਕਰਾਂ ਵਿੱਚੋਂ ਵੰਡਣਯੋਗ ਹਿੱਸੇ ਵਜੋਂ ₹ 12,005.14 ਕਰੋੜ ਅਤੇ ਸਹਾਇਤਾ ਅਨੁਦਾਨ ਵਜੋਂ ₹ 11,107.37 ਕਰੋੜ ਭਾਰਤ ਸਰਕਾਰ ਤੋਂ ਪ੍ਰਾਪਤ ਕੀਤੇ।

*(ਪੈਰ੍ਹਾ 1.1.1)*

2018-19 ਵਿੱਚ ਕੁੱਲ 451 ਆਡਿਟਯੋਗ ਯੂਨਿਟਾਂ ਵਿੱਚੋਂ ਵਿੱਕਰੀ ਕਰ/ਵੈਲਯੂ ਐਡਿਡ ਟੈਕਸ, ਰਾਜ ਆਬਕਾਰੀ, ਮੋਟਰ ਵਾਹਨਾਂ ਉੱਤੇ ਕਰ, ਜੰਗਲਾਤ ਪ੍ਰਾਪਤੀਆਂ ਅਤੇ ਹੋਰ ਵਿਭਾਗੀ ਦਫਤਰਾਂ

ਨਾਲ ਸਬੰਧਤ 314 ਯੂਨਿਟਾਂ ਦੇ ਰਿਕਾਰਡਾਂ ਦੀ ਨਮੂਨਾ ਜਾਂਚ ਨੇ 21,637 ਕੇਸਾਂ ਵਿੱਚ ₹ 481.56 ਕਰੋੜ ਦਾ ਘੱਟ ਅਸੈਸਮੈਂਟ/ਰੈਵੀਨਿਊ ਦੇ ਘੱਟ ਲੱਗਣ/ਘਾਟੇ ਨੂੰ ਦਿਖਾਇਆ। ਵਿਭਾਗ ਨੇ 2018-19 ਦੌਰਾਨ 2,719 ਕੇਸਾਂ ਵਿੱਚ ₹ 11.84 ਕਰੋੜ ਦੀ ਵਸੂਲੀ ਕੀਤੀ, ਜਿਸ ਵਿੱਚੋਂ 39 ਕੇਸਾਂ ਵਿੱਚ ਸ਼ਾਮਲ ₹ 0.55 ਕਰੋੜ 2018-19 ਦੌਰਾਨ ਦੱਸੇ ਗਏ ਸਨ ਅਤੇ ਬਾਕੀ ਪਹਿਲੇ ਸਾਲਾਂ ਵਿੱਚ।

*(ਪੈਰ੍ਹਾ 1.10.1)*

## ਵਿੱਕਰੀਆਂ/ਵਪਾਰ ਉੱਤੇ ਕਰ/ਵੈਟ

ਚਾਰ ਸਹਾਇਕ ਰਾਜ ਕਰ ਕਮਿਸ਼ਨਰਾਂ ਦੇ ਦਫਤਰਾਂ ਵਿੱਚ ਮਨੋਨੀਤ ਅਧਿਕਾਰੀਆਂ ਨੇ 19 ਗੈਰ-ਸੱਚੇ 'ਸੀ' ਫਾਰਮਾਂ ਦੇ ਅਧਾਰ ਤੇ ₹ 0.61 ਕਰੋੜ ਦੀ ਅਨਿਯਮਿਤ ਛੋਟ/ਰਿਆਇਤ ਦੀ ਇਜਾਜ਼ਤ ਦਿੱਤੀ।

*(ਪੈਰ੍ਹਾ 2.3)*

ਸਹਾਇਕ ਰਾਜ ਕਰ ਕਮਿਸ਼ਨਰ ਲੁਧਿਆਣਾ-II ਵਿੱਚ ਅਧੀਨ ਟੈਕਸ ਫਰੀ ਵਿੱਕਰੀ ਉੱਤੇ ₹ 1.02 ਕਰੋੜ ਦੀ ਥਾਂ ₹ 0.57 ਕਰੋੜ ਦੇ ਇੰਨਪੁੱਟ ਟੈਕਸ ਕਰੈਡਿਟ ਦਾ ਉਲਟਾਓ ਕੀਤਾ ਗਿਆ, ਜਿਸ ਕਰਕੇ ₹ 0.45 ਕਰੋੜ ਦਾ ਟੈਕਸ ਘੱਟ ਲੱਗਿਆ।

*(ਪੈਰ੍ਹਾ 2.4)*

ਸਹਾਇਕ ਰਾਜ ਕਰ ਕਮਿਸ਼ਨਰ ਮੋਹਾਲੀ ਵਿੱਚ ਮਨੋਨੀਤ ਅਧਿਕਾਰੀ ਨੇ ਵਾਧੂ ਟੈਕਸ ਦੀ ਮੰਗ ਕਰਨ ਦੀ ਬਜਾਏ ਸਾਲ 2010-11 ਲਈ ਨਾ ਵਰਤੇ ਗਏ ਇੰਨਪੁੱਟ ਟੈਕਸ ਕਰੈਡਿਟ ਦੀ ਰਕਮ ਨੂੰ ₹ 4.58 ਕਰੋੜ ਤੋ ਘਟਾ ਕੇ ₹ 3.67 ਕਰੋੜ ਕਰ ਦਿੱਤਾ ਜਦਕਿ ₹ 4.58 ਕਰੋੜ ਦਾ ਇੰਨਪੁੱਟ ਟੈਕਸ ਕਰੈਡਿਟ ਡੀਲਰ ਦੁਆਰਾ 2011-12 ਵਿੰਚ ਪਹਿਲਾਂ ਹੀ ਵਰਤਿਆ ਜਾ ਚੁੱਕਾ ਸੀ, ਜਿਸ ਕਰਕੇ ₹ 0.91 ਕਰੋੜ ਦਾ ਟੈਕਸ ਘੱਟ ਲੱਗਿਆ।

*(ਪੈਰ੍ਹਾ 2.6)*

ਛੇ ਸਹਾਇਕ ਰਾਜ ਕਰ ਕਮਿਸ਼ਨਰਾਂ ਵਿੱਚ ਅਸੈਸਮੈਂਟ ਆਦੇਸਾਂ ਵਿੱਚ ਵਿਆਜ਼ ਲਗਾਉਣ ਸਬੰਧੀ ਗਲਤ ਉਪਬੰਧ ਲਗਾਉਣ ਦੇ ਨਤੀਜੇ ਵਜੋਂ ₹ 2.51 ਕਰੋੜ ਦਾ ਵਿਆਜ਼ ਘੱਟ ਲੱਗਿਆ।

*(ਪੈਰ੍ਹਾ 2.8)*

ਮਨੋਨਿਤ ਅਧਿਕਾਰੀ ਨੇ ਚਾਰ ਕੇਸਾਂ ਵਿੱਚ ਫਰਨੈਸ ਤੇਲ ਦੀ ਅੰਤਰਰਾਜੀ ਖਰੀਦ ਉੱਤੇ ਅਦਾ ਕੀਤੇ ਐਂਟਰੀ ਟੈਕਸ ਦੀ ਨਾਮਿਲਣਯੋਗ ਇੰਨਪੁੱਟ ਟੈਕਸ ਕਰੈਡਿਟ ਦੀ ਇਜਾਜ਼ਤ ਦਿੱਤੀ ਜਿਸਦੇ ਨਤੀਜੇ ਵਜੋਂ ₹ 46.81 ਲੱਖ ਦਾ ਟੈਕਸ ਘੱਟ ਲਗਾਇਆ ਗਿਆ।

*(ਪੈਰ੍ਹਾ 2.9)*

ਚਾਰ ਸਹਾਇਕ ਰਾਜ ਕਰ ਕਮਿਸ਼ਨਰਾਂ ਅਧੀਨ 36 ਅਸੈਸਮੈਂਟ ਕੇਸਾਂ ਵਿੱਚ ਮਨੋਨੀਤ ਅਧਿਕਾਰੀਆਂ ਨੇ ਪੰਜਾਬ ਇੰਨਫਰਾਸਟਰਕਚਰ (ਡਿਵੈਲਪਮੈਂਟ ਅਤੇ ਰੈਗੂਲੇਸ਼ਨ) ਐਕਟ ਅਧੀਨ ₹ 12.38 ਕਰੋੜ ਦੀ ਫੀਸ ਨਹੀਂ ਲਗਾਈ ਜਾਂ ਘੱਟ ਲਗਾਈ।

*(ਪੈਰ੍ਹਾ 2.10)*

## ਰਾਜ ਆਬਕਾਰੀ

ਸਹਾਇਕ ਰਾਜ ਕਰ ਕਮਿਸ਼ਨਰ ਗੁਰਦਾਸਪੁਰ ਨੇ ਤਿੰਨ ਪ੍ਰਚੂਨ ਵਿਕਰੇਤਾਵਾਂ ਤੋਂ ਪੰਜਾਬ ਮੀਡੀਅਮ ਲੀਕਰ ਅਤੇ ਬੀਅਰ ਉੱਤੇ ₹ 0.20 ਕਰੋੜ ਦੀ ਸਪੈਸ਼ਲ ਡਿਵੈਲਪਮੈਂਟ ਫੀਸ ਦੀ ਘੱਟ ਵਸੂਲੀ ਕੀਤੀ।

*(ਪੈਰ੍ਹਾ 3.3)*

ਸਹਾਇਕ ਰਾਜ ਕਰ ਕਮਿਸ਼ਨਰ ਗੁਰਦਾਸਪੁਰ ਛੇ ਪ੍ਰਚੂਨ ਵਿਕਰੇਤਾਵਾਂ ਤੋਂ ਬੀਅਰ ਦੇ 5,05,861 ਬਲਕ ਲੀਟਰ ਨਾ ਚੁੱਕੇ ਕੋਟੇ ਉਪਰ ₹ 0.78 ਕਰੋੜ ਦੀ ਅਸੈਸਡ ਫੀਸ ਦੀ ਵਸੂਲੀ ਕਰਨ ਵਿੱਚ ਅਸਫਲ ਰਿਹਾ।

*(ਪੈਰ੍ਹਾ 3.4)*

ਚੌਂਵੀ ਏ ਈ ਟੀ ਸੀਜ਼ ਨੇ ਆਪਣੇ ਅਧਿਕਾਰ ਅਧੀਨ ਆਉਂਦੇ ਮਿਊਂਨਸਪਲ ਖੇਤਰਾਂ ਵਿੱਚ ਸ਼ਰਾਬ ਦੀ ਵਿੱਕਰੀ ਉੱਤੇ ਕਾਉ ਸੈੱਸ ਲਈ ਕੁਲੈਕਸ਼ਨ ਅਥਾਰਟੀ ਵਜੋਂ ਨਾਮਜ਼ਦ ਕਰਦੀ ਸਥਾਨਕ ਸਰਕਾਰ ਵਿਭਾਗ ਦੁਆਰਾ ਜ਼ਾਰੀ ਇੱਕ ਨੋਟੀਫਿਕੇਸ਼ਨ ਦਾ ਆਬਕਾਰੀ ਨੀਤੀ ਵਿੱਚ ਸ਼ਾਮਲ ਨਾ ਹੋਣ ਕਰਕੇ ਧਿਆਨ ਨਹੀਂ ਲਿਆ। ਸਿੱਟੇ ਵਜੋਂ, ਇਸ ਕਰਕੇ ₹ 97.24 ਕਰੋੜ ਵਸੂਲੇ ਨਹੀਂ ਗਏ।

*(ਪੈਰ੍ਹਾ 3.5)*

## ਅਸ਼ਟਾਮ ਡਿਊਟੀ

ਸਬ-ਰਜਿਸਟਰਾਰ ਬਠਿੰਡਾ ਨੇ ਇੱਕ ਕੇਸ ਵਿੱਚ ਕੁਲੈਕਟਰ ਦੁਆਰਾ ਨਿਰਧਾਰਤ ਘੱਟੋ-ਘੱਟ ਮਾਰਕੀਟ ਰੇਟ ਨਾ ਲਗਾਉਣ ਕਰਕੇ ₹ 12.69 ਲੱਖ ਰੁਪਏ ਦੀ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ ਅਤੇ ਇੰਨਫਰਾਸਟਰਕਚਰ ਵਿਕਾਸ ਫੀਸ ਘੱਟ ਲਗਾਈ।

*(ਪੈਰ੍ਹਾ 4.4)*

ਉੱਨੀ ਐਸ ਆਰਜ਼/ਜੇ ਐਸ ਆਰਜ਼ ਨੇ 99 ਕੇਸਾਂ ਵਿੱਚ ₹ 1.92 ਕਰੋੜ ਦੀ ਵਾਧੂ ਅਸ਼ਟਾਮ ਡਿਊਟੀ, ਸਮਾਜਿਕ ਢਾਂਚਾ ਸੈੱਸ ਅਤੇ ਇੰਨਫਰਾਸਟਰਕਚਰ ਵਿਕਾਸ ਫੀਸ ਦੀ ਨਾਮਿਲਣਯੋਗ ਛੋਟ ਦਿੱਤੀ ਜਿੱਥੇ ਵਿਲੇਖ ੳ) ਉਪਕਾਰੀ ਸੰਸਥਾਵਾਂ ਦੇ ਹੱਕ ਵਿੱਚ ਅ) ਮਾਲਕ, ਜਿਸਦੀ ਜ਼ਮੀਨ ਜਨਤਕ ਮੰਤਵ ਲਈ ਗ੍ਰਹਿਣ ਕੀਤੀ ਗਈ ਸੀ, ਦੁਆਰਾ ਜ਼ਮੀਨ ਦੀ ਖਰੀਦ ਲਈ ਅਤੇ ੲ) ਨਵੇਂ ਅਤੇ ਨਵਿਆਉਣਯੋਗ ਸਰੋਤਾਂ ਦੀ ਐਨਰਜੀ ਪਾਲਿਸੀ 2012 ਅਧੀਨ ਪੰਜਾਬ ਐਨਰਜੀ ਵਿਕਾਸ ਅਥਾਰਟੀ (ਪੀ ਈ ਡੀ ਏ) ਦੁਆਰਾ ਮੰਨਜ਼ੂਰ ਪ੍ਰੋਜੈਕਟ ਸਥਾਪਿਤ ਕਰਨ ਲਈ ਜਮੀਨ ਦੀ ਖਰੀਦ/ਲੀਜ਼ ਲਈ ਵਿਅਕਤੀਆਂ ਦੇ ਹੱਕ ਵਿੱਚ ਬਣਾਏ ਗਏ ਸਨ।

*(ਪੈਰ੍ਹਾ 4.5)*

ਚਾਰ ਸਬ ਰਜਿਸਟਰਾਰਾਂ ਨੇ ਸੱਤ ਕੇਸਾਂ ਵਿੱਚ ਰਜਿਸਟ੍ਰੇਸ਼ਨ ਵੇਲੇ ਜਾਇਦਾਦਾਂ ਦੇ ਕੁਲੈਕਟਰ ਰੇਟ ਜਾਂ ਸਥਿਤੀ ਅਨੁਸਾਰ ਰੇਟ ਤੋਂ ਘੱਟ ਰੇਟ ਲਗਾਉਣ ਕਰਕੇ ₹ 1.36 ਕਰੋੜ ਦੀ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ ਅਤੇ ਇੰਨਫਰਾਸਟਰਕਚਰ ਵਿਕਾਸ ਸੈੱਸ ਘੱਟ ਲਗਾਇਆ ਗਿਆ।

*(ਪੈਰ੍ਹਾ 4.6)*

ਭਾਰਤੀ ਸਟੈਂਪ ਐਕਟ ਸਾਰੇ ਜਨਤਕ ਅਧਿਕਾਰੀਆਂ ਨੂੰ ਡਿਊਟੀ ਲਈ ਚਾਰਜਯੋਗ ਵਿਲੇਖਾਂ ਨੂੰ ਇੰਪਾਊਂਡ ਕਰਨ ਦੀ ਵਿਵਸਥਾ ਕਰਦੀ ਹੈ ਜੋ ਸਹੀ ਤਰ੍ਹਾਂ ਮੋਹਰਿਤ ਨਹੀਂ ਸਨ, ਅਤੇ ਜਿਹੜੇ ਉਨ੍ਹਾਂ ਦੇ ਕਾਰਜਾਂ ਦੇ ਪ੍ਰਦਰਸ਼ਨ ਦੇ ਦੌਰਾਨ ਪ੍ਰਸਤੁਤ ਕੀਤੇ ਜਾਂਦੇ ਹਨ ਜਾਂ ਉਨ੍ਹਾਂ ਦੇ ਸਾਹਮਣੇ ਆਉਂਦੇ ਹਨ, ਹਾਲਾਂਕਿ, ਜਨਤਕ ਅਧਿਕਾਰੀਆਂ ਨੇ ਨਾਕਾਫੀ ਮੋਹਰਿਤ ਵਿਲੇਖਾਂ ਨੂੰ ਇੰਪਾਊਂਡ ਨਹੀਂ ਕੀਤਾ ਅਤੇ ਅਸ਼ਟਾਮ ਡਿਊਟੀ ਦੇ ਮੁਲਾਂਕਣ ਲਈ ਕੁਲੈਕਟਰ ਨੂੰ ਨਹੀਂ ਭੇਜਿਆ। ਜਨਤਕ ਅਧਿਕਾਰੀਆਂ ਅਤੇ

ਬੈਂਕਾਂ ਨੇ ਇਹ ਯਕੀਨੀ ਨਹੀਂ ਬਣਾਇਆ ਕਿ ਲੀਜ਼ ਸਮਝੌਤੇ ਠੀਕ ਤਰ੍ਹਾਂ ਨਾਲ ਮੋਹਰਿਤ ਸਨ। ਆਡਿਟ ਵਿੱਚ ਦੇਖੇ 1,800 ਵਿੱਚੋਂ 1,720 ਲੀਜ਼ ਵਿਲੇਖਾਂ ਉੱਤੇ ₹ 59.42 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਅਦਾ ਨਹੀਂ ਕੀਤੀ ਗਈ ਸੀ। ਅੱਗੇ, 32 ਐਸ ਆਰਜ਼/ਜੇ ਐਸ ਆਰਜ਼ ਕੋਲ ਰਜਿਸਟ੍ਰੇਸ਼ਨ ਲਈ ਪੇਸ਼ ਕੀਤੇ 3,893 ਵਿਲੇਖਾਂ ਵਿੱਚੋਂ 244 ਵਿੱਚ ₹ 0.41 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਦੀ ਘੱਟ ਵਸੂਲੀ ਸੀ।

*(ਪੈਰ੍ਹਾ 4.7.2 ਤੋਂ 4.7.3)*

## ਵਾਹਨਾਂ ਉੱਤੇ ਕਰ

ਦੋ ਖੇਤਰੀ ਟਰਾਂਸਪੋਰਟ ਅਥਾਰਟੀਆਂ ਵਿੱਚ ਪੰਜਾਬ ਵਿੱਚ ਸਟੇਜ ਕੈਰਿਜ਼ ਬੱਸਾਂ ਚਲਾਉਣ ਵਾਲੇ ਤਿੰਨ ਬੱਸ ਆਪਰੇਟਰਾਂ ਤੋਂ ₹ 34.97 ਲੱਖ ਦੀ ਘੱਟ ਵਸੂਲੀ ਹੋਈ।.

*(ਪੈਰ੍ਹਾ 5.3)*

## ਜੰਗਲਾਤ ਅਤੇ ਜੰਗਲੀ ਜੀਵ

"ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਕੰਮ" ਉੱਤੇ ਕਾਰਗੁਜ਼ਾਰੀ ਆਡਿਟ ਨੇ ਹੇਠ ਲਿਖੀਆਂ ਮਹਤੱਵਪੂਰਨ ਲੱਭਤਾਂ ਦਾ ਖੁਲਾਸਾ ਕੀਤਾ:

ਵਣ ਕਵਰ ਅਤੇ ਵਾਤਾਵਰਣਕ ਸੰਤੁਲਨ ਦੀ ਸੰਭਾਲ, ਰੱਖਿਆ ਅਤੇ ਬਹਾਲੀ ਅਤੇ ਲੰਮੇ ਸਮੇਂ ਦੇ ਟੀਚਿਆਂ ਨਾਲ ਸਬੰਧਤ ਰਾਜ ਵਣ ਨੀਤੀ ਨਹੀਂ ਬਣਾਈ ਗਈ।

*(ਪੈਰ੍ਹਾ 6.3.6.1)*

ਸੋਧੀ ਰਾਇਲਟੀ ਨੀਤੀ 2009 ਵਿੱਚੋਂ ਵਿਆਜ਼ ਦੀ ਧਾਰਾ ਹਟਾਉਣ ਕਰਕੇ ਵਿਭਾਗ ₹ 3.29 ਕਰੋੜ ਦੇ ਵਿਆਜ਼ ਨੂੰ ਪੰਜਾਬ ਰਾਜ ਵਣ ਵਿਕਾਸ ਕਾਰਪੋਰੇਸ਼ਨ ਤੋਂ ਵਸੂਲ ਨਹੀਂ ਸੱਕਿਆ।

*(ਪੈਰ੍ਹਾ 6.3.7.2)*

ਰਾਇਲਟੀ ਦੇ ਘੱਟ ਦਾਅਵੇ ਕਰਕੇ ਪੰਜਾਬ ਰਾਜ ਵਣ ਵਿਕਾਸ ਕਾਰਪੋਰੇਸ਼ਨ ਨੂੰ ₹ 6.91 ਕਰੋੜ ਦਾ ਅਣਉਚਿਤ ਲਾਭ ਦਿੱਤਾ ਗਿਆ।

*(ਪੈਰ੍ਹਾ 6.3.7.4)*

ਬਾਂਸ ਦੀ ਕਟਾਈ ਨਾ ਕਰਨ ਕਰਕੇ ₹ 1.16 ਕਰੋੜ ਦਾ ਰੈਵੀਨਿਊ ਮੁਲਤਵੀ ਹੋਇਆ।

*(ਪੈਰ੍ਹਾ 6.3.11.2)*

ਸੈਂਕਚੂਰੀਆਂ ਅਤੇ ਜੂਲੋਜੀਕਲ ਪਾਰਕ ਦੀ ਸੀਮਾਵਾਂ ਦੀ ਨਿਸ਼ਾਨਦੇਹੀ ਨਾ ਕਰਨਾ ।

*(ਪੈਰ੍ਹਾ 6.3.15.1)*

## ਹੋਰ ਕਰ ਅਤੇ ਗੈਰ-ਕਰ ਪ੍ਰਾਪਤੀਆਂ

ਛੇ ਰਾਜ ਕਰ ਕਮਿਸ਼ਨਰਾਂ ਨੇ 408 ਕੇਬਲ ਉਪਰੇਟਰਾਂ ਤੋਂ ₹ 45.93 ਲੱਖ ਦੇ ਮਨੋਰੰਜਨ ਸ਼ੁਲਕ ਦੀ ਵਸੂਲੀ ਕਰਨ ਲਈ ਕੋਈ ਕਦਮ ਨਹੀਂ ਚੁੱਕੇ।

*(ਪੈਰ੍ਹਾ 7.3)*

# ਭਾਗ - I

# ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ

(ਗੈਰ–ਜਨਤਕ ਖੇਤਰ ਦੇ ਅਦਾਰੇ)

# ਅਧਿਆਇ – I

# ਜਾਣ-ਪਛਾਣ

# ਅਧਿਆਇ-I

# ਜਾਣ-ਪਛਾਣ

## 1.1 ਬਜਟ ਦੀ ਰੂਪ ਰੇਖਾ

ਰਾਜ[1] ਵਿੱਚ 40 ਵਿਭਾਗ ਅਤੇ 42 ਖ਼ੁਦਮੁਖਤਿਆਰ ਸੰਗਠਨ ਕੰਮ ਕਰ ਰਹੇ ਹਨ। 2014-19 ਦੌਰਾਨ ਬਜਟ ਅਨੁਮਾਨਾਂ ਦੀ ਸਥਿਤੀ ਅਤੇ ਇਸ ਦੀ ਤੁਲਨਾ ਵਿੱਚ ਰਾਜ ਸਰਕਾਰ ਦੁਆਰਾ ਕੀਤਾ ਖਰਚਾ ਹੇਠਾਂ **ਸਾਰਣੀ** 1.1 ਵਿੱਚ ਦਿੱਤਾ ਗਿਆ ਹੈ।

**ਸਾਰਣੀ 1.1: 2014-19 ਦੌਰਾਨ ਰਾਜ ਦਾ ਬਜਟ ਅਤੇ ਅਸਲ ਖਰਚਾ**

*(₹ ਕਰੋੜ ਵਿੱਚ)*

| ਖਰਚਾ | 2014-15 | | 2015-16 | | 2016-17 | | 2017-18 | | 2018-19 | |
|---|---|---|---|---|---|---|---|---|---|---|
| | ਬਜਟ ਅਨੁਮਾਨ | ਅਸਲ | ਬਜਟ ਅਨੁਮਾਨ | ਅਸਲ | ਬਜਟ ਅਨੁਮਾਨ | ਅਸਲ | ਬਜਟ ਅਨੁਮਾਨ | ਅਸਲ | ਬਜਟ ਅਨੁਮਾਨ | ਅਸਲ |
| **ਰੈਵੀਨਿਊ ਖਰਚਾ** | | | | | | | | | | |
| ਜਨਰਲ ਸੇਵਾਵਾਂ | 22,781.77 | 23,043.09 | 24,324.90 | 24,713.44 | 28,964.59 | 28,487.93 | 34,091.34 | 34,499.50 | 37,493.10 | 36,930.51 |
| ਸਮਾਜਿਕ ਸੇਵਾਵਾਂ | 15,659.68 | 13,729.05 | 16,845.48 | 14,897.86 | 17,872.31 | 15,672.10 | 19,072.44 | 15,469.74 | 20,097.54 | 18,320.37 |
| ਆਰਥਿਕ ਸੇਵਾਵਾਂ | 10,073.54 | 9,237.32 | 11,011.59 | 9,756.04 | 13,859.37 | 10,217.61 | 15,341.16 | 11,194.41 | 21,185.35 | 17,888.17 |
| ਸਹਾਇਤਾ ਗ੍ਰਾਂਟਾਂ ਅਤੇ ਯੋਗਦਾਨ | 467.75 | 604.03 | 982.56 | 706.15 | 2,037.53 | 918.41 | 2,676.96 | 1,301.20 | 3,541.98 | 2,264.66 |
| **ਜੋੜ** | **48,982.74** | **46,613.49** | **53,164.53** | **50,073.49** | **62,733.80** | **55,296.05** | **71,181.90** | **62,464.85** | **82,317.97** | **75,403.71** |
| ਪੂੰਜੀਗਤ ਆਊਟਲੇਅ | 3,948.28 | 3,118.44 | 4,353.57 | 3,059.42 | 6,117.46 | 4,346.30 | 4,388.76 | 2,352.08 | 4,871.57 | 2,412.24 |
| ਅਦਾ ਕੀਤੇ ਕਰਜ਼ੇ ਅਤੇ ਪੇਸ਼ਗੀਆਂ | 326.89 | 270.27 | 445.20 | 5,968.59 | 42,870.86 | 41,364.12 | 2,197.12 | 760.05 | 1,602.64 | 1,361.05 |
| ਜਨਤਕ ਕਰਜੇ ਦੀ ਵਾਪਸੀ (ਵੇਅਜ਼ ਅਤੇ ਮੀਨਜ਼ ਪੇਸ਼ਗੀਆਂ ਸਮੇਤ) | 21,673.04 | 23,074.72 | 20,636.48 | 22,051.13 | 32,791.86 | 32,443.29 | 35,029.64 | 34,969.58 | 38,623.32 | 37,770.93 |
| ਅਚੇਤ ਫੰਡ | 0.00 | 0.00 | 0.00 | 0.00 | 0.00 | 0.00 | 0.00 | 0.00 | 0.00 | 0.00 |
| ਲੋਕ ਲੇਖਾ ਅਦਾਇਗੀਆਂ* | 40,593.44 | 40,526.50 | 46,227.64 | 53,446.58 | 51,520.73 | 50,599.95 | 13,238.24 | 45,525.90 | 18,282.51 | 62,271.76 |
| ਅੰਤਿਮ ਕੈਸ਼ ਬਕਾਇਆ | - | -137.76 | - | (-) 14.63 | - | 395.28 | - | 488.45 | - | 1,324.83 |
| **ਜੋੜ** | **66,541.65** | **66,852.17** | **71,662.89** | **84,511.09** | **1,33,300.91** | **1,29,148.94** | **54,853.76** | **84,096.06** | **63,380.04** | **1,05,140.81** |
| **ਕੁੱਲ ਜੋੜ** | **1,15,524.39** | **1,13,465.66** | **1,24,827.42** | **1,34,584.58** | **1,96,034.71** | **1,84,444.99** | **1,26,035.66** | **1,46,560.91** | **1,45,698.01** | **1,80,544.52** |

*ਸ੍ਰੋਤ : ਪੰਜਾਬ ਸਰਕਾਰ ਦੇ ਬਜਟ ਦੀਆਂ ਸਾਲਾਨਾ ਵਿੱਤੀ ਵਿਵਰਣੀਆਂ ਅਤੇ ਵਿਆਖਿਆਤਮਕ ਮੈਮੋਰੰਡਮ*

** ਕੈਸ਼ ਬਕਾਇਆਂ ਦੇ ਨਿਵੇਸ਼ ਦੇ ਕਾਰਵਿਹਾਰਾਂ ਅਤੇ ਚੈਸਟਾਂ ਵਿੱਚ ਪਏ ਵਿਭਾਗੀ ਕੈਸ਼ ਤੋਂ ਬਗੈਰ*

## 1.2 ਰਾਜ ਸਰਕਾਰ ਦੇ ਸਾਧਨਾਂ ਦੀ ਵਰਤੋਂ

ਸਾਲ 2018-19 ਦੌਰਾਨ, ₹ 1,45,698.01 ਕਰੋੜ ਦੇ ਕੁੱਲ ਬਜਟ ਆਊਟਲੇਅ ਦੀ ਤੁਲਨਾ ਵਿੱਚ ₹ 1,80,544.52 ਕਰੋੜ ਦੇ ਸਾਧਨਾਂ ਦੀ ਵਰਤੋਂ ਕੀਤੀ ਗਈ ਸੀ। ਸਾਲ 2014-15 ਤੋਂ 2018-19 ਦੌਰਾਨ ਰਾਜ ਦਾ ਕੁੱਲ ਖਰਚਾ[2] ₹ 50,002 ਕਰੋੜ ਤੋਂ 58.35 *ਪ੍ਰਤੀਸ਼ਤ ਨਾਲ* ਵਧ ਕੇ ₹ 79,177 ਕਰੋੜ ਹੋ ਗਿਆ ਜਦੋਂਕਿ ਇਸੇ ਸਮੇ ਦੌਰਾਨ ਰੈਵੀਨਿਊ ਖਰਚਾ ₹ 46,614 ਕਰੋੜ ਤੋਂ 61.76 *ਪ੍ਰਤੀਸ਼ਤ* ਨਾਲ ਵਧ ਕੇ ₹ 75,404 ਕਰੋੜ ਹੋ ਗਿਆ। 2014-15 ਤੋਂ 2018-19 ਦੇ ਸਮੇ ਦੌਰਾਨ ਰੈਵੀਨਿਊ ਖਰਚਾ ਕੁੱਲ ਖਰਚੇ ਦਾ 85 ਤੋਂ 95 *ਪ੍ਰਤੀਸ਼ਤ* ਸੀ (ਸਿਵਾਏ ਸਾਲ 2016 -17 ਦੇ ਜਦੋਂ ਇਹ 55 *ਪ੍ਰਤੀਸ਼ਤ* ਸੀ) ਜਦੋਂਕਿ ਪੂੰਜੀਗਤ ਖਰਚਾ ਤਿੰਨ ਤੋਂ ਛੇ *ਪ੍ਰਤੀਸ਼ਤ* ਸੀ।

---

1 ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਗੈਰ-ਜਨਤਕ ਖੇਤਰ ਦੇ ਅਦਾਰਿਆਂ) ਨਾਲ ਸਬੰਧਤ।

2 ਰੈਵੀਨਿਊ ਖਰਚਾ, ਪੂੰਜੀਗਤ ਆਊਟਲੇਅ ਅਤੇ ਕਰਜੇ ਤੇ ਪੇਸ਼ਗੀਆਂ ਦਾ ਜੋੜ।

2014-15 ਤੋਂ 2018-19 ਦੇ ਸਮੇ ਦੌਰਾਨ ਰੈਵੀਨਿਊ ਖਰਚਾ 12.69 *ਪ੍ਰਤੀਸ਼ਤ ਦੀ* ਸਾਲਾਨਾ ਔਸਤ ਦਰ ਨਾਲ ਵਧਿਆ ਜਦੋਂਕਿ ਰੈਵੀਨਿਊ ਪ੍ਰਾਪਤੀਆਂ 12.21 *ਪ੍ਰਤੀਸ਼ਤ* ਦੀ ਸਾਲਾਨਾ ਔਸਤ ਦਰ ਨਾਲ ਵਧੀਆਂ।

## 1.3 ਨਿਰੰਤਰ ਵੱਧ ਖਰਚਾ

ਪਿਛਲੇ ਪੰਜ ਸਾਲਾਂ ਦੌਰਾਨ ਤਿੰਨ ਮਾਮਲਿਆਂ (**ਸਾਰਣੀ 1.2**) ਵਿੱਚ, ਹਰ ਮਾਮਲੇ ਵਿੱਚ ₹ 10 ਕਰੋੜ ਤੋਂ ਜਿਆਦਾ ਦਾ ਵੱਧ ਖਰਚਾ ਸੀ। 2014-19 ਦੌਰਾਨ ਦੋ ਮਾਮਲਿਆਂ (ਲੜੀ ਨੰ: 2 ਅਤੇ 3) ਵਿੱਚ ਬਗੈਰ ਕਿਸੇ ਬਜਟ ਉਪਬੰਧ ਤੋਂ ਖਰਚਾ ਕੀਤਾ ਗਿਆ ਸੀ।

**ਸਾਰਣੀ 1.2 : 2014-19 ਦੌਰਾਨ ਨਿਰੰਤਰ ਵੱਧ ਖਰਚੇ ਵਾਲੇ ਮਾਮਲਿਆਂ ਦੀ ਸੂਚੀ**

*(₹ ਕਰੋੜ ਵਿੱਚ)*

| ਲੜੀ ਨੰ. | ਗ੍ਰਾਂਟ/ ਕੇਸ ਦਾ ਨੰਬਰ ਅਤੇ ਨਾਂਅ | ਵੱਧ ਖਰਚੇ ਦੀ ਰਾਸ਼ੀ | | | | |
|---|---|---|---|---|---|---|
| | | **2014-15** | **2015-16** | **2016-17** | **2017-18** | **2018-19** |
| | ਰੈਵੀਨਿਊ-ਵੋਟਡ | | | | | |
| | **08-ਵਿੱਤ** | | | | | |
| 1. | 2071-ਪੈਨਸ਼ਨਾਂ ਅਤੇ ਹੋਰ ਰਿਟਾਇਰਮੈਂਟ ਲਾਭ<br>01-ਸਿਵਿਲ<br>101-ਸੁਪਰੈਨੂਏਸ਼ਨ ਅਤੇ ਰਿਟਾਇਰਮੈਂਟ ਭੱਤੇ<br>01-ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭ | 407.74 | 664.92 | 697.98 | 616.95 | 290.39 |
| | **21-ਲੋਕ ਨਿਰਮਾਣ** | | | | | |
| 2. | 2059-ਲੋਕ ਨਿਰਮਾਣ<br>80-ਜਨਰਲ<br>001-ਨਿਰਦੇਸ਼ ਅਤੇ ਪ੍ਰਬੰਧ<br>07-ਜਨ ਸਿਹਤ ਵਿਭਾਗ ਨੂੰ ਇਸ ਵਿਭਾਗ ਵਲੋਂ ਕੀਤੇ ਕੰਮਾਂ ਲਈ ਅਦਾ ਕੀਤੇ ਅਸਟੈਬਲਿਸ਼ਮੈਂਟ ਚਾਰਜਜ਼ | 97.77 | 108.53 | 136.71 | 146.84 | 97.58 |
| 3. | 3054-ਸੜ੍ਹਕਾਂ ਅਤੇ ਪੁਲਾਂ<br>80- ਜਨਰਲ<br>001- ਨਿਰਦੇਸ਼ਨ ਅਤੇ ਪ੍ਰਬੰਧ<br>01-ਮੁੱਖ ਮੱਦ 3054 ਨੂੰ ਅਨੁਪਾਤਕ ਅਧਾਰ ਤੇ ਟਰਾਂਸਫਰ ਕੀਤੇ ਅਸਟੈਬਲਿਸ਼ਮੈਂਟ ਚਾਰਜਜ਼ | 19.79 | 135.53 | 94.10 | 141.29 | 169.87 |

*ਸ੍ਰੋਤ: ਨਿਮਿਤੱਣ ਲੇਖੇ*

## 1.4 ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ

ਸਾਲ 2018-19 ਵਿੱਚ ਭਾਰਤ ਸਰਕਾਰ (ਜੀ ਓ ਆਈ) ਤੋਂ ਸਹਾਇਤਾ ਗ੍ਰਾਂਟਾਂ (ਜੀ ਆਈ ਏ) ਪਿਛਲੇ ਸਾਲ ਨਾਲੋਂ ₹ 3,456 ਕਰੋੜ (45.18 *ਪ੍ਰਤੀਸ਼ਤ)* ਨਾਲ ਵਧੀਆਂ ਜਿਵੇਂ ਕਿ **ਸਾਰਣੀ 1.3** ਵਿੱਚ ਦਰਸਾਇਆ ਗਿਆ ਹੈ।

**ਸਾਰਣੀ 1.3 : ਭਾਰਤ ਸਰਕਾਰ ਤੋਂ ਪ੍ਰਾਪਤ ਸਹਾਇਤਾ ਗ੍ਰਾਂਟਾਂ**

*(₹ ਕਰੋੜ ਵਿੱਚ)*

| ਵੇਰਵੇ | 2014-15 | 2015-16 | 2016-17 | 2017-18 | 2018-19 |
|---|---|---|---|---|---|
| ਨਾਨ-ਪਲਾਨ ਗ੍ਰਾਂਟਾਂ | 2,003.87 | 1,274.64 | 1,610.35 | 0.00* | 0.00 |
| ਰਾਜ ਪਲਾਨ ਸਕੀਮਾਂ ਲਈ ਗ੍ਰਾਂਟਾਂ | 3,597.61 | 2,320.12 | 2,523.14 | 162.81 | 241.34 |
| ਕੇਂਦਰੀ ਪਲਾਨ ਸਕੀਮਾਂ ਲਈ ਗ੍ਰਾਂਟਾਂ | 80.06 | 341.76 | 78.65 | 3,096.13 | 3,091.70 |
| ਕੇਂਦਰੀ ਪ੍ਰਯੋਜਿਤ ਪਲਾਨ ਸਕੀਮਾਂ ਲਈ ਗ੍ਰਾਂਟਾਂ | 188.41 | 237.20 | 563.69 | (-)0.63 | (-)74.21 |
| ਵਿੱਤ ਕਮਿਸ਼ਨ ਗ੍ਰਾਂਟਾਂ | - | - | - | 355.69 | 719.54 |
| ਰਾਜਾਂ ਨੂੰ ਹੋਰ ਟਰਾਂਸਫਰ/ਗ੍ਰਾਂਟਾਂ (ਜੀ ਐਸ ਟੀ ਦਾ ਮੁਆਵਜ਼ਾ) | - | - | - | 4,037.00 | 7,129.00 |
| **ਜੋੜ** | **5,869.95** | **4,173.72** | **4,775.83** | **7,651.00** | **11,107.37** |

| ਵੇਰਵੇ | 2014-15 | 2015-16 | 2016-17 | 2017-18 | 2018-19 |
|---|---|---|---|---|---|
| ਪਿਛਲੇ ਸਾਲ ਨਾਲੋਂ ਵਾਧੇ ਦੀ ਪ੍ਰਤੀਸ਼ਤਤਾ | 72.58 | (-)28.90 | 14.43 | 60.20 | 45.18 |
| ਕੁੱਲ ਗ੍ਰਾਂਟਾਂ ਦੀ ਰੈਵੀਨਿਊ ਪ੍ਰਾਪਤੀਆਂ ਨੂੰ ਪ੍ਰਤੀਸ਼ਤਤਾ | 15.04 | 10.05 | 9.95 | 14.43 | 17.84 |

*ਸ੍ਰੋਤ : ਵਿੱਤ ਲੇਖੇ*

**01 ਅਪ੍ਰੈਲ 2017 ਤੋਂ ਨਾਨ ਪਲਾਨ ਅਤੇ ਪਲਾਨ ਗ੍ਰਾਂਟਾਂ ਮਿਲਾ ਦਿੱਤੀਆਂ ਗਈਆ ਸਨ।*

ਸਾਲ 2018-19 ਦੌਰਾਨ ਸਹਾਇਤਾ ਗ੍ਰਾਂਟਾਂ ਵਿੱਚ ਵਾਧਾ ਜੀ ਐਸ ਟੀ ਮੁਆਵਜ਼ੇ ਵਿੱਚ ਪਿਛਲੇ ਸਾਲ ਨਾਲੋਂ ₹ 3,092 ਕਰੋੜ (76.59 *ਪ੍ਰਤੀਸ਼ਤ*) ਦੇ ਚੋਖੇ ਵਾਧੇ ਕਰਕੇ ਸੀ

ਉਪਰੋਕਤ ਤੋਂ ਇਲਾਵਾ, ਭਾਰਤ ਸਰਕਾਰ ਲਾਗੂਕਰਤਾ ਏਜੰਸੀਆਂ ਨੂੰ ਵੱਖ ਵੱਖ ਸਕੀਮਾਂ ਲਾਗੂ ਕਰਨ ਲਈ ਸਿੱਧੇ ਤੌਰ ਤੇ ਚੋਖੇ ਫੰਡ ਟਰਾਂਸਫਰ ਕਰਦੀ ਰਹੀ ਹੈ। ਭਾਰਤ ਸਰਕਾਰ ਨੇ ਇਨ੍ਹਾਂ ਫੰਡਾਂ ਨੂੰ 2014-15 ਤੋਂ ਬਾਅਦ ਰਾਜ ਦੇ ਬਜਟ ਰਾਹੀਂ ਭੇਜਣ ਦਾ ਫੈਸਲਾ ਕੀਤਾ। ਪ੍ਰੰਤੂ 2018-19 ਦੌਰਾਨ ਭਾਰਤ ਸਰਕਾਰ ਨੇ ਰਾਜ ਦੀਆਂ ਵੱਖ ਵੱਖ ਏਜੰਸੀਆਂ/ਗੈਰ-ਸਰਕਾਰੀ ਸੰਗਠਨਾਂ ਨੂੰ ₹ 2,508.36 ਕਰੋੜ ਸਿੱਧੇ ਹੀ ਟਰਾਂਸਫਰ ਕਰ ਦਿੱਤੇ।

## 1.5 ਲੇਖਾ ਪ੍ਰੀਖਿਆ ਦੀ ਯੋਜਨਾਬੰਦੀ ਅਤੇ ਸੰਚਾਲਨ

ਲੇਖਾ ਪ੍ਰੀਖਿਆ ਦੀ ਪ੍ਰਕ੍ਰਿਆ ਵੱਖ-ਵੱਖ ਵਿਭਾਗਾਂ, ਖੁਦਮੁਖਤਿਆਰ ਸੰਗਠਨਾਂ ਅਤੇ ਸਕੀਮਾਂ/ਪ੍ਰੋਜੈਕਟਾਂ ਦੇ ਜੋਖਮ ਦਾ ਜਾਇਜ਼ਾ ਲੈਣ ਨਾਲ ਸ਼ੁਰੂ ਹੁੰਦੀ ਹੈ ਜਿਸ ਵਿੱਚ ਗਤੀਵਿਧੀਆਂ ਦੀ ਗੰਭੀਰਤਾ/ਪੇਚੀਦਗੀ, ਅੱਗੇ ਸੌਂਪੀਆਂ ਗਈਆਂ ਵਿੱਤੀ ਸ਼ਕਤੀਆਂ ਦਾ ਪੱਧਰ, ਅੰਦਰੂਨੀ ਕੰਟਰੋਲ ਅਤੇ ਸਟੇਕਹੋਲਡਰਾਂ ਦੀਆਂ ਚਿੰਤਾਵਾਂ ਅਤੇ ਪਿਛਲੀਆਂ ਲੇਖਾ ਪ੍ਰੀਖਿਆ ਲੱਭਤਾਂ ਸ਼ਾਮਲ ਹਨ। ਜਾਇਜ਼ਾ ਲਏ ਗਏ ਜੋਖਮ ਦੇ ਅਧਾਰ ਤੇ ਲੇਖਾ ਪ੍ਰੀਖਿਆ ਦਾ ਅੰਤਰਾਲ ਅਤੇ ਦਾਇਰਾ ਨਿਰਧਾਰਤ ਕੀਤਾ ਜਾਂਦਾ ਹੈ ਅਤੇ ਸਾਲਾਨਾ ਆਡਿਟ ਪਲਾਨ ਬਣਾਇਆ ਜਾਂਦਾ ਹੈ।

ਲੇਖਾ ਪ੍ਰੀਖਿਆ ਮੁਕੰਮਲ ਹੋਣ ਤੋਂ ਬਾਅਦ ਦਫਤਰ ਦੇ ਮੁਖੀ ਨੂੰ ਇਕ ਨਿਰੀਖਣ ਰਿਪੋਰਟ, ਜਿਸ ਵਿੱਚ ਲੇਖਾ ਪ੍ਰੀਖਿਆ ਲੱਭਤਾਂ ਸ਼ਾਮਲ ਹੁੰਦੀਆਂ ਹਨ, ਇਸ ਬੇਨਤੀ ਨਾਲ ਭੇਜੀ ਜਾਂਦੀ ਹੈ ਕਿ ਇਸ ਦੀ ਪ੍ਰਾਪਤੀ ਤੋਂ ਚਾਰ ਹਫਤਿਆਂ ਦੇ ਅੰਦਰ ਲੇਖਾ ਪ੍ਰੀਖਿਆ ਲੱਭਤਾਂ ਦੇ ਜਵਾਬ ਭੇਜੇ ਜਾਣ। ਜਦੋਂ ਵੀ ਉੱਤਰ ਪ੍ਰਾਪਤ ਹੋ ਜਾਣ ਉਦੋਂ ਲੇਖਾ ਪ੍ਰੀਖਿਆ ਲੱਭਤਾਂ ਦਾ ਜਾਂ ਤਾਂ ਨਿਪਟਾਰਾ ਕਰ ਦਿੱਤਾ ਜਾਂਦਾ ਹੈ ਜਾਂ ਹੋਰ ਪਾਲਣਾ ਲਈ ਕਾਰਵਾਈ ਦੀ ਸਲਾਹ ਦਿੱਤੀ ਜਾਂਦੀ ਹੈ। ਇਨ੍ਹਾਂ ਨਿਰੀਖਣ ਰਿਪੋਰਟਾਂ ਵਿੱਚ ਧਿਆਨ ਵਿੱਚ ਲਿਆਂਦੀਆਂ ਗਈਆਂ ਮਹੱਤਵਪੂਰਣ ਲੇਖਾ ਪ੍ਰੀਖਿਆ ਟਿੱਪਣੀਆਂ ਨੂੰ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀਆਂ ਲੇਖਾ ਪ੍ਰੀਖਿਆ ਰਿਪੋਰਟਾਂ, ਜਿਹੜੀਆਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151 ਅਧੀਨ ਪੰਜਾਬ ਦੇ ਰਾਜਪਾਲ ਜੀ ਨੂੰ ਪੇਸ਼ ਕੀਤੀਆਂ ਜਾਂਦੀਆਂ ਹਨ, ਵਿੱਚ ਸ਼ਾਮਲ ਕਰਨ ਲਈ ਪ੍ਰੋਸੈਸ ਕੀਤਾ ਜਾਂਦਾ ਹੈ।

ਸਾਲ 2018-19 ਦੌਰਾਨ, ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ), ਪੰਜਾਬ ਦੇ ਦਫਤਰ ਵਲੋਂ ਰਾਜ ਦੇ 1,494 ਡਰਾਇੰਗ ਅਤੇ ਡਿਸਬਰਸਿੰਗ ਅਫਸਰਾਂ ਅਤੇ 26 ਖੁਦਮੁਖਤਿਆਰ ਸੰਗਠਨਾਂ ਦੀ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੇ (ਕਰਤੱਵ, ਸ਼ਕਤੀਆਂ, ਅਤੇ ਸੇਵਾ ਦੀਆ ਸ਼ਰਤਾਂ) ਐਕਟ, 1971 ਦੇ ਸੈਕਸ਼ਨ 19(2), 19(3) ਅਤੇ 20(1) ਅਧੀਨ ਪਾਲਣ ਲੇਖਾ ਪ੍ਰੀਖਿਆ ਕੀਤੀ ਗਈ ਸੀ। ਇਸ ਤੋਂ ਇਲਾਵਾ 'ਸਸਟੇਨੇਬਲ ਖੇਤੀਬਾੜੀ ਲਈ ਪੰਜਾਬ ਵਿੱਚ ਭੂਮੀ ਅਤੇ ਜਲ ਸੰਭਾਲ' 'ਤੇ ਇੱਕ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਵੀ ਕੀਤੀ ਗਈ ਸੀ।

## 1.6 ਮਹੱਤਵਪੂਰਣ ਲੇਖਾ ਪ੍ਰੀਖਿਆ ਟਿੱਪਣੀਆਂ ਅਤੇ ਸਰਕਾਰ ਦਾ ਲੇਖਾ ਪ੍ਰੀਖਿਆ ਨੂੰ ਜਵਾਬ

ਪਿਛਲੇ ਕੁੱਝ ਵਰ੍ਹਿਆਂ ਵਿੱਚ, ਲੇਖਾ ਪ੍ਰੀਖਿਆ ਵਲੋਂ ਕਈ ਵੱਖ-ਵੱਖ ਪ੍ਰੋਗਰਾਮਾਂ/ਗਤੀਵਿਧੀਆਂ ਦੇ ਲਾਗੂ ਕਰਨ ਵਿੱਚ ਮਹੱਤਵਪੂਰਣ ਖਾਮੀਆਂ ਅਤੇ ਇਸ ਦੇ ਨਾਲ-ਨਾਲ ਚੁਣੇ ਗਏ ਵਿਭਾਗਾਂ ਵਿੱਚ ਅੰਦਰੂਨੀ ਕੰਟਰੋਲ ਦੀ ਗੁਣਵੱਤਾ, ਜਿਨ੍ਹਾਂ ਦਾ ਕਿ ਪ੍ਰੋਗਰਾਮਾਂ ਦੀ ਸਫਲਤਾ ਅਤੇ ਵਿਭਾਗਾਂ ਦੇ ਕੰਮ ਕਾਜ ਤੇ ਨਕਾਰਾਤਮਕ ਅਸਰ ਪੈਂਦਾ ਹੈ, ਬਾਰੇ ਰਿਪੋਰਟ ਦਿੱਤੀ ਜਾ ਚੁੱਕੀ ਹੈ। ਇਸ ਦਾ ਫੋਕਸ ਸੋਧਮਈ ਕਾਰਵਾਈ ਕਰਨ ਅਤੇ ਨਾਗਰਿਕਾਂ ਲਈ ਸੇਵਾਵਾਂ ਦੀ ਡਲਿਵਰੀ ਹੋਰ ਵਧੀਆ ਬਣਾਉਣ ਲਈ ਕਾਰਜਪਾਲਿਕਾ ਨੂੰ ਢੁਕਵੀਆਂ ਸਿਫਾਰਸ਼ਾਂ ਕਰਨਾ ਸੀ। ਵਿਭਾਗਾਂ ਲਈ ਇਹ ਜਰੂਰੀ ਹੈ ਕਿ ਉਹ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਸ਼ਾਮਲ ਕਰਨ ਲਈ ਪ੍ਰਸਤਾਵਿਤ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਰਿਪੋਰਟਾਂ ਦੇ ਖਰੜਿਆਂ/ ਪੈਰ੍ਹਿਆਂ ਦੇ ਖਰੜਿਆਂ ਦੇ ਉੱਤਰ, ਇਨ੍ਹਾਂ ਦੀ ਪ੍ਰਾਪਤੀ ਦੇ ਛੇ ਹਫਤਿਆਂ ਦੇ ਅੰਦਰ ਭੇਜਣ।

ਇਸ ਲੇਖਾ ਪ੍ਰੀਖਿਆ ਰਿਪੋਰਟ ਦੇ ਭਾਗ-I ਵਿੱਚ ਇੱਕ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਅਤੇ 10 ਪਾਲਣ ਲੇਖਾ ਪ੍ਰੀਖਿਆ ਦੇ ਪੈਰ੍ਹੇ ਹਨ ਜਿਹੜੇ ਕਿ ਸਬੰਧਿਤ ਪ੍ਰਸ਼ਾਸਨਿਕ ਸਕੱਤਰਾਂ ਨੂੰ ਭੇਜੇ ਗਏ ਸਨ। ਇਨ੍ਹਾਂ ਦਾ ਕੁੱਲ ਵਿੱਤੀ ਪ੍ਰਭਾਵ ₹ 726.23 ਕਰੋੜ ਹੈ। ਪ੍ਰਸ਼ਾਸਨਿਕ ਵਿਭਾਗਾਂ ਤੋਂ ਤਿੰਨ ਪਾਲਣ ਲੇਖਾ ਪ੍ਰੀਖਿਆ ਪੈਰ੍ਹਿਆਂ[3] ਦੇ ਹੀ ਉੱਤਰ ਪ੍ਰਾਪਤ ਹੋਏ ਹਨ ਜਿਨ੍ਹਾਂ ਨੂੰ ਉਚਿੱਤ ਤੌਰ ਤੇ ਇਸ ਲੇਖਾ ਪ੍ਰੀਖਿਆ ਰਿਪੋਰਟ ਵਿੱਚ ਸ਼ਾਮਲ ਕਰ ਲਿਆ ਗਿਆ ਹੈ।

## 1.7 ਲੇਖਾ ਪ੍ਰੀਖਿਆ ਦੇ ਸੁਝਾਅ 'ਤੇ ਵਸੂਲੀਆਂ

ਸਰਕਾਰੀ ਵਿਭਾਗਾਂ ਦੇ ਲੇਖਿਆਂ ਦੀ ਨਮੂਨਾ ਲੇਖਾ ਪ੍ਰੀਖਿਆ ਦੌਰਾਨ ਧਿਆਨ ਵਿੱਚ ਆਈਆਂ ਵਸੂਲੀ ਵਾਲੀਆਂ ਲੇਖਾ ਪ੍ਰੀਖਿਆ ਲੱਭਤਾਂ, ਨੂੰ ਵੱਖ ਵੱਖ ਵਿਭਾਗੀ ਡਰਾਇੰਗ ਅਤੇ ਡਿਸਬਰਸਿੰਗ ਅਫਸਰਾਂ ਨੂੰ, ਪੁਸ਼ਟੀ ਲਈ ਅਤੇ ਲੇਖਾ ਪ੍ਰੀਖਿਆ ਨੂੰ ਸੂਚਿਤ ਕਰਦੇ ਹੋਏ ਅਗਲੀ ਜਰੂਰੀ ਕਾਰਵਾਈ ਲਈ ਭੇਜੀਆਂ ਗਈਆਂ ਸਨ। ਲੇਖਾ ਪ੍ਰੀਖਿਆ ਵਲੋਂ ਨਿਰੀਖਣ ਰਿਪੋਰਟਾਂ ਰਾਹੀਂ ਧਿਆਨ ਵਿੱਚ ਲਿਆਂਦੇ ਜਾਣ ਤੇ ਵੱਖ-ਵੱਖ ਵਿਭਾਗਾਂ ਦੁਆਰਾ ਸਾਲ 2018-19 ਦੌਰਾਨ ₹ 12.23 ਕਰੋੜ ਦੀ ਰਾਸ਼ੀ ਦੀ ਵਸੂਲੀ ਕੀਤੀ ਗਈ ਸੀ।

## 1.8 ਲੇਖਾ ਪ੍ਰੀਖਿਆ ਵੱਲ ਸਰਕਾਰ ਦਾ ਹੁੰਗਾਰਾ

### 1.8.1 ਨਿਰੀਖਣ ਰਿਪੋਰਟਾਂ

ਪ੍ਰਧਾਨ ਮਹਾਂਲੇਖਾਕਾਰ (ਲੇਖਾ ਪ੍ਰੀਖਿਆ), ਪੰਜਾਬ, ਸਰਕਾਰੀ ਵਿਭਾਗਾਂ ਦਾ ਸਮੇਂ ਸਮੇਂ ਤੇ ਨਿਰੀਖਣ ਕਰਨ ਉਪਰੰਤ, ਲੇਖਾ ਪ੍ਰੀਖਿਆ ਕੀਤੇ ਗਏ ਦਫਤਰਾਂ ਦੇ ਮੁਖੀਆਂ ਨੂੰ ਅਤੇ ਨਾਲ ਹੀ ਇਨ੍ਹਾਂ ਦੇ ਉੱਚ ਅਧਿਕਾਰੀਆਂ ਨੂੰ ਕਾਪੀਆਂ ਭੇਜਦੇ ਹੋਏ ਨਿਰੀਖਣ ਰਿਪੋਰਟਾਂ (ਆਈ ਆਰਜ਼) ਜਾਰੀ ਕਰਦਾ ਹੈ। ਕਾਰਜਕਾਰੀ ਅਧਿਕਾਰੀਆਂ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਧਿਆਨ ਵਿੱਚ ਲਿਆਂਦੀਆਂ ਗਈਆਂ ਖਾਮੀਆਂ ਅਤੇ ਗਲਤੀਆਂ ਨੂੰ ਤੁਰੰਤ ਦਰੁਸਤ ਕਰੇ ਅਤੇ ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ) ਨੂੰ ਚਾਰ ਹਫਤਿਆਂ ਦੇ ਵਿੱਚ ਪਾਲਣਾ ਦੀ ਸੂਚਨਾ ਭੇਜੇ। ਬਕਾਇਆ ਆਈ ਆਰਜ਼ ਵਿੱਚ ਸ਼ਾਮਲ ਟਿੱਪਣੀਆਂ ਦੀ ਪਾਲਣਾ ਲਈ ਨਿਗਰਾਨੀ ਕਰਨ ਨੂੰ ਸੁਖਾਲਾ ਕਰਨ

---

[3] (i) ਅਪੈਕਸ ਸਕੇਲ ਅਤੇ ਹਾਇਰ ਪ੍ਰਸ਼ਾਸਨਿਕ ਗ੍ਰੇਡ ਅਧੀਨ ਅਸਾਮੀਆਂ ਦਾ ਅਨਿਯਮਤ ਸੰਚਾਲਨ।
(ii) ਸ਼ੱਕੀ ਧੋਖਾਧੜੀ ਨਾਲ ਤਨਖਾਹ ਤੇ ਭੱਤੇ ਕਢਵਾਉਣਾ ਅਤੇ ਅਦਾਇਗੀ ਕਰਨਾ - ਭਾਗ-(i) ।
(iii) ਰਾਜ ਦੇ ਖਜਾਨੇ ਤੇ ਅਣਉਚਿੱਤ ਵਾਧੂ ਬੋਝ।

ਵਾਸਤੇ ਸਬੰਧਤ ਵਿਭਾਗਾਂ ਦੇ ਪ੍ਰਸ਼ਾਸਨਿਕ ਸਕੱਤਰਾਂ ਨੂੰ ਛੇ ਮਹੀਨੇ ਤੋਂ ਵੱਧ ਸਮੇਂ ਤੋਂ ਬਕਾਇਆ ਪਈਆਂ ਆਈ ਆਰਜ਼ ਦੀਆਂ ਛਮਾਹੀ ਰਿਪੋਰਟਾਂ ਵੀ ਭੇਜੀਆਂ ਜਾਂਦੀਆਂ ਹਨ।

ਜੂਨ 2019 ਤੱਕ, 49,344 ਪੈਰ੍ਹਿਆਂ ਵਾਲੀਆਂ 15,549 ਆਈ ਆਰਜ਼ (ਮਾਰਚ 2019 ਤੱਕ ਜਾਰੀ ਹੋਈਆਂ) ਜਿਨ੍ਹਾਂ ਦਾ ਮੁਦਰਾ ਮੁੱਲ ₹ 16,557.27 ਕਰੋੜ ਸੀ, ਬਕਾਇਆ ਸਨ, ਜਿਨ੍ਹਾਂ ਵਿੱਚੋਂ 23,492 ਪੈਰ੍ਹਿਆਂ ਵਾਲੀਆਂ 9,742 ਆਈ ਆਰਜ਼ ਜਿਨ੍ਹਾਂ ਦਾ ਮੁਦਰਾ ਮੁੱਲ ₹ 4,156.28 ਕਰੋੜ ਸੀ, ਅਪ੍ਰੈਲ 2014 ਤੋਂ ਪਹਿਲੇ ਸਮੇ ਨਾਲ ਸਬੰਧਿਤ ਸਨ, ਭਾਵ ਪੰਜ ਸਾਲ ਤੋਂ ਜਿਆਦਾ ਪੁਰਾਣੀਆਂ ਸਨ। ਬਕਾਇਆ ਰਹਿੰਦੀਆਂ ਨਿਰੀਖਣ ਰਿਪੋਰਟਾਂ/ਪੈਰ੍ਹਿਆਂ ਦੀ ਵਰ੍ਹੇਵਾਰ ਸਥਿਤੀ, ਇਨ੍ਹਾਂ ਦੇ ਮੁਦਰਾ ਮੁੱਲ ਸਮੇਤ **ਸਾਰਣੀ** 1.4 ਵਿੱਚ ਦਿੱਤੀ ਗਈ ਹੈ :

**ਸਾਰਣੀ 1.4: ਬਕਾਇਆ ਨਿਰੀਖਣ ਰਿਪੋਰਟਾਂ/ਪੈਰ੍ਹੇ**

| ਵੇਰਵੇ | ਅਪ੍ਰੈਲ 2014 ਤੋਂ ਪਹਿਲਾਂ | 2014-15 | 2015-16 | 2016-17 | 2017-18 | 2018-19 | ਜੋੜ |
|---|---|---|---|---|---|---|---|
| ਨਿਰੀਖਣ ਰਿਪੋਰਟਾਂ | 9,742 | 1,042 | 1,081 | 1,086 | 1,266 | 1,332 | **15,549** |
| ਪੈਰ੍ਹੇ | 23,492 | 3,414 | 3,894 | 4,504 | 6,708 | 7,332 | **49,344** |
| ਮੁਦਰਾ ਮੁੱਲ (₹ ਕਰੋੜ ਵਿੱਚ) | 4,156.28 | 596.11 | 2,445.33 | 2,062.35 | 6,089.70 | 1,207.50 | **16,557.27** |

*ਸ੍ਰੋਤ: ਦਫਤਰੀ ਰਿਕਾਰਡ*

ਪੈਰ੍ਹਿਆਂ ਦੇ ਇਸ ਵੱਡੀ ਗਿਣਤੀ ਵਿੱਚ ਬਕਾਏ ਨੇ ਸਰਕਾਰੀ ਵਿਭਾਗਾਂ ਦੀ ਲੇਖਾ ਪ੍ਰੀਖਿਆ ਪ੍ਰਤੀ ਹੁੰਗ੍ਹਾਰੇ ਦੀ ਘਾਟ ਨੂੰ ਦਰਸਾਇਆ।

## 1.8.2 ਲੇਖਾ ਪ੍ਰੀਖਿਆ ਰਿਪੋਰਟਾਂ ਦੀ ਪੈਰਵ੍ਹੀ

ਲੋਕ ਲੇਖਾ ਕਮੇਟੀ (ਪੀ ਏ ਸੀ) ਦੇ ਆਦੇਸ਼ ਤੇ, ਵਿੱਤ ਵਿਭਾਗ ਵਲੋਂ ਸਾਰੇ ਪ੍ਰਸ਼ਾਸਨਿਕ ਵਿਭਾਗਾਂ ਨੂੰ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਸ਼ਾਮਲ ਪੈਰ੍ਹੇ ਅਤੇ ਸਮੀਖਿਆਵਾਂ (ਕਾਰਗੁਜ਼ਾਰੀ ਲੇਖਾ ਪ੍ਰੀਖਿਆਵਾਂ), ਉੱਤੇ ਆਪਣੇ ਪੱਧਰ ਤੇ ਕਾਰਵਾਈ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ (ਅਗਸਤ 1992), ਭਾਵੇਂ ਕਿ ਪੀ ਏ ਸੀ ਵਲੋਂ ਇਨ੍ਹਾਂ ਦੀ ਪੜਤਾਲ ਆਰੰਭੀ ਗਈ ਸੀ ਜਾਂ ਨਹੀ। ਪ੍ਰਸ਼ਾਸਨਿਕ ਵਿਭਾਗਾਂ ਵਲੋਂ ਰਿਪੋਰਟਾਂ ਦੇ ਰਾਜ ਵਿਧਾਨ ਸਭਾ ਵਿੱਚ ਪੇਸ਼ ਹੋਣ ਤੋਂ ਤਿੰਨ ਮਹੀਨੇ ਦੇ ਸਮੇਂ ਅੰਦਰ ਉਨ੍ਹਾਂ ਵਲੋਂ ਕੀਤੀ ਜਾਂ ਪ੍ਰਸਤਾਵਿਤ ਸੋਧਮਈ ਕਾਰਵਾਈ ਨੂੰ ਦਰਸਾਉਂਦੇ ਅਤੇ ਬਕਾਇਦਾ ਲੇਖਾ ਪ੍ਰੀਖਿਆ ਦੁਆਰਾ ਜਾਂਚ ਕੀਤੇ ਗਏ ਵਿਸਥਾਰਪੂਰਵਕ ਨੋਟ ਵੀ ਪੀ ਏ ਸੀ ਨੂੰ ਭੇਜਣੇ ਜਰੂਰੀ ਸਨ।

ਜਿੱਥੋਂ ਤੱਕ ਸਾਲ 2012-13, 2013-14, 2014-15, 2015-16, 2016-17 ਅਤੇ 2017-18 ਦੇ ਸਮੇ ਨਾਲ ਸਬੰਧਤ ਰਾਜ ਵਿਧਾਨ ਸਭਾ ਵਿੱਚ ਪੇਸ਼ ਹੋ ਚੁੱਕੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਦਾ ਸਬੰਧ ਹੈ, 31 ਮਾਰਚ 2020 ਤੱਕ ਅੱਠ ਕਾਰਗੁਜ਼ਾਰੀ ਲੇਖਾ ਪ੍ਰੀਖਿਆਵਾਂ ਅਤੇ 41 ਪੈਰ੍ਹਿਆਂ ਨਾਲ ਸਬੰਧਿਤ ਵਿਸਥਾਰਪੂਰਵਕ ਨੋਟ ਲੇਖਾ ਪ੍ਰੀਖਿਆ ਦੇ ਦਫਤਰ ਵਿੱਚ ਪ੍ਰਾਪਤ ਨਹੀਂ ਹੋਏ ਸਨ*(ਅੰਤਿਕਾ 1.1)*।

## 1.9 ਰਾਜ ਵਿਧਾਨ ਸਭਾ ਵਿੱਚ ਖੁਦਮੁਖਤਿਆਰ ਸੰਗਠਨਾਂ ਦੀਆਂ ਵੱਖਰੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਪੇਸ਼ ਕੀਤੇ ਜਾਣ ਦੀ ਸਥਿਤੀ

ਗ੍ਰਹਿ ਮਾਮਲੇ ਅਤੇ ਨਿਆਂ, ਕਿਰਤ ਭਲਾਈ, ਉਦਯੋਗ ਆਦਿ ਦੇ ਖੇਤਰਾਂ ਵਿੱਚ ਕਈ ਖੁਦਮੁਖਤਿਆਰ ਸੰਗਠਨਾਂ ਦੀ ਸਥਾਪਨਾ ਕੀਤੀ ਗਈ ਹੈ। ਜੁਲਾਈ 2015 ਅਤੇ ਅਗਸਤ 2019 ਵਿਚਕਾਰ ਜਾਰੀ ਹੋਈਆਂ ਛੇ ਖੁਦਮੁਖਤਿਆਰ ਸੰਗਠਨਾਂ ਦੀਆਂ 21 ਵੱਖਰੀਆਂ ਲੇਖਾ ਪ੍ਰੀਖਿਆ ਰਿਪੋਰਟਾਂ (ਐਸ ਏ ਆਰਜ਼) ਵਿਧਾਨ ਸਭਾ ਦੇ ਸਨਮੁੱਖ ਪੇਸ਼ ਕਰਨ ਲਈ ਬਕਾਇਆ ਰਹਿੰਦੀਆਂ ਸਨ, ਜਿਵੇਂ ਕਿ **ਸਾਰਣੀ** 1.5 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 1.5 : 31 ਮਾਰਚ 2019 ਨੂੰ ਵਿਧਾਨ ਸਭਾ ਦੇ ਸਨਮੁੱਖ ਪੇਸ਼ ਕਰਨ ਲਈ ਬਕਾਇਆ ਰਹਿੰਦੀਆਂ ਐਸ ਏ ਆਰਜ਼ ਦੇ ਵੇਰਵੇ**

| ਲੜੀ ਨੰ. | ਖੁਦਮੁਖਤਿਆਰ ਸੰਗਠਨ ਦਾ ਨਾਂਅ | ਜਿਹੜੇ ਸਾਲਾਂ ਦੀਆਂ ਐਸ ਏ ਆਰਜ਼ ਵਿਧਾਨਪਾਲਿਕਾ ਦੇ ਸਨਮੁੱਖ ਪੇਸ਼ ਹੋਣ ਲਈ ਬਕਾਇਆ ਸਨ |
|---|---|---|
| 1. | ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ | 2011-12, 2012-13, 2013-14, 2014-15, 2015-16 ਅਤੇ 2016-17 |
| 2. | ਪੰਜਾਬ ਖਾਦੀ ਅਤੇ ਪੇਂਡੂ ਉਦਯੋਗ ਬੋਰਡ | 2012-13, 2013-14, 2014-15 ਅਤੇ 2015-16 |
| 3. | ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ | 2016-17 ਅਤੇ 2017-18 |
| 4. | ਪੰਜਾਬ ਕਿਰਤ ਭਲਾਈ ਬੋਰਡ | 2003-04, 2004-05 ਅਤੇ 2005-06 |
| 5. | ਪੰਜਾਬ ਭਵਨ ਅਤੇ ਹੋਰ ਨਿਰਮਾਣ ਕਾਮੇ ਭਲਾਈ ਬੋਰਡ | 2013-14, 2014-15, 2015-16 ਅਤੇ 2016-17 |
| 6. | ਪੰਜਾਬ ਰਾਜ ਬਿਜਲੀ ਰੈਗੁਲੇਟਰੀ ਕਮਿਸ਼ਨ | 2016-17 ਅਤੇ 2017-18 |

*ਸ੍ਰੋਤ : ਵਿਭਾਗੀ ਸੂਚਨਾ*

# ਅਧਿਆਇ - II

# ਕਾਰਗੁਜ਼ਾਰੀ ਲੇਖਾ ਪ੍ਰੀਖਿਆ

# ਅਧਿਆਇ-II

# ਕਾਰਗੁਜ਼ਾਰੀ ਲੇਖਾ ਪ੍ਰੀਖਿਆ

## ਭੂਮੀ ਤੇ ਜਲ ਸੰਭਾਲ, ਅਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ

## 2.1 ਸਸਟੇਨੇਬਲ ਖੇਤੀਬਾੜੀ ਲਈ ਪੰਜਾਬ ਵਿੱਚ ਭੂਮੀ ਅਤੇ ਜਲ ਸੰਭਾਲ

ਭੂਮੀ ਅਤੇ ਜਲ ਦੋ ਕੁਦਰਤੀ ਸ੍ਰੋਤ ਹਨ ਜਿਹੜੇ ਕਿ ਖੇਤੀਬਾੜੀ ਵਿੱਚ ਬਹੁਤ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ। ਰਾਜ ਵਿੱਚ ਸਸਟੇਨੇਬਲ ਖੇਤੀਬਾੜੀ ਲਈ ਭੂਮੀ ਅਤੇ ਜਲ ਸੰਭਾਲ ਗਤੀਵਿਧੀਆਂ ਦੇ ਵਿਸ਼ਲੇਸ਼ਣ ਲਈ ਇੱਕ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਕੀਤੀ ਗਈ ਸੀ ਜਿਸਨੇ ਸਕੀਮਾਂ ਦੀ ਯੋਜਨਾਬੰਦੀ, ਵਿੱਤੀ ਪ੍ਰਬੰਧਨ ਅਤੇ ਲਾਗੂਕਰਣ ਵਿੱਚ ਵੱਖ-ਵੱਖ ਕਮੀਆਂ ਨੂੰ ਉਜਾਗਰ ਕੀਤਾ। ਜਦੋਂਕਿ ਇਸ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਦਾ ਕੁੱਲ ਵਿੱਤੀ ਪ੍ਰਭਾਵ ₹ 93.01 ਕਰੋੜ ਹੈ, ਕੁੱਝ ਮਹੱਤਵਪੂਰਣ ਲੇਖਾ ਪ੍ਰੀਖਿਆ ਲੱਭਤਾਂ ਹੇਠਾਂ ਦਿੱਤੀਆਂ ਗਈਆਂ ਹਨ:

**ਵਿਸ਼ੇਸ਼ਤਾਵਾਂ**

- **ਰਾਜ ਕੋਲ ਭੂਮੀ ਅਤੇ ਜਲ ਸੰਭਾਲ ਨੂੰ ਅਸਰਦਾਰ ਢੰਗ ਨਾਲ ਅੱਗੇ ਵਧਾਉਣ ਲਈ ਭੂਮੀ ਅਤੇ ਜਲ ਸੰਭਾਲ ਲਈ ਨਾ ਤਾਂ ਕੋਈ ਖੇਤੀਬਾੜੀ ਨੀਤੀ ਅਤੇ ਦੀਰਘਕਾਲੀਨ ਯੋਜਨਾ ਹੈ ਅਤੇ ਨਾ ਹੀ ਭੂਮੀ ਦੀ ਮੁਕੰਮਲ ਇਨਵੈਂਟਰੀ ਹੈ।**

  *(ਪੈਰ੍ਹਾ 2.1.6.1 ਅਤੇ 2.1.6.2)*

- **ਫਸਲ ਵਿਭਿੰਨਤਾ ਪ੍ਰੋਗਰਾਮ ਉੱਤੇ ₹ 274 ਕਰੋੜ ਖਰਚ ਕਰਨ ਦੇ ਬਾਵਜੂਦ ਵੀ 2014-19 ਦੌਰਾਨ ਝੋਨੇ ਦੇ ਬਿਜਾਈ ਖੇਤਰ ਵਿੱਚ 7.18 *ਪ੍ਰਤੀਸ਼ਤ* ਦਾ ਵਾਧਾ ਹੋਇਆ, ਜਿਸਨੇ ਧਰਤੀ ਹੇਠਲੇ ਪਾਣੀ ਦੀ ਖਪਤ ਤੇ ਬੁਰਾ ਪ੍ਰਭਾਵ ਪਾਇਆ।**

  *(ਪੈਰ੍ਹਾ 2.1.7.1(v))*

- **ਸਟੇਕਹੋਲਡਰਾਂ ਵਿਚਕਾਰ ਸਿਸਟੈਮਿਕ ਜਾਗਰੂਕਤਾ ਫੈਲਾਉਣ ਦੀ ਕਮੀ ਕਾਰਣ ਪਰਾਲੀ ਨੂੰ ਸਾੜਨ ਦੇ ਮਾਮਲੇ 2017-18 ਵਿੱਚ 43,660 ਤੋਂ ਵਧ ਕੇ 2018-19 ਵਿੱਚ 49,905 ਹੋ ਗਏ।**

  *(ਪੈਰ੍ਹਾ 2.1.7.2(iv))*

- **ਫੰਡਾਂ ਦੇ ਨਿਪੁੰਨਤਾ ਰਹਿਤ ਵਹਾਅ, ਸਿਫਾਰਸ਼ ਕੀਤੇ ਗਏ ਪੋਸ਼ਟਿਕ ਤੱਤਾਂ ਲਈ ਵਿੱਤੀ ਸਹਾਇਤਾ ਲਈ ਊਣਤਾਭਰੀ ਯੋਜਨਾਬੰਦੀ ਅਤੇ ਸਿਖ਼ਲਾਈ ਤੇ ਵਰਕਸ਼ਾਪਾਂ ਲਈ ਗੈਰ-ਯੋਜਨਾਬੰਦੀ ਕਾਰਣ, ਸੌਇਲ ਹੈਲਥ ਕਾਰਡ ਸਕੀਮ ਦਾ ਲਾਗੂਕਰਣ ਅਸਰਹੀਣ ਰਿਹਾ।**

  *(ਪੈਰ੍ਹਾ 2.1.7.3(i ਤੋਂ iv)*

- **ਰਾਜ ਨੂੰ 2014-19 ਦੌਰਾਨ ਭੂਮੀਗਤ ਪਾਈਪਲਾਈਨ ਸਕੀਮ ਉੱਤੇ ₹ 37.16 ਕਰੋੜ ਖਰਚ ਕਰਨ ਦੇ ਬਾਵਜੂਦ 972.04 ਲੱਖ ਕਿਊਬਿਕ ਮੀਟਰ ਪਾਣੀ ਦੀ ਸੰਭਾਲ ਕਰਨ ਤੋਂ ਵਾਂਝੇ ਰੱਖਿਆ ਗਿਆ।**

  *(ਪੈਰ੍ਹਾ 2.1.7.6(ii))*

➢ **ਅੰਦਰੂਨੀ ਕੰਟਰੋਲ ਅਤੇ ਮਾਨੀਟਰਿੰਗ ਮੈਕਾਨਿਜ਼ਮ ਵਿੱਚ ਕਮੀ ਵੇਖੀ ਗਈ ਸੀ ਕਿਉਂਜੋ ਭੂਮੀ ਅਤੇ ਜਲ ਸੰਭਾਲ ਵਿਭਾਗ (ਡੀ ਐਸ ਅਤੇ ਡਬਲਿਯੂ ਸੀ) ਅਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ (ਡੀ ਏ ਅਤੇ ਐਫ ਡਬਲਿਊ) ਨੇ ਕਿਸੇ ਵੀ ਸਕੀਮ ਅਧੀਨ ਟੀਚਿਆਂ ਦੀ ਪ੍ਰਾਪਤੀ ਵਿੱਚ ਕਮੀ ਦੇ ਕਾਰਣਾਂ ਦੀ ਸਮੀਖਿਆ ਨਹੀਂ ਕੀਤੀ।**

***(ਪੈਰ੍ਹਾ 2.1.10)***

## 2.1.1 ਜਾਣ-ਪਛਾਣ

ਪੰਜਾਬ ਕੋਲ 50.33 ਲੱਖ ਹੈਕਟੇਅਰ ਭੂਗੋਲਿਕ ਖ਼ੇਤਰ ਹੈ ਜਿਸ ਵਿੱਚੋਂ, 41.25 ਲੱਖ ਹੈਕਟੇਅਰ (82 *ਪ੍ਰਤੀਸ਼ਤ*) ਖੇਤੀ ਯੋਗ ਹੈ। ਅੰਨ ਦਾ ਵੱਧ ਤੋਂ ਵੱਧ ਉਤਪਾਦਨ ਕਰਨ ਲਈ ਲਗਾਤਾਰ ਕਣਕ-ਝੋਨੇ ਦੇ ਅਟੁੱਟ ਚੱਕਰ ਨੇ ਭੂਮੀ ਦੇ ਵੱਡੇ/ਸੂਖਮ ਪੌਸ਼ਟਿਕ ਤੱਤਾਂ, ਜੈਵਿਕ ਮਾਦੇ, ਖਣਿਜਾਂ ਅਤੇ ਦੁਰਲੱਭ ਤੱਤਾਂ ਨੂੰ ਘਟਾ ਦਿੱਤਾ ਹੈ। ਰਾਜ ਵਿਚਲੇ ਕੁੱਲ ਸਿੰਜੇ ਜਾਂਦੇ ਖੇਤਰ ਵਿੱਚੋਂ 71 *ਪ੍ਰਤੀਸ਼ਤ* ਖੇਤਰ ਧਰਤੀ ਵਿਚੋਂ ਕੱਢੇ ਗਏ ਪਾਣੀ ਨਾਲ ਅਤੇ 29 *ਪ੍ਰਤੀਸ਼ਤ* ਸਤਹਿ ਉਤਲੇ ਪਾਣੀ ਨਾਲ ਨਹਿਰਾਂ ਰਾਹੀ ਸਿੰਜਿਆਂ ਜਾ ਰਿਹਾ ਹੈ। ਖੇਤੀਬਾੜੀ ਲਈ ਧਰਤੀ ਹੇਠਲੇ ਪਾਣੀ ਦੀ ਬਿਨਾ ਰੋਕ-ਟੋਕ ਵਰਤੋਂ ਰਾਜ ਨੂੰ ਪਾਣੀ ਦੇ ਗੰਭੀਰ ਸੰਕਟ ਕੰਢੇ ਲੈ ਆਈ ਕਿਉਂਜੋ ਰਾਜ ਵਿੱਚ ਕੱਢੇ ਗਏ ਧਰਤੀ ਹੇਠਲੇ ਪਾਣੀ ਦਾ 96.59 *ਪ੍ਰਤੀਸ਼ਤ*[1] ਸਿੰਜਾਈ ਲਈ ਵਰਤਿਆ ਗਿਆ ਸੀ, ਜਿਸ ਕਾਰਣ ਦੇਸ਼ ਵਿੱਚ ਵੱਧ ਦੁਰਉਪਯੋਗ ਹੋਏ 17 *ਪ੍ਰਤੀਸ਼ਤ* ਬਲਾਕਾਂ ਦੀ ਤੁਲਨਾ ਵਿੱਚ, ਰਾਜ ਵਿੱਚ 38.04 ਲੱਖ ਹੈਕਟੇਅਰ ਖੇਤਰ (ਪੰਜਾਬ ਦੇ ਕੁੱਲ ਭੂਗੋਲਿਕ ਖੇਤਰ ਦਾ 75.58 *ਪ੍ਰਤੀਸ਼ਤ* ਖੇਤਰ) ਕਵਰ ਕਰਦੇ ਹੋਏ 79 *ਪ੍ਰਤੀਸ਼ਤ* ਬਲਾਕ ਵੱਧ ਦੁਰਉਪਯੋਗ ਹੋਏ ਨਿਰਧਾਰਤ ਕੀਤੇ ਗਏ ਸਨ। ਪੰਜਾਬ ਵਿੱਚ ਖੇਤੀਬਾੜੀ ਦੇ ਉਤਪਾਦਨ ਦੀ ਸਸਟੇਨੇਬਿਲਟੀ ਵਿੱਚ ਸੁਧਾਰ ਕਰਨ ਲਈ ਕੇਂਦਰ/ਰਾਜ ਸਰਕਾਰ ਵਲੋਂ ਵੱਖ-ਵੱਖ ਸਕੀਮਾਂ ਚਲਾਈਆਂ ਗਈਆਂ ਸਨ।


ਪਾਣੀ ਦੀ ਮਹੱਤਤਾ ਨੂੰ ਸਮਝਦੇ ਹੋਏ, ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ਾਂ ਨੇ ਸਾਂਝੇ ਤੌਰ ਤੇ ਸਸਟੇਨੇਬਲ ਡਿਵੈਲਪਮੈਂਟ ਗੋਲ-6 (ਐਸ ਡੀ ਜੀ-6) ਜਿਹੜਾ ਕਿ ਹੋਰ ਗੱਲਾਂ ਦੇ ਨਾਲ ਨਾਲ ਜਲ ਅਤੇ ਸੈਨੀਟੇਸ਼ਨ ਦੀ ਉਪਲੱਬਧਤਾ ਅਤੇ ਸਸਟੇਨੇਬਲ ਪ੍ਰਬੰਧਨ ਨੂੰ ਯਕੀਨੀ ਬਣਾਉਣ ਵਾਸਤੇ ਵਿਵਸਥਾ ਕਰਦਾ ਹੈ, ਪ੍ਰਤੀ ਵਚਨਬੱਧਤਾ ਕੀਤੀ (ਸਤੰਬਰ 2015)। ਇਸ ਤੋਂ ਇਲਾਵਾ ਐਸ ਡੀ ਜੀ 2.4 ਖੇਤੀਬਾੜੀ ਦੀਆਂ ਲਚਕੀਲੀਆਂ ਕਾਰਜਵਿਧੀਆਂ, ਜਿਹੜੀਆਂ ਕਿ ਈਕੋ ਸਿਸਟਮ ਨੂੰ ਕਾਇਮ ਰੱਖਣ ਵਿੱਚ ਸਹਾਈ ਹੋਣ, ਨੂੰ ਲਾਗੂ ਕਰਨ ਦੀ ਵਿਵਸਥਾ ਕਰਦਾ ਹੈ ਅਤੇ ਐਸ ਡੀ ਜੀ 6.4 ਸਾਰੇ ਸੈਕਟਰਾਂ ਵਿੱਚ ਪਾਣੀ ਦੀ ਨਿਪੁੰਨਤਾ ਨਾਲ ਵਰਤੋਂ ਵਿੱਚ ਵੱਡੇ ਵਾਧੇ ਦੀ ਵਿਵਸਥਾ ਕਰਦਾ ਹੈ। ਭੂਮੀ ਅਤੇ ਜਲ ਸੰਭਾਲ ਵਿਭਾਗ (ਡੀ ਐਸ ਅਤੇ ਡਬਲਿਯੂ ਸੀ) ਅਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ (ਡੀ ਏ ਅਤੇ ਐਫ ਡਬਲਿਯੂ) ਸੰਯੁਕਤ ਰਾਸ਼ਟਰ ਦੇ ਸਸਟੇਨੇਬਲ ਡਿਵੈਲਪਮੈਂਟ ਗੋਲਜ਼ ਨੂੰ ਹਾਸਲ ਕਰਨ ਵਿੱਚ ਅਸਫਲ ਰਿਹਾ ਕਿਉਂਕਿ ਦੋਵੇਂ ਵਿਭਾਗਾਂ ਨੇ 2015-19 ਦੌਰਾਨ ਐਸ ਡੀ ਜੀਜ਼ ਨੂੰ ਪ੍ਰਾਪਤ ਕਰਨ ਲਈ ਵਿਸ਼ੇਸ ਟੀਚੇ ਨਿਰਧਾਰਤ ਨਹੀਂ ਕੀਤੇ।

[1] ਭੂਮੀਗਤ ਜਲ ਸ੍ਰੋਤ ਰਿਪੋਰਟ 2017 ਅਨੁਸਾਰ।

## 2.1.2 ਸੰਗਠਨਾਤਮਕ ਢਾਂਚਾ

ਡੀ ਐਸ ਤੇ ਡਬਲਿਯੂ ਸੀ ਅਤੇ ਡੀ ਏ ਤੇ ਐਫ ਡਬਲਿਯੂ ਕ੍ਰਮਵਾਰ ਸਕੱਤਰ ਅਤੇ ਵਧੀਕ ਮੁੱਖ ਸਕੱਤਰ ਦੇ ਪ੍ਰਬੰਧਕੀ ਕੰਟਰੋਲ ਅਧੀਨ ਕੰਮ ਕਰ ਰਹੇ ਹਨ। ਇਹਨਾਂ ਵਿਭਾਗਾਂ ਦੀ ਸੰਗਠਨਾਤਮਕ ਵਿਵਸਥਾ ਹੇਠ ਲਿਖੇ ਅਨੁਸਾਰ ਸੀ:

### *(i) ਭੂਮੀ ਅਤੇ ਜਲ ਸੰਭਾਲ ਵਿਭਾਗ*




ਮੁੱਖ ਭੂਮੀਪਾਲ (ਸੀ ਸੀ ਐਸ); ਭੂਮੀ ਪਾਲ (ਸੀ ਐਸ); ਮੰਡਲ ਭੂਮੀ ਪਾਲ ਅਧਿਕਾਰੀ (ਡੀ ਐਸ ਸੀ ਓ); ਸਹਾਇਕ ਕੰਟਰੋਲਰ ਵਿੱਤ ਅਤੇ ਲੇਖੇ (ਏ ਸੀ ਐਫ ਏ); ਰਾਜ ਭੂਮੀ ਵਰਤੋਂ ਬੋਰਡ (ਐਸ ਐਲ ਯੂ ਬੀ)।

### *(ii) ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ*

ਡਾਇਰੈਕਟਰ (ਖੇਤੀਬਾੜੀ) ਵਿਭਾਗ ਦੇ ਚਾਰ ਵਿੰਗਾਂ[2] ਦਾ ਇੰਚਾਰਜ ਹੈ ਅਤੇ ਹਰ ਇੱਕ ਵਿੰਗ ਦਾ ਆਪਣਾ ਸੰਯੁਕਤ ਡਾਇਰੈਕਟਰ ਹੈ। ਮੁੱਖ ਖੇਤੀਬਾੜੀ ਅਧਿਕਾਰੀ (ਸੀ ਏ ਓ) ਰਾਜ ਦੇ ਹਰੇਕ ਜਿਲ੍ਹੇ ਦਾ ਇੰਚਾਰਜ ਹੈ, ਜਿਸਦੀ ਕਿ ਅੰਕੜਾ ਅਧਿਕਾਰੀ, ਜਿਲ੍ਹਾ ਸਿਖਲਾਈ ਅਧਿਕਾਰੀ, ਪ੍ਰੋਜੈਕਟ ਅਧਿਕਾਰੀ, ਸਹਾਇਕ ਖੇਤੀਬਾੜੀ ਇੰਜੀਨੀਅਰ (ਇੰਪਲੀਮੈਂਟਸ) ਅਤੇ ਖੇਤੀਬਾੜੀ ਅਧਿਕਾਰੀ ਸਹਾਇਤਾ ਕਰਦੇ ਹਨ।

## 2.1.3 ਲੇਖਾ ਪ੍ਰੀਖਿਆ ਦੇ ਉਦੇਸ਼

ਇਸ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਦੇ ਲੇਖਾ ਪ੍ਰੀਖਿਆ ਉਦੇਸ਼ ਇਹ ਜਾਣਨਾ ਸੀ ਕਿ:

- ਸਕੀਮਾਂ/ਪ੍ਰੋਜੈਕਟਾਂ ਦੀ ਯੋਜਨਾਬੰਦੀ ਲੋੜੀਂਦੇ, ਵਿਆਪਕ ਅਤੇ ਅਸਰਦਾਰ ਢੰਗ ਨਾਲ ਕੀਤੀ ਗਈ ਸੀ;
- ਵਿੱਤੀ ਪ੍ਰਬੰਧਨ ਅਸਰਦਾਰ ਸੀ ਭਾਵ ਵੱਖ ਵੱਖ ਸਕੀਮਾਂ ਲਈ ਚਿੰਨ੍ਹਤ ਕੀਤੇ ਗਏ ਫੰਡਾਂ ਦੀ ਵੰਡ, ਰਿਲੀਜ਼ ਅਤੇ ਵਰਤੋਂ ਲੋੜੀਂਦੀ ਮਾਤਰਾ ਵਿੱਚ, ਅਸਰਦਾਰ ਅਤੇ ਤਰਕਸੰਗਤ ਸੀ;
- ਯੋਜਨਾਬੰਦੀ ਅਨੁਸਾਰ ਅਸਰਦਾਰ, ਨਿਪੁੰਨ, ਅਤੇ ਕਿਫਾਇਤੀ ਢੰਗ ਨਾਲ ਲਾਗੂਕਰਣ ਕੀਤਾ ਗਿਆ ਸੀ; ਅਤੇ
- ਲੋੜੀਂਦੀ ਮਾਨੀਟਰਿੰਗ ਅਤੇ ਅੰਦਰੂਨੀ ਕੰਟਰੋਲ ਤੰਤਰ ਸਥਾਪਤ ਸੀ।

---

[2] (i) ਪ੍ਰਬੰਧਕੀ; (ii) ਅੰਕੜਾ; (iii) ਜਿਓਲੋਜੀਕਲ; ਅਤੇ (iv) ਇੰਜੀਨਿਰਿੰਗ।

## 2.1.4 ਲੇਖਾ ਪ੍ਰੀਖਿਆ ਦਾ ਦਾਇਰਾ ਅਤੇ ਵਿਧੀ

ਸਸਟੇਨੇਬਲ ਖੇਤੀਬਾੜੀ ਲਈ ਭੂਮੀ ਅਤੇ ਜਲ ਸੰਭਾਲ ਨਾਲ ਸਬੰਧਤ ਵੱਖ ਵੱਖ ਸਕੀਮਾਂ ਦੇ ਲਾਗੂਕਰਨ ਨੂੰ ਜਾਂਚਣ ਲਈ ਡੀ ਐਸ ਤੇ ਡਬਲਿਯੂ ਸੀ ਅਤੇ ਡੀ ਏ ਤੇ ਐਫ ਡਬਲਿਯੂ ਵਿੱਚ 2014-19 ਦਾ ਸਮਾਂ ਕਵਰ ਕਰਦੇ ਹੋਏ ਅਗਸਤ 2019 ਅਤੇ ਮਾਰਚ 2020 ਵਿਚਕਾਰ ਇਹ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਕੀਤੀ ਗਈ ਸੀ। ਮੁੱਖ ਭੂਮੀਪਾਲ, ਭੂਮੀ ਸਰਵੇਖਣ ਮੰਡਲ, ਡੀ ਐਸ ਅਤੇ ਡਬਲਿਯੂ ਸੀ ਦੇ 14 ਮੰਡਲ ਭੂਮੀ ਸੰਭਾਲ ਅਧਿਕਾਰੀਆਂ (ਡੀ ਐਸ ਸੀ ਓਜ਼) ਵਿੱਚੋਂ ਸੱਤ[3] ਦੇ ਰਿਕਾਰਡ ਦੀ ਨਮੂਨਾ ਜਾਂਚ ਕੀਤੀ ਗਈ ਸੀ। ਇਸ ਤੋਂ ਇਲਾਵਾ ਡਾਇਰੈਕਟਰ ਅਤੇ ਡੀ ਏ ਤੇ ਐਫ ਡਬਲਿਯੂ ਦੇ ਸੱਤ ਜਿਲ੍ਹਿਆਂ[4] ਦੇ ਮੁੱਖ ਖੇਤੀਬਾੜੀ ਅਧਿਕਾਰੀਆਂ ਦੇ ਰਿਕਾਰਡ ਦੀ ਜਾਂਚ ਵੀ ਕੀਤੀ ਗਈ ਸੀ। ਇਸ ਦੀ ਚੋਣ ਸਟ੍ਰੈਟੀਫਾਈਡ ਰੈਂਡਮ ਸੈਂਪਲਿੰਗ ਵਿਧੀ ਅਪਣਾਉਂਦੇ ਹੋਏ ਕੀਤੀ ਗਈ ਸੀ। ਸਾਰੀਆਂ ਸੱਤ ਸਕੀਮਾਂ[5] ਦੇ ਲਾਗੂਕਰਣ ਦੀ ਪੜਤਾਲ ਕੀਤੀ ਗਈ ਅਤੇ ਤਿੰਨ[6] ਚੁਣੀਆਂ ਹੋਈਆਂ ਸਕੀਮਾਂ ਵਿੱਚੋਂ ਸੈਂਪਲ ਵਿੱਚ ਲਏ ਗਏ 743 ਲਾਭਪਾਤਰੀਆਂ ਨਾਲ ਸਬੰਧਤ ਸਰਵੇਖਣ ਵੀ ਕੀਤਾ ਗਿਆ ਸੀ। ਇਸ ਦੇ ਇਲਾਵਾ, ਕਿਸਾਨ ਯੂਨੀਅਨਾਂ ਦੇ ਵਿਚਾਰ ਲਏ ਗਏ ਸਨ ਅਤੇ ਇਸ ਪੀ ਏ ਵਿੱਚ ਸ਼ਾਮਲ ਕੀਤੇ ਗਏ ਸਨ। ਅੱਗੇ, ਤਕਨੀਕੀ ਨੁਕਤਿਆਂ ਉਤੇ ਲੇਖਾ ਪ੍ਰੀਖਿਆ ਲੱਭਤਾਂ ਦੀ ਪੁਸ਼ਟੀ ਕਰਨ ਲਈ ਇਕ ਵਿਸ਼ਾ ਮਾਹਰ[7] ਦੀ ਸਲਾਹ ਲਈ ਗਈ ਸੀ ਅਤੇ ਉਸਦੇ ਵਿਚਾਰਾਂ ਨੂੰ ਵੀ ਧਿਆਨ ਵਿੱਚ ਰੱਖਿਆ ਗਿਆ ਸੀ।

ਮੁੱਖ ਭੂਮੀਪਾਲ ਅਤੇ ਡਾਇਰੈਕਟਰ, ਖੇਤੀਬਾੜੀ ਤੇ ਕਿਸਾਨ ਭਲਾਈ, ਪੰਜਾਬ ਨਾਲ ਇੱਕ ਐਂਟਰੀ ਕਾਨਫਰੰਸ ਕੀਤੀ ਗਈ ਸੀ (ਅਗਸਤ 2019), ਜਿਸ ਵਿੱਚ ਲੇਖਾ ਪ੍ਰੀਖਿਆ ਦੇ ਉਦੇਸ਼, ਦਾਇਰਾ ਅਤੇ ਵਿਧੀ ਤੇ ਚਰਚਾ ਕੀਤੀ ਗਈ ਸੀ। ਇਸ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਦੀਆਂ ਲੱਭਤਾਂ ਤੇ ਭੂਮੀਪਾਲ, ਡੀ ਐਸ ਅਤੇ ਡਬਲਿਯੂ ਸੀ ਅਤੇ ਡਾਇਰੈਕਟਰ ਡੀ ਏ ਤੇ ਐਫ ਡਬਲਿਯੂ ਨਾਲ ਹੋਈ ਇੱਕ ਐਗਜ਼ਿਟ ਕਾਨਫਰੰਸ (ਜੁਲਾਈ 2020) ਵਿੱਚ ਚਰਚਾ ਕੀਤੀ ਗਈ ਸੀ। ਵਿਭਾਗਾਂ ਦੇ ਉੱਤਰਾਂ ਨੂੰ ਢੁਕਵੇਂ ਤੌਰ ਤੇ ਇਸ ਰਿਪੋਰਟ ਵਿੱਚ ਸ਼ਾਮਲ ਕੀਤਾ ਗਿਆ ਹੈ।

---

3 ਮੰਡਲ ਭੂਮੀਪਾਲ ਅਧਿਕਾਰੀ (i) ਅੰਮ੍ਰਿਤਸਰ; (ii) ਬਠਿੰਡਾ; (iii) ਹੁਸ਼ਿਆਰਪੁਰ; (iv) ਪਟਿਆਲਾ; (v) ਸੰਗਰੂਰ; (vi) ਐਸ.ਏ.ਐਸ ਨਗਰ; ਅਤੇ (vii) ਸ੍ਰੀ ਮੁਕਤਸਰ ਸਾਹਿਬ।

4 (i) ਅੰਮ੍ਰਿਤਸਰ; (ii) ਬਠਿੰਡਾ; (iii) ਹੁਸ਼ਿਆਰਪੁਰ; (iv) ਪਟਿਆਲਾ; (v) ਸੰਗਰੂਰ; (vi) ਐਸ.ਏ.ਐਸ ਨਗਰ; ਅਤੇ (vii) ਸ੍ਰੀ ਮੁਕਤਸਰ ਸਾਹਿਬ।

5 (i) ਚਾਰ ਸਕੀਮਾਂ ਭਾਵ ਕਿ ਫਸਲ ਵਿਭਿੰਨਤਾ ਪ੍ਰੋਗਰਾਮ (ਸੀ ਡੀ ਪੀ) (ਕੇਂਦਰੀ ਪ੍ਰਯੋਜਿਤ ਸਕੀਮ), ਫਸਲ ਦੀ ਰਹਿੰਦ ਖੂੰਹਦ ਦਾ ਥਾਂ ਤੇ ਹੀ ਪ੍ਰਬੰਧਨ (ਸੀ ਆਰ ਐਮ) ਲਈ ਖੇਤੀਬਾੜੀ ਤੰਤਰ ਨੂੰ ਪ੍ਰੋਤਸਾਹਨ ਕਰਨਾ (ਕੇਂਦਰੀ ਪ੍ਰਯੋਜਿਤ ਸਕੀਮ), ਸੌਇਲ ਹੈਲਥ ਕਾਰਡ (ਐਸ ਐਚ ਸੀ) ਅਤੇ ਸੌਇਲ ਹੈਲਥ ਮੈਨੇਜਮੈਂਟ (ਐਸ ਐਚ ਐਮ) ( ਦੋਵੇਂ ਕੇਂਦਰੀ ਪ੍ਰਯੋਜਿਤ ਸਕੀਮਾਂ) ਨੂੰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੁਆਰਾ ਲਾਗੂ ਕੀਤਾ ਗਿਆ ਸੀ; ਅਤੇ (ii) ਤਿੰਨ ਸਕੀਮਾਂ ਭਾਵ ਕਿ ਭੂਮੀਗਤ ਪਾਈਪ ਲਾਈਨ ਪ੍ਰੋਜੈਕਟਸ (ਯੂ ਜੀ ਪੀ ਐਲ) (ਰਾਜ ਪ੍ਰਯੋਜਿਤ ਸਕੀਮ), ਇੰਟੀਗਰੇਟਿਡ ਵਾਟਰਸ਼ੈੱਡ ਮਨੇਜਮੈਂਟ ਪ੍ਰੋਗਰਾਮ (ਆਈ ਡਬਲਿਯੂ ਐਮ ਪੀ) (ਕੇਂਦਰੀ ਪ੍ਰਯੋਜਿਤ ਸਕੀਮ) ਅਤੇ ਲਘੂ ਸਿੰਜਾਈ (ਕੇਂਦਰੀ ਪ੍ਰਯੋਜਿਤ ਸਕੀਮ) ਨੂੰ ਭੂਮੀ ਅਤੇ ਜਲ ਸੰਭਾਲ ਵਿਭਾਗ ਦੁਆਰਾ ਲਾਗੂ ਕੀਤਾ ਗਿਆ ਸੀ।

6 (i) ਫਸਲ ਵਿਭਿੰਨਤਾ ਪ੍ਰੋਗਰਾਮ (ਸੀ ਡੀ ਪੀ); (ii) ਫਸਲ ਰਹਿੰਦ ਖੂਹੰਦ ਦਾ ਥਾਂ ਤੇ ਹੀ ਪ੍ਰਬੰਧਨ (ਸੀ ਆਰ ਐਮ) ਕਰਨ ਲਈ ਖੇਤੀਬਾੜੀ ਤੰਤਰ ਨੂੰ ਉਤਸ਼ਾਹਿਤ ਕਰਨਾ; ਅਤੇ (iii) ਸੌਇਲ ਹੈਲਥ ਕਾਰਡ (ਐਸ ਐਚ ਸੀ) ।

7 ਸਾਬਕਾ ਪ੍ਰੋਫੈਸਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ।

## 2.1.5 ਲੇਖਾ ਪ੍ਰੀਖਿਆ ਦਾ ਮਾਪਦੰਡ

ਉਹ ਮਾਪਦੰਡ, ਜਿਨ੍ਹਾਂ ਦੇ ਵਿਰੁੱਧ ਲੇਖਾ ਪ੍ਰੀਖਿਆ ਲੱਭਤਾਂ ਬੈਂਚਮਾਰਕ ਕੀਤੀਆਂ ਗਈਆਂ ਸਨ, ਹੇਠ ਲਿਖੇ ਸ੍ਰੋਤਾਂ ਤੋਂ ਲਏ ਗਏ ਸਨ:

- ਚੁਣੀਆਂ ਗਈਆਂ ਸਕੀਮਾਂ ਦੇ ਦਿਸ਼ਾ-ਨਿਰਦੇਸ਼;
- ਭਾਰਤ ਸਰਕਾਰ (ਜੀ ਓ ਆਈ) ਅਤੇ ਪੰਜਾਬ ਸਰਕਾਰ (ਜੀ ਓ ਪੀ) ਦੁਆਰਾ ਜਾਰੀ ਕੀਤੇ ਗਏ ਦਿਸ਼ਾ ਨਿਰਦੇਸ਼/ਹਦਾਇਤਾਂ/ਆਦੇਸ਼; ਅਤੇ
- ਪੰਜਾਬ ਵਿੱਤੀ ਨਿਯਮਾਵਲੀ ਅਤੇ ਪੰਜਾਬ ਖ਼ਜਾਨਾ ਨਿਯਮਾਵਲੀ।

## ਲੇਖਾ ਪ੍ਰੀਖਿਆ ਲੱਭਤਾਂ

## 2.1.6 ਯੋਜਨਾਬੰਦੀ

### *2.1.6.1 ਸੌਇਲ ਸਰਵੇਖਣ*

ਪੰਜਾਬ ਰਾਜ ਦੀਆਂ ਮਿੱਟੀਆਂ ਜਲੋੜ੍ਹ ਮੂਲ ਦੀਆਂ ਹਨ ਅਤੇ ਬਣਤਰ ਵਿੱਚ ਆਮ ਕਰਕੇ ਰੇਤਲੀ ਲੋਅਮ[8] ਤੋਂ ਲੋਅਮੀ ਰੇਤਲੀ ਕਿਸਮ ਦੀਆਂ ਹਨ। ਹਰੀ ਕ੍ਰਾਂਤੀ ਦੀਆਂ ਤਕਨੀਕਾਂ ਅਪਣਾਉਣ, ਸੰਘਣੀ ਫਸਲ ਪੱਧਤੀ ਆਰੰਭ ਹੋਣ ਅਤੇ ਸਿੰਜਾਈਯੋਗ ਪਾਣੀ ਦੀ ਪੰਹੁਚ ਹੋਣ ਕਰਕੇ ਪੌਸ਼ਟਿਕ ਤੱਤਾਂ ਦਾ ਵੱਡੀ ਮਾਤਰਾ ਵਿੱਚ ਖਣਨ ਕੀਤਾ ਗਿਆ ਸੀ, ਜਿਸ ਨੇ ਮਿੱਟੀਆਂ ਵਿੱਚ ਕੁੱਝ ਜਰੂਰੀ ਸੂਖਮ-ਪੌਸ਼ਟਿਕ ਤੱਤਾਂ ਦੀ ਘਾਟ ਪੈਦਾ ਕਰ ਦਿੱਤੀ। ਇਸ ਤੋਂ ਇਲਾਵਾ, ਸਿੰਜਾਈ ਲਈ ਧਰਤੀ ਹੇਠਲੇ ਪਾਣੀ ਤੇ ਜਿਆਦਾ ਨਿਰਭਰਤਾ ਸੀ ਜੋਕਿ ਝੋਨੇ ਦੀ ਕਾਸ਼ਤ ਵਿੱਚ ਵਾਧਾ ਹੋਣ ਨਾਲ ਵਧਦੀ ਹੈ।

ਅੰਨ ਦੀ ਵੱਧ ਤੋਂ ਵੱਧ ਪੈਦਾਵਾਰ ਲੈਣ ਲਈ ਲਗਾਤਾਰ ਕਣਕ-ਧਾਨ ਦੀ ਰੁਟੇਸ਼ਨ ਨੇ ਵੀ ਭੂਮੀ ਦੇ ਵੱਡੇ/ਸੂਖਮ ਪੌਸ਼ਟਿਕ ਤੱਤਾਂ, ਜੈਵਿਕ ਮਾਦੇ ਅਤੇ ਖਣਿੱਜ ਪਦਾਰਥਾਂ ਦੇ ਘੱਟ ਹੋਣ ਵਿੱਚ ਸਹਾਇਤਾ ਕੀਤੀ। ਫਸਲਾਂ ਦੀ ਉਤਪਾਦਕਤਾ ਵਿੱਚ ਮਿੱਟੀ ਦੀ ਮਹੱਤਤਾ ਦੇ ਮੱਦੇ ਨਜ਼ਰ, ਡੀ ਐਸ ਅਤੇ ਡਬਲਿਯੂ ਸੀ ਕੋਲ ਵਿਸਥਾਰਤ ਸਰਵੇਖਣ ਕਰਨ ਉਪਰੰਤ ਰਾਜ ਵਿੱਚ ਮਿੱਟੀਆਂ ਦੀ ਇਨਵੈਂਟਰੀ ਬਣਾਉਣ ਲਈ ਇੱਕ ਭੂਮੀ ਸਰਵੇਖਣ ਮੰਡਲ ਹੈ। ਇਹ ਰਾਜ ਦੇ ਵੱਖ ਵੱਖ ਥਾਵਾਂ ਤੋਂ ਇਕੱਠੇ ਕੀਤੇ ਨਮੂਨਿਆਂ ਦਾ ਵਿਸ਼ਲੇਸ਼ਣ ਕਰਦਾ ਹੈ ਅਤੇ ਹੋਰ ਵਿਭਾਗਾਂ ਨੂੰ ਉਚਿੱਤ ਫਸਲਾਂ ਦੀ ਬਿਜਾਈ ਕਰਕੇ ਸਸਟੇਨੇਬਲ ਖੇਤੀਬਾੜੀ ਲਈ ਮਿੱਟੀਆ ਦੀ ਨਿਪੁੰਨਤਾ ਨਾਲ ਵਰਤੋਂ ਕਰਨ ਲਈ ਸਲਾਹ ਦਿੰਦਾ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ:

- ਖੇਤੀਬਾੜੀ ਅਧੀਨ 41.25 ਲੱਖ ਹੈਕਟੇਅਰ (ਹੈਕ) ਖੇਤਰ (ਮਾਰਚ 2018 ਦੀ ਸਥਿਤੀ ਅਨੁਸਾਰ) ਵਿੱਚੋਂ, ਸੌਇਲ ਸਰਵੇਖਣ ਮੰਡਲ ਦੁਆਰਾ 2011-13 ਦੌਰਾਨ ਸੈਮੀ ਡਿਟੇਲ ਸਰਵੇ (7.39 ਲੱਖ ਹੈਕਟੇਅਰ) ਅਤੇ ਫਰਟਿਲਟੀ ਸਟੇਟਸ ਸਰਵੇ (0.98 ਲੱਖ ਹੈਕਟੇਅਰ) ਅਧੀਨ 8.37 ਲੱਖ ਹੈਕਟੇਅਰ ਕਵਰ ਕੀਤੇ ਗਏ ਸਨ। ਇਸ ਤੋਂ ਇਲਾਵਾ, ਰਾਜ ਵਿੱਚ ਭੂਮੀ ਅਤੇ ਪਾਣੀ ਦੀ ਸੰਭਾਲ ਲਈ ਦੀਰਘ ਕਾਲੀਨ ਯੋਜਨਾ ਨਾ ਬਣਾਏ ਜਾਣ ਕਾਰਣ, ਮੰਡਲ ਦੁਆਰਾ 2014-19

[8] ਲੋਅਮ ਵਿੱਚ 7 *ਪ੍ਰਤੀਸ਼ਤ* ਤੋਂ ਘੱਟ ਕਲੇਅ, 50 *ਪ੍ਰਤੀਸ਼ਤ* ਤੋਂ ਘੱਟ ਸਿਲਟ ਅਤੇ 43 ਤੇ 50 *ਪ੍ਰਤੀਸ਼ਤ* ਵਿਚਕਾਰ ਰੇਤ ਹੁੰਦੀ ਹੈ।

ਦੌਰਾਨ ਕੇਵਲ ਚਾਰ ਜਿਲ੍ਹਿਆਂ[9] ਵਿੱਚ ਸਿਰਫ 7.99 ਲੱਖ ਹੈਕਟੇਅਰ (19.37 *ਪ੍ਰਤੀਸ਼ਤ*) ਸੈਮੀ ਡਿਟੇਲ ਸਰਵੇ ਅਤੇ 4.98 ਲੱਖ ਹੈਕਟੇਅਰ (12.07 *ਪ੍ਰਤੀਸ਼ਤ*) ਫਰਟਿਲਟੀ ਸਟੇਟਸ ਸਰਵੇ ਅਧੀਨ ਕਵਰ ਕੀਤੇ ਗਏ ਸਨ।

➢ ਭਾਵੇਂ ਇਸ ਮੰਡਲ ਕੋਲ ਭੂਮੀ ਪਰਖ ਪ੍ਰਯੋਗਸ਼ਾਲਾ ਸੀ, ਪ੍ਰੰਤੂ ਮੰਡਲ ਦੀਆਂ ਬਾਰ ਬਾਰ ਬੇਨਤੀਆਂ ਦੇ ਬਾਵਜੂਦ ਡੀ ਐਸ ਅਤੇ ਡਬਲਿਯੂ ਸੀ ਵਲੋਂ ਕੋਈ ਵੀ ਬਜਟ ਉਪਬੰਧ ਨਹੀਂ ਕੀਤਾ ਗਿਆ ਸੀ। ਇਸ ਲਈ ਇਹ ਪ੍ਰਯੋਗਸ਼ਾਲਾ 2014-18 ਦੌਰਾਨ ਬੇਕਾਰ ਪਈ ਰਹੀ ਸੀ।

➢ ਰਾਜ ਦੀ ਭੂਮੀ ਦੇ ਨਕਸ਼ੇ ਤਿਆਰ ਕਰਨ ਲਈ ਮਿੱਟੀ ਦੇ ਨਮੂਨੇ ਇਕੱਠੇ ਕਰਨ ਲਈ ਮੰਡਲ ਕੋਲ ਕੋਈ ਵੀ ਗੱਡੀ ਅਤੇ ਗਲੋਬਲ ਪੁਜ਼ਿਸ਼ਨਿੰਗ ਸਿਸਟਮ ਲੋਕੇਟਰ ਚਾਲੂ ਹਾਲਤ ਵਿੱਚ ਨਹੀਂ ਸੀ। ਭਾਵੇਂ ਮੰਡਲ ਨੇ ਸੀ ਸੀ ਐਸ ਨੂੰ ਜਿਓਗਰਾਕਿਫ ਇਨਫਾਰਮੇਸ਼ਨ ਸਿਸਟਮ (ਜੀ ਆਈ ਐਸ) ਸਾਫਟਵੇਅਰ/ਪਲੌਟਰ ਖਰੀਦਣ ਲਈ ਪ੍ਰਸਤਾਵ ਭੇਜ ਦਿੱਤਾ ਸੀ (ਅਗਸਤ 2018) ਪ੍ਰੰਤੂ ਨਵੰਬਰ 2020 ਤੱਕ ਇਹ ਪੈਂਡਿੰਗ ਪਿਆ ਸੀ।

ਜਦੋਂਕਿ ਵਿਭਾਗ ਨੇ ਭੂਮੀ ਦੀ ਇਨਵੈਂਟਰੀ ਬਣਾਉਣ ਦਾ ਕੰਮ ਬਾਹਰੀ ਏਜੰਸੀਆਂ ਨੂੰ ਦੇ ਕੇ ਵਿਕੇਂਦਰੀਕਰਣ ਦੀ ਸੰਭਾਵਨਾ ਦਾ ਪਤਾ ਨਹੀਂ ਲਗਾਇਆ, ਭਾਵੇਂ ਕਿ 2017-19 ਦੌਰਾਨ ਸੌਇਲ ਹੈਲਥ ਕਾਰਡ ਜਾਰੀ ਕਰਨ ਲਈ ਭੂਮੀ ਦੇ ਨਮੂਨਿਆਂ ਦੀ ਜਾਂਚ ਦਾ ਕੰਮ ਵਿਭਾਗ ਦੁਆਰਾ ਆਊਟਸੋਰਸ ਕਰ ਕੇ ਨੇਪਰੇ ਚਾੜ੍ਹਿਆ ਗਿਆ ਸੀ।

ਭੂਮੀਪਾਲ (ਸੀ ਐਸ) ਨੇ ਕਿਹਾ (ਜੁਲਾਈ 2020) ਕਿ ਅਮਲੇ ਦੀ ਕਮੀ ਅਤੇ ਇਸ ਦੇ ਨਾਲ ਨਾਲ ਫੰਡਾਂ ਦੀ ਉਪਲੱਬਧਤਾ ਨਾ ਹੋਣ ਕਰਕੇ ਬਾਕੀ ਜਿਲ੍ਹਿਆਂ ਨੂੰ ਕਵਰ ਨਹੀਂ ਕੀਤਾ ਜਾ ਸਕਿਆ ਸੀ। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਸਾਰੇ ਰਾਜ ਦੇ ਭੂਮੀ ਸਰਵੇਖਣ ਦੀ ਅਣਹੋਂਦ ਵਿੱਚ ਮਿੱਟੀਆਂ ਦੀ ਨਿਪੁੰਨਤਾ ਨਾਲ ਵਰਤੋਂ ਕਰਨ ਲਈ ਹੋਰ ਵਿਭਾਗਾਂ ਨੂੰ ਸਲਾਹ ਦੇਣ ਦਾ ਕਰਤੱਵ ਪੂਰਾ ਨਹੀਂ ਹੋ ਸਕਿਆ।

### *2.1.6.2 ਖੇਤੀਬਾੜੀ ਨੀਤੀ ਨਾ ਬਣਾਉਣਾ*

ਰਾਜ ਨੇ ਖੇਤੀਬਾੜੀ ਨੀਤੀ ਬਣਾਉਣ ਦੇ ਵਿਚਾਰ ਨਾਲ ਇੱਕ ਕਮੇਟੀ ਦਾ ਗਠਨ ਕੀਤਾ (ਅਪ੍ਰੈਲ 2012) ਜਿਸਨੇ ਤਿੰਨ ਮਹੀਨਿਆ ਦੇ ਅੰਦਰ ਆਪਣੀ ਰਿਪੋਰਟ ਪੇਸ਼ ਕਰਨੀ ਸੀ। ਕਮੇਟੀ ਨੇ ਮਾਰਚ 2013 ਵਿੱਚ ਰਾਜ ਸਰਕਾਰ ਦੀ ਖੇਤੀਬਾੜੀ ਨੀਤੀ ਦਾ ਖਰੜਾ ਪੇਸ਼ ਕੀਤਾ। ਖੇਤੀਬਾੜੀ ਨੀਤੀ ਦੇ ਇਸ ਖਰੜੇ ਦੀਆਂ ਮੁੱਖ ਵਿਸ਼ੇਸ਼ਤਾਵਾਂ ਇਹ ਸਨ;

- ➢ ਮੌਜੂਦਾ ਫਸਲ ਪੱਧਤੀ ਦੀ ਸਸਟੇਨੇਬਿਲਟੀ ਅਤੇ ਖੇਤਾਂ ਤੋਂ ਕਿਸਾਨਾਂ ਦੀ ਆਮਦਨ ਵਿੱਚ ਖੜੋਤ ਦੀਆਂ ਚਿੰਤਾਵਾਂ ਦੇ ਆਪਸੀ ਗਠਜੋੜ ਦਾ ਹੱਲ ਕਰਨ ਲਈ ਹੋਰ ਤੇਜ਼ ਅਤੇ ਸਸਟੇਨੇਬਲ ਖੇਤੀਬਾੜੀ ਵਿਕਾਸ ਯਕੀਨੀ ਬਣਾਉਣਾ;
- ➢ ਫਸਲ ਰਹਿੰਦ ਖੂੰਹਦ ਨੂੰ ਸਾੜਨ ਤੋਂ ਰੋਕਣ ਲਈ ਇਸ ਦੇ ਪ੍ਰਬੰਧਨ ਲਈ ਕਨੂੰਨ ਬਣਾਉਣਾ;

[9] (i) ਹੁਸ਼ਿਆਰਪੁਰ; (ii) ਪਟਿਆਲਾ; (iii) ਰੋਪੜ; ਅਤੇ (iv) ਸੰਗਰੂਰ।

- ਧਰਤੀ ਹੇਠਲੇ ਪਾਣੀ ਦੀ ਵੱਧ ਦੁਰਵਰਤੋਂ ਨੂੰ ਘੱਟ ਕਰਨ ਵਾਸਤੇ ਝੋਨੇ ਤੋਂ ਵਿਭਿੰਨਤਾ ਵਾਸਤੇ ਕਿਸਾਨਾਂ ਨੂੰ ਬਦਲਵੀਆਂ ਫਸਲਾਂ ਲਈ ਰਾਜ ਵਲੋਂ ਪ੍ਰੋਤਸਾਹਨ ਭਾਵ ਕਿ ਪੂੰਜੀਗਤ ਸਹਾਇਤਾ, ਸਬਸਿਡੀਆਂ ਅਤੇ ਭਰੋਸੇਯੋਗ ਮੁੱਲ ਅਤੇ ਮੰਡੀਕਰਣ ਪ੍ਰਦਾਨ ਕਰਨਾ; ਅਤੇ

- ਦਾਲਾਂ ਅਤੇ ਇਸ ਦੇ ਨਾਲ ਨਾਲ ਤੇਲ ਦੇ ਬੀਜਾਂ ਲਈ ਲੋੜੀਂਦੀ ਤਕਨਾਲੋਜੀ ਮੁਹੱਈਆ ਕਰਾਉਣ ਲਈ ਖੋਜ ਗਤੀਵਿਧੀਆਂ ਨੂੰ ਮਜਬੂਤ ਕਰਨ ਦੀ ਲੋੜ ਹੈ ਤਾਂ ਜੋ ਇਹ ਵੀ ਧਾਨਾਂ ਨਾਲ ਆਰਥਿਕ ਤੌਰ ਤੇ ਮੁਕਾਬਲੇਯੋਗ ਬਣ ਸਕਣ;

ਪ੍ਰੰਤੂ ਲੇਖਾ ਪ੍ਰੀਖਿਆ ਨੇ ਵੇਖਿਆ ਕਿ ਖੇਤੀਬਾੜੀ ਨੀਤੀ ਦੇ ਖਰੜੇ ਦੀ ਅਜੇ ਤੱਕ ਪੰਜਾਬ ਸਰਕਾਰ ਤੋਂ ਪ੍ਰਵਾਨਗੀ ਮਿਲਣੀ ਅਜੇ ਬਾਕੀ ਸੀ (ਨਵੰਬਰ 2020)। ਰਾਜ ਖੇਤੀਬਾੜੀ ਨੀਤੀ ਦੇ ਨਾ ਹੋਣ ਕਾਰਣ ਕੁਦਰਤੀ ਸਾਧਨਾਂ ਦੀ ਵਰਤੋਂ ਲਈ ਕੋਈ ਰੈਗੂਲੇਟਰੀ ਕੰਟਰੋਲ ਨਹੀਂ ਸੀ।

ਡਾਇਰੈਕਟਰ ਨੇ ਕਿਹਾ (ਜੁਲਾਈ 2020) ਕਿ ਖੇਤੀਬਾੜੀ ਨੀਤੀ ਦਾ ਖਰੜਾ ਸਰਕਾਰ ਨੂੰ ਮਾਰਚ 2013 ਵਿੱਚ ਭੇਜਿਆ ਗਿਆ ਸੀ; ਜਿਸ ਦੀ ਪ੍ਰਵਾਨਗੀ ਦਾ ਅਜੇ ਇੰਤਜਾਰ ਸੀ। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਖੇਤੀਬਾੜੀ ਨੀਤੀ ਨਾ ਹੋਣ ਕਰਕੇ ਧਰਤੀ ਹੇਠਲੇ ਪਾਣੀ ਦੀ ਬਿਨਾ ਰੋਕ ਟੋਕ ਤੋਂ ਨਿਕਾਸੀ ਅਤੇ ਇਸ ਦੇ ਨਾਲ ਨਾਲ ਖਾਦਾਂ ਦੀ ਜਰੂਰਤ ਤੋਂ ਵੱਧ ਵਰਤੋਂ ਨੂੰ ਕੰਟਰੋਲ ਨਹੀਂ ਕੀਤਾ ਜਾ ਸਕਿਆ।

ਇਸ ਪ੍ਰੋਜੈਕਟ ਲਈ ਲਾਏ ਗਏ ਵਿਸ਼ਾ ਮਾਹਰ ਦਾ ਵੀ ਇਹ ਮੱਤ ਸੀ ਕਿ ਰਾਜ ਵਿੱਚ ਝੋਨੇ ਅਤੇ ਕਣਕ ਦੇ ਵੱਧ ਉਤਪਾਦਨ ਨੇ ਕੁਦਰਤੀ ਸਾਧਨਾਂ ਅਤੇ ਖੇਤੀਬਾੜੀ ਦੀ ਸਸਟੇਨੇਬਿਲਟੀ ਨੂੰ ਗੰਭੀਰ ਰੂਪ ਵਿੱਚ ਪ੍ਰਭਾਵਿਤ ਕੀਤਾ ਸੀ।

**ਸਿਫਾਰਸ਼: ਰਾਜ ਸਰਕਾਰ ਖੇਤੀਬਾੜੀ ਨੀਤੀ ਅਤੇ ਇਸ ਨੂੰ ਲਾਗੂ ਕਰਨ ਲਈ ਇੱਕ ਰੋਡ ਮੈਪ ਬਣਾ/ਪ੍ਰਵਾਨ ਕਰ ਸਕਦੀ ਹੈ।**

## 2.1.7 ਪ੍ਰੋਗਰਾਮ ਲਾਗੂਕਰਣ

### *2.1.7.1 ਫਸਲ ਵਿਭਿੰਨਤਾ ਪ੍ਰੋਗਰਾਮ*

ਭਾਰਤ ਸਰਕਾਰ ਨੇ 2013-14 ਵਿੱਚ ਝੋਨੇ ਤੋਂ ਬਦਲਵੀਆਂ ਫਸਲਾਂ ਭਾਵ ਮੱਕੀ, ਹਾੜ੍ਹੀ ਦੀਆਂ ਦਾਲਾਂ (ਅਰਹਰ, ਮੂੰਗ ਬੀਨ, ਉੜਦ ਬੀਨ, ਕਲੱਸਟਰ ਬੀਨ), ਤੇਲ ਬੀਜਾਂ (ਸੋਇਆ ਬੀਨ ਅਤੇ ਤਿਲ), ਆਦਿ ਵੱਲ ਖੇਤਰ ਦੀ ਵਿਭਿੰਨਤਾ ਲਈ ਫਸਲ ਵਿਭਿੰਨਤਾ ਪ੍ਰੋਗਰਾਮ (ਸੀ ਡੀ ਪੀ) ਸ਼ੁਰੂ ਕੀਤਾ। ਇਸ ਦੀ ਲੋੜ ਝੋਨੇ ਵਰਗੀਆਂ ਪਾਣੀ ਪ੍ਰਧਾਨ ਫਸਲਾਂ ਦੀ ਲਗਾਤਾਰ ਖੇਤੀ ਅਤੇ ਬਾਰ ਬਾਰ ਹੜ੍ਹਨੁਮਾ ਸਿੰਜਾਈ ਕਰਕੇ ਪੈਦਾ ਹੋਈ, ਜਿਸ ਦੇ ਨਤੀਜੇ ਵਜੋਂ ਰਾਜ ਵਿੱਚ ਧਰਤੀ ਹੇਠਲੇ ਪਾਣੀ ਦੀ ਘਾਟ ਹੋਈ ਅਤੇ ਇਸ ਤੋਂ ਇਲਾਵਾ ਧਾਨ ਅਤੇ ਕਣਕ ਦੀ ਫਸਲ ਪੱਧਤੀ ਦੀ ਲਗਾਤਾਰ ਖੇਤੀ ਹੋਣ ਕਰਕੇ ਫਸਲਾਂ ਦੇ ਝਾੜ ਵਿੱਚ ਖੜੋਤ ਵੇਖੀ ਗਈ।

ਇਸ ਸਕੀਮ ਦਾ ਮੁੱਖ ਉਦੇਸ਼ ਖੇਤੀ ਆਮਦਨ ਨੂੰ ਵਧਾਉਣ ਲਈ ਭੂਮੀ ਦੀ ਉਤਪਾਦਕਾ ਦਾ ਸੁਧਾਰ ਕਰਨਾ, ਐਗਰੋ-ਈਕੋ ਸਿਸਟਮ ਦੇ ਗਤੀਸ਼ੀਲ ਸੰਤੁਲਨ ਨੂੰ ਕਾਇਮ ਰੱਖਣਾ, ਧਰਤੀ ਹੇਠਲੇ ਪਾਣੀ ਦੇ ਘਟਣ ਨੂੰ ਰੋਕਣਾ ਅਤੇ ਸਸਟੇਨੇਬਲ ਖੇਤੀਬਾੜੀ ਲਈ ਤਕਨੀਕੀ ਕਾਢਾਂ ਨੂੰ ਉਤਸ਼ਾਹਿਤ ਕਰਨਾ ਸੀ।

ਇਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਕਿਸਾਨਾਂ ਨੂੰ ਇਸ ਸਕੀਮ ਅਧੀਨ ਵੱਖ-ਵੱਖ ਪ੍ਰੋਤਸਾਹਨ ਦਿੱਤੇ ਜਾਣੇ ਸਨ ਜਿਵੇਂ ਕਿ:

- ਕਿਸਾਨਾਂ ਨੂੰ ਜਮੀਨ ਦੇ ਵਿਕਾਸ ਖਰਚਿਆਂ ਲਈ ਨਕਦ ਸਹਾਇਤਾ ਅਤੇ ਮੰਡੀਕਰਣ ਸਹਾਇਤਾ;
- ਬਦਲਵੀਆਂ ਫਸਲਾਂ ਅਪਣਾਉਣ ਲਈ ਕਲੱਸਟਰ ਪ੍ਰਦਸ਼ਨੀਆਂ ਦਾ ਪ੍ਰਬੰਧ ਕਰਨਾ ਅਤੇ ਸਬਸਿਡੀ/ਸਬਸਿਡੀ ਯੁੱਕਤ ਇਨਪੁੱਟਸ ਜਿਵੇਂ ਕਿ ਬੀਜ, ਪੈਸਟੀਸਾਈਡਜ਼, ਕੀੜੇਮਾਰ ਦਵਾਈਆਂ ਆਦਿ ਮੁਹੱਈਆਂ ਕਰਵਾਉਣਾ; ਅਤੇ
- ਫਸਲ ਵਿਸ਼ੇਸ਼ ਫਾਰਮ ਮਸ਼ੀਨਰੀ ਆਦਿ ਖ੍ਰੀਦਣ ਲਈ ਸਹਾਇਤਾ ਦੇਣਾ।

ਜਦੋਂਕਿ, ਲੇਖਾ ਪ੍ਰੀਖਿਆ ਨੇ ਯੋਜਨਾਬੰਦੀ, ਵਿੱਤੀ ਪ੍ਰਬੰਧਨ ਅਤੇ ਸਕੀਮ ਦੇ ਲਾਗੂਕਰਣ ਵਿੱਚ ਕਈ ਕਮੀਆਂ ਵੇਖੀਆਂ, ਜਿਨ੍ਹਾਂ ਦੀ ਚਰਚਾ ਅਗਲੇ ਪੈਰ੍ਹਿਆਂ ਵਿੱਚ ਕੀਤੀ ਗਈ ਹੈ।

### *(i) ਰਾਜ ਪੱਧਰੀ ਕਮੇਟੀ ਅਤੇ ਪ੍ਰੋਗਰਾਮ ਪ੍ਰਬੰਧਨ ਗਰੁੱਪਾਂ ਦਾ ਗਠਨ ਨਾ ਕਰਨਾ*

ਸੀ ਡੀ ਪੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਵਿਸ਼ੇਸ਼ ਪ੍ਰੋਗਰਾਮ ਦੀ ਮੰਜ਼ੂਰੀ ਲੈਣ, ਪ੍ਰੋਗਰਾਮ ਨੂੰ ਲਾਗੂ ਕਰਨ ਅਤੇ ਮਾਨੀਟਰਿੰਗ ਕਰਨ ਲਈ ਇੱਕ ਰਾਜ ਪੱਧਰੀ ਕਮੇਟੀ (ਐਸ ਐਲ ਸੀ) ਦਾ ਗਠਨ ਕੀਤਾ ਜਾਣਾ ਸੀ। ਝੋਨੇ ਤੋਂ ਬਦਲਵੀਆਂ ਫਸਲਾਂ ਦੀਆਂ ਕਲੱਸਟਰ ਪ੍ਰਦਰਸ਼ਨੀਆਂ[10] ਲਈ ਲਾਭਪਾਤਰੀਆਂ ਦੀ ਪਛਾਣ ਕਰਨ ਅਤੇ ਖੇਤਰੀ ਪੱਧਰ ਉੱਤੇ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਦੂਜੇ ਸਟੇਕਹੋਲਡਰਾਂ ਨਾਲ ਤਾਲ-ਮੇਲ ਕਰਨ ਲਈ, ਜਿਲ੍ਹਾ ਪੱਧਰ ਤੇ, ਇੱਕ ਪ੍ਰੋਗਰਾਮ ਪ੍ਰਬੰਧਨ ਗਰੁੱਪ[11] (ਪੀ ਐਮ ਜੀ) ਦਾ ਗਠਨ ਕੀਤਾ ਜਾਣਾ ਸੀ ਅਤੇ ਕਲੱਸਟਰ ਪ੍ਰਦਰਸ਼ਨੀਆਂ ਦਾ ਪ੍ਰਬੰਧ ਕਰਨ ਲਈ ਇੱਕ ਅਗਾਂਹ ਵਧੂ ਕਿਸਾਨ ਨੂੰ ਗਰੁੱਪ ਲੀਡਰ ਵਜੋਂ ਨਾਮਜ਼ਦ ਕੀਤਾ ਜਾਣਾ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਰਾਜ ਵਿੱਚ ਐਸ ਐਲ ਸੀ ਦਾ ਗਠਨ ਨਹੀਂ ਕੀਤਾ ਗਿਆ ਸੀ। ਨਮੂਨਾ ਜਾਂਚ ਕੀਤੇ ਸੱਤ ਜਿਲ੍ਹਿਆਂ ਵਿੱਚੋਂ ਛੇ[12] ਵਿੱਚ ਪੀ ਐਮ ਜੀਜ਼ ਦਾ ਗਠਨ ਨਹੀਂ ਕੀਤਾ ਗਿਆ ਸੀ ਜਦੋਂਕਿ ਇੱਕ ਜਿਲ੍ਹਾ, ਪਟਿਆਲਾ ਵਿੱਚ ਭਾਵੇਂ ਪੀ ਐਮ ਜੀ ਦਾ ਗਠਨ ਕੀਤਾ ਗਿਆ ਸੀ, ਪ੍ਰੰਤੂ ਲਾਭਪਾਤਰੀਆਂ ਦੀ ਪਛਾਣ ਕਰਨ ਲਈ ਕੋਈ ਮੀਟਿੰਗ ਨਹੀਂ ਕੀਤੀ ਗਈ ਸੀ। ਇੰਜ, ਪੀ ਐਮ ਜੀਜ਼ ਨਾ ਬਣਾਏ ਜਾਣ ਕਾਰਣ ਨਾ ਤਾਂ ਸਕੀਮ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਲਾਭਪਾਤਰੀਆਂ ਦੀ ਪਛਾਣ ਕੀਤੀ ਗਈ ਅਤੇ ਨਾ ਹੀ ਕਿਸੇ ਅਗਾਂਹਵਧੂ ਕਿਸਾਨ ਨੂੰ ਗਰੁੱਪ ਲੀਡਰ ਵਜੋਂ ਨਾਮਜ਼ਦ ਕਰਕੇ ਕਲੱਸਟਰ ਬਣਾਏ ਗਏ ਸਨ। ਨਤੀਜੇ ਵਜੋਂ, ਝੋਨੇ ਤੋਂ ਬਦਲਵੀਆਂ ਫਸਲਾਂ ਵੱਲ ਵਿਭਿੰਨਤਾ ਕਰਨ ਦਾ ਸਕੀਮ ਦਾ ਉਦੇਸ਼ ਪ੍ਰਾਪਤ ਨਹੀਂ ਹੋ ਸਕਿਆ।

ਡਾਇਰੈਕਟਰ, ਡੀ ਏ ਅਤੇ ਐਫ ਡਬਲਿਯੂ ਨੇ ਕਿਹਾ (ਜੁਲਾਈ 2020) ਕਿ ਸਕੀਮ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜਿਲ੍ਹਾ ਪੱਧਰ ਤੇ ਪੀ ਐਮ ਜੀਜ਼ ਦਾ ਗਠਨ ਕਰ ਲਿਆ ਜਾਵੇਗਾ।

---

10 ਕਲੱਸਟਰ ਪ੍ਰਦਰਸ਼ਨ ਇਕਾਈ (1 ਇਕਾਈ = 10 ਹੈਕਟੇਅਰ)।

11 ਵਧੀਕ ਕੁਲੈਕਟਰ ਦੀ ਪ੍ਰਧਾਨਗੀ ਹੇਠ ਅਤੇ ਸੱਕਤਰ ਵਜੋਂ ਜਿਲ੍ਹਾ ਖੇਤੀਬਾੜੀ ਅਧਿਕਾਰੀ (ਡੀ ਏ ਓ) ਅਤੇ ਜੰਗਲਾਤ ਵਿਭਾਗ, ਫੂਡ ਪ੍ਰੋਸੈਸਿੰਗ ਵਿਭਾਗ, ਰਾਜ ਖੇਤੀਬਾੜੀ ਯੂਨੀਵਰਸਿਟੀ ਅਤੇ ਕੇ ਵੀ ਕੇ (ਫਸਲ ਦਾ ਉਤਪਾਦਨ) ਦਾ ਨੁਮਾਇੰਦਾ।

12 (i) ਅੰਮ੍ਰਿਤਸਰ; (ii) ਬਠਿੰਡਾ, (iii) ਹੁਸ਼ਿਆਰਪੁਰ; (iv) ਸੰਗਰੂਰ; (v) ਐਸ ਏ ਐਸ ਨਗਰ; ਅਤੇ (vi) ਸ੍ਰੀ ਮੁਕਤਸਰ ਸਾਹਿਬ।

ਲਾਭਪਾਤਰੀਆਂ ਦੀ ਚੋਣ ਦੇ ਸਬੰਧ ਵਿੱਚ ਇਹ ਕਿਹਾ ਗਿਆ ਸੀ ਕਿ ਉਨ੍ਹਾਂ ਦੀ ਚੋਣ ਕਿਸਾਨਾਂ ਵੱਲੋਂ ਦਿੱਤੇ ਬਿਨੈ-ਪੱਤਰ ਦੇ ਅਧਾਰ ਤੇ ਕੀਤੀ ਗਈ ਸੀ। ਤੱਥ ਇਹ ਹੈ ਕਿ ਐਸ ਐਲ ਸੀ ਅਤੇ ਪੀ ਐਮ ਜੀਜ਼ ਦਾ ਗਠਨ ਨਾ ਕਰਨ ਅਤੇ ਸਕੀਮ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਲਸੱਟਰ ਪ੍ਰਦਰਸ਼ਨੀਆਂ ਲਈ ਲਾਭਪਾਤਰੀਆਂ ਦੀ ਪਛਾਣ ਨਾ ਕੀਤੇ ਜਾਣ ਕਰਕੇ ਯੋਗ ਲਾਭਪਾਤਰੀਆਂ ਨੂੰ ਲਾਭ ਨਹੀਂ ਪਹੁੰਚਾਏ ਜਾ ਸਕੇ, ਜੋ ਕਿ ਸਕੀਮ ਨੂੰ ਅਸਰਦਾਰ ਤਰੀਕੇ ਨਾਲ ਲਾਗੂ ਕਰਨ ਲਈ ਵਿਭਾਗ ਦੀ ਦੂਰ ਦ੍ਰਿਸ਼ਟੀ ਦੀ ਕਮੀ ਅਤੇ ਗੰਭੀਰ ਨਾ ਹੋਣ ਨੂੰ ਦਰਸਾਉਂਦਾ ਹੈ।

### *(ii) ਸੁਰੱਖਿਅਤ ਬਲਾਕਾਂ ਦੀ ਅਨਿਯਮਿਤ ਕਵਰੇਜ ਅਤੇ ਇਸ ਦੇ ਮਾੜੇ ਨਤੀਜੇ*

ਸੀ ਡੀ ਪੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਹ ਪ੍ਰੋਗਰਾਮ ਹਰ ਇੱਕ ਰਾਜ ਦੇ ਪ੍ਰਮੁੱਖ ਝੋਨਾ ਪੈਦਾ ਕਰਨ ਵਾਲੇ ਜਿਲ੍ਹਿਆਂ ਵਿੱਚ ਕੇਂਦਰੀ ਭੂਮੀਗਤ ਜਲ ਬੋਰਡ ਦੀ ਸਿਫਾਰਸ਼ ਦੇ ਅਧਾਰ ਤੇ ਵੱਧ ਦੁਰਉਪਯੋਗ ਹੋਏ ਅਤੇ ਨਾਜ਼ੁਕ ਨੋਟੀਫਾਈਡ ਕੀਤੇ ਗਏ ਬਲਾਕਾਂ ਵਿੱਚ ਲਾਗੂ ਕਰਨਾ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਰਾਜ ਵਿੱਚ 38.04 ਲੱਖ ਹੈਕਟੇਅਰ ਖੇਤਰ ਕਵਰ ਕਰਦੀਆਂ ਵੱਧ ਦੁਰਉਪਯੋਗ ਹੋ ਰਹੀਆਂ 79 *ਪ੍ਰਤੀਸ਼ਤ* ਬਲਾਕਾਂ ਦੇ ਬਾਵਜੂਦ ਡੀ ਏ ਅਤੇ ਐਫ ਡਬਲਿਊ ਨੇ ਚਾਰ[13] (ਸੱਤ ਵਿੱਚੋਂ) ਚੁਣੇ ਗਏ ਜਿਲ੍ਹਿਆਂ ਦੇ 14 ਸੁਰੱਖਿਅਤ ਬਲਾਕਾਂ[14] ਵਿੱਚ ਵੱਖ ਵੱਖ ਕੰਪੋਨੈਂਟਾਂ ਭਾਵ ਵਿਅਕਤੀਗਤ ਕਿਸਾਨਾਂ ਨੂੰ ਸਬਸਿਡੀ/ਸਬਬਿਡੀ ਯੁੱਕਤ ਬੀਜ, ਕੀੜੇ ਮਾਰ ਦਵਾਈਆਂ, ਪੈਸਟੀਸ਼ਾਈਡਜ਼ ਵਰਗੇ ਇਨਪੁੱਟ, ਖੇਤੀ ਮਸ਼ੀਨੀਕਰਣ, ਸਾਈਟ ਵਿਸ਼ੇਸ਼ ਗਤੀਵਿਧੀਆਂ, ਜਾਗਰੂਕਤਾ ਸਿਖਲਾਈ ਆਦਿ ਮੁਹੱਈਆ ਕਰਵਾਉਣ ਉੱਤੇ ₹ 25.22 ਕਰੋੜ ਖਰਚ ਕੀਤਾ ਗਿਆ। ਪ੍ਰੰਤੂ ਕੋਈ ਵਿਭਿੰਨਤਾ ਨਹੀਂ ਹੋਈ ਅਤੇ 2014-19 ਦੌਰਾਨ ਝੋਨੇ ਅਧੀਨ ਖੇਤਰ 3,54,000 ਹੈਕਟੇਅਰ ਤੋਂ ਵਧ ਕੇ 4,52,000 ਹੈਕਟੇਅਰ ਹੋ ਗਿਆ। ਇਸ ਤੋਂ ਇਲਾਵਾ, ਭੂਮੀਗਤ ਜਲ ਸ੍ਰੋਤ ਦੀ 2017 ਦੀ ਰਿਪੋਰਟ ਅਨੁਸਾਰ, ਇਨ੍ਹਾਂ ਵਿੱਚੋਂ ਦੋ[15] ਬਲਾਕਾਂ ਨੂੰ ਸੁਰੱਖਿਅਤ ਤੋਂ ਅਰਧ-ਨਾਜ਼ੁਕ ਵਜੋਂ ਡੀਗ੍ਰੇਡ ਕਰ ਦਿੱਤਾ ਗਿਆ ਸੀ। ਇਹ ਦਰਸਾਉਂਦਾ ਹੈ ਕਿ ਵਿਭਾਗ ਕੋਲ ਸਕੀਮ ਨੂੰ ਲਾਗੂ ਕਰਨ ਲਈ ਲੋੜੀਂਦੀ ਯੋਜਨਾਬੰਦੀ ਅਤੇ ਦੂਰਦ੍ਰਿਸ਼ਟੀ ਦੀ ਘਾਟ ਸੀ।

ਡਾਇਰੈਕਟਰ ਨੇ ਕਿਹਾ (ਜੁਲਾਈ 2020) ਕਿ ਸੁਰੱਖਿਅਤ ਬਲਾਕਾਂ ਉੱਤੇ ਖਰਚਾ ਸਾਰੇ ਜ਼ਿਲ੍ਹਿਆਂ ਵਿੱਚ ਸਕੀਮ ਨੂੰ ਇੱਕ ਸਮਾਨ ਲਾਗੂ ਕਰਨ ਲਈ ਕੀਤਾ ਗਿਆ ਸੀ। ਉੱਤਰ ਮੰਨਣਯੋਗ ਨਹੀਂ ਸੀ ਕਿਉਂਜੋ ਸੁਰੱਖਿਅਤ ਬਲਾਕਾਂ ਉੱਤੇ ਧਨ ਦੀ ਵੱਡੀ ਰਾਸ਼ੀ ਖਰਚਣ ਦੇ ਬਾਵਜੂਦ ਵਿਭਾਗ ਧਰਤੀ ਹੇਠਲੇ ਪਾਣੀ ਦੇ ਘਟਣ ਦੀ ਸਮੱਸਿਆ ਨੂੰ ਹੱਲ ਕਰਨ ਦੇ ਯੋਗ ਨਹੀ ਸੀ। ਨਤੀਜੇ ਵਜੋਂ, ਚਾਰ ਚੁਣੇ ਹੋਏ ਜਿਲ੍ਹਿਆਂ ਵਿੱਚ ਧਰਤੀ ਹੇਠਲੇ ਪਾਣੀ ਨੂੰ ਕੱਢਣ ਦਾ ਪੜਾਅ 5.38 *ਪ੍ਰਤੀਸ਼ਤ* ਅਤੇ 21.43 *ਪ੍ਰਤੀਸ਼ਤ* ਵਿਚਕਾਰ ਵੱਧ ਹੋ ਗਿਆ।

---

13 (i) ਬਠਿੰਡਾ; (ii) ਹੁਸ਼ਿਆਰਪੁਰ; (iii) ਐਸ ਏ ਐਸ ਨਗਰ; ਅਤੇ (iv) ਸ਼੍ਰੀ ਮੁਕਤਸਰ ਸਾਹਿਬ।

14

| ਧਰਤੀ ਹੇਠਲੇ ਪਾਣੀ ਦੀ ਨਿਕਾਸੀ ਦਾ ਪੜਾਅ | ਸ਼੍ਰੇਣੀ |
|---|---|
| ≤70% | ਸੁਰੱਖਿਅਤ |
| >70% ਅਤੇ <90% | ਅਰਧ ਗੰਭੀਰ |
| >90% ਅਤੇ <100% | ਗੰਭੀਰ |
| >100% | ਵੱਧ-ਦੁਰਉਪਯੋਗ |

15 (i) ਨਥਾਣਾ; ਅਤੇ (ii) ਤਲਵਾੜਾ।

### *(iii) ਕਿਸਾਨਾਂ ਨੂੰ ਨਕਦ ਸਹਾਇਤਾ ਦੇਣ ਲਈ ਬਜਟ ਦਾ ਉਪਬੰਧ ਨਾ ਕਰਨਾ*

ਸੀ ਡੀ ਪੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਝੋਨੇ ਤੋਂ ਬਦਲਵੀਆਂ ਫਸਲਾਂ ਵੱਲ ਖੇਤਰ ਦੇ ਬਦਲਾਅ ਕਾਰਣ ਹੋਏ ਨੁਕਸਾਨ ਲਈ ਮੱਦਦ ਵਾਸਤੇ ਕਿਸਾਨਾਂ ਨੂੰ ਜਮੀਨ ਦੇ ਵਿਕਾਸ ਲਈ ਪ੍ਰਤੀ ਹੈਕਟੇਅਰ (ਹੈਕਟੇਅਰ) ₹ 2,500 ਅਤੇ ਮੰਡੀਕਰਣ ਵਿੱਚ ਸਹਾਇਤਾ ਲਈ ਪ੍ਰਤੀ ਹੈਕਟੇਅਰ ₹ 2,500 ਦੀ ਨਕਦ ਸਹਾਇਤਾ ਦਿੱਤੀ ਜਾਣੀ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਸੱਤ ਚੁਣੇ ਗਏ ਜਿਲ੍ਹਿਆਂ ਵਿੱਚ ਕਿਸਾਨਾਂ ਲਈ ਭੂਮੀ ਵਿਕਾਸ ਚਾਰਜਿਜ਼ ਅਤੇ ਮਾਰਕੀਟਿੰਗ ਸਹਾਇਤਾ ਲਈ ਨਕਦ ਮੱਦਦ ਨਹੀਂ ਦਿੱਤੀ ਗਈ ਸੀ, ਕਿਉਂਜੋ ਇਸ ਮੰਤਵ ਲਈ ਕੋਈ ਬਜਟ ਉਪਬੰਧ ਨਹੀਂ ਰੱਖਿਆ ਗਿਆ ਸੀ, ਜਿਸ ਕਰਕੇ ਕਿਸਾਨਾਂ ਨੂੰ ਝੋਨੇ ਤੋਂ ਬਦਲਵੀਆਂ ਫਸਲਾਂ ਵੱਲ ਵਿਭਿੰਨਤਾ ਲਈ ਕੋਈ ਪ੍ਰੇਰਣਾ ਨਹੀਂ ਦਿੱਤੀ ਗਈ ਸੀ।

ਡਾਇਰੈਕਟਰ ਨੇ ਕਿਹਾ (ਜੁਲਾਈ 2020) ਕਿ ਬਜਟ ਉਪਬੰਧ ਇਸ ਉਮੀਦ ਨਾਲ ਨਹੀਂ ਰੱਖਿਆ ਗਿਆ ਸੀ ਕਿ ਚਾਰਜਿਜ਼ ਫਸਲ ਦੀ ਵਿਭਿੰਨਤਾ ਮਗਰੋਂ ਅਦਾ ਕੀਤੇ ਜਾਣਗੇ। ਕਿਉਂਜੋ ਕਿਸੇ ਕਿਸਾਨ ਨੇ ਵਿਭਾਗ ਕੋਲ ਪਹੁੰਚ ਨਹੀਂ ਕੀਤੀ ਇਸ ਲਈ ਉਨ੍ਹਾਂ ਨੂੰ ਕੋਈ ਸਹਾਇਤਾ ਨਹੀਂ ਦਿੱਤੀ ਗਈ ਸੀ। ਵਿਭਾਗ ਨੇ ਯਕੀਨ ਦਿਵਾਇਆ ਕਿ ਇਸ ਮੰਤਵ ਲਈ ਭਵਿੱਖ ਵਿੱਚ ਬਜਟ ਉਪਬੰਧ ਕਰ ਲਿਆ ਜਾਵੇਗਾ। ਜਦੋਂਕਿ ਤੱਥ ਇਹ ਹੈ ਕਿ ਕਿਸਾਨਾਂ ਨੂੰ ਫਸਲ ਵਿਭਿੰਨਤਾ ਲਈ ਪ੍ਰੇਰਨਾ ਦੇਣ ਅਤੇ ਯੋਗ ਲਾਭਪਾਤਰੀਆਂ ਦੀ ਪਛਾਣ ਕਰਨ ਦੀ ਅਗਾਊਂ ਯੋਜਨਾਬੰਦੀ ਦੇ ਨਾ ਹੋਣ ਕਾਰਣ ਵਿਭਾਗ ਨੇ ਕਿਸਾਨਾਂ ਨੂੰ ਵਿੱਤੀ ਸਹਾਇਤਾ ਦੇਣ ਲਈ ਬਜਟ ਦੀ ਲੋੜ ਨਿਰਧਾਰਤ ਨਹੀਂ ਕੀਤੀ ਸੀ।

### *(iv) ਬਜਟ ਅਲਾਟਮੈਂਟ ਅਤੇ ਖਰਚਾ*

ਸੀ ਡੀ ਪੀ ਦੇ ਦਿਸ਼ਾ-ਨਿਰਦੇਸ਼ ਵਿਵਸਥਾ ਕਰਦੇ ਹਨ ਕਿ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ (ਆਰ ਕੇ ਵੀ ਵਾਈ) ਦੀ ਪੱਧਤੀ ਅਨੁਸਾਰ ਫੰਡ ਜਾਰੀ ਕੀਤੇ ਜਾਣੇ ਹਨ। ਆਰ ਕੇ ਵੀ ਵਾਈ ਦਾ ਪੈਰ੍ਹਾ 10.3 ਤੈਅ ਕਰਦਾ ਹੈ ਕਿ ਰਾਜ ਸਰਕਾਰ ਦੁਆਰਾ ਦੂਜੀ ਕਿਸ਼ਤ ਜਾਰੀ ਕਰਵਾਉਣ ਲਈ, ਪਿਛਲੇ ਵਿੱਤੀ ਸਾਲ ਤਕ ਜਾਰੀ ਕੀਤੇ ਗਏ 100 *ਪ੍ਰਤੀਸ਼ਤ* ਫੰਡ, ਮੌਜੂਦਾ ਸਾਲ ਦੌਰਾਨ ਜਾਰੀ ਕੀਤੇ ਗਏ 60 *ਪ੍ਰਤੀਸ਼ਤ* ਫੰਡ ਖਰਚ ਕਰਨਾ ਅਤੇ ਭਾਰਤ ਸਰਕਾਰ ਨੂੰ ਸਮੇਂ ਸਿਰ ਤਿਮਾਹੀ ਭੌਤਿਕ ਅਤੇ ਵਿੱਤੀ ਪ੍ਰਗਤੀ ਰਿਪੋਰਟ ਭੇਜਣਾ ਲੋੜੀਂਦਾ ਸੀ।2014-19 ਦੌਰਾਨ ਜਾਰੀ ਕੀਤੇ ਗਏ ਫੰਡ ਅਤੇ ਉਨ੍ਹਾਂ ਦੀ ਤੁਲਨਾ ਵਿੱਚ ਖਰਚੇ ਦੀ ਸਥਿਤੀ **ਸਾਰਣੀ** 2.1 ਵਿੱਚ ਦਿੱਤੀ ਗਈ ਸੀ ।

**ਸਾਰਣੀ 2.1: 2014-19 ਦੌਰਾਨ ਬਜਟ ਅਲਾਟਮੈਂਟ ਅਤੇ ਕੀਤਾ ਗਿਆ ਖਰਚਾ**

*(₹ ਕਰੋੜ ਵਿੱਚ)*

| ਸਾਲ | ਮਨਜ਼ੂਰਸ਼ੁਦਾ ਐਕਸ਼ਨ ਪਲਾਨ | | ਕੇਂਦਰ ਦਾ ਹਿੱਸਾ | | ਰਾਜ ਦਾ ਬਣਦਾ ਹਿੱਸਾ | ਰਾਜ ਦੁਆਰਾ ਜਾਰੀ ਕੀਤੇ ਫੰਡ | | ਕੁੱਲ ਜਾਰੀ ਕੀਤੇ ਫੰਡ | ਡੀ ਏ ਤੇ ਐਫ ਡਬਲਿਯੂ ਦੀ ਫੰਡ ਦੀ ਸਥਿਤੀ | | | | | |
|---|---|---|---|---|---|---|---|---|---|---|---|---|---|---|
| | ਕੇਂਦਰੀ ਹਿੱਸਾ | ਰਾਜ ਦਾ ਹਿੱਸਾ | ਜਾਰੀ ਕੀਤਾ | ਘੱਟ ਜਾਰੀ ਕੀਤਾ | ਬਣਦਾ ਹਿੱਸਾ | ਕੇਂਦਰੀ ਹਿੱਸਾ | ਰਾਜ ਦਾ ਹਿੱਸਾ | | ਮੁਢਲਾ ਬਕਾਇਆ | ਪ੍ਰਾਪਤ ਕੀਤੇ ਫੰਡ | ਕਮਾਇਆ ਵਿਆਜ | ਕੁੱਲ ਉਪਲੱਬਧ ਫੰਡ | ਖਰਚਾ | ਅੰਤਿਮ ਬਕਾਇਆ |
| 2014-15 | 250.00 | 0 | 155.00 | 95.00 | 0 | 125.00* | 0 | 125.00 | 26.68 | 125.00 | 0.25 | 151.93 | 123.21 | 28.72 |
| 2015-16 | 75.00 | 75.00 | 37.50 | 37.50 | 37.5 | 67.50 | 0 | 67.50 | 28.72 | 68.50# | 1.66 | 98.88 | 57.00 | 41.88 |
| 2016-17 | 77.96 | 51.97 | 6.79^ | 38.98 | 25.98 | 0 | 25.00 | 25.00@ | 41.88 | 25.00 | 1.10 | 67.98 | 46.77 | 21.21 |
| 2017-18 | 17.60 | 11.73 | 0 | 0 | 0 | 6.79 | 25.98 | 32.77$ | 21.21 | 32.77 | 0.25 | 54.23 | 14.09 | 40.14 |
| 2018-19 | 7.06 | 4.70 | 3.53 | 3.53 | 2.35 | 3.53 | 0 | 3.53 | 40.14 | 3.53 | 0.69 | 44.36 | 32.66 | 11.70 |
| **ਜੋੜ** | **427.62** | **143.40** | **202.82** | **175.01** | **65.83** | **202.82** | **50.98** | **253.8** | | **254.80** | **3.95** | | **273.73** | |

*ਸ੍ਰੋਤ : ਵਿਭਾਗੀ ਡਾਟਾ*

*ਨੋਟ: 2014-15 ਦੌਰਾਨ ਇਹ ਸਕੀਮ 100 ਪ੍ਰਤੀਸ਼ਤ ਕੇਂਦਰੀ ਪ੍ਰਾਯੋਜਿਤ ਸੀ, 2015-16 ਦੌਰਾਨ ਇਹ 50:50 ਅਤੇ 2016-19 ਦੌਰਾਨ 60 :40 ਸੀ।*

** ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ₹ 155.00 ਕਰੋੜ ਵਿੱਚੋਂ ₹ 30.00 ਕਰੋੜ ਸਾਲ ਦੌਰਾਨ ਜਾਰੀ ਨਹੀਂ ਕੀਤੇ ਗਏ ਸਨ ਪ੍ਰੰਤੂ 2015-16 ਦੌਰਾਨ ਜਾਰੀ ਕਰ ਦਿੱਤੇ ਗਏ ਸਨ।*

*# ਇਸ ਵਿੱਚ ਪ੍ਰਮੁੱਖ ਵਣਪਾਲ (ਪੀ ਸੀ ਸੀ ਐਫ) ਤੋ ਵਾਪਸ ਆਏ ₹ ਇੱਕ ਕਰੋੜ ਸ਼ਾਮਲ ਹਨ ਜਿਹੜੇ ਕਿ ਡਾਇਰੈਕਟਰ ਖੇਤੀਬਾੜੀ ਵੱਲੋਂ ਪੀ ਸੀ ਸੀ ਐਫ ਨੂੰ 2013-14 ਦੌਰਾਨ ਸਿੱਧੇ ਹੀ ਟਰਾਂਸਫਰ ਕੀਤੇ ਗਏ ਸਨ ਅਤੇ ₹ 30.00 ਕਰੋੜ 2014-15 ਨਾਲ ਸਬੰਧਤ ਸਨ।*

*@ ₹ 25.00 ਕਰੋੜ, ਰਾਜ ਦੇ ਹਿੱਸੇ ਦੇ ਸਾਲ 2015-16 ਨਾਲ ਸਬੰਧਤ ₹ 37.50 ਕਰੋੜ ਵਿਰੁੱਧ ਜਾਰੀ ਕੀਤਾ ਗਿਆ।*

*$ ₹ 32.77 ਕਰੋੜ ਵਿੱਚ ਸਾਲ 2016-17 ਨਾਲ ਸਬੰਧਤ ਭਾਰਤ ਸਰਕਾਰ ਦੇ ਹਿੱਸੇ ਦੇ ₹ 6.79 ਕਰੋੜ ਅਤੇ ਰਾਜ ਦੇ ਹਿੱਸੇ ਦੇ ₹ 25.98 ਕਰੋੜ ਸ਼ਾਮਲ ਹਨ।*

*^2015-16 ਦੇ ਅਣਵਰਤੇ ਬਕਾਏ ਦੇ ₹ 32.19 ਕਰੋੜ ਦਾ ਪਹਿਲੀ ਕਿਸ਼ਤ ਦੇ ਵਿਰੁੱਧ ਸਮਾਯੋਜਨ ਕੀਤਾ ਗਿਆ ਸੀ।*

ਉਪਰੋਕਤ ਸਾਰਣੀ ਦੇ ਵਿਸ਼ਲੇਸ਼ਣ ਨੇ ਦਰਸਾਇਆ ਕਿ 2014-19 ਦੌਰਾਨ ₹ 285.43 ਕਰੋੜ ਦੇ ਉਪਲੱਬਧ ਫੰਡਾਂ ਦੇ ਵਿਰੁੱਧ, ਮਾਰਚ 2019 ਤੱਕ ₹ 273.73 ਕਰੋੜ ਦਾ ਖਰਚਾ ਕੀਤਾ ਗਿਆ ਸੀ।

- ਸਕੀਮ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਭਾਵ ਪਿਛਲੇ ਬਕਾਏ ਦੀ ਵਰਤੋਂ ਨਾ ਕਰਨ ਕਰਕੇ, ਸਮੇਂ ਸਿਰ ਵਰਤੋਂ ਸਰਟੀਫੀਕੇਟ (ਯੂ ਸੀ) ਨਾ ਭੇਜਣ ਕਰਕੇ ₹ 224.80 ਕਰੋੜ[16] ਦੀ ਕੇਂਦਰੀ ਸਹਾਇਤਾ ਨਹੀਂ ਮਿਲ ਸਕੀ।

- ਪੰਜਾਬ ਸਰਕਾਰ ਨੇ 2014-19 ਦੌਰਾਨ ₹ 65.83 ਕਰੋੜ ਦੇ ਰਾਜ ਦੇ ਹਿੱਸੇ ਵਿੱਚੋਂ ₹ 14.85 ਕਰੋੜ ਜਾਰੀ ਨਹੀਂ ਕੀਤੇ।

ਇਸ ਤੋਂ ਇਲਾਵਾ, ਲੇਖਾ ਪ੍ਰੀਖਿਆ ਨੇ ਹੇਠ ਲਿਖੀਆ ਅਨਿਯਮਤਾਵਾਂ ਵੇਖੀਆਂ:

(ੳ) ਡੀ ਏ ਅਤੇ ਐਫ ਡਬਲਿਯੂ ਨੇ ਪੰਜਾਬ ਮੰਡੀ ਬੋਰਡ (ਪੀ ਐਮ ਬੀ) ਨੂੰ ਦੋ ਮੇਜ਼ ਡਰਾਇਰਜ਼ ਖਰੀਦਣ ਲਈ ₹ 16 ਕਰੋੜ[17] ਦੀ ਰਾਸ਼ੀ ਟਰਾਂਸਫਰ ਕੀਤੀ। ਸੋਧੀ ਗਈ ਮੰਜ਼ੂਰੀ ਵਿੱਚ, ਭਾਰਤ ਸਰਕਾਰ ਦੁਆਰਾ ਦੋ ਹੋਰ ਮੇਜ਼ ਡਰਾਇਰਜ਼ ਮੰਜ਼ੂਰ ਕੀਤੇ ਗਏ ਸਨ (ਫਰਵਰੀ 2014) ਅਤੇ ਫੰਡ ਜਾਰੀ ਕਰਨ ਤੋਂ ਪਹਿਲਾਂ ਲਾਗੂਕਰਤਾ ਏਜੰਸੀ ਕੋਲੋਂ ਆਪਰੇਸ਼ਨੇਲਾਈਜ਼ੇਸ਼ਨ ਦੇ ਵੇਰਵੇ ਅਤੇ ਵਰਤੋਂ

[16] ਦੂਜੀ ਕਿਸ਼ਤ ਜਾਰੀ ਨਾ ਹੋਣ ਕਾਰਣ ₹ 175.01 ਕਰੋੜ, ₹ 32.19 ਕਰੋੜ ਅਣਵਰਤੇ ਬਕਾਏ ਦਾ ਸਮਾਯੋਜਨ ਅਤੇ 2017-18 ਦੌਰਾਨ ₹ 17.60 ਕਰੋੜ ਦੀ ਐਲੋਕੇਸ਼ਨ ਨਾ ਕਰਨਾ।

[17] 13.11.2013 ਨੂੰ ₹ 16 ਕਰੋੜ।

ਸਰਟੀਫਿਕੇਟ (ਯੂ ਸੀਜ਼) ਨੂੰ ਯਕੀਨੀ ਬਣਾਉਣ ਦੀ ਹਦਾਇਤ ਕੀਤੀ। ਪ੍ਰੰਤੂ ਡੀ ਏ ਅਤੇ ਐਫ ਡਬਲਿਯੂ ਨੇ ਆਪਰੇਸ਼ਨੇਲਾਈਜ਼ੇਸ਼ਨ ਦੇ ਵੇਰਵੇ ਅਤੇ ਯੂ ਸੀਜ਼ ਯਕੀਨੀ ਬਣਾਏ ਜਾਣ ਤੋਂ ਬਗੈਰ ਮਈ 2014 ਵਿੱਚ ਵਧੀਕ ਮੇਜ਼ ਡਰਾਇਰਜ਼ ਲਈ ₹ 16 ਕਰੋੜ ਜਾਰੀ ਕਰ ਦਿੱਤੇ ਸਨ। ਪੀ ਐਮ ਬੀ ਦੋ ਵਧੀਕ ਮੇਜ਼ ਡਰਾਇਰਜ਼ ਦੀ ਖਰੀਦ ਕਰਨ ਤੋ ਅਸਮਰੱਥ ਰਿਹਾ ਅਤੇ ਉਸਨੇ ₹ 16 ਕਰੋੜ ਦੀ ਵੱਧ ਰਾਸ਼ੀ 14 ਅਤੇ 27 ਮਹੀਨਿਆ ਦੇ ਵਿਚਕਾਰ ਦੀ ਦੇਰੀ ਨਾਲ ਕਿਸ਼ਤਾਂ ਵਿੱਚ ਵਾਪਸ ਕਰ ਦਿੱਤੀ, ਜਿਸ ਕਰਕੇ ₹ 1.04 ਕਰੋੜ ਦੇ ਵਿਆਜ ਦਾ ਨੁਕਸਾਨ ਹੋਇਆ।

(ਅ) ਮੰਜ਼ੂਰਸ਼ੁਦਾ ਸਾਲਾਨਾ ਐਕਸ਼ਨ ਪਲਾਨ ਅਨੁਸਾਰ, ਸੰਯੁਕਤ ਡਾਇਰੈਕਟਰ, ਖੇਤੀਬਾੜੀ (ਜੇ ਡੀ ਏ) ਨੇ ਪੰਜ ਮੇਜ਼ ਡਰਾਇਰਜ਼[18] ਖਰੀਦਣ ਲਈ 50 *ਪ੍ਰਤੀਸ਼ਤ* ਅਤੇ ਪ੍ਰਤੀ ਮੇਜ਼ ਡਰਾਇਰਜ਼ ₹ ਪੰਜ ਕਰੋੜ ਤੱਕ ਦੀ ਸਬਸਿਡੀ ਵਜੋਂ ₹ 25 ਕਰੋੜ ਦੀ ਰਾਸ਼ੀ ਪੀ ਐਮ ਬੀ ਨੂੰ ਟਰਾਂਸਫਰ ਕੀਤੀ (ਅਕਤੂਬਰ 2014)। ਲੇਖਾ ਪ੍ਰੀਖਿਆ ਨੇ ਵੇਖਿਆ ਕਿ ਪੀ ਐਮ ਬੀ ਨੇ ₹ 36.84 ਕਰੋੜ ਦੇ ਪੰਜ ਮੇਜ਼ ਡਰਾਇਰਜ਼ ਖਰੀਦੇ (ਜੂਨ 2015 ਅਤੇ ਜੂਨ 2016 ਵਿਚਕਾਰ) ਜਿਸ ਲਈ, ਪੀ ਐਮ ਬੀ ਨੂੰ ₹ 18.42 ਕਰੋੜ ਦੀ ਬਣਦੀ ਸਬਸਿਡੀ ਦੇਣਯੋਗ ਸੀ। ਪਿਛਲੇ ਪੰਜ ਸਾਲਾਂ ਤੋ ਵੱਧ ਸਮੇਂ ਲਈ ₹ 6.58 ਕਰੋੜ ਦੀ ਵੱਧ ਰਾਸ਼ੀ ਪੀ ਐਮ ਬੀ ਕੋਲ ਬਲਾਕ ਹੋਈ ਪਈ ਸੀ। ਭਾਵੇਂ ਧਿਆਨ ਵਿੱਚ ਲਿਆਉਣ ਤੇ (ਅਕਤੂਬਰ 2019) ਵਿਭਾਗ ਦੁਆਰਾ ਵਾਧੂ ਰਾਸ਼ੀ ਦੀ ਵਾਪਸੀ ਲਈ ਪੀ ਐਮ ਬੀ ਨੂੰ ਕਿਹਾ ਗਿਆ ਸੀ (ਜੂਨ 2020), ਪ੍ਰੰਤੂ ਇਸ ਦੀ ਵਸੂਲੀ ਕਰਨੀ ਅਜੇ ਰਹਿੰਦੀ ਸੀ (ਨਵੰਬਰ 2020)।

(ੲ) ਸਾਲ 2014-19 ਦੌਰਾਨ, ਡਾਇਰੈਕਟਰ, ਡੀ ਏ ਅਤੇ ਐਫ ਡਬਲਿਯੂ ਨੇ ਸਮਾਚਾਰ ਪੱਤਰ ਵਿੱਚ ਸੀ ਡੀ ਪੀ ਨਾਲ ਗੈਰ-ਸਬੰਧਤ ਇਸ਼ਤਿਹਾਰ ਪ੍ਰਕਾਸ਼ਿਤ ਕਰਾਉਣ ਉੱਤੇ ₹ 0.63 ਕਰੋੜ ਦਾ ਅਨਿਯਮਤ ਖਰਚਾ ਕੀਤਾ। ਡਾਇਰੈਕਟਰ ਨੇ ਇਨ੍ਹਾਂ ਤੱਥਾਂ ਨੂੰ ਸਵੀਕਾਰਦੇ ਹੋਏ (ਜੁਲਾਈ 2020), ਇਸ ਬਿੰਦੂ ਨੂੰ ਭਵਿੱਖ ਵਿੱਚ ਪਾਲਣਾ ਕਰਨ ਲਈ ਨੋਟ ਕਰ ਲਿਆ।


### *(v) ਝੋਨੇ ਅਧੀਨ ਖ਼ੇਤਰ ਵਿੱਚ ਵਾਧਾ*

ਮਿੱਟੀ ਦੀ ਉਪਜਾਊ ਸ਼ਕਤੀ ਨੂੰ ਬਿਹਤਰ ਕਰਨ ਅਤੇ ਧਰਤੀ ਹੇਠਲੇ ਪਾਣੀ ਦੇ ਘਟਣ ਨੂੰ ਰੋਕਣ ਦੇ ਉਦੇਸ਼ ਨਾਲ 2013-14 ਦੌਰਾਨ, ਝੋਨੇ ਦੀ ਖੇਤੀ ਅਧੀਨ 1.40 ਲੱਖ ਹੈਕਟੇਅਰ ਖੇਤਰ (ਪਛਾਣ ਕੀਤੇ ਬਲਾਕਾਂ ਵਿੱਚ ਝੋਨੇ ਅਧੀਨ ਖ਼ੇਤਰ ਦਾ ਘੱਟੋ-ਘੱਟ ਪੰਜ *ਪ੍ਰਤੀਸ਼ਤ*) ਨੂੰ ਬਦਲਵੀਆਂ ਫਸਲਾਂ ਵੱਲ ਬਦਲਾਅ ਲਈ ਟੀਚਾ ਮਿੱਥਿਆ ਗਿਆ ਸੀ।

ਜਦੋਂਕਿ, ਇਹ ਧਿਆਨ ਵਿੱਚ ਆਇਆ ਕਿ 2014-15 ਤੋਂ 2018-19 ਦੌਰਾਨ ਝੋਨੇ ਦੀ ਬਿਜਾਈ ਦੇ ਖੇਤਰ ਵਿੱਚ 7.18 *ਪ੍ਰਤੀਸ਼ਤ* ਨਾਲ ਵਾਧਾ ਹੋਇਆ ਅਤੇ 2014-15 ਤੋਂ 2018-2019 ਦੌਰਾਨ ਦੂਜੀਆਂ ਫਸਲਾਂ ਅਧੀਨ ਬੀਜਿਆ ਗਿਆ ਖੇਤਰ 13.49 ਤੋਂ 38.02 *ਪ੍ਰਤੀਸ਼ਤ* ਤੱਕ ਘੱਟ ਗਿਆ ਜਿਵੇਂ ਕਿ **ਚਾਰਟ** 2.1 ਵਿੱਚ ਦਿੱਤਾ ਗਿਆ।

[18] ਮੇਜ਼ ਡਰਾਇਰ ਉਹ ਮਸ਼ੀਨ ਹੈ ਜੋ ਕਿ ਭੰਡਾਰਣ ਸਮੇ ਨੂੰ ਵੱਧ ਤੋਂ ਵੱਧ ਕਰਨ ਲਈ ਨਮੀ ਦੀ ਮਾਤਰਾ ਨੂੰ ਨਿਰਧਾਰਤ ਦਰ ਤੱਕ ਘਟਾਉਣ ਲਈ ਵਰਤੀ ਜਾਂਦੀ ਹੈ।

**ਚਾਰਟ 2.1: ਪੰਜਾਬ ਵਿੱਚ 2014-19 ਦੌਰਾਨ ਝੋਨੇ ਅਧੀਨ ਵਧ ਰਹੇ ਖੇਤਰ ਦੇ ਰੁਝਾਨ ਨੂੰ ਦਰਸਾਉਂਦਾ ਹੋਇਆ**




*ਸ੍ਰੋਤ: ਵਿਭਾਗੀ ਡਾਟਾ*

ਡੀ ਏ ਅਤੇ ਐਫ ਡਬਲਿਯੂ 2014-19 ਦੌਰਾਨ ₹ 273.73 ਕਰੋੜ ਖਰਚਣ ਦੇ ਬਾਵਜੂਦ ਝੋਨੇ ਦੇ ਖੇਤਰ ਨੂੰ ਦੂਜੀਆਂ ਫਸਲਾਂ ਵੱਲ ਬਦਲਾਅ ਦਾ ਚਿਤਵਿਆ ਉਦੇਸ਼ ਪ੍ਰਾਪਤ ਨਹੀਂ ਕਰ ਸਕਿਆ। ਸਗੋਂ ਝੋਨੇ ਅਧੀਨ ਖੇਤਰ ਵਿੱਚ ਵਾਧਾ ਹੋ ਗਿਆ ਜਿਵੇਂ ਕਿ ਪਿੱਛੇ ਚਰਚਾ ਕੀਤੀ ਗਈ ਹੈ। ਸਿੱਟੇ ਵਜੋਂ, ਵੱਧ ਦੁਰਵਰਤੋਂ ਵਾਲੇ ਬਲਾਕ 2014-17 ਦੌਰਾਨ ਕੌਮੀ ਔਸਤ 16 ਤੋਂ 17 *ਪ੍ਰਤੀਸ਼ਤ* ਦੇ ਵਿਰੁੱਧ 76 *ਪ੍ਰਤੀਸ਼ਤ* ਤੋਂ ਵਧਕੇ 79 *ਪ੍ਰਤੀਸ਼ਤ* ਹੋ ਗਏ, ਜਿਸ ਨਾਲ ਸੀ ਡੀ ਪੀ ਰਾਹੀਂ ਭੂਮੀਗਤ ਜਲ ਨੂੰ ਘਟਣ ਤੋਂ ਰੋਕਣ ਦਾ ਉਦੇਸ਼ ਅਸਫਲ ਹੋ ਗਿਆ ਸੀ। ਰਾਜ ਵਿੱਚ ਸੀ ਡੀ ਪੀ ਦੇ ਅਯੋਗ ਲਾਗੂਕਰਣ ਕਰਕੇ ਤੇਲ ਦੇ ਬੀਜਾਂ (ਹਾੜ੍ਹੀ) ਅਧੀਨ ਖੇਤਰ 8,000 ਹੈਕਟੇਅਰ ਤੋਂ ਘੱਟ ਕੇ (48 *ਪ੍ਰਤੀਸ਼ਤ*) 4,200 ਹੈਕਟੇਅਰ ਰਹਿ ਗਿਆ ਅਤੇ ਉਤਪਾਦਨ 5,700 ਟਨ ਤੋਂ ਘੱਟ ਕੇ (40 *ਪ੍ਰਤੀਸ਼ਤ*) 3,400 ਟਨ ਰਹਿ ਗਿਆ, ਜਿਸ ਕਰਕੇ ਤੇਲ ਦੇ ਬੀਜਾਂ ਦੀ ਵਧੀਕ ਅਯਾਤ/ਖਰੀਦ ਦੀ ਲੋੜ ਪਵੇਗੀ। 2014-19 ਦੌਰਾਨ ਤੇਲ ਦੇ ਬੀਜਾਂ ਦਾ ਅਯਾਤ ਅਸਲ ਵਿੱਚ 14.69 ਮਿਲੀਅਨ ਟਨ ਤੋਂ 25 *ਪ੍ਰਤੀਸ਼ਤ* ਨਾਲ ਵਧ ਕੇ 18.41 ਮਿਲੀਅਨ ਟਨ ਹੋ ਗਿਆ, ਜੋਕਿ ਮੰਗ ਅਤੇ ਉਤਪਾਦਨ ਵਿਚਕਾਰ ਵਧੇ ਹੋਏ ਪਾੜੇ ਨੂੰ ਦਰਸਾਉਂਦਾ ਹੈ।

ਵਿਸ਼ਾ ਮਾਹਰ ਦਾ ਵੀ ਮੱਤ ਸੀ ਕਿ ਭਰੋਸੇਯੋਗ ਮੰਡੀਕਰਣ, ਸਿੰਜਾਈ ਦੇ ਪਾਣੀ ਤੱਕ ਪਹੁੰਚ, ਜਿਆਦਾ ਫਸਲ ਉਤਪਾਦਕਤਾ ਅਤੇ ਵੱਡੇ ਆਰਥਿਕ ਪ੍ਰਤੀਫਲ ਝੋਨੇ ਅਧੀਨ ਖੇਤਰ ਵਿੱਚ ਵਾਧੇ ਦੇ ਕੁਝ ਮੁੱਖ ਕਾਰਣ ਹਨ। ਕਿਸਾਨਾਂ ਨੂੰ ਤੇਲ ਬੀਜਾਂ ਅਤੇ ਦਾਲਾਂ ਸਮੇਤ ਬਦਲਵੀਆਂ ਫਸਲਾਂ ਪੈਦਾ ਕਰਨ ਲਈ ਉਤਸ਼ਾਹਿਤ ਕਰਨ ਲਈ ਭਰੋਸੇਯੋਗ ਮੰਡੀ ਅਤੇ ਹੋਰ ਫਸਲਾਂ ਤੋਂ ਆਰਥਿਕ ਪ੍ਰਤੀਫਲ ਝੋਨੇ ਦੇ ਬਰਾਬਰ ਹੋਣੇ ਜਰੂਰੀ ਹੈ।

ਡਾਇਰੈਕਟਰ ਨੇ ਕਿਹਾ (ਜੁਲਾਈ 2020) ਕਿ ਵਿਭਾਗ ਦੇ ਸਾਰੇ ਉਪਰਾਲਿਆਂ ਦੇ ਬਾਵਜੂਦ ਕਿਸਾਨ ਵਿਭਿੰਨਤਾ ਵੱਲ ਜਾਣ ਤੋਂ ਝਿਜਕਦੇ ਸਨ ਕਿਉਂਜੋ ਉਨ੍ਹਾਂ ਨੇ ਬਦਲਵੀਆਂ ਫਸਲਾਂ ਨਾਲੋਂ ਝੋਨੇ ਤੋਂ ਜ਼ਿਆਦਾ ਲਾਭ ਪ੍ਰਾਪਤ ਕੀਤਾ ਸੀ। ਉੱਤਰ ਵਿੱਚ ਭਰੋਸੇਯੋਗ ਮੰਡੀ ਅਤੇ ਝੋਨੇ ਦੇ ਬਰਾਬਰ ਆਰਥਿਕ ਪ੍ਰਤੀਫਲ ਦੇ ਨਾਲ ਨਾਲ ਕਿਸਾਨਾਂ ਨੂੰ ਤੇਲ ਬੀਜਾਂ ਤੇ ਦਾਲਾਂ ਸਮੇਤ ਬਦਲਵੀਆਂ ਫਸਲਾਂ ਉਗਾਉਣ

ਲਈ ਉਤਸ਼ਾਹਿਤ ਕਰਨ ਲਈ ਰਾਜ ਸਰਕਾਰ ਵੱਲੋਂ ਕੀਤੇ ਯਤਨਾਂ ਦੇ ਨਾਕਾਫੀ ਹੋਣ ਬਾਰੇ ਵਰਣਨ ਨਹੀਂ ਕੀਤਾ ਗਿਆ ਸੀ।

### *(vi) ਸਮੂਹਿਕ ਪ੍ਰਦਰਸ਼ਨੀਆਂ ਨਾ ਲਾਉਣਾ ਅਤੇ ਕਸਟਮ ਹਾਇਰਿੰਗ ਅਧਾਰ ਤੇ ਫਾਰਮ ਮਸ਼ੀਨਰੀ ਦੀ ਵੰਡ ਨਾ ਕਰਨਾ*

**(ੳ)** ਦਿਸ਼ਾ-ਨਿਰਦੇਸ਼ਾਂ ਅਨੁਸਾਰ, ਹਰ ਜਿਲ੍ਹੇ ਵਿੱਚ ਪਛਾਣ ਕੀਤੇ ਗਏ ਲਾਭਪਾਤਰੀ ਗਰੁੱਪਾਂ ਰਾਹੀਂ ਇੱਕ ਅਗਾਂਹਵਧੂ ਕਿਸਾਨ ਨੂੰ ਨਾਮਜ਼ਦ ਕਰਕੇ ਪਛਾਣ ਕੀਤੀਆਂ ਬਦਲਵੀਆਂ ਫਸਲਾਂ ਦੀਆਂ ਇਕਾਈਆਂ[19] ਦੀਆਂ ਸਮੂਹਿਕ ਪ੍ਰਦਰਸ਼ਨੀਆਂ ਲਗਾਈਆਂ ਜਾਣਗੀਆਂ। ਇਸ ਸਕੀਮ ਅਧੀਨ ਅਤਿ ਮਹੱਤਵਪੂਰਣ ਇਨਪੁਟ ਜਿਵੇਂ ਕਿ ਬੀਜਾਂ, ਪੈਸਟੀਸਾਈਡਜ਼ ਅਤੇ ਕੀੜੇ ਮਾਰ ਦਵਾਈਆਂ ਤੇ ₹ 5,000 ਪ੍ਰਤੀ ਹੈਕ ਦੀ ਦਰ ਨਾਲ ਸਬਸਿਡੀ ਦਿੱਤੀ ਜਾਣੀ ਸੀ।

ਲੇਖਾ ਪ੍ਰੀਖਿਆ ਨੇ ਚੁਣੇ ਹੋਏ ਜਿਲ੍ਹਿਆਂ ਵਿੱਚ ਦੇਖਿਆ ਕਿ ਨਾ ਤਾਂ ਪ੍ਰਦਰਸ਼ਨੀ ਲਈ ਸਮੂਹ ਬਣਾਏ ਗਏ ਸਨ ਅਤੇ ਨਾਂ ਹੀ ਅਗਾਹ ਵਧੂ ਕਿਸਾਨਾਂ ਨੂੰ ਗਰੁੱਪ ਲੀਡਰ ਵਜੋਂ ਨਾਮਜ਼ਦ ਕੀਤਾ ਗਿਆ ਸੀ। ਅੱਗੇ, 2014-19 ਦੌਰਾਨ ਧਾਨਾਂ ਤੋਂ ਬਦਲਵੀਆਂ ਫਸਲਾਂ ਵੱਲ ਬਦਲਾਅ ਨੂੰ ਯਕੀਨੀ ਬਣਾਏ ਬਗੈਰ ਬਦਲਵੀਆਂ ਫਸਲਾਂ ਦੇ ਬੀਜਾਂ ਉੱਤੇ ਕਿਸਾਨਾਂ ਨੂੰ ਵਿਅਕਤੀਗਤ ਤੌਰ ਤੇ ਸਬਸਿਡੀ ਵੰਡੀ ਗਈ ਸੀ। ਚੁਣੇ ਹੋਏ ਜਿਲ੍ਹਿਆਂ ਵਿੱਚ ਵਿਅਕਤੀਗਤ ਕਿਸਾਨਾਂ ਨੂੰ ਸਬਸਿਡੀ/ਸਬਸਿਡੀ ਯੁੱਕਤ ਇਨਪੁਟ ਜਿਵੇਂ ਕਿ ਬੀਜ, ਕੀੜੇ ਮਾਰ ਦਵਾਈਆਂ, ਪੈਸਟੀਸਾਈਡਜ਼ ਆਦਿ ਮੁਹੱਈਆਂ ਕਰਵਾਉਣ ਉੱਤੇ ₹ 25.33 ਕਰੋੜ ਦਾ ਖਰਚਾ ਕੀਤਾ ਗਿਆ ਸੀ।

ਚਾਰ ਜਿਲ੍ਹਿਆਂ[20] ਵਿੱਚ ਫਸਲਾਂ ਬੀਜਣ ਨਾਲ ਸਬੰਧਤ ਲਾਭਪਾਤਰੀਆਂ ਦੇ ਰਿਕਾਰਡਾਂ ਦੀ ਰੈਵੀਨਿਊ ਰਿਕਾਰਡ ਨਾਲ ਕਰਾਸ ਚੈਕਿੰਗ ਕਰਦੇ ਹੋਏ ਇਹ ਵੇਖਿਆ ਗਿਆ ਸੀ ਕਿ 60 ਵਿੱਚੋਂ ਕੇਵਲ 29 ਕਿਸਾਨਾਂ ਨੇ ਬਦਲਵੀਆਂ ਫਸਲਾਂ, ਜਿਨ੍ਹਾਂ ਵਾਸਤੇ ਬੀਜਾਂ ਉੱਤੇ ਸਬਸਿਡੀ ਪ੍ਰਦਾਨ ਕੀਤੀ ਗਈ ਸੀ, ਜਦੋਂਕਿ 31 ਕਿਸਾਨਾਂ ਨੇ ਸਬਸਿਡੀ ਲੈਣ ਦੇ ਬਾਵਜੂਦ ਬਦਲਵੀਆਂ ਫਸਲਾਂ ਦੀ ਖੇਤੀ ਨਹੀਂ ਕੀਤੀ ਸੀ। ਬਾਕੀ ਰਹਿੰਦੇ ਤਿੰਨ ਜਿਲ੍ਹਿਆਂ ਲਈ ਡਾਟਾ ਪ੍ਰਾਪਤ[21] ਨਹੀਂ ਕੀਤਾ ਗਿਆ ਸੀ (ਨਵੰਬਰ 2020)। ਪੀ ਐਮ ਜੀਜ਼ ਦੀ ਅਣਹੋਂਦ ਵਿੱਚ, ਮੁਹੱਈਆ ਕਰਵਾਈ ਗਈ ਸਬਸਿਡੀ ਦੀ ਵਰਤੋਂ, ਬਗੈਰ ਕਿਸੇ ਪੈਰਵੀ ਤੋਂ ਕਿਸਾਨਾਂ ਤੇ ਛੱਡ ਦਿਤੀ ਗਈ ਸੀ।

**(ਅ)** ਸੀ ਡੀ ਪੀ ਦਿਸ਼ਾ-ਨਿਰਦੇਸ਼ਾਂ ਦੇ ਪੈਰ੍ਹਾ (iv) ਅਨੁਸਾਰ, ਕਿਸਾਨ ਭਾਈਚਾਰੇ (10 ਕਿਸਾਨਾਂ ਦਾ ਗਰੁੱਪ) ਨੂੰ ਕਸਟਮ ਹਾਇਰਿੰਗ ਅਧਾਰ ਤੇ ਫਸਲ ਵਿਸ਼ੇਸ਼ ਫਾਰਮ ਮਸ਼ੀਨਰੀ ਦਿੱਤੀ ਜਾਣੀ ਸੀ। ਅੱਗੇ, ਭਾਰਤ ਸਰਕਾਰ ਦੀਆਂ ਹਦਾਇਤਾਂ (ਜੂਨ 2013) ਅਨੁਸਾਰ, ਫਾਰਮ ਮਸ਼ੀਨਰੀ ਉੱਤੇ ਵਿਅਕਤੀਗਤ ਲਾਭਪਾਤਰੀ ਲਈ ਪ੍ਰਤੀ ਇਕਾਈ ₹ 30,000 ਤੱਕ ਦੀ ਸਹਾਇਤਾ ਦੀ ਸੀਮਾ ਹੈ ਅਤੇ ₹ 30,000 ਤੋਂ ਵੱਧ ਸਿਰਫ ਕਿਸਾਨਾਂ ਦੇ ਗਰੁੱਪ ਲਈ ਸ਼ੇਅਰਿੰਗ ਜਾਂ ਕਸਟਮ ਹਾਇਰਿੰਗ ਅਧਾਰ ਤੇ ਦੇਣਯੋਗ ਹੈ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਚੁਣੇ ਹੋਏ ਜਿਲ੍ਹਿਆਂ ਵਿੱਚ ਸਕੀਮ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਵਿੱਚ 3,232 ਕਿਸਾਨਾਂ ਨੂੰ ਵਿਅਕਤੀਗਤ ਤੌਰ ਤੇ ₹ 30,000 ਤੋਂ ਵੱਧ ਲਾਗਤ ਦੀ ਫਾਰਮ

---

[19] ਇੱਕ ਇਕਾਈ = 10 ਹੈਕਟੇਅਰ।

[20] (i) ਬਠਿੰਡਾ; (ii) ਪਟਿਆਲਾ; (iii) ਸੰਗਰੂਰ; ਅਤੇ (iv) ਸ੍ਰੀ ਮੁਕਤਸਰ ਸਾਹਿਬ।

[21] ਤਹਸੀਲਦਾਰ: (i) ਅੰਮ੍ਰਿਤਸਰ; (ii) ਹੁਸ਼ਿਆਰਪੁਰ; ਅਤੇ (iii) ਐਸ ਏ ਐਸ ਨਗਰ।

ਮਸ਼ੀਨਰੀ ਲਈ ₹ 14.01 ਕਰੋੜ ਦੀ ਸਬਸਿਡੀ (ਜਿਸ ਵਿਚੋਂ ₹ 4.32 ਕਰੋੜ ਉਨ੍ਹਾਂ ਦੀ ਪਾਤਰਤਾ ਤੋਂ ਵੱਧ ਸਨ) ਦਿੱਤੀ ਗਈ ਸੀ ਅਤੇ ਉਹ ਵੀ ਇਹ ਯਕੀਨੀ ਬਣਾਉਣ ਤੋਂ ਬਗੈਰ ਕਿ ਲਾਭਪਾਤਰੀਆਂ ਨੇ ਬਦਲਵੀਆਂ ਫਸਲਾਂ ਬੀਜੀਆਂ ਸਨ। ਚੁਣੇ ਹੋਏ ਜਿਲ੍ਹਿਆਂ ਵਿੱਚ 2014-19 ਦੌਰਾਨ ਝੋਨੇ ਅਧੀਨ ਰਕਬਾ 10.36 ਲੱਖ ਹੈਕਟੇਅਰ ਤੋਂ ਵਧ ਕੇ 11.54 ਲੱਖ ਹੈਕਟੇਅਰ ਹੋ ਗਿਆ, ਜਿਸਨੇ ਦਰਸਾਇਆ ਕਿ ਸਬਸਿਡੀ ਨੂੰ ਚਿਤਵੇ ਮੰਤਵ ਲਈ ਨਹੀਂ ਵਰਤਿਆ ਗਿਆ ਸੀ।

ਚਾਰ ਜਿਲ੍ਹਿਆਂ[22] ਵਿੱਚ ਫਸਲਾਂ ਦੀ ਬਿਜਾਈ ਨਾਲ ਸਬੰਧਤ ਲਾਭਪਾਤਰੀਆਂ ਦੇ ਰਿਕਾਰਡਾਂ ਦੀ ਰੈਵੀਨਿਊ ਰਿਕਾਰਡਾਂ ਨਾਲ ਕਰਾਸ ਚੈਕਿੰਗ ਕਰਨ ਤੇ ਲੇਖਾ ਪ੍ਰੀਖਿਆ ਨੇ ਵੇਖਿਆ ਕਿ 40 ਵਿੱਚੋਂ, ਸਿਰਫ ਇਕ ਕਿਸਾਨ ਨੇ ਬਦਲਵੀਂ ਫਸਲ ਭਾਵ ਕਪਾਹ ਅਧੀਨ ਆਪਣਾ ਬਿਜਾਈ ਖੇਤਰ 2016-17 ਵਿੱਚ ਚਾਰ ਏਕੜ ਤੋਂ ਵਧਾ ਕੇ 2018-19 ਵਿੱਚ 16.4 ਏਕੜ ਕੀਤਾ।

ਡਾਇਰੈਕਟਰ ਨੇ ਕਿਹਾ (ਜੁਲਾਈ 2020) ਕਿ ਭਾਵੇਂ ਕਲੱਸਟਰ ਨਹੀਂ ਬਣਾਏ ਗਏ ਸਨ, ਪ੍ਰੰਤੂ ਕਿਸਾਨਾਂ ਨੂੰ ਬਦਲਵੀਆਂ ਫਸਲਾਂ ਉਗਾਉਣ ਲਈ ਪ੍ਰੇਰਣਾ ਦਿੱਤੀ ਗਈ ਸੀ ਅਤੇ ਉਨ੍ਹਾਂ ਵਲੋਂ ਦਿੱਤੀਆਂ ਅਰਜੀਆਂ ਦੇ ਅਧਾਰ ਤੇ ਉਨ੍ਹਾਂ ਨੂੰ ਬੀਜਾਂ ਉੱਤੇ ਸਬਸਿਡੀ ਦਿੱਤੀ ਗਈ ਸੀ। ਕਿਸਾਨਾਂ ਨੇ ਮਸ਼ੀਨਰੀ ਲਈ ਸਬਸਿਡੀ ਵਾਸਤੇ ਗਰੁੱਪਾਂ ਵਿੱਚ ਅਪਲਾਈ ਨਹੀਂ ਕੀਤਾ ਸੀ, ਇਸ ਲਈ ਫਾਰਮਿੰਗ ਕਮਿਊਨਿਟੀ ਦੀ ਬਜਾਏ ਕਿਸਾਨਾਂ ਨੂੰ ਉਨ੍ਹਾਂ ਦੀ ਮੰਗ ਅਨੁਸਾਰ ਵਿਅਕਤੀਗਤ ਤੌਰ ਤੇ ਸਬਸਿਡੀ ਦਿੱਤੀ ਗਈ ਸੀ। ਉੱਤਰ ਮੰਨਣਯੋਗ ਨਹੀ ਸੀ ਕਿਉਂਕਿ ਵਿਭਾਗ ਨੇ ਸਕੀਮ ਦੇ ਦਿਸ਼ਾ ਨਿਰਦੇਸ਼ਾਂ ਦੇ ਵਿਰੁੱਧ ਕਿਸਾਨਾਂ ਨੂੰ ਸਬਸਿਡੀ ਦਿੱਤੀ ਪ੍ਰੰਤੂ, ਫਸਲ ਵਿਭਿੰਨਤਾ ਕਰਨ ਦੇ ਸਬੰਧ ਵਿੱਚ ਅਸਲ ਵਰਤੋਂ ਦੀ ਪੈਰਵੀ ਨਹੀਂ ਕੀਤੀ।

### *(vii) ਪ੍ਰਵਾਨਿਤ ਐਕਸ਼ਨ ਪਲਾਨ ਤੋਂ ਬਾਹਰ ਸਬਸਿਡੀ ਦੀ ਅਨਿਯਮਤ ਵੰਡ*

ਦਿਸ਼ਾ ਨਿਰਦੇਸ਼ਾਂ ਅਨੁਸਾਰ, ਫਸਲ ਵਿਸੇਸ਼ ਫਾਰਮ ਮਸ਼ੀਨਰੀ ਉੱਤੇ, ਮਸ਼ੀਨ ਦੀ ਲਾਗਤ ਦੇ 50 *ਪ੍ਰਤੀਸ਼ਤ* ਦੀ ਦਰ ਤੇ ਅਤੇ ਕੁੱਝ ਵੱਖਰੀਆਂ ਮਸ਼ੀਨਾਂ[23] ਲਈ ਨਿਸ਼ਚਤ ਸੀਮਾ ਤੱਕ, ਸਹਾਇਤਾ ਮੁਹੱਈਆ ਕਰਵਾਈ ਜਾਣੀ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ 2014-19 ਦੌਰਾਨ ਚੁਣੇ ਗਏ ਸੱਤ ਜਿਲ੍ਹਿਆਂ ਵਿਚੋਂ ਛੇ ਵਿੱਚ ਫਸਲ ਵਿਸ਼ੇਸ਼ ਫਾਰਮ ਮਸ਼ੀਨਰੀ ਅਧੀਨ ₹ 26.32 ਕਰੋੜ ਦੀ ਅਦਾਇਗੀ ਕੀਤੀ ਗਈ ਸੀ, ਜਿਸ ਵਿਚੋਂ ₹ 1.50 ਕਰੋੜ[24] ਉਨ੍ਹਾਂ ਔਜਾਰਾਂ[25] ਲਈ ਦਿਤੀ ਗਈ ਸੀ ਜਿਹੜੇ ਕਿ ਸੀ ਡੀ ਪੀ ਦੇ ਸਾਲਾਨਾ ਐਕਸਨ ਪਲਾਨ (ਏ ਏ ਪੀ) ਵਿੱਚ ਮੰਜੂਰ ਨਹੀਂ ਸਨ।

---

[22] (i) ਬਠਿੰਡਾ; (ii) ਪਟਿਆਲਾ; (iii) ਸੰਗਰੂਰ; ਅਤੇ (iv) ਸ੍ਰੀ ਮੁਕਤਸਰ ਸਾਹਿਬ।

[23] ਮੇਜ਼ ਸ਼ੈਲਰ ਵਾਸਤੇ ₹ 25,000, ਪੋਰਟੇਬਲ ਮੇਜ਼ ਡਰਾਇਰ ਵਾਸਤੇ ₹ 5.00 ਲੱਖ, ਪਾਵਰਡ ਸਪਰੇਅਰ ਵਾਸਤੇ ₹ 3,000, ਮਲਟੀ ਕਰੌਪ ਥਰੈਸ਼ਰ ਵਾਸਤੇ ₹ 25,000, ਦਾਲਾਂ ਲਈ ਪੋਰਟੇਬਲ ਕਲੀਨਰ-ਕਮ-ਗ੍ਰੇਡਰ ਵਾਸਤੇ ₹ 2.00 ਲੱਖ ਅਤੇ ਮੇਜ਼ ਪਰੋਸੈਸਿੰਗ ਯੂਨਿਟ ਆਦਿ ਵਾਸਤੇ ₹ 10.00 ਲੱਖ ।

[24] (i) ਅੰਮ੍ਰਿਤਸਰ: ₹ 43.02 ਲੱਖ; (ii) ਬਠਿੰਡਾ: ₹ 24.57 ਲੱਖ; (iii) ਹੁਸ਼ਿਆਰਪੁਰ: ₹ 19.58 ਲੱਖ; (iv) ਪਟਿਆਲਾ: ₹ 9.02 ਲੱਖ (v) ਐਸ ਏ ਐਸ ਨਗਰ: ₹ 26.84 ਲੱਖ; ਅਤੇ (vi) ਸ੍ਰੀ ਮੁਕਤਸਰ ਸਾਹਿਬ: ₹ 27.00 ਲੱਖ।

[25] ਜਿਵੇਂ ਕਿ ਸਟਰਾਅ ਰੀਪਰ, ਪਟੈਟੋ ਪਲਾਂਟਰ, ਪਟੈਟੋ ਡਿੱਗਰ, ਸਟਰਾਅ ਚੌਪਰ, ਰੀਪਰ ਬਾਇੰਡਰ ਆਦਿ।

ਡਾਇਰੈਕਟਰ ਨੇ ਕਿਹਾ (ਜੁਲਾਈ 2020) ਕਿ ਮਾਮਲੇ ਦੀ ਪੜਤਾਲ ਕੀਤੀ ਜਾਵੇਗੀ ਅਤੇ ਖੇਤਰੀ ਇਕਾਈਆਂ ਨੂੰ ਸਕੀਮ ਦੇ ਦਿਸ਼ਾਂ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ।

ਇੰਜ, ਵਿਭਾਗ/ਸਰਕਾਰ ਦੀ ਦੂਰਦ੍ਰਿਸ਼ਟੀ ਅਤੇ ਇਰਾਦੇ ਦੀ ਘਾਟ ਕਾਰਣ ਸਕੀਮ ਦਾ ਨਿਪੁੰਨਤਾ ਰਹਿਤ ਲਾਗੂਕਰਣ ਹੋਣ ਕਰਕੇ, 2014-19 ਦੌਰਾਨ ਰਾਜ ਵਿੱਚ ਝੋਨੇ ਦੀ ਖੇਤੀ ਅਧੀਨ ਖੇਤਰ 7.18 *ਪ੍ਰਤੀਸ਼ਤ* ਨਾਲ ਵਧਿਆ।

### *2.1.7.2 ਫਸਲ ਰਹਿੰਦ-ਖੂੰਹਦ ਦਾ ਥਾਂ ਤੇ ਹੀ ਪ੍ਰਬੰਧਨ ਕਰਨ ਲਈ ਖੇਤੀਬਾੜੀ ਮਸ਼ੀਨੀਕਰਣ ਨੂੰ ਉਤਸ਼ਾਹਿਤ ਕਰਨਾ*

ਭਾਰਤ ਸਰਕਾਰ ਨੇ ਹਵਾ ਦੇ ਪ੍ਰਦੂਸ਼ਣ ਦਾ ਹੱਲ ਕਰਨ, ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਘੱਟ ਕਰਨ ਅਤੇ ਫਸਲ ਦੀ ਰਹਿੰਦ-ਖੂੰਹਦ ਦਾ ਥਾਂ ਤੇ ਹੀ ਪ੍ਰਬੰਧਨ ਕਰਨ ਲਈ ਲੋੜੀਂਦੀ ਮਸ਼ੀਨਰੀ ਤੇ ਸਬਸਿਡੀ ਦੇਣ ਲਈ 100 *ਪ੍ਰਤੀਸ਼ਤ* ਕੇਂਦਰੀ ਪ੍ਰਯੋਜਿਤ ਇੱਕ ਵਿਸ਼ੇਸ਼ ਸਕੀਮ ਦੀ ਸ਼ੁਰਆਤੂ ਕੀਤੀ (2018)। ਇਹ ਸਕੀਮ ਪੌਸ਼ਟਿਕ ਤੱਤਾਂ ਅਤੇ ਭੂਮੀ ਦੇ ਸੂਖਮ ਜੀਵਾਂ ਦੇ ਨੁਕਸਾਨ ਨੂੰ ਰੋਕਣ, ਫਸਲ ਰਹਿੰਦ ਖੂੰਹਦ ਨੂੰ ਥਾਂ ਤੇ ਹੀ ਰੱਖਦੇ ਹੋਏ ਅਤੇ ਭੂਮੀ ਵਿੱਚ ਮਿਲਾ ਕੇ ਇਸ ਦਾ ਥਾਂ ਤੇ ਹੀ ਪ੍ਰਬੰਧਨ ਕਰਨ ਲਈ, ਕਸਟਮ ਹਾਇਰਿੰਗ ਕੇਂਦਰਾਂ (ਸੀ ਐਚ ਸੀਜ਼) ਦੇ ਉੱਨਤੀਕਰਣ ਅਤੇ ਸਟੇਕਹੋਲਡਰਾਂ ਵਿਚਕਾਰ ਜਾਗਰੂਕਤਾ ਪੈਦਾ ਕਰਨ ਲਈ ਵੀ ਸੀ। ਇਸ ਸਕੀਮ ਨੂੰ ਲਾਗੂ ਕਰਨ ਲਈ ਇੱਕ ਰਾਜ ਪੱਧਰੀ ਕਾਰਜਕਾਰੀ ਕਮੇਟੀ (ਐਸ ਐਲ ਈ ਸੀ) ਦਾ ਗਠਨ ਕੀਤਾ ਜਾਣਾ ਸੀ। ਪੰਜਾਬ ਸਰਕਾਰ ਨੇ 2018-19 ਲਈ ਸਾਲਾਨਾ ਐਕਸ਼ਨ ਪਲਾਨ ਤਿਆਰ ਕੀਤਾ ਜਿਸ ਵਿੱਚ (i) ਫਾਰਮ ਮਸ਼ੀਨਰੀ ਬੈਂਕਾਂ ਜਾਂ ਕਸਟਮ ਹਾਇਰਿੰਗ ਕੇਂਦਰਾਂ ਦੀ ਸਥਾਪਨਾ; (ii) ਖੇਤੀਬਾੜੀ ਮਸ਼ੀਨਰੀ ਅਤੇ ਉਪਕਰਣਾ ਦੀ ਖਰੀਦ; ਅਤੇ (iii) ਕਿਸਾਨਾਂ ਨੂੰ ਜਾਗਰੂਕ ਕਰਨ ਲਈ ਸੂਚਨਾ, ਸਿੱਖਿਆ ਅਤੇ ਸੰਚਾਰ (ਆਈ ਈ ਸੀ) ਗਤੀਵਿਧੀਆਂ ਸ਼ਾਮਲ ਸਨ।

ਜਦੋਂਕਿ, ਲੇਖਾ ਪ੍ਰੀਖਿਆ ਨੇ ਸਕੀਮ ਦੇ ਲਾਗੂਕਰਣ ਵਿੱਚ ਵੱਖ ਵੱਖ ਕਮੀਆਂ ਵੇਖੀਆ, ਜਿਵੇਂ ਕਿ ਅਗਲੇ ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ।

#### *(i) ਕਸਟਮ ਹਾਇਰਿੰਗ ਸੈਂਟਰਾਂ ਦੀ ਸਥਾਪਨਾ ਕਰਨਾ*

ਇਸ ਸਕੀਮ ਦੇ ਦਿਸ਼ਾ ਨਿਰਦੇਸ਼ਾਂ ਦਾ ਪੈਰ੍ਹਾ 10.1.3 (viii) ਵਿਵਸਥਾ ਕਰਦਾ ਹੈ ਕਿ ਸੀ ਐਚ ਸੀ ਦੀ ਪ੍ਰੋਜੈਕਟ ਲਾਗਤ ₹ 0.10 ਕਰੋੜ ਤੋਂ ਘੱਟ ਨਹੀਂ ਹੋਣੀ ਚਾਹੀਦੀ। ਪ੍ਰੰਤੂ, ਇਹ ਸੀਮਾ ਕਿਸਾਨਾਂ ਦੀਆਂ ਸਹਿਕਾਰੀ ਸੁਸਾਇਟੀਆਂ, ਰਜਿਸਟਰਡ ਕਿਸਾਨ ਸੁਸਾਇਟੀਆਂ/ਕਿਸਾਨ ਸਮੂਹਾਂ ਜਿਹਨਾਂ ਕੋਲ ਪਹਿਲਾਂ ਹੀ ਹੋਰ ਔਜ਼ਾਰ ਸਨ, ਉੱਤੇ ਲਾਗੂ ਨਹੀਂ ਹੋਵੇਗੀ, ਬਸ਼ਰਤੇ ਕਿ ਪ੍ਰੋਜੈਕਟ ਲਾਗਤ ਵਿੱਚ ਫਸਲ ਰਹਿੰਦ ਖੂੰਹਦ ਦੇ ਥਾਂ ਤੇ ਹੀ ਪ੍ਰਬੰਧਨ ਕਰਨ ਲਈ ਦੋ ਤੋਂ ਵੱਧ ਉਪਕਰਣ ਸ਼ਾਮਲ ਹੋਣ।

ਜਦੋਂਕਿ, ਲੇਖਾ ਪ੍ਰੀਖਿਆ ਨੇ ਵੇਖਿਆ ਕਿ ਬਠਿੰਡਾ ਵਿੱਚ 2018-19 ਦੌਰਾਨ 173 ਸੀ ਐਚ ਸੀਜ਼ ਸਥਾਪਤ ਕੀਤੇ ਗਏ ਸਨ। ਇਨ੍ਹਾਂ ਵਿੱਚੋਂ 137 ਸੀ ਐਚ ਸੀਜ਼ ਫਸਲ ਰਹਿੰਦ ਖੂਹੰਦ ਦੇ ਪ੍ਰਬੰਧਨ ਲਈ ਸਿਰਫ ਇੱਕ-ਦੋ ਉਪਕਰਣਾਂ ਨਾਲ ਸਥਾਪਤ ਕੀਤੇ ਗਏ ਸਨ। ਇਸਦੇ ਬਾਵਜੂਦ ਸਕੀਮ ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਵਿੱਚ ₹ 3.12 ਕਰੋੜ ਦੀ ਵਿੱਤੀ ਸਹਾਇਤਾ ਦਿੱਤੀ ਗਈ ਸੀ।

ਡਾਇਰੈਕਟਰ ਨੇ ਕਿਹਾ (ਜੁਲਾਈ 2020) ਕਿ ਵੱਧ ਤੋਂ ਵੱਧ ਲਾਭਪਾਤਰੀਆਂ ਨੂੰ ਕਵਰ ਕਰਨ ਲਈ ਇੱਕ ਅਤੇ ਦੋ ਔਜ਼ਾਰਾਂ ਲਈ ਵੀ ਸਬਸਿਡੀ ਮੁਹੱਈਆ ਕਰਵਾਈ ਗਈ ਸੀ। ਡਾਇਰੈਕਟਰ ਦਾ ਉੱਤਰ ਇਸ ਸਕੀਮ ਦੇ ਦਿਸ਼ਾ ਨਿਰਦੇਸ਼ਾਂ ਦੇ ਅਨੁਰੂਪ ਨਹੀਂ ਸੀ।

### *(ii) ਫਾਰਮ ਮਸ਼ੀਨਰੀ ਦੀ ਵੰਡ*

ਸਕੀਮ ਦੇ ਦਿਸ਼ਾ ਨਿਰਦੇਸ਼ਾਂ ਦਾ ਪੈਰ੍ਹਾ 5.3.1 ਵਿਵਸਥਾ ਕਰਦਾ ਹੈ ਕਿ ਐਸ ਐਲ ਈ ਸੀ ਨੂੰ ਭਾਰਤ ਸਰਕਾਰ ਵੱਲੋਂ ਪ੍ਰਵਾਨਿਤ ਕੰਪੋਨੈਂਟ-ਵਾਈਜ਼ ਐਲੋਕੇਸ਼ਨ 'ਚ ਜਮੀਨੀ ਲੋੜਾਂ ਦੇ ਮੱਦੇ ਨਜ਼ਰ 10 *ਪ੍ਰਤੀਸ਼ਤ* ਤੱਕ ਦੀ ਤਬਦੀਲੀ ਕਰਨ ਲਈ ਅਧਿਕਾਰ ਦਿੱਤਾ ਗਿਆ ਸੀ। ਭਾਰਤ ਸਰਕਾਰ ਨੇ 2018-19 ਦੌਰਾਨ ਸਕੀਮ ਅਧੀਨ ਹੇਠ ਲਿਖੀਆਂ ਐਲੋਕੇਸ਼ਨਜ/ਰਲੀਜ਼ਜ ਕੀਤੀਆ ਜਿਵੇਂ ਕਿ **ਸਾਰਣੀ** 2.2 ਵਿੱਚ ਦਿੱਤਾ ਗਿਆ ਹੈ।

**ਸਾਰਣੀ 2.2: ਸਾਲ 2018-19 ਦੌਰਾਨ ਬਜਟ ਅਲਾਟਮੈਂਟ ਅਤੇ ਕੀਤਾ ਗਿਆ ਖਰਚਾ**

*(₹ ਕਰੋੜ ਵਿੱਚ)*

| ਸਾਲ | ਕੁੱਲ ਜਾਰੀ ਕੀਤੇ | ਸੀ ਐਚ ਸੀਜ਼ ਦੀ ਸਥਾਪਨਾ | | ਮਸ਼ੀਨਰੀ ਦੀ ਵੰਡ | | ਆਈ ਈ ਸੀ ਗਤੀਵਿਧੀਆਂ | | ਫਲੈਕਸੀ ਫੰਡਜ਼ | | ਕੁਲ ਖਰਚਾ |
|---|---|---|---|---|---|---|---|---|---|---|
| | | ਜਾਰੀ | ਖਰਚਾ | ਜਾਰੀ | ਖਰਚਾ | ਜਾਰੀ | ਖਰਚਾ | ਜਾਰੀ | ਖਰਚਾ | |
| 2018-19 | 269.38 | 176.00 | 174.30 | 71.30 | 82.26 | 16.80 | 8.65 | 5.28 | 1.41 | 266.62 |

*ਸ੍ਰੋਤ: ਵਿਭਾਗੀ ਡਾਟਾ*

ਲੇਖਾ ਪ੍ਰੀਖਿਆ ਵਿੱਚ ਰਿਕਾਰਡ ਦੀ ਪੜਤਾਲ ਨੇ ਦਰਸਾਇਆ ਕਿ ਸਕੀਮ ਦੇ ਹੋਰ ਕੰਪੋਨੈਂਟਾਂ ਤੋਂ ਮਸ਼ੀਨਰੀ ਦੀ ਵੰਡ ਕੰਪੋਨੈਂਟ ਅਧੀਨ, ਮੰਜ਼ੂਰਸ਼ੁਦਾ 10 *ਪ੍ਰਤੀਸ਼ਤ* ਸੀਮਾ ਦੇ ਵਿਰੁੱਧ, ₹ 10.96 ਕਰੋੜ (15.37 *ਪ੍ਰਤੀਸ਼ਤ*) ਦੀ ਡਾਈਵਰਸ਼ਨ ਕੀਤੀ ਗਈ ਸੀ। ਮਸ਼ੀਨਰੀ ਦੀ ਵੰਡ ਅਧੀਨ ਟੀਚੇ[26] ਪ੍ਰਾਪਤ ਕਰਨ ਦੇ ਬਾਵਜੂਦ, ਵਿਭਾਗ ਪਰਾਲੀ ਸਾੜਨ ਦੇ ਮਾਮਲਿਆਂ ਦੀ ਗਿਣਤੀ ਨੂੰ ਕੰਟਰੋਲ/ਘੱਟ ਕਰਨ ਵਿੱਚ ਅਸਫਲ ਰਿਹਾ।

ਅੱਗੇ, ਇਹ ਵੇਖਿਆ ਗਿਆ ਸੀ ਕਿ 10 ਜਿਲ੍ਹਿਆ ਵਿੱਚ 2017-18 ਤੋਂ 2018-19 ਦੌਰਾਨ ਪਰਾਲੀ ਸਾੜਨ ਦੇ ਮਾਮਲਿਆਂ ਦੀ ਗਿਣਤੀ ਵਿੱਚ 10 ਅਤੇ 124 *ਪ੍ਰਤੀਸ਼ਤ* (124 *ਪ੍ਰਤੀਸ਼ਤ* ਦਾ ਵਾਧਾ ਫਾਜ਼ਿਲਕਾ ਵਿੱਚ ਵੇਖਿਆ ਗਿਆ ਸੀ) ਵਿਚਕਾਰ ਵਾਧਾ ਹੋਇਆ। ਜਦੋਂਕਿ ਬਾਕੀ ਦੇ 12 ਜ਼ਿਲ੍ਹਿਆਂ ਵਿੱਚ ਇਸੇ ਸਮੇਂ ਦੌਰਾਨ ਇੱਕ *ਪ੍ਰਤੀਸ਼ਤ* ਤੋਂ 68 *ਪ੍ਰਤੀਸ਼ਤ* ਦੀ ਕਮੀ ਦੇਖੀ ਗਈ ਸੀ। ਅੱਗੇ, ਤਿੰਨ ਚੁਣੇ ਹੋਏ ਜਿਲ੍ਹਿਆਂ[27] ਵਿੱਚ ₹ 11.77 ਕਰੋੜ ਖਰਚ ਕਰਨ ਦੇ ਬਾਵਜੂਦ ਪਰਾਲੀ ਸਾੜਨ ਦੇ ਮਾਮਲਿਆਂ ਵਿੱਚ 15 ਅਤੇ 79 *ਪ੍ਰਤੀਸ਼ਤ* ਵਿਚਕਾਰ ਵਾਧਾ ਹੋਇਆ ਸੀ। ਇਹ ਦਰਸਾਉਂਦਾ ਹੈ ਕਿ ਵਿਭਾਗ ਸਕੀਮ ਦੀ ਪ੍ਰਗਤੀ ਅਤੇ ਕਾਰਗੁਜ਼ਾਰੀ ਦੀ ਮਾਨੀਟਰਿੰਗ ਅਤੇ ਸਮੀਖਿਆ ਕਰਨ ਵਿੱਚ ਅਸਫਲ ਰਿਹਾ।

ਸੰਯੁਕਤ ਡਾਇਰੈਕਟਰ, ਖੇਤੀਬਾੜੀ (ਇੰਜਨੀਰਿੰਗ) ਨੇ ਤੱਥਾ ਨੂੰ ਮੰਨਿਆ (ਨਵੰਬਰ 2020) ਅਤੇ ਕਿਹਾ ਕਿ ਖਰਚੇ ਨੂੰ ਨਿਯਮਤ ਕਰਵਾ ਲਿਆ ਜਾਵੇਗਾ।

---

26 ਟੀਚੇ :24,979 ਅਤੇ ਪ੍ਰਾਪਤੀਆਂ 28,609

27 (i) ਅੰਮ੍ਰਿਤਸਰ; ₹ 1.95 ਕਰੋੜ; (ii) ਬਠਿੰਡਾ: ₹ 6.90 ਕਰੋੜ; ਅਤੇ (iii) ਸ੍ਰੀ ਮੁਕਤਸਰ ਸਾਹਿਬ: ₹ 2.92 ਕਰੋੜ।

### *(iii) ਸਬਸਿਡੀ ਦਾ ਅਨਿਯਮਿਤ ਭੁਗਤਾਨ*

ਸਕੀਮ ਦੇ ਦਿਸ਼ਾ-ਨਿਰਦੇਸ਼ਾਂ ਦਾ ਪੈਰ੍ਹਾ 10.2.3 (ii) (ਬੀ) ਅਤੇ (ਡੀ) ਵਿਵਸਥਾ ਕਰਦਾ ਹੈ ਕਿ ਜਿਨ੍ਹਾਂ ਕਿਸਾਨਾਂ ਕੋਲ ਮਸ਼ੀਨਰੀ ਅਤੇ ਔਜ਼ਾਰ ਨਹੀਂ ਹਨ ਅਤੇ ਉਹ ਕਿਸਾਨ ਜਿਨ੍ਹਾਂ ਨੇ ਡੀ ਏ ਅਤੇ ਐਫ ਡਬਲਿਯੂ ਦੀ ਕਿਸੇ ਸਕੀਮ ਅਧੀਨ ਮਸ਼ੀਨਰੀ ਅਤੇ ਔਜ਼ਾਰਾਂ ਲਈ ਪਿਛਲੇ ਦੋ ਸਾਲਾਂ ਦੌਰਾਨ ਕਿਸੇ ਸਬਸਿਡੀ ਦਾ ਲਾਭ ਨਹੀਂ ਲਿਆ, ਦੀ ਫਸਲ ਦੀ ਰਹਿੰਦ-ਖੂੰਹਦ ਦਾ ਥਾਂ ਤੇ ਹੀ ਪ੍ਰਬੰਧਨ ਕਰਨ ਲਈ ਪਛਾਣ ਕੀਤੀ ਜਾਵੇਗੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਛੇ ਚੁਣੇ ਹੋਏ ਜ਼ਿਲ੍ਹਿਆਂ ਵਿੱਚ 2018-19 ਦੌਰਾਨ 36 ਉਨ੍ਹਾਂ ਕਿਸਾਨਾਂ ਨੂੰ ਮਸ਼ੀਨਰੀ ਅਤੇ ਉਪਕਰਣ ਲਈ ₹ 0.24 ਕਰੋੜ[28] ਦੀ ਸਬਸਿਡੀ ਅਨਿਯਮਤ ਤੌਰ ਤੇ ਵੰਡੀ ਗਈ ਸੀ ਜਿਨ੍ਹਾਂ ਨੇ 2016-18 ਦੌਰਾਨ ਕਿਸੇ ਹੋਰ ਸਕੀਮ[29] ਅਧੀਨ ਪਹਿਲਾਂ ਹੀ ਸਬਸਿਡੀ ਪ੍ਰਾਪਤ ਕੀਤੀ ਸੀ।ਜਦੋਂਕਿ ਇਸ ਸਕੀਮ ਅਧੀਨ 2018-19 ਦੌਰਾਨ 210 ਕਿਸਾਨਾਂ ਨੂੰ ਸਕੀਮ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਵਿੱਚ ₹ 1.28 ਕਰੋੜ[30] ਬਾਰ-ਬਾਰ ਵੰਡੇ ਗਏ ਸਨ।

ਡਇਰੈਕਟਰ ਨੇ ਟਿੱਪਣੀ ਦਾ ਢੁਕਵਾਂ ਉੱਤਰ ਨਹੀਂ ਦਿੱਤਾ ਸੀ (ਜੁਲਾਈ 2020)।

### *(iv) ਨਾਕਾਫੀ ਆਈ ਈ ਸੀ ਗਤੀਵਿਧੀਆਂ*

ਕਿਸਾਨਾਂ/ਸਟੇਕਹੋਲਡਰਾਂ ਵਿਚਕਾਰ ਪਰਾਲੀ ਨੂੰ ਸਾੜਨ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਆਈ ਈ ਸੀ ਗਤੀਵਿਧੀਆਂ ਸਕੀਮ ਦੇ ਸਭ ਤੋਂ ਮਹੱਤਵਪੂਰਣ ਕੰਪੋਨੈਂਟਾਂ ਵਿੱਚੋਂ ਇੱਕ ਹਨ।ਵਿਭਾਗ ਨੇ ਪ੍ਰਦਰਸ਼ਨੀ ਅਤੇ ਸਿਖਲਾਈ ਗਤੀਵਿਧੀਆਂ, ਹਰੇਕ ਲਈ 4,000 ਦੀ ਸੰਖਿਆ ਦੇ ਸਾਲਾਨਾ ਟੀਚੇ ਮਿੱਥੇ ਸਨ, ਜਿਸਦੇ ਵਿਰੁੱਧ ਪ੍ਰਦਰਸ਼ਨੀ ਅਤੇ ਸਿਖਲਾਈ ਦੀਆਂ ਕ੍ਰਮਵਾਰ 3,007 (75 *ਪ੍ਰਤੀਸ਼ਤ*) ਅਤੇ 384 (10 *ਪ੍ਰਤੀਸ਼ਤ*) ਗਤੀਵਿਧੀਆਂ ਦਾ ਹੀ ਸੰਚਾਲਨ ਕੀਤਾ ਗਿਆ ਸੀ। ਇਹ ਵੇਖਿਆ ਗਿਆ ਸੀ ਕਿ 2017-18 ਦੀ ਤੁਲਨਾ ਵਿੱਚ ਸਕੀਮ ਦੇ ਸ਼ੁਰੂ ਹੋਣ (2018-19) ਤੋਂ ਬਾਅਦ ਪਰਾਲੀ ਸਾੜਨ ਦੇ ਮਾਮਲਿਆਂ ਵਿੱਚ ਵਾਧਾ ਹੋਇਆ। 2016-19[31] ਦੌਰਾਨ ਪਰਾਲੀ ਸਾੜਨ ਦੇ ਕੇਸਾਂ ਦੇ ਰੁਝਾਨ ਨੂੰ **ਚਾਰਟ** 2.2 ਵਿੱਚ ਦਿਤਾ ਗਿਆ ਹੈ।

---


[28] (i) ਅੰਮ੍ਰਿਤਸਰਃ ₹ 1.78 ਲੱਖ (ਤਿੰਨ ਕਿਸਾਨ); (ii) ਬਠਿੰਡਾਃ ₹ 4.37 ਲੱਖ (ਸੱਤ ਕਿਸਾਨ); (iii) ਹੁਸ਼ਿਆਰਪੁਰਃ ₹ 0.76 ਲੱਖ (ਇੱਕ ਕਿਸਾਨ); (iv) ਸ੍ਰੀ ਮੁਕਤਸਰ ਸਾਹਿਬਃ ₹ 2.50 ਲੱਖ (ਚਾਰ ਕਿਸਾਨ); (v) ਪਟਿਆਲਾਃ ₹ 10.68 ਲੱਖ (16 ਕਿਸਾਨ); ਅਤੇ (vi) ਸੰਗਰੂਰਃ ₹ 3.73 ਲੱਖ (ਪੰਜ ਕਿਸਾਨ)।

[29] ਖੇਤੀਬਾੜੀ ਮਸ਼ੀਨਰੀਕਰਣ ਲਈ ਸਬ ਮਿਸ਼ਨ।

[30] (i) ਅੰਮ੍ਰਿਤਸਰ: ₹ 3.33 ਲੱਖ (ਛੇ ਕਿਸਾਨ); (ii) ਬਠਿੰਡਾ: ₹ 54.51 ਲੱਖ (90 ਕਿਸਾਨ); (iii) ਹੁਸ਼ਿਆਰਪੁਰ: ₹ 3.78 ਲੱਖ (ਪੰਜ ਕਿਸਾਨ); (iv) ਸ੍ਰੀ ਮੁੱਕਤਸਰ ਸਾਹਿਬਃ ₹ 18.27 ਲੱਖ (33 ਕਿਸਾਨ); (v) ਪਟਿਆਲਾ : ₹ 16.07 ਲੱਖ (24 ਕਿਸਾਨ); (vi) ਸੰਗਰੂਰਃ ₹ 29.85 ਲੱਖ (49 ਕਿਸਾਨ); ਅਤੇ (vii) ਐਸ ਏ ਐਸ ਨਗਰ: ₹ 1.79 ਲੱਖ ( ਤਿੰਨ ਕਿਸਾਨ)।

[31] ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਕੋਲ 2016-17 ਤੋਂ ਪਹਿਲਾਂ ਦਾ ਡਾਟਾ ਉਪਲੱਬਧ ਨਹੀਂ ਸੀ।

ਚਾਰਟ-2.2: ਪੰਜਾਬ ਵਿੱਚ 2016-19 ਦੌਰਾਨ ਪਰਾਲੀ ਸਾੜਨ ਦੇ ਮਾਮਲਿਆਂ ਦਾ ਰੁਝਾਨ




*ਸ੍ਰੋਤ: ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਪ੍ਰਾਪਤ ਡਾਟਾ*

ਡਾਇਰੈਕਟਰ ਨੇ ਕਿਹਾ (ਜੁਲਾਈ 2020) ਕਿ ਛੋਟੇ ਸੀਜ਼ਨ ਅਤੇ ਖੇਤੀਬਾੜੀ ਸੈਕਟਰ ਵਿੱਚ ਹੋਰ ਕੰਪੋਨੈਂਟਾਂ ਲਈ ਚਲ ਰਹੇ ਪ੍ਰੋਗ੍ਰਾਮਾਂ ਕਰਕੇ ਸਿਖਲਾਈ ਅਤੇ ਪ੍ਰਦ੍ਰਸ਼ਨੀਆਂ ਦਾ ਸੰਚਾਲਨ ਕਰਨਾ ਅਸਾਨ ਨਹੀਂ ਸੀ। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਸਕੀਮ ਦਾ ਉਦੇਸ਼ ਮਾਮਲਿਆਂ ਨੂੰ 2017-18 ਵਿੱਚ ਹਾਸਲ ਕੀਤੇ ਪੱਧਰ ਤੋਂ ਹੋਰ ਘੱਟ ਕਰਨਾ ਸੀ, ਜੋਕਿ 2018-19 ਦੌਰਾਨ ਵਧ ਕੇ 49,905 ਹੋ ਗਿਆ। ਇਸ ਤਰਾਂ ਵਿਭਾਗ ਵਲੋਂ ਸੰਚਾਲਨ ਕੀਤੀਆਂ ਗਈਆਂ ਜਾਗਰੂਕਤਾ ਗਤੀਵਿਧੀਆਂ ਨਾਕਾਫੀ ਅਤੇ ਅਸਰਹੀਣ ਸਨ।

ਇੰਜ, ਇਸ ਤੱਥ ਦੇ ਬਾਵਜੂਦ ਕਿ ਇਸ ਸਕੀਮ ਅਧੀਨ ਰਾਜ ਕੇਂਦਰੀ ਫੰਡਾਂ ਦੀ ਵਰਤੋਂ ਕਰ ਰਿਹਾ ਸੀ, ਪ੍ਰੰਤੂ, ਰਾਜ ਪੱਧਰ ਤੇ ਉਚਿੱਤ ਯੋਜਨਾਬੰਦੀ ਅਤੇ ਅਸਰਦਾਇਕ ਉਪਰਾਲਿਆਂ ਦੀ ਘਾਟ ਕਾਰਣ, ਰਾਜ ਵਿੱਚ ਪਰਾਲੀ ਸਾੜਨ ਦੇ ਮਾਮਲੇ ਜਾਰੀ ਰਹੇ ਕਿਉਂਜੋ 2019-20 ਦੌਰਾਨ ਪਰਾਲੀ ਸਾੜਨ ਦੀਆਂ 49,678 ਘਟਨਾਵਾਂ ਦੀ ਸੂਚਨਾ ਮਿਲੀ ਸੀ।

### *2.1.7.3 ਸੌਇਲ ਹੈਲਥ ਕਾਰਡ ਸਕੀਮ*

ਸੌਇਲ ਹੈਲਥ ਕਾਰਡ (ਐਸ ਐਚ ਸੀ) ਸਕੀਮ ਫਰਵਰੀ 2015 ਵਿੱਚ ਸ਼ੁਰੂ ਕੀਤੀ ਗਈ ਸੀ। ਇਸ ਸਕੀਮ ਅਧੀਨ ਸਾਰੇ ਕਿਸਾਨਾਂ ਨੂੰ ਹਰ ਤਿੰਨ ਸਾਲਾਂ ਵਿੱਚ ਘੱਟੋ ਘੱਟ ਇਕ ਵਾਰ ਸੌਇਲ ਹੈਲਥ ਕਾਰਡ ਜਾਰੀ ਕੀਤੇ ਜਾਣੇ ਸਨ ਤਾਂ ਕਿ ਫਰਟੀਲਾਈਜ਼ੇਸ਼ਨ ਪਰੈਕਟਿਸਜ਼ ਵਿੱਚ ਪੌਸ਼ਟਿਕ ਤੱਤਾਂ ਦੀਆਂ ਕਮੀਆਂ ਦੇ ਨਿਵਾਰਨ ਲਈ ਅਧਾਰ ਮੁਹੱਈਆ ਕਰਵਾਇਆ ਜਾ ਸਕੇ, ਸੌਇਲ ਟੈਸਟਿੰਗ ਲੈਬੋਟਰੀਆਂ (ਐਸ ਟੀ ਐਲ) ਦੇ ਕੰਮਕਾਜ ਵਿੱਚ ਮਜਬੂਤੀ ਲਿਆਂਦੀ ਜਾ ਸਕੇ, ਪੂਰੇ ਰਾਜ ਵਿੱਚ ਇਕਸਾਰਤਾ ਨਾਲ ਸੈਂਪਲਿੰਗ ਲਈ ਮਿਆਰੀ ਪ੍ਰਕ੍ਰਿਆਵਾਂ ਨਾਲ ਸੌਇਲ ਫਰਟੀਲਿਟੀ ਨਾਲ ਸਬੰਧਤ ਔਂਕੜਾਂ ਦਾ ਪਤਾ ਲਗਾਇਆ ਜਾ ਸਕੇ, ਟੀਚਾਗਤ ਜਿਲ੍ਹਿਆਂ ਲਈ ਤਾਲੁਕਾ/ਬਲਾਕ ਪੱਧਰ ਲਈ ਖਾਦ ਦੀਆਂ ਸਿਫਾਰਸ਼ਾਂ ਦਾ ਵਿਸ਼ਲੇਸ਼ਣ ਅਤੇ ਡਿਜ਼ਾਇਨ ਬਣਾਇਆ ਜਾ ਸਕੇ।

ਦਰਖਤਾਂ ਦੇ ਉਖੜਨ ਜਾਂ ਹੋਰ ਕੁਦਰਤੀ ਕਾਰਣਾਂ ਕਰਕੇ ਭੂਮੀ ਦੀ ਉਤਪਾਦਕਤਾ ਵਿੱਚ ਤਬਦੀਲੀਆਂ ਨੂੰ ਰੋਕਣ ਲਈ ਸੌਇਲ ਹੈਲਥ ਕਾਰਡਾਂ ਵਿੱਚ ਚਿੰਨਤ ਕੀਤੀਆਂ ਗਈਆਂ ਭੂਮੀ ਦੇ ਪੋਸ਼ਟਿਕ ਤੱਤਾਂ ਦੀਆਂ ਕਮੀਆਂ ਦੀ ਪੈਰਵੀ ਕਰਨ ਲਈ ਉਪਾਅ ਕਰਨ ਵਾਸਤੇ ਵੱਧ ਧਿਆਨ ਦੇਣਾ ਜਰੂਰੀ ਹੈ। ਸਕੀਮ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ ਕਿਸਾਨਾਂ ਨੂੰ ਵਿੱਤੀ ਸਹਾਇਤਾ

ਦੇਣਾ, ਮਿੱਟੀ ਵਿੱਚ ਕਮੀਆਂ ਦੀ ਪਛਾਣ ਕਰਨ ਅਤੇ ਵਿਸ਼ੇਸ਼ ਤਰ੍ਹਾਂ ਦੀ ਮਿੱਟੀ ਲਈ ਪੌਸ਼ਟਿਕ ਤੱਤਾਂ ਦੀ ਸਿਫਾਰਸ਼ ਕਰਨ ਲਈ ਵਰਕਸ਼ਾਪਾਂ ਰਾਹੀਂ ਸਿਖਲਾਈ ਦੇਣਾ ਸੀ।

ਸਕੀਮ ਦੇ ਲਾਗੂਕਰਣ ਵਿੱਚ ਹੇਠ ਲਿਖੀਆਂ ਅਨਿਯਮਤਾਵਾਂ ਅਤੇ ਊਣਤਾਈਆਂ ਦੇਖੀਆਂ ਗਈਆਂ ਸਨ:

### *(i) ਸਿਖਲਾਈ ਅਤੇ ਵਰਕਸ਼ਾਪਾਂ ਦਾ ਸੰਚਾਲਨ ਨਾ ਕਰਨਾ*

ਸਕੀਮ ਦੇ ਦਿਸ਼ਾ-ਨਿਰਦੇਸ਼ਾਂ ਦਾ ਪੈਰ੍ਹਾ 17.1 ਵਿਵਸਥਾ ਕਰਦਾ ਹੈ ਕਿ ਰਾਜ ਦੁਆਰਾ ਤਕਨੀਕੀ ਅਤੇ ਲਾਈਨ ਸਟਾਫ ਦੇ ਨਾਲ-ਨਾਲ ਰਾਜ ਖੇਤੀਬਾੜੀ ਯੂਨੀਵਰਸਿਟੀ (ਐਸ ਏ ਯੂ)/ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ ਦਾ ਓਰੀਐਂਟੇਸ਼ਨ ਕੀਤਾ ਜਾਣਾ ਸੀ। ਅੱਗੇ, ਵੱਖ-ਵੱਖ ਕੰਪੋਨੈਂਟਾਂ ਦੇ ਸਹਾਇਤਾ ਮਾਪਦੰਡਾਂ ਅਨੁਸਾਰ ਕਿਸਾਨਾਂ, ਅਧਿਕਾਰੀਆਂ ਅਤੇ ਸਟਾਫ ਨੂੰ ਸਿਖ਼ਲਾਈ ਦਿੱਤੀ ਜਾਣੀ ਸੀ।

ਲੇਖਾ ਪ੍ਰੀਖਿਆ ਨੇ ਸੱਤ ਜਿਲ੍ਹਿਆਂ ਵਿਚੋਂ ਛੇ[32] ਵਿੱਚ ਵੇਖਿਆ ਕਿ 2014-19 ਦੌਰਾਨ ਨਾ ਤਾਂ ਤਕਨੀਕੀ ਜਾਂ ਲਾਈਨ ਸਟਾਫ ਲਈ ਕਿਸੇ ਓਰੀਐਂਟੇਸ਼ਨ ਦਾ ਸੰਚਾਲਨ ਕੀਤਾ ਗਿਆ ਅਤੇ ਨਾ ਹੀ ਕਿਸਾਨਾਂ, ਅਧਿਕਾਰੀਆਂ ਅਤੇ ਸਟਾਫ ਨੂੰ ਕੋਈ ਸਿਖਲਾਈ ਦਿੱਤੀ ਗਈ ਸੀ। ਸਮਰੱਥਾ ਨਿਰਮਾਣ ਦੀ ਘਾਟ ਕਾਰਣ, ਸੌਇਲ ਹੈਲਥ ਕਾਰਡਾਂ ਦੀ ਵਰਤੋਂ, ਪੌਸ਼ਟਿਕ ਤੱਤ ਪ੍ਰਬੰਧਨ ਦੇ ਉੱਤਮ ਤੌਰ ਤਰੀਕਿਆਂ ਦੇ ਉੱਨਤੀਕਰਣ ਅਤੇ ਖਾਦਾਂ ਦੀ ਨਿਆਂਸੰਗਤ ਵਰਤੋਂ ਦੀ ਜਾਣਕਾਰੀ ਫੈਲਾਈ ਨਹੀਂ ਜਾ ਸਕੀ।

ਡਾਇਰੈਕਟਰ ਨੇ ਮੰਨਿਆ (ਜੁਲਾਈ 2020) ਕਿ 2015-16 ਅਤੇ 2018-19 ਦੌਰਾਨ ਸਿਖਲਾਈ ਅਤੇ ਵਰਕਸ਼ਾਪਾਂ ਲਈ ਨਿਰਧਾਰਤ ਕੀਤੇ ਗਏ ਟੀਚੇ ਪ੍ਰਾਪਤ ਨਹੀਂ ਕੀਤੇ ਗਏ ਸਨ। ਅੱਗੇ, ਇਹ ਵੀ ਕਿਹਾ ਗਿਆ ਸੀ ਕਿ ਗਰਿੱਡ ਦੇ ਅਧਾਰ ਤੇ ਸੌਇਲ ਸੈਂਪਲ ਕੁਲੈਕਸ਼ਨ ਵਿਧੀ ਬਾਰੇ ਖੇਤਰੀ ਅਮਲੇ ਲਈ 2017-18 ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਇੱਕ ਰਾਜ ਪੱਧਰੀ ਵਰਕਸ਼ਾਪ ਲਗਾਈ ਗਈ ਸੀ। ਜਦੋਂਕਿ, ਸਕੀਮ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਭਵਿੱਖ ਵਿੱਚ ਤਕਨੀਕੀ ਅਤੇ ਲਾਈਨ ਸਟਾਫ ਦੇ ਨਾਲ ਨਾਲ ਕਿਸਾਨਾਂ ਲਈ ਸਿਖਲਾਈ ਦਾ ਸੰਚਾਲਨ ਕਰਨ ਲਈ ਯਤਨ ਕੀਤੇ ਜਾਣਗੇ।

### *(ii) ਬਜਟ ਅਲਾਟਮੈਂਟ ਅਤੇ ਖਰਚਾ*

ਇਸ ਸਕੀਮ ਅਧੀਨ, ਭਾਰਤ ਸਰਕਾਰ ਦੁਆਰਾ ਪੰਜਾਬ ਸਰਕਾਰ ਨੂੰ ਕਿਸ਼ਤਾਂ ਵਿੱਚ ਫੰਡ ਜਾਰੀ ਕੀਤੇ ਜਾਣੇ ਸਨ। ਰਾਜ ਲਈ ਵਰਤੋਂ ਪ੍ਰਮਾਣ ਪੱਤਰ, ਸਾਲਾਨਾ ਭੌਤਿਕ ਅਤੇ ਵਿੱਤੀ ਪ੍ਰਗਤੀ ਰਿਪੋਰਟਾਂ ਅਤੇ ਸਾਲਾਨਾ ਲੇਖਾ ਪ੍ਰੀਖਿਆ ਕੀਤੇ ਗਏ ਲੇਖਿਆਂ ਦੀ ਵਿਵਰਣੀ ਪੇਸ਼ ਕਰਨਾ ਲੋੜੀਂਦਾ ਸੀ। ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੁਆਰਾ 2014-15 ਦੌਰਾਨ 75.25 ਅਤੇ 2015-19 ਦੌਰਾਨ 60:40 ਦੀ ਰੇਸ਼ੋ ਵਿੱਚ ਫੰਡ ਜਾਰੀ ਕੀਤੇ ਜਾਣੇ ਸਨ। ਸਾਲ 2014-19 ਦੌਰਾਨ ਪ੍ਰਾਪਤ ਕੀਤੇ ਫੰਡਾਂ ਅਤੇ ਉਨ੍ਹਾਂ ਦੇ ਵਿਰੁੱਧ ਕੀਤੇ ਗਏ ਖਰਚੇ ਦੇ ਵੇਰਵਿਆ ਨੂੰ **ਸਾਰਣੀ** 2.3 ਵਿੱਚ ਦਿੱਤਾ ਗਿਆ ਹੈ।

---

[32] (i) ਅੰਮ੍ਰਿਤਸਰ; (ii) ਬਠਿੰਡਾ; (iii) ਹੁਸ਼ਿਆਰਪੁਰ; (iv) ਪਟਿਆਲਾ; (v) ਐਸ. ਏ. ਐਸ. ਨਗਰ; ਅਤੇ (vi) ਸ੍ਰੀ ਮੁਕਤਸਰ ਸਾਹਿਬ।

**ਸਾਰਣੀ 2.3: 2014-19 ਦੌਰਾਨ ਬਜਟ ਅਲਾਟਮੈਂਟ ਅਤੇ ਕੀਤਾ ਗਿਆ ਖਰਚਾ**

*(₹ ਕਰੋੜ ਵਿੱਚ)*

| ਸਾਲ | ਬਜਟ ਐਲੋਕੇਸ਼ਨ (ਪੱਧਤੀ) * | | ਜੋੜ | ਭਾਰਤ ਸਰਕਾਰ ਦੁਆਰਾ ਜਾਰੀ ਫੰਡ | ਐਫ ਡੀ ਦੁਆਰਾ ਜਾਰੀ ਫੰਡ | | ਐਫ ਡੀ ਦੁਆਰਾ ਜਾਰੀ ਕੁੱਲ ਫੰਡ | ਕਮਾਇਆ ਵਿਆਜ | ਵਿਭਾਗ ਕੋਲ ਉਪਲੱਬਧ ਕੁੱਲ ਫੰਡ | ਖਰਚਾ | ਅਣਖਰਚੇ ਬਕਾਏ | ਉਪਲੱਬਧ ਫੰਡਾਂ ਵਿਰੁੱਧ ਬੱਚਤਾਂ (*ਪ੍ਰਤੀਸ਼ਤ* ਵਿੱਚ ) |
|---|---|---|---|---|---|---|---|---|---|---|---|---|
| | ਸੀ ਐਸ | ਐਸ ਐਸ | | ਸੀ ਐਸ | ਸੀ ਐਸ | ਐਸ ਐਸ | | | | | | |
| **2014-15** | **0.26** | **0.09** | **0.35** | **0.26** | **0.00** | **0.00** | **0.00** | **0.00** | **0.00** | **0.00** | **0.00** | **0.00** |
| **2015-16** | **4.24** | **2.83** | **7.07** | **3.05** | **1.99** | **0.09** | **2.08** | **0.02** | **2.10** | **0.34** | **1.76** | **83.80** |
| **2016-17** | **9.58** | **6.39** | **15.97** | **0.00** | **0.00** | **0.00** | **0.00** | **0.05** | **1.81** | **0.27** | **1.54** | **85.08** |
| **2017-18** | **7.52** | **5.01** | **12.53** | **0.00** | **0.00** | **0.00** | **0.00** | **0.05** | **1.59** | **1.56** | **0.03** | **1.89** |
| **2018-19** | **8.12** | **5.41** | **13.53** | **2.97** | **1.07** | **1.47** | **2.54** | **0.01** | **2.58** | **2.54** | **0.04** | **1.55** |
| **ਜੋੜ** | **29.72** | **19.73** | **49.45** | **6.28** | **3.06** | **1.56** | **4.62** | **0.13** | | **4.71** | | |

*ਸ੍ਰੋਤ: ਵਿਭਾਗੀ ਡਾਟਾ*

ਉਪਰੋਕਤ ਸਾਰਣੀ ਦੇ ਵਿਸ਼ਲੇਸ਼ਣ ਨੇ ਦਰਸਾਇਆ ਕਿ:

- ਇਸ ਸਕੀਮ ਨੂੰ ਲਾਗੂ ਕਰਨ ਲਈ 2014-19 ਦੌਰਾਨ ਭਾਰਤ ਸਰਕਾਰ ਦੁਆਰਾ ਜਾਰੀ ਕੁੱਲ ₹ 6.28 ਕਰੋੜ ਵਿੱਚੋਂ ਪੰਜਾਬ ਸਰਕਾਰ ਨੇ ₹ 3.22 ਕਰੋੜ ਜਾਰੀ ਨਹੀਂ ਕੀਤੇ।
- ₹ 29.72 ਕਰੋੜ ਦੀ ਕੇਂਦਰੀ ਐਲੋਕੇਸ਼ਨ ਵਿੱਚੋਂ, ਪਹਿਲਾਂ ਤੋਂ ਜਾਰੀ ਰਾਸ਼ੀ ਦੇ ਯੂ ਸੀਜ਼ ਪੇਸ਼ ਨਾ ਕੀਤੇ ਜਾਣ ਕਾਰਣ ਭਾਰਤ ਸਰਕਾਰ ਨੇ ₹ 23.44 ਕਰੋੜ ਜਾਰੀ ਨਹੀਂ ਕੀਤੇ।
- ਰਾਜ ਦੀ ₹ 19.73 ਕਰੋੜ ਦੀ ਐਲੋਕੇਸ਼ਨ ਵਿੱਚੋਂ, ਪੰਜਾਬ ਸਰਕਾਰ ਨੇ ਸਿਰਫ ₹ 1.56 ਕਰੋੜ (ਅੱਠ *ਪ੍ਰਤੀਸ਼ਤ*) ਹੀ ਜਾਰੀ ਕੀਤੇ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਸੱਤ ਨਮੂਨਾ ਜਾਂਚ ਕੀਤੇ ਗਏ ਜਿਲ੍ਹਿਆਂ ਵਿੱਚੋਂ ਦੋ[33] ਵਿੱਚ 2015 -16 ਤੋਂ 2018-19 ਦੌਰਾਨ ਜਾਰੀ ਕੀਤੇ ਫੰਡਾਂ ਦੀ 23 ਅਤੇ 100 *ਪ੍ਰਤੀਸ਼ਤ*[34] ਦੀ ਰੇਂਜ ਵਿਚਕਾਰ ਘੱਟ ਵਰਤੋਂ ਹੋਈ ਸੀ।

ਡਾਇਰੈਕਟਰ ਨੇ ਕਿਹਾ (ਜੁਲਾਈ 2020) ਕਿ ਸੈਂਪਲਿੰਗ ਵਿਧੀ ਬਾਰੇ ਫੈਸਲਾ ਨਾ ਲਏ ਜਾਣ ਕਾਰਣ 2015-17 ਦੌਰਾਨ ਫੰਡ ਨਹੀਂ ਵਰਤੇ ਗਏ ਸਨ। ਇਨ੍ਹਾਂ ਸਾਲਾਂ ਵਿੱਚ ਫੰਡਾਂ ਦੀ ਨਾ/ ਘੱਟ ਵਰਤੋਂ ਕੀਤੇ ਜਾਣ ਕਾਰਣ, ਭਾਰਤ ਸਰਕਾਰ ਵੱਲੋਂ ਐਲੋਕੇਟ ਕੀਤੇ ਬਕਾਇਆ ਫੰਡ ਜਾਰੀ ਨਹੀਂ ਕੀਤੇ ਗਏ ਸਨ। ਜਿਥੋਂ ਤੱਕ ਰਾਜ ਦੇ ਹਿਸੇ ਦਾ ਸਬੰਧ ਹੈ ਇਹ ਕਿਹਾ ਗਿਆ ਸੀ ਕਿ ਵਿੱਤ ਵਿਭਾਗ (ਐਫ ਡੀ) ਵੱਲੋਂ ਲੋੜੀਂਦੇ ਫੰਡ ਜਾਰੀ ਨਹੀਂ ਕੀਤੇ ਗਏ ਸਨ।

ਉੱਤਰ ਮੰਨਣਯੋਗ ਨਹੀਂ ਸੀ ਅਤੇ ਇਸਨੇ ਵਿਭਾਗ ਦੀ ਸਕੀਮ ਨੂੰ ਲਾਗੂ ਕਰਨ ਵਿੱਚ, ਸੈਂਪਲਿੰਗ ਵਿਧੀ ਬਾਰੇ ਫੈਸਲੇ ਵਿੱਚ ਕੀਤੀ ਗਈ ਦੇਰੀ ਤੋਂ ਲੈ ਕੇ ਰਾਜ ਐਫ ਡੀ ਦੁਆਰਾ ਘੱਟ ਫੰਡ ਜਾਰੀ ਕਰਨ ਤੱਕ ਅਤੇ ਜਾਰੀ ਕੀਤੇ ਸੀਮਤ ਫੰਡਾਂ ਦੀ ਘੱਟ ਵਰਤੋਂ ਨੇ, ਹਰ ਪੱਧਰ ਤੇ ਢਿੱਲ-ਮੱਠ ਵਾਲੀ ਪਹੁੰਚ ਦੀ ਪੁਸ਼ਟੀ ਕੀਤੀ ਜਿਸਨੇ ਸੌਇਲ ਹੈਲਥ ਦਾ ਜਾਇਜ਼ਾ ਲੈਣ ਅਤੇ ਇਸ ਵਿੱਚ ਸੁਧਾਰ ਕਰਨ ਦੇ ਸਕੀਮ ਦੇ ਮੰਤਵ ਤੇ ਮਾੜਾ ਅਸਰ ਪਾਇਆ।

---

33 (i) ਪਟਿਆਲਾ; ਅਤੇ (ii) ਐਸ. ਏ. ਐਸ ਨਗਰ (ਮੋਹਾਲੀ)।

34 (i) ਪਟਿਆਲਾ : 2016-17 ਤੋਂ 2018-19 ਦੌਰਾਨ 23-79 *ਪ੍ਰਤੀਸ਼ਤ*; ਅਤੇ (ii) ਐਸ ਏ ਐਸ ਨਗਰ ; 2015-16 ਤੋਂ 2018-19 ਦੌਰਾਨ 24-100 *ਪ੍ਰਤੀਸ਼ਤ।*

### *(iii) ਚਿਤਵੇ ਉਦੇਸ਼ ਪ੍ਰਾਪਤ ਨਾ ਹੋਣਾ*

ਸਕੀਮ ਦੇ ਦਿਸ਼ਾ-ਨਿਰਦੇਸ਼ ਇਹ ਵਿਵਸਥਾ ਕਰਦੇ ਹਨ ਕਿ ਕਿਸਾਨਾਂ ਦੇ ਖੇਤਾਂ ਦਾ ਸਮੇਂ ਸਮੇ ਤੇ ਡਾਇਗਨੋਸਟਿਕ ਸੌਇਲ ਹੈਲਥ ਨਿਰਧਾਰਣ ਕੀਤਾ ਜਾਣਾ ਸੀ, ਤਾਂ ਜੋ ਕਿਸਾਨਾਂ ਨੂੰ ਤਿੰਨ ਸਾਲਾਂ ਵਿੱਚ ਘੱਟ ਤੋਂ ਘੱਟ ਇੱਕ ਵਾਰ ਸੌਇਲ ਹੈਲਥ ਕਾਰਡ ਜਾਰੀ ਕੀਤੇ ਜਾ ਸਕਣ। ਸਿੰਜਾਈ ਵਾਲੇ ਖੇਤਰਾਂ ਵਿੱਚ 2.5 ਹੈਕਟੇਅਰ ਦੇ ਗਰਿੱਡ ਵਿੱਚ ਨਮੂਨੇ ਲਏ ਜਾਣੇ ਸਨ ਅਤੇ ਮੀਂਹ ਤੇ ਨਿਰਭਰ ਖੇਤਰਾਂ ਵਿੱਚ 10 ਹੈਕਟੇਅਰ ਦੇ ਗਰਿੱਡ ਵਿੱਚ ਨਮੂਨੇ ਲਏ ਜਾਣੇ ਸਨ। ਦਿਸ਼ਾ ਨਿਰਦੇਸ਼ਾਂ ਦਾ ਪੈਰ੍ਹਾ 14.4 (ii) ਇਹ ਵਿਵਸਥਾ ਕਰਦਾ ਹੈ ਕਿ ਸਿੰਜਾਈ ਵਾਲੇ ਖੇਤਰਾਂ ਵਿੱਚ ਵੱਡੀਆਂ, ਦਰਮਿਆਨੀਆਂ ਅਤੇ ਨੀਮ-ਦਰਮਿਆਨੀਆਂ ਹੋਲਡਿੰਗਜ਼ ਦਾ ਨਮੂਨਾ ਲਿਆ ਜਾਵੇਗਾ ਅਤੇ ਹੋਲਡਿੰਗ ਅਨੁਸਾਰ ਟੈਸਟ ਕੀਤਾ ਜਾਵੇਗਾ। ਸੌਇਲ ਸੈਂਪਲਾਂ ਦੀ ਟੈਸਟਿੰਗ ਲਈ ਦੋ ਸਾਲ ਦਾ ਗੇੜ ਨਿਰਧਾਰਤ ਕੀਤਾ ਗਿਆ ਸੀ। ਸਕੀਮ ਤੋਂ ਰਸਾਇਣਕ ਖਾਦਾਂ ਦੀ ਖਪਤ ਨੂੰ 20 *ਪ੍ਰਤੀਸ਼ਤ* ਤੱਕ ਘੱਟ ਕਰਨ ਦੇ ਨਤੀਜੇ ਦੀ ਉਮੀਦ ਸੀ।

ਸਾਲ 2014-19 ਦੌਰਾਨ ਸੌਇਲ ਸੈਂਪਲ ਟੈਸਟਿੰਗ ਦੇ ਟੀਚੇ ਅਤੇ ਪ੍ਰਾਪਤੀਆਂ ਦੇ ਵੇਰਵੇ **ਸਾਰਣੀ** 2.4 ਵਿੱਚ ਦਿੱਤੇ ਗਏ ਹਨ।

**ਸਾਰਣੀ 2.4 : ਸੌਇਲ ਟੈਸਟਿੰਗ ਦੇ ਟੀਚੇ ਅਤੇ ਪ੍ਰਾਪਤੀਆਂ**

| ਸਾਲ | ਟੈਸਟ ਕੀਤੇ ਜਾਣ ਵਾਲੇ ਸੌਇਲ ਸੈਂਪਲਾਂ ਦਾ ਟੀਚਾ | ਟੈਸਟ ਕੀਤੇ ਗਏ ਸੌਇਲ ਸੈਂਪਲਜ਼ | ਜਾਰੀ ਕੀਤੇ ਸੌਇਲ ਹੈਲਥ ਕਾਰਡ | ਟੀਚਾ ਪ੍ਰਾਪਤੀ ਵਿੱਚ ਕਮੀ | ਕਮੀ (*ਪ੍ਰਤੀਸ਼ਤ* ਵਿੱਚ) |
|---|---|---|---|---|---|
| 2014-15* | ਨਿੱਲ | ਨਿੱਲ | ਨਿੱਲ | ਨਿੱਲ | ਨਿੱਲ |
| 2015-16 ( ਗੇੜ I) | 4,17,763 | 1,75,000 | 1,85,500 | 2,42,763 | 58 |
| 2016-17( ਗੇੜ I) | 4,17,763 | 1,81,200 | 1,95,800 | 2,36,563 | 57 |
| 2017-18( ਗੇੜ II) | 4,17,763 | 1,71,500 | 1,92,200 | 2,46,263 | 59 |
| 2018-19( ਗੇੜ II) | 4,17,763 | 8,34,544 | 15,15,852 | ਨਿੱਲ | ਨਿੱਲ |

***ਸ੍ਰੋਤ : ਵਿਭਾਗੀ ਡਾਟਾ***

****ਸਕੀਮ ਫਰਵਰੀ 2015 ਵਿੱਚ ਸ਼ੁਰੂ ਕੀਤੀ ਗਈ ਸੀ।***

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਰਾਜ ਵਿੱਚ 2015-16 ਤੋਂ 2017-18 ਦੌਰਾਨ ਸੌਇਲ ਸੈਂਪਲ ਟੈਸਟਿੰਗ ਵਿੱਚ 57 ਅਤੇ 59 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਕਮੀ ਵੇਖੀ ਗਈ ਸੀ। ਤਿੰਨ ਚੁਣੇ ਹੋਏ ਜਿਲ੍ਹਿਆਂ[35] ਵਿੱਚ 2015-16 ਤੋਂ 2017-18 ਦੌਰਾਨ ਸੌਇਲ ਸੈਂਪਲ ਟੈਸਟਿੰਗ ਦੀ ਕਮੀ 14 ਅਤੇ 79 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਸੀ। ਪੰਜਾਬ ਵਿੱਚ ਕੁੱਲ 41.25 ਲੱਖ ਹੈਕਟੇਅਰ ਖੇਤੀ ਯੋਗ ਰਕਬਾ ਹੈ ਅਤੇ 10.51 ਲੱਖ ਕਿਸਾਨ ਹਨ। ਵਿਭਾਗ ਨੇ 2015-17 ਦੌਰਾਨ (ਪਹਿਲੇ ਗੇੜ) ਕੇਵਲ 3.81 ਲੱਖ ਐਸ ਐਚ ਸੀਜ਼ ਅਤੇ ਸਾਲ 2017-19 ਦੌਰਾਨ (ਦੂਸਰੇ ਗੇੜ) 17.08 ਲੱਖ ਐਸ ਐਚ ਸੀਜ਼ ਜਾਰੀ ਕੀਤੇ ਸਨ।

ਪਹਿਲੇ ਗੇੜ ਭਾਵ 2015-17 ਦੌਰਾਨ ਸੌਇਲ ਸੈਂਪਲ ਇਕੱਠੇ ਕੀਤੇ ਗਏ ਸਨ ਅਤੇ ਗਰਿੱਡ ਬਣਾਉਣ ਜਿਵੇਂ ਕਿ ਦਿਸ਼ਾ ਨਿਰਦੇਸ਼ਾਂ ਵਿੱਚ ਵਿਵਸਥਾ ਕੀਤੀ ਗਈ ਹੈ, ਤੋਂ ਬਗੈਰ ਟੈਸਟ ਕੀਤੇ ਗਏ ਸਨ। ਨਤੀਜੇ ਵਜੋਂ ਵਿਭਾਗ ਕੋਲ ਗਰਿਡ (ਏਰੀਆ) ਜਿਥੋਂ ਸੈਂਪਲ ਡਰਾਅ ਕੀਤੇ ਗਏ ਸਨ ਬਾਰੇ

[35] (i) ਮੋਹਾਲੀ: 24 ਤੋਂ 48 *ਪ੍ਰਤੀਸ਼ਤ* ; (ii) ਪਟਿਆਲਾ: 26 ਤੋਂ 72 *ਪ੍ਰਤੀਸ਼ਤ*; ਅਤੇ (iii) ਸ੍ਰੀ ਮੁੱਕਤਸਰ ਸਾਹਿਬ : 14 ਤੋਂ 79 *ਪ੍ਰਤੀਸ਼ਤ ।*

ਡਾਟਾ ਨਹੀਂ ਸੀ। ਜਦੋਂਕਿ ਦੂਜੇ ਗੇੜ ਭਾਵ 2017-19 ਦੌਰਾਨ ਭਾਰਤ ਸਰਕਾਰ ਦੁਆਰਾ ਨਿਰਧਾਰਤ 2.5 ਹੈਕਟੇਅਰ ਦੇ ਨਿਯਮਾਂ ਦੇ ਵਿਰੁੱਧ ਜਮੀਨ ਦੇ 5 ਹੈਕਟੇਅਰ ਰਕਬੇ ਦਾ ਇਕ ਗਰਿੱਡ ਬਣਾ ਕੇ ਸੌਇਲ ਸੈਂਪਲ ਇਕੱਠੇ ਕੀਤੇ ਗਏ ਸਨ। ਇਸ ਤੋਂ ਇਲਾਵਾ ਸੈਂਪਲ ਇਕੱਠਾ ਕਰਨ ਲਈ ਲੈਂਡ ਹੋਲਡਿੰਗ (ਵੱਡੀ, ਦਰਮਿਆਨੀ ਅਤੇ ਨੀਮ-ਦਰਮਿਆਨੀ) ਅਨੁਸਾਰ ਗਰਿੱਡ ਬਣਾਉਣਾ ਯਕੀਨੀ ਨਹੀਂ ਬਣਾਇਆ ਗਿਆ ਸੀ ਕਿਉਂਕਿ ਵਿਭਾਗ ਨੇ ਅਜਿਹਾ ਡਾਟਾ ਨਹੀਂ ਰੱਖਿਆ ਸੀ। ਭਾਵੇਂ ਵਿਭਾਗ ਦੂਜੇ ਗੇੜ ਦੌਰਾਨ 41.25 ਲੱਖ ਹੈਕਟੇਅਰ ਦਾ ਪੂਰਾ ਵਾਹੀਯੋਗ ਏਰੀਆ ਕਵਰ ਕਰ ਚੁੱਕਾ ਹੈ ਪ੍ਰੰਤੂ ਫਿਰ ਵੀ ਪਹਿਲੇ ਗੇੜ ਵਿੱਚ ਗਰਿੱਡ ਤਿਆਰ ਨਾ ਕਰਨ ਦੇ ਨਾਲ ਨਾਲ ਪਹਿਲੇ ਗੇੜ ਦੌਰਾਨ ਟੈਸਟ ਕੀਤੇ ਸੌਇਲ ਦੇ ਸੈਂਪਲਾਂ ਨਾਲ ਸਬੰਧਤ ਡਾਟਾ ਨਾ ਰੱਖੇ ਜਾਣ ਕਰਕੇ, ਦੋ ਗੇੜ ਮੁਕੰਮਲ ਹੋਣ ਦੇ ਬਾਅਦ ਵੀ ਸੌਇਲ ਦੀ ਸਥਿਤੀ ਵਿੱਚ ਤਬਦੀਲੀਆਂ ਦੀ ਤੁਲਨਾ ਨਹੀਂ ਕੀਤੀ ਜਾ ਸਕੀ ਸੀ।

ਅੱਗੇ ਇਹ ਧਿਆਨ ਵਿੱਚ ਆਇਆ ਸੀ ਕਿ 2014-19 ਦੌਰਾਨ ਰਾਜ ਵਿੱਚ ਯੂਰੀਆ ਅਤੇ ਡਾਈ ਅਮੋਨਿਅਮ ਫਾਸਫੇਟ (ਡੀ ਏ ਪੀ) ਦੀ ਖਪਤ 80:20 ਦੇ ਅਨੁਪਾਤ ਵਿੱਚ ਸੀ। ਲੇਖਾ ਪ੍ਰੀਖਿਆ ਨੇ ਯੂਰੀਆ ਦੀ ਖਪਤ (ਰਾਜ ਵਿੱਚ ਖਾਦ ਦੀ ਮੁੱਖ ਖਪਤ) ਵਿੱਚ ਸੱਤ *ਪ੍ਰਤੀਸ਼ਤ* (2014-15 ਵਿੱਚ 31.35 ਲੱਖ ਮੀਟ੍ਰਿਕ ਟਨ ਤੋਂ 2018-19 ਵਿੱਚ 29.15 ਲੱਖ ਮੀਟ੍ਰਿਕ ਟਨ) ਦੀ ਮਾਮੂਲੀ ਕਮੀ ਵੇਖੀ। ਸੌਇਲ ਸੈਂਪਲਾਂ ਦੇ ਟੀਚਿਆ ਦੀ ਪ੍ਰਾਪਤੀ ਨਾ ਕਰਨ ਕਰਕੇ, ਰਸਾਇਣਕ ਖਾਦਾਂ ਦੀ ਖਪਤ ਨੂੰ 20 *ਪ੍ਰਤੀਸ਼ਤ* ਤੱਕ ਘਟਾਉਣ ਦਾ ਸਕੀਮ ਦਾ ਉਦੇਸ਼ ਪ੍ਰਾਪਤ ਨਹੀਂ ਹੋਇਆ ਸੀ। ਇਸ ਦੇ ਨਤੀਜੇ ਵਜੋਂ ਕਿਸਾਨ ਰਸਾਇਣਕ ਖਾਦਾਂ ਨਾਲ ਸਬੰਧਤ ਇਨਪੁਟ ਲਾਗਤ ਵਿੱਚ ਕਮੀ ਅਤੇ ਮਿੱਟੀ ਦੀ ਕਿਸਮ ਲਈ ਰਸਾਇਣਕ ਖਾਦ ਦੀ ਸਹੀ ਮਾਤਰਾ ਅਪਣਾਉਣ ਕਰਕੇ ਪੈਦਾਵਾਰ ਵਿੱਚ ਵਾਧਾ ਲੈਣ ਦੇ ਸੰਭਾਵਿਤ ਲਾਭਾਂ ਤੋਂ ਵਾਂਝੇ ਰਹੇ। ਇਸ ਦੀ ਪੁਸ਼ਟੀ ਲਾਭਪਾਤਰੀ ਸਰਵੇਖਣ ਵਿੱਚ ਹੋਈ ਜਿਸ ਵਿੱਚ 61 *ਪ੍ਰਤੀਸ਼ਤ* ਕਿਸਾਨਾਂ ਨੇ ਸੋਇਲ ਹੈਲਥ ਕਾਰਡ ਅਨੁਸਾਰ ਰਸਾਇਣਕ ਖਾਦਾਂ ਦੀ ਸਿਫਾਰਸ਼ ਕੀਤੀ ਗਈ ਮਾਤਰਾ ਦੀ ਵਰਤੋਂ ਕੀਤੀ ਸੀ। ਸਰਵੇਖਣ ਕੀਤੇ 56-58 *ਪ੍ਰਤੀਸ਼ਤ* ਕਿਸਾਨਾਂ ਨੇ ਦੱਸਿਆ ਕਿ ਉਨਾਂ ਨੇ ਸਿਫਾਰਸ਼ ਕੀਤੇ ਰਸਾਇਣਕ ਖਾਦਾਂ ਨਾਲ ਵਧੇਰੀ ਪੈਦਾਵਾਰ ਹਾਸਲ ਕੀਤੀ।

ਮਾਹਰ ਦੀ ਰਾਇ ਸੀ ਕਿ ਸੌਇਲ ਟੈਸਟ ਰਿਪੋਰਟਾਂ ਦੀ ਤਿੰਨ ਸਾਲਾਂ ਦੇ ਸਮੇ ਤੋਂ ਬਾਅਦ ਦੀ ਤੁਲਨਾ ਮਿੱਟੀ ਦੇ ਅਗ੍ਰੇਡਿੰਗ ਜਾਂ ਡੀਗ੍ਰੇਡਿੰਗ ਬਾਰੇ ਜਾਣਕਾਰੀ ਮੁਹੱਈਆ ਕਰਵਾ ਸਕਦੀ ਹੈ ਜੋ ਕਿ ਸਸਟੇਨੇਬਿਲਟੀ ਦਾ ਇੱਕ ਮਹੱਤਵਪੂਰਣ ਸੂਚਕ ਹੈ। ਇਹ ਵਿਭਾਗ ਨੂੰ ਮਿੱਟੀ ਦੇ ਪੌਸ਼ਟਿਕ ਤੱਤਾਂ ਵਿੱਚ ਤਬਦੀਲੀ ਹੋਣ ਸਦਕਾ ਰਸਾਇਣਕ ਖਾਦ ਦੀ ਮਾਤਰਾ ਨੂੰ ਬਦਲਣ ਦੇ ਯੋਗ ਬਣਾਉਂਦੀ ਹੈ।

ਡਾਇਰੈਕਟਰ ਨੇ ਕਿਹਾ (ਜੁਲਾਈ 2020) ਕਿ ਖੇਤਰੀ ਪੱਧਰ ਤੇ ਅਮਲੇ ਦੀ ਘਾਟ ਅਤੇ ਪ੍ਰਯੋਗਸ਼ਾਲਾਵਾਂ ਵਿੱਚ ਢਾਂਚੇ ਦੀ ਕਮੀ ਕਾਰਣ ਮਿੱਟੀ ਦੀ ਪਰਖ ਦੇ ਟੀਚੇ ਪ੍ਰਾਪਤ ਨਹੀਂ ਕੀਤੇ ਜਾ ਸਕੇ ਸਨ। ਜਦੋਂਕਿ ਦੂਜੇ ਗੇੜ ਵਿੱਚ ਸੌਇਲ ਸੈਂਪਲ ਟੈਸਟਿੰਗ ਆਊਟਸੋਰਸ ਕਰਕੇ ਸੈਂਪਲ ਟੈਸਟਿੰਗ ਦੇ ਟੀਚੇ ਪ੍ਰਾਪਤ ਕਰ ਲਏ ਗਏ ਸਨ। ਵਿਭਾਗ ਨੇ ਮੰਨਿਆ ਕਿ ਭਾਵੇਂ ਖਾਦ ਦੀ ਸਮੁੱਚੀ ਖ਼ਪਤ 8.84 *ਪ੍ਰਤੀਸ਼ਤ* ਨਾਲ ਘਟੀ ਪ੍ਰੰਤੂ ਡੀ ਏ ਪੀ ਵਿੱਚ ਲਗਭਗ 19 *ਪ੍ਰਤੀਸ਼ਤ* ਦੀ ਕਮੀ ਹੋਈ ਸੀ। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਪਹਿਲੇ ਗੇੜ ਦੌਰਾਨ ਟੀਚੇ ਪ੍ਰਾਪਤ ਨਾ ਹੋਣ ਕਰਕੇ, ਪੌਸ਼ਟਿਕ ਤੱਤਾਂ ਵਿੱਚ ਤਬਦੀਲੀ ਦਾ ਪਤਾ ਕਰਨ ਲਈ ਦੂਜੇ ਗੇੜ ਦੇ ਨਤੀਜਿਆਂ ਦੀ ਤੁਲਨਾ ਨਹੀਂ ਕੀਤੀ ਜਾ ਸਕੀ ਸੀ। ਨਤੀਜੇ ਵਜੋਂ ਵਿਭਾਗ ਨੇ ਸੌਇਲ ਦੇ ਪੌਸ਼ਟਿਕ ਤੱਤਾਂ ਅਨੁਸਾਰ ਰਸਾਇਣਕ ਖਾਦਾਂ ਦੀ ਉਚਿੱਤ ਮਾਤਰਾ ਦੀ ਸਿਫਾਰਸ਼ ਨਹੀਂ ਕੀਤੀ। ਨਤੀਜੇ ਵਜੋਂ ਲੇਖਾ ਪ੍ਰੀਖਿਆ ਅਧੀਨ ਕਵਰ ਕੀਤੇ ਸਮੇ ਦੌਰਾਨ ਯੂਰੀਏ ਦੀ ਖਪਤ ਵਿੱਚ ਮਮੂਲੀ ਜਿਹੀ ਕਟੌਤੀ ਵੇਖੀ ਗਈ ਸੀ। ਇਸ ਲਈ ਮਿੱਟੀ ਦੀ

ਉਤਪਾਦਕਤਾ ਵਿੱਚ ਸਮੇਂ ਸਮੇਂ ਤੇ ਹੋ ਰਹੀਆਂ ਤਬਦੀਲੀਆਂ ਨੂੰ ਜਾਣਨ ਅਤੇ ਉਚਿੱਤ ਸੋਧਮਈ ਉਪਾਅ ਕਰਨ ਦਾ ਸਕੀਮ ਦਾ ਉਦੇਸ਼ ਪ੍ਰਾਪਤ ਨਹੀਂ ਕੀਤਾ ਜਾ ਸਕਿਆ।

*(iv) ਸਿਫਾਰਸ਼ ਕੀਤੇ ਗਏ ਪੌਸ਼ਟਿਕ ਤੱਤਾਂ ਲਈ ਵਿੱਤੀ ਸਹਾਇਤਾ ਵਿੱਚ ਊਣਤਾਭਰੀ ਯੋਜਨਾਬੰਦੀ*

ਦਿਸ਼ਾ-ਨਿਰਦੇਸ਼ਾਂ ਦੇ ਪੈਰ੍ਹਾ 16.2 ਵਿੱਚ ਵਿਵਸਥਾ ਕੀਤੀ ਗਈ ਹੈ ਕਿ ਟੀਚਾਗਤ ਪਿੰਡਾਂ ਵਿੱਚ ਮਿੱਟੀ ਦੀ ਪਰਖ ਤੇ ਅਧਾਰਤ ਪੌਸ਼ਟਿਕ ਤੱਤ ਸੰਤੁਲਨ ਕਰਨ ਲਈ ਵਿੱਤੀ ਸਹਾਇਤਾ ਦਿੱਤੀ ਜਾਣੀ ਸੀ ਜਿਵੇਂ ਕਿ ਦਿਸ਼ਾ-ਨਿਰਦੇਸ਼ਾਂ ਦੇ ਅਨੁਲੱਗ V ਵਿੱਚ ਵੇਰਵਾ ਦਿੱਤਾ ਗਿਆ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਰਾਜ ਵਿੱਚ 2014-19 ਦੌਰਾਨ ਕਿਸਾਨਾਂ ਨੂੰ 20,89,352 ਐਸ ਐਚ ਸੀਜ਼ ਜਾਰੀ ਕੀਤੇ ਗਏ ਸਨ। ਜਦੋਂਕਿ, ਇਹ ਵੇਖਿਆ ਗਿਆ ਕਿ ਕਿਸੇ ਵੀ ਜਿਲ੍ਹੇ ਵਿੱਚ ਸਕੀਮ ਅਧੀਨ ਸਿਫਾਰਸ਼ ਕੀਤੇ ਪੌਸ਼ਟਿਕ ਤੱਤਾਂ ਲਈ ਵਿੱਤੀ ਸਹਾਇਤਾ ਜਾਰੀ ਕਰਨ ਲਈ ਰਾਜ ਪੱਧਰ 'ਤੇ ਸੰਕਲਿਤ ਕਰਨ ਲਈ ਸਾਲਾਨਾ ਐਕਸ਼ਨ ਪਲਾਨ (ਏ ਏ ਪੀ) ਨਹੀਂ ਬਣਾਇਆ ਗਿਆ ਸੀ। ਸਿੱਟੇ ਵਜੋਂ, 2015-16 ਅਤੇ 2018-19 ਦੌਰਾਨ ਭਾਰਤ ਸਰਕਾਰ ਦੁਆਰਾ ਜਾਰੀ ₹ 0.32 ਕਰੋੜ ਦੇ ਵਿਰੁੱਧ ਕੋਈ ਖਰਚਾ ਨਹੀਂ ਕੀਤਾ ਗਿਆ ਸੀ। ਇਸ ਲਈ ਭਾਰਤ ਸਰਕਾਰ ਨੇ ਹੋਰ ਫੰਡ ਜਾਰੀ ਨਹੀਂ ਕੀਤੇ ਸਨ। ਇੰਜ, ਵਿਭਾਗ ਦੀ ਏ ਏ ਪੀ ਤਿਆਰ ਕਰਨ ਨੂੰ ਯਕੀਨੀ ਬਣਾਉਣ ਦੀ ਅਸਮਰੱਥਾ ਕਾਰਣ ਉਪਲੱਬਧ ਫੰਡਾਂ ਦੀ ਵਰਤੋਂ ਨਹੀਂ ਹੋਈ ਜਿਸ ਕਰਕੇ ਭਾਰਤ ਸਰਕਾਰ ਤੋਂ ਹੋਰ ਰਲੀਜ਼ ਲਈ ਇਨਕਾਰ ਹੋਇਆ ਜਿਸਦੇ ਨਤੀਜੇ ਵਜੋਂ ਕਿਸਾਨਾਂ ਨੂੰ ਉਨ੍ਹਾਂ ਦੇ ਖੇਤਾਂ ਵਿੱਚ ਸੰਤੁਲਤ ਪੌਸ਼ਟਿਕ ਤੱਤਾਂ ਲਈ ਵਿੱਤੀ ਸਹਾਇਤਾ ਤੋਂ ਇਨਕਾਰ ਕੀਤਾ ਗਿਆ। ਇਸਨੇ ਚਿਤਵੇ ਲਾਭ ਲੈਣ ਲਈ ਸਕੀਮ ਨੂੰ ਲਾਗੂ ਕਰਨ ਵਿੱਚ ਸਰਕਾਰ ਦੇ ਗੰਭੀਰ ਨਾ ਹੋਣ ਨੂੰ ਦਰਸਾਇਆ।

ਡਾਇਰੈਕਟਰ ਨੇ ਲੇਖਾ ਪ੍ਰੀਖਿਆ ਦੀ ਟਿੱਪਣੀ ਨਾਲ ਸਹਿਮਤੀ ਜਤਾਈ (ਜੁਲਾਈ 2020)

*(v) ਸੌਇਲ ਸੈਂਪਲਾਂ ਦੇ ਸਾਰੇ ਮਾਪਦੰਡਾਂ ਦਾ ਵਿਸ਼ਲੇਸ਼ਣ ਨਾ ਕਰਨਾ*

ਸਕੀਮ ਦੇ ਦਿਸ਼ਾ-ਨਿਰਦੇਸ਼ਾਂ ਦਾ ਪੈਰ੍ਹਾ 14.5(i) ਵਿਵਸਥਾ ਕਰਦਾ ਹੈ ਕਿ ਸੌਇਲ ਸੈਪਲਾਂ ਨੂੰ ਮਿਆਰੀ ਪ੍ਰਕਿਰਿਆਵਾਂ ਦੀ ਪਾਲਣਾ ਕਰਕੇ ਪ੍ਰੋਸੈਸ ਕਰਨ ਅਤੇ ਵੱਖ-ਵੱਖ ਪੈਰਾਮੀਟਰਾਂ ਭਾਵ, ਪੀ ਐਚ[36], ਇਲੈਕਟਰੀਕਲ ਕੰਡਕਟੀਵਿਟੀ (ਈ ਸੀ), ਆਰਗੈਨਿਕ ਕਾਰਬਨਜ਼ (ਓ ਸੀ), ਉਪਲੱਬਧ ਫਾਸਫੋਰਸ, ਪੋਟਾਸ਼ੀਅਮ, ਸਲਫਰ, ਮੈਗਨੀਸ਼ੀਅਮ, ਕੈਲਸ਼ੀਅਮ ਅਤੇ ਮਾਈਕਰੋ ਨਿਊਟ੍ਰੈਂਟਸ (ਜਿਵੇਂ ਕਿ ਜ਼ਿੰਕ, ਫੈਰਸ, ਮੈਨਗਨੀਜ਼ ਅਤੇ ਤਾਂਬਾ) ਲਈ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਸੱਤ ਚੁਣੇ ਹੋਏ ਜਿਲ੍ਹਿਆਂ ਦੇ ਅਧਿਕਾਰ ਖ਼ੇਤਰ ਅਧੀਨ ਪੈਂਦੀਆਂ 21 ਸੌਇਲ ਟੈਸਟਿੰਗ ਲੈਬੋਰਟਰੀਆਂ (ਐਸ ਟੀ ਐਲ) ਨੇ 5,54,692 ਸੌਇਲ ਸੈਂਪਲ ਟੈਸਟ ਕੀਤੇ ਪ੍ਰੰਤੂ ਨਿਰਧਾਰਤ ਕੀਤੇ ਗਏ 12 ਪੈਰਾਮੀਟਰਾਂ ਦੇ ਵਿਰੁੱਧ ਕੇਵਲ ਤਿੰਨ ਤੋਂ ਨੌਂ ਪੈਰਾਮੀਟਰਾਂ ਲਈ ਹੀ ਟੈਸਟ ਕੀਤੇ ਗਏ ਸਨ ਜਿਹੜੇ ਕਿ ਸੌਇਲ ਦੀ ਚੰਗੀ ਹੈਲਥ ਨੂੰ ਬਰਕਰਾਰ ਰੱਖਣ ਲਈ ਲੋੜੀਂਦੇ ਮਾਈਕਰੋ ਨਿਊਟ੍ਰੈਂਟਸ ਦੀ ਸਿਫਾਰਸ਼ ਕਰਨ ਲਈ ਕਾਫੀ ਨਹੀਂ ਸਨ। ਮਾਹਰ ਨੇ ਪੰਜਾਬ ਦੇ ਸੋਇਲ ਪੋਸ਼ਟਿਕ ਤੱਤਾਂ ਵਿੱਚ ਵੱਖ ਵੱਖ ਕਮੀਆਂ[37] ਨੂੰ ਉਜਾਗਰ ਕਰਦੇ ਹੋਏ ਸਲਾਹ ਦਿੱਤੀ (ਜੂਨ 2020)

---

[36] ਪਾਵਰ ਆਫ ਹਾਈਡ੍ਰੋਜਨ।

[37] ਆਰਗੈਨਿਕ ਕਾਰਬਨ (33 *ਪ੍ਰਤੀਸ਼ਤ*); ਸਲਫਰ (25 *ਪ੍ਰਤੀਸ਼ਤ*); ਜ਼ਿੰਕ (22 *ਪ੍ਰਤੀਸ਼ਤ*); ਫਾਸਫੋਰਸ (15 *ਪ੍ਰਤੀਸ਼ਤ*); ਮੈਨਗਨੀਜ (11 *ਪ੍ਰਤੀਸ਼ਤ*); ਆਦਿ।

ਕਿ ਲੰਬੇ ਸਮੇਂ ਲਈ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਬਰਕਰਾਰ ਰੱਖਣ ਲਈ ਘੱਟੋ-ਘੱਟ 10 ਪੈਰਾਮੀਟਰਜ਼[38] ਲੋੜੀਂਦੇ ਸਨ।

ਡਾਇਰੈਕਟਰ ਨੇ ਤੱਥਾਂ ਨੂੰ ਮੰਨਿਆ (ਜੁਲਾਈ 2020)।

ਇੰਜ, ਬਦਲਵੀਆਂ ਫਸਲਾਂ ਵੱਲ ਖੇਤਰ ਦੀ ਵਿਭਿੰਨਤਾ ਕਰਨ ਲਈ, ਫਸਲ ਵਿਭਿੰਨਤਾ ਪ੍ਰੋਗਰਾਮ ਨੂੰ ਨਿਪੁੰਨਤਾ ਨਾਲ ਲਾਗੂ ਕਰਨ ਵਿੱਚ ਵਿਭਾਗ ਦੀ ਅਸਫਲਤਾ ਕਾਰਣ, ਚੰਗੀ ਸੋਇਲ ਹੈਲਥ ਨੂੰ ਬਰਕਰਾਰ ਰੱਖਣ ਲਈ, ਮਿੱਟੀ ਦੇ ਮਾਇਕਰੋ/ਮੈਕਰੋ ਪੋਸ਼ਟਿਕ ਤੱਤਾਂ ਅਤੇ ਅਮੈਲੀਓਰੈਂਟਸ[39] ਨੂੰ ਸੰਭਾਲਿਆ ਨਹੀਂ ਜਾ ਸਕੀਆ।

**ਸਿਫਾਰਸ਼ : ਵਿਭਾਗ ਨੂੰ ਸਕੀਮ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੈਂਪਲ ਇਕੱਠੇ ਕਰਕੇ ਅਤੇ ਟੈਸਟ ਕਰਕੇ ਭੂਮੀ ਸੰਭਾਲ ਦੀ ਸਸਟੇਨੇਬਿਲਟੀ ਲਈ ਭੂਮੀ ਦੀ ਚੰਗੀ ਹੈਲਥ ਬਰਕਰਾਰ ਰੱਖਣ ਦੇ ਇਸ ਗੰਭੀਰ ਮਸਲੇ ਨੂੰ ਹੱਲ ਕਰਨ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।**

### *2.1.7.4 ਸੌਇਲ ਹੈਲਥ ਮਨੇਜਮੈਂਟ ਸਕੀਮ*

ਭਾਰਤ ਸਰਕਾਰ ਵਲੋਂ ਸੌਇਲ ਟੈਸਟਿੰਗ ਲੈਬੋਰਟਰੀਆਂ (ਐਸ ਟੀ ਐਲ) ਨੂੰ ਮਜਬੂਤ ਕਰਨ, ਐਸ ਟੀ ਐਲ ਅਮਲੇ /ਐਕਸਟੈਂਸ਼ਨ ਅਧਿਕਾਰੀਆਂ/ ਕਿਸਾਨਾਂ ਨੂੰ ਸਿਖ਼ਲਾਈ ਦੇ ਕੇ ਅਤੇ ਸਾਇਲ ਹੈਲਥ ਪ੍ਰਬੰਧਨ/ਏਕੀਕ੍ਰਿਤ ਨਿਊਟਰੀਐਂਟ ਮਨੇਜਮੈਂਟ/ ਖਾਦਾਂ ਦੀ ਸੰਤੁਲਿਤ ਵਰਤੋਂ ਬਾਰੇ ਖੇਤਰੀ ਪ੍ਰਦਰਸ਼ਨੀ/ਵਰਕਸ਼ਾਪਾਂ ਲਾ ਕੇ ਸਮਰੱਥਾ ਨਿਰਮਾਣ ਕਰਨ, ਖਾਦਾਂ ਦੀ ਸਾਈਟ ਵਿਸ਼ੇਸ਼ ਸੰਤੁਲਿਤ ਵਰਤੋਂ ਲਈ ਡਾਟਾ ਬੈਂਕ ਬਣਾਉਣ ਅਤੇ ਖਾਦਾਂ ਦੇ ਗੁਣਵੱਤਾ ਕੰਟਰੋਲ ਸਿਸਟਮ ਨੂੰ ਮਜਬੂਤ ਕਰਨ ਦੇ ਉਦੇਸ਼ ਨਾਲ 2014 ਵਿੱਚ ਸੌਇਲ ਹੈਲਥ ਮਨੇਜਮੈਂਟ ਸਕੀਮ ਦਾ ਅਰੰਭ ਕੀਤਾ ਗਿਆ ਸੀ।

ਪਹਿਲਾਂ ਤੋਂ ਮੰਜ਼ੂਰ ਹੋਏ ਪ੍ਰੋਜੈਕਟਾਂ ਦੀ ਪ੍ਰਗਤੀ ਰਿਪੋਰਟ, ਵਰਤੋਂ ਸਰਟੀਫਿਕੇਟ ਪੇਸ਼ ਕਰਨ, ਵਿਸ਼ੇਸ਼ ਤੁਰੰਤ ਲੋੜ ਆਦਿ ਦੇ ਅਧਾਰ 'ਤੇ ਭਾਰਤ ਸਰਕਾਰ ਵਲੋਂ ਰਾਜ ਨੂੰ ਫੰਡ ਜਾਰੀ ਕੀਤੇ ਜਾਣੇ ਸਨ। 2014-15 ਅਤੇ 2015-19 ਦੌਰਾਨ, ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵਿਚਕਾਰ ਫੰਡਾਂ ਦੀ ਰੇਸ਼ੋ ਕ੍ਰਮਵਾਰ 75:25 ਅਤੇ 60:40 ਸੀ। ਪਿਛਲੇ ਪੰਜ ਸਾਲ ਦੀ ਬਜਟ ਅਲਾਟਮੈਂਟ ਅਤੇ ਖਰਚੇ ਨੂੰ **ਸਾਰਣੀ** 2.5 ਵਿੱਚ ਦਿੱਤਾ ਗਿਆ ਹੈ।

**ਸਾਰਣੀ 2.5 : 2014-19 ਦੌਰਾਨ ਬਜਟ ਅਲਾਟਮੈਂਟ ਅਤੇ ਕੀਤਾ ਖਰਚਾ**

*(₹ ਕਰੋੜ ਵਿੱਚ)*

| ਸਾਲ | ਬਜਟ ਐਲੋਕੇਸ਼ਨ ਪੱਧਤੀ | | ਜੋੜ | ਭਾਰਤ ਸਰਕਾਰ ਦੁਆਰਾ ਜਾਰੀ ਫੰਡ | ਰਾਜ ਦੁਆਰਾ ਜਾਰੀ ਫੰਡ | | ਰਾਜ ਦੁਆਰਾ ਜਾਰੀ ਕੁੱਲ ਫੰਡ | ਕਮਾਇਆ ਵਿਆਜ | ਵਿਭਾਗ ਕੋਲ ਉਪਲੱਬਧ ਕੁਲ ਫੰਡ | ਖਰਚਾ | ਅਣਖਰਚਿਆ ਬਕਾਇਆ | ਉਪਲੱਬਧ ਫੰਡਾਂ ਦੇ ਵਿਰੁੱਧ ਬੱਚਤਾਂ (ਪ੍ਰਤੀਸ਼ਤ ਵਿੱਚ) |
|---|---|---|---|---|---|---|---|---|---|---|---|---|
| | ਸੀ ਐਸ | ਐਸ ਐਸ | | ਸੀ ਐਸ | ਸੀ ਐਸ | ਐਸ ਐਸ | | | | | | |
| 2014-15 | 3.91 | 0.00 | 3.91 | 1.51 | 1.51 | 0.00 | 1.51 | 0.00 | 1.51 | 0.00 | 1.51 | 100 |
| 2015-16 | 0.00 | 0.00 | 0.00 | 0.00 | 0.00 | 0.00 | 0.00 | 0.06 | 1.57 | 0.57 | 1.00 | 63.70 |
| 2016-17 | 0.00 | 0.00 | 0.00 | 0.00 | 0.00 | 0.00 | 0.00 | 0.00 | 1.00 | 0.00 | 1.00 | 100.00 |
| 2017-18 | 9.87 | 6.58 | 16.45 | 2.47 | 0.00 | 0.00 | 0.00 | 0.00 | 1.00* | 0.00 | 0.00 | 0.00 |
| 2018-19 | 5.67 | 3.78 | 9.45 | 0.99 | 1.30 | 0.10 | 1.40 | 0.00 | 1.40 | 1.40 | 0.00 | 0.00 |
| **ਜੋੜ** | **19.45** | **10.36** | **29.81** | **4.97** | **2.81** | **0.10** | **2.91** | **0.06** | | **1.97** | | |

*ਸ੍ਰੋਤ : ਵਿਭਾਗੀ ਡਾਟਾ*

** 2017-18 ਦੌਰਾਨ ₹ 99.50 ਲੱਖ ਭਾਰਤ ਸਰਕਾਰ ਨੂੰ ਵਾਪਸ ਕਰ ਦਿੱਤੇ ਗਏ।*

---

38 ਕੈਲਸ਼ੀਅਮ ਅਤੇ ਮੈਗਨੇਜ਼ੀਅਮ ਤੋਂ ਇਲਾਵਾ।

39 ਇੱਕ ਸਬਸਟਾਂਸ ਜੋਕਿ ਮਿੱਟੀ ਦੀ ਭੌਤਿਕ ਹਾਲਤ ਵਿੱਚ ਸੁਧਾਰ ਕਰਕੇ, ਪੌਦਿਆਂ ਦੇ ਵਧਣ ਵਿੱਚ ਸਹਾਇਤਾ ਕਰਦਾ ਹੈ।

ਉਪਰੋਕਤ ਸਾਰਣੀ ਦੇ ਵਿਸ਼ਲੇਸ਼ਣ ਨੇ ਦਰਸਾਇਆ ਕਿ:

- 2014-15 ਦੌਰਾਨ ਭਾਰਤ ਸਰਕਾਰ ਦੁਆਰਾ ₹ 3.91 ਕਰੋੜ ਦੀ ਬਜਟ ਐਲੋਕੇਸ਼ਨ ਦੇ ਵਿਰੁੱਧ, ਪੰਜਾਬ ਸਰਕਾਰ ਵਲੋਂ 2014-17 ਦੌਰਾਨ ਕੋਈ ਵੀ ਐਲੋਕੇਸ਼ਨ ਨਹੀਂ ਕੀਤੀ ਗਈ ਸੀ। ਸਿੱਟੇ ਵਜੋਂ, ਭਾਰਤ ਸਰਕਾਰ ਨੇ 2015-17 ਦੌਰਾਨ ਕੋਈ ਵੀ ਫੰਡ ਐਲੋਕੇਟ ਨਹੀਂ ਕੀਤੇ;
- ਰਾਜ ਦੇ ਹਿੱਸੇ ਵਜੋਂ 2017-19 ਦੌਰਾਨ ਕੀਤੀ ₹ 10.36 ਕਰੋੜ ਦੀ ਐਲੋਕੇਸ਼ਨ ਦੇ ਵਿਰੁੱਧ ਪੰਜਾਬ ਸਰਕਾਰ ਦੁਆਰਾ 2018-19 ਦੌਰਾਨ ਕੇਵਲ ₹ 0.10 ਕਰੋੜ (ਇੱਕ *ਪ੍ਰਤੀਸ਼ਤ*) ਹੀ ਜਾਰੀ ਕੀਤੇ ਗਏ ;
- 2014-17 ਦੌਰਾਨ ਭਾਰਤ ਸਰਕਾਰ ਵਲੋਂ ਜਾਰੀ ਹੋਏ ₹ 1.51 ਕਰੋੜ ਦੇ ਵਿਰੁੱਧ ਵਿਭਾਗ ਨੇ ਕੇਵਲ ₹ 0.57 ਕਰੋੜ ਹੀ ਵਰਤੇ ਅਤੇ 2017-18 ਦੌਰਾਨ ₹ 1.00 ਕਰੋੜ (₹ 0.06 ਕਰੋੜ ਦੇ ਵਿਆਜ ਸਮੇਤ) ਦਾ ਬਕਾਇਆ ਭਾਰਤ ਸਰਕਾਰ ਨੂੰ ਵਾਪਸ ਕਰ ਦਿੱਤਾ ;
- 2017-19 ਦੌਰਾਨ ਭਾਰਤ ਸਰਕਾਰ ਵਲੋਂ ਜਾਰੀ ਹੋਏ ₹ 3.46 ਕਰੋੜ ਵਿੱਚੋਂ, ਰਾਜ ਦੇ ਐਫ ਡੀ ਨੇ ਕੇਵਲ ₹ 1.30 ਕਰੋੜ ਹੀ ਜਾਰੀ ਕੀਤੇ।

ਲੇਖਾ ਪ੍ਰੀਖਿਆ ਨੇ ਅੱਗੇ ਵੇਖਿਆ ਕਿ ਆਈ ਸੀ ਪੀ[40] ਦੀ ਖਰੀਦ ਲਈ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਿਟਡ (ਪੀ ਏ ਜੀ ਆਰ ਈ ਐਕਸ ਸੀ ਓ) ਨੂੰ ਜਨਵਰੀ 2019 ਵਿੱਚ ਟਰਾਂਸਫਰ ਕੀਤੀ ਗਈ ₹ 1.40 ਕਰੋੜ ਦੀ ਰਾਸ਼ੀ ਅਜੇ ਵੀ ਉਨ੍ਹਾਂ ਕੋਲ ਪਈ ਹੋਈ ਸੀ ਕਿਉਂਕਿ ਖਰੀਦ ਪ੍ਰਕ੍ਰਿਆ ਅਧੀਨ ਸੀ (ਨਵੰਬਰ 2020)। ਦਿਲਚਸਪੀ ਦੀ ਗੱਲ ਇਹ ਹੈ ਕਿ ਵਿਭਾਗ ਦੁਆਰਾ ਇਸ ਦੀ ਅਸਲ ਵਰਤੋਂ ਨੂੰ ਯਕੀਨੀ ਬਣਾਉਣ ਤੋਂ ਬਗੈਰ ਹੀ ਇਸ ਰਾਸ਼ੀ ਦਾ ਯੂ ਸੀ ਭਾਰਤ ਸਰਕਾਰ ਨੂੰ ਪਹਿਲਾਂ ਹੀ ਭੇਜਿਆ ਜਾ ਚੁੱਕਾ ਸੀ।

ਡਾਇਰੈਕਟਰ ਨੇ ਤੱਥਾਂ ਨੂੰ ਮੰਨਿਆ (ਜੁਲਾਈ 2020) ਅਤੇ ਕਿਹਾ ਕਿ ਫੰਡਾਂ ਨੂੰ ਵਰਤਣ ਦੇ ਉਪਰਾਲੇ ਕੀਤੇ ਜਾਣਗੇ।

### *(i) ਸੌਇਲ ਹੈਲਥ ਮਨੇਜਮੈਂਟ ਸਕੀਮ ਦਾ ਅਸਰਹੀਣ ਲਾਗੂਕਰਣ*

ਮਿੱਟੀ ਦੇ ਸੈਂਪਲਾਂ ਦੇ ਘੋਲ ਵਿੱਚ ਮਾਈਕਰੋ ਨਿਊਟ੍ਰੈਂਟਸ ਦਾ ਅੰਦਾਜ਼ਾ ਲਗਾਉਣ ਲਈ ਰਾਜ ਵਿੱਚ 61 ਐਸ ਟੀ ਐਲਜ਼ ਵਿੱਚੋਂ ਕੇਵਲ 17 ਆਟੋਮੈਟਿਕ ਐਬਜ਼ੋਰਪਸ਼ਨ ਸਪੈਕਟਰੋਟੋਮੀਟਰ (ਏ ਏ ਐਸ) ਨਾਲ ਲੈਸ ਸਨ। ਸੱਤ ਚੁਣੇ ਹੋਏ ਜਿਲ੍ਹਿਆਂ ਵਿੱਚ 21 ਕ੍ਰਿਆਸ਼ੀਲ ਲੈਬੋਰਟਰੀਆਂ ਵਿਚੋਂ 15 ਏ ਏ ਐਸ ਨਾਲ ਲੈਸ ਨਹੀਂ ਸਨ ਅਤੇ ਇਹ ਮਿੱਟੀ ਦੇ ਵੱਖ-ਵੱਖ ਪੈਰਾਮੀਟਰਾਂ ਜਿਵੇਂ ਕਿ ਜ਼ਿੰਕ, ਅਇਰਨ, ਕੌਪਰ, ਮੈਂਗਨੀਜ਼ ਆਦਿ ਦਾ ਵਿਸ਼ਲੇਸ਼ਣ ਕਰਨ ਦੇ ਯੋਗ ਨਹੀਂ ਸਨ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ:

- ਸਿਵਾਏ 2015-16 ਦੇ 2014-19 ਦੌਰਾਨ ਪੰਜ[41] ਜਿਲ੍ਹਿਆਂ ਵਿੱਚ ਖਾਦਾਂ ਦੀ ਸੰਤੁਲਿਤ ਵਰਤੋਂ ਉੱਤੇ ਕੋਈ ਡੈਮੋਂਸਟਰੇਸ਼ਨ ਨਹੀਂ ਦਿੱਤੀ ਗਈ ਸੀ। ਜਦੋਂਕਿ ਐਸ ਏ ਐਸ ਨਗਰ ਅਤੇ ਸ੍ਰੀ ਮੁਕਤਸਰ ਸਾਹਿਬ ਵਿੱਚ ਇਹ ਬਿਲਕੁਲ ਵੀ ਨਹੀਂ ਦਿੱਤੀ ਗਈ ਸੀ।

---

40 ਇੰਡਕਟਿਵਲੀ ਕਪਲਡ ਪਲਾਜ਼ਮਾ ਸਪੈਕਟਰੋਫੋਟੋਮੀਟਰ (ਆਈ ਸੀ ਪੀ)।

41 (i) ਅੰਮ੍ਰਿਤਸਰ; (ii) ਬਠਿੰਡਾ; (iii) ਹੁਸ਼ਿਆਰਪੁਰ; (iv) ਪਟਿਆਲਾ; ਅਤੇ (v) ਸੰਗਰੂਰ।

- 2014-19 ਦੌਰਾਨ ਛੇ[42] ਜਿਲ੍ਹਿਆਂ ਵਿੱਚ ਕੋਈ ਸਿਖ਼ਲਾਈ ਨਹੀ ਦਿੱਤੀ ਗਈ ਸੀ।
- ਛੇ[43] ਜ਼ਿਲ੍ਹਿਆਂ ਵਿੱਚ ਸਕੀਮ ਬਾਰੇ ਜਾਗਰੂਕਤਾ ਲਈ ਕਿਸਾਨ ਮੇਲਾ ਨਹੀਂ ਲਗਾਇਆ ਗਿਆ ਸੀ।
- 2014-19 ਦੌਰਾਨ ਕਿਸੇ ਵੀ ਚੁਣੇ ਹੋਏ ਜਿਲ੍ਹੇ ਵਿੱਚ ਕਿਸਾਨਾਂ ਨੂੰ ਮਾਈਕਰੋ ਨਿਊਟ੍ਰੀਂਟਸ ਲਈ ਕੋਈ ਸਹਾਇਤਾ ਪ੍ਰਦਾਨ ਨਹੀਂ ਕੀਤੀ ਗਈ ਸੀ।

ਡਾਇਰੈਕਟਰ ਨੇ ਕਿਹਾ (ਜੁਲਾਈ 2020) ਕਿ ਐਸ ਟੀ ਐਲਜ਼ ਦੇ ਮਜਬੂਤੀਕਰਣ ਲਈ ਪ੍ਰਕ੍ਰਿਆ ਸ਼ੁਰੂ ਕੀਤੀ ਗਈ ਸੀ ਅਤੇ ਇਹ ਛੇਤੀ ਹੀ ਮੁਕੰਮਲ ਕਰ ਲਈ ਜਾਵੇਗੀ। ਸਿਖਲਾਈ ਅਤੇ ਪ੍ਰਦਰਸ਼ਨੀਆਂ ਬਾਰੇ ਵਿਭਾਗ ਨੇ ਦੱਸਿਆ ਕਿ ਰਾਜ ਸਰਕਾਰ ਨੇ ਸਿਖਲਾਈ ਅਤੇ ਪ੍ਰਦਰਸ਼ਨੀ ਲਈ ਫੰਡ ਜਾਰੀ ਨਹੀਂ ਕੀਤੇ ਸਨ। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਫੰਡਾਂ ਦੀ ਉਪਲੱਬਧਤਾ ਦੇ ਬਾਵਜੂਦ ਵਿਭਾਗ ਆਈ ਸੀ ਪੀ ਦੀ ਖਰੀਦ ਕਰਨ ਵਿੱਚ ਅਸਮਰਥ ਰਿਹਾ ਜਿਸਦੇ ਸਿੱਟੇ ਵਜੋ ਚੰਗੀ ਸੌਇਲ ਹੈਲਥ ਬਰਕਰਾਰ ਰੱਖਣ ਲਈ ਕਿਸਾਨਾਂ ਨੂੰ ਕੀਮਤੀ ਇਨਪੁਟ ਮੁਹੱਈਆ ਕਰਵਾਉਣ ਵਾਸਤੇ ਲੈਬਾਰਟਰੀਆ ਨੂੰ ਮਜਬੂਤ ਕਰਨ ਦੇ ਟੀਚੇ ਪ੍ਰਾਪਤ ਨਹੀਂ ਕੀਤੇ ਗਏ ਸਨ।

ਇੰਜ, ਫਸਲ ਵਿਭਿੰਨਤਾ ਪ੍ਰੋਗਰਾਮ ਨੂੰ ਨਿਪੁੰਨਤਾ ਨਾਲ ਲਾਗੂ ਕਰਨ ਲਈ ਇਰਾਦੇ ਦੀ ਘਾਟ ਅਤੇ ਇਸ ਦੇ ਨਾਲ ਸੌਇਲ ਹੈਲਥ ਕਾਰਡ ਅਤੇ ਸੌਇਲ ਹੈਲਥ ਮਨੇਜਮੈਂਟ ਸਕੀਮਾਂ ਅਨੁਸਾਰ ਫੰਡ ਨਹੀਂ/ਘੱਟ ਜਾਰੀ ਕਰਨ ਕਰਕੇ, ਸੌਇਲ ਹੈਲਥ ਦਾ ਵਿਸ਼ਲੇਸ਼ਣ ਕਰਨ/ ਬਰਕਰਾਰ ਰੱਖਣ ਲਈ ਬੁਨਿਆਦੀ ਢਾਂਚਾ ਸਹੂਲਤਾਂ ਨਾਕਾਫੀ ਸਨ।

**ਸਿਫਾਰਸ਼ : ਵਿਭਾਗ ਨੂੰ ਚਾਹੀਦਾ ਹੈ ਕਿ ਲੋੜੀਂਦੇ ਫੰਡ ਯਕੀਨੀ ਬਣਾਏ ਅਤੇ ਇਸ ਦੀ ਵਰਤੋਂ ਰਾਜ ਵਿੱਚ ਐਸ ਟੀ ਐਲਜ਼ ਨੂੰ ਮਜ਼ਬੂਤ ਕਰਨ ਲਈ ਕੀਤੀ ਜਾਵੇ ਤਾਂ ਜੋ ਕਿਸਾਨਾਂ ਨੂੰ ਖਾਦਾਂ ਦੀ ਸਰਵੋਤਮ ਵਰਤੋਂ ਬਾਰੇ ਸਲਾਹ ਦਿੱਤੀ ਜਾ ਸਕੇ।**

### *2.1.7.5 ਲਘੂ ਸਿੰਜਾਈ*

ਸੁਧਰੀ ਹੋਈ ਤਕਨੀਕ ਰਾਹੀਂ ਲਘੂ ਸਿੰਜਾਈ ਅਧੀਨ ਰਕਬਾ ਵਧਾਉਣ, ਜਲ ਵਰਤੋਂ ਵਿੱਚ ਨਿਪੁੰਨਤਾ ਵਧਾਉਣ ਅਤੇ ਅਜੋਕੇ ਵਿਗਿਆਨਿਕ ਗਿਆਨ ਨਾਲ ਖੇਤੀਬਾੜੀ/ਬਾਗਬਾਨੀ ਦੇ ਵਿਕਾਸ ਲਈ ਲਘੂ ਸਿੰਜਾਈ ਤਕਨਾਲੋਜੀ ਦੀ ਉੱਨਤੀ, ਵਿਕਾਸ ਅਤੇ ਪ੍ਰਸਾਰ ਕਰਨ ਲਈ ਭਾਰਤ ਸਰਕਾਰ (ਜੀ ਓ ਆਈ) ਨੇ ਲਘੂ ਸਿੰਜਾਈ ਲਈ ਰਾਸ਼ਟਰੀ ਮਿਸ਼ਨ ਦੀ ਸ਼ੁਰੂਆਤ ਕੀਤੀ (2010)। ਇਸ ਮਿਸ਼ਨ ਅਧੀਨ ਲਘੂ ਸਿੰਜਾਈ ਸਿਸਟਮ ਦੀ ਲਾਗਤ ਦਾ 40 *ਪ੍ਰਤੀਸ਼ਤ* ਭਾਰਤ ਸਰਕਾਰ ਦੁਆਰਾ, 10 *ਪ੍ਰਤੀਸ਼ਤ* ਪੰਜਾਬ ਸਰਕਾਰ ਦੁਆਰਾ ਅਤੇ ਬਾਕੀ ਦਾ 50 *ਪ੍ਰਤੀਸ਼ਤ* ਲਾਭਪਾਤਰੀਆਂ ਦੁਆਰਾ ਦਿੱਤਾ ਜਾਣਾ ਸੀ। ਪ੍ਰੰਤੂ, ਦਿਸ਼ਾ-ਨਿਰਦੇਸ਼ਾਂ ਦੇ ਪੈਰ੍ਹਾ 6.1 ਅਤੇ 6.2 ਅਧੀਨ ਵਿਅਕਤੀਗਤ ਲਾਭਪਾਤਰੀ ਉੱਤੇ ਭਾਰ ਨੂੰ ਘਟਾਉਣ ਲਈ, ਰਾਜ ਸਰਕਾਰ ਵਧੀਕ ਵਿੱਤੀ ਸਹਾਇਤਾ[44] ਪ੍ਰਦਾਨ ਕਰਨ ਲਈ ਸੁਤੰਤਰ ਸੀ। ਇਸ ਅਨੁਸਾਰ 2014-19 ਦੌਰਾਨ ਪੰਜਾਬ ਸਰਕਾਰ ਨੇ ਨਾਬਾਰਡ ਤੋਂ

---

42 (i) ਅੰਮ੍ਰਿਤਸਰ; (ii) ਬਠਿੰਡਾ; (iii) ਹੁਸ਼ਿਆਰਪੁਰ; (iv) ਮੁਹਾਲੀ; (v) ਪਟਿਆਲਾ; ਅਤੇ (vi) ਸ੍ਰੀ ਮੁੱਕਤਸਰ ਸਾਹਿਬ।

43 (i) ਅੰਮ੍ਰਿਤਸਰ; (ii) ਬਠਿੰਡਾ; (iii) ਹੁਸ਼ਿਆਰਪੁਰ; (iv) ਮੁਹਾਲੀ; (v) ਸੰਗਰੂਰ ਅਤੇ; (vi) ਸ੍ਰੀ ਮੁੱਕਤਸਰ ਸਾਹਿਬ।

44 95 *ਪ੍ਰਤੀਸ਼ਤ* ਪੰਜਾਬ ਸਰਕਾਰ ਦੁਆਰਾ ਨਾਬਾਰਡ ਤੋਂ ਕਰਜੇ ਰਾਹੀਂ ਦਿੱਤਾ ਜਾਣਾ ਸੀ ਅਤੇ 5 *ਪ੍ਰਤੀਸ਼ਤ* ਲਾਭਪਾਤਰੀ ਦੁਆਰਾ ਦਿੱਤਾ ਜਾਣਾ ਸੀ।

ਕਰਜਾ ਲੈ ਕੇ, ਪੰਜ ਹੈਕਟੇਅਰ ਖੇਤਰ ਤੱਕ ਸੀਮਤ ਕਰਦੇ ਹੋਏ, ਹਰ ਲਾਭਪਾਤਰੀ ਨੂੰ ਵਧੀਕ ਵਿੱਤੀ ਸਹਾਇਤਾ ਪ੍ਰਦਾਨ ਕੀਤੀ।

### *(i) ਬਜਟ ਅਲਾਟਮੈਂਟ ਅਤੇ ਖਰਚਾ*

2014–19 ਦੌਰਾਨ ਸਕੀਮ ਅਧੀਨ ਐਲੋਕੇਟ ਕੀਤੇ ਗਏ ਫੰਡ ਅਤੇ ਕੀਤਾ ਗਿਆ ਖਰਚਾ **ਸਾਰਣੀ** 2.6 ਵਿੱਚ ਦਿੱਤਾ ਗਿਆ ਹੈ।

**ਸਾਰਣੀ 2.6: 2014–19 ਦੌਰਾਨ ਐਲੋਕੇਟ ਹੋਏ ਫੰਡ ਅਤੇ ਕੀਤਾ ਖਰਚਾ**

*(₹ ਕਰੋੜ ਵਿੱਚ)*

| ਸਾਲ | ਮੰਜੂਰਸ਼ੁਦਾ ਆਊਟਲੇਅ | | | ਜਾਰੀ ਕੀਤੇ ਫੰਡ | | ਵਿਭਾਗ ਕੋਲ ਮੁੱਢਲਾ ਬਕਾਇਆ | ਐਫ ਡੀ ਦੁਆਰਾ ਜਾਰੀ ਕੀਤੇ ਫੰਡ | | | | | ਖਰਚਾ | ਅੰਤਿਮ ਬਕਾਇਆ |
|---|---|---|---|---|---|---|---|---|---|---|---|---|---|
| | ਸੀ ਐਸ | ਐਸ ਐਸ | ਨਾਬਾਰਡ | ਸੀ ਐਸ | ਨਾਬਾਰਡ | | ਸੀ ਐਸ | ਐਸ ਐਸ | ਨਾਬਾਰਡ | ਵਿਆਜ | ਜੋੜ | | |
| 2014-15 | 7.06 | 3.25 | 9.33 | 0.00 | 9.20 | 12.87 | 0.00 | 2.59 | 0.00 | 0.28 | 15.74 | 6.45 | 9.29 |
| 2015-16 | 5.89 | 0.66 | 10.10 | 0.00 | 0.00 | 9.29 | 0.00 | 0.56 | 6.7 | 0.3 | 16.85 | 10.12 | 6.73 |
| 2016-17 | 5.00 | 2.53 | 9.19 | 1.18 | 15.53 | 6.73 | 0.00 | 2.25 | 8.1 | 0.18 | 17.26 | 10.74 | 6.52 |
| 2017-18 | 1.53 | 0.44 | 2.50 | 0.00 | 0.00 | 6.52 | 0.38 | 0.44 | 2.5 | 0.09 | 9.93 | 3.13 | 6.80 |
| 2018-19 | 3.00 | 1.23 | 10.00 | 6.00 | 0.00 | 6.80 | 0.78 | 1.21 | 8.27 | 0.00 | 17.06 | 9.69 | 7.37 |
| **ਜੋੜ** | **22.48** | **8.11** | **41.12** | **7.18** | **24.73** | | **1.16** | **7.05** | **25.57** | **0.85** | | **40.13** | |

*ਸ੍ਰੋਤ : ਵਿਭਾਗੀ ਡਾਟਾ*

ਲੇਖਾ ਪ੍ਰੀਖਿਆ ਨੇ ਵੇਖਿਆ ਕਿ:

- ਸਮੇਂ ਸਿਰ ਯੂ ਸੀਜ਼ ਨਾ ਭੇਜਣ, ਪਿਛਲੀਆਂ ਕਿਸ਼ਤਾਂ ਦੀ ਵਰਤੋਂ ਨਾ ਕਰਨ, ਰਾਜ ਦੇ ਹਿੱਸੇ (₹ 1.06 ਕਰੋੜ) ਦਾ ਉਪਬੰਧ ਨਾ ਕਰਨ ਵਰਗੀਆਂ ਸਕੀਮ ਦੀਆਂ ਸ਼ਰਤਾਂ ਪੂਰੀਆਂ ਨਾ ਹੋਣ ਕਰਕੇ ਰਾਜ 2014–19 ਦੌਰਾਨ ₹ 15.30 ਕਰੋੜ ਦੀ ਕੇਂਦਰੀ ਸਹਾਇਤਾ ਦਾ ਲਾਭ ਨਹੀਂ ਲੈ ਸਕਿਆ।
- ਭਾਰਤ ਸਰਕਾਰ ਵੱਲੋਂ 2014–19 ਦੌਰਾਨ ਜਾਰੀ ₹ 7.18 ਕਰੋੜ ਵਿੱਚੋਂ ਰਾਜ ਐਫ ਡੀ ਨੇ ਸਿਰਫ ₹ 1.16 ਕਰੋੜ ਹੀ ਜਾਰੀ ਕੀਤੇ ਸਨ।

ਭੂਮੀਪਾਲ (ਸੀ ਐਸ) ਨੇ ਕਿਹਾ (ਜੁਲਾਈ 2020) ਕਿ ਐਫ ਡੀ ਵੱਲੋਂ ਰਾਜ ਦਾ ਹਿੱਸਾ ਜਾਰੀ ਨਾ ਕਰਨ ਕਰਕੇ ਭਾਰਤ ਸਰਕਾਰ ਦੇ ਫੰਡਾਂ ਦੀ ਸਮੇਂ ਸਿਰ ਵਰਤੋਂ ਨਹੀਂ ਕੀਤੀ ਜਾ ਸਕੀ। ਰਾਜ ਐਫ ਡੀ ਤੋਂ ਉੱਤਰ ਦੀ ਉਡੀਕ ਸੀ (ਨਵੰਬਰ 2020)।

### *(ii) ਟੀਚੇ ਪ੍ਰਾਪਤ ਨਾ ਹੋਣਾ*

ਇਹ ਸਕੀਮ ਵਿਵਸਥਾ ਕਰਦੀ ਹੈ ਕਿ ਲਘੂ ਸਿੰਜਾਈ ਅਧੀਨ ਕਵਰ ਕੀਤਾ ਗਿਆ ਇਕ ਹੈਕਟੇਅਰ ਖੇਤਰ 4,000 ਕਿਊਬਿਕ ਮੀਟਰ ਪਾਣੀ ਦੀ ਬੱਚਤ ਕਰੇਗਾ। ਰਾਜ ਨੇ ਸੰਭਾਵਿਤ ਖੇਤਰ ਦਾ 3.80 ਲੱਖ ਹੈਕਟੇਅਰ ਨਿਰਧਾਰਤ ਕੀਤਾ (2007–08) ਜਿਸ ਨੂੰ ਲਘੂ ਸਿੰਜਾਈ ਅਧੀਨ ਸੰਭਾਲਿਆ ਜਾ ਸਕਦਾ ਸੀ। ਵਿਭਾਗ ਨੇ 2013–14 ਤੱਕ ਇਸ ਵਿੱਚੋਂ 27,979 ਹੈਕਟੇਅਰ ਖੇਤਰ ਪਹਿਲਾਂ ਹੀ ਕਵਰ ਕਰ ਲਿਆ ਸੀ। ਲਘੂ ਸਿੰਜਾਈ ਅਧੀਨ 2014–19 ਦੌਰਾਨ ਕਵਰ ਕੀਤੇ ਗਏ ਖੇਤਰ ਦੇ ਟੀਚੇ ਤੇ ਪ੍ਰਾਪਤੀਆਂ **ਸਾਰਣੀ** 2.7 ਵਿੱਚ ਦਿੱਤੀਆਂ ਗਈਆਂ ਹਨ।

ਸਾਰਣੀ 2.7 : ਲਘੂ ਸਿੰਜਾਈ ਅਧੀਨ ਕਵਰ ਕੀਤੇ ਖੇਤਰ ਦੇ ਟੀਚੇ ਅਤੇ ਪ੍ਰਾਪਤੀਆਂ

| ਸਾਲ | ਟੀਚਾ (ਹੈਕਟੇਅਰ ਵਿੱਚ) | ਪ੍ਰਾਪਤੀ (ਹੈਕਟੇਅਰ ਵਿੱਚ ) | ਕਮੀ | ਕਮੀ (*ਪ੍ਰਤੀਸ਼ਤ* ਵਿੱਚ) |
|---|---|---|---|---|
| 2014-15 | 5,000 | 875 | 4,125 | 82.50 |
| 2015-16 | 4,133 | 1,799 | 2,334 | 56.47 |
| 2016-17 | 3,000 | 1,951 | 1,049 | 34.97 |
| 2017-18 | 1,300 | 600 | 700 | 53.85 |
| 2018-19 | 1,300 | 507 | 793 | 61.00 |
| **ਜੋੜ** | **14,733** | **5,732** | **9,001** | **61.09** |

*ਸ੍ਰੋਤ: ਵਿਭਾਗੀ ਡਾਟਾ*

ਲਘੂ ਸਿੰਜਾਈ ਅਧੀਨ 2014-19 ਦੌਰਾਨ ਕਵਰ ਹੋਣ ਵਾਲੇ 14,733 ਹੈਕਟੇਅਰ ਖੇਤਰ ਦੇ ਟੀਚੇ ਦੇ ਵਿਰੁੱਧ, ਵਿਭਾਗ ਸਿਰਫ 5,732 ਹੈਕਟੇਅਰ (38.91 *ਪ੍ਰਤੀਸ਼ਤ*) ਹੀ ਕਵਰ ਕਰ ਸਕਿਆ ਸੀ ਅਤੇ 61.09 *ਪ੍ਰਤੀਸ਼ਤ* ਦੀ ਕਮੀ ਰਹਿ ਗਈ ਸੀ। ਜਿਵੇਂ ਕਿ ਲੇਖਾ ਪ੍ਰੀਖਿਆ ਵਿੱਚ ਵੇਖਿਆ ਗਿਆ ਸੀ ਇਸ ਦਾ ਕਾਰਣ ਰਾਜ ਵੱਲੋਂ ਕੇਂਦਰੀ ਅਤੇ ਰਾਜ ਹਿੱਸੇ ਦਾ ਨਾ/ਘੱਟ ਜਾਰੀ ਹੋਣਾ ਸੀ ਜਿਸ ਕਰਕੇ ₹ 15.30 ਕਰੋੜ ਦੀ ਕੇਂਦਰੀ ਸਹਾਇਤਾ ਤੋਂ ਇਨਕਾਰ ਹੋਇਆ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਚੁਣੇ ਹੋਏ ਜਿਲ੍ਹਿਆਂ ਵਿੱਚ ਸਾਲਾਨਾ ਐਕਸ਼ਨ ਪਲਾਨ ਵਿੱਚ ਨਿਰਧਾਰਤ ਕੀਤੇ 6,782 ਹੈਕਟੇਅਰ ਦੇ ਟੀਚੇ ਦੇ ਵਿਰੁੱਧ ਸਿਰਫ 2,408.34 ਹੈਕਟੇਅਰ (35.51 *ਪ੍ਰਤੀਸ਼ਤ*) ਖੇਤਰ ਹੀ ਕਵਰ ਕੀਤਾ ਜਾ ਸਕਿਆ ਸੀ ਜਿਸਦੇ ਸਿੱਟੇ ਵਜੋਂ 4,373.66 ਹੈਕਟੇਅਰ (64.49 *ਪ੍ਰਤੀਸ਼ਤ*) ਦੀ ਕਮੀ ਰਹੀ।

ਭੂਮੀਪਾਲ ਨੇ ਕਿਹਾ (ਜੁਲਾਈ 2020) ਕਿ ਫੰਡਾਂ ਦੀ ਉਪਲੱਬਧਤਾ ਵਿੱਚ ਦੇਰੀ ਅਤੇ ਇਨ੍ਹਾਂ ਦੀ ਮਾਤਰਾ ਨਾਕਾਫੀ ਹੋਣ ਕਰਕੇ ਪ੍ਰਗਤੀ ਹੌਲੀ ਰਹੀ। ਇਸ ਤੋਂ ਇਲਾਵਾ ਲਘੂ ਸਿੰਜਾਈ ਪ੍ਰਣਾਲੀ ਦੀ ਅਸਲ ਬਾਜਾਰੀ ਲਾਗਤ ਭਾਰਤ ਸਰਕਾਰ ਦੇ ਲਾਗਤ ਮਿਆਰਾਂ ਤੋਂ ਵੱਧ ਸੀ। ਉੱਤਰ ਮੰਨਣਯੋਗ ਨਹੀਂ ਸੀ ਕਿਉਂਜੋ ਵਿਭਾਗ ਉਪਲੱਬਧ ਸਾਧਨਾਂ ਨੂੰ ਨਿਪੁੰਨਤਾ ਨਾਲ ਜੁਟਾਉਣ ਵਿੱਚ ਵੀ ਨਾਕਾਮ ਰਿਹਾ (*ਜਿਵੇਂ ਕਿ ਸਾਰਣੀ 2.6 ਵਿੱਚ ਦਰਸਾਇਆ ਗਿਆ*)।

ਫੰਡਾਂ ਦੇ ਨਾ/ਘੱਟ ਜਾਰੀ ਹੋਣ ਕਰਕੇ ਸਾਲਾਨਾ ਐਕਸ਼ਨ ਪਲਾਨ ਦੇ ਟੀਚੇ ਪ੍ਰਾਪਤ ਨਹੀਂ ਕੀਤੇ ਜਾ ਸਕੇ ਜਿਸ ਦੇ ਨਤੀਜੇ ਵਜੋਂ ਰਾਜ ਨੂੰ 36 ਮਿਲੀਅਨ ਕਿਊਬਿਕ ਮੀਟਰ[45] ਪਾਣੀ ਦੀ ਸੰਭਾਲ ਕਰਨ ਤੋਂ ਵਾਂਝੇ ਰੱਖਿਆ ਗਿਆ।

### *2.1.7.6 ਭੂਮੀਗਤ ਪਾਈਪਲਾਈਨ ਸਕੀਮ*

ਜਲ ਦੇ ਸਤਹੀ ਅਤੇ ਇਸ ਦੇ ਨਾਲ ਭੂਮੀਗਤ ਸ੍ਰੋਤਾਂ ਦੀ ਨਿਪੁੰਨਤਾ ਨਾਲ ਵਰਤੋਂ ਕਰਕੇ ਖੇਤੀ ਉਤਪਾਦ ਦੀ ਉਪਜ ਅਤੇ ਗੁੱਣਵੱਤਾ ਨੂੰ ਸੁਧਾਰਨ ਲਈ, ਨਾਬਾਰਡ ਕੋਲੋਂ ਕਰਜ਼ਾ (95 *ਪ੍ਰਤੀਸ਼ਤ*) ਲੈ ਕੇ ਅਤੇ ਰਾਜ ਸਰਕਾਰ ਵਲੋਂ ਪੰਜ *ਪ੍ਰਤੀਸ਼ਤ* ਯੋਗਦਾਨ ਪਾ ਕੇ, ਰਾਜ ਵਿੱਚ ਹੇਠ ਲਿਖੇ ਪ੍ਰੋਜੈਕਟ ਲਾਗੂ ਕੀਤੇ ਗਏ ਸਨ। ਪ੍ਰੋਜੈਕਟਾਂ ਅਧੀਨ ਆਪਣੇ ਖੇਤਾਂ ਨੂੰ ਸਿੰਜਣ ਲਈ ਭੂਮੀਗਤ ਪਾਈਪ ਲਾਈਨ ਪ੍ਰਣਾਲੀ ਅਪਣਾਉਣ ਵਾਸਤੇ ਕਿਸਾਨਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਣੀ ਸੀ।

[45] ਇੱਕ ਹੈਕਟੇਅਰ ਪ੍ਰਤੀ ਸਾਲ 4,000 ਕਿਊਬਕ ਮੀਟਰ ਪਾਣੀ ਸੰਭਾਲ ਸਕਦਾ ਹੈ; ਅਤੇ 9,001 ਹੈਕਟੇਅਰ (ਕਮੀ) ਪ੍ਰਤੀ ਸਾਲ 36 ਮਿਲੀਅਨ ਕਿਊਬਕ ਮੀਟਰ ਪਾਣੀ ਦੀ ਸੰਭਾਲ ਕਰੇਗਾ।

**ਭੂਮੀਗਤ ਪਾਈਪਲਾਈਨ ਸਕੀਮ ਦੇ ਪ੍ਰੋਜੈਕਟਾਂ ਦੇ ਵੇਰਵੇ ਅਤੇ ਟੀਚੇ**

| ਪ੍ਰੋਜੈਕਟ ਦਾ ਨਾਂਅ | ਪ੍ਰੋਜੈਕਟ ਦੇ ਵੇਰਵੇ ਅਤੇ ਟੀਚੇ |
|---|---|
| ਪੇਂਡੂ ਇਨਫਰਾਸਟਰਕਚਰ ਡਿਵੈਲਪਮੈਂਟ ਫੰਡ (ਆਰ ਆਈ ਡੀ ਐਫ) XVII | ਇਹ ਪ੍ਰੋਜੈਕਟ ਰੇਨਵਾਟਰ ਹਾਰਵੈਸਟਿੰਗ ਢਾਂਚਿਆ ਦਾ ਨਿਰਮਾਣ ਕਰਕੇ ਰਾਜ ਵਿੱਚ ਸਿੰਜਾਈ ਦੀ ਸੰਭਾਵਨਾ ਵਿੱਚ ਵਾਧਾ ਕਰਨ ਲਈ ਉਪਲੱਬਧ ਪਾਣੀ ਦੀ ਉਚਿੱਤ ਵਰਤੋਂ ਅਤੇ ਮੀਂਹ ਦੇ ਪਾਣੀ ਦੀ ਹਾਰਵੈਸਟਿੰਗ ਕਰਨ ਲਈ ਸੀ। ਸਕੀਮ ਅਧੀਨ 30,577 ਹੈਕਟੇਅਰ ਖੇਤਰ ਕਵਰ ਕਰਨ ਦੇ ਉਦੇਸ਼ ਨਾਲ 12 ਜਿਲ੍ਹੇ ਚੁਣੇ ਗਏ ਸਨ ਅਤੇ ਇਸਨੂੰ 31 ਮਾਰਚ 2014 ਤੱਕ ₹ 130 ਕਰੋੜ ਦੀ ਲਾਗਤ ਨਾਲ ਪੂਰਾ ਕਰਨਾ ਸੀ। |
| ਆਰ ਆਈ ਡੀ ਐਫ XVIII | ਇਹ ਪ੍ਰੋਜੈਕਟ ਸੀਵੇਜ ਟਰੀਟਮੈਂਟ ਪਲਾਟਾਂ (ਐਸ ਟੀ ਪੀ) ਤੋਂ ਸਿੰਜਾਈ ਕਰਨ ਲਈ ਭੂਮੀਗਤ ਪਾਈਪਲਾਈਨਾਂ ਵਿਛਾਉਣ ਲਈ ਸੀ । |
| ਆਰ ਆਈ ਡੀ ਐਫ XXI | ਇਹ ਪ੍ਰੋਜੈਕਟ ਰਾਜ ਦੇ ਦੱਖਣ ਪੱਛਮੀ ਜਿਲ੍ਹਿਆ ਵਿੱਚ ਸੇਮ ਵਾਲੇ ਖੇਤਰਾਂ ਵਿੱਚ ਭਰੋਸੇਯੋਗ ਸਿੰਜਾਈ ਜਲ ਮੁੱਹਈਆ ਕਰਵਾਉਣ ਲਈ ਸੀ। ਇਸ ਦਾ ਉਦੇਸ਼ 31 ਮਾਰਚ 2018 ਤੱਕ ₹ 60 ਕਰੋੜ ਦੀ ਲਾਗਤ ਨਾਲ 7,551 ਹੈਕਟੇਅਰ ਕਵਰ ਕਰਨਾ ਸੀ। |
| ਆਰ ਆਈ ਡੀ ਐਫ XXII | ਇਹ ਪ੍ਰੋਜੈਕਟ ਕੈਨਾਲ ਕਮਾਂਡ ਏਰੀਏ ਵਿੱਚ ਸਿੰਜਾਈ ਦਾ ਪਾਣੀ ਲੈ ਜਾਣ ਲਈ ਭੂਮੀਗਤ ਪਾਈਪਲਾਈਨ ਪ੍ਰਣਾਲੀ ਵਿਛਾਉਣ ਵਾਸਤੇ ਸੀ। ਇਹ ਪ੍ਰੋਜੈਕਟ ਰਾਜ ਦੇ 11 ਜਿਲ੍ਹਿਆਂ ਵਿੱਚ ਸ਼ੁਰੂ ਕੀਤਾ ਗਿਆ ਸੀ ਜਿਹੜਾ ਕਿ ₹116.96 ਕਰੋੜ ਦੀ ਲਾਗਤ ਨਾਲ 31 ਮਾਰਚ 2019 ਤੱਕ ਪੂਰਾ ਕੀਤਾ ਜਾਣਾ ਸੀ। |

### *(i) ਉਪਲੱਬਧ ਫੰਡ ਅਤੇ ਖਰਚੇ ਦੇ ਵੇਰਵੇ*

ਉਪਲੱਬਧ ਫੰਡ ਅਤੇ ਉਪਰ ਜ਼ਿਕਰ ਕੀਤੇ ਗਏ ਪ੍ਰੋਜੈਕਟਾਂ ਤੇ 2014-19 ਦੌਰਾਨ ਕੀਤੇ ਖਰਚੇ ਦੇ ਵੇਰਵੇ ਹੇਠਾਂ **ਸਾਰਣੀ 2.8** ਵਿੱਚ ਦਿੱਤੇ ਗਏ ਹਨ।

**ਸਾਰਣੀ 2.8: 2014-19 ਦੌਰਾਨ ਉਪਲੱਬਧ ਫੰਡ ਅਤੇ ਯੂ ਜੀ ਪੀ ਐਲ ਸਕੀਮ ਦੇ ਚਾਰ ਪ੍ਰੋਜੈਕਟਾਂ ਤੇ ਕੀਤਾ ਖਰਚਾ**

*(₹ ਕਰੋੜ ਵਿੱਚ)*

| ਸਾਲ | ਮੁਢਲਾ ਬਕਾਇਆ | ਨਾਬਾਰਡ ਦੁਆਰਾ ਜਾਰੀ ਕੀਤੇ ਫੰਡ 95 *ਪ੍ਰਤੀਸ਼ਤ* | ਰਾਜ ਦਾ ਹਿੱਸਾ ਪੰਜ *ਪ੍ਰਤੀਸ਼ਤ* | ਕੁੱਲ ਜਾਰੀ ਕੀਤੇ | ਕੁੱਲ ਉਪਲੱਬਧ ਫੰਡ | ਐਫ ਡੀ/ਖਜ਼ਾਨੇ ਦੁਆਰਾ ਜਾਰੀ ਕੀਤੇ ਫੰਡ | ਜਾਰੀ ਨਹੀਂ ਕੀਤੇ ਫੰਡ | ਖਰਚਾ | ਅਣਵਰਤੇ | ਅਣਵਰਤੇ ਫੰਡਾਂ ਦੀ *ਪ੍ਰਤੀਸ਼ਤਤਾ* |
|---|---|---|---|---|---|---|---|---|---|---|
| | **1** | **2** | **3** | **4 (2+3)** | **5 (4+1)** | **6** | **7 (5-6)** | **8** | **9 (6-8)** | **10** |
| 2014-15 | 49.71 | 0.00 | 0.00 | 0.00 | 49.71 | 21.16 | 28.55 | 20.52 | 0.64 | 3 |
| 2015-16 | 28.55 | 30.26 | 1.59 | 31.85 | 60.40 | 21.26 | 39.14 | 20.49 | 0.77 | 4 |
| 2016-17 | 39.14 | 60.76 | 3.19 | 63.95 | 103.09 | 32.81 | 70.28 | 31.59 | 1.22 | 4 |
| 2017-18 | 70.28 | 0.00 | 0.00 | 0.00 | 70.28 | 19.86 | 50.42 | 18.03 | 1.83 | 9 |
| 2018-19 | 50.42 | 18.76 | 0.98 | 19.74 | 70.16 | 37.47 | 32.69 | 21.45 | 16.02 | 43 |
| **ਜੋੜ** | | **109.78** | **5.76** | **115.54** | | **132.56** | | **112.08** | **20.48** | |

*ਸ੍ਰੋਤ: ਵਿਭਾਗੀ ਡਾਟਾ*

- 2014-19 ਦੌਰਾਨ ਭਾਵੇਂ ਨਾਬਾਰਡ ਦੁਆਰਾ ਐਫ ਡੀ ਨੂੰ ਫੰਡ ਜਾਰੀ ਕਰ ਦਿੱਤੇ ਗਏ ਸਨ ਪ੍ਰੰਤੂ ਰਾਜ ਨੇ ₹ 32.69 ਕਰੋੜ ਜਾਰੀ ਨਹੀਂ ਕੀਤੇ ਸਨ।
- ਜਾਰੀ ਹੋਏ ਫੰਡਾਂ ਦੀ ਵਰਤੋਂ 2014-18 ਦੌਰਾਨ 91 ਅਤੇ 97 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਸੀ ਜੋ ਕਿ 2018-19 ਵਿੱਚ ਘਟ ਕੇ 57 *ਪ੍ਰਤੀਸ਼ਤ* ਰਹਿ ਗਈ।

ਫੰਡਾਂ ਦੇ ਘੱਟ ਜਾਰੀ ਹੋਣ ਅਤੇ ਵਰਤੋਂ ਨਾ ਹੋਣ ਕਰਕੇ ਪ੍ਰੋਜੈਕਟ ਮਾਰਚ 2019 ਤੱਕ ਮੁਕੰਮਲ ਨਹੀਂ ਹੋ ਸਕੇ ਸਨ।

ਸੀ ਐਸ ਨੇ ਕਿਹਾ (ਜੁਲਾਈ 2020) ਕਿ ਪ੍ਰੋਜੈਕਟ ਮੁਕੰਮਲ ਨਹੀਂ ਹੋ ਸਕੇ ਕਿਉਂਕਿ ਐਫ ਡੀ/ਨਾਬਾਰਡ ਵਲੋਂ ਸਾਰੇ ਫੰਡ ਜਾਰੀ ਨਹੀਂ ਕੀਤੇ ਗਏ ਸਨ।

*(ii)* *ਟੀਚਿਆਂ ਦੀ ਪ੍ਰਾਪਤੀ ਨਾ ਕਰਨਾ*

- **ਪੇਡੂ ਬੁਨਿਆਦੀ ਢਾਂਚਾ ਵਿਕਾਸ ਫੰਡ (ਆਰ ਆਈ ਡੀ ਐਫ) XVII ਪ੍ਰੋਜੈਕਟ** ਮਾਰਚ 2014 ਤੱਕ ਮੁਕੰਮਲ ਕੀਤਾ ਜਾਣਾ ਸੀ। ਪ੍ਰੋਜੈਕਟ ਅਧੀਨ 30,577 ਹੈਕਟੇਅਰ ਰਕਬਾ ਕਵਰ ਕੀਤਾ ਜਾਣਾ ਸੀ ਪ੍ਰੰਤੂ ਰਾਜ ਵਲੋ ਫੰਡ ਨਾ/ਦੇਰੀ ਨਾਲ ਜਾਰੀ ਹੋਣ ਕਰਕੇ ਮੁਕੰਮਲ ਹੋਣ ਲਈ ਮਿੱਥੀ ਗਈ ਮਿਤੀ ਤੋਂ ਪੰਜ ਸਾਲਾਂ ਤੋਂ ਵੱਧ ਦੀ ਦੇਰੀ ਹੋਣ ਦੇ ਬਾਵਜੂਦ ਮਾਰਚ 2019 ਤੱਕ ਕੇਵਲ 28,187 ਹੈਕਟੇਅਰ (92 *ਪ੍ਰਤੀਸ਼ਤ*) ਰਕਬਾ ਹੀ ਕਵਰ ਕੀਤਾ ਗਿਆ ਸੀ।

- **ਆਰ ਆਈ ਡੀ ਐਫ XVIII ਪ੍ਰੋਜੈਕਟ ਅਧੀਨ** ਸੀਵਰੇਜ ਟਰੀਟਮੈਂਟ ਪਲਾਂਟਾਂ (ਐਸ ਟੀ ਪੀਜ਼) ਤੋਂ ਸਿੰਜਾਈ ਲਈ 13,060 ਹੈਕਟੇਅਰ ਦਾ ਰਕਬਾ ਕਵਰ ਕਰਨ ਲਈ 40 ਯੂ ਜੀ ਪੀ ਐਲ ਸਕੀਮਾਂ ਮੁਕੰਮਲ ਕੀਤੀਆਂ ਜਾਣੀਆਂ ਸਨ। ਜਦੋਂਕਿ ਇਹ ਵੇਖਿਆ ਗਿਆ ਕਿ ਮਾਰਚ 2019 ਤੱਕ ₹ 21.69 ਕਰੋੜ ਦੇ ਖਰਚੇ ਨਾਲ ਕੇਵਲ 29 ਪ੍ਰੋਜੇਕਟ ਹੀ ਪੂਰੇ ਕੀਤੇ ਗਏ ਸਨ। ਅਧੂਰੇ ਪਏ 11 ਪ੍ਰਜੈਕਟਾਂ ਵਿੱਚੋਂ ਛੇ[46] ਚੁਣੇ ਗਏ ਜਿਲ੍ਹਿਆਂ ਵਿੱਚ ਆਉਦੇ ਹਨ ਜਿਨ੍ਹਾਂ ਉੱਤੇ ₹ 2.29 ਕਰੋੜ ਦਾ ਖਰਚਾ ਕੀਤਾ ਗਿਆ ਸੀ। 176.10 ਮਿਲੀਅਨ ਲੀਟਰ ਪਾਣੀ ਪ੍ਰਤੀ ਦਿਨ (ਐਮ ਐਲ ਡੀ) ਸੰਭਾਲਣ ਦੇ ਟੀਚੇ ਵਿਰੁੱਧ ਕੇਵਲ 125 ਐਮ ਐਲ ਡੀ ਪਾਣੀ ਦੀ ਹੀ ਸੰਭਾਲ ਹੋ ਸਕੀ।

- **ਆਰ ਆਈ ਡੀ ਐਫ XXI ਪ੍ਰੋਜੈਕਟ ਅਧੀਨ** ਮਾਰਚ 2019 ਤੱਕ ₹ 25.75 ਕਰੋੜ ਦਾ ਖਰਚਾ ਕਰਕੇ ਯੂ ਜੀ ਪੀ ਐਲ ਅਧੀਨ 7,551 ਹੈਕਟੇਅਰ ਦੇ ਟੀਚੇ ਦੇ ਵਿਰੁੱਧ ਕੇਵਲ 2,316 ਹੈਕਟੇਅਰ (31 *ਪ੍ਰਤੀਸ਼ਤ*) ਹੀ ਕਵਰ ਕੀਤਾ ਗਿਆ ਸੀ। ਇਸ ਲਈ ਵਿਭਾਗ ਸਾਲਾਨਾ 143.96 ਲੱਖ ਕਿਊਬਿਕ ਮੀਟਰ (5235x2750[47]) ਪਾਣੀ ਸੰਭਾਲਣ ਵਿੱਚ ਅਸਫਲ ਰਿਹਾ। ਪ੍ਰੋਜੈਕਟ ਦੇ ਪੂਰੇ ਨਾ ਹੋਣ ਕਾਰਣ ਕਿਸਾਨਾਂ/ਲਾਭਪਾਤਰੀਆਂ ਨੂੰ ਵੀ ਸਾਲਾਨਾ ₹ 18.61 ਕਰੋੜ (₹ 35,545 ਪ੍ਰਤੀ ਹੈਕਟੇਅਰ x 5235) ਦੇ ਬਣਦੇ ਲਾਭਾਂ ਤੋਂ ਵਾਂਝੇ ਰਹਿਣਾ ਪਿਆ। ਜਦੋਂਕਿ ਮਾਰਚ 2019 ਤੱਕ ਸ੍ਰੀ ਮੁਕਤਸਰ ਸਾਹਿਬ ਵਿੱਚ 6,922 ਹੈਕਟੇਅਰ ਦੇ ਟੀਚੇ ਵਿਰੁੱਧ ਕੇਵਲ 1,806 ਹੈਕਟੇਅਰ (26 *ਪ੍ਰਤੀਸ਼ਤ*) ਰਕਬਾ ਹੀ ਕਵਰ ਕੀਤਾ ਗਿਆ ਸੀ।

- **ਆਰ ਆਈ ਡੀ ਐਫ–XXII** ਪ੍ਰੋਜੈਕਟ ਅਧੀਨ ਵਿਭਾਗ ਨੇ ₹ 11.41 ਕਰੋੜ ਖਰਚ ਕਰਕੇ ਕੁੱਲ 32,992 ਹੈਕਟੇਅਰ ਦੇ ਟੀਚੇ ਵਿਰੁੱਧ ਮਾਰਚ 2019 ਤੱਕ ਸਿਰਫ

---

46 (i) ਸੰਗਤ; ਅਤੇ (ii) ਰਾਮਾਮੰਡੀ (ਬਠਿੰਡਾ); (iii) ਖਨੌਰੀ (ਸੰਗਰੂਰ); (iv) ਰਾਜਪੁਰਾ (ਪਟਿਆਲਾ); (v) ਸਦਾਬਰਤ (ਐਸ ਏ ਐਸ ਨਗਰ); ਅਤੇ (vi) ਜਲਾਲਾਬਾਦ ਰੋਡ ਮੁਕਤਸਰ (ਸ੍ਰੀ ਮੁਕਤਸਰ ਸਾਹਿਬ)।

47 ਸਕੀਮ ਅਧੀਨ ਇੱਕ ਹੈਕਟੇਅਰ ਖੇਤਰ ਕਵਰ ਕਰਨ ਨਾਲ ਸਾਲਾਨਾ 2,750 ਕਿਊਬਿਕ ਮੀਟਰ ਪਾਣੀ ਦੀ ਸੰਭਾਲ ਹੁੰਦੀ ਹੈ ।

2,880 ਹੈਕਟੇਅਰ (9 *ਪ੍ਰਤੀਸ਼ਤ*) ਦੇ ਭੌਤਿਕ ਟੀਚੇ ਹੀ ਪ੍ਰਾਪਤ ਕੀਤੇ। ਪ੍ਰੋਜੈਕਟ ਦੇ ਮੁਕੰਮਲ ਨਾ ਹੋਣ ਕਾਰਣ ਕਿਸਾਨ/ਲਾਭਪਾਤਰੀ ਨਾ ਕੇਵਲ ਅਕਰੂਡ ਆਮਦਨ ਦੇ ਸਾਲਾਨਾ ₹ 107.03 ਕਰੋੜ (₹ 35,545 ਪ੍ਰਤੀ ਹੈਕਟੇਅਰ X 30,112 ਹੈਕਟੇਅਰ) ਦੇ ਚਿਤਵੇ ਲਾਭਾਂ ਤੋ ਵਾਂਝੇ ਰਹਿ ਗਏ ਸਗੋਂ ਰਾਜ 828.08 ਲੱਖ ਕਿਊਬਿਕ ਮੀਟਰ (2,750 ਕਿਊਬਿਕ ਮੀਟਰ/ਹੈਕਟੇਅਰ X 30,112) ਪਾਣੀ ਦੀ ਸੰਭਾਲ ਕਰਨ ਤੋਂ ਵੀ ਵਾਂਝਾ ਰਿਹਾ ਜਿਸਦਾ ਰਾਜ ਵਿੱਚ ਖੇਤੀਬਾੜੀ ਦੀ ਦੀਰਘਕਾਲੀਨ ਸਸਟੇਨੇਬਿਲਟੀ ਤੇ ਅਸਰ ਪੈ ਸਕਦਾ ਹੈ। ਚਾਰ ਚੁਣੇ ਗਏ ਜਿਲ੍ਹਿਆਂ ਵਿੱਚ ₹ 3.21 ਕਰੋੜ ਖਰਚਣ (ਮਾਰਚ 2019) ਤੋਂ ਬਾਅਦ 2,075 ਹੈਕਟੇਅਰ ਦੇ ਕੁੱਲ ਟੀਚੇ ਦੇ ਵਿਰੁੱਧ ਕੇਵਲ 1,299 ਹੈਕਟੇਅਰ (63 *ਪ੍ਰਤੀਸ਼ਤ*) ਰਕਬਾ ਹੀ ਕਵਰ ਕੀਤਾ ਗਿਆ ਸੀ।

ਸੀ ਐਸ ਨੇ ਕਿਹਾ (ਜੁਲਾਈ 2020) ਕਿ ਇਹ ਪ੍ਰੋਜੈਕਟ ਵਿੱਤ ਵਿਭਾਗ/ਨਾਬਾਰਡ ਵੱਲੋਂ ਪੂਰੇ ਫੰਡ ਜਾਰੀ ਨਾ ਕਰਨ ਕਰਕੇ ਮੁਕੰਮਲ ਨਹੀਂ ਕੀਤੇ ਜਾ ਸਕੇ ਸਨ। ਜਦੋਂਕਿ ਐਫ ਡੀ ਦੇ ਉੱਤਰ ਦੀ ਉਡੀਕ ਸੀ (ਨਵੰਬਰ 2020)।

### *(iii) ਕਿਸਾਨਾਂ ਨੂੰ ਪ੍ਰਦੂਸ਼ਤ ਪਾਣੀ ਦੀ ਸਪਲਾਈ*

ਨਾਬਾਰਡ ਵਲੋਂ ਪ੍ਰਵਾਨਿਤ (ਫਰਵਰੀ 2013) ਆਰ ਆਈ ਡੀ ਐਫ–XVIII ਦੇ ਸ਼ਡਿਊਲ II ਦੇ ਨਿਯਮਾਂ ਅਤੇ ਸ਼ਰਤਾਂ ਅਨੁਸਾਰ ਯੂ ਜੀ ਪੀ ਐਲ ਲਈ ਧਨ ਕਢਵਾਉਣ ਦੀ ਆਗਿਆ ਸਿਰਫ ਸੀਵਰੇਜ ਟਰੀਟਮੈਂਟ ਪਲਾਂਟ (ਐਸ ਟੀ ਪੀ) ਦੇ ਕੰਪਲੀਸ਼ਨ ਸਰਟੀਫੀਕੇਟ ਅਤੇ ਇਸ ਦੇ ਨਾਲ ਨਾਲ ਪੰਜਾਬ ਪ੍ਰਦੂਸ਼ਨ ਕੰਟਰਲ ਬੋਰਡ (ਪੀ ਪੀ ਸੀ ਬੀ) ਵੱਲੋਂ ਸਿੰਜਾਈ ਉਦੇਸ਼ ਲਈ ਫਿਟਨੈਸ ਨੂੰ ਪ੍ਰਮਾਣਿਤ ਕਰਦੀ ਪਾਣੀ ਦੀ ਗੁਣਵੱਤਾ ਰਿਪੋਰਟ ਪੇਸ਼ ਕਰਨ ਦੇ ਬਾਅਦ ਹੀ ਦਿੱਤੀ ਜਾ ਸਕਦੀ ਹੈ ਅਤੇ ਇਸ ਤੋਂ ਇਲਾਵਾ ਸ਼ੁੱਧ ਕੀਤੇ ਗਏ ਪਾਣੀ ਦੀ ਗੁਣਵੱਤਾ ਦੀ ਵਿਭਾਗ ਵਲੋਂ ਸਮੇ ਸਮੇ ਤੇ ਜਾਂਚ ਕੀਤੀ ਜਾਵੇਗੀ।.

ਵਿਭਾਗ ਨੇ ਆਰ ਆਈ ਡੀ ਐਫ–XVIII ਅਧੀਨ ਸਿੰਜਾਈ ਲਈ ਐਸ ਟੀ ਪੀਜ਼ ਤੋਂ ਸ਼ੁੱਧ ਕੀਤਾ ਗਿਆ ਪਾਣੀ ਮੁਹੱਈਆ ਕਰਵਾਉਣ ਲਈ 29 ਯੂ ਜੀ ਪੀ ਐਲ ਪ੍ਰੋਜੈਕਟਾਂ ਨੂੰ ਮੁਕੰਮਲ ਕਰਨ ਲਈ ₹ 21.69 ਕਰੋੜ ਖਰਚ ਕੀਤੇ (ਮਾਰਚ 2019) ਪ੍ਰੰਤੂ ਸ਼ੁੱਧ ਕੀਤੇ ਪਾਣੀ ਦੀ ਸਿੰਜਾਈ ਦੇ ਮੰਤਵ ਲਈ ਵਰਤੋਂ ਲਈ ਫਿਟਨੈਸ ਨੂੰ ਪ੍ਰਮਾਣਿਤ ਕਰਦੀ ਪੀ ਪੀ ਸੀ ਬੀ ਤੋਂ ਲੋੜੀਂਦੀ ਪਾਣੀ ਦੀ ਗੁਣਵੱਤਾ ਰਿਪੋਰਟ ਨੂੰ ਯਕੀਨੀ ਨਹੀ ਬਣਾਇਆ ਗਿਆ ਸੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਪੀ ਪੀ ਸੀ ਬੀ ਦੁਆਰਾ ਮੁਕੰਮਲ ਹੋਏ ਯੂ ਜੀ ਪੀ ਐਲ ਪ੍ਰੋਜੈਕਟਾਂ ਉੱਤੇ ਮਾਰਚ 2018 ਅਤੇ ਜੂਨ 2019 ਦੌਰਾਨ ਟੈਸਟ ਕੀਤੇ ਗਏ ਸਨ। ਟੈਸਟ ਰਿਪੋਰਟਾਂ ਨੇ ਪਾਣੀ ਦੀ ਗੁਣਵੱਤਾ ਨੂੰ ਗੈਰ ਤਸੱਲੀਬਖ਼ਸ਼ ਦਰਸਾਇਆ ਕਿਉਂਕਿ ਮਾਰਚ 2018 ਵਿੱਚ ਮੁਕੰਮਲ ਹੋਏ 3 ਤੋਂ 15 ਪ੍ਰੋਜੈਕਟਾਂ ਦੇ ਸਬੰਧ ਵਿੱਚ ਅਤੇ ਜੂਨ 2019 ਦੌਰਾਨ ਮੁਕੰਮਲ ਹੋਏ 3 ਤੋਂ 25 ਪ੍ਰੋਜੈਕਟਾਂ ਦੇ ਸਬੰਧ ਵਿੱਚ ਕੀਤੇ ਟੈਸਟਾਂ ਦੌਰਾਨ ਨਿਰਧਾਰਤ ਮਾਪਦੰਡਾਂ ਨੂੰ ਨਾਰਮਲ ਵੈਲਯੂ ਤੋਂ ਪਰ੍ਹੇ ਦਿਖਾਇਆ ਗਿਆ, ਜਿਵੇਂ ਕਿ **ਸਾਰਣੀ** 2.9 ਵਿੱਚ ਦਿੱਤਾ ਗਿਆ ਹੈ।

**ਸਾਰਣੀ 2.9: -ਮਾਰਚ 2018 ਅਤੇ ਜੂਨ 2019 ਵਿੱਚ ਕੀਤੇ ਗਏ ਟੈਸਟ**

| ਪੈਰਾਮੀਟਰ ਦਾ ਨਾਂਅ[48] | ਨਿਰਧਾਰਤ ਪੈਰਾਮੀਟਰਜ਼ | | ਪਾਏ ਗਏ ਪੈਰਾਮੀਟਰਜ਼ | | | | ਐਸ ਟੀ ਪੀਜ਼ ਦੀ ਸੰਖਿਆਂ ਜਿਨ੍ਹਾਂ ਵਿੱਚ ਟੈਸਟ ਫੇਲ੍ਹ ਹੋਏ | | | |
|---|---|---|---|---|---|---|---|---|---|---|
| | ਰਾਅ ਫਸਲਾਂ ਲਈ[49] | ਕੁਕਡ ਫਸਲਾਂ ਲਈ[50] | ਮਾਰਚ 18 | | ਜੂਨ 19 | | ਮਾਰਚ 18 | | ਜੂਨ 19 | |
| | | | ਰਾਅ ਫਸਲਾਂ ਲਈ | ਕੁਕਡ ਫਸਲਾਂ ਲਈ | ਰਾਅ ਫਸਲਾਂ ਲਈ | ਕੁਕਡ ਫਸਲਾਂ ਲਈ | ਰਾਅ ਫਸਲਾਂ ਲਈ | ਕੁਕਡ ਫਸਲਾਂ ਲਈ | ਰਾਅ ਫਸਲਾਂ ਲਈ | ਕੁਕਡ ਫਸਲਾਂ ਲਈ |
| ਪਾਵਰ ਆਫ ਹਾਈਡ੍ਰੋਜਨ (ਪੀ ਐਚ) | 6.5 ਤੋਂ 8.3 | | **8.6 ਤੋ 8.9** | | 8.47 ਤੋ 9.46 | | **3** | **3** | **3** | **3** |
| ਕੈਮੀਕਲ ਆਕਸੀਜਨ ਡਿਮਾਂਡ (ਸੀ ਓ ਡੀ) | ਸਪਸ਼ਟ ਨਹੀਂ ਕੀਤਾ ਗਿਆ | 30 | --- | **33 ਤੋਂ 366** | --- | 32 ਤੋਂ 384 | ਸਪਸ਼ਟ ਨਹੀਂ ਕੀਤਾ ਗਿਆ | 14 | ਸਪਸ਼ਟ ਨਹੀਂ ਕੀਤਾ ਗਿਆ | 21 |
| ਬਾਇਓ- ਕੈਮੀਕਲ ਆਕਸੀਜਨ ਡਿਮਾਂਡ (ਬੀ ਓ ਡੀ ) | 10 | 20 | **12 ਤੋਂ 120** | **38 ਤੋਂ 120** | 11 ਤੋਂ 145 | 25 ਤੋਂ 145 | 12 | 8 | 16 | 12 |
| ਟੋਟਲ ਸਸਪੈਂਡਡ ਸੌਲਿਡਜ਼ (ਟੀ ਐਸ ਐਸ) | ਨਿੱਲ | 30 | **10 ਤੋਂ 164** | **32 ਤੋਂ 164** | 8 ਤੋਂ 238 | 38 ਤੋਂ 238 | 15 | 9 | 25 | 10 |
| ਫੀਕਲ ਕੋਲੀਫੋਰਮ | ਨਿੱਲ | 230 | **920 ਤੋਂ 3100** | **920 ਤੋਂ 3100** | 280 ਤੋਂ 1,40,000 | | **15** | **15** | **25** | **25** |

*ਸ੍ਰੋਤ: ਵਿਭਾਗੀ ਡਾਟਾ*

ਉਕਤ ਸਾਰਣੀ ਦੇ ਵਿਸ਼ਲੇਸ਼ਣ ਨੇ ਦਰਸਾਇਆ ਕਿ ਵਿਭਾਗ ਕਿਸਾਨਾਂ ਨੂੰ ਸਪਲਾਈ ਕਰਨ ਤੋਂ ਪਹਿਲਾਂ ਸ਼ੁੱਧ ਕੀਤੇ ਗਏ ਪਾਣੀ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਵਿੱਚ ਅਸਫਲ ਰਿਹਾ।

ਸੀ ਐਸ ਨੇ ਕਿਹਾ (ਜੁਲਾਈ 2020) ਕਿ ਉਨ੍ਹਾਂ ਨੇ ਐਸ ਟੀ ਪੀਜ਼ ਦੇ ਸ਼ੁੱਧ ਕੀਤੇ ਗਏ ਪਾਣੀ ਨੂੰ ਸਿੰਜਾਈ ਲਈ ਵਰਤਣ ਲਈ ਯੂ ਜੀ ਪੀ ਐਲ ਪ੍ਰਣਾਲੀ ਦਾ ਬੁਨਿਆਦੀ ਢਾਂਚਾ ਵਿਛਾ ਦਿੱਤਾ ਸੀ। ਇਸ ਤੋਂ ਇਲਾਵਾ, ਸੰਚਾਲਨ, ਰੱਖ-ਰੱਖਾਵ ਅਤੇ ਸ਼ੁੱਧ ਕੀਤੇ ਪਾਣੀ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਦੀ ਜਿੰਮੇਵਾਰੀ ਸਬੰਧਤ ਸਥਾਨਕ ਸੰਸਥਾ/ਐਸ ਟੀ ਪੀ ਦਾ ਸੰਚਾਲਨ ਕਰਨ ਵਾਲੇ ਸੀਵਰੇਜ ਬੋਰਡ ਅਤੇ ਸਬੰਧਤ ਯੂ ਜੀ ਪੀ ਐਲ ਪ੍ਰੋਜੈਕਟ ਦੀ ਵਾਟਰ ਯੂਜ਼ਰ ਸੁਸਾਇਟੀ ਦੀ ਹੈ। ਸ਼ੁੱਧ ਕੀਤੇ ਗਏ ਪਾਣੀ ਦੀ ਸਪਲਾਈ ਕਾਰਣ ਕਿਸੇ ਵੀ ਸਾਈਟ ਤੇ ਫਸਲ ਦਾ ਨੁਕਸਾਨ ਧਿਆਨ ਵਿੱਚ ਨਹੀਂ ਆਇਆ। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਫੀਲਡ ਤੋਂ ਬਾਰ ਬਾਰ ਰੈਂਡਮ ਸੈਂਪਲ ਲੈ ਕੇ ਇਸ ਦੀ

48

| | |
|---|---|
| **ਪੀ ਐਚ ਅਤੇ ਟੀ ਐਸ ਐਸ** ਪਾਵਰ ਆਫ ਹਾਈਡ੍ਰੋਜਨ ਅਤੇ ਟੋਟਲ ਸਸਪੈਂਡਡ ਸੌਲਡਜ਼ | ਹਾਈ ਪਾਵਰ ਆਫ ਹਾਈਡ੍ਰੋਜਨ (ਪੀ ਐਚ) ਅਤੇ ਸਾਰੇ ਘੁਲੇ ਹੋਏ ਲੂਣਾਂ ਵਾਲੇ ਪਾਣੀ ਨਾਲ ਸਿੰਜਾਈ, ਇਸ ਵਿੱਚ ਮੌਜੂਦ ਲੂਣਾਂ ਦੀ ਕਿਸਮ ਅਨੁਸਾਰ, ਸੌਇਲ ਹੈਲਥ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇਸ ਪਾਣੀ ਦੀ ਦੀਰਘ ਕਾਲੀਨ ਵਰਤੋਂ ਮਿੱਟੀ ਦੇ ਭੌਤਿਕ ਗੁਣਾ, ਖਾਸ ਕਰਕੇ ਸੌਇਲ ਮੌਇਸਚਰ ਨਾਲ ਸਬੰਧਤ ਗੁਣਾਂ ਤੇ ਅਸਰ ਪਾ ਸਕਦੀ ਹੈ। |
| **ਸੀ ਓ ਡੀ ਅਤੇ ਬੀ ਓ ਡੀ** ਕੈਮੀਕਲ ਆਕਸੀਜਨ ਡਿਮਾਂਡ ਅਤੇ ਬਾਇਓ ਕੈਮੀਕਲ ਆਕਸੀਜਨ ਡਿਮਾਂਡ | ਸੀ ਓ ਡੀ ਅਤੇ ਬੀ ਓ ਡੀ ਉਹ ਲੱਛਣ ਹਨ ਜੋ ਕਿ ਪਾਣੀ ਵਿੱਚ ਮੌਜੂਦ ਉਨ੍ਹਾਂ ਬੈਕਟੀਰੀਆ ਅਤੇ ਰਸਾਇਣਾਂ ਨੂੰ ਦਰਸਾਉਂਦੇ ਹਨ ਜਿਹੜੇ ਕਿ ਆਕਸੀਜਨ ਦੀ ਸਪਲਾਈ ਨੂੰ ਪ੍ਰਭਾਵਿਤ ਕਰਦੇਂ ਹਨ। ਪ੍ਰਦੂਸ਼ਤ ਪਾਣੀ ਪੀਣਾ ਮਨੁੱਖੀ ਸਿਹਤ ਨੂੰ ਪ੍ਰਭਾਵਿਤ ਕਰਦਾ ਹੈ ਪ੍ਰੰਤੂ ਇਸ ਨਾਲ ਕਿਸੇ ਘਾਤਕ ਖਤਰੇ ਨੂੰ ਸਿੱਧੇ ਤੌਰ ਤੇ ਨਹੀਂ ਜੋੜਿਆ ਜਾ ਸਕਦਾ। |
| ਫੀਕਲ ਕੋਲੀਫੋਰਮ | ਫੀਕਲ ਕੋਲੀਫੋਰਮ ਪਾਣੀ ਵਿੱਚ ਮੌਜੂਦ ਉਨ੍ਹਾਂ ਪੈਥੋਜਨਜ਼ ਦੀ ਮਾਤਰਾ ਨੂੰ ਦਰਸਾਉਂਦੇ ਹਨ ਜੋ ਕਿ ਮਨੁੱਖ ਅਤੇ ਜਾਨਵਰਾਂ ਦੀ ਸਿਹਤ ਨੂੰ ਪ੍ਰਭਾਵਿਤ ਕਰਦੇ ਹਨ। |

49 ਇਹ ਉਹ ਫਸਲਾਂ ਹਨ ਜਿਹੜੀਆਂ ਕਿ ਕੱਚੀਆਂ ਖਾਧੀਆਂ ਜਾਂਦੀਆਂ ਹਨ, ਜਿਵੇਂ ਕਿ ਟਮਾਟਰ, ਪਿਆਜ, ਮੂਲੀ, ਆਦਿ।

50 ਇਹ ਉਹ ਫਸਲਾਂ ਹਨ ਜਿਹੜੀਆਂ ਕਿ ਪਕਾਉਣ ਤੋਂ ਬਾਅਦ ਖਾਧੀਆਂ ਜਾਂਦੀਆਂ ਹਨ, ਜਿਵੇਂ ਕਿ ਚਾਵਲ, ਕਣਕ, ਦਾਲਾਂ, ਆਦਿ ।

ਗੁਣਵੱਤਾ ਯਕੀਨੀ ਬਣਾਉਣ ਤੋਂ ਇਲਾਵਾ ਸਿੰਜਾਈ ਦੇ ਮੰਤਵ ਲਈ ਇਸ ਦੀ ਫਿਟਨੈਸ ਨੂੰ ਤਸਦੀਕ ਕਰਦੀ ਪਾਣੀ ਦੀ ਗੁਣਵੱਤਾ ਰਿਪੋਰਟ ਪੀ ਪੀ ਸੀ ਬੀ ਤੋਂ ਲੈਣਾ ਵਿਭਾਗ ਦੀ ਜ਼ਿੰਮੇਵਾਰੀ ਸੀ। ਪ੍ਰੰਤੂ ਡੀ ਐਸ ਐਂਡ ਡਬਲਿਯੂ ਸੀ ਨੇ ਪ੍ਰੋਜੈਕਟ ਉੱਤੇ ₹ 21.69 ਕਰੋੜ ਖਰਚਣ ਦੇ ਬਾਵਜੂਦ ਸਿੰਚਾਈ ਦੇ ਮੰਤਵ ਲਈ ਸਾਫ ਪਾਣੀ ਦੀ ਵਿਵਸਥਾ ਕਰਨ ਨੂੰ ਯਕੀਨੀ ਨਹੀਂ ਬਣਾਇਆ।

## 2.1.8 ਮਨੁੱਖੀ ਸ੍ਰੋਤ ਪ੍ਰਬੰਧਨ

ਕਿਸੇ ਵੀ ਪ੍ਰੋਜੈਕਟ/ਸਕੀਮ ਨੂੰ ਸਫਲਤਾਪੂਰਵਕ ਲਾਗੂ ਕਰਨ ਲਈ ਲੋੜੀਂਦੇ ਅਮਲੇ ਦੀ ਉਪਲੱਬਧਤਾ ਪਹਿਲੀ ਲੋੜ ਹੈ ਸੌਇਲ ਸਰਵੇਖਣ ਮੰਡਲ ਅਤੇ ਸੌਇਲ ਟੈਸਟਿੰਗ ਲੈਬਾਰਾਟਰੀਆਂ ਵਿੱਚ ਅਮਲੇ ਦੀ ਘਾਟ ਵੇਖੀ ਗਈ ਸੀ, ਜਿਵੇਂ ਕਿ ਹੇਠਾਂ ਚਰਚਾ ਕੀਤੀ ਗਈ ਹੈ :

### *(i) ਸੌਇਲ ਸਰਵੇਖਣ ਮੰਡਲ*

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਵਿਭਾਗ ਦੇ ਸੌਇਲ ਸਰਵੇਖਣ ਮੰਡਲ ਵਿੱਚ ਸਟਾਫ ਦੀ ਕਮੀ ਸੀ ਜਿਵੇ ਕਿ ਹੇਠਾਂ **ਸਾਰਣੀ** 2.10 ਵਿੱਚ ਦਿੱਤਾ ਗਿਆ ਹੈ।

**ਸਾਰਣੀ 2.10: ਸੌਇਲ ਸਰਵੇਖਣ ਮੰਡਲ ਵਿੱਚ ਮੰਜ਼ੂਰਸ਼ੁਦਾ ਅਮਲਾ ਅਤੇ ਤੈਨਾਤ ਅਮਲੇ ਦੀ ਸਥਿਤੀ**

| ਅਸਾਮੀ ਦਾ ਨਾਂਅ | ਮਨਜੂਰਸ਼ੁਦਾ ਅਮਲਾ (ਐਸ ਐਸ) | ਤੈਨਾਤ ਕੀਤਾ ਅਮਲਾ (ਪੀ ਆਈ ਪੀ) | ਖਾਲੀ ਅਸਾਮੀ | ਕਮੀ (*ਪ੍ਰਤੀਸ਼ਤ* ਵਿੱਚ) |
|---|---|---|---|---|
| ਭੂਮੀਪਾਲ ਅਧਿਕਾਰੀ | 08 | 04 | 04 | 50 |
| ਸਰਵੇਅਰ | 12 | 07 | 05 | 42 |
| ਲੈਬਾਰਾਟਰੀ ਅਟੈਂਡੈਂਟ | 01 | 0 | 01 | 100 |
| ਖਲਾਸੀ | 09 | 02 | 07 | 78 |
| **ਜੋੜ** | **30** | **13** | **17** | |

*ਸ੍ਰੋਤ: ਵਿਭਾਗੀ ਡਾਟਾ*

ਸੌਇਲ ਸਰਵੇਖਣ ਡਿਵੀਜ਼ਨ ਵਿੱਚ 57 *ਪ੍ਰਤੀਸ਼ਤ* ਦੀ ਸਮੁੱਚੀ ਘਾਟ ਦੇਖੀ ਗਈ ਸੀ। ਡਿਵੀਜ਼ਨ ਨੇ ਆਪਣੀਆਂ ਮਹੀਨਾਵਾਰ ਰਿਟਰਨਾਂ ਵਿੱਚ ਸਟਾਫ ਦੀ ਕਮੀ ਦਾ ਮਾਮਲਾ ਵਿਭਾਗ ਕੋਲ ਉਠਾਇਆ ਸੀ। ਜਦੋਂਕਿ ਉੱਚ ਅਧਿਕਾਰੀਆਂ ਨਾਲ ਮਾਮਲਾ ਕੇਵਲ ਜੁਲਾਈ 2020 ਵਿੱਚ ਉਠਾਇਆ ਗਿਆ ਸੀ। ਪ੍ਰੰਤੂ ਤੱਥ ਇਹ ਹੈ ਕਿ ਅਸਾਮੀਆਂ ਅਜੇ ਵੀ ਖਾਲੀ ਪਈਆ ਹਨ (ਨਵੰਬਰ 2020)। ਇਸ ਨੇ ਦਰਸਾਇਆ ਕਿ ਵਿਭਾਗ ਨੇ ਸਾਇਲ ਮੈਪ ਬਣਾਉਣ ਲਈ ਸਾਇਲ ਸਰਵੇਖਣ ਦੇ ਕੰਮ ਨੂੰ ਇਸਦੀ ਬਣਦੀ ਤਰਜੀਹ ਨਹੀ ਦਿੱਤੀ ਸੀ।

### *(ii) ਸੌਇਲ ਟੈਸਟਿੰਗ ਲੈਬਾਰਟਰੀਆਂ*

ਸਾਇਲ ਟੈਸਟਿੰਗ ਲੈਬਾਰਟਰੀ ਵਿੱਚ ਸੌਇਲ ਸੈਂਪਲ ਟੈਸਟ ਕਰਨ ਲਈ ਖੇਤੀਬਾੜੀ ਵਿਕਾਸ ਅਫਸਰ (ਏ ਡੀ ਓ) ਤੈਨਾਤ ਕੀਤਾ ਜਾਂਦਾ ਹੈ। ਉਹ ਕੈਮੀਕਲਜ਼, ਗਲਾਸਵੇਅਰ ਅਤੇ ਮਸ਼ੀਨਰੀ ਦਾ ਸਟਾਕ ਰਜਿਸਟਰ ਵੀ ਰੱਖਦਾ ਹੈ। ਲੈਬਾਰਟਰੀ ਸਹਾਇਕ, ਲੈਬਾਰਟਰੀ ਵਿੱਚ ਸੌਇਲ ਟੈਸਟਿੰਗ ਲਈ ਕੈਮੀਕਲ ਮਿਸ਼ਰਣ ਤਿਆਰ ਕਰਦਾ ਹੈ ਅਤੇ ਟੈਸਟਿੰਗ ਵਿੱਚ ਏ ਡੀ ਓ ਦੀ ਸਹਾਇਤਾ ਕਰਦਾ ਹੈ। ਲੈਬਾਰਟਰੀ ਅਟੈਂਡੈਂਟ ਨੇ ਕਿਸਾਨਾਂ ਤੋਂ ਸੌਇਲ ਦੇ ਸੈਂਪਲਜ਼ ਪ੍ਰਾਪਤ ਕਰਨੇ ਹੁੰਦੇ ਹਨ ਅਤੇ ਸੈਂਪਲ ਪ੍ਰਾਪਤ ਕਰਨ ਵਾਲੇ ਰਜਿਸਟਰ ਵਿੱਚ ਦਰਜ ਕਰਨੇ ਹੁੰਦੇ ਹਨ ਅਤੇ ਸਬੰਧਤ ਕਿਸਾਨਾਂ ਨੂੰ ਸੌਇਲ ਹੈਲਥ ਕਾਰਡ

ਦੇਣਾ ਹੁੰਦਾ ਹੈ। ਸੱਤ ਚੁਣੇ ਹੋਏ ਜਿਲ੍ਹਿਆਂ ਦੇ ਚਾਰ ਤਕਨੀਕੀ ਕੇਡਰਾਂ ਵਿੱਚ ਮਨਜ਼ੂਰਸ਼ੁਦਾ ਅਮਲਾ (ਐਸ ਐਸ) ਅਤੇ ਤੈਨਾਤ ਅਮਲਾ (ਪੀ ਆਈ ਪੀ) **ਸਾਰਣੀ 2.11** ਵਿੱਚ ਦਿੱਤਾ ਗਿਆ ਹੈ।

**ਸਾਰਣੀ 2.11: ਚਾਰ ਤਕਨੀਕੀ ਕੇਡਰਾਂ ਵਿੱਚ ਮਨਜ਼ੂਰਸ਼ੁਦਾ ਅਮਲਾ ਅਤੇ ਤੈਨਾਤ ਅਮਲੇ ਦੀ ਸਥਿਤੀ**

| ਅਸਾਮੀ ਦਾ ਨਾਂਅ | ਮਜ਼ੂਰਸ਼ੁਦਾ ਅਮਲਾ | ਤੈਨਾਤ ਅਮਲਾ | ਖਾਲੀ ਅਸਾਮੀ | ਕਮੀ (*ਪ੍ਰਤੀਸ਼ਤ* ਵਿੱਚ) |
|---|---|---|---|---|
| ਸੌਇਲ ਟੈਸਟਿੰਗ ਅਫਸਰ | 12 | 11 | 1 | 8 |
| ਖੇਤੀਬਾੜੀ ਵਿਕਾਸ ਅਧਿਕਾਰੀ | 18 | 14 | 4 | 22 |
| ਲੈਬ ਅਸਿਸਟੈਂਟ | 20 | 12 | 8 | 40 |
| ਲੈਬ ਅਟੈਂਡੈਂਟ | 24 | 10 | 14 | 58 |

*ਸ੍ਰੋਤ: ਵਿਭਾਗੀ ਡਾਟਾ*

- ਚਾਰ ਕੇਡਰਾਂ ਵਿੱਚ ਤਕਨੀਕੀ ਸਟਾਫ ਦੀ ਕਮੀ ਅੱਠ ਅਤੇ 58 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਸੀ। ਇਸ ਲਈ, ਸੱਤ ਚੁਣੇ ਹੋਏ ਜਿਲ੍ਹਿਆਂ ਵਿੱਚੋਂ ਤਿੰਨ ਜਿਲ੍ਹਿਆਂ ਵਿੱਚ 2015-16 ਤੋਂ 2017-18 ਦੌਰਾਨ 14 ਅਤੇ 79 *ਪ੍ਰਤੀਸ਼ਤ* ਦੀ ਰੇਂਜ਼ ਵਿਚਕਾਰ ਸਾਇਲ ਟੈਸਟਿੰਗ ਦੀ ਕਮੀ ਧਿਆਨ ਵਿੱਚ ਆਈ ਸੀ।

- ਲੇਖਾ ਪ੍ਰੀਖਿਆ ਨੇ ਵੇਖਿਆ ਕਿ ਸੱਤ ਚੁਣੇ ਹੋਏ ਜਿਲ੍ਹਿਆਂ ਦੀਆਂ ਨੌਂ ਐਸ ਟੀ ਐਲਜ਼ ਵਿੱਚ ਚਾਰ ਤਕਨੀਕੀ ਕੇਡਰਾਂ ਦੀਆਂ ਮੰਜ਼ੂਰਸ਼ੁਦਾ ਅਸਾਮੀਆਂ ਨਹੀਂ ਸਨ। ਜਦੋਂਕਿ ਇਹ ਲੈਬਾਰਟਰੀਆਂ ਐਗਰੀਕਲਚਰਲ ਟੈਕਨਾਲੋਜੀ ਮਨੇਜਮੈਂਟ ਏਜੰਸੀ (ਏ ਟੀ ਐਮ ਏ) ਸਕੀਮ ਦੇ ਹੋਰ ਗੈਰ-ਤਕਨੀਕੀ ਸਟਾਫ ਦੀ ਸਹਾਇਤਾ ਨਾਲ ਚਲ ਰਹੀਆਂ ਸਨ।

ਵਿਭਾਗ ਨੇ ਕਿਹਾ (ਜੁਲਾਈ 2020) ਕਿ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਲਈ ਮਾਮਲਾ ਉੱਚ ਅਧਿਕਾਰੀਆਂ ਕੋਲ ਉਠਾਇਆ ਜਾਵੇਗਾ। ਪ੍ਰੰਤੂ, ਤੱਥ ਇਹ ਹੈ ਕਿ ਸਟਾਫ ਦੀ ਕਮੀ ਨੇ ਸੌਇਲਜ਼ ਦੀ ਜਾਂਚ ਕਰਨ ਤੇ ਬੁਰਾ ਪ੍ਰਭਾਵ ਪਾਇਆ।

## 2.1.9 ਇੰਪੈਕਟ ਅਸੈਸਮੈਂਟ

### *2.1.9.1 ਲੇਖਾ ਪ੍ਰੀਖਿਆ ਵੱਲੋਂ ਕੀਤਾ ਗਿਆ ਲਾਭਪਾਤਰੀ ਸਰਵੇਖਣ*

ਲੇਖਾ ਪ੍ਰੀਖਿਆ ਨੇ ਡੀ ਏ ਐਂਡ ਐਫ ਡਬਲਿਊ ਅਤੇ ਡੀ ਐਸ ਐਂਡ ਡਬਲਿਊ ਸੀ ਦੇ ਸਬੰਧਤ ਅਧਿਕਾਰੀਆਂ ਨਾਲ ਮਿਲ ਕੇ ਵੱਖ-ਵੱਖ ਸਕੀਮਾਂ ਦੇ ਲਾਭਪਾਤਰੀਆਂ ਦਾ ਸਰਵੇਖਣ ਕਰਨ ਲਈ 470 ਪਿੰਡਾਂ ਦਾ ਦੌਰਾ ਕੀਤਾ। ਇਸ ਤੋਂ ਇਲਾਵਾ, ਵੱਖ-ਵੱਖ ਸਕੀਮਾਂ ਦੇ ਲਾਗੂਕਰਣ ਬਾਰੇ ਟਿੱਪਣੀਆਂ ਪ੍ਰਾਪਤ ਕਰਨ ਲਈ ਅਤੇ ਸਕੀਮਾਂ ਦੇ ਲਾਭ ਪ੍ਰਾਪਤ ਕਰਨ ਦੇ ਸਬੰਧ ਵਿੱਚ ਕਿਸਾਨਾਂ ਦੀਆਂ ਸ਼ਿਕਾਇਤਾਂ ਜਾਣਨ ਵਾਸਤੇ ਨੌਂ ਕਿਸਾਨ ਯੂਨੀਅਨਾਂ ਕੋਲ ਵੀ ਪਹੁੰਚ ਕੀਤੀ ਗਈ ਸੀ। ਪ੍ਰੰਤੂ, ਸਿਰਫ ਚਾਰ[51] ਕਿਸਾਨ ਯੂਨੀਅਨਾਂ ਤੋਂ ਟਿੱਪਣੀਆਂ ਪ੍ਰਾਪਤ ਹੋਈਆਂ ਸਨ ਅਤੇ ਅਗਲੇ ਪੈਰ੍ਹੇ ਵਿੱਚ ਇਨ੍ਹਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

[51] (i) ਭਾਰਤੀ ਕਿਸਾਨ ਯੂਨੀਅਨ ਏਕਤਾ, ਉਗਰਾਹਾਂ; (ii) ਭਾਰਤੀ ਕਿਸਾਨ ਯੂਨੀਅਨ ਏਕਤਾ, ਲੱਖੋਂਵਾਲ; (iii) ਭਾਰਤੀ ਕਿਸਾਨ ਯੂਨੀਅਨ ਏਕਤਾ, ਰਾਜੇਵਾਲ; ਅਤੇ (iv) ਅਜ਼ਾਦ ਕਿਸਾਨ ਸੰਘਰਸ਼ ਕਮੇਟੀ, ਜੈਤਾ ਕਲਾਂ (ਅਮ੍ਰਿਤਸਰ)।

*(i)* ***ਫਸਲ ਵਿਭਿੰਨਤਾ ਪ੍ਰੋਗਰਾਮ***

ਸੀ ਡੀ ਪੀ ਅਧੀਨ ਚੁਣੇ ਗਏ 450 ਲਾਭਪਾਤਰੀਆਂ ਵਿੱਚੋਂ, 254 ਤੋਂ ਪੁੱਛਗਿੱਛ ਕੀਤੀ ਗਈ ਸੀ ਅਤੇ ਇਹ ਪਤਾ ਲੱਗਿਆ ਕਿ:

- 2014-19 ਦੌਰਾਨ ਛੇ ਜਿਲ੍ਹਿਆਂ ਵਿੱਚ ਝੋਨੇ ਦੀ ਖੇਤੀ ਅਧੀਨ ਏਰੀਆ 14 ਮਾਮਲਿਆਂ ਵਿੱਚ ਵਧ (5.5 *ਪ੍ਰਤੀਸ਼ਤ*) ਗਿਆ ਸੀ, 200 ਮਾਮਲਿਆਂ ਵਿੱਚ ਸਥਿਰ ਰਿਹਾ (79 *ਪ੍ਰਤੀਸ਼ਤ*) ਅਤੇ 14 ਮਾਮਲਿਆਂ ਵਿਚ ਘਟ (5.5 *ਪ੍ਰਤੀਸ਼ਤ*) ਗਿਆ ਸੀ ਜਦੋਂਕਿ 26 ਕਿਸਾਨਾਂ ਨੇ ਕੋਈ ਉੱਤਰ ਨਹੀਂ ਦਿਤਾ।

- 207 ਕਿਸਾਨਾਂ (81 *ਪ੍ਰਤੀਸ਼ਤ*) ਵੱਲੋਂ ਭਰੋਸੇਯੋਗ ਮੰਡੀਕਰਣ, ਘੱਟੋ ਘੱਟ ਸਮਰਥਨ ਮੁੱਲ, (ਐਮ ਐਸ ਪੀ) ਅਤੇ ਭਰੋਸੇਯੋਗ ਪੈਦਾਵਾਰ ਕਾਰਣ ਝੋਨੇ ਦੀ ਬਿਜਾਈ ਨੂੰ ਤਰਜੀਹ ਦਿੱਤੀ ਸੀ। 207 ਕਿਸਾਨਾਂ ਵਿੱਚੋਂ 49 ਨੇ ਝੋਨੇ ਦੀ ਬਿਜਾਈ ਲਈ ਮੁਫਤ ਬਿਜਲੀ ਸਪਲਾਈ ਨੂੰ ਵੀ ਇਕ ਕਾਰਣ ਦੱਸਿਆ ਜਦੋਂਕਿ 47 ਕਿਸਾਨਾਂ ਨੇ ਝੋਨੇ ਦੀ ਬਿਜਾਈ ਲਈ ਵੱਖ-ਵੱਖ ਕਾਰਣ ਦੱਸੇ।

- 247 ਕਿਸਾਨਾਂ (97 *ਪ੍ਰਤੀਸ਼ਤ*) ਨੇ ਕਿਹਾ ਕਿ ਜੇਕਰ ਸਰਕਾਰ ਭਰੋਸੇਯੋਗ ਮੰਡੀਕਰਣ, ਉਚੇਰੀ ਐਮ ਐਸ ਪੀ ਅਤੇ ਵਾਇਬਿਲਟੀ ਗੈਪ ਫੰਡਿਗ ਦੀ ਵਿਵਸਥਾ ਕਰਦੀ ਹੈ ਤਾਂ ਉਹ ਬਦਲਵੀਂ ਫਸਲ ਦੀ ਪੈਦਾਵਾਰ ਨੂੰ ਤਰਜੀਹ ਦੇਣਗੇ ਜਦੋਂਕਿ ਸੱਤ ਕਿਸਾਨਾਂ ਨੇ ਹੁੰਗਾਰਾ ਨਹੀਂ ਦਿੱਤਾ।

- ਬਦਲਵੀਆਂ ਫਸਲਾਂ ਲਈ ਫਾਰਮਿੰਗ ਕਮਿਊਨਿਟੀ (10 ਕਿਸਾਨਾਂ ਦੇ ਗਰੁੱਪ) ਦੀ ਬਜਾਏ 254 ਕਿਸਾਨਾਂ (100 *ਪ੍ਰਤੀਸ਼ਤ*) ਨੂੰ ਮਸ਼ੀਨਰੀ ਲਈ ਵਿਅਕਤੀਗਤ ਤੌਰ ਤੇ ਸਬਸਿਡੀ ਦਿੱਤੀ ਗਈ ਸੀ।

- 151 ਕਿਸਾਨ (59 *ਪ੍ਰਤੀਸ਼ਤ*) ਬਗੈਰ ਪਾਵਰ ਸਬਬਿਡੀ ਤੋਂ ਵੀ ਝੋਨਾ ਉਗਾਉਣ ਲਈ ਦਿਲਚਸਪੀ ਰੱਖਦੇ ਸਨ। 48 ਕਿਸਾਨ (19 *ਪ੍ਰਤੀਸ਼ਤ*) ਪਾਵਰ ਸਬਸਿਡੀ ਉਪਲੱਬਧ ਨਾ ਹੋਣ ਤੇ ਝੋਨਾ ਉਗਾਉਣ ਵਿੱਚ ਦਿਲਚਸਪੀ ਨਹੀਂ ਰੱਖਦੇ ਸਨ। 55 ਕਿਸਾਨਾਂ ਨੇ ਉੱਤਰ ਨਹੀ ਦਿੱਤਾ।

- 236 ਕਿਸਾਨਾਂ (93 *ਪ੍ਰਤੀਸ਼ਤ*) ਨੂੰ ਫਸਲਾਂ ਦੀ ਬਿਜਾਈ ਤੋਂ ਪਹਿਲਾਂ ਐਮ ਐਸ ਪੀ ਬਾਰੇ ਜਾਗਰੂਕਤਾ ਸੀ।

- 136 ਕਿਸਾਨਾਂ (53 *ਪ੍ਰਤੀਸ਼ਤ*) ਕੋਲ ਉਨ੍ਹਾਂ ਦੇ ਖੇਤਾਂ ਵਿੱਚ ਬਿਜਲੀ ਵਾਲੇ ਟਿਊਬਵੈਲ ਸਨ ਜਦੋਂਕਿ 112 ਕਿਸਾਨਾਂ (44 *ਪ੍ਰਤੀਸ਼ਤ*) ਦੇ ਖੇਤਾਂ ਵਿੱਚ ਨਹਿਰੀ ਸਪਲਾਈ ਅਤੇ ਬਿਜਲੀ ਟਿਊਬਵੈਲ ਸਪਲਾਈ ਦੋਵੇਂ ਸਨ।

- 197 ਕਿਸਾਨਾਂ (78 *ਪ੍ਰਤੀਸ਼ਤ*) ਨੇ ਕਿਹਾ ਕਿ ਜੇਕਰ ਲਾਭ ਯਕੀਨੀ ਹੋਣ (ਜਿਵੇਂ ਕਿ ਝੋਨੇ ਦੇ ਮਾਮਲੇ ਵਿੱਚ) ਤਾਂ ਉਹ ਬਦਲਵੀਆਂ ਫਸਲਾਂ ਉਗਾਉਣਗੇ।

*(ii)* ***ਫਸਲ ਦੀ ਰਹਿੰਦ ਖੂਹੰਦ ਦਾ ਥਾਂ ਤੇ ਹੀ ਪ੍ਰਬੰਧਨ***

ਸਕੀਮ ਅਧੀਨ ਚੁਣੇ ਗਏ 708 ਲਾਭਪਾਤਰੀਆਂ ਵਿਚੋਂ 320 ਕਿਸਾਨਾਂ ਤੋਂ ਪੁੱਛਿਆ ਗਿਆ ਸੀ ਅਤੇ ਇਹ ਵੇਖਿਆ ਗਿਆ ਸੀ ਕਿ:

- 305 ਕਿਸਾਨਾਂ (95 *ਪ੍ਰਤੀਸ਼ਤ*) ਨੇ ਸਕੀਮ ਅਧੀਨ ਮੁੱਹਈਆ ਕਰਵਾਈ ਗਈ ਮਸ਼ੀਨਰੀ ਦੀ ਆਪਣੇ ਖੇਤਾਂ ਵਿੱਚ ਫਸਲਾਂ ਦੇ ਰਹਿੰਦ ਖੂਹੰਦ ਦੇ ਪ੍ਰਬੰਧਨ ਲਈ ਵਰਤੋਂ ਕੀਤੀ। 305 ਕਿਸਾਨਾਂ ਵਿਚੋਂ 264 ਕਿਸਾਨਾਂ ਨੇ ਪਰਾਲੀ ਨੂੰ ਸਾੜਨਾ ਬੰਦ ਕਰ ਦਿੱਤਾ ਸੀ।

- ਸਬਸਿਡੀ ਵਾਲੀ ਮਸ਼ੀਨਰੀ ਪ੍ਰਾਪਤ ਹੋਣ ਤੋਂ ਪਹਿਲਾਂ 279 ਕਿਸਾਨ (87 *ਪ੍ਰਤੀਸ਼ਤ*) ਫਸਲਾਂ ਦੀ ਰਹਿੰਦ ਖੂੰਹਦ ਨੂੰ ਸਾੜਦੇ ਸਨ।

- 250 ਕਿਸਾਨਾਂ (78 *ਪ੍ਰਤੀਸ਼ਤ*) ਨੇ ਕਿਹਾ ਕਿ ਫਸਲ ਦੀ ਰਹਿੰਦ ਖੂੰਹਦ ਨੂੰ ਨਸ਼ਟ ਕਰਨ ਲਈ ਪਰਾਲੀ ਨੂੰ ਸਾੜਨਾ ਸਭ ਤੋਂ ਸੌਖਾ ਤਰੀਕਾ ਹੈ।

- 212 ਕਿਸਾਨ (66 *ਪ੍ਰਤੀਸ਼ਤ*) ਫਸਲ ਦੀ ਰਹਿੰਦ ਖੂੰਹਦ ਦਾ ਥਾਂ ਤੇ ਹੀ ਪ੍ਰਬੰਧਨ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਤੋਂ ਐਮ ਐਸ ਪੀ ਦੇ ਨਾਲ ਨਾਲ ਕੈਸ਼ ਪ੍ਰੋਤਸਾਹਨ ਲੈਣਾ ਚਾਹੁੰਦੇ ਸਨ।

- 273 ਕਿਸਾਨ ਜਿਨ੍ਹਾਂ ਨੂੰ ਸਿਖਲਾਈ ਦਿੱਤੀ ਗਈ ਸੀ, ਵਿੱਚੋਂ 265 (97 *ਪ੍ਰਤੀਸ਼ਤ*) ਸਕੀਮ ਅਧੀਨ ਅਯੋਜਿਤ ਕੀਤੇ ਸਿਖਲਾਈ/ਜਾਗਰੂਕ ਕੈਂਪਾਂ ਤੋਂ ਸੰਤੁਸ਼ਟ ਸਨ।

- ਮਸ਼ੀਨਰੀ ਦੀ ਗੁਣਵੱਤਾ ਅਤੇ ਕੀਮਤ ਦੇ ਸਬੰਧ ਵਿੱਚ 282 (88 *ਪ੍ਰਤੀਸ਼ਤ*) ਕਿਸਾਨ ਹੋਰ ਡੀਲਰਾਂ ਦੇ ਮੁਕਾਬਲੇ ਮੰਜ਼ੂਰਸ਼ੁਦਾ ਡੀਲਰਾਂ ਤੋਂ ਸੰਤੁਸ਼ਟ ਸਨ।

*(iii)* ***ਸੌਇਲ ਹੈਲਥ ਕਾਰਡ ਸਕੀਮ***

ਇਸ ਸਕੀਮ ਅਧੀਨ 743 ਲਾਭਪਾਤਰੀਆਂ ਤੋਂ ਪੁੱਛ-ਗਿੱਛ ਕੀਤੀ ਗਈ ਅਤੇ ਇਸ ਸਰਵੇਖਣ ਤੋਂ ਇਹ ਪਤਾ ਲਗਾ ਕਿ:

- 452 ਕਿਸਾਨ (61 *ਪ੍ਰਤੀਸ਼ਤ*) ਸਾਇਲ ਹੈਲਥ ਕਾਰਡ ਪ੍ਰਾਪਤ ਕਰ ਚੁੱਕੇ ਸਨ।

- 410 (55 *ਪ੍ਰਤੀਸ਼ਤ*) ਕਿਸਾਨਾਂ ਦੇ ਮਾਮਲੇ ਵਿੱਚ ਖਾਦ ਦੀ ਖਪਤ ਘਟ ਗਈ ਸੀ।

- ਸੌਇਲ ਹੈਲਥ ਕਾਰਡ/ ਸਾਇਲ ਫਰਟੀਲਿਟੀ ਮੈਪ ਦੀ ਵਰਤੋਂ ਲਈ 449 (60 *ਪ੍ਰਤੀਸ਼ਤ*) ਕਿਸਾਨਾਂ ਨੂੰ ਸਿਖਲਾਈ ਦਿੱਤੀ ਗਈ ਸੀ।

- ਸੌਇਲ ਹੈਲਥ ਕਾਰਡ ਅਤੇ ਸਾਇਲ ਫਰਟੀਲਿਟੀ ਮੈਪਸ ਕਰਕੇ, 482 ਕਿਸਾਨਾਂ (65 *ਪ੍ਰਤੀਸ਼ਤ*) ਨੂੰ ਰਸਾਇਣਕ ਖਾਦ ਦੇ ਸ੍ਰੋਤ ਅਤੇ ਵਰਤੋਂ ਦੀ ਮਾਤਰਾ ਦੀ ਚੋਣ ਕਰਨ ਵਿੱਚ ਲਾਭ ਹੋਇਆ ਸੀ।

- 451 ਕਿਸਾਨਾਂ (61 *ਪ੍ਰਤੀਸ਼ਤ*) ਨੇ ਆਪਣੇ ਖੇਤ ਵਿੱਚ ਰਸਾਇਣਕ ਖਾਦਾਂ ਦੀ ਵਰਤੋਂ ਸੌਇਲ ਹੈਲਥ ਕਾਰਡਾਂ ਤੇ ਕੀਤੀਆਂ ਗਈਆਂ ਸਿਫਾਰਸ਼ ਅਨੁਸਾਰ ਕੀਤੀ ਸੀ।

- ਸੌਇਲ ਹੈਲਥ ਕਾਰਡ ਵਿੱਚ ਕੀਤੀ ਸਿਫਾਰਸ਼ ਦੇ ਅਨੁਸਾਰ ਰਸਾਇਣਕ ਖਾਦਾਂ ਦੀ ਵਰਤੋਂ ਕਰਨ ਨਾਲ 251 ਕਿਸਾਨਾਂ (56 *ਪ੍ਰਤੀਸ਼ਤ*) ਦੀ ਝੋਨੇ ਦੀ ਪੈਦਾਵਾਰ ਵਿੱਚ ਅਤੇ 262 ਕਿਸਾਨਾਂ (58 *ਪ੍ਰਤੀਸ਼ਤ*) ਦੀ ਕਣਕ ਦੀ ਪੈਦਾਵਾਰ ਵਿੱਚ ਵਾਧਾ ਹੋਇਆ ਸੀ।

ਚਾਰ ਕਿਸਾਨ ਯੂਨੀਅਨਾਂ ਵੱਲੋਂ ਸਕੀਮਾਂ ਦੇ ਲਾਗੂਕਰਣ ਵਿੱਚ ਹੇਠ ਲਿਖੀਆਂ ਕਮੀਆਂ ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਲਿਆਂਦੀਆਂ ਗਈਆਂ:

i. ਝੋਨੇ ਤੋਂ ਹੋਰ ਫਸਲਾਂ ਵੱਲ ਵਿਭਿੰਨਤਾ ਨਹੀਂ ਕੀਤੀ ਗਈ ਸੀ ਕਿਉਂਕਿ ਝੋਨੇ ਅਤੇ ਕਣਕ ਦੀ ਖਰੀਦ ਐਮ ਐਸ ਪੀ ਤੇ ਕੀਤੀ ਗਈ ਸੀ ਅਤੇ ਹੋਰ ਬਦਲਵੀਆਂ ਫਸਲਾਂ ਤੇ ਐਮ ਐਸ ਪੀ ਹੋਣ ਦੇ ਬਾਵਜੂਦ ਇਹ ਫਸਲਾਂ ਐਮ ਐਸ ਪੀ ਤੇ ਨਹੀਂ ਖਰੀਦੀਆਂ ਗਈਆਂ ਸਨ ਜਦੋਂਕਿ ਮਾਰਕੀਟ ਮੁੱਲ ਐਮ ਐਸ ਪੀ ਤੋਂ ਘੱਟ ਸੀ।

ii. ਬਦਲਵੀਆਂ ਫਸਲਾਂ ਦੇ ਸਬੰਧ ਵਿੱਚ ਕੋਈ ਭਰੋਸੇਯੋਗ ਮੰਡੀਕਰਣ ਨਹੀਂ ਸੀ।

iii. ਸੌਇਲ ਹੈਲਥ ਕਾਰਡ ਦੀ ਵੰਡ ਮਿੱਥੇ ਨਿਸ਼ਾਨੇ ਤੱਕ ਨਹੀਂ ਸੀ ਕਿਉਂਜੋ ਇਹ ਵਿਭਾਗੀ ਅਧਿਕਾਰੀਆਂ ਦੀ ਬਜਾਏ ਪਿੰਡ ਨਿਵਾਸੀਆਂ ਦੁਆਰਾ ਵੰਡੇ ਜਾ ਰਹੇ ਸਨ।

iv. ਫਸਲ ਦੀ ਰਹਿੰਦ ਖੂਹੰਦ ਦਾ ਥਾਂ ਤੇ ਹੀ ਪ੍ਰਬੰਧਨ ਸਕੀਮ ਅਧੀਨ ਮੁਹੱਈਆ ਕਰਵਾਈ ਗਈ ਮਸ਼ੀਨਰੀ ਦੀ ਬਹੁਤ ਜਿਆਦਾ ਕੀਮਤ ਹੋਣ ਕਰਕੇ ਸੀਮਾਂਤ ਅਤੇ ਛੋਟੇ ਕਿਸਾਨ ਇਸ ਮਸ਼ੀਨਰੀ ਦੀ ਖਰੀਦ ਅਤੇ ਵਰਤੋਂ ਲਈ ਸਮਰੱਥ ਨਹੀਂ ਸਨ।

### 2.1.10 ਮਾਨੀਟਰਿੰਗ, ਅੰਦਰੂਨੀ ਕੰਟਰੋਲ ਅਤੇ ਮੁਲਾਂਕਣ

ਸਕੀਮ ਅਧੀਨ **ਫਸਲ ਵਿਭਿੰਨਤਾ ਪ੍ਰੋਗਰਾਮ ਵਿੱਚ** ਰਾਜ ਪੱਧਰੀ ਕਮੇਟੀ ਦਾ ਗਠਨ ਨਹੀਂ ਕੀਤਾ ਗਿਆ ਸੀ, ਜਿਸ ਕਾਰਣ ਮਾਨੀਟਰਿੰਗ ਮੈਕਾਨਿਜ਼ਮ ਪ੍ਰਭਾਵਹੀਣ ਸੀ। ਅੱਗੇ ਭਾਰਤ ਸਰਕਾਰ ਨੂੰ ਯੂ ਸੀਜ਼ ਨਾ ਭੇਜਣ ਕਾਰਣ ਰਾਜ ਨੂੰ ₹ 224.80 ਕਰੋੜ ਦੀ ਕੇਂਦਰੀ ਸਹਾਇਤਾ ਤੋਂ ਇਨਕਾਰ ਹੋਇਆ। ਇਸ ਤਰ੍ਹਾਂ, ਮਾਨੀਟਰਿੰਗ ਨਾ ਹੋਣ ਕਰਕੇ ਸਕੀਮ ਚਿਤਵੇ ਨਤੀਜੇ ਨਹੀਂ ਦਰਸਾ ਰਹੀ ਸੀ।

ਡਾਇਰੈਕਟਰ ਨੇ ਇਨ੍ਹਾਂ ਤੱਥਾਂ ਨੂੰ ਮੰਨਿਆ (ਜੁਲਾਈ 2020)।

**ਫਸਲ ਦੀ ਰਹਿੰਦ ਖੂੰਹਦ ਦਾ ਥਾਂ ਤੇ ਹੀ ਪ੍ਰਬੰਧਨ ਸਕੀਮ,** ਸੁਧਾਰਮਈ ਕਦਮ ਚੁਕਣ ਲਈ ਪ੍ਰਭਾਵਿਕਤਾ, ਕਾਰਗੁਜ਼ਾਰੀ, ਸਿੱਟੇ ਅਤੇ ਕਮੀਆਂ ਦਾ ਤੀਜੀ ਧਿਰ ਵਲੋਂ ਜਾਇਜ਼ਾ ਲੈਣ ਦੀ ਵਿਵਸਥਾ ਕਰਦੀ ਹੈ। ਜਦੋਂਕਿ ਸਕੀਮ ਦੇ ਨਿਪੁੰਨਤਾ ਨਾਲ ਲਾਗੂਕਰਣ ਦੀ ਸਮੀਖਿਆ ਕਰਨ ਲਈ ਅਜਿਹਾ ਮੁਲਾਂਕਣ ਨਹੀਂ ਕੀਤਾ ਗਿਆ ਸੀ।

ਵਿਭਾਗ ਨੇ ਇਨ੍ਹਾਂ ਤੱਥਾਂ ਨੂੰ ਮੰਨਿਆ ਅਤੇ ਕਿਹਾ (ਜੂਨ 2020) ਕਿ ਚਾਲੂ ਸਾਲ ਦੌਰਾਨ ਤੀਜੀ ਧਿਰ ਵਲੋਂ ਜਾਇਜ਼ਾ ਲਿਆ ਜਾਵੇਗਾ।

ਜਿਵੇਂ ਕਿ ਦਿਸ਼ਾ ਨਿਰਦੇਸ਼ਾਂ ਵਿੱਚ ਵਿਵਸਥਾ ਹੈ, **ਸੌਇਲ ਹੈਲਥ ਕਾਰਡ ਸਕੀਮ ਅਧੀਨ** ਚੁਣੇ ਗਏ ਸੱਤ ਜਿਲ੍ਹਿਆਂ ਵਿੱਚ ਸੌਇਲ ਵਿਸ਼ਲੇਸ਼ਣ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਵਿਸ਼ਲੇਸ਼ਣ ਕੀਤੇ ਸੈਂਪਲਾਂ ਦੀ ਬਾਹਰੀ ਏਜੰਸੀ ਤੋਂ ਇਕ *ਪ੍ਰਤੀਸ਼ਤ* ਰੈਂਡਮ ਜਾਂਚ ਨਹੀਂ ਕਰਵਾਈ ਗਈ ਸੀ। ਇਸੇ ਤਰ੍ਹਾਂ ਸਾਰੇ ਚੁਣੇ ਗਏ ਜਿਲ੍ਹਿਆਂ ਵਿੱਚ (ਅੰਮ੍ਰਿਤਸਰ ਤੋਂ ਇਲਾਵਾ) ਜਿਵੇਂ ਕਿ ਦਿਸ਼ਾ ਨਿਰਦੇਸ਼ਾਂ ਵਿੱਚ

ਵਿਵਸਥਾ ਕੀਤੀ ਗਈ ਹੈ, ਸੀ ਏ ਓ, ਸਰਪੰਚ ਅਤੇ ਗ੍ਰਾਮ ਸੇਵਕ ਵਲੋਂ ਮਿੱਟੀ ਦੇ ਸੈਂਪਲਾਂ ਨੂੰ ਇਕੱਠਾ ਕਰਨ ਦੀ ਤਸੱਲੀ ਹੋਣ ਬਾਰੇ ਕੋਈ ਸਾਂਝਾ ਪ੍ਰਮਾਣ ਪੱਤਰ ਜਾਰੀ ਨਹੀਂ ਕੀਤਾ ਗਿਆ ਸੀ। ਇਸ ਦੇ ਨਤੀਜੇ ਵਜੋਂ ਸਕੀਮ ਨੂੰ ਪ੍ਰਭਾਵਿਕਤਾ ਨਾਲ ਲਾਗੂ ਨਹੀਂ ਕੀਤਾ ਜਾ ਸਕਿਆ।

ਡਾਇਰੈਕਟਰ ਨੇ ਤੱਥਾਂ ਨੂੰ ਮੰਨਿਆ (ਜੁਲਾਈ 2020)।

ਸੌਇਲ ਹੈਲਥ ਪ੍ਰਬੰਧਨ ਸਕੀਮ ਅਧੀਨ ਸਕੀਮ ਨੂੰ ਮਾਨੀਟਰ ਕਰਨ ਲਈ ਸਟੇਟ ਸਟੈਂਡਿੰਗ ਟੈਕਨੀਕਲ ਕਮੇਟੀ ਨਹੀਂ ਬਣਾਈ ਗਈ ਸੀ ਜਿਸ ਕਾਰਣ ਆਈ ਸੀ ਪੀ/ ਏ ਏ ਐਸ ਦੀ ਖਰੀਦ ਨਹੀਂ ਹੋ ਸਕੀ। ਇਸਦੇ ਨਤੀਜੇ ਵਜੋਂ ਸੌਇਲ ਟੈਸਟਿੰਗ ਲੈਬਾਰਟਰੀਆਂ ਦਾ ਮਜਬੂਤੀਕਰਣ ਨਹੀਂ ਹੋ ਸਕਿਆ ਸੀ।

ਡਾਇਰੈਕਟਰ ਨੇ ਕਿਹਾ (ਜੁਲਾਈ 2020) ਕਿ ਨੈਸ਼ਨਲ ਮਿਸ਼ਨ ਫਾਰ ਸਸਟੇਨਏਬਲ ਐਗਰੀਕਲਚਰ (ਐਨ ਐਮ ਐਸ ਏ) ਅਧੀਨ ਰਾਜ ਪੱਧਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਸਟੇਟ ਸਟੈਂਡਿੰਗ ਟੈਕਨੀਕਲ ਕਮੇਟੀ ਦਾ ਗਠਨ ਕਰਨਾ ਜਰੂਰੀ ਸੀ।

## 2.1.11 ਸਿੱਟਾ

ਵੱਖ ਵੱਖ ਸਕੀਮਾਂ ਤੇ ₹ 699.24 ਕਰੋੜ ਦਾ ਖਰਚਾ ਕਰਨ ਦੇ ਬਾਵਜੂਦ ਰਾਜ ਵਿੱਚ ਸਸਟੇਨੇਬਲ ਖੇਤੀਬਾੜੀ ਲਈ ਭੂਮੀ ਅਤੇ ਪਾਣੀ ਦੀ ਸੰਭਾਲ ਦੇ ਇਕੋਲੋਜੀਕਲ ਸੰਤੁਲਨ ਨੂੰ ਬਹਾਲ ਕਰਨ ਵਿੱਚ ਡੀ ਐਸ ਤੇ ਡਬਲਿਊ ਸੀ ਅਤੇ ਡੀ ਏ ਤੇ ਐਫ ਡਬਲਿਊ ਦੀ ਕਾਰਗੁਜ਼ਾਰੀ ਮਾੜੀ ਰਹੀ। ਰਾਜ ਵਲੋਂ ਧਰਤੀ ਹੇਠਲੇ ਪਾਣੀ ਦੇ ਘਟਣ, ਸੌਇਲ ਡੀਗ੍ਰੇਡੇਸ਼ਨ ਅਤੇ ਜਲਵਾਯੂ ਤਬਦੀਲੀ ਨਾਲ ਨਿਪਟਣ ਤੋਂ ਇਲਾਵਾ ਖੇਤਰੀ ਵਿਸ਼ੇਸ ਇਕੋਲੋਜੀਕਲ ਅਤੇ ਰਾਸ਼ਟਰੀ ਸ੍ਰੋਤ ਪ੍ਰਬੰਧਨ ਨੂੰ ਬਚਾਉਣ ਲਈ ਕਾਨੂੰਨ ਅਜੇ ਬਣਾਉਣਾ ਸੀ। ਭੂਮੀ ਸਰਵੇਖਣ ਮੰਡਲ ਕੋਲ ਪ੍ਰਭਾਵੀ ਭੂਮੀ ਸਰਵੇਖਣ ਕਰਵਾਉਣ ਲਈ ਲੋੜੀਂਦਾ ਬੁਨਿਆਦੀ ਢਾਂਚਾ ਨਹੀਂ ਸੀ। ਫਸਲ ਵਿਭਿੰਨਤਾ ਪ੍ਰੋਗਰਾਮ ਦਾ ਕੋਈ ਵੀ ਅਸਰ ਨਹੀਂ ਪਿਆ ਕਿਉਂਜੋ ਸਕੀਮ ਅਧੀਨ ਝੋਨੇ ਦੇ ਬੀਜੇ ਖੇਤਰ ਵਿੱਚ ਸਮੁੱਚਾ ਵਾਧਾ (7.18 *ਪ੍ਰਤੀਸ਼ਤ)* ਹੋਇਆ ਜਦੋਂਕਿ ਬਦਲਵੀਆਂ ਫਸਲਾਂ ਦੇ ਖੇਤਰ ਵਿੱਚ 38.02 *ਪ੍ਰਤੀਸ਼ਤ ਦੀ* ਗਿਰਾਵਟ ਆਈ ਸੀ। ਫਸਲ ਰਹਿੰਦ ਖੂੰਹਦ ਨਾਲ ਸਬੰਧਤ ਮਾਮਲਿਆਂ ਨੂੰ ਘੱਟ ਕਰਨ ਲਈ ਸਕੀਮ ਦੇ ਲਾਗੂਕਰਣ ਤੋਂ ਬਾਅਦ ਵੀ ਪਰਾਲੀ ਨੂੰ ਸਾੜਨ ਦੇ ਮਾਮਲਿਆਂ ਵਿੱਚ ਵਾਧਾ ਹੋਇਆ ਸੀ। ਸੌਇਲ ਹੈਲਥ ਕਾਰਡ ਸਕੀਮ ਦਾ ਲਾਗੂਕਰਣ ਅੰਸ਼ਿਕ ਰਿਹਾ ਅਤੇ ਖਾਦਾਂ ਦੀ ਵਰਤੋਂ ਵਿੱਚ 20 *ਪ੍ਰਤੀਸ਼ਤ* ਦੇ ਟੀਚੇ ਦੇ ਵਿਰੁੱਧ ਸਿਰਫ 8.84 *ਪ੍ਰਤੀਸ਼ਤ* ਦੀ ਪ੍ਰਾਪਤੀ ਹੋਈ। ਸੌਇਲ ਟੈਸਟਿੰਗ ਲੈਬਾਰਟਰੀਆਂ ਵਿੱਚ ਇੱਕ ਵਧੀਆ ਬੁਨਿਆਦੀ ਢਾਂਚੇ ਦੀ ਕਮੀ ਸੀ, ਜਿਸ ਕਾਰਣ ਸਾਇਲ ਹੈਲਥ ਸਬੰਧੀ ਕਿਸਾਨਾਂ ਨੂੰ ਵੱਡਮੁੱਲਾ ਇਨਪੁਟ ਨਹੀਂ ਦਿੱਤਾ ਜਾ ਸਕਿਆ। ਡੀ ਐਸ ਤੇ ਡਬਲਿਊ ਸੀ ਨੇ ਭੂਮੀਗਤ ਪਾਈਪਲਾਈਨ ਸਕੀਮ ਅਧੀਨ ਮਿੱਥੇ ਟੀਚੇ ਅਨੁਸਾਰ 35,347 ਹੈਕਟੇਅਰ ਖੇਤਰ ਨੂੰ ਕਵਰ ਨਹੀਂ ਕੀਤਾ ਸੀ ਜਿਸ ਕਾਰਣ ਸਾਲਾਨਾ 972.04 ਲੱਖ ਕਿਊਬਿਕ ਮੀਟਰ ਪਾਣੀ ਦੀ ਸੰਭਾਲ ਨਹੀਂ ਹੋ ਸਕੀ। ਇਸ ਤੋਂ ਇਲਾਵਾ ਰਾਜ ਪੱਧਰ ਤੇ ਅਮਲੇ ਦੀ ਘਾਟ ਅਤੇ ਲੋੜੀਂਦੀ ਮਾਨੀਟਰਿੰਗ ਦੀ ਕਮੀ ਨੇ ਵੀ ਵੱਖ ਵੱਖ ਸਕੀਮਾਂ ਦੇ ਪ੍ਰਭਾਵਹੀਨ ਲਾਗੂਕਰਣ ਵਿੱਚ ਯੋਗਦਾਨ ਪਾਇਆ।

### 2.1.12 ਸਿਫਾਰਸ਼ਾਂ

ਲੇਖਾ ਪ੍ਰੀਖਿਆ ਲੱਭਤਾਂ ਦੀ ਰੋਸ਼ਨੀ ਵਿੱਚ ਰਾਜ ਸਰਕਾਰ ਇਹ ਵਿਚਾਰ ਕਰ ਸਕਦੀ ਹੈ:

(i) ਸਾਰੀਆਂ ਸਕੀਮਾਂ ਦੇ ਲਾਗੂਕਰਣ ਲਈ ਇੱਕ ਰੋਡਮੈਪ ਯਕੀਨੀ ਬਣਾਉਣ ਤੋਂ ਇਲਾਵਾ ਰਾਜ ਖੇਤੀਬਾੜੀ ਨੀਤੀ ਜਲਦੀ ਬਣਾਈ ਜਾਵੇ ਤਾਂ ਜੋ ਫਸਲੀ ਵਿਭਿੰਨਤਾ ਦਾ ਟੀਚਾ ਪ੍ਰਾਪਤ ਕਰਨ ਲਈ ਬਦਲਵੀਆਂ ਫਸਲਾਂ ਲਈ ਭਰੋਸੇਯੋਗ ਮੰਡੀਕਰਣ ਮੁੱਹਈਆ ਕਰਵਾਇਆ ਜਾ ਸਕੇ;

(ii) ਭੂਮੀ ਦੀ ਨਿਪੁੰਨਤਾ ਸਹਿਤ ਵਰਤੋਂ ਨੂੰ ਅਸਾਨ ਕਰਨ ਲਈ ਪੂਰੇ ਰਾਜ ਲਈ ਭੂਮੀ ਦੀ ਇਨਵੈਂਨਟਰੀ ਤਿਆਰ ਕਰਨ ਅਤੇ ਉਸਦੀ ਨਿਯਮਤ ਅਪਡੇਸ਼ਨ ਨੂੰ ਯਕੀਨੀ ਬਣਾਇਆ ਜਾਵੇ;

(iii) ਰਾਜ ਵਿੱਚ ਧਰਤੀ ਹੇਠਲੇ ਪਾਣੀ ਦੀ ਵੱਧ ਦੁਰਵਰਤੋਂ/ਨਿਕਾਸੀ ਨੂੰ ਰੋਕਣ ਲਈ ਅਸਰਦਾਰ ਉਪਰਾਲੇ ਕੀਤੇ ਜਾਣ;

(iv) ਪ੍ਰਦਾਨ ਕੀਤੀ ਗਈ ਸਹਾਇਤਾ ਦੀ ਅਸਲ ਵਰਤੋ ਲਈ, ਫਸਲ ਵਿਭਿੰਨਤਾ ਪ੍ਰੋਗਰਾਮ ਨੂੰ ਸੰਸਥਾਗਤ ਨਿਗਰਾਨੀ ਹੇਠ ਸਕੀਮ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਲਾਗੂ ਕੀਤਾ ਜਾਵੇ ਅਤੇ ਇਸ ਦੇ ਨਾਲ ਹੀ ਫਸਲ ਵਿਭਿੰਨਤਾ ਨੂੰ ਅਪਨਾਉਣ ਦੀ ਆਰਥਿਕ ਵਾਇਬਿਲਟੀ ਦੀ ਪੜਤਾਲ ਜਰੂਰ ਕੀਤੀ ਜਾਵੇ ਅਤੇ ਕਿਸਾਨਾਂ ਨੂੰ ਉਚਿੱਤਂ ਤੌਰ ਤੇ ਜਾਣਕਾਰੀ ਦਿੱਤੀ ਜਾਵੇ;

(v) ਪਰਾਲੀ ਨੂੰ ਸਾੜਨ ਦੇ ਮਾਮਲਿਆਂ ਨੂੰ ਘੱਟ ਤੋਂ ਘੱਟ ਕਰਨ ਲਈ ਜਾਗਰੂਕਤਾ ਪ੍ਰੋਗਰਾਮਾਂ ਦੀ ਪ੍ਰਭਾਵਿਕਤਾ ਦਾ ਮੁਲਾਂਕਣ ਕੀਤਾ ਜਾਵੇ ਅਤੇ ਲੋੜੀਂਦੇ ਪ੍ਰਭਾਵ ਲਈ ਇਸਦੇ ਪੱਧਰ ਅਤੇ ਅੰਤਰਾਲ ਦੀ ਸੋਧ ਕੀਤੀ ਜਾਵੇ;

(vi) ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਫਸਲਾਂ ਦੀ ਰਹਿੰਦ ਖੂੰਹਦ ਦਾ ਥਾਂ ਤੇ ਹੀ ਪ੍ਰਬੰਧਨ ਲਈ ਮਸ਼ੀਨਾਂ ਦੇ ਮੁੱਲ ਦਾ ਮੁੜ ਮੁਲਾਂਕਣ ਕੀਤਾ ਜਾਵੇ;

(vii) ਭੂਮੀ ਦੀ ਉਪਜਾਊ ਸ਼ਕਤੀ ਨੂੰ ਕਾਇਮ ਰੱਖਣ/ਸੁਧਾਰ ਕਰਨ ਲਈ ਅਤੇ ਧਰਤੀ ਹੇਠਲੇ ਪਾਣੀ ਦੇ ਘਟਣ ਨੂੰ ਰੋਕਣ ਲਈ ਕਿਸਾਨਾਂ ਨੂੰ ਵੱਖ ਵੱਖ ਸਕੀਮਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾਵੇ;

(viii) ਖੇਤਾਂ ਵਿੱਚ ਵਰਤੀ ਜਾਣ ਵਾਲੀ ਖਾਦ ਦੀ ਮਾਤਰਾ ਨੂੰ ਰੈਗੂਲੇਟ ਕਰਨ ਲਈ ਰਾਜ ਦੀ ਭੂਮੀ ਦੀ ਮੈਪਿੰਗ ਅਤੇ ਇਨਵੈਂਟਰੀ ਨੂੰ ਅਪਡੇਟ ਕਰਕੇ ਮਿੱਟੀ ਦੇ ਸਾਰੇ ਮਾਪਦੰਡਾਂ ਦੀ ਟੈਸਟਿੰਗ ਲਈ ਲੈਬਾਰਟਰੀਆਂ ਨੂੰ ਮਜਬੂਤ ਕੀਤਾ ਜਾਵੇ; ਅਤੇ

(ix) ਸਕੀਮਾਂ ਦੇ ਪ੍ਰਭਾਵੀ ਲਾਗੂਕਰਣ ਲਈ ਮਾਨੀਟਰਿੰਗ ਅਤੇ ਅੰਦਰੂਨੀ ਕੰਟਰੋਲ ਮੈਕਾਨਿਜ਼ਮ ਨੂੰ ਮਜਬੂਤ ਕੀਤਾ ਜਾਵੇ।

ਮਾਮਲਾ ਮਈ 2020 ਵਿੱਚ ਸਰਕਾਰ ਨੂੰ ਭੇਜਿਆ ਗਿਆ ਸੀ। ਉੱਤਰ ਦੀ ਉਡੀਕ ਸੀ (ਦਸੰਬਰ 2020)।

# ਅਧਿਆਇ - III

# ਪਾਲਣ ਲੇਖਾ ਪ੍ਰੀਖਿਆ

# ਅਧਿਆਇ–III

# ਪਾਲਣ ਲੇਖਾ ਪ੍ਰੀਖਿਆ

## ਸ਼ਹਿਰੀ ਹਵਾਬਾਜ਼ੀ ਵਿਭਾਗ

### 3.1 ਸਰਕਾਰ ਦੇ ਬਕਾਇਆ ਡਿਊਜ਼ ਦੀ ਵਸੂਲੀ ਨਾ ਕਰਨਾ

**ਜ਼ਮੀਨ ਦੀ ਨਿਸ਼ਾਨਦਈ, ਕਿਰਾਏ/ਠੇਕੇ ਦੀ ਰਾਸ਼ੀ ਅਤੇ ਨਿਯਮ ਤੇ ਸ਼ਰਤਾਂ ਦਾ ਨਿਰਧਾਰਣ ਕੀਤੇ ਬਗੈਰ ਜਮੀਨ ਅਤੇ ਹੈਂਗਰ ਨੰ. 2 ਦੀ ਫਲਾਇੰਗ ਅਕੈਡਮੀ ਨੂੰ ਅਲਾਟਮੈਂਟ ਕਰਨ ਕਰਕੇ ਦਸ ਸਾਲਾਂ ਤੋਂ ਵੱਧ ਦੇ ਸਮੇਂ ਲਈ ਮੁਕੱਦਮੇਬਾਜ਼ੀ ਹੋਈ ਜਦੋਂਕਿ ਤੁਰੰਤ ਕਾਰਵਾਈ ਦੀ ਘਾਟ ਕਾਰਣ ₹ 0.83 ਕਰੋੜ ਦੇ ਬਕਾਇਆ ਡਿਊਜ਼ ਦੀ ਵਸੂਲੀ ਵਿੱਚ ਦੇਰੀ ਹੋਈ ਅਤੇ ਪਿਛਲੇ ਪੰਦਰਾਂ ਸਾਲਾਂ ਤੋਂ ਜਮੀਨ ਦਾ ਇਹ ਭਾਗ ਕਿਸੇ ਆਰਥਿਕ ਪ੍ਰਤੀਫਲ ਤੋਂ ਬਗੈਰ ਬਲਾਕ ਹੋਇਆ ਰਿਹਾ।**

ਪੰਜਾਬ ਵਿੱਤੀ ਨਿਯਮਾਵਲੀ (ਪੀ ਐਫ ਆਰ) ਭਾਗ –1 ਦਾ ਨਿਯਮ 4.1 ਵਿਵਸਥਾ ਕਰਦਾ ਹੈ ਕਿ ਇਹ ਵੇਖਣ ਦੀ ਡਿਊਟੀ ਸਬੰਧਤ ਮਾਲੀਆ ਜਾਂ ਪ੍ਰਬੰਧਕੀ ਵਿਭਾਗ ਦੀ ਹੈ ਕਿ ਸਰਕਾਰ ਦੇ ਬਕਾਏ ਦਾ ਸਹੀ ਅਤੇ ਤੁਰੰਤ ਮੁਲਾਂਕਣ ਕਰਕੇ ਉਗਰਾਹੀ ਕਰ ਲਈ ਗਈ ਹੈ ਅਤੇ ਇਸਨੂੰ ਖਜ਼ਾਨੇ ਵਿੱਚ ਜਮ੍ਹਾਂ ਕਰਵਾ ਦਿੱਤਾ ਗਿਆ ਹੈ।

ਪੰਜਾਬ ਸਰਕਾਰ ਦੇ ਸ਼ਹਿਰੀ ਹਵਾਬਾਜ਼ੀ ਵਿਭਾਗ ਨੇ ਹਵਾਬਾਜ਼ੀ ਦੀਆਂ ਗਤੀਵਿਧੀਆਂ ਦੇ ਵਿਕਾਸ ਲਈ ਮੈਸਰਜ਼ ਬਿਰਮੀ ਫਲਾਇੰਗ ਅਕੈਡਮੀ ਪ੍ਰਾਈਵੇਟ ਲਿਮਟਿਡ (ਅਕੈਡਮੀ) ਨੂੰ ਇੱਕ ਹੈਂਗਰ[1] ਦੀ ਉਸਾਰੀ ਲਈ, ਪਟਿਆਲਾ ਏਅਰਪੋਰਟ ਵਿਖੇ 120 x150 ਫੁੱਟ ਜਮੀਨ ਇਸ ਸ਼ਰਤ ਤੇ 33 ਸਾਲਾਂ ਲਈ ਪੱਟੇ ਤੇ ਅਲਾਟ ਕੀਤੀ (ਮਾਰਚ 2005) ਕਿ ਇਸ ਇਕਰਾਰਨਾਮੇ ਦੇ ਸਾਰੇ ਨਿਯਮਾਂ ਅਤੇ ਸ਼ਰਤਾਂ ਨੂੰ ਅੰਤਿਮ ਰੂਪ ਲੋਕ ਨਿਰਮਾਣ ਵਿਭਾਗ (ਪੀ ਡਬਲਯੂ ਡੀ) ਵਲੋਂ ਦਿੱਤਾ ਜਾਵੇਗਾ। ਇਸੇ ਸਮੇ ਦੌਰਾਨ, ਇਸ ਅਕੈਡਮੀ ਨੂੰ ਆਪਣਾ ਹੈਂਗਰ ਉਸਾਰੇ ਜਾਣ ਤੱਕ ਓਪਰੇਸ਼ਨ ਸ਼ੁਰੂ ਕਰਨ ਲਈ ਪਟਿਆਲਾ ਏਵੀਏਸ਼ਨ ਕੰਪਲੈਕਸ ਵਿਖੇ ਹੈਂਗਰ ਨੰ. 2 (ਹੈਂਗਰ) ਤਿੰਨ ਸਾਲ ਲਈ ਅਲਾਟ ਕਰ ਦਿੱਤਾ ਗਿਆ (ਅਪ੍ਰੈਲ 2005)। ਅਲਾਟਮੈਂਟ ਦੀਆਂ ਸ਼ਰਤਾਂ ਅਨੁਸਾਰ, ਪੀ ਡਬਲਯੂ ਡੀ ਨੇ ਮਾਰਕੀਟ ਦਰਾਂ ਤੇ ਕਿਰਾਏ/ਪੱਟੇ ਦੀ ਰਕਮ ਨਿਰਧਾਰਣ/ਤੈਅ ਕਰਨੀ ਸੀ ਅਤੇ ਅਕੈਡਮੀ ਨੇ ਨਿਰਧਾਰਤ ਕੀਤੀ ਗਈ ਰਕਮ ਲਈ ਸਟੈਂਪ ਪੇਪਰ ਤੇ ਇੱਕ ਬਾਂਡ ਜਮ੍ਹਾਂ ਕਰਵਾਉਣਾ ਸੀ।

ਡਾਇਰੈਕਟਰ, ਸ਼ਹਿਰੀ ਹਵਾਬਾਜ਼ੀ, ਪੰਜਾਬ, ਚੰਡੀਗੜ੍ਹ ਦੇ ਰਿਕਾਰਡ ਦੀ ਨਮੂਨਾ ਜਾਂਚ (ਨਵੰਬਰ 2018) ਨੇ ਇਸ ਪ੍ਰਸਤਾਵ ਨੂੰ ਲਾਗੂ ਕਰਨ ਵਿੱਚ ਹੇਠ ਲਿਖੇ ਬਿੰਦੂਆਂ/ਕਮੀਆਂ ਨੂੰ ਦਰਸਾਇਆ:

I. ਅਕੈਡਮੀ ਨੂੰ ਹੈਂਗਰ ਨੰ. 2 ਦਾ ਕਬਜ਼ਾ 08 ਅਪ੍ਰੈਲ 2005 ਨੂੰ ਕਿਰਾਇਆ ਅਧਾਰ ਤੇ ਸੌਂਪ ਦਿੱਤਾ ਗਿਆ ਸੀ ਪ੍ਰੰਤੂ ਪੀ ਡਬਲਯੂ ਡੀ ਵਲੋਂ ਕਿਰਾਏ ਨੂੰ ਇੱਕ ਸਾਲ ਤੋਂ ਵੱਧ ਦੇ ਸਮੇ ਦੀ ਦੇਰੀ ਨਾਲ ਅੰਤਿਮ ਰੂਪ ਦਿੱਤਾ ਗਿਆ ਸੀ (ਸਤੰਬਰ 2006);

II. ਅਕੈਡਮੀ ਨੇ 18 ਤੋਂ 24 ਮਹੀਨਿਆਂ ਲਈ ਹਵਾਬਾਜ਼ੀ ਨਾਲ ਸਬੰਧਤ ਗਤੀਵਿਧੀਆਂ ਕੀਤੀਆ ਪ੍ਰੰਤੂ ਵਿਭਾਗ ਨੇ ਹੈਂਗਰ ਦੀ ਉਸਾਰੀ ਲਈ ਅਕੈਡਮੀ ਨੂੰ ਦਿੱਤੀ ਜਾਣ ਵਾਲੀ

---

[1] ਹੈਂਗਰ ਏਅਰਕਰਾਫਟ ਜਾਂ ਸਪੇਸਕਰਾਫਟ ਨੂੰ ਰੱਖਣ ਲਈ ਇਕ ਬੰਦ ਇਮਾਰਤ ਦਾ ਢਾਂਚਾ ਹੁੰਦਾ ਹੈ। ਹੈਂਗਰ ਲੱਕੜੀ ਜਾਂ ਕੰਕਰੀਟ ਦੇ ਬਣੇ ਹੁੰਦੇ ਹਨ। ਇਹ ਏਅਰਕਰਾਫਟ ਨੂੰ ਮੌਸਮ, ਸਿੱਧੀ ਧੁੱਪ ਤੋਂ ਬਚਾਣ ਅਤੇ ਇਸਦੇ ਰੱਖ ਰਖਾਅ, ਮੁਰੰਮਤ, ਨਿਰਮਾਣ ਕਰਨ, ਅਸੈਂਬਲੀ ਅਤੇ ਸਟੋਰੇਜ ਲਈ ਵਰਤੇ ਜਾਂਦੇ ਹਨ।

ਕਿਸੇ ਵੀ ਜ਼ਮੀਨ ਦੀ ਨਾ ਤਾਂ ਨਿਸ਼ਾਨਦਈ ਕੀਤੀ ਅਤੇ ਨਾ ਹੀ ਕੋਈ ਕਿਰਾਇਆ ਵਸੂਲ ਕੀਤਾ ਸੀ;

III. ਵਿਭਾਗ ਨੇ ਮੰਤਰੀ ਮੰਡਲ ਦੁਆਰਾ ਲਏ ਗਏ ਫੈਸਲੇ (ਜੂਨ 2007) ਦੇ ਆਧਾਰ ਤੇ ਜ਼ਮੀਨ ਦੇ ਇੱਕ ਟੁਕੜੇ ਅਤੇ ਹੈਂਗਰ ਦੀ ਅਲਾਟਮੈਂਟ ਨੂੰ ਰੱਦ ਕਰ ਦਿੱਤਾ ਸੀ (ਜੁਲਾਈ 2007)। ਅਕੈਡਮੀ ਨੇ ਇਸ ਫੈਸਲੇ ਦੇ ਵਿਰੁੱਧ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਸਿਵਿਲ ਰਿੱਟ ਪਟੀਸ਼ਨ (ਸੀ ਡਬਲਿਯੂ ਪੀ[2]) ਦਾਇਰ ਕੀਤੀ ਅਤੇ ਹਾਈ ਕੋਰਟ ਨੇ ਹੈਂਗਰ ਦੀ ਕਬਜ਼ਾ–ਵਾਪਸੀ ਤੇ ਰੋਕ ਲਗਾ ਦਿੱਤੀ (ਅਪ੍ਰੈਲ 2008);

IV. ਇਹ ਮਾਮਲਾ ਅਪ੍ਰੈਲ 2008 ਤੋਂ ਅਕਤੂਬਰ 2015 ਤੱਕ ਅਦਾਲਤੀ ਪ੍ਰਕ੍ਰਿਆ ਅਧੀਨ ਰਿਹਾ ਪ੍ਰੰਤੂ ਕੋਰਟ ਨੇ ਵਿਭਾਗ ਨੂੰ ਅਕੈਡਮੀ ਤੋਂ ਉਸ ਸਮੇ ਲਈ ਹੈਂਗਰ ਦਾ ਕਿਰਾਇਆ ਵਸੂਲ ਕਰਨ ਦੇ ਨਿਰਦੇਸ਼ ਦਿੱਤੇ (ਨਵੰਬਰ 2011) ਜਦੋਂ ਤੋਂ ਪੱਟੇ ਦਾ ਮੂਲ ਪ੍ਰਸਤਾਵ ਰੱਖਿਆ ਗਿਆ ਸੀ ਅਤੇ ਨਾਲ ਹੀ ਅਦਾਲਤੀ ਕਾਰਵਾਈ ਦੇ ਅੰਤ ਤੱਕ ਕਿਰਾਏ ਦੀ ਰਕਮ ਵਿੱਚ ਵਾਧਾ[3] ਕਰਨ ਦੀ ਵਿਵਸਥਾ ਕੀਤੀ। ਅੱਗੇ ਇਹ ਵੀ ਸਲਾਹ ਦਿੱਤੀ ਗਈ ਸੀ ਕਿ ਅਦਾਇਗੀ ਵਿੱਚ ਕਿਸੇ ਕੋਤਾਹੀ ਦੀ ਸੂਰਤ ਵਿੱਚ ਰਾਜ ਹਾਈ ਕੋਰਟ ਵਿੱਚ ਜਾ ਸਕਦਾ ਸੀ। ਕਿਉਂਜੋ ਅਕੈਡਮੀ ਨੇ ਕਿਰਾਏ ਦੀ ਕੋਈ ਅਦਾਇਗੀ ਨਹੀਂ ਕੀਤੀ, ਹਾਈ ਕੋਰਟ ਨੇ ਵਿਭਾਗ ਨੂੰ ਅਕੈਡਮੀ ਤੋਂ ਹੈਂਗਰ ਦਾ ਕਬਜ਼ਾ ਲੈਣ ਲਈ ਅਧਿਕਾਰ ਦੇ ਦਿੱਤਾ ਸੀ (ਅਕਤੂਬਰ 2015);

V. ਵਿਭਾਗ ਨੇ 30 ਜਨਵਰੀ 2016 ਨੂੰ ਅਕੈਡਮੀ ਦੀਆਂ ਜਾਇਦਾਦਾਂ ਸਮੇਤ ਹੈਂਗਰ ਦਾ ਕਬਜ਼ਾ ਲੈ ਲਿਆ ਅਤੇ 2005–06 (08 ਅਪ੍ਰੈਲ 2005) ਤੋਂ 2015–16 (ਜਨਵਰੀ 2016 ਤੱਕ) ਦੇ ਸਮੇ ਲਈ ₹ 81.84 ਲੱਖ ਦੇ ਬਕਾਇਆ ਕਿਰਾਏ ਦੀ ਵਸੂਲੀ ਭੌਂ ਮਾਲੀਏ ਦੇ ਬਕਾਏ ਵਜੋਂ ਹੈਂਗਰ ਵਿੱਚ ਪਈਆਂ ਜਾਇਦਾਦਾਂ ਨੂੰ ਵੇਚ ਕੇ ਕਰਨ ਲਈ ਮਾਮਲਾ ਡਿਪਟੀ ਕਮਿਸ਼ਨਰ (ਕੁਲੈਕਟਰ), ਪਟਿਆਲਾ ਨੂੰ ਭੇਜ ਦਿੱਤਾ ਸੀ; ਅਤੇ

VI. ਪ੍ਰੰਤੂ 2½ ਸਾਲਾਂ ਬਾਅਦ ਕੁਲੈਕਟਰ ਨੇ ਜਾਇਦਾਦ ਦੀ ਤਕਨੀਕੀ ਪ੍ਰਕ੍ਰਿਤੀ ਹੋਣ ਕਾਰਣ ਗੈਰ–ਮੁਰੰਮਤਯੋਗ ਹਵਾਈ ਜਹਾਜ਼ਾਂ ਦੀ ਕੀਮਤ ਨਿਰਧਾਰਣ ਕਰਨ ਵਿੱਚ ਅਸਮਰੱਥਾ ਪ੍ਰਗਟ ਕੀਤੀ (ਸਤੰਬਰ 2018) ਅਤੇ ਵਿਭਾਗ ਨੂੰ ਆਪਣੇ ਪੱਧਰ ਤੇ ਹਵਾਈ ਜਹਾਜ਼ਾਂ ਦੀ ਨਿਲਾਮੀ ਕਰਨ ਦਾ ਸੁਝਾਅ ਦਿੱਤਾ। ਪ੍ਰੰਤੂ ਇਸ ਮਾਮਲੇ ਵਿੱਚ ਅੱਗੇ ਕੋਈ ਪ੍ਰਗਤੀ ਨਹੀ ਹੋਈ ਸੀ ਜਿਸ ਕਾਰਨ ₹ 81.84 ਲੱਖ ਦੇ ਕਿਰਾਏ ਦਾ ਬਕਾਇਆ ਅਤੇ ਪੰਜਾਬ ਰਾਜ ਪਾਵਰ ਕਾਰਪਰੇਸ਼ਨ ਲਿਮਟਿਡ ਨੂੰ ਅਦਾ ਕੀਤੇ ₹ 1.03 ਲੱਖ ਦੇ ਬਿਜਲੀ ਦੇ ਬਿਲਾਂ ਦੀ ਵਸੂਲੀ ਕਰਨੀ ਅਜੇ ਵੀ ਬਕਾਇਆ ਰਹਿੰਦੀ ਸੀ ***(ਅੰਤਿਕਾ 1.2)।***

ਵਿਭਾਗ ਨੇ ਸਰਕਾਰੀ ਡਿਊਜ਼ ਦੇ ਬਕਾਏ ਦੀ ਵਸੂਲੀ ਨਾ ਕਰਨ ਦਾ ਕਾਰਣ ਕੁਲੈਕਟਰ ਦੀ ਅਸਮਰੱਥਾ (ਸਤੰਬਰ 2018) ਨੂੰ ਦੱਸਿਆ (ਮਈ 2019)। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਜਾਇਦਾਦਾਂ ਦੀ ਤਕਨੀਕੀ ਮਾਹਰ ਕਮੇਟੀ (ਨਵੰਬਰ 2020) ਦੇ ਗਠਨ ਰਾਹੀ ਜਾਇਦਾਦਾਂ ਵੇਚਣ ਲਈ ਮਾਰਕੀਟ ਕੀਮਤ ਨਿਰਧਾਰਣ ਕਰਨ ਲਈ ਵਿਭਾਗ ਵੱਲੋਂ ਕੋਈ ਪ੍ਰਗਤੀ ਨਹੀਂ ਕੀਤੀ ਗਈ ਸੀ।

ਇੰਜ, ਅਕੈਡਮੀ ਨੂੰ ਅਲਾਟ ਕੀਤੇ ਜਾਣ ਵਾਲੇ ਭੂਮੀ ਦੇ ਟੁਕੜੇ ਦੀ ਨਿਸ਼ਾਨਦਈ ਕਰਨ ਲਈ ਵਿਭਾਗ ਵਲੋਂ ਕਾਰਵਾਈ ਨਾ ਕਰਨ ਕਰਕੇ ਅਤੇ ਇਸ ਦੇ ਨਾਲ ਨਾਲ ਕਿਰਾਏ ਦੀ ਵਸੂਲੀ ਨਾ ਹੋਣ ਕਰਕੇ ਲੰਮੇ ਸਮੇਂ ਲਈ ਮੁਕੱਦਮੇਬਾਜ਼ੀ ਹੋਈ, ਜਦੋਂਕਿ ਜਾਇਦਾਦਾਂ ਦੇ ਨਿਪਟਾਰੇ ਵਿੱਚ ਦੇਰੀ ਕਾਰਣ ₹ 0.83 ਕਰੋੜ ਦੇ ਡਿਊਜ਼ ਬਕਾਇਆ ਰਹੇ ਅਤੇ ਜਾਇਦਾਦਾਂ ਦੀ ਡੈਪਰੀਸ਼ੀਏਸ਼ਨ ਵਿੱਚ ਹੋਰ ਵਾਧਾ ਹੋਇਆ, ਜਿਸ ਨਾਲ ਇਨ੍ਹਾਂ ਤੋਂ ਉਚਿੱਤ ਵਸੂਲੀ ਦੀ ਸੰਭਾਵਨਾ ਘਟ ਗਈ। ਇਸ ਤੋਂ

[2] ਸਾਲ 2007 ਦੀ ਸੀ ਡਬਲਿਊ ਪੀ ਨੰ 10382 ।

[3] 10 *ਪ੍ਰਤੀਸ਼ਤ* ਸਾਲਾਨਾ ਦਰ ਨਾਲ।

ਇਲਾਵਾ ਉੱਪਰ ਦੱਸੀ ਜਮੀਨ ਅਣਵਰਤੀ ਪਈ ਸੀ ਜਿਸਦੀ ਕਿ ਕਿਸੇ ਹੋਰ ਵਿਕਲਪ ਲਈ ਆਰਥਿਕ ਵਰਤੋਂ ਕੀਤੀ ਜਾ ਸਕਦੀ ਸੀ।

ਇਹ ਮਾਮਲਾ ਜੂਨ 2019 ਵਿੱਚ ਸਰਕਾਰ ਨੂੰ ਭੇਜਿਆ ਗਿਆ ਸੀ, ਉਨ੍ਹਾਂ ਵਲੋਂ ਉੱਤਰ ਦੀ ਉਡੀਕ ਸੀ (ਦਸੰਬਰ 2020)।

**ਸਿਫਾਰਸ਼: ਸਰਕਾਰ/ਵਿਭਾਗ ਸਰਕਾਰੀ ਬਕਾਏ ਦੀ ਵਸੂਲੀ ਕਰਨ ਲਈ ਵਿੱਤੀ ਨਿਯਮਾਂ ਅਨੁਸਾਰ ਸਮਾਬੱਧ ਐਕਸ਼ਨ ਪਲਾਨ ਤੈਅ ਕਰ ਸਕਦੀ ਹੈ।**

## ਸਿਹਤ ਅਤੇ ਪਰਿਵਾਰ ਭਲਾਈ ਵਿਭਾਗ

## 3.2 ਯੂਜ਼ਰ ਚਾਰਜਿਜ਼ ਦੀ ਸ਼ੱਕੀ ਕੁਵਰਤੋਂ

**ਸਿਵਲ ਹਸਪਤਾਲ ਮਾਨਸਾ ਵਿਖੇ ਡਰਾਇੰਗ ਅਤੇ ਡਿਸਬਰਸਿੰਗ ਅਫਸਰ ਦੁਆਰਾ ਕੋਡਲ ਉਪਬੰਧਾਂ ਦੀ ਪਾਲਣਾ ਵਿੱਚ ਅਸਫਲ ਰਹਿਣ ਅਤੇ ਅੰਦਰੂਨੀ ਕੰਟਰੋਲ ਮੈਕਾਨਿਜ਼ਮ ਨਾਲ ਸਮਝੌਤਾ ਕਰਨ ਕਰਕੇ ₹ 1.02 ਲੱਖ ਦੀ ਰਾਸ਼ੀ ਦੇ ਯੂਜ਼ਰ ਚਾਰਜਿਜ਼ ਦੀ ਸ਼ੱਕੀ ਕੁਵਰਤੋਂ ਕਰਨ ਵਿੱਚ ਅਸਾਨੀ ਹੋਈ।**

ਪੰਜਾਬ ਖਜ਼ਾਨਾ ਨਿਯਮਾਵਲੀ ਦਾ ਨਿਯਮ 98(1) ਵਿਵਸਥਾ ਕਰਦਾ ਹੈ ਕਿ ਦਫਤਰ ਦਾ ਮੁਖੀ ਜਾਂ ਇਸ ਲਈ ਅਧਿਕਾਰਤ ਵਿਅਕਤੀ, ਰਸੀਦ ਉੱਪਰ ਹਸਤਾਖਰ ਕਰਨ ਅਤੇ ਕਾਊਂਟਰਫਾਇਲ ਉੱਪਰ ਇਨੀਸ਼ੀਅਲ ਕਰਨ ਤੋਂ ਪਹਿਲਾਂ ਇਸ ਗੱਲ ਲਈ ਅਪਣੀ ਤਸੱਲੀ ਕਰੇਗਾ ਕਿ ਰਕਮ ਕੈਸ਼ ਬੁੱਕ ਵਿੱਚ ਉਚਿੱਤ ਤਰੀਕੇ ਨਾਲ ਦਰਜ ਕਰ ਲਈ ਗਈ ਹੈ। ਪੰਜਾਬ ਵਿੱਤੀ ਨਿਯਮਾਵਲੀ (ਪੀ ਐਫ ਆਰ) ਦਾ ਨਿਯਮ 2.4 ਤੈਅ ਕਰਦਾ ਹੈ ਕਿ ਦਫਤਰ ਦੇ ਮੁਖੀ ਨੂੰ ਦਿਨ ਦੇ ਅਖੀਰ ਤੇ ਕੈਸ਼ ਬੁੱਕ ਤੇ ਹਸਤਾਖਰ ਕਰਨ ਸਮੇਂ ਇਹ ਦੇਖਣਾ ਚਾਹੀਦਾ ਹੈ ਕਿ ਉਸ ਦਿਨ ਦੌਰਾਨ ਇਕੱਤਰ ਹੋਈਆਂ ਵਿਭਾਗੀ ਪ੍ਰਾਪਤੀਆਂ ਨੂੰ ਉਸੇ ਦਿਨ ਜਾਂ ਅਗਲੇ ਦਿਨ ਦੀ ਸਵੇਰ ਨੂੰ ਸਰਕਾਰੀ ਖਾਤੇ ਵਿੱਚ ਜਮ੍ਹਾਂ ਕਰਵਾ ਦਿੱਤਾ ਗਿਆ ਹੈ।

ਪੰਜਾਬ ਸਰਕਾਰ ਨੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ (ਪੀ ਐਚ ਐਸ ਸੀ) ਨੂੰ ਮਰੀਜਾਂ ਤੋਂ ਇਕੱਤਰ ਕੀਤੇ ਗਏ ਯੂਜ਼ਰ ਚਾਰਜ਼ਿਜ ਨੂੰ ਕੁਲੈਕਸ਼ਨ ਪੁਆਇੰਟ ਤੇ ਹੀ ਆਪਣੇ ਕੋਲ ਰੱਖਣ ਅਤੇ ਇਨ੍ਹਾਂ ਨੂੰ ਗੈਰ-ਤਨਖਾਹ ਖਰਚਿਆਂ ਦੀ ਪੂਰਤੀ ਲਈ ਵਰਤਣ ਦੀ ਆਗਿਆ ਦਿੱਤੀ ਸੀ (ਫਰਵਰੀ 1997)। ਪੀ ਐਚ ਐਸ ਸੀ ਨੇ ਹਦਾਇਤ ਕੀਤੀ (ਫਰਵਰੀ 2013) ਕਿ ਖੇਤਰੀ ਦਫਤਰਾਂ ਵਲੋਂ ਇਕੱਠੇ ਕੀਤੇ ਯੂਜ਼ਰ ਚਾਰਜਿਜ਼ ਨੂੰ ਰੋਜ਼ਾਨਾ ਅਧਾਰ ਤੇ ਇਕ ਵੱਖਰੇ ਬੈਂਕ ਬੱਚਤ ਖਾਤੇ ਵਿੱਚ ਜਮ੍ਹਾਂ ਕਰਾਉਣਾ ਚਾਹੀਦਾ ਹੈ। ਅੱਗੇ ਇਹ ਵੀ ਨਿਰਦੇਸ਼ ਦਿੱਤਾ ਗਿਆ ਸੀ ਕਿ ਕੈਸ਼ ਕੁਲੈਕਸ਼ਨਾਂ ਵਿਚੋਂ ਕੋਈ ਵੀ ਖਰਚਾ ਨਾ ਕੀਤਾ ਜਾਵੇ ਅਤੇ ਇਨਾਂ ਕੁਲੈਕਸ਼ਨਾਂ ਨੂੰ ਬੈਂਕ ਵਿੱਚ ਜਮ੍ਹਾਂ ਕਰਾਉਣ ਤੋਂ ਬਾਅਦ ਹੀ ਖਰਚ ਕਰਨਾ ਚਾਹੀਦਾ ਹੈ।

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਸਮਾਜਿਕ, ਜਨਰਲ ਅਤੇ ਆਰਥਿਕ ਖੇਤਰਾਂ (ਗੈਰ-ਜਨਤਕ ਖੇਤਰ ਉਪਕ੍ਰਮ) ਉੱਤੇ 31 ਮਾਰਚ 2015 ਨੂੰ ਸਮਾਪਤ ਹੋਏ ਸਾਲ ਦੀ ਰਿਪੋਰਟ-ਪੰਜਾਬ ਸਰਕਾਰ (ਪੈਰ੍ਹਾ 3.8) ਵਿੱਚ ਸਿਵਲ ਹਸਪਤਾਲ, ਮਾਨਸਾ ਦੁਆਰਾ ₹ 19.88 ਲੱਖ ਦੇ ਯੂਜ਼ਰ ਚਾਰਜਿਜ਼ ਦੀ ਕੁਵਰਤੋਂ ਕੀਤੇ ਜਾਣ ਬਾਰੇ ਜ਼ਿਕਰ ਕੀਤਾ ਗਿਆ ਸੀ। ਲੋਕ ਲੇਖਾ ਕਮੇਟੀ (ਪੀ ਏ ਸੀ) ਨੇ ਪੈਰ੍ਹੇ ਤੇ ਚਰਚਾ ਕਰਦੇ ਹੋਏ ਸਿਫਾਰਸ਼ ਕੀਤੀ (ਜੁਲਾਈ 2018) ਕਿ ਭਵਿੱਖ ਵਿੱਚ

ਅਜਿਹੀਆਂ ਅਨਿਯਮਤਾਵਾਂ ਦੇ ਮੁੜ ਵਾਪਰਨ ਤੋ ਰੋਕਣ ਲਈ ਇੱਕ ਭਰੋਸੇਯੋਗ ਮੈਕਾਨਿਜ਼ਮ ਵਿਕਸਤ ਕੀਤਾ ਜਾਵੇ ਜੋਕਿ ਡਰਾਇੰਗ ਅਤੇ ਡਿਸਬਰਸਿੰਗ ਅਫਸਰ (ਡੀ ਡੀ ਓ) ਨੂੰ ਪੀ ਐਫ ਆਰਜ਼ ਦੀ ਪਾਲਣਾ ਨੂੰ ਯਕੀਨੀ ਬਣਾਉਣ ਵਿੱਚ ਸਹਾਈ ਹੋਵੇ।

ਰਿਕਾਰਡ ਦੀ ਨਮੂਨਾ ਜਾਂਚ (ਜੂਨ 2018) ਅਤੇ ਪੀ ਐਚ ਐਸ ਸੀ ਦੇ ਅਧਿਕਾਰ ਖੇਤਰ ਅਧੀਨ ਸਿਵਲ ਹਸਪਤਾਲ (ਸੀ ਐਚ) ਮਾਨਸਾ ਤੋਂ ਬਾਅਦ ਵਿੱਚ ਇੱਕਠੀ ਕੀਤੀ ਗਈ ਸੂਚਨਾ (ਸਤੰਬਰ 2018–ਮਾਰਚ 2019) ਨੇ ਦਰਸਾਇਆ ਕਿ ਅਪ੍ਰੈਲ 2017 ਅਤੇ ਜਨਵਰੀ 2018 ਵਿਚਕਾਰ ਰੇਡੀਓਗ੍ਰਾਫਰ ਦੁਆਰਾ ਮਰੀਜਾਂ ਕੋਲੋਂ ਉਗਰਾਹੇ ਗਏ ₹ 8.72 ਲੱਖ ਦੇ ਯੂਜ਼ਰ ਚਾਰਜਿਜ਼ ਵਿਚੋਂ ₹ 1.02 ਲੱਖ ਨਾ ਤਾਂ ਰੋਜਾਨਾ ਕੁਲੈਕਸ਼ਨ ਰਜਿਸਟਰ (ਡੀ ਸੀ ਆਰ) ਅਤੇ ਕੈਸ਼ ਬੁੱਕ ਵਿੱਚ ਲੇਖਾਬੱਧ ਕੀਤੇ ਗਏ ਅਤੇ ਨਾ ਹੀ ਸੀਨੀਅਰ ਮੈਡੀਕਲ ਅਫਸਰ (ਐਸ ਐਮ ਓ), ਸੀ ਐਚ, ਮਾਨਸਾ ਦੇ ਨਾਂਅ ਤੇ ਚਲ ਰਹੇ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾਏ ਗਏ ***(ਅੰਤਿਕਾ I.3)***। ਐਸ ਐਮ ਓ, ਜਿਸ ਕੋਲ ਡੀ ਡੀ ਓ ਦਾ ਕਾਰਜ ਭਾਰ ਸੀ, ਨੇ ਰੇਡੀਓਗ੍ਰਾਫਰ ਦੁਆਰਾ ਇੱਕਠੇ ਕੀਤੇ ਸਾਰੇ ਯੂਜ਼ਰ ਚਾਰਜਿਜ਼ ਨੂੰ ਡੀ ਸੀ ਆਰ/ਕੈਸ਼ ਬੁੱਕ ਵਿੱਚ ਲੇਖਾਬੱਧ ਕੀਤੇ ਜਾਣ ਅਤੇ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾਏ ਜਾਣ ਨੂੰ ਯਕੀਨੀ ਨਹੀਂ ਬਣਾਇਆ।

ਇਸ ਨੂੰ ਲੇਖਾ ਪ੍ਰੀਖਿਆ ਦੌਰਾਨ ਧਿਆਨ ਵਿੱਚ ਲਿਆਉਣ ਤੇ (ਜੂਨ 2018) ,ਪੀ ਐਚ ਐਸ ਸੀ ਨੇ ਕਿਹਾ (ਨਵੰਬਰ 2020) ਕਿ ਦੋਸ਼ੀ ਕਰਮਚਾਰੀ ਨੇ ₹ 1.02 ਲੱਖ ਵਿਚੋਂ ₹ 0.91 ਲੱਖ ਜਮ੍ਹਾਂ ਕਰਵਾ ਦਿੱਤੇ ਸਨ (ਜੂਨ 2018–ਜਨਵਰੀ 2019)। ਇਹ ਵੀ ਦੱਸਿਆ ਗਿਆ ਕਿ ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ ਨੇ ਸਬੰਧਤ ਕਰਮਚਾਰੀ ਵਿਰੁੱਧ ਚਾਰਜ਼ਸ਼ੀਟ ਜਾਰੀ ਕਰ ਦਿੱਤੀ ਸੀ ਅਤੇ ਮਾਮਲੇ ਦੀ ਪੜਤਾਲ ਪ੍ਰਕ੍ਰਿਆ ਅਧੀਨ ਹੈ।

ਇੰਜ, ਡੀ ਡੀ ਓ ਦਾ ਉਕਤ ਕੋਡਲ ਉਪਬੰਧਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿਣਾ ਅਤੇ ਅੰਦਰੂਨੀ ਕੰਟਰੋਲ ਮੈਕਾਨਿਜ਼ਮ ਨਾਲ ਸਮਝੌਤਾ ਕਰਨਾ, ₹ 1.02 ਲੱਖ ਦੇ ਯੂਜ਼ਰ ਚਾਰਜਿਜ਼ ਦੀ ਸ਼ੱਕੀ ਕੁਵਰਤੋਂ ਲਈ ਸਹਾਈ ਹੋਇਆ ਭਾਵੇਂ ਕਿ ਲੇਖਾ ਪ੍ਰੀਖਿਆ ਵਲੋਂ ਧਿਆਨ ਵਿੱਚ ਲਿਆਉਣ ਤੋਂ ਬਾਅਦ ਸਬੰਧਤ ਕਰਮਚਾਰੀ ਤੋਂ ₹ 0.91 ਲੱਖ ਦੀ ਰਾਸ਼ੀ ਵਸੂਲ ਕਰ ਲਈ ਗਈ ਸੀ।

ਮਾਮਲਾ ਅਗਸਤ 2018 ਵਿੱਚ ਸਰਕਾਰ ਨੂੰ ਭੇਜਿਆ ਗਿਆ ਸੀ; ਉਨ੍ਹਾਂ ਵਲੋਂ ਉੱਤਰ ਦੀ ਉਡੀਕ ਸੀ (ਦਸੰਬਰ 2020)।

**ਸਿਫਾਰਸ਼ : ਜਿਵੇਂ ਕਿ ਲੋਕ ਲੇਖਾ ਕਮੇਟੀ ਨੇ ਵੀ ਸਿਫਾਰਸ਼ ਕੀਤੀ ਸੀ, ਸਰਕਾਰੀ ਧਨ ਦੀ ਸ਼ੱਕੀ ਕੁਵਰਤੋਂ ਦੇ ਅਜਿਹੇ ਮਾਮਲਿਆਂ ਦੇ ਮੁੜ ਤੋਂ ਵਾਪਰਨ ਨੂੰ ਰੋਕਣ ਦੇ ਉਦੇਸ਼ ਨਾਲ, ਰਾਜ ਸਰਕਾਰ ਇਕ ਮਜਬੂਤ ਅਤੇ ਭਰੋਸੇਯੋਗ ਅੰਦਰੂਨੀ ਕੰਟਰੋਲ ਮੈਕਾਨਿਜ਼ਮ ਬਣਾਉਣ ਲਈ ਸਾਰੇ ਸਬੰਧਤਾਂ ਉੱਤੇ ਉਪਰੋਕਤ ਕੋਡਲ ਉਪਬੰਧਾਂ ਦੀ ਸਖਤੀ ਨਾਲ ਪਾਲਣਾ ਕਰਨ ਨੂੰ ਯਕੀਨੀ ਬਣਾਉਣ ਲਈ ਜੋਰ ਪਾ ਸਕਦੀ ਹੈ।**

## ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ

## 3.3 ਖਾਲੀ ਪਈਆਂ ਸਰਕਾਰੀ ਜਮੀਨਾਂ ਦੀ ਸਰਵੋਤਮ ਵਰਤੋਂ

**ਸਕੀਮ ਅਧੀਨ 2016-19 ਦੌਰਾਨ ਵਿਕਰੀ ਲਈ ਚਿੰਨਤ ਕੀਤੀਆਂ ਗਈਆਂ ਜਾਇਦਾਦਾਂ ਵਿੱਚੋਂ 61 *ਪ੍ਰਤੀਸ਼ਤ* ਰਿਹਾਇਸ਼ੀ, 73 *ਪ੍ਰਤੀਸ਼ਤ* ਕਮਰਸ਼ੀਅਲ ਅਤੇ 91 *ਪ੍ਰਤੀਸ਼ਤ* ਹੋਰ ਜਾਇਦਾਦਾਂ ਅਣਵਿਕੀਆਂ ਰਹਿ ਗਈਆਂ ਸਨ। ਸਕੀਮ ਵਿੱਚ ₹ 1,158.63 ਕਰੋੜ ਦਾ ਘਾਟਾ ਸੀ ਜਿਹੜਾ ਕਿ ਸਕੀਮ ਦੀਆਂ ਜਾਇਦਾਦਾਂ ਨੂੰ ਗਿਰਵੀਂ ਰੱਖਕੇ ਮਾਰਕੀਟ ਕਰਜਿਆਂ ਰਾਹੀਂ ਪੂਰਾ ਕੀਤਾ ਗਿਆ ਸੀ। ਰਾਖਵੇਂ ਮੁੱਲ ਤੋਂ ਉੱਪਰ ਬੋਲੀ ਪ੍ਰਾਪਤ ਹੋ ਜਾਣ ਦੇ ਬਾਵਜੂਦ ਨਿਲਾਮੀ ਰੱਦ ਕਰ ਦੇਣ ਨਾਲ ₹ 335.57 ਕਰੋੜ ਦੇ ਰੈਵੀਨਿਊ ਤੋਂ ਵਾਂਝੇ ਰਹਿਣਾ ਪਿਆ। ਜਮੀਨ ਦੇ ਇੰਤਕਾਲ ਤੋਂ ਬਗੈਰ ਪਲਾਟਾਂ ਨੂੰ ਅਲਾਟਮੈਂਟ ਲਈ ਪੇਸ਼ ਕਰਨ ਨਾਲ ₹ 25.52 ਕਰੋੜ ਬਲਾਕ ਹੋ ਗਏ। ₹ 8.40 ਕਰੋੜ ਦੀ ਲਾਗਤ ਨਾਲ ਉਸਾਰੀ ਗਈ ਸ਼ਹਿਰੀ ਹੱਟ, ਅੰਮ੍ਰਿਤਸਰ ਗੈਰ-ਕਾਰਜਸ਼ੀਲ ਰਹੀ ਸੀ ਜਿਸ ਕਰਕੇ ਦਸਤਕਾਰੀ ਕਾਰੀਗਰ/ ਹੈਂਡਲੂਮ ਵੀਵਰਜ਼ ਸਾਲ ਭਰ ਸਿੱਧੀ ਮਾਰਕੀਟਿੰਗ ਸਹੂਲਤਾਂ ਤੋਂ ਵਾਂਝੇ ਰਹੇ।**

### 3.3.1 ਜਾਣ-ਪਛਾਣ

ਖਾਲੀ ਪਈਆਂ ਜਾਂ ਘੱਟ ਉਪਯੋਗ ਹੋਈਆਂ ਸਰਕਾਰੀ ਜਮੀਨਾਂ ਦੀ ਸਰਵੋਤਮ ਵਰਤੋਂ ਕਰਨ ਦੇ ਵਿਚਾਰ ਨਾਲ ਪੰਜਾਬ ਸਰਕਾਰ (ਜੀ ਓ ਪੀ), ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ (ਡੀ ਐਚ ਯੂ ਡੀ) ਨੇ ਜੂਨ 1997 ਵਿੱਚ 'ਖਾਲੀ ਪਈਆਂ ਸਰਕਾਰੀ ਜਮੀਨਾਂ ਦੀ ਸਰਵੋਤਮ ਵਰਤੋਂ' (ਓ ਯੂ ਵੀ ਜੀ ਐਲ) ਦੀ ਇੱਕ ਸਕੀਮ ਤਿਆਰ ਕੀਤੀ। ਖਾਲੀ ਪਈਆਂ ਸਰਕਾਰੀ ਜਮੀਨਾਂ ਦੀ ਸਮੁੱਚੀ ਯੋਜਨਾਬੰਦੀ, ਪ੍ਰਬੰਧਨ ਅਤੇ ਮੰਡੀਕਰਣ ਲਈ ਪੰਜਾਬ ਸ਼ਹਿਰੀ ਵਿਕਾਸ ਅਥਾਰਟੀ (ਪੁੱਡਾ) ਨੂੰ ਨੋਡਲ ਏਜੰਸੀ ਨਾਮਜ਼ਦ ਕੀਤਾ ਗਿਆ ਸੀ। ਸਰਕਾਰ ਵਲੋਂ ਗਠਿਤ ਐਮਪਾਵਰਡ ਕਮੇਟੀ[4] (ਈ ਸੀ) ਦੇ ਫੈਸਲੇ ਅਨੁਸਾਰ, ਪੁੱਡਾ ਨੂੰ ਜਾਇਦਾਦਾਂ ਵੇਚਣ, ਪੱਟੇ ਤੇ ਦੇਣ, ਗਿਰਵੀਂ ਰੱਖਣ ਅਤੇ ਕਿਸੇ ਹੋਰ ਤਰ੍ਹਾਂ ਨਾਲ ਜਿਵੇਂ ਇਹ ਠੀਕ ਸਮਝੇ ਨਿਪਟਾਨ ਕਰਨ ਲਈ ਮੁਕੰਮਲ ਮਾਲਕਾਨਾ ਹੱਕ ਦਿੱਤੇ ਗਏ ਸਨ।

ਸਕੀਮ ਨੂੰ ਲਾਗੂ ਕਰਨ ਦੀ ਲੋੜੀਂਦੀ ਯੋਗਤਾ, ਨਿਪੁੰਨਤਾ ਅਤੇ ਪ੍ਰਭਾਵਿਕਤਾ ਦਾ ਜਾਇਜ਼ਾ ਲੈਣ ਦੇ ਵਿਚਾਰ ਨਾਲ ਸਾਲ 2016-19 ਦੇ ਸਮੇਂ ਨੂੰ ਕਵਰ ਕਰਦੇ ਹੋਏ, ਵਧੀਕ ਮੁੱਖ ਪ੍ਰਸ਼ਾਸਕ (ਪ੍ਰੋਜੈਕਟਸ), ਪੁੱਡਾ, ਮੋਹਾਲੀ ਅਤੇ ਸਾਰੀਆਂ ਛੇ[5] ਵਿਕਾਸ ਅਥਾਰਟੀਆਂ ਦੇ ਰਿਕਾਰਡ ਦੀ ਨਮੂਨਾ ਜਾਂਚ ਕਰਦੇ ਹੋਏ ਇੱਕ ਲੇਖਾ ਪ੍ਰੀਖਿਆ ਦਾ ਸੰਚਾਲਨ ਕੀਤਾ ਗਿਆ (ਅਕਤੂਬਰ 2018 ਅਤੇ ਦਸੰਬਰ 2019 ਦੇ ਵਿਚਕਾਰ)। ਲੇਖਾ ਪ੍ਰੀਖਿਆ ਦੌਰਾਨ 2016-19 ਦੇ ਸਮੇ ਦੌਰਾਨ ਕੀਤੇ ਗਏ ₹ 25 ਲੱਖ ਜਾਂ ਇਸ ਤੋਂ ਵੱਧ ਦੇ ਵਿਕਾਸ ਕੰਮਾਂ ਨੂੰ ਨਮੂਨਾ ਜਾਂਚ ਲਈ ਚੁਣਿਆ ਗਿਆ ਸੀ।

---

4 ਮੁੱਖ ਸਕੱਤਰ; ਵਿੱਤ ਕਮਿਸ਼ਨਰ, ਮਾਲ; ਪ੍ਰਮੁੱਖ ਸਕੱਤਰ, ਵਿੱਤ; ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ; ਪ੍ਰਮੁੱਖ ਸਕੱਤਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ; ਅਤੇ ਉਸ ਵਿਭਾਗ ਦਾ ਸਕੱਤਰ ਜਿਸ ਦੀ ਜਮੀਨ, ਸਕੀਮ ਅਧੀਨ ਨਿਪਟਾਨ ਕਰਨ ਲਈ ਚਿੰਨਤ ਕੀਤੀ ਗਈ ਹੈ।

5 (i) ਅੰਮ੍ਰਿਤਸਰ ਡਿਵੈਲਪਮੈਂਟ ਅਥਾਰਟੀ (ਏ ਡੀ ਏ); (ii) ਬਠਿੰਡਾ ਡਿਵੈਲਪਮੈਂਟ ਅਥਾਰਟੀ (ਬੀ ਡੀ ਏ); (iii) ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ (ਗਮਾਡਾ); (iv) ਗ੍ਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ (ਗਲਾਡਾ); (v) ਜਲੰਧਰ ਡਿਵੈਲਪਮੈਂਟ ਅਥਾਰਟੀ (ਜੇ ਡੀ ਏ); ਅਤੇ (vi) ਪਟਿਆਲਾ ਡਿਵੈਲਪਮੈਂਟ ਅਥਾਰਟੀ (ਪੀ ਡੀ ਏ)।

## ਲੇਖਾ ਪ੍ਰੀਖਿਆ ਲੱਭਤਾਂ

## 3.3.2 ਯੋਜਨਾਬੰਦੀ

### *3.3.2.1 ਜਾਇਦਾਦਾਂ ਵੇਚਣ ਲਈ ਜੋਰਦਾਰ ਮੰਡੀਕਰਣ ਤਕਨੀਕਾਂ ਅਤੇ ਉਚਿੱਤ ਯੋਜਨਾਬੰਦੀ ਦੀ ਅਣਹੋਂਦ*

ਇਸ ਸਕੀਮ ਦੇ ਦਿਸ਼ਾ ਨਿਰਦੇਸ਼ਾਂ ਵਿੱਚ ਵਿਵਸਥਾ ਹੈ ਕਿ ਖੁੱਲੀਆਂ ਨਿਲਾਮੀਆਂ ਵਰਗੇ ਆਮ ਤਰੀਕਿਆਂ ਰਾਹੀਂ ਜ਼ਮੀਨ ਦਾ ਸਥਾਨਕ ਤੌਰ ਤੇ ਨਿਪਟਾਨ ਕਰਨ ਦੀ ਬਜਾਏ, ਜਾਇਦਾਦਾਂ ਦੇ ਨਿਪਟਾਰੇ ਲਈ ਨਾਮਵਰ ਘਰੇਲੂ ਅਤੇ ਅੰਤਰਾਸ਼ਟਰੀ ਪ੍ਰਾਈਵੇਟ ਡਿਵੈਲਪਰਾਂ ਤੋਂ ਕੰਪੀਟੀਟਿਵ ਬਿਡਜ਼ ਮੰਗਵਾ ਕੇ ਜੋਰਦਾਰ ਮੰਡੀਕਰਣ ਤਕਨੀਕਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ ਵੱਧ ਤੋਂ ਵੱਧ ਲਾਭ ਲੈਣ ਦੇ ਵਿਚਾਰ ਨਾਲ, ਪੁੱਡਾ ਨੂੰ ਇਨ੍ਹਾਂ ਜਾਇਦਾਦਾਂ ਦੇ ਮੰਡੀਕਰਣ ਲਈ ਯੋਜਨਾਬੰਦੀ ਅਤੇ ਢੰਗ ਤਰੀਕਿਆਂ ਵਿੱਚ ਵਿਸੇਸ਼ ਸੇਵਾਵਾਂ ਅਤੇ ਮੁਹਾਰਤ ਪ੍ਰਾਪਤ ਕਰਨ ਲਈ ਅਚੱਲ ਸੰਪਤੀ ਦੇ ਕਾਰੋਬਾਰ ਵਿੱਚ ਨਾਮਵਰ ਏਜੰਸੀਆਂ ਦੀ ਸਲਾਹ ਨਾਲ ਵਿਸ਼ੇਸ ਯੋਜਨਾਬੰਦੀ ਅਤੇ ਮੰਡੀਕਰਣ ਲਈ ਇਕ ਪੇਸ਼ੇਵਰ ਪਹੁੰਚ ਅਪਣਾਏ ਜਾਣ ਦਾ ਅਧਿਕਾਰ ਦਿੱਤਾ ਗਿਆ ਸੀ। ਪ੍ਰਮੁੱਖ ਸਕੱਤਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਨੇ ਜਾਇਦਾਦਾਂ ਦੇ ਨਿਪਟਾਰੇ ਦੀ ਮੱਠੀ ਚਾਲ ਨੂੰ ਦੇਖਦੇ ਹੋਏ, ਜਿਹੜੀਆਂ ਜਾਇਦਾਦਾਂ ਵਾਰ ਵਾਰ ਇਸ਼ਤਿਹਾਰ ਦੇਣ ਦੇ ਬਾਵਜੂਦ ਵੀ ਨਹੀਂ ਵਿਕ ਸਕੀਆਂ ਸਨ, ਉਨ੍ਹਾਂ ਦੇ ਸਾਈਟ-ਵਾਰ ਪ੍ਰਸਤਾਵ ਭੇਜਣ ਲਈ ਵਿਕਾਸ ਅਥਾਰਟੀਆਂ ਨੂੰ ਨਿਰਦੇਸ਼ ਦਿੱਤੇ (ਜੂਨ 2015)। ਈ ਸੀ ਨੇ ਮੰਡੀਕਰਣ ਅਤੇ ਵਿਕਰੀ ਲਈ 1,450 ਏਕੜ ਜਮੀਨ ਦੀਆਂ 90 ਸਾਈਟਾਂ ਪੁੱਡਾ ਨੂੰ ਟਰਾਂਸਫਰ ਕੀਤੀਆਂ (1997 ਅਤੇ 2016 ਦੇ ਵਿਚਕਾਰ)।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਲੇਖਾ ਪ੍ਰੀਖਿਆ ਅਧੀਨ ਕਵਰ ਕੀਤੇ ਸਮੇ ਦੌਰਾਨ ਪੁੱਡਾ ਵੱਲੋਂ 21 ਸਾਈਟਾਂ ਵਿੱਚੋਂ ਕੱਟੇ ਗਏ ਸਿਰਫ 39 *ਪ੍ਰਤੀਸ਼ਤ* ਰਿਹਾਇਸ਼ੀ ਪਲਾਟ, 27 *ਪ੍ਰਤੀਸ਼ਤ* ਕਮਰਸ਼ੀਅਲ ਅਤੇ ਨੌਂ *ਪ੍ਰਤੀਸ਼ਤ* ਚੰਕ ਸਾਈਟਾਂ ਮਾਰਚ 2019 ਤੱਕ ਵੇਚੇ ਜਾ ਸਕੇ ਸਨ (***ਅੰਤਿਕਾ 1.4***)। ਅੱਗੇ ਵਿਸ਼ਲੇਸ਼ਣ ਨੇ ਦਰਸਾਇਆ ਕਿ ਜਮੀਨ ਦੇ ਮੱਠੇ ਨਿਪਟਾਰੇ ਲਈ ਹੇਠ ਲਿਖੇ ਕਾਰਣਾਂ ਦਾ ਯੋਗਦਾਨ ਰਿਹਾ :

I. ਨਵੀਆਂ ਮੰਡੀਕਰਣ ਪਹਿਲਕਦਮੀਆਂ ਅਪਣਾਉਣ ਸਬੰਧੀ ਸਕੀਮ ਦੇ ਦਿਸ਼ਾ ਨਿਰਦੇਸ਼ਾਂ ਨੂੰ ਨਜ਼ਰ ਅੰਦਾਜ਼ ਕਰਦੇ ਹੋਏ ਪੁੱਡਾ ਨੇ ਸਥਾਨਕ ਡਰਾਅ/ਨਿਲਾਮੀਆਂ ਰਾਹੀਂ ਵਿਕਰੀ ਦੇ ਪੁਰਾਣੇ ਸਿਸਟਮ ਨੂੰ ਅਪਣਾਉਣਾ ਜਾਰੀ ਰੱਖਿਆ; ਅਤੇ

II ਯੋਜਨਾਬੰਦੀ ਵਿੱਚ ਸਾਈਟਾਂ ਨੂੰ ਸਿੱਧੀਆਂ ਪਹੁੰਚ ਸੜ੍ਹਕਾਂ ਮੁਹੱਈਆ ਨਾ ਕਰਵਾਉਣਾ, ਹੱਦਬੰਦੀ ਝਗੜੇ, ਵਿਕਾਸ ਕੰਮਾਂ ਦੀ ਵਿਗੜੀ ਹੋਈ ਹਾਲਤ, ਰਾਖਵੀ ਕੀਮਤ ਦਾ ਗੈਰ ਤਰਕਸੰਗਤ ਨਿਰਧਾਰਣ ਅਤੇ ਬਿਨਾਂ ਵਿਕਾਸ ਤੋਂ ਸਕੀਮਾਂ ਦੀ ਸ਼ੁਰੂਆਤ ਕਰਨਾ, ਆਦਿ ਵਰਗੀਆਂ ਕਮੀਆਂ ਸਨ (***ਅੰਤਿਕਾ 1.4***)।

ਤੱਥਾਂ ਨੂੰ ਮੰਨਦੇ ਹੋਏ ਮੁੱਖ ਪ੍ਰਸ਼ਾਸਕ (ਸੀ ਏ) ਪੁੱਡਾ ਨੇ ਕਿਹਾ (ਜੁਲਾਈ 2020) ਕਿ ਲੇਖਾ ਪ੍ਰੀਖਿਆ ਵੱਲੋਂ ਤਿਆਰ ਕੀਤੀ ਗਈ ਸੂਚੀ (ਜਿਵੇਂ ਕਿ ***ਅੰਤਿਕਾ 1.4*** ਵਿੱਚ ਦਰਸਾਇਆ ਗਿਆ ਹੈ) ਦੀ ਭਵਿੱਖ ਵਿੱਚ ਓ ਯੂ ਵੀ ਜੀ ਐਲ ਸਾਈਟਾਂ ਦੇ ਨਿਪਟਾਰੇ ਵਿੱਚ ਵਧੇਰੇ ਕੁਸ਼ਲਤਾ ਪ੍ਰਾਪਤ ਕਰਨ ਲਈ ਵਰਤੋਂ ਕੀਤੀ ਜਾਵੇਗੀ। ਪ੍ਰੰਤੂ, ਇਹ ਉੱਤਰ ਪ੍ਰਮੁੱਖ ਸਕੱਤਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ

ਦੀਆਂ ਉਪਰੋਕਤ ਹਦਾਇਤਾਂ ਦੀ ਪਾਲਣਾ ਨਾ ਕਰਨ ਅਤੇ ਯੋਜਨਾਬੰਦੀ ਦੀਆਂ ਹੋਰ ਕਮੀਆਂ ਦੇ ਬਾਰੇ ਸਪੱਸ਼ਟ ਨਹੀਂ ਕਰਦਾ।

### *3.3.2.2 ਭਾਰ/ਨਾਜਾਇਜ਼ ਕਬਜੇ ਤੋਂ ਮੁਕਤ ਨਹੀਂ ਹੋਈਆਂ ਸਾਈਟਾਂ ਦਾ ਕਬਜਾ*

*(i)* ਦਿਸ਼ਾ ਨਿਰਦੇਸ਼ਾਂ ਦਾ ਪੈਰ੍ਹਾ 6(iv) ਵਿਵਸਥਾ ਕਰਦਾ ਹੈ ਕਿ ਉਸ ਵਿਭਾਗ ਵਲੋਂ ਜਿਸਦੀ ਜਮੀਨ ਇਸ ਸਕੀਮ ਅਧੀਨ ਵਿਕਸਤ ਕਰਨ ਲਈ ਚਿੰਨਤ ਕੀਤੀ ਜਾਂਦੀ ਹੈ, ਪੁੱਡਾ ਨੂੰ ਟਰਾਂਸਫਰ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਹ ਜਮੀਨ ਹਰ ਪ੍ਰਕਾਰ ਦੇ ਨਾਜਾਇਜ਼ ਕਬਜੇ ਤੋਂ ਰਹਿਤ, ਭਾਰ-ਮੁਕਤ ਅਤੇ ਹਰ ਤਰ੍ਹਾਂ ਨਾਲ ਖਾਲੀ ਹੈ। ਦਿਸ਼ਾ ਨਿਰਦੇਸ਼ਾਂ ਦਾ ਪੈਰ੍ਹਾ 6(xv) ਵਿਵਸਥਾ ਕਰਦਾ ਹੈ ਕਿ ਜਿੱਥੇ ਨਿਪਟਾਰੇ ਲਈ ਚਿੰਨਤ ਕੀਤੀ ਗਈ ਜਮੀਨ ਦੀ ਘੱਟ ਵਰਤੋਂ ਹੋ ਰਹੀ ਹੋਵੇ ਜਾਂ ਇਸ ਵਿੱਚ ਗੈਰ-ਕਿਫਾਇਤੀ ਅਤੇ ਪੁਰਾਣੇ ਢਾਂਚੇ ਹੋਣ, ਤਾਂ ਅਜਿਹੀ ਜ਼ਮੀਨ ਖਾਲੀ ਕਰਵਾ ਕੇ, ਇਸਦੇ ਕਬਜ਼ੇਦਾਰਾਂ ਨੂੰ ਢੁੱਕਵੀਂ ਬਦਲਵੀਂ ਥਾਂ ਮੁਹੱਈਆ ਕਰਵਾਉਣ ਉਪਰੰਤ ਹੀ ਪੁੱਡਾ ਨੂੰ ਟਰਾਂਸਫਰ ਕੀਤੀ ਜਾਣੀ ਚਾਹੀਦੀ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਈ ਸੀ ਨੇ 113.75 ਏਕੜ ਜਮੀਨ ਚਾਰ[6] ਅਥਾਰਟੀਆਂ ਨੂੰ ਟਰਾਂਸਫਰ ਕੀਤੀ (ਜੁਲਾਈ 2001 ਤੋਂ ਜੂਨ 2016) ਜਿਨ੍ਹਾਂ ਨੇ ਇਸ ਵਿੱਚ ਚਲ ਰਹੇ ਦਫਤਰਾਂ ਨੂੰ ਬਦਲਵੀਂ ਥਾਂ ਮੁਹੱਈਆ ਕਰਾਉਣ ਅਤੇ ਇਨ੍ਹਾਂ ਥਾਵਾਂ ਨੂੰ ਵਿਕਸਿਤ ਕਰਨ ਲਈ ₹ 43.59 ਕਰੋੜ ਖਰਚ ਕੀਤੇ *(ਅੰਤਿਕਾ 1.5)*। ਜਦੋਂਕਿ, ਕਬਜ਼ੇਦਾਰਾਂ ਵਲੋਂ ਪੁਰਾਣੀਆਂ ਇਮਾਰਤਾਂ ਤੋਂ ਨਵ-ਉਸਾਰੀਆਂ ਇਮਾਰਤਾਂ ਵਿੱਚ ਦਫਤਰਾਂ ਨੂੰ ਸ਼ਿਫਟ ਨਾ ਕਰਨ ਕਰਕੇ ਪੁੱਡਾ ਨੂੰ ਟਰਾਂਸਫਰ ਕੀਤੀਆਂ ਗਈਆਂ ਇਨ੍ਹਾਂ ਸਾਈਟਾਂ ਦੀ ਵਿਕਰੀ ਵਾਸਤੇ ਯੋਜਨਾ ਨਹੀਂ ਬਣਾਈ ਜਾ ਸਕੀ (ਮਈ 2020)। ਪੁੱਡਾ ਨੂੰ ਜਮੀਨ ਟਰਾਂਸਫਰ ਕਰਨ ਤੋਂ ਪਹਿਲਾਂ ਨਾ ਤਾਂ ਵਿਭਾਗ ਨੇ ਅਤੇ ਨਾ ਹੀ ਈ ਸੀ/ ਪੁੱਡਾ ਨੇ ਇਹ ਸੁਨਿਸ਼ਚਿਤ ਕੀਤਾ ਕਿ ਜਮੀਨ ਭਾਰ/ ਨਜਾਇਜ਼ ਕਬਜੇ ਤੋਂ ਮੁਕਤ ਹੈ। ਇਸ ਦੇ ਨਤੀਜੇ ਵਜੋਂ ਵਿਕਾਸ ਅਥਾਰਟੀਆਂ ਵਲੋਂ ਯੂਜ਼ਰ ਦਫਤਰਾਂ ਲਈ ਬਦਲਵੀਂ ਥਾਂ ਦੀ ਉਸਾਰੀ ਜਾਂ ਵਿਕਾਸ ਤੇ ਖਰਚ ਕੀਤੇ ₹ 43.59 ਕਰੋੜ ਬਲਾਕ ਹੋ ਗਏ।

ਮੁੱਖ ਪ੍ਰਸ਼ਾਸ਼ਕ, ਪੁੱਡਾ ਨੇ ਕਿਹਾ (ਜੁਲਾਈ 2020) ਕਿ ਭਾਰ ਮੁਕਤ ਅਤੇ ਨਜਾਇਜ਼ ਕਬਜੇ ਤੋਂ ਮੁਕਤ ਜਮੀਨ ਮੁੱਹਈਆ ਕਰਵਾਉਣ ਦੀ ਮੁਢਲੀ ਜਿੰਮੇਵਾਰੀ ਸਬੰਧਤ ਵਿਭਾਗ ਦੀ ਸੀ। ਤੱਥ ਇਹ ਹੈ ਕਿ ਬਦਲਵੀਂ ਰਿਹਾਇਸ਼ ਦੀ ਉਸਾਰੀ ਲਈ ਖਰਚ ਕੀਤੇ ₹ 43.59 ਕਰੋੜ ਦੇ ਬਾਵਜੂਦ ਜਮੀਨ ਦੇ ਟਰਾਂਸਫਰ ਹੋਣ ਦੀ ਮਿਤੀ ਤੋਂ ਚਾਰ ਤੋਂ 19 ਸਾਲਾਂ ਤੋਂ ਵਧੇਰੇ ਸਮਾਂ ਬੀਤਣ ਦੇ ਬਾਅਦ ਵੀ ਇਸਦਾ ਕਮਰਸ਼ੀਅਲ ਉਪਯੋਗ ਨਹੀਂ ਹੋ ਸਕਿਆ।

### *(ii) ਜਮੀਨ ਦੇ ਇੰਤਕਾਲ ਤੋਂ ਬਿਨਾਂ ਪਲਾਟਾਂ ਦੀ ਅਲਾਟਮੈਂਟ ਕਰਨਾ*

ਇਨ੍ਹਾਂ ਦਿਸ਼ਾ ਨਿਰਦੇਸ਼ਾਂ (ਮਾਰਚ 1997) ਦਾ ਪੈਰ੍ਹਾ 3 ਵਿਵਸਥਾ ਕਰਦਾ ਹੈ ਕਿ ਕਮਰਸ਼ੀਅਲ ਉਪਯੋਗ ਲਈ ਸਿਰਫ ਉਹੀ ਖਾਲੀ ਪਈਆਂ ਜਮੀਨਾਂ ਲਈਆਂ ਜਾਣਗੀਆਂ ਜੋ ਹਰ ਪ੍ਰਕਾਰ ਦੇ ਨਜਾਇਜ਼ ਕਬਜੇ/ਭਾਰ ਤੋਂ ਮੁਕਤ ਹੋਣਗੀਆਂ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਈ ਸੀ ਨੇ ਬੰਦ ਪਈ ਖੰਡ ਮਿੱਲ, ਫਰੀਦਕੋਟ ਦੀ 140.60 ਏਕੜ ਜਮੀਨ ਸ਼ੂਗਰ ਫੈਡਰੇਸ਼ਨ ਨੂੰ ਅਦਾ ਕੀਤੀ ₹ 30.02 ਕਰੋੜ ਦੀ ਕੀਮਤ ਦੇ ਬਦਲੇ ਪੁੱਡਾ ਨੂੰ

---

6 (i) ਬੀ ਡੀ ਏ; (ii) ਗਲਾਡਾ; (iii) ਜੇ ਡੀ ਏ; ਅਤੇ (iv) ਪੀ ਡੀ ਏ।

ਟਰਾਂਸਫਰ ਕੀਤੀ (ਨਵੰਬਰ 2012)। ਵਧੀਕ ਮੁੱਖ ਪ੍ਰਸ਼ਾਸ਼ਕ (ਪ੍ਰਾਜੈਕਟਸ) ਪੁੱਡਾ ਨੇ ਵੱਖ ਵੱਖ ਅਕਾਰਾਂ ਦੇ 428 ਪਲਾਟ ਅਲਾਟ ਕਰਨ ਲਈ ਇਕ ਸਕੀਮ ਦਾ ਅਰੰਭ ਕੀਤਾ (ਜੂਨ 2013)। ਇਸਦਾ ਡਰਾਅ ਅਗਸਤ 2013 ਵਿੱਚ ਕੱਢਿਆ ਗਿਆ ਸੀ ਜਿਸ ਵਿੱਚ 377 ਬਿਨੈ-ਪੱਤਰ ਪ੍ਰਾਪਤ ਹੋਏ ਜਿਨ੍ਹਾਂ ਵਿੱਚੋਂ 21 ਡਰਾਅ ਕੱਢਣ ਤੋਂ ਪਹਿਲਾਂ ਹੀ ਵਾਪਸ ਲੈ ਲਏ ਗਏ ਸਨ। ਸਾਰੇ ਸਫਲ ਰਹੇ ਬਿਨੈਕਾਰਾਂ ਨੂੰ ਲੈਟਰ ਆਫ ਇੰਟੈਂਟ ਜਾਰੀ ਕਰ ਦਿੱਤੇ ਗਏ ਸਨ (ਦਸੰਬਰ 2013 ਅਤੇ ਜਨਵਰੀ 2014)। ਪ੍ਰੰਤੂ, ਸ਼ੂਗਰ ਮਿੱਲ ਵਲੋਂ ਕਿਸਾਨਾਂ ਦੇ ਬਕਾਇਆਂ ਦਾ ਭੁਗਤਾਨ ਨਾ ਕਰਨ ਅਤੇ ਖੰਡ ਮਿੱਲ ਦੇ ਮੁਲਾਜ਼ਮਾਂ ਵਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਕੋਰਟ ਕੇਸ ਫਾਈਲ ਕਰਨ ਕਰਕੇ ਕੋਰਟ ਵਲੋਂ ਜਮੀਨ ਦੀ ਖਰੀਦ/ਵੇਚ ਤੇ ਰੋਕ ਲਗਾ ਦਿੱਤੀ ਗਈ ਸੀ (2014)। ਨਤੀਜੇ ਵਜੋਂ ਜ਼ਮੀਨ ਦਾ ਇੰਤਕਾਲ ਪੁੱਡਾ ਦੇ ਨਾਂਅ ਨਹੀਂ ਹੋ ਸਕਿਆ। ਬਾਅਦ ਵਿੱਚ 140.60 ਏਕੜ ਵਿੱਚੋਂ 71.3 ਏਕੜ ਦਾ ਪੁੱਡਾ ਦੇ ਨਾਂਅ ਤੇ ਇੰਤਕਾਲ ਹੋ ਗਿਆ ਸੀ (ਅਕਤੂਬਰ 2018)। ਇਸੇ ਦੌਰਾਨ, ਬਹੁਤ ਸਾਰੇ ਅਲਾਟੀਆਂ ਨੇ ਜਾਂ ਤਾਂ ਪਲਾਟ ਵਾਪਸ ਕਰ ਦਿੱਤੇ ਜਾਂ ਸਕੀਮ ਦੇ ਨਿਯਮ ਅਤੇ ਸ਼ਰਤਾਂ ਅਨੁਸਾਰ ਲੋੜੀਂਦੀ 15 *ਪ੍ਰਤੀਸ਼ਤ* ਰਕਮ ਜਮ੍ਹਾਂ ਨਹੀਂ ਕਰਾਈ ਅਤੇ ਆਪਣੇ ਪੈਸੇ ਦੀ ਵਾਪਸੀ ਲਈ ਜਿਲ੍ਹਾ ਖਪਤਕਾਰ ਸ਼ਿਕਾਇਤ ਨਿਵਾਰਣ ਫੋਰਮ, ਫਰੀਦਕੋਟ ਵਿੱਚ ਪਹੁੰਚ ਕੀਤੀ। 15 ਕੇਸਾਂ ਵਿੱਚ ਅਦਾਲਤ ਨੇ ਵਿਆਜ, ਮੁਕੱਦਮੇਬਾਜ਼ੀ ਦੇ ਖਰਚੇ ਅਤੇ ਮੁਆਵਜੇ ਸਮੇਤ ₹ 0.38 ਕਰੋੜ ਵਾਪਸ ਕਰਨ ਦੀ ਆਗਿਆ ਦਿੱਤੀ। ਮਾਰਚ 2019 ਤੱਕ ਸ਼ੂਗਰ ਫੈਡਰੇਸ਼ਨ ਨੂੰ ਜਮੀਨ ਲਈ ਦਿੱਤੇ ਗਏ ₹ 30.02 ਕਰੋੜ ਦੇ ਵਿਰੁੱਧ ਪਲਾਟਾਂ ਦੀ ਵਿੱਕਰੀ ਤੋਂ ਕੇਵਲ ₹ 4.50 ਕਰੋੜ ਦੀ ਨਿਰੋਲ ਪ੍ਰਾਪਤੀ ਹੋਈ ਸੀ।

ਸੀ ਏ ਪੁੱਡਾ ਨੇ ਤੱਥਾਂ ਨੂੰ ਮੰਨਦੇ ਹੋਏ ਕਿਹਾ (ਜੁਲਾਈ 2020) ਕਿ ਜਮੀਨ ਜਿਵੇਂ ਹੀ ਪੁੱਡਾ ਨੂੰ ਸਪੁਰਦ ਹੋਵੇਗੀ ਇਸ ਨੂੰ ਜਲਦੀ ਤੋਂ ਜਲਦੀ ਵੇਚਿਆ ਜਾਵੇਗਾ ਅਤੇ ₹ 30.02 ਕਰੋੜ ਦੀ ਭਰਪਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਸ਼ੂਗਰ ਫੈਡਰੇਸ਼ਨ ਨੂੰ ਕੀਤੀ ਗਈ ਅਦਾਇਗੀ ਦੇ ਵਿਰੁੱਧ ਜਾਇਦਾਦਾਂ ਦਾ ਨਿਰਮਾਣ ਕੀਤਾ ਗਿਆ ਸੀ। ਉੱਤਰ ਮੰਨਣਯੋਗ ਨਹੀ ਸੀ ਕਿਉਂਕਿ ਸਕੀਮ ਦਾ ਉਦੇਸ਼ ਜਮੀਨ ਨੂੰ ਕਮਰਸ਼ੀਅਲ ਉਪਯੋਗ ਲਈ ਵਿਕਸਤ ਕਰਨਾ ਸੀ ਨਾ ਕਿ ਜਾਇਦਾਦਾਂ ਦਾ ਨਿਰਮਾਣ ਕਰਨਾ।

ਇਸ ਤਰ੍ਹਾਂ, ਪੁੱਡਾ ਦੇ ਨਾਂਅ ਤੇ ਜਮੀਨ ਦਾ ਇੰਤਕਾਲ ਨਾ ਹੋਣ ਕਰਕੇ ਸਕੀਮ ਤੇ ₹ 0.38 ਕਰੋੜ ਦੇ ਟਾਲਣਯੋਗ ਬੋਝ ਪੈਣ ਤੋਂ ਇਲਾਵਾ, ਸਕੀਮ ਦੇ ਫੰਡਾਂ ਵਿੱਚੋਂ ਜਮੀਨ ਲਈ ਅਦਾ ਕੀਤੇ ਗਏ ₹ 25.52 ਕਰੋੜ[7] ਵੀ ਬਲਾਕ ਹੋ ਗਏ।

### *3.3.2.3 ਮੰਗ ਦਾ ਜਾਇਜ਼ਾ ਲਏ ਬਗੈਰ ਬੂਥਾਂ ਦੀ ਉਸਾਰੀ*

**(i)** ਲੇਖਾ ਪ੍ਰੀਖਿਆ ਨੇ ਵੇਖਿਆ ਕਿ ਈ ਸੀ ਨੇ ਚੌੜਾ ਬਾਜ਼ਾਰ ਲੁਧਿਆਣਾ ਦਾ 4.44 ਏਕੜ ਦਾ ਇੱਕ ਖੇਤਰ ਟਰਾਂਸਫਰ ਕੀਤਾ (ਫਰਵਰੀ 1998)। ਲੇਖਾ ਪ੍ਰੀਖਿਆ ਨੇ ਵੇਖਿਆ ਕਿ ਗਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ (ਗਲਾਡਾ) ਨੇ ਮੰਗ ਦਾ ਜਾਇਜ਼ਾ ਲਏ ਬਗੈਰ ₹ 3.50 ਕਰੋੜ ਦੀ ਲਾਗਤ ਨਾਲ 94 ਦੋ ਮੰਜਿਲਾ ਬੂਥਾਂ (ਹਰੇਕ ਗਰਾਊਂਡ ਅਤੇ ਪਹਿਲੀ ਮੰਜ਼ਿਲ ਤੇ 47) ਦੀ ਉਸਾਰੀ ਕੀਤੀ (2013)। ਇਨ੍ਹਾਂ ਵਿੱਚੋ 45 ਬੂਥ ਖੋਖਾ ਮਾਲਕਾਂ (ਜਿਹੜੇ ਇਸ ਥਾਂ ਤੇ ਆਪਣੀਆਂ ਦੁਕਾਨਾਂ ਚਲਾ ਰਹੇ ਸਨ) ਨੂੰ ₹ ਦੋ ਲੱਖ (ਲਗਭਗ) ਪ੍ਰਤੀ ਬੂਥ ਦੀ ਰਿਆਇਤੀ ਕੀਮਤ

---

[7] ਕੁੱਲ ਅਦਾਇਗੀ: ₹ 30.02 ਕਰੋੜ; *ਮਾਈਨਸ* ਨਿਰੋਲ ਪ੍ਰਾਪਤੀਆਂ: ₹ 4.50 ਕਰੋੜ।

ਤੇ ਅਲਾਟ ਕਰ ਦਿੱਤੇ ਗਏ। ਬਾਰ-ਬਾਰ ਨਿਲਾਮੀਆਂ[8] ਕਰਵਾਏ ਜਾਣ ਦੇ ਬਾਵਜੂਦ ਬਾਕੀ ਰਹਿੰਦੇ 49 ਬੂਥਾਂ ਵਿੱਚੋਂ ਕੇਵਲ ਤਿੰਨ ਹੀ ਵੇਚੇ ਜਾ ਸਕੇ ਸਨ (ਮਈ 2019) ਜਿਸਨੇ ਕਿ ਬੂਥਾਂ ਦੀ ਘੱਟ ਮੰਗ ਨੂੰ ਦਰਸਾਇਆ। ਇਸ ਤਰ੍ਹਾਂ, ਬਿਨਾਂ ਕੋਈ ਮੰਗ ਸਰਵੇਖਣ ਕੀਤੇ ਦੋ ਮੰਜਿਲਾ ਬੂਥਾਂ ਦੀ ਉਸਾਰੀ ਕਰ ਦੇਣ ਨਾਲ 46 ਬੂਥਾਂ ਤੇ ਖਰਚੇ ਗਏ ₹ 1.71 ਕਰੋੜ ਦੀ ਭਰਪਾਈ ਨਹੀਂ ਹੋ ਸਕੀ।

ਬੂਥਾਂ ਦੀ ਉਸਾਰੀ ਤੋਂ ਇਲਾਵਾ, ਗਲਾਡਾ ਨੇ 21 ਸ਼ਾਪ ਕਮ ਆਫਿਸਜ਼ (ਐਸ ਸੀ ਓ) ਬਣਾਉਣ ਦੀ ਵੀ ਯੋਜਨਾ ਬਣਾਈ ਅਤੇ ਇਸ ਥਾਂ ਤੇ ਰੈਸਟੋਰੈਂਟ ਲਈ 250 ਵਰਗ ਗਜ਼ ਥਾਂ ਚਿੰਨਤ ਕੀਤੀ ਗਈ ਪ੍ਰੰਤੂ ਜਮੀਨ ਦੇ ਝਗੜੇ ਕਾਰਣ ਯੋਜਨਾ ਤੇ ਅਮਲ ਨਹੀਂ ਹੋ ਸਕਿਆ (ਜੁਲਾਈ 2020)।

ਸੀ ਏ ਪੁੱਡਾ ਨੇ ਲੇਖਾ ਪ੍ਰੀਖਿਆ ਟਿਪੱਣੀਆਂ ਨੂੰ ਮੰਨਿਆ ਅਤੇ ਕਿਹਾ (ਜੁਲਾਈ 2020) ਕਿ ਭੱਵਿਖ ਵਿੱਚ ਬਾਕੀ ਰਹਿੰਦੇ 46 ਬੂਥਾਂ ਦੀ ਨਿਲਾਮੀ ਕਰ ਲਈ ਜਾਵੇਗੀ।

**(ii)** ਪਟਿਆਲਾ ਡਿਵੈਲਪਮੈਂਟ ਅਥਾਰਟੀ (ਪੀ ਡੀ ਏ) ਨੇ ਮਿੰਨੀ ਸਕੱਤਰੇਤ, ਪਟਿਆਲਾ ਦੇ ਸਾਹਮਣੇ ਡੀਡ ਰਾਈਟਰਜ਼, ਸਟੈਂਪ ਵੈਂਡਰਜ਼, ਆਦਿ ਲਈ 254 ਬੂਥਾਂ ਦੀ ਉਸਾਰੀ ਕੀਤੀ (2006)। ਇਨ੍ਹਾਂ ਵਿਚੋਂ 235 ਬੂਥ ਸਟੈਂਪ ਵੈਂਡਰਜ਼/ ਡੀਡ ਰਾਈਟਰਜ਼ ਨੂੰ ਅਲਾਟ ਕੀਤੇ ਗਏ ਸਨ, 17 ਰਾਖਵੇਂ ਮੁੱਲ ਤੋਂ ਦੁੱਗਣੇ ਮੁੱਲ ਤੇ ਸਤੰਬਰ 2013 ਦੌਰਾਨ ਕੀਤੀਆਂ ਨਿਲਾਮੀਆਂ ਰਾਹੀਂ ਵੇਚੇ ਗਏ ਅਤੇ ਦੋ ਅਣਵਿਕੇ ਹੀ ਰਹਿ ਗਏ (ਮਾਰਚ 2019 ਤੱਕ ਵਧ ਕੇ ਚਾਰ ਹੋ ਗਏ)। ਰਾਖਵੇਂ ਮੁੱਲ ਤੋਂ ਵੱਧ ਕੀਮਤ ਤੇ ਹੋਈ 17 ਬੂਥਾਂ ਦੀ ਵਿਕਰੀ ਨੂੰ ਧਿਆਨ ਵਿੱਚ ਰਖਦੇ ਹੋਏ ਪੁੱਡਾ ਨੇ ₹ 3.74 ਕਰੋੜ ਦੀ ਲਾਗਤ ਨਾਲ ਪਹਿਲੀ ਮੰਜ਼ਿਲ ਤੇ 254 ਹੋਰ ਬੂਥਾਂ ਦੀ ਉਸਾਰੀ ਕੀਤੀ (ਸਤੰਬਰ 2016)।

ਡਿਪਟੀ ਕਮਿਸ਼ਨਰ (ਡੀ ਸੀ) ਪਟਿਆਲਾ ਨੇ ਪੀ ਡੀ ਏ ਨੂੰ ਸਵੈ-ਰੁਜ਼ਗਾਰ ਵੈਲਫੇਅਰ ਸੋਸਾਇਟੀ, ਜਨ ਸਹਾਇਤਾ ਕੇਂਦਰ, ਪਟਿਆਲਾ (ਸੈਂਟਰ) ਨੂੰ ਉਨ੍ਹਾਂ ਦੀ ਮੰਗ ਅਨੁਸਾਰ ਪਹਿਲ ਦੇ ਅਧਾਰ ਤੇ ਇਹ ਬੂਥ ਅਲਾਟ ਕਰਨ ਲਈ ਕਿਹਾ (ਦਸੰਬਰ 2017)। ਇਸਦੇ ਜਵਾਬ ਵਿੱਚ ਪੀ ਡੀ ਏ ਨੇ ਹਵਾਲੇ ਵਜੋਂ ਡੀ ਸੀ ਦਫਤਰ ਤੋਂ, ਸੈਂਟਰ ਵਲੋਂ ਕੀਤੀ ਗਈ ਬੇਨਤੀ ਅਤੇ ਬਿਨੈ-ਪੱਤਰਾਂ ਦੀ ਕਾਪੀ ਦੀ ਮੰਗ ਕੀਤੀ (ਫਰਵਰੀ 2018)। ਪ੍ਰੰਤੂ, ਇਹ ਸੂਚਨਾ ਪੀ ਡੀ ਏ ਨੂੰ ਨਹੀਂ ਦਿੱਤੀ ਗਈ (ਮਈ 2019)। ਇਸੇ ਸਮੇ ਦੌਰਾਨ ਪੀ ਡੀ ਏ ਨੇ ਬੂਥਾਂ ਨੂੰ ਵੇਚਣ ਲਈ ਨਿਲਾਮੀਆਂ ਕੀਤੀਆਂ (ਜਨਵਰੀ ਅਤੇ ਮਾਰਚ 2018) ਪਰ ਇਸਨੂੰ ਕੋਈ ਹੁੰਗਾਰਾ ਨਹੀਂ ਮਿਲਿਆ ਅਤੇ ਬੂਥ ਅਜੇ ਤੱਕ (ਮਈ 2020) ਵੀ ਅਣਵਿਕੇ ਪਏ ਸਨ। ਇਸ ਤੋਂ ਪਤਾ ਚਲਦਾ ਹੈ ਕਿ ਇਸ ਸਾਈਟ ਤੇ ਹੋਰ ਬੂਥਾਂ ਦੀ ਕੋਈ ਮੰਗ ਨਹੀਂ ਸੀ।

ਇੰਜ, ਮੰਗ ਦਾ ਜਾਇਜ਼ਾ ਲਏ ਬਗੈਰ ਪਹਿਲੀ ਮੰਜ਼ਿਲ ਤੇ ਵੱਧ ਬੂਥਾਂ ਦੇ ਨਿਰਮਾਣ ਤੇ ਕੀਤੇ ₹ 3.74 ਕਰੋੜ ਦੇ ਖਰਚੇ ਦੀ ਭਰਪਾਈ ਨਹੀਂ ਹੋ ਸਕੀ।

ਸੀ ਏ, ਪੁੱਡਾ ਨੇ ਕਿਹਾ (ਜੁਲਾਈ 2020) ਕਿ ਡਿਪਟੀ ਕਮਿਸ਼ਨਰ ਦੇ ਦਫਤਰ ਵੱਲੋਂ ਸਮੇਂ ਸਮੇਂ ਤੇ ਸਟੈਂਪ ਵੈਂਡਰਜ਼, ਵਸੀਕਾ ਨਵੀਸ, ਫੋਟੋ ਸਟੇਟ ਮਸ਼ੀਨ ਅਪਰੇਟਰਾਂ ਅਤੇ ਵਕੀਲਾਂ ਨੂੰ ਨਵੇਂ ਲਾਈਸੈਂਸ ਜਾਰੀ ਕੀਤੇ ਜਾਂਦੇ ਹਨ। ਬੂਥਾਂ ਦੀ ਮੰਗ ਦੇ ਮੱਦੇਨਜ਼ਰ ਪਹਿਲੀ ਮੰਜ਼ਿਲ ਤੇ 254 ਬੂਥਾਂ ਦੀ ਉਸਾਰੀ ਕਰਨ ਦਾ ਫੈਸਲਾ ਕੀਤਾ ਗਿਆ ਸੀ ਅਤੇ 2-3 ਵਾਰ ਨਿਲਾਮੀਆਂ ਕਰਵਾਈਆਂ ਗਈਆਂ ਸਨ ਪ੍ਰੰਤੂ ਕੋਈ ਵੀ ਬੂਥ ਨਹੀਂ ਵਿਕਿਆ ਸੀ। ਪ੍ਰੰਤੂ, ਗਰਾਂਉਡ ਫਲੋਰ ਦੇ ਬੂਥਾਂ ਦੇ ਮਾਲਕ ਪਹਿਲੀ ਮੰਜਿਲ ਉੱਤੇ ਬੂਥ ਖਰੀਦਣ ਲਈ ਤਿਆਰ ਸਨ। ਬੂਥ ਮਾਲਕਾਂ ਨਾਲ ਮੀਟਿੰਗ ਕਰਨ ਤੋਂ ਬਾਅਦ ਬੂਥ ਵੇਚਣ ਲਈ

[8] ਨਿਲਾਮੀਆਂ 3/2015, 6/2016, 10/2016 ਅਤੇ 01/2017 ਵਿੱਚ ਹੋਈਆ ਸਨ।

ਯਤਨ ਕੀਤੇ ਜਾਣਗੇ। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਬੂਥ ਸਪਸ਼ਟ ਮੰਗ ਤੋਂ ਬਗੈਰ ਉਸਾਰੇ ਗਏ ਸਨ ਜਿਸ ਨਾਲ ਪਿਛਲੇ ਚਾਰ ਸਾਲਾਂ ਤੋਂ ਬੂਥ ਅਣਵਿਕ ਰਹੇ।

**ਸਿਫਾਰਸ਼ਃ ਜਾਇਦਾਦਾਂ ਦੇ ਵਿਕਾਸ ਨਾਲ ਜੁੜੇ ਪ੍ਰੋਜੈਕਟਾਂ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਮੰਗ ਦਾ ਉਚਿੱਤ ਜਾਇਜ਼ਾ ਲੈ ਲੈਣਾ ਚਾਹੀਦਾ ਹੈ।**

### *3.3.2.4 ਸਾਈਟ ਦਾ ਇਸਦੇ ਵਿਕਾਸ ਬਾਰੇ ਫੈਸਲਾ ਨਾ ਲੈਣ ਕਾਰਣ ਅਣ-ਵਰਤਿਆ ਰਹਿਣਾ*

ਈ ਸੀ ਨੇ ਸਰਕਾਰੀ ਪ੍ਰਾਇਮਰੀ ਸਕੂਲ, ਮਾਲ ਰੋਡ, ਬਠਿੰਡਾ ਦੀ 1.40 ਏਕੜ ਜਮੀਨ ਪੁੱਡਾ ਨੂੰ ਟਰਾਂਸਫਰ ਕੀਤੀ (ਨਵੰਬਰ 2012)। ਇਸ ਜਮੀਨ ਦੇ ਬਦਲੇ ਵਿੱਚ ਬਠਿੰਡਾ ਵਿਕਾਸ ਅਥਾਰਟੀ (ਬੀ ਡੀ ਏ) ਨੇ ਨੇੜੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਠਿੰਡਾ ਦੇ ਪਰਿਸਰ ਵਿੱਚ ₹ 1.33 ਕਰੋੜ ਦੇ ਖਰਚੇ ਨਾਲ ਸਰਕਾਰੀ ਪ੍ਰਾਇਮਰੀ ਸਕੂਲ ਦੀ ਇਮਾਰਤ ਦੀ ਉਸਾਰੀ ਕੀਤੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਬੀ ਡੀ ਏ, ਇਸਨੂੰ ਟਰਾਂਸਫਰ ਕੀਤੀ ਗਈ 1.40 ਏਕੜ ਦੀ ਮਿਣਤੀ ਵਾਲੀ ਸਾਈਟ ਨੂੰ ਉਸ ਥਾਂ ਤੇ ਬਹੁਮੰਜਲਾ ਕਮਰਸ਼ੀਅਲ ਸਾਈਟ ਜਾਂ ਬਹੁਮੰਜਲਾ ਕਾਰ ਪਾਰਕਿੰਗ, ਆਦਿ ਬਣਾਏ ਜਾਣ ਬਾਰੇ ਫੈਸਲਾ ਨਾ ਲਏ ਜਾਣ ਕਾਰਣ ਵਰਤੋਂ ਵਿੱਚ ਨਹੀਂ ਲਿਆ ਸਕੀ। ਪ੍ਰਵਾਨਗੀ ਮਿਲਣ ਤੋਂ ਸੱਤ ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ₹ 1.33 ਕਰੋੜ ਦੀ ਭਰਪਾਈ ਦੀ ਅਜੇ ਉਡੀਕ ਹੈ। ਵਰਤਮਾਨ ਵਿੱਚ ਇਹ ਸਾਈਟ ਕਾਰ ਪਾਰਕਿੰਗ ਲਈ ਕਿਰਾਏ ਤੇ ਦਿੱਤੀ ਗਈ ਹੈ ਅਤੇ ਇਸ ਤੋਂ ₹ 2.52 ਲੱਖ[9] ਦੀ ਮਾਮੂਲੀ ਰਾਸ਼ੀ ਕਿਰਾਏ ਵਜੋਂ ਵਸੂਲੀ ਗਈ ਸੀ (ਜਨਵਰੀ 2020)।

ਸੀ ਏ, ਪੁੱਡਾ ਨੇ ਕਿਹਾ (ਜੁਲਾਈ 2020) ਕਿ ਹੁਣ ਦੀ ਸਥਿਤੀ ਅਨੁਸਾਰ ਸਾਈਟ ਬਹੁਮੰਜਲੀ ਪਾਰਕਿੰਗ ਅਤੇ ਕਮਰਸ਼ੀਅਲ ਉਪਯੋਗ ਲਈ ਵਿਵਹਾਰਕ ਨਹੀਂ ਸੀ। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਵਿਭਾਗ ਦੇ ਕਮਰਸ਼ੀਅਲ ਉਪਯੋਗ ਲਈ ਗੈਰ-ਵਿਵਹਾਰਕ ਜਮੀਨ ਤੇ ਨਿਵੇਸ਼ ਕਰਨ ਦੇ ਫੈਸਲੇ ਨਾਲ ਸਕੀਮ ਦੇ ₹ 1.33 ਕਰੋੜ ਬਲਾਕ ਹੋ ਗਏ।

### *3.3.2.5 ਸਾਈਟਾਂ ਦੇ ਵਿਕਾਸ ਦੀ ਮਾੜੀ ਯੋਜਨਾਬੰਦੀ*

ਈ ਸੀ ਨੇ ਕ੍ਰਮਵਾਰ ਬਠਿੰਡਾ ਅਤੇ ਅਮ੍ਰਿਤਸਰ ਵਿਖੇ ਰਿਹਾਇਸ਼ੀ ਕਲੋਨੀ ਦੀ ਸਥਾਪਨਾ /ਕਮਰਸ਼ੀਅਲ ਵਰਤੋਂ ਲਈ ਪੁੱਡਾ ਨੂੰ 217.01 ਏਕੜ ਦੀਆਂ ਦੋ[10] ਸਾਈਟਾਂ ਟਰਾਂਸਫਰ ਕੀਤੀਆਂ (ਸਤੰਬਰ 2011 ਅਤੇ ਜੂਨ 2013)। ਬਠਿੰਡਾ ਵਿਕਾਸ ਅਥਾਰਟੀ (ਬੀ ਡੀ ਏ) ਅਤੇ ਅਮ੍ਰਿਤਸਰ ਵਿਕਾਸ ਅਥਾਰਟੀ (ਏ ਡੀ ਏ) ਨੇ ਜਾਇਦਾਦਾਂ ਦਾ ਨਿਪਟਾਰਾ ਕਰਨਾ ਸੀ ਅਤੇ ਇਹ ਅਨੁਮਾਨ ਸੀ ਕਿ ਪੁੱਡਾ ਇਨ੍ਹਾਂ ਜਾਇਦਾਦਾਂ ਦੀ ਵੇਚ ਵੱਟਕ ਤੋਂ ₹ 446.70 ਕਰੋੜ ਦੀ ਕਮਾਈ ਕਰੇਗਾ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਵਿਕਾਸ ਅਥਾਰਟੀਆਂ ਨੇ ਸਿਰਫ ਰਿਹਾਇਸ਼ੀ ਪਲਾਟਾਂ ਦੇ ਵਿਕਾਸ ਦੀ ਯੋਜਨਾ ਬਣਾਈ ਅਤੇ 1651 (ਬਠਿੰਡਾ ਸਾਈਟ ਤੇ 1075 ਅਤੇ ਅੰਮ੍ਰਿਤਸਰ ਸਾਈਟ ਤੇ 576)

---

9 01.07.2017 ਤੋਂ 30.09.2017 ਦੇ ਸਮੇਂ ਲਈ ₹ 1.70 ਲੱਖ ਪ੍ਰਤੀ ਸਾਲ ਦੀ ਦਰ ਤੇ ਅਤੇ 01.04.2018 ਤੋਂ 30.09.2018 ਦੇ ਸਮੇਂ ਲਈ ₹ 34,850 ਪ੍ਰਤੀ ਮਹੀਨਾ ਦੀ ਦਰ ਤੇ ਕਿਰਾਇਆ।

10 ਅੰਮ੍ਰਿਤਸਰ ਵਿਖੇ ਪੁਰਾਣੀ ਜੇਲ ਸਾਈਟ ਦੀ 93 ਏਕੜ ਜਮੀਨ ਅਤੇ ਪੁਰਾਣੀ ਖੰਡ ਮਿੱਲ, ਬੁਢਲਾਡਾ (ਬਠਿੰਡਾ) ਦੀ 124.01 ਏਕੜ ਜਮੀਨ ।

ਪਲਾਟ ਕੱਟੇ। ਪਲਾਟ ਦਾ ਡਰਾਅ ਮਾਰਚ/ਸਤੰਬਰ 2016 ਅਤੇ ਜੂਨ 2016 ਵਿੱਚ ਕੱਢਿਆ ਗਿਆ ਸੀ ਅਤੇ ਕ੍ਰਮਵਾਰ 1344 (976 ਬਠਿੰਡਾ ਵਿੱਚ ਅਤੇ 368 ਅੰਮ੍ਰਿਤਸਰ ਵਿੱਚ) ਬਿਨੈਕਾਰਾਂ ਨੂੰ ਅਲਾਟਮੈਂਟ ਪੱਤਰ ਜਾਰੀ ਕੀਤੇ ਗਏ ਸਨ। ਪ੍ਰੰਤੂ ਵਿਕਾਸ ਅਥਾਰਟੀਆਂ ਸਾਈਟਾਂ ਦੇ ਵਿਕਾਸ ਕਰਨ ਅਤੇ ਪਲਾਟਾਂ ਦੀ ਮੁੜ-ਯੋਜਨਾਬੰਦੀ/ਮੁੜ-ਨੰਬਰਿੰਗ ਕਰਨ ਵਿੱਚ ਦੇਰੀ ਕਾਰਣ ਪਲਾਟਾਂ ਦਾ ਕਬਜਾ ਦੇਣ ਵਿੱਚ ਅਸਫਲ ਰਹੀਆਂ। ਸਾਈਟਾਂ ਦਾ ਵਿਕਾਸ ਦੇਰੀ ਨਾਲ/ਨਾ ਕਰਨ ਤੋਂ ਪੀੜਤ ਬਹੁਤ ਸਾਰੇ ਅਲਾਟੀਆਂ ਨੇ ਮੁਆਵਜ਼ਾ ਲੈਣ ਲਈ ਵੱਖ-ਵੱਖ ਅਦਾਲਤਾਂ ਵਿੱਚ ਪਹੁੰਚ ਕੀਤੀ। ਅੰਮ੍ਰਿਤਸਰ ਸਾਈਟ ਦੇ ਮਾਮਲੇ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੁੱਡਾ ਨੂੰ ₹ 5.51 ਕਰੋੜ ਦਾ ਵਿਆਜ ਅਦਾ ਕਰਨ ਦੇ ਆਦੇਸ਼ ਦਿੱਤੇ (ਸਤੰਬਰ 2018)। ਜਦੋਂਕਿ ਬਠਿੰਡਾ ਸਾਈਟ ਦੇ ਮਾਮਲੇ ਵਿੱਚ ਖਪਤਕਾਰ ਕੋਰਟ ਦੇ ਫੈਸਲੇ ਦੇ ਮੱਦੇਨਜ਼ਰ ਅਲਾਟੀਆਂ ਵੱਲੋਂ ਦਾਖਲ ਕੀਤੇ 13 ਐਕਜ਼ੀਕਿਊਸ਼ਨ ਕੇਸਾਂ ਦੇ ਸਬੰਧ 'ਚ ਕੋਰਟ ਵਿੱਚ ₹ 2.05 ਕਰੋੜ[11] ਦੀ ਰਾਸ਼ੀ ਜਮ੍ਹਾਂ ਕਰਵਾਈ ਗਈ ਸੀ (ਜੂਨ 2019)। ਇਸ ਲਈ ₹ 446.70 ਕਰੋੜ ਦੀ ਵੇਚ ਵੱਟਕ ਦੀ ਉਮੀਦ ਦੇ ਵਿਰੁੱਧ ਸਿਰਫ ₹ 32.44 ਕਰੋੜ (ਬਠਿੰਡਾ ਸਾਈਟ ਤੋਂ ₹ 29.23 ਕਰੋੜ ਅਤੇ ਅੰਮ੍ਰਿਤਸਰ ਸਾਈਟ ਤੋਂ ₹ 3.21 ਕਰੋੜ) ਹੀ ਵਸੂਲੇ ਜਾ ਸਕੇ ਸਨ।

ਇੰਜ, ਵਿਕਾਸ ਅਥਾਰਟੀਆਂ ਦੀ ਵਿਕਾਸਮਈ ਗਤੀਵਿਧੀਆਂ ਦੀ ਨਿਪੁੰਨਤਾ ਨਾਲ ਯੋਜਨਾ ਬਣਾਉਣ ਵਿੱਚ ਅਸਫਲਤਾ ਕਾਰਣ ਸਿਰਫ 36 *ਪ੍ਰਤੀਸ਼ਤ* ਪਲਾਟਾਂ (ਯੋਜਨਾ ਬਣਾਈ 1651 ਅਤੇ ਕਬਜੇ ਦਿਤੇ 596) ਦੇ ਕਬਜ਼ੇ ਹੀ ਦਿੱਤੇ ਜਾ ਸਕੇ ਸਨ ਅਤੇ ਇਸ ਤੋਂ ਇਲਾਵਾ ਕਮਰਸ਼ੀਅਲ ਸਾਈਟਾਂ ਦੇ ਵਿਕਾਸ ਲਈ ਕੋਈ ਯੋਜਨਾਬੰਦੀ ਨਹੀਂ ਬਣਾਈ ਗਈ ਸੀ।

ਸੀ ਏ, ਪੁੱਡਾ ਨੇ ਕਿਹਾ (ਜੁਲਾਈ 2020) ਕਿ ਸਾਈਟ ਦੇ ਵਿਕਾਸ ਤੋਂ ਪਹਿਲਾਂ ਅੰਮ੍ਰਿਤਸਰ ਵਿਖੇ ਸਕੀਮ ਦੀ ਸ਼ੁਰੂਆਤ ਅਤੇ ਵਿਆਜ ਦੀ ਅਦਾਇਗੀ ਪੂਰੀ ਤਰਾਂ ਘਾਟੇ ਵਾਲਾ ਪ੍ਰਸਤਾਵ ਨਹੀਂ ਸੀ ਕਿਉਂਕਿ ਪੁੱਡਾ ਕੋਲ ਪਿਆ ਪੈਸਾ ਵੀ ਬੈਂਕਾਂ ਵਿੱਚ ਵਿਆਜ ਕਮਾ ਰਿਹਾ ਸੀ। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਇਸ ਨੇ ਸਾਈਟ ਦੇ ਵਿਕਾਸ ਵਿੱਚ ਹੋਈ ਦੇਰੀ ਦੇ ਮਾਮਲੇ ਨੂੰ ਹੱਲ ਨਹੀਂ ਕੀਤਾ ਜਿਸ ਕਾਰਣ ਅਲਾਟੀਆਂ ਨੂੰ ਕਬਜੇ ਨਹੀਂ ਦਿਤੇ ਜਾ ਸਕੇ। ਜਦੋਂਕਿ ਬਠਿੰਡਾ ਵਿਖੇ ਸਾਈਟ ਦੇ ਮਾਮਲੇ ਵਿੱਚ ਸੀ ਏ ਪੁੱਡਾ ਨੇ ਮੰਨਿਆ (ਜੁਲਾਈ 2020) ਕਿ ਬਹੁਤ ਸਾਰੇ ਅਲਾਟੀਆਂ ਨੇ ਰਿਫੰਡ ਕਲੇਮ ਕੀਤਾ ਸੀ।

### 3.3.3 ਵਿੱਤੀ ਪ੍ਰਬੰਧਨ

ਓ ਯੂ ਵੀ ਜੀ ਐਲ ਸਕੀਮ ਦੀ ਆਮਦਨ ਦੇ ਮੁੱਖ ਸ੍ਰੋਤ ਰਿਹਾਇਸ਼ੀ ਅਤੇ ਕਮਰਸ਼ੀਅਲ ਜਾਇਦਾਦਾਂ ਦੀ ਵਿਕਰੀ/ਨਿਲਾਮੀ, ਜਬਤ ਹੋਈਆਂ ਜਮ੍ਹਾਂ-ਰਾਸ਼ੀਆਂ, ਫੀਸਾਂ, ਉਸਾਰੀ ਨਾ ਕਰਨ ਕਰਕੇ ਫੀਸਾਂ, ਵਿਆਜ ਅਤੇ ਦੰਡ ਵਿਆਜ ਆਦਿ ਹੈ। ਪੁੱਡਾ, ਇਸ ਸਕੀਮ ਵਿਚਲੀਆਂ ਸਾਰੀਆਂ ਪ੍ਰਾਪਤੀਆਂ ਅਤੇ ਖਰਚੇ ਨੂੰ ਇੱਕ ਵੱਖਰੀ ਲੇਖਾ ਮੱਦ ਅਧੀਨ ਇੰਦਰਾਜ ਕਰ ਰਿਹਾ ਸੀ ਅਤੇ ਇਸ ਸਕੀਮ ਲਈ ਇਸ ਨੇ ਵੱਖਰੀਆਂ ਲੇਖਾ ਵਹੀਆਂ ਅਤੇ ਇੱਕ ਵੱਖਰਾ ਬੈਂਕ ਖਾਤਾ ਖੋਲ੍ਹਿਆ ਹੋਇਆ ਸੀ।

[11] ₹ 1.30 ਕਰੋੜ-ਅਲਾਟੀਆਂ ਵੱਲੋਂ ਜਮ੍ਹਾ ਕਰਵਾਏ; ₹ 0.74 ਕਰੋੜ-ਵਿਆਜ; ਅਤੇ ₹ 0.01 ਕਰੋੜ ਕਾਨੂੰਨੀ ਲਾਗਤ ਤੇ ਮੁਆਵਜਾ।

### *3.3.3.1 ਸਕੀਮ ਦੀ ਵਿੱਤੀ ਸਥਿਤੀ*

**(i)** ਇਸ ਸਕੀਮ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੀਮ ਦੇ ਖਾਤੇ ਸਮੇਟੇ ਜਾਣ ਤੋਂ ਬਾਅਦ, ਸਰਕਾਰੀ ਜਮੀਨ/ਜਾਇਦਾਦਾਂ ਦੀ ਵਿਕਰੀ ਦੀ ਨਿਰੋਲ ਵੱਟਕ ਨੂੰ ਪੁੱਡਾ ਦੇ ਅੱਧਾ *ਪ੍ਰਤੀਸ਼ਤ* ਕਮਿਸ਼ਨ ਸਮੇਤ, ਕੀਤੇ ਗਏ ਜਾਂ ਕੀਤੇ ਜਾਣ ਵਾਲੇ ਸਾਰੇ ਖਰਚਿਆਂ ਨੂੰ ਘਟਾ ਕੇ, ਰਾਜ ਦੇ ਸੰਚਿਤ ਫੰਡ ਵਿੱਚ ਜਮ੍ਹਾਂ ਕਰਵਾਇਆ ਜਾਵੇਗਾ।

ਇਸ ਸਕੀਮ ਦੇ ਆਮਦਨ ਅਤੇ ਖਰਚੇ ਦੇ ਲੇਖਿਆਂ ਦੇ ਵਿਸ਼ਲੇਸ਼ਣ ਨੇ ਦਰਸਾਇਆ ਕਿ ਮਾਰਚ 2019 ਤੱਕ ₹ 3,081.23 ਕਰੋੜ ਦੀ ਕੁੱਲ ਪ੍ਰਾਪਤੀ ਦੇ ਵਿਰੁੱਧ ₹ 4,239.86 ਕਰੋੜ ਦਾ ਖਰਚਾ ਕੀਤਾ ਗਿਆ ਸੀ ਅਤੇ ₹ 1,158.63 ਕਰੋੜ ਦਾ ਡੈਬਿਟ ਬਕਾਇਆ ਰਹਿ ਗਿਆ ਸੀ ਜਿਹੜਾ ਕਿ ਓ ਯੂ ਵੀ ਜੀ ਐਲ ਦੀਆਂ ਜਾਇਦਾਦਾਂ ਨੂੰ ਗਿਰਵੀ ਰੱਖਕੇ ਮਾਰਕੀਟ ਕਰਜੇ ਚੁੱਕ ਕੇ ਪੂਰਾ ਕੀਤਾ ਗਿਆ ਸੀ। ਇਸ ਤਰ੍ਹਾਂ ਸਕੀਮ ਦੇ ਸ਼ੁਰੂ ਹੋਣ ਤੋਂ 23 ਸਾਲ ਬਾਅਦ ਵੀ ਕੋਈ ਵੇਚ ਵੱਟਕ ਰਾਜ ਦੇ ਸੰਚਿਤ ਫੰਡ ਵਿੱਚ ਜਮ੍ਹਾਂ ਨਹੀਂ ਕਰਵਾਈ ਗਈ ਸੀ ਕਿਉਂਜੋ ਸਕੀਮ ਘਾਟੇ ਵਿੱਚ ਚਲ ਰਹੀ ਸੀ।

ਸੀ ਏ, ਪੁੱਡਾ ਨੇ ਕਿਹਾ (ਜੁਲਾਈ 2020) ਕਿ ਜਿਵੇਂ ਹੀ ਤੇ ਜਦੋਂ ਵੀ ਘਾਟਾ ਪੂਰਾ ਹੁੰਦਾ ਹੈ ਤਾਂ ਓ ਯੂ ਵੀ ਜੀ ਐਲ ਦੀ ਵਾਧੂ ਵੇਚ ਵੱਟਕ ਰਾਜ ਦੇ ਸੰਚਿਤ ਫੰਡ ਵਿੱਚ ਜਮ੍ਹਾਂ ਕਰਵਾ ਦਿੱਤੀ ਜਾਵੇਗੀ। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਮਾੜਾ ਵਿੱਤੀ ਪ੍ਰਬੰਧਨ ਅਤੇ ਸਕੀਮ ਦੇ ਫੰਡਾਂ ਦੇ ਬਲਾਕ/ ਅਨਿਯਮਤਤਾ ਨਾਲ ਖਰਚੇ ਜਾਣ ਕਰਕੇ (ਜਿਵੇ ਕਿ ਅਗਲੇ ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ) ਪੁੱਡਾ ਘਾਟੇ ਨੂੰ ਪੂਰਾ ਨਹੀਂ ਕਰ ਸਕਿਆ।

**(ii)** ਸਾਲ 2016-19 ਦੌਰਾਨ ਓ ਯੂ ਵੀ ਜੀ ਐਲ ਸਕੀਮ ਦੇ ਆਮਦਨ ਅਤੇ ਖਰਚੇ ਦਾ ਵਰ੍ਹੇ-ਵਾਰ ਵੇਰਵਾ **ਸਾਰਣੀ** 3.1 ਵਿੱਚ ਦਿੱਤਾ ਗਿਆ ਹੈ।

**ਸਾਰਣੀ 3.1 : ਸਾਲ 2016-17 ਤੋਂ 2018-19 ਦੌਰਾਨ ਓ ਯੂ ਵੀ ਜੀ ਐਲ ਸਕੀਮ ਦਾ ਆਮਦਨ ਅਤੇ ਖਰਚਾ**

*(₹ ਕਰੋੜ ਵਿੱਚ)*

| ਸਾਲ | ਆਮਦਨ | ਖਰਚਾ | ਵਾਧਾ (+)/ਘਾਟਾ (–) |
|---|---|---|---|
| 2016-17 | 296.56 | 698.81 | (-) 402.25 |
| 2017-18 | 249.33 | 197.88 | (+) 51.45 |
| 2018-19 | 247.03 | 107.64 | (+) 139.39 |
| **ਜੋੜ** | **792.92** | **1,004.33** | **(-) 211.41** |

*ਸ੍ਰੋਤ: ਸਾਲ 2016-17 ਤੋਂ 2018-19 ਲਈ ਪੁੱਡਾ ਦੇ ਆਮਦਨ ਅਤੇ ਖਰਚੇ ਦੇ ਲੇਖੇ*

- ਸਾਲ 2016-19 ਦੌਰਾਨ ₹ 792.92 ਕਰੋੜ ਦੀ ਆਮਦਨ ਦੇ ਵਿਰੁੱਧ ₹ 1,004.33 ਕਰੋੜ ਦਾ ਖਰਚਾ ਕੀਤਾ ਗਿਆ ਸੀ।
- ਜਿਵੇਂ ਕਿ ਅਗਲੇ ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ ਮੁੱਖ ਤੌਰ ਤੇ ਰਿਹਾਇਸ਼ੀ/ਕਮਰਸ਼ੀਅਲ ਜਾਇਦਾਦਾਂ ਦੀ ਵੇਚ ਵੱਟਕ ਵਿੱਚ ਗਿਰਾਵਟ, ਡਿਫਾਲਟਰਜ਼ ਤੋਂ ਬਕਾਏ ਦੀ ਵਸੂਲੀ ਵਿੱਚ ਦੇਰੀ ਆਦਿ ਕਾਰਣ ਪ੍ਰਾਪਤੀਆਂ 2016-17 ਵਿੱਚ ₹ 296.56 ਕਰੋੜ ਤੋਂ ਘਟ ਕੇ 2018-19 ਵਿੱਚ ₹ 247.03 ਕਰੋੜ ਰਹਿ ਗਈਆਂ।

### *3.3.3.2 ਗੈਰ – ਸੈਲਫ ਸਸਟੇਨਿੰਗ ਪ੍ਰੋਜੈਕਟਾਂ ਦੀ ਅਨਿਯਮਿਤ ਫਾਇਨਾਂਸਿੰਗ*

ਸਕੀਮ ਦੇ ਦਿਸ਼ਾ ਨਿਰਦੇਸ਼ਾਂ ਦਾ ਪੈਰ੍ਹਾ 6(xi) ਵਿਵਸਥਾ ਕਰਦਾ ਹੈ ਕਿ ਜਮੀਨਾਂ ਵੇਚਣ ਤੋਂ ਪ੍ਰਾਪਤ ਵੇਚ ਵੱਟਕ ਨੂੰ ਕੇਵਲ ਸੈਲਫ ਸਸਟੇਨਿੰਗ ਅਤੇ ਸੈਲਫ-ਫਾਇਨਾਂਸਿੰਗ ਰਾਜ ਪੱਧਰੀ ਬੁਨਿਆਦੀ ਢਾਂਚਾ ਪ੍ਰੋਜੈਕਟਾਂ[12] ਨੂੰ ਫਾਇਨਾਂਸ ਕਰਨ ਲਈ ਹੀ ਵਰਤਿਆਂ ਜਾਵੇਗਾ। ਇਨ੍ਹਾਂ ਦਿਸ਼ਾ ਨਿਰਦੇਸ਼ਾਂ ਦੇ ਪੈਰ੍ਹਾ 6(xii) ਅਨੁਸਾਰ ਸਕੀਮ ਦੇ ਫੰਡਾਂ ਨੂੰ ਸਿਰਫ ਪ੍ਰੋਜੈਕਟ ਦੀ ਪੂੰਜੀਗਤ ਲਾਗਤ ਨੂੰ ਪੂਰਾ ਕਰਨ ਲਈ ਹੀ ਵਰਤਿਆ ਜਾਣਾ ਚਾਹੀਦਾ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਕਾਰਜਕਾਰੀ ਕਮੇਟੀ ਨੇ ਲੰਬੀ ਅਤੇ ਜਲਾਲਾਬਾਦ ਦੋ ਵਿਧਾਨ ਸਭਾ ਹਲਕੇ ਦੇ 413 ਪਿੰਡਾਂ/ਢਾਣੀਆਂ[13] ਵਿੱਚ ਸੀਮੈਂਟ ਕੰਕਰੀਟ ਦੀਆਂ ਗਲੀਆਂ, ਫਰਸ਼, ਇੰਟਰਲੌਕਿੰਗ ਟਾਇਲਾਂ ਅਤੇ ਨਾਲੀਆਂ ਆਦਿ ਲਈ ₹ 670.96 ਕਰੋੜ ਦੀਆਂ ਐਕਸ ਪੋਸਟ ਫੈਕਟੋ ਮੰਜੂਰੀਆਂ ਜਾਰੀ ਕੀਤੀਆਂ (2015 ਅਤੇ 2016 ਵਿਚਕਾਰ)। ਇਸ ਅਨੁਸਾਰ ਪੁੱਡਾ ਨੇ ਓ ਯੂ ਵੀ ਜੀ ਐਲ ਜਾਇਦਾਦਾਂ ਗਿਰਵੀ ਰੱਖ ਕੇ ਬੈਂਕਾਂ ਤੋਂ ਕਰਜਾ ਲੈ ਕੇ ਸਬੰਧਤ ਡਿਪਟੀ ਕਮਿਸ਼ਨਰਾਂ (ਡੀ ਸੀ) ਨੂੰ ₹ 520.11 ਕਰੋੜ ਜਾਰੀ ਕੀਤੇ। ਸਬੰਧਤ ਡੀ ਸੀਜ਼ ਨੇ ₹ 520.11 ਕਰੋੜ ਦੇ ਵਰਤੋਂ ਸਰਟੀਫਿਕੇਟ ਭੇਜ ਦਿੱਤੇ ਸਨ।

ਸੀ ਏ, ਪੁੱਡਾ ਨੇ ਕਿਹਾ (ਜੁਲਾਈ 2020) ਕਿ ਸੜ੍ਹਕਾਂ ਦੀ ਉਸਾਰੀ ਦਾ ਆਰਥਿਕ ਵਿਕਾਸ ਅਤੇ ਉੱਨਤੀ ਵਿੱਚ ਮਹੱਤਵਪੂਰਣ ਯੋਗਦਾਨ ਹੁੰਦਾ ਹੈ ਅਤੇ ਇਹ ਹੋਰ ਮਹੱਤਵਪੂਰਣ ਸਮਾਜਿਕ ਬੁਨਿਆਦੀ ਢਾਂਚੇ ਨੂੰ ਲਿਆਉਂਦਾ ਹੈ। ਉੱਤਰ ਮੰਨਣਯੋਗ ਨਹੀਂ ਹੈ ਕਿਉਂਜੋ ਇਹ ਖਰਚਾ ਉਨ੍ਹਾਂ ਕੰਮਾਂ ਤੇ ਕੀਤਾ ਗਿਆ ਸੀ ਜਿਹੜੇ ਸਕੀਮ ਵਿੱਚ ਨਿਰਧਾਰਤ ਕੀਤੇ ਗਏ ਸੈਲਫ ਸਸਟੇਨਿੰਗ ਅਤੇ ਸੈਲਫ ਫਾਈਨਾਸਿੰਗ ਰਾਜ ਪੱਧਰੀ ਬੁਨਿਆਦੀ ਢਾਂਚਾ/ਪ੍ਰੋਜੈਕਟਾਂ ਦੀ ਸ਼੍ਰੇਣੀ ਵਿੱਚ ਨਹੀਂ ਆਉਂਦੇ ਸਨ।

ਇੰਜ, ਓ ਯੂ ਵੀ ਜੀ ਐਲ ਦੀਆਂ ਜਾਇਦਾਦਾਂ ਗਿਰਵੀ ਰੱਖ ਕੇ ਕਰਜਾ ਚੁੱਕਣਾ ਇਸ ਸਕੀਮ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਸੀ ਅਤੇ ਇਸ ਨਾਲ ਪਹਿਲਾਂ ਹੀ ਘਾਟੇ ਵਿੱਚ ਚਲ ਰਹੀ ਇਸ ਸਕੀਮ ਦੀਆਂ ਗਿਰਵੀ ਰੱਖੀਆਂ ਜਾਇਦਾਦਾਂ ਦੇ ਕਮਰਸ਼ੀਅਲ ਉਪਯੋਗ ਦੇ ਮੌਕੇ ਬੰਦ ਹੋ ਗਏ।

### *3.3.3.3 ਉਧਾਰ ਦੀਆਂ ਦਰਾਂ ਤੋਂ ਘੱਟ ਦਰਾਂ 'ਤੇ ਸਕੀਮ ਵਿੱਚੋਂ ਕਰਜੇ ਦੇਣਾ*

ਲੇਖਾ ਖ਼ੀਖਿਆ ਨੇ ਵੇਖਿਆ ਕਿ ਭਾਵੇਂ ਸਕੀਮ ਘਾਟੇ ਵਿੱਚ ਚੱਲ ਰਹੀ ਸੀ ਅਤੇ ਪੁੱਡਾ ਨੂੰ ਸਕੀਮ ਦੀਆ ਜਾਇਦਾਦਾਂ ਨੂੰ ਗਿਰਵੀ ਰੱਖ ਕੇ ਨੌਂ ਤੋਂ ਦਸ *ਪ੍ਰਤੀਸ਼ਤ* ਦੀ ਦਰ ਨਾਲ ਬੈਂਕਾ ਤੋਂ ਉਧਾਰ ਲੈਣਾ ਪੈ ਰਿਹਾ ਸੀ, ਫਿਰ ਵੀ ਉਸ ਨੇ ਸਕੀਮ ਦੇ ਫੰਡਾਂ ਵਿੱਚੋਂ ਤਿੰਨ[14] ਸਰਕਾਰੀ ਅਦਾਰਿਆਂ ਨੂੰ ਛੇ *ਪ੍ਰਤੀਸ਼ਤ* ਵਿਆਜ ਦੀ ਦਰ ਨਾਲ ₹ 96.03 ਕਰੋੜ ਉਧਾਰ ਦਿੱਤੇ (ਸਤੰਬਰ 2011-ਦਸੰਬਰ 2016)। ਤਿੰਨ ਤੋਂ ਨੌਂ ਸਾਲ ਦਾ ਸਮਾਂ ਬੀਤ ਜਾਣ ਦੇ ਬਾਅਦ ਵੀ ਇਨ੍ਹਾਂ ਅਦਾਰਿਆਂ ਤੋਂ ਕੋਈ ਵੀ ਵਸੂਲੀ ਨਹੀਂ ਕੀਤੀ ਗਈ ਸੀ।

---

12 ਜਿਵੇਂ ਕਿ ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਤਹਿਸੀਲ ਕੰਪਲੈਕਸ, ਸੁਧਾਰ ਘਰ (ਜੇਲ੍ਹਾਂ) ,ਹਸਪਤਾਲ, ਸਕੂਲ, ਆਦਿ।

13 ਖੇਤਾਂ ਵਿੱਚ ਬਣਾਏ ਮਕਾਨਾਂ ਦਾ ਇੱਕ ਛੋਟਾ ਸਮੂਹ।

14 ਸਤੰਬਰ 2011 ਵਿੱਚ ਪੰਜਾਬ ਮਿਊਂਸਪਲ ਇਨਫਰਾਸਟਰਕਚਰ ਕੰਪਨੀ ਨੂੰ ₹ 79.39 ਕਰੋੜ; ਅਪ੍ਰੈਲ 2012 ਵਿੱਚ ਸ਼ੁਗਰਫੈਡ ਨੂੰ ₹ 16.14 ਕਰੋੜ; ਅਤੇ ਦਸੰਬਰ 2016 ਵਿੱਚ ਅਰਬਨ ਹੱਟ ਸੋਸਾਇਟੀ ,ਅੰਮ੍ਰਿਤਸਰ ਨੂੰ ₹ 0.50 ਕਰੋੜ।


ਪੁੱਡਾ ਦੇ ਸੀਨੀਅਰ ਲੇਖਾ ਅਧਿਕਾਰੀ (ਅਦਾਇਗੀ) ਨੇ ਕਿਹਾ (ਸਤੰਬਰ 2019) ਕਿ ਫੰਡ ਸਰਕਾਰੀ ਹਦਾਇਤਾਂ ਅਨੁਸਾਰ ਹੀ ਉਧਾਰ ਦਿੱਤੇ ਗਏ ਸਨ। ਉਧਾਰ ਲਈ ਗਈ ਰਾਸ਼ੀ ਅਤੇ ਵਿਆਜ ਨਾ ਵਸੂਲੇ ਜਾਣ ਬਾਰੇ ਕੋਈ ਉੱਤਰ ਨਹੀਂ ਦਿੱਤਾ ਗਿਆ ਸੀ (ਨਵੰਬਰ 2020)। ਉੱਤਰ ਮੰਨਣਯੋਗ ਨਹੀਂ ਹੈ ਕਿਉਂਕਿ ਦਿੱਤੀ ਗਈ ਦਲੀਲ ਦੇ ਪੱਖ ਵਿੱਚ ਲੇਖਾ ਪ੍ਰੀਖਿਆ ਨੂੰ ਸਰਕਾਰ ਦੀਆਂ ਕੋਈ ਲਿਖਤੀ ਹਦਾਇਤਾਂ ਪੇਸ਼ ਨਹੀਂ ਕੀਤੀਆਂ ਗਈਆਂ ਸਨ।

### *3.3.3.4 ਅਲਾਟੀਆਂ ਵਿਰੁੱਧ ਇਕੱਠਾ ਹੋਇਆ ਬਕਾਇਆ*

ਪੁੱਡਾ ਦੀ ਅਲਾਟਮੈਂਟ ਪਾਲਿਸੀ ਅਨੁਸਾਰ, ਬਿਨੈਕਾਰ ਨੇ ਕੁਲ ਰਾਖਵੇਂ ਮੁੱਲ ਦਾ 10 *ਪ੍ਰਤੀਸ਼ਤ* ਬਿਆਨਾ ਰਕਮ (ਮੋੜਨਯੋਗ/ਅਡਜਸਟੇਬਲ) ਵਜੋਂ, 15 *ਪ੍ਰਤੀਸ਼ਤ* ਲੈਟਰ ਆਫ ਇੰਨਟੈਂਟ ਦੇ ਜਾਰੀ ਹੋਣ ਦੀ ਤਰੀਕ ਤੋਂ 60/90 ਦਿਨਾਂ ਦੇ ਅੰਦਰ ਅਤੇ ਬਾਕੀ ਰਹਿੰਦੇ 75 *ਪ੍ਰਤੀਸ਼ਤ* ਚਾਰ ਬਰਾਬਰ ਸਾਲਾਨਾ ਕਿਸ਼ਤਾਂ ਵਿੱਚ 12 *ਪ੍ਰਤੀਸ਼ਤ* ਸਲਾਨਾ ਵਿਆਜ ਦਰ ਨਾਲ ਜਾਂ ਜਿਵੇਂ ਵੀ ਅਥਾਰਟੀ ਵਲੋਂ ਤੈਅ ਕੀਤਾ ਗਿਆ ਹੋਵੇ, ਜਮ੍ਹਾਂ ਕਰਵਾਉਣਾ ਹੁੰਦਾ ਹੈ। ਅੱਗੇ, ਪੰਜਾਬ ਰਿਜਨਲ ਤੇ ਟਾਊਨ ਪਲਾਨਿੰਗ ਅਤੇ ਡਿਵੈਲਪਮੈਂਟ ਐਕਟ, 1995 (ਐਕਟ) ਦਾ ਸੈਕਸ਼ਨ 45 ਸਬ-ਸੈਕਸ਼ਨ (4) ਵਿਵਸਥਾ ਕਰਦਾ ਹੈ ਕਿ ਅਲਾਟੀਆਂ ਵਲੋਂ ਭੁਗਤਾਨ 'ਚ ਲਗਾਤਾਰ ਕੋਤਾਹੀ ਕਰਨ ਦੇ ਮਾਮਲੇ ਵਿੱਚ ਅਸਟੇਟ ਅਫਸਰ ਜਮੀਨ ਜਾਂ ਇਮਾਰਤ ਜਾਂ ਦੋਵਾਂ ਨੂੰ, ਜਿਵੇਂ ਵੀ ਮਾਮਲਾ ਹੋਵੇ, ਮੁੜ ਵਾਪਸ ਲੈ ਸਕਦਾ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ 1,927 ਜਾਇਦਾਦਾਂ ਦੇ ਅਲਾਟੀਆਂ ਵਿਰੁੱਧ ₹ 427.94 ਕਰੋੜ ਦੀ ਰਾਸ਼ੀ ਬਕਾਇਆ ਸੀ (ਮਾਰਚ 2019-ਜਨਵਰੀ 2020) ਜਿਵੇਂ ਕਿ ਹੇਠਾਂ **ਚਾਰਟ** 3.1 ਵਿੱਚ ਦਰਸਾਇਆ ਗਿਆ ਹੈ।

**ਚਾਰਟ 3.1: ਅਲਾਟੀਆਂ ਵਿਰੁੱਧ ਬਕਾਏ ਨੂੰ ਦਰਸਾਉਂਦੇ ਵੇਰਵੇ**




*ਸ੍ਰੋਤ: ਛੇ ਵਿਕਾਸ ਅਥਾਰਟੀਆਂ ਵਲੋਂ ਭੇਜੇ ਗਏ ਮੈਨੂਅਲ ਡਾਟਾ ਤੋਂ ਸੰਕਲਿਤ ਕੀਤਾ*

ਬਕਾਇਆਂ ਦੀ ਵਸੂਲੀ ਨਾ ਹੋਣ ਕਾਰਣ ਸਕੀਮ ਅਧੀਨ ਰੈਵੀਨਿਊ ਪੈਦਾ ਕਰਨ ਤੇ ਮਾੜਾ ਅਸਰ ਪਿਆ। ਅੱਗੇ, ਇਹ ਵੀ ਦੇਖਿਆ ਗਿਆ ਸੀ ਕਿ ਬਕਾਇਆਂ ਬਾਰੇ ਜਾਣਕਾਰੀ ਮਨੇਜਮੈਂਟ

ਇਨਫਾਰਮੇਸ਼ਨ ਸਿਸਟਮ ਤੇ ਉਪਲੱਬਧ ਨਹੀਂ ਸੀ। ਅੱਗੇ, ਸਬੰਧਤ ਵਿਕਾਸ ਅਥਾਰਟੀਆਂ ਵੱਲੋਂ ਪਲਾਟਾਂ/ਸਾਈਟਾਂ ਨੂੰ ਮੁੜ ਵਾਪਸ ਲੈਣ ਸਬੰਧੀ ਕੀਤੀ ਗਈ ਕਾਰਵਾਈ ਜਿਵੇਂ ਕਿ ਉਕਤ ਐਕਟ ਵਿੱਚ ਦਰਸਾਇਆ ਗਿਆ ਹੈ, ਦੇ ਬਾਰੇ ਆਡਿਟ ਨੂੰ ਨਹੀਂ ਦੱਸਿਆ ਗਿਆ ਸੀ।

ਸੀ ਏ, ਪੁੱਡਾ ਨੇ ਕਿਹਾ (ਜੁਲਾਈ 2020) ਕਿ ਪੰਜਾਬ ਰਿਜਨਲ ਤੇ ਟਾਉਨ ਪਲਾਨਿੰਗ ਅਤੇ ਡਿਵੈਲਪਮੈਂਟ ਐਕਟ, 1995 ਅਧੀਨ ਡਿਫਾਲਟਰਾਂ ਨੂੰ ਸਮੇਂ ਸਮੇਂ ਤੇ ਨੋਟਿਸ ਜਾਰੀ ਕੀਤੇ ਗਏ ਸਨ ਅਤੇ ਜਿੱਥੇ ਡਿਫਾਲਟਰ ਅਲਾਟੀ, ਇਨ੍ਹਾਂ ਨੋਟਿਸਾਂ ਦੀ ਪਾਲਣਾ ਕਰਨ ਵਿੱਚ ਅਸਫਲ ਹੋਇਆ ਤਾਂ ਤਦਅਨੁਸਾਰ ਸਾਈਟ ਨੂੰ ਮੁੜ ਵਾਪਸ ਲੈ ਲਿਆ ਗਿਆ ਸੀ। ਜਦੋਕਿ ਡਿਫਾਲਟਰਾਂ ਦੀਆਂ ਫਾਈਲਾਂ ਦੀ ਨਮੂਨਾਂ ਜਾਂਚ ਦੌਰਾਨ ਇਸ ਉੱਤਰ ਦੀ ਪੁਸ਼ਟੀ ਨਹੀਂ ਹੋਈ ਸੀ ਕਿਉਂਜੋ ਇਹ ਵੇਖਿਆ ਗਿਆ ਸੀ ਕਿ ਵਿਭਾਗ ਵੱਲੋਂ ਪਲਾਟਾਂ ਦੀ ਮੁੜ ਵਾਪਸੀ ਲਈ ਕੋਈ ਪ੍ਰੀਕ੍ਰਿਆ ਨਹੀਂ ਆਰੰਭੀ ਗਈ ਸੀ। ਇਸ ਦੇ ਨਤੀਜੇ ਵਜੋਂ ਸਕੀਮ ਦੇ ₹ 427.94 ਕਰੋੜ ਬਲਾਕ ਹੋਏ ਰਹੇ ਅਤੇ ਸਕੀਮ ਲਗਾਤਾਰ ਘਾਟੇ ਵਿੱਚ ਚਲਦੀ ਰਹੀ।

**ਸਿਫਾਰਸ਼ਃ ਬਕਾਇਆ ਡਿਊਜ਼ ਦੀ ਉਗਰਾਹੀ ਲਈ ਸਕੀਮ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿੱਤੀ ਅਨੁਸਾਸ਼ਨ ਅਤੇ ਇਸ ਦੇ ਨਾਲ ਇੱਕ ਅਸਰਦਾਇਕ ਮਨੇਜਮੈਂਟ ਇਨਫਾਰਮੇਸ਼ਨ ਸਿਸਟਮ ਯਕੀਨੀ ਬਣਾਇਆ ਜਾਵੇ।**

## 3.3.4 ਸਕੀਮ ਦਾ ਲਾਗੂਕਰਣ

### *3.3.4.1 ਰਾਖਵੇਂ ਮੁੱਲ ਤੋਂ ਉਪਰ ਬੋਲੀ ਪ੍ਰਾਪਤ ਹੋਣ ਦੇ ਬਾਵਜੂਦ ਨਿਲਾਮੀ ਨੂੰ ਰੱਦ ਕਰਨਾ*

ਡਿਪਟੀ ਕਮਿਸ਼ਨਰ ਲੁਧਿਆਣਾ ਦੀ ਚੇਅਰਮੈਨਸ਼ਿਪ ਅਧੀਨ ਜਿਲ੍ਹਾ ਕੀਮਤ ਨਿਰਧਾਰਨ ਕਮੇਟੀ (ਡੀ ਪੀ ਐਫ ਸੀ) ਨੇ ਸਿੰਜਾਈ ਕੰਪਲੈਕਸ, ਲੁਧਿਆਣਾ ਦੀ 8.21 ਏਕੜ ਜਮੀਨ ਦਾ ਰਾਖਵਾਂ ਮੁੱਲ ₹ 1.05 ਲੱਖ ਪ੍ਰਤੀ ਵਰਗ ਗਜ ਨਿਰਧਾਰਤ ਕੀਤਾ (ਦਸੰਬਰ 2010)।

ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਇਆ ਕਿ ਗਲਾਡਾ ਨੇ ਡੀ ਪੀ ਐਫ ਸੀ ਦੁਆਰਾ ਨਿਰਧਾਰਤ ਦਰਾਂ ਤੇ ਫਰਵਰੀ 2014 ਅਤੇ ਜੂਨ 2014 ਵਿੱਚ ਸਾਈਟ ਦੀ ਦੋ ਵਾਰ ਨਿਲਾਮੀ ਕੀਤੀ ਪ੍ਰੰਤੂ ਕੋਈ ਵੀ ਬੋਲੀ/ਹੁੰਗਾਰਾ ਨਹੀਂ ਮਿਲਿਆ। ਨਿਲਾਮੀ ਪਾਲਿਸੀ ਦੇ ਉਪਬੰਧਾਂ ਅਨੁਸਾਰ, ਜੇਕਰ ਸਾਈਟ ਲਗਾਤਾਰ ਦੋ ਨਿਲਾਮੀਆਂ ਵਿੱਚ ਨਹੀ ਵਿਕਦੀ ਤਾਂ ਮੁੱਖ ਪ੍ਰਸ਼ਾਸਕ, ਪੁੱਡਾ 20 *ਪ੍ਰਤੀਸ਼ਤ* ਤੱਕ ਰਾਖਵੀਂ ਕੀਮਤ ਘਟਾਉਣ ਲਈ ਸਮੱਰਥ ਸੀ। ਇਸ ਅਨੁਸਾਰ, ਸਾਈਟ ਦਾ ਰਾਖਵਾਂ ਮੁੱਲ ₹ 1.05 ਲੱਖ ਤੋਂ ਘਟਾ ਕੇ ₹ 0.84 ਲੱਖ ਪ੍ਰਤੀ ਵਰਗ ਗਜ ਕਰ ਦਿੱਤਾ ਗਿਆ (ਸਤੰਬਰ 2015) ਅਤੇ ਇਸਨੂੰ ₹ 333.79 ਕਰੋੜ ਦੇ ਕੁਲ ਰਾਖਵੇਂ ਮੁੱਲ ਤੇ ਮੁੜ ਨਿਲਾਮੀ ਲਈ ਰੱਖਿਆ ਗਿਆ ਸੀ (ਨਵੰਬਰ 2015)। ਨਿਲਾਮੀ ਵਿੱਚ ਇਕ ਬੋਲੀਕਾਰ ਵਲੋਂ ₹ 335.57 ਕਰੋੜ ਦੀ ਬੋਲੀ ਦਿੱਤੀ ਗਈ ਜਿਹੜੀ ਕਿ ਰਾਖਵੇਂ ਮੁੱਲ ਤੋਂ ₹ 1.78 ਕਰੋੜ ਵੱਧ ਸੀ ਪਰ ਗਲਾਡਾ ਨੇ ਇਸਨੂੰ ਸੈਂਟਰਲ ਵਿਜੀਲੈਂਸ ਕਮਿਸ਼ਨ (ਸੀ ਵੀ ਸੀ) ਦੇ ਦਿਸ਼ਾ ਨਿਰਦੇਸ਼ਾਂ ਦੇ ਅਧਾਰ ਤੇ ਇਕ ਹੀ ਬੋਲੀ ਹੋਣ ਕਾਰਣ ਰੱਦ ਕਰ ਦਿੱਤਾ। ਸਾਈਟ ਦੀ ਨਿਲਾਮੀ ਮੁੜ ਦਸੰਬਰ 2015 ਵਿੱਚ ਕੀਤੀ ਗਈ ਸੀ ਜਿਸਨੂੰ ਕੋਈ ਹੁੰਗਾਰਾ ਨਹੀਂ ਮਿਲਿਆ ਸੀ। ਨਵੰਬਰ 2020 ਤੱਕ ਸਾਈਟ ਅਣਵਿਕੀ ਹੀ ਪਈ ਸੀ।

ਸੀ ਏ, ਪੁੱਡਾ ਨੇ ਰਾਜ ਸਰਕਾਰ ਦੇ ਪੱਧਰ ਤੇ ਬੋਲੀ ਨੂੰ ਰੱਦ ਕਰਨ ਲਈ ਸੀ ਵੀ ਸੀ ਦਿਸ਼ਾ ਨਿਰਦੇਸ਼ਾਂ ਅਤੇ ਨਿਲਾਮੀ ਦੇ ਨਿਯਮ ਅਤੇ ਸ਼ਰਤਾਂ ਦਾ ਹਵਾਲਾ ਦਿੱਤਾ (ਜੁਲਾਈ 2020)। ਉੱਤਰ ਮੰਨਣਯੋਗ

ਨਹੀਂ ਸੀ ਕਿਉਂਕਿ ਇੱਕ ਪਾਸੇ ਤਾਂ ਜਿਵੇਂ ਕਿ ਪੈਰ੍ਹਾ 3.3.2.1 ਵਿੱਚ ਸੰਕੇਤ ਦਿੱਤਾ ਗਿਆ ਹੈ ਕਿ ਬੋਲੀਆਂ ਬਾਰ ਬਾਰ ਕਰਾਉਣ ਦੇ ਬਾਵਜੂਦ ਪੁੱਡਾ ਵੱਖ ਵੱਖ ਸਾਈਟਾਂ ਨੂੰ ਵੇਚ ਨਹੀਂ ਸਕਿਆ ਅਤੇ ਦੂਜੇ ਪਾਸੇ ਨਿਲਾਮੀ ਦੀ ਨੀਤੀ ਦੇ ਨਿਯਮ ਅਤੇ ਸ਼ਰਤਾਂ ਕਰਕੇ ਰਾਖਵੀਂ ਕੀਮਤ ਤੋਂ ਉੱਪਰ ਵਾਲੀ ਬੋਲੀ ਰੱਦ ਕਰ ਦਿੱਤੀ ਗਈ ਸੀ। ਇਸ ਲਈ ਅਜਿਹੇ ਨਿਯਮ ਅਤੇ ਸ਼ਰਤਾਂ ਨੂੰ ਪਾਉਣਾ ਓ ਯੂ ਵੀ ਜੀ ਐਲ ਸਕੀਮ ਦੀ ਅਸਲ ਭਾਵਨਾ ਦੇ ਵਿਰੁੱਧ ਸੀ। ਇਸ ਤੋਂ ਇਲਾਵਾ, ਸੀ ਵੀ ਸੀ ਦਿਸ਼ਾ ਨਿਰਦੇਸ਼ਾਂ ਵਿੱਚ ਉਸ ਕੇਸ ਵਿੱਚ ਅਲਾਟਮੈਂਟ ਕਰ ਦਿੱਤੇ ਜਾਣ ਦੀ ਵਿਵਸਥਾ ਹੈ ਜਿਥੇ ਵੱਖ ਵੱਖ ਮੌਕਿਆਂ ਤੇ ਬਾਰ ਬਾਰ ਕੀਤੀ ਨਿਲਾਮੀ ਗੈਰ ਨਿਰਣਾਇਕ ਰਹੀ ਹੋਵੇ।

ਇੰਜ, ਨਵੰਬਰ 2015 ਵਿੱਚ ਉਹ ਬੋਲੀ ਜੋ ਕਿ ਰਾਖਵੇਂ ਮੁੱਲ ਤੋਂ ₹ 1.78 ਕਰੋੜ ਜਿਆਦਾ ਸੀ, ਨੂੰ ਰੱਦ ਕਰਨ ਨਾਲ ਸਕੀਮ ₹ 335.57 ਕਰੋੜ ਹਾਸਲ ਕਰਨ ਤੋਂ ਵਾਂਝੇ ਰਹਿ ਗਈ ਅਤੇ ਸਾਈਟ ਅਣਵਿਕੀ ਰਹੀ (ਨਵੰਬਰ 2020)।

### *3.3.4.2 ਸ਼ਹਿਰੀ ਹੱਟ, ਅੰਮ੍ਰਿਤਸਰ*

#### *(ੳ) ਸ਼ਹਿਰੀ ਹੱਟ ਪ੍ਰੋਗਰਾਮ ਨੂੰ ਕਾਰਜਸ਼ੀਲ ਬਣਾਉਣ ਵਿੱਚ ਅਫਸਲਤਾ*

ਮੁੱਖ ਮੰਤਰੀ, ਪੰਜਾਬ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ (ਜੁਲਾਈ 2012) ਵਿੱਚ ਅੰਮ੍ਰਿਤਸਰ ਵਿਖੇ ਗੁਰੂ ਤੇਗ ਬਹਾਦੁਰ ਹਸਪਤਾਲ ਦੀ ਸਾਈਟ[15] ਦੀ ਪੁਰਾਣੀ ਇਮਾਰਤ ਵਿੱਚ ਇੱਕ ਸ਼ਹਿਰੀ ਹੱਟ ਸਥਾਪਤ ਕਰਨ ਦਾ ਫੈਸਲਾ ਲਿਆ ਗਿਆ ਸੀ। ਸ਼ਹਿਰੀ ਹੱਟ ਦਾ ਉਦੇਸ਼ ਵੱਡੇ ਕਸਬਿਆਂ/ਸ਼ਹਿਰਾਂ ਵਿੱਚ ਦਸਤਕਾਰੀ ਕਾਰੀਗਰਾਂ/ਹੈਂਡਲੂਮ ਵੀਵਰਜ਼ ਨੂੰ ਸਾਰਾ ਸਾਲ ਮੰਡੀਕਰਣ ਦੀਆਂ ਸਿੱਧੀਆਂ ਸਹੂਲਤਾਂ ਦੇਣ ਲਈ ਸਥਾਈ ਮੰਡੀਕਰਨ ਦਾ ਬੁਨਿਆਦੀ ਢਾਂਚਾ ਸਥਾਪਤ ਕਰਨਾ ਹੈ। ਪੁੱਡਾ ਅਤੇ ਇੰਡੀਅਨ ਨੈਸ਼ਨਲ ਟਰਸਟ ਫਾਰ ਆਰਟ ਐਂਡ ਕਲਚਰਲ ਹੈਰੀਟੇਜ (ਆਈ ਐਨ ਟੀ ਏ ਸੀ ਐਚ) ਨਵੀਂ ਦਿੱਲੀ ਵਿਚਕਾਰ ਇੱਕ ਮੈਮੋਰੰਡਮ ਆਫ ਅੰਡਰਸਟੇਡਿੰਗ (ਐਮ ਓ ਯੂ) ਸਹੀਬੱਧ ਕੀਤਾ ਗਿਆ ਸੀ (ਦਸੰਬਰ 2012)। ਆਈ ਐਨ ਟੀ ਏ ਸੀ ਐਚ ਨੇ ਵਿਸਥਾਰਤ ਪ੍ਰੋਜੈਕਟ ਰਿਪੋਰਟ ਤਿਆਰ ਕਰਨੀ ਸੀ ਅਤੇ ਸ਼ਹਿਰੀ ਹੱਟ ਸਕੀਮ ਅਧੀਨ ਭਾਰਤ ਸਰਕਾਰ ਤੋਂ ਮੈਚਿੰਗ ਵਿੱਤੀ ਗ੍ਰਾਂਟਾਂ/ਸਹਾਇਤਾ[16] ਪ੍ਰਾਪਤ ਕਰਨ ਚ ਪੁੱਡਾ ਦੀ ਮਦਦ ਕਰਨੀ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਮੁੱਖ ਪ੍ਰਸ਼ਾਸਕ, ਪੁੱਡਾ ਨੇ ₹ 7.63 ਕਰੋੜ ਦੀ ਪ੍ਰਸ਼ਾਸਨਿਕ ਪ੍ਰਵਾਨਗੀ ਦਿੱਤੀ (ਮਈ 2013) ਜਿਹੜੀ ਕਿ ਸੋਧ ਕੇ ₹ 9.07 ਕਰੋੜ ਕਰ ਦਿੱਤੀ ਗਈ ਸੀ (ਜੁਲਾਈ 2013)। ਸਤੰਬਰ 2014 ਤੱਕ ਮੁਕੰਮਲ ਹੋਣ ਲਈ ਤੈਅ ਕੀਤਾ ਇਹ ਪ੍ਰਾਜੈਕਟ ਅਸਲ ਵਿੱਚ ₹ 7.62 ਕਰੋੜ ਦੀ ਲਾਗਤ ਨਾਲ ਨਵੰਬਰ 2016 ਵਿੱਚ ਮੁਕੰਮਲ ਹੋਇਆ ਸੀ। ਡਰਾਇੰਗਜ਼, ਡਿਟੇਲਡ ਨੋਟਿਸ ਇਨਵਾਈਟਿੰਗ ਟੈਂਡਰ ਅਤੇ ਕੰਮਾਂ ਦੇ ਵਿਸਥਾਰਤ ਅਨੁਮਾਨ ਸਮੇਂ ਸਿਰ ਨਾ ਭੇਜਣ ਕਾਰਣ ਪ੍ਰੋਜੈਕਟ ਵਿੱਚ ਦੇਰੀ ਹੋਈ ਅਤੇ ਸਿੱਟੇ ਵੱਜੋਂ ਭਾਰਤ ਸਰਕਾਰ ਦੇ ਟੈਕਸਟਾਈਲਜ਼ ਮੰਤਰਾਲੇ ਤੋਂ ਕੇਂਦਰੀ ਸਹਾਇਤਾ ਪ੍ਰਾਪਤ ਨਹੀਂ ਹੋ ਸਕੀ ਸੀ।

---

15 ਇੱਕ ਪੁਰਾਤੱਤਵ ਢਾਂਚਾ।

16 ਸ਼ਹਿਰੀ ਹੱਟ ਦੀ ਹਰੇਕ ਇਕਾਈ ਲਈ ਵਿੱਤੀ ਸੀਮਾ ₹ 3 ਕਰੋੜ ਹੈ। ਮਿਲਣਯੋਗ ਰਾਸ਼ੀ ਦਾ 80 *ਪ੍ਰਤੀਸ਼ਤ* ਭਾਰਤ ਸਰਕਾਰ ਦੇ ਟੈਕਸਟਾਈਲਜ਼ ਮੰਤਰਾਲੇ ਦੇ ਡਿਵੈਲਪਮੈਂਟ ਕਮਿਸ਼ਨਰ ਦਸਤਕਾਰੀ,ਦੇ ਦਫਤਰ ਵੱਲੋਂ ਦਿੱਤਾ ਜਾਵੇਗਾ ਅਤੇ 20 *ਪ੍ਰਤੀਸ਼ਤ* ਯੋਗਦਾਨ ਲਾਗੂਕਰਤਾ ਏਜੰਸੀ ਦੁਆਰਾ ਕੀਤਾ ਜਾਵੇਗਾ।

ਸ਼ਹਿਰੀ ਹੱਟ ਦੇ ਉੱਨਤੀਕਰਣ ਲਈ ਇਸ ਸ਼ਹਿਰੀ ਹੱਟ ਨੂੰ ਕਾਰਜਸ਼ੀਲ ਬਣਾਉਣ ਲਈ ਸ਼ਹਿਰੀ ਹੱਟ ਪ੍ਰਬੰਧਨ ਸੁਸਾਇਟੀ (ਸੁਸਾਇਟੀ) ਰਜਿਸਟਰ ਕਰਾਈ ਗਈ ਸੀ (ਅਪ੍ਰੈਲ 2016)। ਇੱਕ ਵਿਰਾਸਤੀ ਮੇਲੇ ਉੱਤੇ ਭਾਰਤ ਦੇ ਸਾਰੇ ਰਾਜਾਂ ਤੋਂ ਕਾਰੀਗਰ, ਭਾਰਤ ਦੇ ਵੱਖ-ਵੱਖ ਰਾਜਾਂ ਅਤੇ ਵਿਦੇਸ਼ਾਂ ਤੋਂ ਫੂਡ ਸਟਾਲਾਂ ਆਦਿ ਦਾ ਪ੍ਰਬੰਧ ਕਰਨ ਲਈ ₹ 0.78 ਕਰੋੜ ਦਾ ਖਰਚਾ ਕੀਤਾ ਗਿਆ ਸੀ। ਸੁਸਾਇਟੀ ਨੇ ਬਿਡਜ਼ ਮੰਗਣ ਤੋਂ ਬਾਅਦ 10 ਵਿਕਰੇਤਾਵਾਂ ਨੂੰ ਲਾਈਵ ਕਿਚਨਜ਼ ਅਲਾਟ ਕੀਤੀਆਂ। ਇਨ੍ਹਾਂ ਵਿੱਚੋਂ, ਸਿਰਫ ਤਿੰਨ ਵਿਕਰੇਤਾਵਾਂ ਨੇ ਕੰਮ ਸ਼ੁਰੂ ਕੀਤਾ (ਦਸੰਬਰ 2016) ਅਤੇ ਉਨ੍ਹਾਂ ਨੂੰ ਵੀ ਘੱਟ ਲੋਕਾਂ ਦੇ ਪਹੁੰਚਣ ਕਾਰਣ ਕੰਮ ਬੰਦ ਕਰਨਾ ਪਿਆ, ਜਿਸਦਾ ਕਾਰਣ ਦਸਤਕਾਰੀ ਬਜਾਰ ਦੀ ਅਣਹੋਂਦ ਸੀ। ਇਸ ਤੋਂ ਬਾਅਦ ਸੁਸਾਇਟੀ ਨੇ ਸ਼ਹਿਰੀ ਹੱਟ ਨੂੰ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ (ਪੀ ਪੀ ਪੀ) ਮੋਡ ਤੇ ਅਲਾਟ ਕਰਨ ਦਾ ਫੈਸਲਾ ਕੀਤਾ (ਮਈ 2018)। ਇੰਜ, ਇਸ ਪ੍ਰੋਜੈਕਟ ਤੇ ₹ 8.40 ਕਰੋੜ ਖਰਚ ਕਰਨ ਦੇ ਬਾਵਜੂਦ ਸ਼ਹਿਰੀ ਹੱਟ ਨੂੰ ਕਾਰਜਸ਼ੀਲ ਨਹੀਂ ਬਣਾਇਆ ਜਾ ਸਕਿਆ ਜਿਸ ਕਾਰਣ ਦਸਤਕਾਰੀ ਕਾਰੀਗਰਾਂ/ਹੈਂਡਲੂਮ ਵੀਵਰਜ਼ ਨੂੰ ਮੰਡੀਕਰਣ ਦੀਆਂ ਸਿੱਧੀਆਂ ਸਹੂਲਤਾਂ (ਜਿਵੇਂ ਕਿ ਕਿਚਨ ਦੇ ਨਾਲ ਕਰਾਫਟ ਬਜਾਰ) ਦੇਣ ਦੇ ਸਕੀਮ ਦੇ ਉਦੇਸ਼ ਦੀ ਹਾਰ ਹੋਈ।

ਸੀ ਏ ਪੁੱਡਾ ਨੇ ਕਿਹਾ (ਜੁਲਾਈ 2020) ਕਿ ਇਸ ਪ੍ਰਜੈਕਟ ਲਈ ਗਠਨ ਕੀਤੀ ਗਈ ਕਮੇਟੀ[17] ਵਲੋਂ ਸਾਈਟ ਦੀ ਯੋਜਨਾਬੰਦੀ ਵਿੱਚ ਤਬਦੀਲੀ ਸਬੰਧੀ ਫੈਸਲੇ ਸਾਈਟ ਦੀ ਪ੍ਰਭਾਵਿਕ ਵਰਤੋਂ ਕਰਨ ਲਈ ਲਏ ਗਏ ਸਨ। ਕਮੇਟੀ ਨੇ ਪੂਰੇ ਵਿਚਾਰ ਵਟਾਂਦਰੇ ਤੋਂ ਬਾਅਦ ਨਵੰਬਰ 2018 ਵਿੱਚ ਪੀ ਪੀ ਪੀ ਮੋਡ ਰਾਹੀਂ ਇਮਾਰਤ ਦੀ ਪ੍ਰਭਾਵਿਕ ਵਰਤੋਂ ਸ਼ੁਰੂ ਕੀਤੀ ਸੀ। ਕੇਂਦਰੀ ਸਹਾਇਤਾ ਦਾ ਮਾਮਲਾ ਕੇਂਦਰ ਸਰਕਾਰ ਕੋਲ ਉਠਾਇਆ ਜਾਵੇਗਾ। ਪ੍ਰੰਤੂ, ਤੱਥ ਇਹ ਹੈ ਕਿ ਇਸ ਦੀ ਪ੍ਰਵਾਨਗੀ ਤੋਂ ਸੱਤ ਸਾਲਾਂ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਪ੍ਰੋਜੈਕਟ ਨੂੰ ਅਜੇ ਕਾਰਜਸ਼ੀਲ ਕਰਨਾ ਰਹਿੰਦਾ ਹੈ।

*(ਅ) ਹਰਜਾਨਾ ਚਾਰਜਿਜ਼ ਨਾ ਲਾਉਣਾ*

ਲਾਈਵ ਕਿਚਨ ਦੀ ਅਸਫਲਤਾ ਤੋਂ ਬਾਅਦ, ਸੁਸਾਇਟੀ ਨੇ ਪੀ ਪੀ ਪੀ ਮੋਡ ਤੇ ₹ 0.81 ਕਰੋੜ ਦੀ ਸਾਲਾਨਾ ਕਨਸੈਸ਼ਨ ਫੀਸ ਜਿਹੜੀ ਕਿ ਪਿਛਲੀ ਰਾਸ਼ੀ ਨਾਲੋਂ ਹਰ ਸਾਲ 5 *ਪ੍ਰਤੀਸ਼ਤ* ਦੇ ਹਿਸਾਬ ਨਾਲ ਵਧਣੀ ਸੀ, ਨਾਲ ਸ਼ਹਿਰੀ ਹੱਟ ਦੇ ਨਵੀਨੀਕਰਣ, ਸੰਚਾਲਨ ਅਤੇ ਰੱਖ-ਰਖਾਵ ਲਈ 30 ਸਾਲ ਦੇ ਕਨਸੈਸ਼ਨ ਸਮੇਂ ਲਈ, ਇਕ ਕਨਸੈਸ਼ਨ ਇਕਰਾਰਨਾਮਾ ਕੀਤਾ (ਨਵੰਬਰ 2018)। ਕੰਸੈਸ਼ਨੇਅਰ ਨੇ ਇਕਰਾਰਨਾਮੇ ਦੀ ਮਿਤੀ ਤੋਂ 150 ਦਿਨਾਂ ਦੇ ਅੰਦਰ ਅੰਦਰ ਵਿੱਤੀ ਕਲੋਜ਼ਰ ਪ੍ਰਾਪਤ ਕਰਨਾ ਸੀ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਕੰਸੈਸ਼ਨੇਅਰ ਅਥਾਰਟੀ ਨੂੰ ₹ ਇੱਕ ਕਰੋੜ ਦੀ ਪਰਫੋਰਮੈਂਸ ਸਕਿਊਰਿਟੀ ਉੱਤੇ ਪ੍ਰਤੀ ਦਿਨ 0.05 *ਪ੍ਰਤੀਸ਼ਤ* ਦੀ ਦਰ ਨਾਲ ਹਰਜਾਨੇ ਦੀ ਰਾਸ਼ੀ ਦੀ ਅਦਾਇਗੀ ਕਰਨ ਦੀ ਸ਼ਰਤ ਤੇ ਵੱਧ ਤੋਂ ਵੱਧ 30 ਦਿਨਾਂ ਤੱਕ ਦੇ ਹੋਰ ਸਮੇ ਦਾ ਹੱਕਦਾਰ ਹੋਵੇਗਾ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਕਿਉਂਜੋ ਕਨਸੈਸ਼ਨੇਅਰ ਤੈਅ ਸ਼ੁਦਾ ਮਿਤੀ (10 ਅਪ੍ਰੈਲ 2019) ਤੱਕ ਵਿੱਤੀ ਕਲੋਜ਼ਰ ਪ੍ਰਾਪਤ ਕਰਨ ਚ ਅਸਫਲ ਰਿਹਾ, ਮੁੱਖ ਪ੍ਰਸ਼ਾਸਕ, ਏ ਡੀ ਏ ਨੇ ਕਨਸੈਸ਼ਨ ਇਕਰਾਰਨਾਮੇ ਦੇ ਉਪਬੰਧਾਂ ਦੀ ਉਲੰਘਣਾ ਵਿੱਚ ਕੰਸੈਸ਼ਨੇਅਰ ਨੂੰ ਵੱਧ ਤੋਂ ਵੱਧ 30 ਦਿਨਾਂ ਦੇ ਪ੍ਰਵਾਨਿਤ ਵਾਧੇ ਦੇ ਵਿਰੁੱਧ 31 ਅਕਤੂਬਰ 2019 ਤੱਕ (ਭਾਵ 204 ਦਿਨ) ਦਾ ਵਾਧਾ ਦੇ ਦਿੱਤਾ

[17] (i) ਮੁੱਖ ਸਕੱਤਰ, ਸਭਿਆਚਰਕ ਮਾਮਲੇ ਵਿਭਾਗ; (ii) ਮੁੱਖ ਸਕੱਤਰ, ਸੈਰ ਸਪਾਟਾ ਵਿਭਾਗ; (iii) ਸਕੱਤਰ, ਮਕਾਨ ਉਸਾਰੀ ਅਤੇ ਸ਼ਹਿਰੀ ਯੋਜਨਾਬੰਦੀ ਵਿਭਾਗ; (iv) ਮਨੇਜਿੰਗ ਡਾਇਰੈਕਟਰ, ਪੀ ਆਈ ਡੀ ਬੀ; (v) ਡਿਪਟੀ ਕਮਿਸ਼ਨਰ, ਅਮ੍ਰਿਤਸਰ; (vi) ਕਮਿਸ਼ਨਰ, ਮਿਊਂਸਪਲ ਕਾਰਪੋਰੇਸ਼ਨ, ਅੰਮ੍ਰਿਤਸਰ; ਅਤੇ (vii) ਮੁੱਖ ਪ੍ਰਸ਼ਾਸ਼ਕ, ਪੁੱਡਾ।

(ਜੁਲਾਈ 2019) ਅਤੇ ਉਹ ਵੀ ₹ 10.20 ਲੱਖ[18] ਦੇ ਬਣਦੇ ਹਰਜਾਨਾ ਚਾਰਜਿਜ਼ ਲਾਉਣ ਤੋਂ ਬਗੈਰ। ਇਸ ਤੋਂ ਇਲਾਵਾ ਇਹ ਪ੍ਰੋਜੈਕਟ ਗੈਰ-ਕਾਰਜਸ਼ੀਲ ਵੀ ਰਿਹਾ (ਅਕਤੂਬਰ 2019) ।

ਸੀ ਏ ਪੁੱਡਾ ਨੇ ਕਿਹਾ (ਜੁਲਾਈ 2020) ਕਿ ਨਵਿਆਉਣ ਸਮੇਂ ਲਈ ਸਮਾਂ ਵਾਧਾ, ਕੰਸ਼ੈਸ਼ਨੇਅਰ ਵੱਲੋਂ ਸਾਈਟ ਦੇ ਹਾਲਾਤਾਂ ਅਤੇ ਦੱਸੀਆ ਸਮੱਸਿਆਵਾਂ ਦੇ ਮੱਦੇਨਜਰ ਇਕਰਾਰਨਾਮੇ ਦੀ ਕਲਾਜ 11.2 ਅਧੀਨ ਕੀਤੇ ਗਏ ਉਪਬੰਧਾਂ ਦੇ ਅਨੁਸਾਰ ਪ੍ਰਦਾਨ ਕੀਤਾ ਗਿਆ ਸੀ। ਸੀ ਏ ਦਾ ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਇਸਨੇ ਇਕਰਾਰਨਾਮੇ ਦੇ ਅਨੁਛੇਦ 17.1 ਅਨੁਸਾਰ ਹਰਜਾਨਾ ਚਾਰਜਿਜ਼ ਨਾ ਲਗਾਏ ਜਾਣ ਬਾਰੇ ਸਪਸ਼ਟ ਨਹੀਂ ਕੀਤਾ।

### *(ੲ) ਕਨਸੈਸ਼ਨ ਇਕਰਾਰਨਾਮੇ ਤੇ ਸਟੈਂਪ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਨਾ ਲਾਉਣਾ*

ਰਜਿਸਟ੍ਰੇਸ਼ਨ ਐਕਟ, 1908 ਦਾ ਭਾਗ 17(1)(ਡੀ) ਇਹ ਵਿਵਸਥਾ ਕਰਦਾ ਹੈ ਕਿ ਅਚੱਲ ਸੰਪਤੀ ਦੇ ਸਾਲ ਦਰ ਸਾਲ ਜਾਂ ਇਕ ਸਾਲ ਤੋਂ ਵੱਧ ਦੇ ਕਿਸੇ ਸਮੇ ਦੀ ਮਿਆਦ ਲਈ ਜਾਂ ਸਾਲਾਨਾ ਕਿਰਾਇਆ ਸੁਰੱਖਿਅਤ ਰੱਖਣ ਵਾਲੇ ਪੱਟੇ ਰਜਿਸਟਰਿੰਗ ਅਥਾਰਟੀ ਕੋਲ ਰਜਿਸਟਰ ਕਰਾਉਣੇ ਹੁੰਦੇ ਹਨ। ਭਾਰਤੀ ਸਟੈਂਪ ਐਕਟ, 1899 ਦੀ ਅਨੁਸੂਚੀ 1ਏ ਤੈਅ ਕਰਦੀ ਹੈ ਕਿ ਸਾਲਾਨਾ ਔਸਤ ਸੁਰੱਖਿਅਤ ਕੀਤੇ ਕਿਰਾਏ ਨੂੰ ਤਿੰਨ ਗੁਣਾ ਵਧਾਉਣ ਤੋਂ ਬਾਅਦ ਲੀਜ਼ ਡੀਡ ਦੀ ਕੀਮਤ ਨਿਰਧਾਰਤ ਕਰ ਕੇ ਤਿੰਨ *ਪ੍ਰਤੀਸ਼ਤ* ਦੇ ਹਿਸਾਬ ਨਾਲ ਸਟੈਂਪ ਡਿਊਟੀ ਲਾਈ ਜਾਣੀ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਕੰਸੈਸ਼ਨੇਅਰ ਨਾਲ ਕੀਤੇ ਕਨਸੈਸ਼ਨ ਇਕਰਾਰਨਾਮੇ ਨੂੰ ਸਬੰਧਤ ਰਜਿਸਟ੍ਰੇਸ਼ਨ ਅਥਾਰਟੀ ਕੋਲ ਰਜਿਸਟਰ ਨਹੀਂ ਕਰਾਇਆ ਗਿਆ ਸੀ ਜਿਸ ਦੇ ਸਿੱਟੇ ਵਜੋਂ, ਰਾਜ ਦੇ ਖਜਾਨੇ ਨੂੰ ਸਟੈਂਪ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਨਾ ਲਾਉਣ ਕਾਰਣ ₹ 21.53 ਲੱਖ ਦੀ ਰਾਸ਼ੀ ਦਾ ਨੁਕਸਾਨ ਹੋਇਆ।

ਸੀ ਏ ਪੁੱਡਾ ਨੇ ਤੱਥਾਂ ਨੂੰ ਮੰਨਦੇ ਹੋਏ ਕਿਹਾ (ਜੁਲਾਈ 2020) ਕਿ ਭਵਿੱਖ ਵਿੱਚ ਇਕਰਾਰਨਾਮੇ ਰਜਿਸਟਰਡ ਕਰਵਾਏ ਜਾਣਗੇ।

### *3.3.4.3 ਟਾਲਣਯੋਗ ਭੁਗਤਾਨ*

ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਕੰਮ ਮੁਕੰਮਲ ਹੋਣ ਵਿੱਚ ਦੇਰੀ ਕਾਰਣ ਟਾਲਣਯੋਗ ਭੁਗਤਾਨ ਦੇ ਹੇਠਾਂ ਲਿਖੇ ਮਾਮਲੇ ਸਾਹਮਣੇ ਆਏ:

ਮੁੱਖ ਪ੍ਰਸ਼ਾਸਕ, ਪੁੱਡਾ ਨੇ ਜਲੰਧਰ ਵਿਖੇ ਪੁਰਾਣੀ ਜੇਲ੍ਹ ਦੀ ਸਾਈਟ ਦਾ ਵਿਕਾਸ ਕਰਨ ਲਈ ₹ 7.07 ਕਰੋੜ ਦੀ ਪ੍ਰਸ਼ਾਸਨਿਕ ਮੰਜ਼ੂਰੀ ਦਿਤੀ (ਮਈ 2016) ਜਿਸ ਵਿੱਚ ਸੀਵਰੇਜ ਕਨੈਕਸ਼ਨ ਲਈ ਨਗਰ ਨਿਗਮ ਨੂੰ ਅਦਾਇਗੀਯੋਗ ₹ 1.57 ਕਰੋੜ ਵੀ ਸ਼ਾਮਲ ਸਨ। ਜੇਕਰ 2016-17 ਦੌਰਾਨ ਅਦਾਇਗੀ ਨਹੀ ਕੀਤੀ ਜਾਂਦੀ ਤਾਂ ਸੀਵਰੇਜ ਕੁਨੈਕਸ਼ਨ ਦੀ ਲਾਗਤ 10 *ਪ੍ਰਤੀਸ਼ਤ* ਤੱਕ ਵਧਾਈ ਜਾਣੀ ਸੀ।

ਡਿਵੀਜ਼ਨਲ ਇੰਜੀਨੀਅਰ (ਸਿਵਲ), ਜੇ ਡੀ ਏ (ਡੀ ਈ) ਨੇ ਠੇਕੇਦਾਰ ਨੂੰ ਸਾਈਟ ਵਿਖੇ ਵਿਕਾਸ ਕਾਰਜਾਂ ਦਾ ਕੰਮ ₹ 3.91 ਕਰੋੜ ਦੀ ਲਾਗਤ ਨਾਲ ਛੇ ਮਹੀਨੇ ਦੇ ਅੰਦਰ ਭਾਵ ਫਰਵਰੀ 2017 ਤੱਕ ਮੁਕੰਮਲ ਕਰਨ ਲਈ ਅਲਾਟ ਕੀਤਾ (ਅਗਸਤ 2016)। ਪ੍ਰੰਤੂ ਜੇ ਡੀ ਏ ਵਲੋਂ ਕਲੀਅਰ

---

[18] ਹਰ ਦਿਨ ਦੀ ਦੇਰੀ ਲਈ ₹ ਇੱਕ ਕਰੋੜ ਦੀ ਪਰਫੋਰਮੈਂਸ ਸਿਕਿਉਰਿਟੀ ਤੇ 0.05 *ਪ੍ਰਤੀਸ਼ਤ* ਦੀ ਦਰ ਨਾਲ 204 ਦਿਨਾਂ ਲਈ ਆਂਕਣਾ ਕੀਤੀ ਗਈ ।

ਸਾਈਟ ਮੁਹੱਈਆ ਨਾ ਕਰਾਉਣ ਕਾਰਣ ਕੰਮ ਮਾਰਚ 2018 ਵਿੱਚ ਮੁਕੰਮਲ ਹੋਇਆ ਸੀ। ਦੇਰੀ ਦੇ ਨਤੀਜੇ ਵਜੋਂ ਜੇ ਡੀ ਏ ਵੱਲੋਂ ਨਗਰ ਨਿਗਮ ਜਲੰਧਰ ਨੂੰ ਸੀਵਰੇਜ ਕਨੈਕਸ਼ਨ ਦੀ ਲਾਗਤ ਵਜੋਂ ₹ 1.57 ਕਰੋੜ ਦੀ ਬਜਾਏ ₹ 1.73 ਕਰੋੜ ਦੇਣੇ ਪਏ ਜਿਸ ਕਰਕੇ ₹ 0.16 ਕਰੋੜ ਦਾ ਟਾਲਣਯੋਗ ਭੁਗਤਾਨ ਹੋਇਆ।

ਸੀ ਏ, ਪੁੱਡਾ ਨੇ ਇਨ੍ਹਾਂ ਤੱਥਾਂ ਨੂੰ ਮੰਨਿਆ (ਜੁਲਾਈ 2020)।

### *3.3.4.4 ਕਨਵੇਂਸ ਡੀਡ ਨਾ ਕਰਵਾਉਣਾ*

ਰਿਹਾਇਸ਼ੀ/ ਕਮਰਸ਼ੀਅਲ ਸਾਈਟਾਂ ਦੀ ਅਲਾਟਮੈਂਟ ਲਈ ਅਲਾਟਮੈਂਟ ਪੱਤਰ ਦੀ ਸ਼ਰਤ 5(iii) ਅਨੁਸਾਰ ਪੂਰੀ ਅਦਾਇਗੀਯੋਗ ਰਕਮ ਦੇ ਭੁਗਤਾਨ ਕਰਨ ਦੇ 90 ਦਿਨਾਂ ਦੇ ਅੰਦਰ ਅੰਦਰ ਅਲਾਟੀ ਵਲੋਂ ਕਨਵੇਂਸ ਡੀਡ ਕਰਵਾਈ ਜਾਵੇਗੀ। ਰਜਿਸਟਰੇਸ਼ਨ ਅਤੇ ਕਨਵੈਂਸ ਡੀਡ ਦਾ ਖਰਚਾ ਅਲਾਟੀ ਦੁਆਰਾ ਕੀਤਾ ਜਾਣਾ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ (ਮਈ 2019) ਕਿ 26 ਅਲਾਟੀਆਂ (***ਅੰਤਿਕਾ 1.6***) ਨੇ ਸਾਰੀਆਂ ਛੇ ਵਿਕਾਸ ਅਥਾਰਟੀਆਂ ਵਲੋਂ ਅਲਾਟ ਕੀਤੀਆਂ ਗਈਆਂ ਸਾਈਟਾਂ ਲਈ ਸਾਰੀ ਅਦਾਇਗੀਯੋਗ ਰਕਮ ਜਮ੍ਹਾਂ ਕਰਵਾ ਦਿੱਤੀ (ਮਈ 2013 ਅਤੇ ਜੁਲਾਈ 2019 ਵਿਚਕਾਰ) ਪ੍ਰੰਤੂ ਦਸੰਬਰ 2019 ਤੱਕ ਉਨ੍ਹਾਂ ਵਲੋਂ ਕਨਵੇਂਸ ਡੀਡਜ਼ ਨਹੀਂ ਕਰਵਾਈਆਂ ਗਈਆਂ ਸਨ। ਇਸ ਦੇ ਨਤੀਜੇ ਵਜੋਂ ₹ 1.11 ਕਰੋੜ[19] ਦਾ ਸਰਕਾਰੀ ਮਾਲੀਆ ਪ੍ਰਾਪਤ ਨਹੀ ਕੀਤਾ ਜਾ ਸਕਿਆ।

ਸੀ ਏ, ਪੁੱਡਾ ਨੇ ਕਿਹਾ (ਜੁਲਾਈ 2020) ਕਿ ਕਨਵੇਂਸ ਡੀਡ ਕਰਾਉਣ ਦੀ ਜਿੰਮੇਵਾਰੀ ਅਲਾਟੀ ਦੀ ਸੀ। ਸਰਕਾਰ ਦੇ ਹਿੱਤ ਨੂੰ ਸੁਰੱਖਿਅਤ ਰੱਖਣ ਲਈ, ਅਥਾਰਟੀਆਂ ਵਲੋਂ ਅੰਤਿਮ ਅਦਾਇਗੀ ਜਾਂ ਅੰਤਿਮ ਅਦਾਇਗੀ ਦਾ ਸ਼ਡਿਊਲ ਜੋ ਵੀ ਪਹਿਲਾਂ ਹੋਇਆ ਹੋਵੇ, ਤੋਂ 90 ਦਿਨਾਂ ਬਾਅਦ ਅਲਾਟਮੈਂਟ ਪੱਤਰ ਟਰਾਂਸਫਰ ਕਰਨ ਦੀ ਆਗਿਆ ਨਹੀਂ ਦਿੱਤੀ ਗਈ ਸੀ। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਲੇਖਾ ਪ੍ਰੀਖਿਆ ਅਜਿਹੇ ਮਾਮਲੇ ਧਿਆਨ ਵਿੱਚ ਲਿਆ ਚੁੱਕਿਆ ਸੀ ਜਿਥੇ ਕਿ ਅਲਾਟੀਆਂ ਵੱਲੋਂ ਮਈ 2013 ਅਤੇ ਜੁਲਾਈ 2019 ਦੇ ਵਿਚਕਾਰ ਅੰਤਮ ਅਦਾਇਗੀਆਂ ਕਰ ਦਿੱਤੀਆਂ ਗਈਆਂ ਸਨ ਪ੍ਰੰਤੂ ਵਿਭਾਗ ਕਨਵੇਂਸ ਡੀਡਜ਼ ਕਰਵਾਏ ਜਾਣ ਨੂੰ ਯਕੀਨੀ ਬਣਾਏ ਬਗੈਰ ਪਹਿਲਾਂ ਹੀ ਨੋ ਡਿਊ ਸਰਟੀਫੀਕੇਟ (ਐਨ ਡੀ ਸੀ) ਜਾਰੀ ਕਰ ਚੁੱਕਿਆ ਸੀ।

### *3.3.4.5 ਚੇਂਜ ਆਫ ਲੈਂਡ ਯੂਜ਼ਰ ਚਾਰਜਿਜ਼ ਅਤੇ ਲਾਈਸੈਂਸ ਫੀਸ ਜਮ੍ਹਾਂ ਨਾ ਕਰਾਉਣਾ*

ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ ਸਰਕਾਰ ਨੇ ਫੈਸਲਾ ਕੀਤਾ (ਅਕਤੂਬਰ 2012) ਕਿ ਇਸ ਵਿਭਾਗ ਅਧੀਨ ਕੰਮ ਕਰ ਰਹੀਆਂ ਸਾਰੀਆਂ ਵਿਕਾਸ ਅਥਾਰਟੀਆਂ ਪ੍ਰੋਜੈਕਟਾਂ/ਕਲੋਨੀਆਂ ਦੇ ਵਿਕਾਸ ਲਈ ਪ੍ਰਾਈਵੇਟ ਪ੍ਰੋਮੋਟਰਾਂ/ਕਲੋਨਾਈਜ਼ਰਾਂ ਦੇ ਬਰਾਬਰ ਦੇ 'ਚੇਂਜ ਆਫ ਲੈਂਡ ਯੂਜ਼' (ਸੀ ਐਲ ਯੂ) ਚਾਰਜਿਜ਼ ਖਜਾਨੇ ਵਿੱਚ ਜਮ੍ਹਾਂ ਕਰਵਾਉਣਗੀਆਂ।

ਲੇਖਾ ਪ੍ਰੀਖਿਆ ਨੇ ਵੇਖਿਆ (ਮਈ 2019) ਕਿ ਈ ਸੀ ਨੇ ਯੂਨੀਵਰਸਿਟੀ ਸੀਡ ਫਾਰਮ[20] ਨਾਭਾ ਅਤੇ ਓਪਨ ਜੇਲ੍ਹ, ਨਾਭਾ ਵਿਚਕਾਰ 21.99 ਏਕੜ ਜਮੀਨ ਦੇ ਵਟਾਂਦਰੇ ਨੂੰ ਮੰਜੂਰੀ ਦਿੱਤੀ (ਜੂਨ 2013)।

---

19 ਸਟੈਂਪ ਡਿਊਟੀ (ਛੇ *ਪ੍ਰਤੀਸ਼ਤ* ਦੀ ਦਰ ਨਾਲ)– ₹ 0.83 ਕਰੋੜ; ਰਜਿਸਟ੍ਰੇਸ਼ਨ ਫੀਸ (ਦੋ *ਪ੍ਰਤੀਸ਼ਤ* ਦੀ ਦਰ ਨਾਲ)– ₹ 0.28 ਕਰੋੜ।

20 ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਅਧਿਕਾਰ ਖੇਤਰ ਅਧੀਨ।

ਕਿਉਂਕਿ ਸੀਡ ਫਾਰਮ ਤੋਂ ਜੇਲ੍ਹ ਵਿਭਾਗ ਨੂੰ ਟਰਾਂਸਫਰ ਕੀਤੀ ਜਮੀਨ ਨੂੰ ਪੁੱਡਾ ਵਲੋਂ ਓ ਯੂ ਵੀ ਜੀ ਐਲ ਸਕੀਮ ਅਧੀਨ ਹਾਊਸਿੰਗ ਅਸਟੇਟ ਦੇ ਤੌਰ ਤੇ ਵਿਕਸਤ ਕੀਤਾ ਜਾਣਾ ਸੀ, ਇਸ ਲਈ ₹ 16.93 ਲੱਖ[21] ਦੇ ਸੀ ਐਲ ਯੂ ਚਾਰਜਿਜ਼ ਅਤੇ ₹ 9.90 ਲੱਖ[22] ਦੀ ਲਾਈਸੈਂਸ ਫੀਸ ਅਦਾਇਗੀਯੋਗ ਸੀ। ਪ੍ਰੰਤੂ, ਇਹ ਖਜਾਨੇ ਵਿੱਚ ਜਮ੍ਹਾਂ ਨਹੀਂ ਕਰਾਈ ਗਈ ਸੀ।

ਸੀ ਏ ਪੁੱਡਾ ਨੇ ਕਿਹਾ (ਜੁਲਾਈ 2020) ਕਿ ਇਸ ਸਕੀਮ ਅਧੀਨ ਪੁੱਡਾ ਕੋਲ ਰੱਖੀਆਂ ਜਾਇਦਾਦਾਂ ਤੋਂ ਪ੍ਰਾਪਤੀਆਂ ਅਤੇ ਖਰਚਾ ਸਰਕਾਰ ਦੀ ਤਰਫੋਂ ਕੀਤਾ ਗਿਆ ਸੀ। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਇਸ ਸਾਈਟ ਲਈ ਸਰਕਾਰ ਨੂੰ ਅਦਾਇਗੀਯੋਗ ਸੀ ਐਲ ਯੂ ਦੇ ਚਾਰਜਿਜ਼ ਨੂੰ ਸਕੀਮ ਦੀਆਂ ਲੇਖਾ ਪੁਸਤਕਾਵਾਂ ਵਿੱਚ ਲੇਖਾਬੱਧ ਨਹੀਂ ਕੀਤਾ ਗਿਆ ਸੀ। ਇਸ ਦੇ ਇਲਾਵਾ, ਇਹ ਰਾਜ ਦਾ ਰੈਵਨਿਊ ਹੋਣ ਦੇ ਨਾਤੇ, ਇਸ ਨੂੰ ਤੁਰੰਤ ਸਰਕਾਰੀ ਲੇਖੇ ਵਿੱਚ ਜਮ੍ਹਾਂ ਕਰਾਉਣਾ ਲੋੜੀਂਦਾ ਸੀ।

## 3.3.5 ਅੰਦਰੂਨੀ ਲੇਖਾ ਪ੍ਰੀਖਿਆ ਅਤੇ ਮਾਨੀਟਰਿੰਗ

### *(i) ਸਕੀਮ ਦੀ ਅੰਦਰੂਨੀ ਲੇਖਾ ਪ੍ਰੀਖਿਆ*

ਪੰਜਾਬ ਸ਼ਹਿਰੀ ਵਿਕਾਸ ਅਥਾਰਟੀ ਕੋਲ ਇਸ ਸਕੀਮ ਦੀ ਅੰਦਰੂਨੀ ਲੇਖਾ ਪ੍ਰੀਖਿਆ ਕਰਨ ਦਾ ਕੋਈ ਵੀ ਸਿਸਟਮ ਨਹੀ ਸੀ। ਜਦੋਂਕਿ, ਮੁੱਖ ਪ੍ਰਸ਼ਾਸਕ, ਪੁੱਡਾ ਨੇ ਓ ਯੂ ਵੀ ਜੀ ਐਲ ਸਕੀਮ ਅਧੀਨ 2012-2016 ਦੌਰਾਨ ਮੁਕੰਮਲ ਹੋਏ ਅਤੇ ਚਲ ਰਹੇ/ ਭਵਿੱਖ ਦੇ ਪ੍ਰਾਜੈਕਟਾਂ ਲਈ, ਮੁਕੰਮਲ ਹੋਏ ਪ੍ਰਾਜੈਕਟਾਂ ਦੀ ਲਾਗਤ ਦੀ 0.40 *ਪ੍ਰਤੀਸ਼ਤ* ਅਤੇ ਚਲ ਰਹੇ ਅਤੇ ਭਵਿੱਖ ਦੇ ਪ੍ਰਾਜੈਕਟਾਂ ਦੇ 0.80 *ਪ੍ਰਤੀਸ਼ਤ* ਦੀ ਪ੍ਰਵਾਨਤ ਦਰ ਨਾਲ, ਤੀਜੀ ਧਿਰ ਟੈਕਨੋ-ਫਾਈਨਾਂਸ਼ਿਅਲ ਆਡਿਟ ਦਾ ਸੰਚਾਲਨ ਕਰਨ ਲਈ ਮੈਸਰਜ਼ ਡਬਲਿਊ ਏ ਪੀ ਸੀ ਓ ਐਸ ਲਿਮਿਟਿਡ[23] ਨਾਲ ਇੱਕ ਇਕਰਾਰਨਾਮਾ ਕੀਤਾ (ਸਤੰਬਰ 2016)। ਇਹ ਇਕਰਾਰਨਾਮਾ ਸ਼ੁਰੂ ਵਿੱਚ ਤਿੰਨ ਸਾਲਾਂ ਲਈ ਪ੍ਰਭਾਵੀ ਸੀ ਜੋਕਿ ਬਾਅਦ ਵਿੱਚ ਦੋਹਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਹੋਰ ਦੋ ਸਾਲਾਂ ਲਈ ਵਧਾਇਆ ਜਾ ਸਕਦਾ ਸੀ।

ਡਿਵਿਜ਼ਨਲ ਇੰਜੀਨਿਅਰ (ਹੈਡਕਆਟਰ) ਪੁੱਡਾ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ ਕੰਪਨੀ ਨੂੰ ਲੋਕ ਨਿਰਮਾਣ ਵਿਭਾਗ (ਭਵਨ ਅਤੇ ਸੜ੍ਹਕਾਂ ਸ਼ਾਖਾ), ਪੰਜਾਬ ਮੰਡੀ ਬੋਰਡ, ਪੰਚਾਇਤੀ ਰਾਜ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਅਤੇ ਪੁੱਡਾ ਵਲੋਂ ਕਰਵਾਏ ਵਿਕਾਸ ਕੰਮਾਂ ਦਾ ਟੈਕਨੋ ਫਾਈਨਾਂਸ਼ਿਅਲ ਆਡਿਟ ਕਰਨ ਤੋਂ ਬਾਅਦ ਇਸ ਵਲੋਂ ਪੇਸ਼ ਕੀਤੀ ਰਿਪੋਰਟ ਦੇ ਅਧਾਰ ਤੇ ₹ 6.93 ਕਰੋੜ ਦੀ ਅਦਾਇਗੀ ਕੀਤੀ ਗਈ ਸੀ (ਮਾਰਚ 2019)। ਏਜੰਸੀ ਵਲੋਂ ਪੇਸ਼ ਕੀਤੀ ਅੰਤਿਮ ਰਿਪੋਰਟ ਦੇ ਵਿਸ਼ਲੇਸ਼ਣ ਨੇ ਦਰਸਾਇਆ ਕਿ ਉਸਨੇ 2016-18 ਦੌਰਾਨ ₹ 1,247.94 ਕਰੋੜ ਦੇ ਮੁੱਲ ਦੇ 24 ਮੁਕੰਮਲ ਹੋ ਚੁੱਕੇ ਕੰਮਾਂ ਅਤੇ ਪੰਜ ਚਲ ਰਹੇ ਕੰਮਾਂ ਦੇ ਸਬੰਧ ਵਿੱਚ ਮਾੜੀ ਕਾਰੀਗਰੀ, ਕੰਮ ਵਿੱਚ ਨੁਕਸ, ਇਕਰਾਰਨਾਮੇ ਦੀ ਧਾਰਾ ਦੀ ਪਾਲਣਾ ਨਾ ਕਰਨ,

---

21 ਮਿਤੀ ਸਤੰਬਰ 2007 ਦੀ ਨੋਟੀਫੀਕੇਸ਼ਨ ਅਨੁਸਾਰ ₹ 0.77 ਲੱਖ ਪ੍ਰਤੀ ਏਕੜ ਦੀ ਦਰ ਨਾਲ।

22 ਮਿਤੀ ਸਤੰਬਰ 2007 ਦੀ ਨੋਟੀਫੀਕੇਸ਼ਨ ਅਨੁਸਾਰ ₹ 0.45 ਲੱਖ ਪ੍ਰਤੀ ਏਕੜ ਦੀ ਦਰ ਨਾਲ।

23 ਕੇਂਦਰ ਦੇ ਜਲ ਸਰੋਤ, ਨਦੀ ਵਿਕਾਸ ਅਤੇ ਗੰਗਾ ਨਵੀਨੀਕਰਣ ਮੰਤਰਾਲੇ ਦੀ ਸਰਪਰਸਤੀ ਹੇਠ ਇੱਕ ਜਨਤਕ ਖੇਤਰ ਐਂਟਰਪ੍ਰਾਈਜ਼ ਜਿਸ ਕੋਲ ਕੰਸਲਟੈਂਸੀ, ਅਤੇ ਇੰਜਨੀਰਿੰਗ, ਖਰੀਦ ਤੇ ਉਸਾਰੀ ਪ੍ਰੋਜੈਕਟਾਂ ਤੇ ਕੰਮ ਕਰਨ ਦਾ ਲੋੜੀਂਦਾ ਤਜਰਬਾ ਅਤੇ ਮੁਹਾਰਤ ਹੈ।

ਠੇਕੇਦਾਰਾਂ ਨੂੰ ਅਣਉਚਿੱਤ ਲਾਭ ਦੇਣ, ਨਾਕਾਫੀ ਬੀਮਾ ਕਵਰ ਦੀ ਵਸੂਲੀ, ਪ੍ਰਗਤੀ ਹਾਸਲ ਨਾ ਕਰਨ, ਪਰਫਾਰਮੈਂਸ ਬੈਂਕ ਗਰੰਟੀ ਦੇਣ ਵਿੱਚ ਨਿਰੰਤਰ ਦੇਰੀ ਆਦਿ ਨਾਲ ਸਬੰਧਤ ₹ 24.31 ਕਰੋੜ[24] ਦੀ ਵਸੂਲੀ ਧਿਆਨ ਵਿੱਚ ਲਿਆਂਦੀ ਸੀ। ਡਬਲਿਊ ਏ ਪੀ ਸੀ ਓ ਐਸ ਵੱਲੋਂ ਧਿਆਨ ਵਿੱਚ ਲਿਆਂਦੀ ਗਈ ਇਹ ਵਸੂਲੀ ਠੇਕੇਦਾਰੀ ਏਜੰਸੀਆਂ ਤੋਂ ਕੀਤੀ ਗਈ ਸੀ। ਇਸ ਤਰ੍ਹਾਂ, ਟੈਕਨੋ ਫਾਈਨਾਂਸ਼ਿਅਲ ਆਡਿਟ ਨੇ ਨਾ ਕੇਵਲ ਕੰਮਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਅਤੇ ਇਕਰਾਰਨਾਮੇ ਦੀਆਂ ਸ਼ਰਤਾਂ ਦੀ ਪਾਲਣਾ ਕਰਨ ਵਿੱਚ ਸਹਾਇਤਾ ਕਰਨਾ ਸੀ ਸਗੋਂ ਭਵਿੱਖ ਦੇ ਕੰਮਾਂ ਵਿੱਚ ਦੇਰੀ ਹੋਣ ਦੀ ਸੰਭਾਵਨਾ ਨੂੰ ਵੀ ਘੱਟ ਕਰਨਾ ਸੀ।

### *(ii) ਐਮਪਾਵਰਡ ਕਮੇਟੀ ਦਾ ਦਿੱਤੇ ਗਏ ਅਧਿਕਾਰਾਂ ਅਨੁਸਾਰ ਕੰਮ-ਕਾਜ ਨਾ ਕਰਨਾ*

ਇਸ ਸਕੀਮ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ, ਐਮਪਾਵਰਡ ਕਮੇਟੀ (ਈ ਸੀ) ਨੂੰ, ਹੋਰ ਗੱਲਾਂ ਦੇ ਨਾਲ ਨਾਲ, ਸਰਕਾਰੀ ਜਮੀਨਾਂ ਦੀ ਕਮਰਸ਼ੀਅਲ ਵਰਤੋਂ ਕਰਨ ਵਾਸਤੇ ਜਮੀਨਾਂ ਦੀ ਪਛਾਣ ਕਰਨ/ਮੰਜ਼ੂਰੀ ਦੇਣ ਲਈ ਅਤੇ ਕਨਸੈਪਚੂਲ ਅਤੇ ਲੈਂਡ ਯੂਜ਼ ਯੋਜਨਾ ਦੀ ਮੰਜ਼ੂਰੀ ਦੇਣ ਲਈ; ਸਕੀਮ ਦੀ ਅਤੇ ਜਮੀਨਾਂ ਦੀ ਵਿਕਰੀ ਤੋਂ ਕੈਸ਼ ਫਲੋਅ ਦੀ ਸਮੀਖਿਆ ਅਤੇ ਨਿਗਰਾਨੀ ਕਰਨ ਦਾ ਅਧਿਕਾਰ ਦਿੱਤਾ ਗਿਆ ਸੀ। ਇਸ ਮੰਤਵ ਲਈ ਈ ਸੀ ਨੇ ਦੋ ਮਹੀਨਿਆਂ ਵਿੱਚ ਇਕ ਬੈਠਕ ਕਰਨੀ ਸੀ। ਜਦੋਂਕਿ ਇਹ ਵੇਖਿਆ ਗਿਆ ਸੀ ਕਿ:

(ੳ) ਭਾਵੇਂ ਈ ਸੀ ਨੇ ਕਮਰਸ਼ੀਅਲ ਵਰਤੋਂ ਲਈ ਜਮੀਨਾਂ ਟਰਾਂਸਫਰ ਕਰਨ ਬਾਰੇ ਵੱਖ ਵੱਖ ਵਿਭਾਗਾਂ ਦੇ ਪ੍ਰਸਤਾਵ ਮੰਨ ਲਏ ਸਨ ਪਰ ਉਸਨੇ ਇਹ ਯਕੀਨੀ ਨਹੀਂ ਬਣਾਇਆ ਕਿ ਇਹ ਸਾਈਟਾਂ ਹਰ ਪ੍ਰਕਾਰ ਦੇ ਭਾਰ ਤੋਂ ਮੁਕਤ ਸਨ। ਇਸ ਨੇ ਨਾ ਕੇਵਲ ਪੁੱਡਾ ਵਲੋਂ ਜਮੀਨਾਂ ਨੂੰ ਵੇਚਣ/ ਨਿਪਟਾਰਾ ਕਰਨ ਚ ਦੇਰੀ ਕੀਤੀ ਸਗੋਂ ਸਾਈਟ ਦੇ ਕਬਜਾਕਾਰਾਂ ਨੂੰ ਬਦਲਵੇਂ ਰਿਹਾਇਸ਼ੀ ਪ੍ਰਬੰਧ ਕਰਕੇ ਦੇਣ ਕਾਰਣ ਹੋਏ ਖਰਚੇ ਕਾਰਣ ਸਕੀਮ ਦੇ ਘਾਟੇ ਵਿੱਚ ਵੀ ਯੋਗਦਾਨ ਪਾਇਆ।

(ਅ) ਖਰਚਾ ਮੰਜ਼ੂਰ ਕਰਦੇ ਹੋਏ ਈ ਸੀ ਨੇ ਫੰਡਾਂ ਦੀ ਉਪਲੱਬਧਤਾ ਨੂੰ ਯਕੀਨੀ ਨਹੀ ਬਣਾਇਆ, ਕਿਉਂਜੋ ਸਕੀਮ ਦੇ ਲੇਖੇ ਵਿੱਚ ਪਏ ਘਾਟੇ ਦੇ ਮੁੱਦੇ ਦੀ ਚਰਚਾ ਕੇਵਲ ਜੁਲਾਈ 2017 (ਈ ਸੀ ਦੀ 47ਵੀਂ ਬੈਠਕ) ਵਿੱਚ ਹੀ ਹੋਈ ਸੀ।

ਸੀ ਏ, ਪੁੱਡਾ ਨੇ ਕਿਹਾ (ਨਵੰਬਰ 2020) ਕਿ ਕਿਸੇ ਵੀ ਵਿਭਾਗ ਤੋਂ ਜਿਵੇਂ ਤੇ ਜਦੋਂ ਪ੍ਰਸਤਾਵ ਪ੍ਰਾਪਤ ਹੋਇਆ ਸੀ, ਈ ਸੀ ਦੀਆਂ ਮੀਟਿੰਗਾਂ ਕੀਤੀਆਂ ਗਈਆਂ ਸਨ। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਈ ਸੀ ਨੂੰ ਅਣਵਿਕੀਆਂ ਜਾਇਦਾਦਾਂ ਦੇ ਜਲਦੀ ਨਿਪਟਾਰੇ ਉੱਤੇ ਚਰਚਾ ਕਰਨ ਲਈ ਨਿਯਮਤ ਅੰਤਰਾਲ ਤੇ ਮੀਟਿੰਗਾਂ ਨੂੰ ਯਕੀਨੀ ਬਣਾਉਣਾ ਚਾਹੀਦਾ ਸੀ।

(ੲ) ਈ ਸੀ ਦੀਆਂ ਬੈਠਕਾਂ ਵਿੱਚ ਵੀ ਕਮੀ ਪਾਈ ਗਈ ਸੀ ਕਿਉਂਜੋ ਮਾਰਚ 2019 ਤੱਕ ਲੋੜੀਂਦੀਆਂ 132 ਬੈਠਕਾਂ ਦੇ ਵਿਰੁੱਧ ਕੇਵਲ 48 ਬੈਠਕਾਂ ਹੀ ਕੀਤੀਆਂ ਗਈਆਂ ਸਨ।

---

[24] ਮੁਕੰਮਲ ਹੋਏ ਕੰਮਾਂ ਨਾਲ ਸਬੰਧਤ ₹ 11.01 ਕਰੋੜ; ਅਤੇ ਚਲ ਰਹੇ ਕੰਮਾਂ ਨਾਲ ਸਬੰਧਤ ₹ 13.30 ਕਰੋੜ ਦੀ ਵਸੂਲੀ

***(iii) ਪਲਾਟ ਪ੍ਰਾਪ੍ਰਟੀ ਮਨੇਜਮੈਂਟ ਡਾਟਾ ਅਪਡੇਟ ਨਾ ਕਰਨਾ***

ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਇਆ ਕਿ ਅਲਾਟੀਆਂ ਵੱਲ ਬਣਦੀ ਬਕਾਇਆ ਰਕਮ ਦੇ ਪੂਰੇ ਦ੍ਰਿਸ਼ ਨੂੰ ਜਾਣਨ ਲਈ ਪਲਾਟ ਪ੍ਰਾਪਟੀ ਮਨੇਜਮੈਂਟ (ਪੀ ਪੀ ਐਮ) ਡਾਟਾ ਅਪਡੇਟ ਨਹੀਂ ਕੀਤਾ ਗਿਆ ਸੀ ਤਾਂ ਜੋ ਨਿਯਮਾਂ ਅਨੁਸਾਰ ਪੁੱਡਾ ਦੇ ਮੁੱਖ ਦਫਤਰ ਜਾਂ ਅਥਾਰਟੀਆਂ ਵਲੋਂ ਕੋਤਾਹੀ ਕਰਨ ਵਾਲਿਆਂ ਵਿਰੁੱਧ ਸਮੇਂ ਸਿਰ ਕਾਰਵਾਈ ਕੀਤੀ ਜਾ ਸਕਦੀ।

## 3.3.6 ਸਿੱਟੇ

ਜਾਇਦਾਦਾਂ ਨੂੰ ਵੇਚਣ ਲਈ ਪੁੱਡਾ ਨੇ ਅਧੁਨਿਕ ਮੰਡੀਕਰਣ ਤਕਨੀਕਾਂ ਨਹੀਂ ਅਪਣਾਈਆਂ ਜਿਸ ਕਰਕੇ ਇਸ ਸਕੀਮ ਅਧੀਨ ਨਿਪਟਾਰੇ ਦੀ ਦਰ ਬਹੁਤ ਮੱਠੀ ਰਹੀ। ਪੁੱਡਾ ਨੇ ਬਗੈਰ ਮੰਗ ਸਰਵੇਖਣ ਕੀਤੇ ਸਕੀਮਾਂ ਕੱਢੀਆਂ ਜਿਸ ਕਰਕੇ ਜਾਇਦਾਦਾਂ ਦੇ ਨਿਪਟਾਰੇ ਵਿੱਚ ਖੜੋਤ ਆਈ। ਅਣਵਿਕੀਆਂ ਸਾਈਟਾਂ ਦੀ ਵਿਕਰੀ ਤੇਜ਼ ਕਰਨ ਲਈ ਯੋਜਨਾਬੰਦੀ ਦੇ ਮਾਮਲਿਆਂ ਨੂੰ ਹੱਲ ਕਰਨ ਲਈ ਸਮੇਂ ਸਿਰ ਯਤਨ ਨਹੀਂ ਕੀਤੇ ਗਏ ਸਨ। ਸਾਈਟਾਂ ਦੇ ਬਗੈਰ ਵਿਕਾਸ ਕੀਤਿਆਂ ਆਮ ਜਨਤਾ ਨੂੰ ਰਿਹਾਇਸ਼ੀ ਅਤੇ ਕਮਰਸ਼ੀਅਲ ਜਾਇਦਾਦਾਂ ਦੀ ਅਲਾਟਮੈਂਟ ਲਈ ਸਕੀਮਾਂ ਦਾ ਆਰੰਭ ਕਰਨ ਨਾਲ, ਨਾ ਕੇਵਲ ਵਿਆਜ ਦੀ ਟਾਲਣਯੋਗ ਅਦਾਇਗੀ ਹੋਈ ਸਗੋਂ ਗਾਹਕਾਂ ਨੂੰ ਵੀ ਨਿਰਉਤਸ਼ਾਹਿਤ ਕੀਤਾ। ਵਿੱਤੀ ਸ੍ਰੋਤਾਂ ਦੇ ਗੈਰ ਸਿਆਣਪ ਭਰੇ ਪ੍ਰਬੰਧਨ ਕਾਰਣ ਸਕੀਮ ਘਾਟੇ ਵਿੱਚ ਚਲ ਰਹੀ ਸੀ ਅਤੇ ਸਕੀਮ ਦੀਆਂ ਜਾਇਦਾਦਾਂ ਨੂੰ ਗਿਰਵੀ ਰੱਖ ਕੇ ਮਾਰਕੀਟ ਤੋਂ ਕਰਜ਼ੇ ਚੁੱਕ ਕੇ ਘਾਟਾ ਪੂਰਾ ਕੀਤਾ ਗਿਆ ਸੀ। ਦਿਸ਼ਾ ਨਿਰਦੇਸ਼ਾਂ ਵਿੱਚ ਜਾਇਦਾਦਾਂ ਦੇ ਨਿਪਟਾਰੇ ਲਈ ਕਿਸੇ ਸਮਾਂ ਸੀਮਾ ਦੀ ਅਣਹੋਂਦ ਵੀ ਜਾਇਦਾਦਾਂ ਦੇ ਨਾ/ਦੇਰੀ ਨਾਲ ਨਿਪਟਾਰੇ ਵਿੱਚ ਇਕ ਸਹਿਯੋਗੀ ਕਾਰਕ ਸੀ।

## 3.3.7 ਸਿਫਾਰਸ਼ਾਂ

ਵਿਭਾਗ/ਐਮਪਾਵਰਡ ਕਮੇਟੀ ਇਹ ਯਕੀਨੀ ਬਣਾ ਸਕਦੀ ਹੈ ਕਿ:

- ਗਾਹਕਾਂ ਨੂੰ ਖਿੱਚਣ ਵਾਸਤੇ ਦਰਾਂ ਤੈਅ ਕਰਨ ਲਈ ਅਚੱਲ ਸੰਪਤੀ ਦੇ ਕਾਰੋਬਾਰ ਵਿੱਚ ਨਾਮਵਰ ਏਜੰਸੀਆਂ ਤੋਂ ਇਨਪੁਟ ਦੇ ਅਧਾਰ ਤੇ ਜਾਇਦਾਦਾਂ ਦਾ ਮੰਡੀਕਰਣ ਹੋਵੇ;
- ਸਾਈਟਾਂ ਦੇ ਪ੍ਰਭਾਵਿਕ ਵਿਕਾਸ ਅਤੇ ਨਿਪਟਾਰੇ ਲਈ ਪੁੱਡਾ ਦੇ ਹਵਾਲੇ ਕਰਨ ਤੋਂ ਪਹਿਲਾਂ ਇਹ ਭਾਰ ਅਤੇ ਮੁਕੱਦਮੇਬਾਜੀ ਤੋਂ ਮੁਕਤ ਹੋਣ;
- ਸਾਧਨਾਂ ਦੀ ਵਰਤੋਂ ਲਈ ਵਿੱਤਾਂ ਦਾ ਸਿਆਣਪ ਭਰਿਆ ਪ੍ਰਬੰਧਨ ਹੋਵੇ ਅਤੇ ਰੀਅਲ ਟਾਈਮ ਪ੍ਰਾਪਟੀ ਮਨੇਜਮੈਂਟ ਇਨਫਾਰਮੇਸ਼ਨ ਸਿਸਟਮ ਦੇ ਅਧਾਰ ਤੇ ਬਕਾਇਆ ਡਿਊਜ਼ ਦੀ ਉਗਰਾਹੀ ਵਿੱਚ ਤੇਜੀ ਹੋਵੇ ; ਅਤੇ
- ਅਚੱਲ ਸੰਪਤੀ ਦੀ ਮੌਜੂਦਾ ਸਥਿਤੀ ਅਨੁਸਾਰ ਸਕੀਮ ਦੇ ਦਿਸ਼ਾ ਨਿਰਦੇਸ਼ਾਂ ਦੀ ਸਮੀਖਿਆ ਹੋਵੇ ਅਤੇ ਜਾਇਦਾਦਾਂ ਦੇ ਜਲਦੀ ਨਿਪਟਾਰੇ ਲਈ ਸਮਾ ਸੀਮਾ ਤਹਿ ਕੀਤੀ ਜਾਵੇ ।

ਇਹ ਮਾਮਲਾ ਅਪ੍ਰੈਲ 2020 ਵਿੱਚ ਸਰਕਾਰ ਨੂੰ ਭੇਜਿਆ ਗਿਆ ਸੀ; ਉਨ੍ਹਾਂ ਵੱਲੋਂ ਉਤੱਰ ਦੀ ਉਡੀਕ ਸੀ (ਦਸੰਬਰ 2020)।

## ਪ੍ਰਸੋਨਲ, ਅਤੇ ਗ੍ਰਹਿ ਮਾਮਲੇ ਤੇ ਨਿਆਂ ਵਿਭਾਗ

### 3.4 ਅਪੈਕਸ ਸਕੇਲ ਅਤੇ ਹਾਇਰ ਪ੍ਰਸ਼ਾਸਨਿਕ ਗ੍ਰੇਡ ਅਧੀਨ ਅਸਾਮੀਆਂ ਦਾ ਅਨਿਯਮਤ ਸੰਚਾਲਨ

**ਕੇਂਦਰ ਸਰਕਾਰ ਦੀ ਅਗਾਊਂ ਪ੍ਰਵਾਨਗੀ ਤੋਂ ਬਗੈਰ ਰਾਜ ਡੈਪੂਟੇਸ਼ਨ ਰਿਜ਼ਰਵ ਅਧੀਨ, ਲੈਵਲ 17 (ਅਪੈਕਸ ਸਕੇਲ) ਵਿੱਚ ਮੁੱਖ ਸਕੱਤਰ ਗ੍ਰੇਡ ਦੀਆਂ 1-9 ਐਕਸ ਕਾਡਰ ਅਸਾਮੀਆਂ ਦਾ ਅਤੇ ਲੈਵਲ-16 (ਹਾਇਰ ਪ੍ਰਸ਼ਾਸਨਿਕ ਗ੍ਰੇਡ) ਵਿੱਚ ਡਾਇਰੈਕਟਰ ਜਨਰਲ ਦੀਆਂ 1-7 ਐਕਸ-ਕੇਡਰ/ਡੈਪੂਟੇਸ਼ਨ ਅਸਾਮੀਆਂ ਦਾ ਨਿਰਧਾਰਤ ਸੀਮਾ ਤੋ ਵੱਧ ਕੀਤਾ ਗਿਆ ਸੰਚਾਲਨ ਅਨਿਯਮਤ ਸੀ, ਜਿਸ ਵਿੱਚ ਜਨਵਰੀ 2016 ਤੋਂ ਜੂਨ 2020 ਦੇ ਸਮੇਂ ਦੌਰਾਨ ਕਢਵਾਈ ਤਨਖਾਹ ਦੀ ₹ 10.31 ਕਰੋੜ ਦੀ ਰਾਸ਼ੀ ਸ਼ਾਮਲ ਸੀ।**

ਭਾਰਤੀ ਪ੍ਰਸ਼ਾਸਨਿਕ ਸੇਵਾ (ਆਈ ਏ ਐਸ) (ਪੇਅ) ਨਿਯਮਾਵਲੀ 2016 ਦਾ ਨਿਯਮ 3(2)(ii) ਅਤੇ ਭਾਰਤੀ ਪੁਲਿਸ ਸੇਵਾ (ਆਈ ਪੀ ਐਸ) (ਪੇਅ) ਨਿਯਮਾਵਲੀ, 2016 ਇਹ ਵਿਵਸਥਾ ਕਰਦੀ ਹੈ ਕਿ ਸਲੈਕਸ਼ਨ ਗ੍ਰੇਡ ਅਤੇ ਇਸ ਤੋਂ ਉਪਰਲੇ ਲੈਵਲ ਤੇ ਸੇਵਾ ਦੇ ਕਿਸੇ ਮੈਂਬਰ ਦੀ ਨਿਯੁਕਤੀ ਇਨ੍ਹਾਂ ਗ੍ਰੇਡਾਂ ਵਿੱਚ ਖਾਲੀ ਅਸਾਮੀਆਂ ਦੀ ਉਪਲੱਬਧਤਾ ਹੋਣ ਤੇ ਹੋਵੇਗੀ ਅਤੇ ਇਸ ਮੰਤਵ ਲਈ ਰਾਜ ਕਾਡਰ ਅਥਾਰਟੀਆਂ ਲਈ ਹਰੇਕ ਗ੍ਰੇਡ ਵਿੱਚ ਉਪਲੱਬਧ ਖਾਲੀ ਅਸਾਮੀਆਂ ਦੀ ਗਿਣਤੀ ਲਈ ਕੇਂਦਰੀ ਸਰਕਾਰ ਦੀ ਅਗਾਊਂ ਸਹਿਮਤੀ ਲੈਣਾ ਲਾਜ਼ਮੀ ਹੋਵੇਗਾ ਅਤੇ ਭਾਰਤ ਸਰਕਾਰ (ਜੀ ਓ ਆਈ) ਦੀ ਅਗਾਊਂ ਸਹਿਮਤੀ ਪ੍ਰਾਪਤ ਕੀਤੇ ਬਗੈਰ ਕੀਤੀ ਗਈ ਕੋਈ ਵੀ ਨਿਯੁਕਤੀ ਰੱਦ ਹੋਣਯੋਗ ਹੋਵੇਗੀ। ਅੱਗੇ, ਇਸ ਨਾਲ ਸਬੰਧਤ ਨਿਯਮਾਵਲੀ ਦਾ ਨਿਯਮ 12(7) ਵਿਵਸਥਾ ਕਰਦਾ ਹੈ ਕਿ ਕਿਸੇ ਵੇਲੇ ਵੀ ਅਜਿਹੀਆਂ ਅਸਾਮੀਆਂ ਤੇ ਕੰਮ ਕਰਨ ਲਈ ਨਿਯੁਕਤ ਕੀਤੇ ਸੇਵਾ ਦੇ ਮੈਂਬਰਾਂ ਦੀ ਗਿਣਤੀ, ਜਿਨ੍ਹਾਂ ਦੀ ਪ੍ਰਤੀ ਮਹੀਨਾ ₹ 2,25,000 (ਅਪੈਕਸ ਲੈਵਲ ਤੇ ਆਈ ਏ ਐਸ ਦੇ ਸਬੰਧ ਵਿੱਚ) ਅਤੇ ਲੈਵਲ-16 (ਹਾਇਰ ਗ੍ਰੇਡ ਅਧੀਨ ਆਈ ਪੀ ਐਸ ਦੇ ਸਬੰਧ ਵਿੱਚ) ਅਨੁਸਾਰ ਤਨਖਾਹ ਬਣਦੀ ਹੋਵੇ, ਅਤੇ ਜਿਨ੍ਹਾਂ ਦੀ ਗਿਣਤੀ ਰਾਜ ਡੈਪੂਟੇਸ਼ਨ ਰਿਜ਼ਰਵ (ਐਸ ਡੀ ਆਰ) ਅਧੀਨ ਕੀਤੀ ਜਾਂਦੀ ਹੋਵੇ, ਕਿਸੇ ਰਾਜ ਕਾਡਰ ਵਿੱਚ ਜਾਂ ਜੁਆਇੰਟ ਕਾਡਰ ਵਿੱਚ, ਜੋ ਵੀ ਕੇਸ ਹੋਵੇ, ਤਨਖਾਹ ਦੇ ਉਸ ਲੈਵਲ ਤੇ ਸਿਵਾਏ ਕੇਂਦਰ ਸਰਕਾਰ ਦੀ ਅਗਾਊਂ ਪ੍ਰਵਾਨਗੀ ਤੋਂ, ਕਾਡਰ ਅਸਾਮੀਆਂ ਦੀ ਗਿਣਤੀ ਤੋਂ ਵੱਧ ਨਹੀਂ ਹੋਵੇਗੀ।

**(i)** ਰਿਕਾਰਡ ਦੀ ਨਮੂਨਾ ਜਾਂਚ (ਜੁਲਾਈ 2018) ਅਤੇ ਮੁੱਖ ਸਕੱਤਰ, ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ ਦੇ ਦਫਤਰ ਤੋਂ ਬਾਅਦ ਵਿੱਚ ਪ੍ਰਾਪਤ ਕੀਤੀ ਜਾਣਕਾਰੀ (ਜੂਨ 2020 ਤੱਕ) ਨੇ ਦਰਸਾਇਆ ਕਿ ਕੇਂਦਰ ਸਰਕਾਰ ਵੱਲੋਂ ਲੈਵਲ 17 (ਅਪੈਕਸ ਸਕੇਲ) ਵਿੱਚ ਮੁੱਖ ਸੱਕਤਰ ਗ੍ਰੇਡ ਦੀਆਂ 3-4[25] ਕਾਡਰ ਅਸਾਮੀਆਂ ਨੂੰ ਪ੍ਰਵਾਨਗੀ ਦਿਤੀ ਗਈ ਸੀ। ਤਦ ਅਨੁਸਾਰ, ਉਕਤ ਨਿਯਮ 12(7) ਦੇ ਉਪਬੰਧਾਂ ਅਨੁਸਾਰ ਰਾਜ ਸਰਕਾਰ, ਐਸ ਡੀ ਆਰ ਅਧੀਨ (ਲੈਵਲ 17) ਮੁੱਖ ਸਕੱਤਰ ਗ੍ਰੇਡ ਵਿੱਚ 3-4 ਵਾਧੂ ਅਸਾਮੀਆਂ (ਐਕਸ-ਕਾਡਰ) ਦਾ ਸੰਚਾਲਨ ਕਰ ਸਕਦੀ ਸੀ। ਪ੍ਰੰਤੂ, ਲੇਖਾ ਪ੍ਰੀਖਿਆ ਨੇ ਵੇਖਿਆ ਕਿ ਜਨਵਰੀ 2016 ਤੋਂ ਜੂਨ 2020 ਦੇ ਸਮੇਂ ਦੌਰਾਨ ਰਾਜ ਸਰਕਾਰ ਨੇ ਮੁੱਖ ਸਕੱਤਰ ਗ੍ਰੇਡ (ਲੈਵਲ 17) ਦੀਆਂ ਉਪਰੋਕਤ ਨਿਯਮਾਂ ਦੀ ਉਲਘੰਣਾ ਵਿੱਚ ਕੇਂਦਰ ਸਰਕਾਰ ਦੀ ਪ੍ਰਵਾਨਗੀ ਤੋਂ ਬਗੈਰ, 6-8 ਅਸਾਮੀਆਂ (ਐਸ ਡੀ ਆਰ ਅਧੀਨ 3-4 ਕਾਡਰ ਅਤੇ 3-4 ਐਕਸ ਕਾਡਰ ਅਸਾਮੀਆਂ) ਦੀ ਮਨਜ਼ੂਰਸ਼ੁਦਾ ਸੀਮਾ ਤੋਂ ਵੱਧ, 1-9 ਐਕਸ-ਕਾਡਰ ਅਸਾਮੀਆਂ ਦਾ

---

[25] 13 ਮਾਰਚ 2019 ਤੋਂ ਪ੍ਰਭਾਵੀ ਚਾਰ ਕਾਡਰ ਅਸਾਮੀਆਂ।

ਸੰਚਾਲਨ ਕੀਤਾ ਜਿਵੇ ਕਿ ***ਅੰਤਿਕਾ-1.7*** ਵਿੱਚ ਵੇਰਵਾ ਦਿੱਤਾ ਗਿਆ ਹੈ। ਭਾਰਤ ਸਰਕਾਰ ਨੇ ਵੀ ਆਰਜੀ ਅਸਾਮੀਆਂ (ਐਕਸ-ਕਾਡਰ) ਨੂੰ ਜਾਰੀ ਰੱਖਣ ਵਿੱਚ ਰਾਜ ਸਰਕਾਰ ਦੀ ਬੇਨਤੀ ਪ੍ਰਵਾਨ ਨਹੀਂ ਕੀਤੀ (ਅਕਤੂਬਰ 2018) ਅਤੇ ਐਕਸ-ਕਾਡਰ ਅਸਾਮੀਆਂ ਨੂੰ ਮਨਜ਼ੂਰਸ਼ੁਦਾ ਸੀਮਾ ਵਿੱਚ ਲਿਆਉਣ ਅਤੇ ਅਪੈਕਸ ਸਕੇਲ (ਲੈਵਲ 17) ਤੇ 1:1 ਦੀ ਸਮਾਨਤਾ ਰੱਖਣ ਦਾ ਆਦੇਸ਼ ਦਿਤਾ।

ਰਾਜ ਸਰਕਾਰ ਨੇ ਕਿਹਾ (ਸਤੰਬਰ 2020) ਕਿ ਅਪੈਕਸ ਸਕੇਲ ਤੇ ਐਕਸ-ਕਾਡਰ (ਆਰਜ਼ੀ) ਅਸਾਮੀ ਦੀ ਸਿਰਜਣਾ ਕਰਦੇ ਸਮੇਂ ਭਾਰਤ ਸਰਕਾਰ ਨੂੰ ਆਦੇਸ਼ਾਂ ਦੀ ਕਾਪੀ ਸਹਿਮਤੀ ਲਈ ਭੇਜੀ ਗਈ ਸੀ। ਇਹ ਉੱਤਰ ਉਪਰੋਕਤ ਆਈ ਏ ਐਸ (ਪੇਅ), 2016 ਨਿਯਮਾਵਲੀ ਦੇ ਨਿਯਮ 3(2)(ii) ਦੇ ਉਪਬੰਧਾਂ ਅਨੁਸਾਰ ਨਹੀਂ ਸੀ। ਭਾਰਤ ਸਰਕਾਰ ਨੇ ਫਿਰ ਤੋਂ ਕਿਹਾ (ਮਾਰਚ 2020) ਕਿ ਅਪੈਕਸ ਸਕੇਲ ਤੇ ਅਸਾਮੀ ਸਿਰਜਣ ਤੋਂ ਪਹਿਲਾਂ ਕੇਂਦਰ ਸਰਕਾਰ ਦੀ ਅਗਾਊਂ ਪ੍ਰਵਾਨਗੀ ਜਰੂਰੀ ਸੀ। ਇਸ ਕਰਕੇ ਰਾਜਾਂ ਵਲੋਂ ਅਸਾਮੀਆਂ ਦੀ ਉਪਲੱਬਧਤਾ ਲਈ ਕੇਂਦਰ ਸਰਕਾਰ ਦੀ ਮੰਜ਼ੂਰੀ ਲਈ ਤਰੱਕੀ ਦਾ ਪ੍ਰਸਤਾਵ ਘੱਟ ਤੋਂ ਘੱਟ ਤਿੰਨ ਮਹੀਨੇ ਪਹਿਲਾਂ ਭੇਜਿਆ ਜਾਣਾ ਲੋੜੀਂਦਾ ਸੀ। ਜਦੋਂਕਿ 23 ਜੂਨ 2020 ਦੀ ਸਥਿਤੀ ਅਨੁਸਾਰ ਭਾਰਤ ਸਰਕਾਰ ਦੀਆਂ ਬਾਰ ਬਾਰ ਹਦਾਇਤਾਂ ਦੇ ਬਾਵਜੂਦ ਰਾਜ ਸਰਕਾਰ ਨੇ ਮੁੱਖ ਸਕੱਤਰ ਗ੍ਰੇਡ (ਲੈਵਲ 17) ਦੀਆਂ ਐਕਸ-ਕਾਡਰ ਅਸਾਮੀਆਂ ਦਾ ਸੰਚਾਲਨ ਜਾਰੀ ਰਖਿਆ।

ਇੰਜ, ਐਸ ਡੀ ਆਰ ਅਧੀਨ ਲੈਵਲ 17 (ਅਪੈਕਸ ਸਕੇਲ) ਵਿੱਚ ਮੁੱਖ ਸੱਕਤਰ ਗ੍ਰੇਡ ਦੀਆਂ ਕੇਂਦਰ ਸਰਕਾਰ ਦੀ ਅਗਾਊਂ ਪ੍ਰਵਾਨਗੀ ਤੋਂ ਬਗੈਰ 1-9 ਐਕਸ-ਕਾਡਰ ਅਸਾਮੀਆਂ ਦਾ, ਨਿਰਧਾਰਤ ਸੀਮਾ ਤੋਂ ਵੱਧ ਸੰਚਾਲਨ ਕਰਨਾ ਅਨਿਯਮਤ ਸੀ, ਜਿਸ ਵਿੱਚ ਜਨਵਰੀ 2016 ਤੋਂ ਜੂਨ 2020 ਦੇ ਸਮੇਂ ਦੌਰਾਨ ਕਢਵਾਈ ਗਈ ਤਨਖਾਹ ਦੀ ₹ 6.24 ਕਰੋੜ ਦੀ ਰਾਸ਼ੀ ਸ਼ਾਮਲ ਸੀ।

**(ii)** ਰਿਕਾਰਡ ਦੀ ਨਮੂਨਾ ਜਾਂਚ (ਜੂਨ 2018) ਅਤੇ ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਦੇ ਦਫਤਰ ਤੋਂ ਬਾਅਦ ਵਿੱਚ ਪ੍ਰਾਪਤ ਕੀਤੀ ਜਾਣਕਾਰੀ (ਜੁਲਾਈ 2019 ਤੱਕ) ਨੇ ਦਰਸਾਇਆ ਕਿ ਕੇਂਦਰ ਸਰਕਾਰ ਵੱਲੋਂ ਹਾਇਰ ਪ੍ਰਸਾਸ਼ਨਿਕ ਗ੍ਰੇਡ (ਐਚ ਏ ਜੀ +) ਅਧੀਨ ਲੈਵਲ-16 ਵਿੱਚ ਪੁਲਿਸ ਦੇ ਡਾਇਰੈਕਟਰ ਜਨਰਲ ( ਡੀ ਜੀ ਪੀ) ਦੀ ਇੱਕ ਕਾਡਰ ਅਸਾਮੀ ਨੂੰ ਪ੍ਰਵਾਨਗੀ ਦਿੱਤੀ ਗਈ ਸੀ। ਤਦ ਅਨੁਸਾਰ, ਉਕਤ ਨਿਯਮ 12(7) ਦੇ ਉਪਬੰਧਾਂ ਅਨੁਸਾਰ, ਰਾਜ ਸਰਕਾਰ ਐਸ ਡੀ ਆਰ ਅਧੀਨ, ਲੈਵਲ-16 ਵਿੱਚ ਡੀ ਜੀ ਪੀ ਦੀ ਇਕ ਵਾਧੂ ਅਸਾਮੀ ਦਾ ਸੰਚਾਲਨ ਕਰ ਸਕਦੀ ਸੀ। ਜਦੋਂਕਿ, ਲੇਖਾ ਪ੍ਰੀਖਿਆ ਨੇ ਵੇਖਿਆ ਕਿ ਰਾਜ ਸਰਕਾਰ ਨੇ ਉਪਰੋਕਤ ਨਿਯਮਾਂ ਦੀ ਉਲੰਘਣਾ ਵਿੱਚ ਕੇਂਦਰ ਸਰਕਾਰ ਦੀ ਪ੍ਰਵਾਨਗੀ ਤੋਂ ਬਗੈਰ ਜਨਵਰੀ 2016 ਤੋਂ ਜੁਲਾਈ 2019 ਦੇ ਸਮੇਂ ਦੌਰਾਨ, ਲੈਵਲ-16 ਵਿੱਚ ਡੀ ਜੀ ਪੀ ਦੀਆਂ ਦੋ ਅਸਾਮੀਆਂ (ਐਸ ਡੀ ਆਰ ਅਧੀਨ ਇਕ ਕਾਡਰ ਅਤੇ ਇਕ ਐਕਸ-ਕਾਡਰ/ਡੈਪੂਟੇਸ਼ਨ ਅਸਾਮੀ) ਦੀ ਪ੍ਰਵਾਨਿਤ ਸੀਮਾ ਤੋਂ ਜ਼ਿਆਦਾ 1-7 ਐਕਸ-ਕਾਡਰ/ਡੈਪੂਟੇਸ਼ਨ ਅਸਾਮੀਆਂ ਦਾ ਸੰਚਾਲਨ ਕੀਤਾ, ਜਿਵੇਂ ਕਿ ***ਅੰਤਿਕਾ-1.8*** ਵਿੱਚ ਵੇਰਵੇ ਦਿਤੇ ਗਏ ਹਨ।

ਸੱਕਤਰ (ਗ੍ਰਹਿ) ਨੇ ਕਿਹਾ (ਅਗਸਤ 2019) ਕਿ ਡੀ ਜੀ ਪੀ ਰੈਂਕ ਵਿੱਚ ਅਸਾਮੀਆਂ ਦੀ ਕਮੀ ਦੇ ਕਾਰਣ ਆਈ ਪੀ ਐਸ ਅਧਿਕਾਰੀ ਤਰੱਕੀ ਦੇ ਮੌਕਿਆਂ ਦੀ ਗੈਰ ਉਪਲੱਬਧਤਾ ਕਾਰਣ ਨਿਰਉਤਸ਼ਾਹਿਤ ਮਹਿਸੂਸ ਕਰ ਰਹੇ ਸਨ, ਇਸ ਲਈ, ਉਨ੍ਹਾਂ ਨੂੰ ਰਾਜ ਸਰਕਾਰ ਦੁਆਰਾ ਡੀ ਜੀ ਪੀ ਦੇ ਰੈਂਕ ਵਿੱਚ ਨਿਰਧਾਰਤ ਕਨੂੰਨੀ ਸੀਮਾ ਤੋਂ ਬਾਹਰ ਜਾ ਕੇ ਪਦਉੱਨਤ ਕੀਤਾ ਗਿਆ ਸੀ। ਉੱਤਰ ਉਪਰੋਕਤ ਨਿਯਮ 12(7), ਦੇ ਉਪਬੰਧਾਂ ਦੇ ਅਨੁਕੂਲ ਨਹੀਂ ਸੀ।

ਇੰਜ, ਕੇਂਦਰ ਸਰਕਾਰ ਦੀ ਅਗਾਊਂ ਪ੍ਰਵਾਨਗੀ ਤੋਂ ਬਗੈਰ ਐਸ ਡੀ ਆਰ ਅਧੀਨ, ਲੈਵਲ-16 (ਹਾਇਰ ਪ੍ਰਸ਼ਾਸ਼ਨਿਕ ਗ੍ਰੇਡ) ਵਿੱਚ ਡੀ ਜੀ ਪੀ ਦੀਆਂ 1-7 ਐਕਸ-ਕਾਡਰ/ਡੈਪੂਟੇਸ਼ਨ ਅਸਾਮੀਆਂ, ਜਿਸ ਵਿੱਚ ਜਨਵਰੀ 2016 ਤੋਂ ਜੁਲਾਈ 2019 ਦੇ ਸਮੇਂ ਲਈ ਘੱਟੋ ਘੱਟ ਤਨਖਾਹ ਦੇਣ ਕਾਰਣ ₹ 4.07 ਕਰੋੜ ਦੀ ਰਾਸ਼ੀ ਸ਼ਾਮਲ ਸੀ, ਦਾ ਨਿਰਧਾਰਤ ਸੀਮਾ ਤੋਂ ਵੱਧ ਸੰਚਾਲਨ ਕਰਨਾ ਅਨਿਯਮਤ ਸੀ।

**ਸਿਫਾਰਸ਼: ਰਾਜ ਸਰਕਾਰ ਰਾਜ ਡੈਪੂਟੇਸ਼ਨ ਰਿਜ਼ਰਵ ਵਿਰੁੱਧ ਗਿਣੀਆਂ ਜਾਣ ਵਾਲੀਆਂ ਮੁੱਖ ਸਕੱਤਰ ਗ੍ਰੇਡ ਵਿੱਚ ਲੈਵਲ 17 ਅਤੇ ਹਾਇਰ ਪ੍ਰਸ਼ਾਸਨਿਕ ਗ੍ਰੇਡ ਵਿੱਚ ਲੈਵਲ 16 ਦੀਆਂ ਅਸਾਮੀਆਂ, ਜੇਕਰ ਉਸ ਲੈਵਲ ਤੇ ਇਹ ਕਾਡਰ ਅਸਾਮੀਆਂ ਦੀ ਗਿਣਤੀ ਤੋਂ ਵੱਧ ਹੋਣ, ਦੇ ਸੰਚਾਲਨ ਲਈ ਕੇਂਦਰ ਸਰਕਾਰ ਦੀ ਅਗਾਊਂ ਪ੍ਰਵਾਨਗੀ ਨੂੰ ਯਕੀਨੀ ਬਣਾ ਸਕਦੀ ਹੈ।**

## ਲੋਕ ਨਿਰਮਾਣ ਵਿਭਾਗ

### 3.5 ਭਾਰ ਮੁਕਤ ਸਾਈਟ ਮੁਹੱਈਆ ਨਾ ਕਰਵਾਏ ਜਾਣ ਕਾਰਣ ਅਧੂਰਾ ਕੰਮ

**ਕੰਮ ਅਵਾਰਡ ਕਰਨ ਤੋਂ ਪਹਿਲਾ, ਭਾਰ ਮੁਕਤ ਸਾਈਟ ਯਕੀਨੀ ਬਣਾਉਣ ਦੀ ਵਿਭਾਗ ਦੀ ਅਸਫਲਤਾ ਦੇ ਸਿੱਟੇ ਵਜੋਂ ₹ 3.61 ਕਰੋੜ ਖਰਚਣ ਦੇ ਬਾਵਜੂਦ ਕੰਮ ਮੁਕੰਮਲ ਨਹੀਂ ਹੋਇਆ ਸੀ ਅਤੇ ਇਸ ਤੋਂ ਇਲਾਵਾ ਜਰਗ-ਖੰਨਾ ਖੇਤਰ ਦੇ ਲੋਕਾਂ ਨੂੰ ਛੋਟੇ ਮਾਰਗ ਤੋਂ ਇਨਕਾਰ ਹੋਇਆ।**

ਪੰਜਾਬ ਲੋਕ ਨਿਰਮਾਣ ਵਿਭਾਗ ਕੋਡ (ਕੋਡ) ਦਾ ਪੈਰ੍ਹਾ 2.92 ਇਹ ਵਿਵਸਥਾ ਕਰਦਾ ਹੈ ਕਿ ਜਮੀਨ ਤੇ ਉਦੋਂ ਤੱਕ ਕੋਈ ਕੰਮ ਸ਼ੁਰੂ ਨਹੀਂ ਕੀਤਾ ਜਾਣਾ ਚਾਹੀਦਾ ਜਦੋਂ ਤਕ ਕਿ ਜਮੀਨ ਸਮਰੱਥ ਅਧਿਕਾਰੀ ਦੁਆਰਾ ਬਕਾਇਦਾ ਤੌਰ ਤੇ ਸੌਂਪੀਂ ਨਾ ਗਈ ਹੋਵੇ। ਕੋਡ ਦੇ ਨਿਯਮ 2.89 ਨਾਲ ਪੜ੍ਹਦੇ ਹੋਏ ਨਿਯਮ 2.67 ਇਹ ਵਿਵਸਥਾ ਕਰਦਾ ਹੈ ਕਿ ਟੈਂਡਰ ਕੰਮ ਦੀ ਤਕਨੀਕੀ ਮੰਜੂਰੀ ਤੋਂ ਬਾਅਦ ਮੰਗੇ ਜਾਣੇ ਚਾਹੀਦੇ ਹਨ। ਕੰਮ ਫੰਡਾਂ ਦੀ ਅਲਾਟਮੈਂਟ ਹੋਣ ਅਤੇ ਸਮਰੱਥ ਅਧਿਕਾਰੀ ਵਲੋਂ ਇਸ ਦੇ ਆਦੇਸ਼ ਜਾਰੀ ਹੋਣ ਤੋਂ ਬਾਅਦ ਸ਼ੁਰੂ ਕੀਤਾ ਜਾਵੇਗਾ। ਅੱਗੇ, ਜੰਗਲਾਤ (ਕੰਜ਼ਰਵੇਸ਼ਨ) ਐਕਟ, 1980 (ਐਕਟ) ਵਿਵਸਥਾ ਕਰਦਾ ਹੈ ਕਿ ਸਿਵਾਏ ਕੇਂਦਰ ਦੀ ਅਗਾਊਂ ਮੰਜੂਰੀ ਤੋਂ ਜੰਗਲਾਤ ਦੀ ਕੋਈ ਵੀ ਜਮੀਨ ਜਾਂ ਉਸਦਾ ਕੋਈ ਹਿੱਸਾ ਕਿਸੇ ਗੈਰ ਜੰਗਲਾਤ ਉਦੇਸ਼ ਲਈ ਨਹੀਂ ਵਰਤਿਆ ਜਾ ਸਕਦਾ।

ਪੰਜਾਬ ਸਰਕਾਰ (ਜੀ ਓ ਪੀ), ਲੋਕ ਨਿਰਮਾਣ ਵਿਭਾਗ (ਪੀ ਡਬਲਿਊ ਡੀ), ਨੇ "ਬਬਨਪੁਰ ਪੁਲ ਤੋਂ ਜੌੜੇ ਪੁਲ ਮੇਜਰ ਡਿਸਟ੍ਰਿਕ ਰੋਡ (ਐਮ ਡੀ ਆਰ-78)" ਸੜ੍ਹਕ ਦੀ ₹ 11.62 ਕਰੋੜ ਲਈ ਸਮੇ ਸਮੇ ਤੇ ਮੁਰੰਮਤ ਦੀ ਪ੍ਰਸ਼ਾਸਨਿਕ ਮੰਜੂਰੀ ਦਿੱਤੀ (ਅਕਤੂਬਰ 2015)। ਸੜ੍ਹਕ ਦੀ ਮੁਰੰਮਤ/ਮੁੜ ਉਸਾਰੀ ਦੀ ਜਰੂਰਤ ਇਸ ਕਰਕੇ ਪਈ ਕਿਉਂਕਿ ਸੜ੍ਹਕ ਦਾ ਵੱਡਾ ਹਿੱਸਾ ਨੁਕਸਾਨਿਆ ਜਾ ਚੁੱਕਾ ਸੀ ਅਤੇ ਨਹਿਰ (ਸੜ੍ਹਕ ਦੇ ਨਾਲ ਚਲ ਰਹੀ) ਦੇ ਨਾਲ ਮਿਲ ਚੁੱਕਾ ਸੀ ਜਿਸ ਕਰਕੇ ਸੜ੍ਹਕ ਕਈ ਥਾਵਾਂ ਤੋਂ ਬੰਦ ਕਰ ਦਿੱਤੀ ਗਈ ਸੀ। ਪ੍ਰੰਤੂ, ਮਾਰਚ 2005 ਤੋਂ ਇਸ ਸੜ੍ਹਕ ਤੇ ਮੁਰੰਮਤ ਦਾ ਕੋਈ ਵੀ ਪ੍ਰੋਗਰਾਮ ਅਮਲ ਵਿੱਚ ਨਹੀਂ ਲਿਆਂਦਾ ਗਿਆ ਸੀ। ਇਹ ਸੜ੍ਹਕ (26.43 ਕਿਲੋਮੀਟਰ) ਮਲੇਰ ਕੋਟਲਾ-ਨਾਭਾ ਸੜ੍ਹਕ (ਐਮ ਡੀ ਆਰ-32) ਨੂੰ ਕਰਾਸ ਕਰਨ ਤੋਂ ਬਾਅਦ, ਮਲੇਰ ਕੋਟਲਾ-ਸੰਗਰੂਰ ਸੜ੍ਹਕ (ਐਸ ਐਚ-11) ਨੂੰ ਮਲੇਰ ਕੋਟਲਾ-ਜਰਗ-ਖੰਨਾ ਰੋਡ (ਐਮ ਡੀ ਆਰ -33) ਦੇ ਨਾਲ ਜੋੜਦੀ ਹੈ ਅਤੇ ਇਹ ਧੂਰੀ/ਬਰਨਾਲਾ ਖੇਤਰ ਦੀ ਜਨਤਾ ਲਈ ਸਭ ਤੋਂ ਨੇੜੇ ਦਾ ਮਾਰਗ ਸੀ। ਇਸ ਸੜ੍ਹਕ ਨਾਲ ਜੁੜੇ 12 ਪਿੰਡਾਂ ਅਤੇ ਖਰੀਦ ਕੇਂਦਰਾਂ ਨੂੰ ਸਮੂਥ ਸਰਫੇਸ ਦੀ ਵਿਵਸਥਾ ਕਰਵਾਉਣ ਤੋਂ ਇਲਾਵਾ, ਇਸ ਸੜ੍ਹਕ ਦੇ ਮੁੜ ਨਿਰਮਾਣ ਦਾ ਮੁੱਖ ਉਦੇਸ਼ ਧੂਰੀ/ਬਰਨਾਲਾ ਦੇ ਲੋਕਾਂ ਲਈ

ਜਰਗ-ਖੰਨਾ ਦੀ 15 ਕਿਲੋਮੀਟਰ ਦੀ ਦੂਰੀ ਨੂੰ ਘਟਾਉਣਾ ਸੀ। ਕੰਮ ਦਾ ਵਿਸਥਾਰਪੂਰਵਕ ਅਨੁਮਾਨ ਤਿਆਰ ਕੀਤਾ ਗਿਆ ਸੀ (ਅਗਸਤ 2015), ਜਿਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਦੇ ਸਲਾਹਕਾਰ (ਤਕਨੀਕੀ) ਨੇ ਵਿਸ਼ੇਸ ਤੌਰ ਤੇ ਕਿਹਾ ਸੀ ਕਿ ਜੰਗਲਾਤ ਕਲੀਅਰੈਂਸ ਅਤੇ ਸ਼ਿਫਟਿੰਗ ਆਫ ਯੂਟਿਲਟੀਜ਼ ਟੈਂਡਰ ਮੰਗਣ ਤੋ ਪਹਿਲਾਂ ਮੁਕੰਮਲ ਹੋਣਾ ਚਾਹੀਦਾ ਹੈ। ਚੀਫ ਇੰਜੀਨੀਅਰ (ਸੀ ਈ) ਪੀ ਡਬਲਿਊ ਡੀ ਨੇ ₹ 12.55 ਕਰੋੜ ਦੇ ਕੰਮ ਦੇ ਅਨੁਮਾਨ ਦੀ ਤਕਨੀਕੀ ਮੰਜ਼ੂਰੀ[26] ਦਿੱਤੀ (ਦਸੰਬਰ 2015)।

ਕਾਰਜਕਾਰੀ ਇੰਜੀਨੀਅਰ (ਈ ਈ), ਨਿਰਮਾਣ ਮੰਡਲ, ਮਲੇਰਕੋਟਲਾ ਦੇ ਦਫਤਰ ਵਿੱਚ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ (ਦਸੰਬਰ 2018) ਕਿ ਈ ਈ ਨੇ ਜੰਗਲਾਤ ਕਲੀਰੈਂਸ ਦਾ ਮਾਮਲਾ ਜੰਗਲਾਤ ਵਿਭਾਗ ਕੋਲ ਉਠਾਇਆ ਸੀ (ਫਰਵਰੀ 2014 ਅਤੇ ਦਸੰਬਰ 2015) ਅਤੇ ₹ 0.27 ਕਰੋੜ ਜਮ੍ਹਾਂ ਕਰਵਾਏ ਸਨ (ਫਰਵਰੀ 2016) ਅਤੇ ਕੰਪਨਸੇਟਰੀ ਅਫੋਰੈਸਟੇਸ਼ਨ ਲਈ ₹ 0.80 ਕਰੋੜ ਜਮ੍ਹਾਂ ਕਰਵਾਏ ਜਾਣ ਦੀ ਜਿੰਮੇਵਾਰੀ ਵੀ ਲਈ ਸੀ (ਅਪ੍ਰੈਲ 2016) ।

ਰਿਕਾਰਡ ਦੀ ਛਾਣਬੀਣ ਨੇ ਦਰਸਾਇਆ ਕਿ ਵਿਭਾਗ ਨੇ ਜੰਗਲਾਤ ਕਲੀਰੈਂਸ ਦੀ ਇੰਤਜ਼ਾਰ ਕੀਤੇ ਬਗੈਰ ਹੀ ਟੈਂਡਰਾਂ ਦੀ ਮੰਗ ਕਰ ਲਈ ਸੀ (ਅਗਸਤ 2015) ਅਤੇ ਠੇਕੇਦਾਰ ਨੂੰ ₹ 11.76 ਕਰੋੜ ਦੀ ਲਾਗਤ ਤੇ ਕੰਮ ਪੰਜ ਮਹੀਨੇ ਭਾਵ 22 ਅਪ੍ਰੈਲ 2016 ਤੱਕ ਮੁਕੰਮਲ ਕਰਨ ਲਈ ਅਲਾਟ ਕਰ ਦਿੱਤਾ (ਨਵੰਬਰ 2015)। ਇਸ ਤੋਂ ਇਲਾਵਾ ਟੈਂਡਰ ਮੰਗਣ ਤੋਂ ਪਹਿਲਾਂ ਕੋਈ ਪ੍ਰਸ਼ਾਸਨਿਕ ਪ੍ਰਵਾਨਗੀ (ਏ ਏ) ਅਤੇ ਤਕਨੀਕੀ ਪ੍ਰਵਾਨਗੀ (ਟੀ ਐਸ) ਨਹੀਂ ਲਈ ਗਈ ਸੀ। ਕੰਮ ਦਾ ਐਗਰੀਮੈਂਟ ਇਹ ਵਿਵਸਥਾ ਕਰਦਾ ਹੈ ਕਿ ਵਿਭਾਗ ਲਈ ਇਹ ਲਾਜਮੀ ਹੈ ਕਿ ਠੇਕੇਦਾਰ ਨੂੰ ਕੰਮ ਨੂੰ ਅਮਲ ਵਿੱਚ ਲਿਆਉਣ ਦੇ ਯੋਗ ਬਣਾਉਣ ਲਈ ਉਸ ਨੂੰ ਸਾਈਟ ਦਾ ਕਬਜਾ ਦਿੱਤਾ ਜਾਵੇ।

ਕੰਮ ਮੁਕੰਮਲ ਕਰਨ ਲਈ ਜੰਗਲਾਤ ਦੀ 5.3631 ਹੈਕਟੇਅਰ ਜਮੀਨ ਨੂੰ ਡਾਇਵੈਰਟ ਕਰਨ ਦੀ ਜਰੂਰਤ ਸੀ ਜਿਸ ਲਈ ਚੀਫ ਕੰਜ਼ਰਵੇਟਰ ਆਫ ਫਾਰੈਸਟ (ਸੀ ਸੀ ਐਫ) ਪੰਜਾਬ ਨੇ ਭਾਰਤ ਸਰਕਾਰ ਤੋਂ ਸਿਧਾਂਤਕ ਪ੍ਰਵਾਨਗੀ ਦੀ ਮੰਗ ਕੀਤੀ (ਅਗਸਤ 2016), ਜਿਸਨੇ ਕਿ ਸਾਈਟ ਸੂਟੇਬਿਲਟੀ ਸਰਟੀਫੀਕੇਟ, ਮੈਪ ਅਤੇ ਸਕੀਮ ਦੇ ਨਾਲ ਨਾਲ ਕੰਪਨਸੇਟਰੀ ਅਫੋਰੈਸਟੇਸ਼ਨ ਲਈ ਇਸ ਦੇ ਬਰਾਬਰ ਦੀ ਗੈਰ-ਜੰਗਲਾਤ ਜਮੀਨ ਦੀ ਸੂਚਨਾ ਭੇਜਣ ਲਈ ਕਿਹਾ (ਅਕਤੂਬਰ 2016)। ਭਾਰਤ ਸਰਕਾਰ ਨੇ ਕੰਪਨਸੇਟਰੀ ਅਫੋਰੈਸਟੇਸ਼ਨ ਲਈ ਬਰਾਬਰ ਦੀ ਗੈਰ-ਜੰਗਲਾਤ ਜਮੀਨ ਮੁਹੱਈਆ ਕਰਵਾਉਣ ਦੀ ਸ਼ਰਤ ਪੂਰਾ ਨਾ ਹੋਣ ਕਾਰਣ ਰਾਜ ਸਰਕਾਰ ਦਾ ਪ੍ਰਸਤਾਵ ਰੱਦ ਕਰ ਦਿੱਤਾ (ਮਾਰਚ 2017)। ਇਸੇ ਸਮੇਂ ਦੌਰਾਨ, ਠੇਕੇਦਾਰ ਨੇ ਭਾਰ ਮੁਕਤ ਸਾਈਟ ਨਾ ਹੋਣ ਕਾਰਣ 9.506 ਕਿਲੋਮੀਟਰ ਸੜ੍ਹਕ ਵਿੱਚ ਵੱਖ ਵੱਖ ਪਹੁੰਚਾਂ ਤੇ ਸੀਲ ਕੋਟ ਦੇ ਨਾਲ ਨਾਲ ਪ੍ਰੀਮਿਕਸ ਕਾਰਪੈਟ (ਪੀ ਸੀ) ਪਾਉਣ ਤੋਂ ਬਾਅਦ ਕੰਮ ਰੋਕ ਦਿੱਤਾ (ਦਸੰਬਰ 2016), ਜਦੋਂ ਕਿ ਹੋਰ ਪਹੁੰਚਾਂ ਤੇ ਕੇਵਲ ਗਰੈਨੂਲਰ ਸਬ ਬੇਸ (ਜੀ ਐਸ ਬੀ) ਅਤੇ ਸਟੋਨ ਮੈਟਲ ਹੀ ਵਿਛਾਇਆ ਗਿਆ ਸੀ ਅਤੇ ਠੇਕੇਦਾਰ ਨੂੰ ₹ 3.34 ਕਰੋੜ ਦੀ ਅਦਾਇਗੀ ਕਰ ਦਿੱਤੀ ਗਈ ਸੀ। ਮੁਕੰਮਲ ਕੀਤੀ ਸੜ੍ਹਕ ਇੱਕਸਾਰ ਲੰਬਾਈ ਵਿੱਚ ਨਹੀਂ ਸੀ ਬਲਕਿ ਵੱਖ ਵੱਖ ਪਹੁੰਚਾਂ[27] ਵਿੱਚ ਸੀ। ਇਸ ਲਈ ਇਹ ਨਾ ਤਾਂ ਯਾਤਰੀਆਂ ਨੂੰ ਨਿਰਵਿਘਨ ਯਾਤਰਾ ਮੁਹਈਆ ਕਰਵਾ ਰਹੀ ਸੀ ਅਤੇ ਨਾ ਹੀ ਜਰਗ-ਖੰਨਾ ਦੇ ਖੇਤਰ ਨੂੰ ਛੋਟਾ ਮਾਰਗ ਮੁਹੱਈਆ ਕਰਵਾਇਆ ਗਿਆ ਸੀ ਜਿਹੜਾ ਕਿ ਇਸ ਕੰਮ ਦਾ ਮੁੱਖ ਉਦੇਸ਼ ਸੀ। ਇਸ ਕੰਮ ਤੇ

[26] 15.80 ਕਿ. ਮੀ. ਦੀ ਮੁੜ ਉਸਾਰੀ ਕਰਨਾ ਅਤੇ 10.63 ਕਿ. ਮੀ. ਨੂੰ ਚੌੜਾ ਤੇ ਮਜਬੂਤ ਕਰਨਾ।

[27] ਆਰ ਡੀਜ਼ 100-1400, 3500-4123,4140-4545,4600-6068,6717-7217,8060-9727 ਅਤੇ 11718-15261(9.506 ਕਿ. ਮੀ.) ਵਿੱਚ ਪੀ ਸੀ ਅਤੇ ਸੀਲ ਕੋਟ ਵਿਛਾਇਆ ਗਿਆ ਸੀ।

₹ 3.61 ਕਰੋੜ[28] ਖਰਚਣ ਦੇ ਬਾਵਜੂਦ, ਜੰਗਲਾਤ ਵਿਭਾਗ ਤੋਂ ਕਲੀਰੈਂਸ ਨਾ ਮਿਲਣ ਕਰਕੇ, ਇਸ ਕੰਮ ਦੇ ਪੂਰਾ ਹੋਣ ਦੀ ਤੈਅਸ਼ੁਦਾ ਮਿਤੀ ਤੋਂ ਚਾਰ ਸਾਲ ਬੀਤ ਜਾਣ ਤੋਂ ਬਾਅਦ ਵੀ ਵੱਖ ਵੱਖ ਪਹੁੰਚਾਂ[29] ਤੇ ਇਹ ਕੰਮ ਅਧੂਰਾ ਪਿਆ ਸੀ (ਨਵੰਬਰ 2020), ਜਿਸ ਕਰਕੇ ਪਬਲਿਕ ਨੂੰ ਛੋਟਾ ਮਾਰਗ ਅਤੇ ਨਿਰਵਿਘਨ ਆਵਾਜਾਈ ਲਈ ਸਰਫੇਸ ਪ੍ਰਦਾਨ ਕਰਨ ਦਾ ਮੁੱਖ ਉਦੇਸ਼ ਪ੍ਰਾਪਤ ਨਹੀਂ ਹੋ ਸਕਿਆ (ਜਿਵੇਂ ਕਿ ਹੇਠਾਂ ਤਸਵੀਰਾਂ ਵਿੱਚ ਦਰਸਾਇਆ ਗਿਆ ਹੈ)।




ਆਰ ਡੀ-26000




ਆਰ ਡੀ -20360

ਵਿਭਾਗ ਨੇ ਏ ਏ ਅਤੇ ਟੀ ਐਸ ਤੋਂ ਪਹਿਲਾਂ ਟੈਂਡਰ ਮੰਗਣ ਦੀ ਖਾਮੀ ਨੂੰ ਮੰਨਿਆ (ਦਸੰਬਰ 2019) ਅਤੇ ਕਿਹਾ ਕਿ ਟੈਂਡਰ ਮੁੱਖ ਇੰਜਨੀਅਰ ਵਲੋਂ ਹਦਾਇਤਾਂ ਦੇਣ ਤੇ ਮੰਗੇ ਗਏ ਸਨ। ਅੱਗੇ ਇਹ ਵੀ ਕਿਹਾ ਗਿਆ (ਨਵੰਬਰ 2020) ਕਿ ਸੜ੍ਹਕ ਹੁਣ ਤੱਕ ਅਧੂਰੀ ਪਈ ਸੀ ਅਤੇ ਸੜ੍ਹਕ ਦਾ ਬਾਕੀ ਰਹਿੰਦਾ ਕੰਮ ਫਿਰ ਤੋਂ ਸ਼ੁਰੂ ਕਰਨ ਲਈ ਵਿਭਾਗ ਕੋਲ ਕੋਈ ਯੋਜਨਾ ਨਹੀਂ ਸੀ ਕਿਉਂਜੋ ਸਬੰਧਤ ਵਿਭਾਗ ਵਲੋਂ ਜੰਗਲਾਤ ਕਲੀਰੈਂਸ ਸਰਟੀਫਿਕੇਟ ਨਹੀਂ ਦਿੱਤਾ ਗਿਆ ਸੀ।

ਇੰਜ, ਵਿਭਾਗ ਵਲੋਂ ਕੰਮ ਅਵਾਰਡ ਕਰਨ ਤੋਂ ਪਹਿਲਾ ਭਾਰ ਮੁਕਤ ਸਾਈਟ ਨੂੰ ਯਕੀਨੀ ਬਣਾਉਣ ਦੀ ਅਸਫਲਤਾ ਦੇ ਨਾਲ ਨਾਲ ਕੰਮ ਅਲਾਟ ਕਰਨ ਵਿੱਚ ਕੋਡਲ ਉਪਬੰਧਾਂ ਦੀ ਪਾਲਣਾ ਨਾ ਕਰਨ ਦੇ ਸਿੱਟੇ ਵਜੋਂ ₹ 3.61 ਕਰੋੜ ਖਰਚਣ ਦੇ ਬਾਵਜੂਦ ਕੰਮ ਮੁਕੰਮਲ ਨਾ ਹੋ ਸਕਣ ਤੋਂ ਇਲਾਵਾ ਜਰਗ-ਖੰਨਾ ਖੇਤਰ ਦੇ ਲੋਕਾਂ ਨੂੰ ਛੋਟੇ ਮਾਰਗ ਤੋਂ ਵੀ ਵਾਂਝੇ ਰੱਖਿਆ ਗਿਆ।

ਇਹ ਮਾਮਲਾ ਅਕਤੂਬਰ 2019 ਵਿੱਚ ਸਰਕਾਰ ਨੂੰ ਭੇਜ ਦਿਤਾ ਗਿਆ ਸੀ; ਉਨ੍ਹਾਂ ਵੱਲੋਂ ਉੱਤਰ ਦੀ ਉਡੀਕ ਸੀ (ਦਸੰਬਰ 2020)।

**ਸਿਫਾਰਸ਼: ਵਿਭਾਗ ਨੂੰ ਚਾਹੀਦਾ ਹੈ ਕਿ ਕੰਮ ਨੂੰ ਸਮੇਂ ਤੇ ਮੁਕੰਮਲ ਕਰਨ ਲਈ ਕੰਮ ਅਲਾਟ ਕਰਨ ਤੋਂ ਪਹਿਲਾਂ ਭਾਰ ਮੁਕਤ ਸਾਈਟ ਦੀ ਉਪਲੱਬਧਤਾ ਨੂੰ ਯਕੀਨੀ ਬਣਾਏ।**

---

28 ₹ 3.34 ਕਰੋੜ ਠੇਕੇਦਾਰ ਨੂੰ ਅਦਾਇਗੀ ਕੀਤੀ ਅਤੇ ₹ 0.27 ਕਰੋੜ ਪਰੋਸੈਸਿੰਗ ਚਾਰਜਿਜ਼ ਵਜੋਂ ਵਣ ਵਿਭਾਗ ਕੋਲ ਜਮ੍ਹਾਂ ਕਰਵਾਏ ਗਏ ਸਨ।

29 ਆਰ ਡੀਜ਼ 0-100, 1400-3500, 4123-4140, 4545-4600, 6068-6717, 7217-8060, 9727-11718 ਅਤੇ 15261-26430

## ਮਾਲ, ਮੁੜ–ਵਸੇਬਾ ਅਤੇ ਆਫਤ ਪ੍ਰਬੰਧਨ ਵਿਭਾਗ

### 3.6 ਰਾਜ ਆਫਤ ਰਿਸਪੌਂਸ ਫੰਡ ਵਿਚੋਂ ਵਿੱਤੀ ਸਹਾਇਤਾ ਦੀ ਵੱਧ ਅਦਾਇਗੀ

**ਵਿਭਾਗ ਵੱਲੋਂ ਰਾਜ ਆਫਤ ਰਿਸਪੌਂਸ ਫੰਡ ਵਿੱਚੋਂ, ਕਿਸਾਨਾਂ ਨੂੰ ਪ੍ਰਭਾਵਿਤ ਹੋਈ ਜਮੀਨ ਦੇ ਪ੍ਰਤੀ ਕਿਸਾਨ ਵੱਧ ਤੋਂ ਵੱਧ ਦੋ ਹੈਕਟੇਅਰ ਦੀ ਸੀਮਾ ਦੀ ਸ਼ਰਤ ਤੇ ਇਨਪੁਟ ਸਬਸਿਡੀ ਮੁਹੱਈਆ ਕਰਾਉਣ ਦੇ ਸਬੰਧ ਵਿੱਚ ਸਹਾਇਤਾ ਦੇ ਮਾਪਦੰਡਾਂ ਦੀ ਪਾਲਣਾ ਨਾ ਕਰਨ ਦੇ ਸਿੱਟੇ ਵਜੋਂ ₹ 1.38 ਕਰੋੜ ਦੀ ਵਿੱਤੀ ਸਹਾਇਤਾ ਦੀ ਵੱਧ ਅਦਾਇਗੀ ਹੋਈ।**

ਭਾਰਤ ਸਰਕਾਰ (ਜੀ ਓ ਆਈ) ਦੇ ਗ੍ਰਹਿ ਮਾਮਲਿਆਂ ਦੇ ਮੰਤਰਾਲੇ ਵਲੋਂ 2015–2020 ਦੇ ਸਮੇਂ ਦੌਰਾਨ ਕੁਦਰਤੀ ਆਫਤਾਂ ਦੇ ਮੱਦੇ ਨਜ਼ਰ ਰਾਜ ਆਫਤ ਰਾਹਤ ਫੰਡ[30] (ਐਸ ਡੀ ਆਰ ਐਫ) ਤੋਂ ਸਹਾਇਤਾ ਦੀਆਂ ਆਈਟਮਾਂ ਅਤੇ ਮਾਪਦੰਡਾਂ ਦੇ ਸਬੰਧ ਵਿੱਚ ਸੋਧੇ ਹੋਏ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ (ਅਪ੍ਰੈਲ 2015)। ਇਨ੍ਹਾਂ ਸੋਧੇ ਹੋਏ ਮਾਪਦੰਡਾਂ ਵਿੱਚ ਹੋਰ ਗੱਲਾਂ ਦੇ ਨਾਲ–ਨਾਲ ਭਰੋਸੇਯੋਗ ਸਿੰਜਾਈ ਹੇਠਲੇ ਖੇਤਰ ਵਿੱਚ ₹ 13,500 ਪ੍ਰਤੀ ਹੈਕਟੇਅਰ ਦੀ ਵਿੱਤੀ ਸਹਾਇਤਾ ਇਨਪੁਟ ਸਬਸਿਡੀ ਵਜੋ ਦੇਣ ਦੀ ਵਿਵਸਥਾ ਹੈ, ਬਸ਼ਰਤੇ ਕਿ ਜਿੱਥੇ ਫਸਲ ਦਾ ਨੁਕਸਾਨ 33 *ਪ੍ਰਤੀਸ਼ਤ* ਜਾਂ ਇਸ ਤੋ ਵੱਧ ਹੋਵੇ, ਉੱਥੇ ਕਿਸਾਨਾਂ ਨੂੰ ਘੱਟੋ ਘੱਟ ਸਹਾਇਤਾ ₹ 1,000 (ਬਿਜਾਈ ਵਾਲੇ ਖੇਤਰ ਤੱਕ ਸੀਮਤ), ਤੋਂ ਘੱਟ ਨਾ ਹੋਵੇ ਅਤੇ ਪ੍ਰਤੀ ਕਿਸਾਨ ਦੋ ਹੈਕਟੇਅਰ ਦੀ ਸੀਮਾ (ਭਾਵ ₹ 27,000 ਪ੍ਰਤੀ ਕਿਸਾਨ) ਤੋਂ ਵੱਧ ਨਾ ਹੋਵੇ।

ਡਿਪਟੀ ਕਮਿਸ਼ਨਰ (ਡੀ ਸੀ) ਬਰਨਾਲਾ ਦੇ ਦਫਤਰ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ (ਅਗਸਤ 2018) ਕਿ ਮਾਰਚ 2017 ਵਿੱਚ ਬਰਨਾਲਾ ਜਿਲ੍ਹੇ ਦੀਆਂ ਦੋ ਤਹਿਸੀਲਾਂ ਦੇ ਛੇ ਪਿੰਡਾਂ ਦੇ 742 ਕਿਸਾਨਾਂ (ਤਪਾ: 419 ਬਰਨਾਲਾ: 323) ਦੀ 5,412 ਏਕੜ, 6 ਕਨਾਲ 13 ਮਰਲੇ ਜਮੀਨ[31] ਵਿੱਚ ਬੀਜੀ ਫਸਲ ਦੀ ਉਪਜ ਦਾ 33 ਤੋਂ 75 *ਪ੍ਰਤੀਸ਼ਤ* ਤੱਕ ਭਾਰੀ ਮੀਂਹ/ ਗੜਿਆ ਕਾਰਨ ਨੁਕਸਾਨਿਆ ਗਿਆ ਸੀ। ਡੀ ਸੀ ਬਰਨਾਲਾ ਨੇ ਉਪ ਮੰਡਲ ਮਜਿਸਟ੍ਰੇਟ (ਐਸ ਡੀ ਐਮ) ਤਪਾ ਅਤੇ ਬਰਨਾਲਾ ਦੁਆਰਾ ਭੇਜੀਆਂ ਰਿਪੋਰਟਾਂ ਦੇ ਅਧਾਰ ਤੇ ਕਿਸਾਨਾਂ ਨੂੰ ਸਹਾਇਤਾ ਦੇਣ ਲਈ ₹ 2.92 ਕਰੋੜ[32] ਦੇ ਫੰਡਾਂ ਦੀ ਮੰਗ ਕੀਤੀ (ਸਤੰਬਰ 2017)। ਮਾਲ, ਮੁੜ–ਵਸੇਬਾ ਅਤੇ ਆਫਤ ਪ੍ਰਬੰਧਨ ਵਿਭਾਗ (ਵਿਭਾਗ) ਵਲੋਂ ਐਸ ਡੀ ਆਰ ਐਫ ਵਿੱਚੋਂ ₹ 2.92 ਕਰੋੜ ਮਨਜੂਰ ਕੀਤੇ ਗਏ (ਨਵੰਬਰ 2017), ਜਿਸ ਦੀ ਕਿ ਡੀ ਸੀ ਬਰਨਾਲਾ ਦੁਆਰਾ ਸਾਰੇ ਪ੍ਰਭਾਵਿਤ ਕਿਸਾਨਾਂ ਨੂੰ ਅਦਾਇਗੀ ਕਰ ਦਿੱਤੀ ਗਈ (ਮਾਰਚ 2018)।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਕਿਸਾਨਾਂ ਨੂੰ ਇਨਪੁੱਟ ਸਬਸਿਡੀ ਵਜੋਂ ਸਹਾਇਤਾ ਅਦਾਇਗੀ ਦੇ ਸਬੰਧ ਵਿੱਚ ਪ੍ਰਤੀ ਕਿਸਾਨ ਦੋ ਹੈਕਟੇਅਰ ਦੀ ਪ੍ਰਭਾਵਿਤ ਜਮੀਨ (ਭਾਵ ₹ 27,000 ਪ੍ਰਤੀ ਕਿਸਾਨ) ਦੀ ਵੱਧ ਤੋ ਵੱਧ ਸੀਮਾ ਤੱਕ ਐਸ ਡੀ ਆਰ ਐਫ ਤੋਂ ਸਹਾਇਤਾ ਦੇਣ ਦੇ ਇਨ੍ਹਾਂ ਮਾਪਦੰਡਾਂ ਦੀ

---

30 ਐਸ ਡੀ ਆਰ ਐਫ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ,ਐਸ ਡੀ ਆਰ ਐਫ ਵਿੱਚ ਭਾਰਤ ਸਰਕਾਰ ਅਤੇ ਰਾਜ ਸਰਕਾਰ ਦੁਆਰਾ 75:25 ਦੀ ਰੇਸ਼ੋ ਵਿੱਚ ਯੋਗਦਾਨ ਦਿੱਤਾ ਜਾਂਦਾ ਹੈ।

31 ਤਹਿਸੀਲ ਬਰਨਾਲਾ:(i) ਚੰਨਣਵਾਲ:1,066 ਏਕੜ; (ii) ਛੀਨੀਵਾਲ ਕਲਾਂ (ਏ ਅਤੇ ਬੀ) : 1,420 ਏਕੜ; (iii) ਚੱਕ ਰੋਹੀ: 214 ਏਕੜ; ਅਤੇ ਤਹਿਸੀਲ ਤਪਾ: (iv) ਭੋਤਨਾ: 1,618 ਏਕੜ 1 ਕਨਾਲ 11 ਮਰਲਾ; (v) ਟਾਲੇਵਾਲ (ਏ ਅਤੇ ਬੀ): 800 ਏਕੜ 8 ਮਰਲਾ; ਅਤੇ (vi) ਬੈਹਲਾ ਖੁਰਦ: 294 ਏਕੜ 4 ਕਨਾਲ 14 ਮਰਲਾ।

32 ਵਿਭਾਗ ਵੱਲੋ ₹ 5,400/– ਪ੍ਰਤੀ ਏਕੜ ਦੀ ਦਰ ਨਾਲ ਆਂਕਿਆ ਗਿਆ ਹੈ ।

ਸਹਾਇਤਾ ਦੇ ਕਲੇਮ ਤਿਆਰ ਕਰਨ ਵੇਲੇ ਅਤੇ ਇਸ ਦੀ ਅਦਾਇਗੀ ਕਰਨ ਵੇਲੇ ਨਾ ਤਾਂ ਡੀ ਸੀ ਦੁਆਰਾ ਤੇ ਨਾ ਹੀ ਵਿਭਾਗ ਦੁਆਰਾ ਪਾਲਣਾ ਕੀਤੀ ਗਈ ਸੀ। ਸਿੱਟੇ ਵਜੋਂ, ਸਾਰੇ 742 ਕਿਸਾਨਾਂ ਨੂੰ ਉਨ੍ਹਾਂ ਦੀ ਅਸਲ ਪ੍ਰਭਾਵਿਤ ਜਮੀਨ ਅਨੁਸਾਰ ਵਿੱਤੀ ਸਹਾਇਤਾ ਦੀ ਅਦਾਇਗੀ ਕੀਤੀ ਗਈ ਸੀ, ਜਿਸ ਵਿੱਚ ਦੋ ਹੈਕਟੇਅਰ ਤੋਂ ਵੱਧ ਜਮੀਨ ਵਾਲੇ 369 ਕਿਸਾਨ ਸ਼ਾਮਲ ਸਨ। ਇਸ ਦੇ ਨਤੀਜੇ ਵਜੋਂ ਐਸ ਡੀ ਆਰ ਐਫ ਵਿੱਚੋਂ ਉਪਰੋਕਤ ਮਾਪਦੰਡਾਂ ਦੀ ਉਲੰਘਣਾ ਵਿੱਚ 369 ਕਿਸਾਨਾਂ ਨੂੰ ₹ 1.38 ਕਰੋੜ[33] ਦੀ ਵਿੱਤੀ ਸਹਾਇਤਾ ਦੀ ਵੱਧ ਅਦਾਇਗੀ ਕੀਤੀ ਗਈ।

ਡੀ ਸੀ ਬਰਨਾਲਾ ਨੇ ਕਿਹਾ (ਅਗਸਤ 2018 ਅਤੇ ਦਸੰਬਰ 2020) ਕਿ ਸਬੰਧਤ ਐਸ ਡੀ ਐਮਜ਼ ਤੋਂ ਰਿਪੋਰਟਾਂ ਲਈਆਂ ਜਾਣਗੀਆਂ ਅਤੇ ਉਸ ਅਨੁਸਾਰ ਵਸੂਲੀ ਕੀਤੀ ਜਾਵੇਗੀ। ਵਿਭਾਗ ਵਲੋਂ ਅਗਲੀ ਕਾਰਵਾਈ/ਉੱਤਰ ਦੀ ਉਡੀਕ ਸੀ।

ਇਹ ਮਾਮਲਾ ਜੂਨ 2019 ਵਿੱਚ ਸਰਕਾਰ ਨੂੰ ਭੇਜਿਆ ਗਿਆ ਸੀ; ਉਨ੍ਹਾਂ ਵੱਲੋਂ ਉੱਤਰ ਦੀ ਉਡੀਕ ਸੀ (ਦਸੰਬਰ 2020)।

**ਸਿਫਾਰਸ਼ਃ ਰਾਜ ਸਰਕਾਰ ਕਿਸਾਨਾਂ ਨੂੰ ਵੱਧ ਵਿੱਤੀ ਸਹਾਇਤਾ ਵੰਡਣ ਲਈ ਸਬੰਧਤ ਕਰਮਚਾਰੀਆਂ ਦੀ ਜਿੰਮੇਵਾਰੀ ਤੈਅ ਕਰ ਸਕਦੀ ਹੈ ਅਤੇ ਐਸ ਡੀ ਆਰ ਐਫ ਤੋਂ ਸਹਾਇਤਾ ਦੇ ਮੌਜੂਦਾ ਮਿਆਰਾਂ ਦੀ ਸਖਤ ਪਾਲਣਾ ਨੂੰ ਯਕੀਨੀ ਬਣਾ ਸਕਦੀ ਹੈ।**

## ਸਕੂਲ ਸਿੱਖਿਆ ਅਤੇ ਵਿੱਤ ਵਿਭਾਗ

### 3.7 ਸ਼ੱਕੀ ਧੋਖਾਧੜੀ ਨਾਲ ਤਨਖਾਹ ਤੇ ਭੱਤੇ ਕਢਵਾਉਣਾ ਅਤੇ ਅਦਾਇਗੀ ਕਰਨਾ

**ਪੰਜਾਬ ਵਿੱਤੀ ਨਿਯਮਾਵਲੀ ਅਤੇ ਪੰਜਾਬ ਖਜਾਨਾ ਨਿਯਮਾਵਲੀ ਅਧੀਨ ਲੋੜੀਂਦੇ ਕੰਟਰੋਲਾਂ ਅਨੁਸਾਰ ਖਜਾਨੇ ਨੂੰ ਪੇਸ਼ ਕੀਤੇ ਬਿਲਾਂ ਦੀ ਨਿਰਧਾਰਤ ਜਾਂਚ ਕਰਨ ਵਿੱਚ ਡਰਾਇੰਗ ਅਤੇ ਡਿਸਬਰਸਿੰਗ ਅਫਸਰਾਂ ਅਤੇ ਖਜਾਨਾ ਅਫਸਰਾਂ ਦੀ ਅਸਫਲਤਾ ਅਤੇ ਇਸ ਦੇ ਨਾਲ ਨਾਲ ਆਈ ਐਫ ਐਮ ਐਸ ਵਿੱਚ ਕਰਮਚਾਰੀਆਂ ਦੇ ਮਾਸਟਰ ਡਾਟਾ ਦੀ ਮੈਪਿੰਗ ਨਾ ਹੋਣ ਦੇ ਨਤੀਜੇ ਵਜੋਂ ਸਰਕਾਰੀ ਹਾਈ ਸਕੂਲ ਕੁਲਗਰਾਂ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਜੋਲਾ ਵਿੱਚ ਸ਼ੱਕੀ ਧੋਖਾਧੜੀ ਨਾਲ ₹ 1.16 ਕਰੋੜ ਦੀ ਰਾਸ਼ੀ ਦੇ ਤਨਖਾਹ ਅਤੇ ਭੱਤੇ ਕਢਵਾਏ ਗਏ ਅਤੇ ਅਦਾਇਗੀ ਕੀਤੀ ਗਈ।**

ਪੰਜਾਬ ਵਿੱਤੀ ਨਿਯਮਾਵਲੀ (ਪੀ ਐਫ ਆਰ) ਭਾਗ-1 ਦਾ ਨਿਯਮ 2.2 (ii ਤੇ iii) ਅਤੇ 2.31 (ਏ) ਇਹ ਵਿਵਸਥਾ ਕਰਦੇ ਹਨ ਕਿ ਕਿਸੇ ਵੀ ਵੱਧ ਖਰਚੇ, ਧੋਖਾਧੜੀ ਅਤੇ ਕੁਵਰਤੋਂ ਲਈ ਤਨਖਾਹ, ਭੱਤੇ, ਕੰਟੀਜੈਂਟ ਅਤੇ ਹੋਰ ਖਰਚੇ ਲਈ ਬਿਲ ਡਰਾਅ ਕਰਨ ਵਾਲੇ ਨੂੰ ਜਿੰਮੇਵਾਰ ਠਹਿਰਾਇਆ ਜਾਵੇਗਾ। ਇਸ ਲਈ, ਉਸ ਨੂੰ ਚਾਹੀਦਾ ਹੈ ਕਿ ਉਹ ਕਿਸੇ ਵੀ ਹੇਰ ਫੇਰ ਦੀ ਕੋਸ਼ਿਸ਼ ਦੀ ਤੁਰੰਤ ਸੂਹ ਲਾਉਣ ਲਈ ਲੋੜੀਦੀਆਂ ਵੱਖ ਵੱਖ ਵਿੱਤੀ ਪਰਖਾਂ ਬਾਰੇ ਆਪਣੇ ਆਪ ਨੂੰ ਪੂਰੀ ਤਰਾਂ ਜਾਣੂ ਰੱਖੇ। ਸਾਰੇ ਵਿੱਤੀ ਕਾਰਵਿਹਾਰ ਉਸੇ ਸਮੇ ਕੈਸ਼ ਬੁੱਕ ਵਿੱਚ ਦਰਜ ਕਰ ਲੈਣੇ ਚਾਹੀਦੇ ਹਨ ਜਿਸ ਸਮੇਂ ਇਹ ਕੀਤੇ ਗਏ ਹੋਣ ਅਤੇ ਦਫਤਰ ਦੇ ਮੁਖੀ ਵੱਲੋਂ ਤਸਦੀਕ ਕੀਤੇ ਜਾਣੇ ਚਾਹੀਦੇ ਹਨ। ਕੈਸ਼ ਬੁੱਕ ਦੀ ਮੁਕੰਮਲ ਜਾਂਚ ਕਰਨੀ ਚਾਹੀਦੀ ਹੈ ਅਤੇ ਇਸ ਨੂੰ ਨਿਯਮਤ ਤੌਰ ਤੇ ਸਮੇਟਣਾ ਚਾਹੀਦਾ ਹੈ। ਦਫਤਰ ਦੇ ਮੁਖੀ ਨੂੰ ਚਾਹੀਦਾ ਹੈ ਕਿ ਕੈਸ਼ ਬੁੱਕ ਦੇ ਜੋੜਾਂ ਦੀ ਪੜਤਾਲ ਕਰੇ ਜਾਂ ਕੈਸ਼ ਬੁੱਕ ਲਿਖਣ

[33] ਤਪਾ: ₹ 64,62,489 (185 ਕਿਸਾਨ) ਅਤੇ ਬਰਨਾਲਾ: ₹ 73,06,511 (184 ਕਿਸਾਨ)।

ਵਾਲੇ ਤੋਂ ਇਲਾਵਾ ਕਿਸੇ ਹੋਰ ਜ਼ਿੰਮੇਵਾਰ ਸਬਾਰਡੀਨੇਟ ਕੋਲੋਂ ਇਹ ਕਰਵਾਏ ਅਤੇ ਇਸਦੇ ਸਹੀ ਹੋਣ ਵਜੋਂ ਇਨੀਸ਼ੀਅਲ ਕਰੇ। ਇਹ ਦੇਖਣ ਲਈ ਕਿ ਖਜਾਨੇ ਵਿੱਚੋਂ ਕਢਵਾਈਆਂ ਗਈਆਂ ਸਾਰੀਆਂ ਰਕਮਾਂ ਕੈਸ਼ ਬੁੱਕ ਵਿੱਚ ਦਰਜ ਹੋ ਚੁੱਕੀਆਂ ਹਨ, ਦਫਤਰ ਦੇ ਮੁਖੀ ਨੂੰ ਚਾਹੀਦਾ ਹੈ ਕਿ ਉਹ ਹਰ ਮਹੀਨੇ ਦੀ 15 ਤਰੀਕ ਤੱਕ ਪਿਛਲੇ ਮਹੀਨੇ ਦੌਰਾਨ ਕਢਵਾਏ ਗਏ ਸਾਰੇ ਬਿਲਾਂ ਦੀ ਸੂਚੀ ਖਜਾਨਾ ਅਫਸਰ (ਟੀ ਓ) ਤੋਂ ਹਾਸਲ ਕਰੇ ਅਤੇ ਸਾਰੀਆਂ ਰਕਮਾਂ ਦੇ ਕੈਸ਼ ਬੁੱਕ ਵਿੱਚ ਇੰਦਰਾਜ ਕੀਤੇ ਹੋਣ ਦਾ ਪਤਾ ਲਗਾਏ। ਅਗੇ, ਪੰਜਾਬ ਖਜਾਨਾ ਨਿਯਮਾਵਲੀ (ਪੀ ਟੀ ਆਰ) ਭਾਗ–I ਦਾ ਨਿਯਮ 192 ਇਹ ਵਿਵਸਥਾ ਕਰਦਾ ਹੈ ਕਿ ਪੈਸੇ ਦੇ ਕਲੇਮ ਲਈ ਜੇਕਰ ਖਜਾਨੇ ਨੂੰ ਪੇਸ਼ ਕੀਤਾ ਗਿਆ ਬਿਲ ਪੜਤਾਲ ਉਪਰੰਤ ਹੋਰ ਕਮੀਆਂ ਸਮੇਤ, ਅੰਕਗਣਿਤਕ ਤੌਰ ਤੇ ਜਾਂ ਜੋੜ ਵਿੱਚ ਸਹੀ ਨਹੀਂ ਪਾਇਆ ਜਾਂਦਾ ਤਾਂ ਉਸ ਬਿਲ ਨੂੰ ਭੁਗਤਾਨ ਲਈ ਪਾਸ ਨਹੀਂ ਕੀਤਾ ਜਾਵੇਗਾ ਬਲਕਿ ਠੀਕ ਕਰਨ ਲਈ ਡਰਾਇੰਗ ਅਤੇ ਡਿਸਬਰਸਿੰਗ ਅਫਸਰ (ਡੀ ਡੀ ਓ) ਨੂੰ ਵਾਪਸ ਭੇਜਿਆ ਜਾਵੇਗਾ। ਨਿਯਮ 192 ਹੇਠਾਂ ਦਿੱਤਾ ਨੋਟ 1 ਵਿਵਸਥਾ ਕਰਦਾ ਹੈ ਕਿ ਖਜਾਨਾ ਅਫਸਰ ਇਹ ਯਕੀਨੀ ਬਣਾਏਗਾ ਕਿ ਬਿਲ ਵਿਚਲੀ ਅੰਕਗਣਿਤਕ ਆਂਕਣਾਂ ਦੀ ਚੰਗੀ ਤਰ੍ਹਾਂ ਜਾਂਚ ਕਰ ਲਈ ਗਈ ਹੈ।

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਦੀ ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਨਾਨ–ਪੀ ਐਸ ਯੂਜ਼) ਦੀ 31 ਮਾਰਚ 2016 ਨੂੰ ਸਮਾਪਤ ਹੋਏ ਸਾਲ ਦੀ ਰਿਪੋਰਟ (ਪੈਰ੍ਹਾ 2.2.6.3(i) (ਬੀ)) ਵਿੱਚ ਇਸਦਾ ਜਿਕਰ ਕੀਤਾ ਗਿਆ ਸੀ ਜਿਸ ਵਿੱਚ ਖਾਤਾ ਨੰਬਰ ਦੀ ਤਨਖਾਹ ਨਾਲ ਵਨ ਟੂ ਵਨ ਮੈਪਿੰਗ ਨੂੰ ਯਕੀਨੀ ਬਣਾਉਣ ਲਈ ਇੰਟੀਗ੍ਰੇਟਿਡ ਫਾਇਨਾਸ਼ੀਅਲ ਮਨੇਜਮੈਂਟ ਸਿਸਟਮ[34] (ਆਈ ਐਫ ਐਮ ਐਸ) ਵਿੱਚ ਕਰਮਚਾਰੀਆਂ ਦੇ ਮਾਸਟਰ ਡਾਟਾ ਨੂੰ ਕੈਪਚਰ ਕਰਨ ਦੀ ਕੋਈ ਵਿਵਸਥਾ ਨਾ ਹੋਣ ਅਤੇ ਇਸ ਤਰ੍ਹਾਂ ਤਨਖਾਹ ਦੇ ਧੋਖਾਧੜੀ/ਦੋ ਵਾਰ ਕਢਵਾਏ ਜਾਣ ਦੇ ਜੋਖਮ ਵਿੱਚ ਵਾਧਾ ਹੋਣ ਨੂੰ ਉਜਾਗਰ ਕੀਤਾ ਗਿਆ ਸੀ।

(**i**) ਪ੍ਰਿੰਸੀਪਲ, ਸਰਕਾਰੀ ਹਾਈ ਸਕੂਲ[35] (ਜੀ ਐਚ ਐਸ), ਕੁਲਗਰਾਂ ਜਿਲ੍ਹਾ ਰੋਪੜ ਦੇ ਰਿਕਾਰਡ ਦੀ ਨਮੂਨਾ ਜਾਂਚ (ਮਾਰਚ 2020) ਨੇ ਦਰਸਾਇਆ ਕਿ ਪ੍ਰਿੰਸੀਪਲ (ਡੀ ਡੀ ਓ) ਵਲੋਂ ਬਿਲ ਕਲਰਕ ਦੁਆਰਾ ਤਿਆਰ ਕੀਤੇ ਗਏ ਵੱਖ ਵੱਖ ਬਿਲ ਭੁਗਤਾਨ ਕਰਵਾਉਣ ਲਈ ਆਈ ਐਫ ਐਮ ਐਸ ਰਾਹੀ ਆਨਲਾਈਨ ਪੇਸ਼ ਕੀਤੇ ਜਾ ਰਹੇ ਸਨ। ਲੇਖਾ ਪ੍ਰੀਖਿਆ ਨੇ ਵੇਖਿਆ[36] ਕਿ ਆਈ ਐਫ ਐਮ ਐਸ ਰਾਹੀਂ ਆਨਲਾਈਨ ਪੇਸ਼ ਕੀਤੇ (ਦਸੰਬਰ 2015–ਨਵੰਬਰ 2019) 68 ਬਿਲਾਂ ਵਿੱਚ, ਹਰੇਕ ਬਿਲ ਦੀ ਕੁੱਲ ਰਕਮ ਉੱਥੋਂ ਬਦਲੀ ਹੋ ਚੁੱਕੇ/ ਸੇਵਾ ਮੁਕਤ/ਸੇਵਾ ਨਿਭਾਅ ਰਹੇ ਕਰਮਚਾਰੀਆਂ ਦੇ ਨਾਂਵਾਂ ਦੇ ਸਾਹਮਣੇ ਨਾ ਅਦਾਇਗੀਯੋਗ ਰਕਮਾਂ ਇੰਦਰਾਜ ਕਰਕੇ, ਬਿਲ ਤਿਆਰ ਕਰਨ ਵਾਲੇ ਬਿਲ ਕਲਰਕ ਦੇ ਬੈਂਕ ਖਾਤਿਆਂ ਸਮੇਤ, ਅਸਲ ਨਾਲੋਂ ਵੱਧ ਦਰਸਾਈ ਗਈ ਸੀ। ਜਦੋਂਕਿ ਬਿਲਾਂ ਦੀਆਂ ਹਾਰਡ ਕਾਪੀਆਂ ਖਜਾਨੇ ਵਿੱਚ ਪੇਸ਼ ਕਰਨ ਸਮੇਂ ਭਾਵੇਂ ਸਬੰਧਤ ਬਿਲਾਂ ਨਾਲ ਲਗਾਈਆ ਵਿਵਰਣੀਆਂ ਵਿੱਚ ਜਾਇਜ਼ ਕਰਮਚਾਰੀਆਂ ਦੇ ਨਾਂਅ ਅਤੇ ਉਨ੍ਹਾਂ ਦੀਆਂ ਬਣਦੀਆਂ ਤਨਖਾਹਾਂ ਸ਼ਾਮਲ ਕੀਤੀਆਂ ਗਈਆਂ ਸਨ ਪ੍ਰੰਤੂ ਬਿਲਾਂ ਦੀ ਕੁੱਲ ਰਕਮ ਜਾਣ ਬੁੱਝ ਕੇ ਵਧਾ ਦਿੱਤੀ ਗਈ ਸੀ ਤਾਂ ਜੋ ਆਈ ਐਫ ਐਮ ਐਸ ਰਾਹੀ ਆਨਲਾਈਨ ਪੇਸ਼ ਕੀਤੇ ਬਿਲਾਂ ਨਾਲ ਮੇਲ ਖਾ ਸਕੇ। ਪ੍ਰੰਤੂ,

---

34 ਰਾਜ ਸਰਕਾਰ ਦੁਆਰਾ ਜਨਤਕ ਵਿੱਤੀ ਪ੍ਰਬੰਧਨ ਵਿੱਚ ਪਾਰਦਰਸ਼ਤਾ ਅਤੇ ਵਧੇਰੇ ਜਵਾਬਦੇਹੀ ਲਿਆਉਣ ਲਈ ਲਾਗੂ ਕੀਤੀ ਗਈ ਇਕ ਵੈੱਬ ਅਧਾਰਤ ਐਪਲੀਕੇਸ਼ਨ।

35 ਜੀ ਐਚ ਐਸ ਕੁਲਗਰਾਂ ਨਾਲ ਜੁੜੇ ਸਰਕਾਰੀ ਮਿਡਲ ਸਕੂਲ ਸਮੇਤ।

36 ਤਨਖਾਹ ਬਿਲਾਂ ਦੀਆਂ ਉਪਲੱਬਧ ਕਾਪੀਆਂ,ਬਿਲ ਟਰੈਕਿੰਗ ਰਿਪੋਰਟਾਂ, ਖਜਾਨੇ ਵੱਲੋ ਪਾਸ ਕੀਤੇ ਅਦਾਇਗੀ ਦੇ ਆਦੇਸ਼, ਜੀ ਐਚ ਐਸ ਕੁਲਗਰਾਂ ਦੇ ਤਨਖਾਹ ਰੋਲ ਉੱਤੇ ਉਪਲੱਬਧ ਕਰਮਚਾਰੀਆਂ ਦੀ ਸੂਚੀ, ਸਬੰਧਤ ਸਮੇ ਦੌਰਾਨ ਕੈਸ਼ ਬੁੱਕ ਵਿੱਚ ਇੰਦਰਾਜਾਂ ਆਦਿ ਦੀ ਜਾਂਚ।

ਡੀ ਡੀ ਓ ਨੇ ਪੇਅ ਬਿਲਾਂ ਨੂੰ ਖਜਾਨੇ ਵਿੱਚ ਜਮ੍ਹਾਂ ਕਰਾਉਣ ਤੋਂ ਪਹਿਲਾਂ ਅਤੇ ਖਜਾਨਾ ਅਧਿਕਾਰੀ (ਟੀ ਓ) ਨੇ ਅਦਾਇਗੀ ਦੇ ਆਦੇਸ਼ ਪਾਸ ਕਰਨ ਵੇਲੇ ਬਿਲਾਂ ਦੀ ਹਾਰਡ ਕਾਪੀ ਵਿੱਚ ਦਰਜ ਲੋੜੀਂਦੇ ਵੇਰਵੇ (ਕਰਮਚਾਰੀਆਂ ਦੇ ਨਾਂਅ ਅਤੇ ਸੰਖਿਆ, ਉਨ੍ਹਾਂ ਦੇ ਬੈਂਕ ਖਾਤਾ ਨੰਬਰ, ਵਿਅਕਤੀਗਤ ਰਕਮਾਂ ਦੇ ਜੋੜ ਆਦਿ) ਨੂੰ ਉਨਾਂ ਬਿਲਾਂ ਵਿੱਚ ਦਰਜ ਵੇਰਵਿਆਂ ਨਾਲ ਨਹੀਂ ਮਿਲਾਇਆ ਜੋ ਆਈ ਐਫ ਐਮ ਐਸ ਰਾਹੀ ਆਨਲਾਈਨ ਪੇਸ਼ ਕੀਤੇ ਗਏ ਸਨ। ਸਿੱਟੇ ਵਜੋਂ ਬਦਲੀ ਹੋ ਚੁੱਕੇ/ਸੇਵਾ ਮੁਕਤ/ਸੇਵਾ ਨਿਭਾ ਰਹੇ ਨੌਂ ਕਰਮਚਾਰੀਆਂ ਦੇ ਤਨਖਾਹ ਅਤੇ ਭੱਤਿਆਂ ਦੀ ₹ 81.29 ਲੱਖ ਦੀ ਰਾਸ਼ੀ ਧੋਖਾਧੜੀ ਨਾਲ ਖਜਾਨੇ ਵਿੱਚੋਂ ਕਢਵਾਈ ਗਈ ਅਤੇ ਇਹ ਰਕਮ ਦਸੰਬਰ 2015 ਤੋਂ ਦਸੰਬਰ 2019 ਦੇ ਸਮੇਂ ਦੌਰਾਨ ਬਿਲ ਕਲਰਕ ਦੇ ਦੋ ਬੈਂਕ ਖਾਤਿਆਂ[37] ਵਿੱਚ ਜਮ੍ਹਾ ਹੋਈ ਸੀ (***ਅੰਤਿਕਾ–1.9***)। ਬਿਲ ਕਲਰਕ ਨੇ ਕਿਸੇ ਹੋਰ ਸਕੂਲ[38] ਵਿੱਚ ਬਦਲੀ ਹੋ ਜਾਣ (ਅਗਸਤ 2018) ਤੋਂ ਬਾਅਦ ਵੀ ਬਿਨਾਂ ਕਿਸੇ ਸਮਰੱਥ ਅਧਿਕਾਰੀ ਦੇ ਆਦੇਸ਼ ਤੋਂ, ਦਸੰਬਰ 2019 ਵਿੱਚ ਨਵੇਂ ਕਲਰਕ ਦੇ ਜੁਆਇੰਨ ਕੀਤੇ ਜਾਣ ਤੱਕ ਜੀ ਐਚ ਐਸ ਕੁਲਗਰਾਂ ਦੇ ਬਿਲ ਤਿਆਰ ਕਰਨਾ ਜਾਰੀ ਰੱਖਿਆ।

ਅੱਗੇ, ਇਹ ਵੀ ਦੇਖਿਆ ਗਿਆ ਸੀ ਕਿ ਉਸੇ ਕਲਰਕ ਵਲੋਂ ਖਜਾਨੇ ਵਿੱਚੋਂ ਬਿਲ ਨੰ. 50, ਮਿਤੀ 28 ਸਤੰਬਰ 2019 ਰਾਹੀਂ ਇਕ ਸਾਇੰਸ ਅਧਿਆਪਕ (ਜਿਸ ਦਾ ਨਾਂਅ ਇਸਦੇ ਨਾਲ ਮਿਲਦਾ ਸੀ), ਜੋ ਜੀ ਐਚ ਐਸ, ਕੁਲਗਰਾਂ ਦੇ ਤਨਖਾਹ ਰੋਲ ਤੇ ਨਹੀਂ ਸੀ, ਦੇ ਨਾਂਅ ਤੇ ਇਕ ਫਰਜੀ ਮਨਜ਼ੂਰੀ ਬਣਾ ਕੇ, ਜੀ ਪੀ ਐਫ ਖਾਤਾ ਸੰਖਿਆ 77154 ਦੇ ਵਿਰੁੱਧ ਜੋ ਅਸਲ ਵਿੱਚ ਕਿਸੇ ਹੋਰ ਵਿਅਕਤੀ ਦਾ ਸੀ ਜੋਕਿ ਪਹਿਲਾਂ ਹੀ ਸਾਲ 2014 ਵਿੱਚ ਸਕੂਲ ਵਿੱਚੋਂ ਸੇਵਾ ਮੁਕਤ ਹੋ ਚੁੱਕਿਆ ਸੀ, ਧੋਖਾਧੜੀ ਨਾਲ ਜੀ ਪੀ ਐਂਫ ਅਡਵਾਂਸ ਦੇ ਰੂਪ ਵਿੱਚ ₹ 18 ਲੱਖ ਵੀ ਕਢਵਾ ਲਏ ਸਨ। ਡੀ ਡੀ ਓ ਨੇ ਇਸ ਨੂੰ ਖਜਾਨੇ ਵਿੱਚ ਜਮ੍ਹਾਂ ਕਰਾਉਣ ਤੋਂ ਪਹਿਲਾਂ ਜੀ ਪੀ ਐਫ ਦੇ ਬਿਲ/ਮੰਜੂਰੀ ਦੇ ਵੇਰਵੇ ਦਾ ਦਫਤਰੀ ਰਿਕਾਰਡ ਨਾਲ ਮਿਲਾਨ ਨਹੀਂ ਕੀਤਾ। ਖਜਾਨੇ ਵਿੱਚੋਂ ਧੋਖਾਧੜੀ ਨਾਲ ਕਢਵਾਈ ਗਈ ₹ 18 ਲੱਖ ਦੀ ਰਕਮ ਵੀ ਉਸੇ ਬਿਲ ਕਲਰਕ ਦੇ ਨਾਂਅ ਦੇ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾਈ ਗਈ ਸੀ (ਦਸੰਬਰ 2019)।

ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਇਆ ਕਿ ਧੋਖਾਧੜੀ ਵਾਲੇ ਇੰਦਰਾਜ ਭਾਵੇਂ ਕੈਸ਼ ਬੁੱਕ ਵਿੱਚ ਨਹੀਂ ਕੀਤੇ ਗਏ ਸਨ ਪ੍ਰੰਤੂ ਕੁਝ ਜਾਇਜ਼ ਕਰਮਚਾਰੀਆਂ ਦੇ ਸਾਹਮਣੇ ਵੀ ਰਕਮਾਂ ਸਹੀ ਦਰਜ ਨਹੀਂ ਕੀਤੀਆਂ ਗਈਆਂ ਸਨ ਅਤੇ ਕੈਸ਼ ਬੁੱਕ ਦੇ ਜੋੜਾਂ ਨੂੰ ਵਧਾ ਕੇ ਦਰਸਾਇਆ ਗਿਆ ਸੀ ਤਾਂ ਕਿ ਇਹ ਖਜਾਨੇ ਵਲੋਂ ਪਾਸ ਬਿਲਾਂ ਦੀਆ ਰਕਮਾਂ ਨਾਲ ਮੇਲ ਖਾਂਦੇ ਹੋਣ। ਪ੍ਰੰਤੂ, ਡੀ ਡੀ ਓ ਨੇ ਹਸਤਾਖਰ ਕਰਨ ਵੇਲੇ ਨਾ ਤਾਂ ਕੈਸ਼ ਬੁੱਕ ਦੇ ਜੋੜਾਂ ਦੀ ਜਾਂਚ ਕੀਤੀ ਅਤੇ ਨਾ ਹੀ ਕੈਸ਼ ਬੁੱਕ ਵਿੱਚ ਦਰਜ ਕੀਤੀਆਂ ਰਕਮਾਂ ਦਾ ਖਜਾਨੇ ਦੇ ਰਿਕਾਰਡ ਨਾਲ ਭਾਵ ਟੀ ਓ ਵਲੋਂ ਜਨਰੇਟ ਕੀਤੇ ਸਬੰਧਤ ਪੇਅ ਆਰਡਰ, ਜੋ ਕਿ ਆਈ ਐਫ ਐਮ ਐਸ ਰਾਹੀ ਉਪਲਬੱਧ ਸਨ ਅਤੇ ਜੋ ਵੈਰੀਫੀਕੇਸ਼ਨ ਮੰਤਵ ਲਈ ਵੀ ਸਨ, ਨਾਲ ਚੰਗੀ ਤਰਾਂ ਮਿਲਾਨ ਕੀਤਾ। ਇਸ ਤੋਂ ਇਲਾਵਾ, ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਰਾਹੀ ਪਹਿਲਾਂ ਵੀ ਧਿਆਨ ਵਿੱਚ ਲਿਆਂਦੇ ਜਾਣ ਦੇ ਬਾਵਜੂਦ ਕਰਮਚਾਰੀਆਂ ਦੇ ਮਾਸਟਰ ਡਾਟਾ ਨੂੰ ਵੀ ਆਈ ਐਫ ਐਮ ਐਸ ਵਿੱਚ ਉਨ੍ਹਾਂ ਦੇ ਲੋੜੀਂਦੇ ਬੈਂਕ ਖਾਤੇ/ਜੀ ਪੀ ਐਫ ਵੇਰਵਿਆ ਨਾਲ ਮੈਪ ਨਹੀਂ ਕੀਤਾ ਗਿਆ ਸੀ।

[37] ਸਟੇਟ ਬੈਂਕ ਆਫ ਇੰਡੀਆ ( ਐਸ ਬੀ ਆਈ ) ਖਾਤਾ ਨੰਬਰ 11070882238 ਅਤੇ 65003115303

[38] ਸਰਕਾਰੀ ਸੀਨੀਅਰ ਸੈਕੰਡਰੀ ਸਕੂਲ,ਕਾਹਨਪੁਰ ਖੂਹੀ,ਜਿਲ੍ਹਾ ਰੋਪੜ।

ਇੰਜ, ਉਪਰੋਕਤ ਨਿਯਮਾਂ ਅਧੀਨ ਖਜਾਨੇ ਨੂੰ ਪੇਸ਼ ਕੀਤੇ ਬਿਲਾਂ ਦੀ ਲੋੜੀਂਦੀ ਨਿਰਧਾਰਤ ਜਾਂਚ ਕਰਨ ਵਿੱਚ ਡੀ ਡੀ ਓ ਅਤੇ ਟੀ ਓ ਦੀ ਅਸਫਲਤਾ ਦੇ ਨਾਲ ਨਾਲ ਕਰਮਚਾਰੀਆਂ ਦੇ ਆਈ ਐਫ ਐਮ ਐਸ ਦੇ ਮਾਸਟਰ ਡਾਟਾ ਨਾਲ ਮੈਪਿੰਗ ਨਾ ਹੋਣ ਦੇ ਨਤੀਜੇ ਵਜੋਂ ₹ 99.29 ਲੱਖ ਦੇ ਸ਼ੱਕੀ ਧੋਖਾਧੜੀ ਨਾਲ ਕਢਵਾਏ ਤਨਖਾਹ ਅਤੇ ਭੱਤਿਆਂ ਦੀ ਅਦਾਇਗੀ ਹੋਈ।

ਸਕੱਤਰ, ਸਕੂਲ ਸਿੱਖਿਆ ਵਿਭਾਗ ਨੇ ਕਿਹਾ (ਜੁਲਾਈ 2020) ਕਿ ਦੋਵੇਂ ਦੋਸ਼ੀ ਕਰਮਚਾਰੀਆਂ ਨੂੰ ਚਾਰਜਸ਼ੀਟ ਜਾਰੀ ਕਰ ਦਿੱਤੀ ਗਈ ਸੀ ਅਤੇ ਉਨ੍ਹਾਂ ਦੇ ਖਿਲਾਫ ਫਸਟ ਇਨਫਾਰਮੇਸ਼ਨ ਰਿਪੋਰਟ (ਐਫ ਆਈ ਆਰ) ਦਾਖਲ ਕਰਵਾ ਦਿੱਤੀ ਗਈ ਸੀ। ਵਿੱਤ ਵਿਭਾਗ ਨੇ ਕਿਹਾ (ਨਵੰਬਰ 2020) ਕਿ ਸਬੰਧਤ ਖਜਾਨਾ ਦਫਤਰ ਦੇ ਗਲਤੀ ਕਰਨ ਵਾਲੇ ਕਰਮਚਾਰੀਆਂ ਵਿਰੁੱਧ ਵਿਭਾਗੀ ਕਾਰਵਾਈ ਆਰੰਭੀ ਜਾ ਚੁੱਕੀ ਸੀ।

**(ii)** ਪ੍ਰਿੰਸੀਪਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪੰਜੋਲਾ, ਜਿਲ੍ਹਾ ਪਟਿਆਲਾ ਦੇ ਰਿਕਾਰਡ ਦੀ ਨਮੂਨਾ ਜਾਂਚ (ਅਕਤੂਬਰ 2018) ਨੇ ਦਰਸਾਇਆ ਕਿ ਪ੍ਰਿੰਸੀਪਲ ਦੁਆਰਾ ਸਟਾਫ ਦੀ ਤਨਖਾਹ ਕਢਵਾਉਣ ਲਈ ਜਿਲ੍ਹਾ ਖਜਾਨਾ ਅਫਸਰ, ਪਟਿਆਲਾ ਨੂੰ ਪੇਸ਼ ਕੀਤੇ ਗਏ 30 ਬਿਲਾਂ ਵਿੱਚ ਵਿਅਕਤੀਗਤ ਕਰਮਚਾਰੀਆਂ ਦੀ ਕੁੱਲ ਤਨਖਾਹ ਦੀ ਤੁਲਨਾ ਵਿੱਚ ਹਰ ਬਿਲ ਵਿੱਚ ਕੁੱਲ ਭੁਗਤਾਨਯੋਗ ਬਣਦੀ ਰਕਮ ਨੂੰ ₹ 10,948 ਅਤੇ ₹ 60,600 ਦੀ ਰੇਂਜ ਵਿਚਕਾਰ ਵੱਧ ਦਰਸਾਇਆ ਗਿਆ ਸੀ। ਭਾਵੇਂ ਕਿ ਸਬੰਧਤ ਬਿਲਾਂ ਨਾਲ ਨੱਥੀ ਤਨਖਾਹ-ਵਿਵਰਣੀ ਵਿੱਚ ਇਨ੍ਹਾਂ ਸਾਰੇ ਕਰਮਚਾਰੀਆਂ ਦੀ ਤਨਖਾਹ ਸਹੀ ਦਿਖਾਈ ਗਈ ਸੀ, ਪ੍ਰੰਤੂ ਇਸ ਵਿਵਰਣੀ ਵਿੱਚ ਤਨਖਾਹ ਦੀ ਰਾਸ਼ੀ ਦੇ ਜੋੜ ਨੂੰ ਜਾਣ ਬੁੱਝ ਕੇ ਵਧਾ[39] ਦਿੱਤਾ ਗਿਆ ਸੀ ਤਾਂ ਜੋ ਇਹ ਬਿਲ ਵਿੱਚ ਦਰਜ ਕੀਤੀ ਰਾਸ਼ੀ ਨਾਲ ਮੇਲ ਖਾਂਦੀ ਹੋਵੇ। ਇਨ੍ਹਾਂ ਸਾਰੇ ਕੇਸਾਂ ਵਿੱਚ ਜਿਲ੍ਹਾ ਖਜਾਨਾ ਅਫਸਰ ਨੇ ਇਹ ਸੁਨਿਸ਼ਚਿਤ ਕਰਨ ਲਈ ਕਿ ਜੋੜ ਬਿਲਾਂ ਵਿੱਚ ਕਲੇਮ ਕੀਤੀ ਗਈ ਰਕਮ ਨਾਲ ਮੇਲ ਖਾਂਦੇ ਹਨ, ਹਰੇਕ ਕਰਮਚਾਰੀ ਦੀ ਤਨਖਾਹ ਨੂੰ ਜੋੜਨ ਤੋਂ ਬਗੈਰ ਸਬੰਧਤ ਬਿਲਾਂ ਵਿੱਚ ਕਲੇਮ ਕੀਤੀ ਗਈ ਪੂਰੀ ਰਕਮ ਦਾ ਭੁਗਤਾਨ ਕਰਨ ਦੇ ਆਦੇਸ਼ ਦੇ ਦਿੱਤੇ। ਇਨ੍ਹਾਂ 30 ਤਨਖਾਹ ਦੇ ਬਿਲਾਂ ਦੇ ਮਾਮਲੇ ਵਿੱਚ ਅਸਲ ਵਿੱਚ ਬਣਦੀ ਰਾਸ਼ੀ ਨਾਲੋਂ ₹ 16,23,108 (***ਅੰਤਿਕਾ 1.10***) ਵੱਧ ਕਢਵਾਏ ਗਏ ਸਨ। 30 ਬਿਲਾਂ ਵਿੱਚੋਂ ₹ 46,500 ਦਾ ਇੱਕ ਬਿਲ, ਬਿਲ ਕਲਰਕ ਦੀ ਪੁੱਤਰੀ ਦੇ ਬੈਂਕ ਖਾਤੇ[40] ਵਿੱਚ ਜਮ੍ਹਾਂ ਕਰਵਾਇਆ ਗਿਆ ਸੀ। ਬਾਕੀ ਰਹਿੰਦੇ 29 ਬਿਲਾਂ ਵਿੱਚੋਂ ₹ 15,41,608 ਉਸਦੀ ਪਤਨੀ ਦੇ ਬੈਂਕ ਖਾਤੇ[41] ਵਿੱਚ ਜਮ੍ਹਾਂ ਕਰਵਾਏ ਗਏ ਸਨ, ਜਦੋਂਕਿ ₹ 35,000 ਇਕ ਸੇਵਾਦਾਰ ਦੇ ਖਾਤੇ[42] ਵਿੱਚ ਜਮ੍ਹਾਂ ਕਰਵਾਏ ਗਏ ਸਨ।

ਲੇਖਾ ਪ੍ਰੀਖਿਆ ਟਿੱਪਣੀ ਨੂੰ ਸਵੀਕਾਰਦੇ ਹੋਏ ਵਿਭਾਗ ਨੇ ਕਿਹਾ (ਜਨਵਰੀ 2019) ਕਿ ਬਿਲ ਕਲਰਕ ਨੇ ਆਨਲਾਈਨ ਪ੍ਰਣਾਲੀ ਰਾਹੀਂ ਵੱਧ ਰਾਸ਼ੀ ਦੇ ਬਿਲ ਪੇਸ਼ ਕਰਨ ਦੀ ਅਪਣੀ ਗਲਤੀ ਮੰਨ ਲਈ ਸੀ (ਨਵੰਬਰ 2018)। ਵਿਭਾਗ ਨੇ ਬਿਲ ਕਲਰਕ ਤੋਂ ₹ 15,66,508 ਦੀ ਵਸੂਲੀ ਕਰ ਲਈ ਸੀ ਅਤੇ ਖਜਾਨੇ ਵਿੱਚ ਜਮ੍ਹਾਂ ਕਰਵਾ ਦਿੱਤੀ ਸੀ (ਦਸੰਬਰ 2018)। ਵਿਭਾਗ ਵਲੋਂ ਬਿਲ ਕਲਰਕ ਅਤੇ ਸਬੰਧਤ ਡੀ ਡੀ ਓ ਵਿਰੁੱਧ ਅਨੁਸ਼ਾਸਨਿਕ ਕਾਰਵਾਈ ਵੀ ਅਰੰਭੀ ਜਾ ਚੁੱਕੀ ਸੀ

---

[39] ਭਾਵੇਂ ਦੋ ਮਾਮਲਿਆਂ (ਅੰਤਿਕਾ ਦੇ ਲੜੀ ਨੰ. 22 ਅਤੇ 23) ਵਿੱਚ ਪੇਅ ਬਿਲਾਂ ਦੀ ਹਾਰਡ ਕਾਪੀ ਵਿੱਚ ਜੋੜ ਸਹੀ ਕੀਤਾ ਗਿਆ ਸੀ।

[40] 6012006900012634 (ਬਿਲ ਕਲਰਕ ਦੀ ਪੁੱਤਰੀ)।

[41] 6482191036572 (ਬਿਲ ਕਲਰਕ ਦੀ ਪਤਨੀ)।

[42] 6012001300001079 (ਸਕੂਲ ਦਾ ਸੇਵਾਦਾਰ)।

(ਅਪ੍ਰੈਲ 2019)। ਜਦੋਂਕਿ ਬਾਕੀ ਰਹਿੰਦੇ ₹ 56,600 ਵਸੂਲ ਕੀਤੇ ਜਾਣ ਦੀ ਅਜੇ ਉਡੀਕ ਸੀ (ਦਸੰਬਰ 2019)।

ਇਹ ਵਿਭਾਗ ਦੇ ਮਾੜੇ ਅੰਦਰੂਨੀ ਕੰਟਰੋਲਾਂ ਨੂੰ ਦਰਸਾਉਂਦਾ ਹੈ ਕਿਉਂਜੋ ਬਿਲਾਂ ਦੀ ਨਾ ਤਾਂ ਖਜ਼ਾਨੇ ਨੂੰ ਪੇਸ਼ ਕਰਨ ਤੋਂ ਪਹਿਲਾਂ ਚੰਗੀ ਤਰਾਂ ਜਾਂਚ ਕੀਤੀ ਗਈ ਅਤੇ ਨਾ ਹੀ ਕੈਸ਼ ਬੁੱਕ ਵਿੱਚ ਦਰਜ ਕੀਤੀਆਂ ਰਾਸ਼ੀਆਂ ਦਾ ਮਿਲਾਨ ਖਜਾਨੇ ਦੇ ਰਿਕਾਰਡ (ਡੀ ਟੀ ਓ ਵਲੋਂ ਜਨਰੇਟ ਕੀਤੇ ਸਬੰਧਤ ਪੇਅ ਆਰਡਰਜ਼) ਅਨੁਸਾਰ ਕਢਵਾਈਆਂ ਰਾਸ਼ੀਆਂ ਨਾਲ ਕੀਤਾ ਗਿਆ ਸੀ ਜੋ ਕਿ ਆਈ ਐਫ ਐਮ ਐਸ ਤੇ ਆਨਲਾਈਨ ਉਪਲੱਬਧ ਸਨ ਅਤੇ ਇਹ ਵੈਰੀਫਿਕੇਸ਼ਨ ਦੇ ਮੰਤਵ ਲਈ ਵੀ ਸਨ। ਜੇਕਰ ਉੱਪਰ ਦੱਸੇ ਨਿਯਮਾਂ ਅਨੁਸਾਰ ਚੰਗੀ ਤਰਾਂ ਜਾਂਚ ਕੀਤੀ ਗਈ ਹੁੰਦੀ ਅਤੇ ਡੀ ਟੀ ਓ ਨੇ ਬਿਲਾਂ ਦੀ ਆਂਕਣਾ ਦੇ ਸਹੀ ਹੋਣ ਨੂੰ ਯਕੀਨੀ ਬਣਾਇਆ ਹੁੰਦਾ ਤਾਂ ਖਜਾਨੇ ਵਿੱਚੋਂ ਕੋਈ ਵਾਧੂ ਰਾਸ਼ੀ ਨਹੀਂ ਕਢਵਾਈ ਜਾ ਸਕਦੀ ਸੀ।

ਡੀ ਟੀ ਓ ਨੇ ਕਿਹਾ (ਨਵੰਬਰ 2019) ਕਿ ਡੀ ਡੀ ਓਜ਼ ਵਲੋਂ ਆਈ ਐਫ ਐਮ ਐਸ ਆਨਲਾਈਨ ਸਿਸਟਮ ਰਾਹੀਂ ਪੇਸ਼ ਕੀਤੇ ਬਿਲਾਂ ਵਿੱਚ ਬਦਲਾਅ ਦੀ ਕੋਈ ਸੰਭਾਵਨਾ ਨਹੀਂ ਸੀ। ਇਸ ਲਈ, ਇਸ ਦਫਤਰ ਵਲੋਂ ਕੋਈ ਵੱਧ ਰਾਸ਼ੀ ਦਾ ਭੁਗਤਾਨ ਨਹੀ ਕੀਤਾ ਗਿਆ ਸੀ। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਆਈ ਐਫ ਐਮ ਐਸ ਦਾ ਲਾਗੂ ਹੋਣਾ, ਡੀ ਟੀ ਓ ਨੂੰ ਉਸ ਨੂੰ ਸੌਂਪੇ ਗਏ ਕੰਮਾਂ ਤੋਂ ਭਾਰ ਮੁਕਤ ਨਹੀਂ ਕਰਦਾ। ਡੀ ਡੀ ਓ ਆਨਲਾਈਨ ਬਿਲ ਪੇਸ਼ ਕਰਨ ਦੇ ਨਾਲ ਨਾਲ ਡੀ ਟੀ ਓ ਨੂੰ ਬਿਲਾਂ ਦੀਆਂ ਹਾਰਡ-ਕਾਪੀਆਂ ਵੀ ਭੇਜਦਾ ਹੈ। ਇਸ ਲਈ ਡੀ ਟੀ ਓ ਲਈ ਇਹ ਜਰੂਰੀ ਹੁੰਦਾ ਹੈ ਕਿ ਉਹ ਇਹ ਦੇਖੇ ਕਿ ਬਿਲਾਂ ਦੇ ਜੋੜ ਸਹੀ ਹਨ ਅਤੇ ਇਸ ਦੇ ਨਾਲ ਨਾਲ ਜਾਂਚ ਕਰੇ ਕਿ ਖਜਾਨੇ ਨੂੰ ਭੇਜੇ ਆਨਲਾਈਨ ਬਿਲ ਅਤੇ ਇਨ੍ਹਾਂ ਦੀ ਭੇਜੀ ਗਈ ਦਸਤੀ ਕਾਪੀ ਇੱਕ ਹੀ ਸਨ।

ਇਸ ਤਰ੍ਹਾਂ, ਭੁਗਤਾਨ ਕਰਨ ਲਈ ਖਜਾਨੇ ਨੂੰ ਪੇਸ਼ ਕੀਤੇ ਬਿਲਾਂ ਦੀ ਨਿਰਧਾਰਤ ਜਾਂਚ ਕਰਨ ਵਿੱਚ ਅਤੇ ਇਨ੍ਹਾਂ ਦੀ ਉਚਿੱਤ ਲੇਖਾਬੱਧਤਾ ਕਰਨ ਵਿੱਚ ਡਰਾਇੰਗ ਅਤੇ ਡਿਸਬਰਸਿੰਗ ਅਫਸਰ ਅਤੇ ਜਿਲ੍ਹਾ ਖਜਾਨਾ ਅਫਸਰ ਦੀ ਅਸਫਲਤਾ ਨੇ ₹ 16.23 ਲੱਖ ਦੇ ਸਰਕਾਰੀ ਧਨ ਦੇ ਸ਼ੱਕੀ ਧੋਖਾਧੜੀ ਨਾਲ ਕਢਵਾਏ ਜਾਣ ਅਤੇ ਕੁਵਰਤੋਂ ਕਰਨ ਨੂੰ ਸੁਖਾਲਾ ਕੀਤਾ।

ਭਾਗ (ii) ਦੇ ਸਬੰਧ ਵਿੱਚ ਮਾਮਲਾ ਫਰਵਰੀ 2019 ਵਿੱਚ ਸਰਕਾਰ ਨੂੰ ਭੇਜਿਆ ਗਿਆ ਸੀ; ਉਨ੍ਹਾਂ ਵੱਲੋਂ ਉੱਤਰ ਦੀ ਉਡੀਕ ਸੀ (ਦਸੰਬਰ 2020)।

**ਸਿਫਾਰਸ਼: ਸਰਕਾਰੀ ਧਨ ਦੀ ਅਜਿਹੀ ਸ਼ੱਕੀ ਕੁਵਰਤੋਂ ਦੇ ਮੁੜ ਵਾਪਰਨ ਤੋਂ ਰੋਕਣ ਲਈ, ਇਕ ਮਜ਼ਬੂਤ ਅਤੇ ਭਰੋਸੇਯੋਗ ਅੰਦਰੂਨੀ ਕੰਟਰੋਲ ਮੈਕਾਨਿਜ਼ਮ ਬਣਾਉਣ ਵਾਸਤੇ, ਮਨੁੱਖੀ ਦਖਲ ਅੰਦਾਜੀ ਨੂੰ ਘੱਟ ਤੋਂ ਘੱਟ ਕਰਨ ਲਈ, ਕੋਡਲ ਉਪਬੰਧਾਂ ਅਨੁਸਾਰ ਆਈ ਐਫ ਐਮ ਐਸ ਵਿੱਚ ਲੋੜੀਂਦੇ ਵੈਲੀਡੇਸ਼ਨ ਚੈਕਸ ਸ਼ਾਮਲ ਕਰਨ ਤੋ ਇਲਾਵਾ ਕਰਮਚਾਰੀਆਂ ਦੇ ਮਾਸਟਰ ਡਾਟਾ ਦੀ ਮੈਪਿੰਗ ਨੂੰ ਯਕੀਨੀ ਬਣਾ ਸਕਦੀ ਹੈ। ਇਸ ਤੋਂ ਇਲਾਵਾ, ਜਿੰਮੇਵਾਰੀ ਤੈਅ ਕਰਨ ਅਤੇ ਧੋਖਾਧੜੀ ਨਾਲ ਪੈਸੇ ਕਢਵਾਉਣ ਵਿੱਚ ਸ਼ਾਮਲ ਸਬੰਧਤ ਦੋਸ਼ੀ ਕਰਮਚਾਰੀਆਂ ਦੇ ਵਿਰੁੱਧ ਅੰਤਮ ਕਾਰਵਾਈ ਦੀ ਲੋੜ ਹੈ।**

## ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਅਤੇ ਵਿੱਤ ਵਿਭਾਗ

### 3.8 ਟਰੇਨਰਾਂ ਦੀ ਸਿਖਲਾਈ ਲਈ ਸੰਸਥਾ ਸਥਾਪਤ ਕਰਨ ਦੇ ਅਧੂਰੇ ਕੰਮ ਕਾਰਣ ਹੋਇਆ ਬੇਕਾਰ ਖਰਚਾ

**ਵਿੱਤ ਵਿਭਾਗ ਦੁਆਰਾ ਲੋੜੀਂਦੇ ਫੰਡ ਦੇਰੀ ਨਾਲ/ਨਾ ਜਾਰੀ ਕਰਨ ਕਰਕੇ ਲਾਲੜੂ ਵਿਖੇ ਟਰੇਨਰਾਂ ਦੀ ਸਿਖਲਾਈ ਲਈ ਸੰਸਥਾ ਚਾਲੂ ਨਹੀ ਹੋ ਸਕੀ, ਜਿਸ ਕਰਕੇ ਨਾ ਕੇਵਲ ₹ 6.34 ਕਰੋੜ ਦਾ ਕੀਤਾ ਖਰਚਾ ਬੇਕਾਰ ਹੋ ਗਿਆ ਸਗੋਂ ਕਰਾਫਟ ਇੰਸਟਰਕਟਰ ਟਰੇਨਿੰਗ ਸਕੀਮ ਅਧੀਨ ਟਰੇਂਡ ਅਤੇ ਕੁਆਲੀਫਾਈਡ ਇੰਸਟਰਕਟਰ ਤਿਆਰ ਕਰਨ ਦਾ ਚਿਤਵਿਆ ਟੀਚਾ ਵੀ ਪ੍ਰਾਪਤ ਨਹੀ ਕੀਤਾ ਜਾ ਸਕਿਆ।**

ਟਰੇਂਡ ਅਤੇ ਕੁਆਲੀਫਾਈਡ ਇੰਸਟਰਕਟਰਾਂ ਦੀ ਮੰਗ ਪੂਰਾ ਕਰਨ ਲਈ ਅਤੇ ਇੰਸਟਰਕਟਰ ਸਿਖਲਾਈ ਲਈ ਸਹੂਲਤਾਂ ਸਥਾਪਤ ਕਰਕੇ, ਕੇਂਦਰੀ ਸੰਸਥਾਵਾਂ ਤੋਂ ਰਾਜ ਦੁਆਰਾ ਚਲਾਈਆਂ ਜਾ ਰਹੀਆਂ ਸੰਸਥਾਵਾਂ ਵੱਲ ਇੰਸਟਰਕਟਰ ਸਿਖਲਾਈ ਦਾ ਵਿਕੇਂਦਰੀਕਰਣ ਕਰਨ ਲਈ, ਭਾਰਤ ਸਰਕਾਰ (ਜੀ ਓ ਆਈ) ਦੇ ਕਿਰਤ ਤੇ ਰੋਜਗਾਰ ਮੰਤਰਾਲੇ ਨੇ ਵਿਸ਼ਵ ਬੈਂਕ ਵੱਲੋਂ ਸਹਾਇਤਾ ਪ੍ਰਾਪਤ ਵੋਕੇਸ਼ਨਲ ਟਰੇਨਿੰਗ ਇੰਪਰੂਵਮੈਂਟ ਪ੍ਰੋਜੈਕਟ (ਵੀ ਟੀ ਆਈ ਪੀ) ਅਧੀਨ ਆਪਣੀ ਕਰਾਫਟ ਇੰਸਟਰਕਟਰ ਟਰੇਨਿੰਗ ਸਕੀਮ (ਸੀ ਆਈ ਟੀ ਐਸ) ਅਧੀਨ ਵੱਖ ਵੱਖ ਰਾਜਾਂ ਵਿੱਚ ਇੰਸਟਰਕਟਰ ਟਰੇਨਿੰਗ ਵਿੰਗਜ਼ (ਆਈ ਟੀ ਡਬਲਿਊ) ਖੋਲ੍ਹਣ ਦਾ ਫੈਸਲਾ ਕੀਤਾ (ਦਸੰਬਰ 2007)। ਰਾਜ ਵਿੱਚ ਪਹਿਲਾਂ ਤੋਂ ਹੀ ਚਲ ਰਹੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ (ਆਈ ਟੀ ਆਈ) ਦੀਆਂ ਵਰਕਸ਼ਾਪਾਂ/ਬੁਨਿਆਦੀ ਢਾਂਚੇ ਦੀ ਵਰਤੋਂ ਕਰਦੇ ਹੋਏ ਆਈ ਟੀ ਡਬਲਿਊਜ਼ ਦੀ ਸਥਾਪਨਾ ਕੀਤੀ ਜਾਣੀ ਸੀ। ਇਸ ਅਨੁਸਾਰ ਭਾਰਤ ਸਰਕਾਰ ਨੇ ਪੰਜਾਬ ਸਰਕਾਰ ਦੀ ਆਈ ਟੀ ਆਈ, ਲਾਲੜੂ ਵਿਖੇ ₹ 3.50 ਕਰੋੜ[43] ਦੀ ਕੁੱਲ ਲਾਗਤ ਨਾਲ, ਜਿਸ ਨੂੰ ਕਿ 75:25 ਦੇ ਅਨੁਪਾਤ ਨਾਲ ਕੇਂਦਰ ਅਤੇ ਰਾਜ ਦੁਆਰਾ ਦਿੱਤਾ ਜਾਣਾ ਸੀ, ਇੱਕ ਆਈ ਟੀ ਡਬਲਿਊ ਸਥਾਪਤ ਕਰਨ ਦੀ ਤਜਵੀਜ਼ (ਫਰਵਰੀ 2011) ਨੂੰ ਮੰਜ਼ੂਰੀ ਦਿੱਤੀ (ਮਾਰਚ, 2011) ਅਤੇ ਪਹਿਲੀ ਕਿਸ਼ਤ ਵਜੋਂ ₹ 0.81 ਕਰੋੜ ਜਾਰੀ ਕੀਤੇ ਜੋ ਕਿ ਇੱਕ ਸਾਲ ਦੇ ਅੰਦਰ ਅੰਦਰ ਵਰਤੇ ਜਾਣੇ ਸਨ।

ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ,ਪੰਜਾਬ (ਵਿਭਾਗ) ਦੇ ਰਿਕਾਰਡ ਦੀ ਜਾਂਚ (ਦਸੰਬਰ 2018) ਨੇ ਦਰਸਾਇਆ ਕਿ ਵਿਭਾਗ ਨੇ ₹ 2.18 ਕਰੋੜ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਹੋਸਟਲ ਬਲਾਕ ਦੀ ਉਸਾਰੀ ਲਈ ਪ੍ਰਸ਼ਾਸਨਿਕ ਪ੍ਰਵਾਨਗੀ ਦਿੱਤੀ (ਅਗਸਤ 2011) ਅਤੇ ਇਸ ਮੰਤਵ ਲਈ ₹ 0.99 ਕਰੋੜ (ਕੇਂਦਰੀ ਹਿੱਸੇ ਦੇ ₹ 0.81 ਕਰੋੜ ਸਮੇਤ) ਮੰਜ਼ੂਰ ਕੀਤੇ (ਅਗਸਤ 2011)। ਹੋਸਟਲ ਬਲਾਕ ਦੀ ਉਸਾਰੀ ਦਾ ਕੰਮ ਮਾਰਚ 2012 ਵਿੱਚ ਇੱਕ ਠੇਕੇਦਾਰ ਨੂੰ ਦਿੱਤਾ ਗਿਆ ਸੀ ਜਿਸਨੂੰ ਕਿ ਅਕਤੂਬਰ 2012 ਤੱਕ ਮੁਕੰਮਲ ਕਰਨਾ ਸੀ। ਪ੍ਰੰਤੂ ₹ 0.99 ਕਰੋੜ ਦੇ ਉਪਲੱਬਧ ਫੰਡਾਂ ਨਾਲ 65 *ਪ੍ਰਤੀਸ਼ਤ* ਕੰਮ ਮੁਕੰਮਲ ਕਰਨ ਤੋਂ ਬਾਅਦ ₹ 1.19 ਕਰੋੜ ਦੇ ਹੋਰ ਫੰਡਾਂ ਦੀ ਅਣਹੋਂਦ ਵਿੱਚ ਅਕਤੂਬਰ 2012 ਤੋਂ ਇਹ ਕੰਮ ਲਟਕਿਆ ਪਿਆ ਸੀ (ਮਾਰਚ 2018)।

ਇਸੇ ਸਮੇਂ ਦੌਰਾਨ ਹੀ ਭਾਰਤ ਸਰਕਾਰ ਨੇ ਵੀ ਟੀ ਆਈ ਪੀ ਅਧੀਨ ਆਈ ਟੀ ਡਬਲਿਊ ਦੀ ਥਾਂ ਤੇ ਵਿਸ਼ੇਸ਼ ਤੌਰ ਤੇ ਟਰੇਨਰਾਂ ਦੀ ਸਿਖਲਾਈ ਲਈ ਇੱਕ ਸੰਪੂਰਣ ਸੰਸਥਾ (ਆਈ ਟੀ ਓ ਟੀ) ਖੋਲ੍ਹਣ ਦਾ

---

43 ਸਿਵਲ ਕੰਮ: ₹ 1.00 ਕਰੋੜ (ਭਾਵੇਂ ਕਿ ਸਿਵਲ ਕੰਮਾਂ ਦੀ ਕੁਲ ਲਾਗਤ ₹ 2.52 ਕਰੋੜ ਸੀ, ਬਕਾਇਆ ਰਾਸ਼ੀ ₹ 1.52 ਕਰੋੜ ਦਾ ਬੰਦੋਬਸਤ ਰਾਜ ਬਜਟ ਤੋਂ ਕਰਨਾ ਸੀ); ਔਜ਼ਾਰ ਅਤੇ ਫਰਨੀਚਰ: ₹ 1.50 ਕਰੋੜ; ਕਿਤਾਬਾਂ ਅਤੇ ਸਾਫਟਵੇਅਰ : ₹ 0.20 ਕਰੋੜ; ਅਤੇ ਆਵਰਤੀ ਲਾਗਤ: ₹ 0.80 ਕਰੋੜ।

ਫੈਸਲਾ ਕੀਤਾ (ਫਰਵਰੀ-ਮਾਰਚ 2012)। ਇਸ ਅਨੁਸਾਰ ਭਾਰਤ ਸਰਕਾਰ ਨੇ ₹ 9.90 ਕਰੋੜ[44] ਦੀ ਕੁੱਲ ਲਾਗਤ ਨਾਲ, ਜਿਸ ਵਿੱਚ ਕਿ ਕੇਂਦਰ ਅਤੇ ਰਾਜ ਦੀ ਹਿੱਸੇਦਾਰੀ 75:25[45] ਦੇ ਅਨੁਪਾਤ ਵਿੱਚ ਹੋਣੀ ਸੀ, ਲਾਲੜੂ ਵਿਖੇ ਆਈ ਟੀ ਓ ਟੀ[46] ਦੀ ਸਥਾਪਨਾ ਕਰਨ ਲਈ ਰਾਜ ਸਰਕਾਰ ਦੀ ਸੋਧਿਤ ਤਜਵੀਜ਼ (ਜੂਨ 2013) ਨੂੰ ਮੰਜ਼ੂਰੀ ਦਿੱਤੀ (ਸਤੰਬਰ 2013) ਅਤੇ ਪਹਿਲੀ ਕਿਸ਼ਤ ਵਜੋਂ ₹ 4.25 ਕਰੋੜ (ਮਾਰਚ 2011 ਵਿੱਚ ਪਹਿਲਾਂ ਹੀ ਜਾਰੀ ₹ 0.81 ਕਰੋੜ ਸਮੇਤ) ਜਾਰੀ ਕੀਤੇ। ਰਾਜ ਸਰਕਾਰ ਲਈ ਸਿਵਲ ਕੰਮਾਂ ਨੂੰ ਸਤੰਬਰ 2014 ਤੱਕ ਅਤੇ ਸਮਾਨ ਦੀ ਖਰੀਦ ਨੂੰ ਅਕਤੂਬਰ 2014 ਤੱਕ ਪੂਰਾ ਕਰਨਾ ਲਾਜ਼ਮੀ ਸੀ।

ਭਾਰਤ ਸਰਕਾਰ ਦੁਆਰਾ ਫੰਡ ਜਾਰੀ ਕੀਤੇ ਜਾਣ ਤੋਂ ਦੋ ਸਾਲਾਂ ਤੋਂ ਵੀ ਵੱਧ ਸਮੇਂ ਬਾਅਦ, ਰਾਜ ਸਰਕਾਰ ਨੇ ਵਰਕਸ਼ਾਪ ਬਲਾਕ, ਪਾਰਕਿੰਗ, ਸੜ੍ਹਕ ਅਤੇ ਪ੍ਰਸ਼ਾਸਨਿਕ/ ਅਕੈਡਮਿਕ ਬਲਾਕ ਦੀ ਉਸਾਰੀ ਲਈ ₹ 4.50 ਕਰੋੜ[47] (ਅਕਤੂਬਰ 2015: ₹ 2.50 ਕਰੋੜ ਅਤੇ ਜੂਨ 2016: ₹ 2.00 ਕਰੋੜ) ਜਾਰੀ ਕੀਤੇ। ਭਾਵੇਂ ਕਿ ਜਨਵਰੀ 2016 ਵਿੱਚ ਅਲਾਟ ਕੀਤੇ ਸਿਵਲ ਵਰਕਸ ਜੁਲਾਈ 2016 ਵਿੱਚ ₹ 4.88 ਕਰੋੜ[48] ਦੇ ਖਰਚੇ ਨਾਲ ਮੁਕੰਮਲ ਹੋ ਗਏ ਸਨ ਪ੍ਰੰਤੂ ਇਮਾਰਤਾਂ ਨੂੰ ਲੋਕ ਨਿਰਮਾਣ ਵਿਭਾਗ (ਪੀ ਡਬਲਿਊ ਡੀ) ਨੇ ਵਿਭਾਗੀ ਜਾਂਚ ਕਮੇਟੀ ਵਲੋਂ ਨਿਰਮਾਣ ਵਿੱਚ ਕੱਢੇ ਨੁਕਸਾਂ ਨੂੰ ਦਰੁਸਤ ਕਰਨ ਉਪਰੰਤ ਅਕਤੂਬਰ 2018 ਵਿੱਚ ਵਿਭਾਗ ਨੂੰ ਸਪੁਰਦ ਕੀਤਾ ਸੀ। ਜਦੋਂਕਿ, ਪੂਰਕ ਸਿਵਲ ਕੰਮ (₹ 4.29 ਕਰੋੜ) ਅਤੇ ਮਸ਼ੀਨਰੀ ਅਤੇ ਫਰਨੀਚਰ (₹ 1.41 ਕਰੋੜ) ਲਈ ₹ 5.70 ਕਰੋੜ ਦੇ ਹੋਰ ਫੰਡਾਂ ਦੀ ਅਣਹੋਂਦ ਵਿੱਚ ਲਾਲੜੂ ਵਿਖੇ ਆਈ ਟੀ ਓ ਟੀ ਨੂੰ ਚਿਤਵੇ ਮੰਤਵ ਲਈ ਚਾਲੂ ਨਹੀ ਕੀਤਾ ਜਾ ਸਕਿਆ ਸੀ (ਜੂਨ 2020) ਭਾਵੇਂ ਕਿ ਇਸ ਇਮਾਰਤ ਨੂੰ ਪੰਜਾਬ ਰਾਜ ਦੀਆਂ ਵੱਖ ਵੱਖ ਸਰਕਾਰੀ ਆਈ ਟੀ ਆਈਜ਼ ਦੇ ਇੰਸਟਰਕਟਰਾਂ ਨੂੰ ਰਿਫਰੈਸ਼ਰ ਟਰੇਨਿੰਗ ਦੇਣ ਲਈ ਵਰਤਿਆ ਜਾ ਰਿਹਾ ਸੀ।

ਅੱਗੇ, ਰਾਜ ਸਰਕਾਰ ਨੇ ਪੰਜ ਸਾਲਾਂ ਤੋਂ ਵੀ ਵੱਧ ਸਮੇਂ ਬਾਅਦ ਹੋਸਟਲ ਬਲਾਕ ਦਾ ਅਧੂਰਾ ਪਿਆ ਕੰਮ ਪੂਰਾ ਕਰਨ ਲਈ ਪੀ ਡਬਲਿਊ ਡੀ ਨੂੰ ਲੋੜੀਂਦੇ ₹ 1.19 ਕਰੋੜ ਦੀ ਬਜਾਏ ₹ 1.13 ਕਰੋੜ ਦੇ ਹੋਰ ਫੰਡ ਜਾਰੀ ਕੀਤੇ (ਮਾਰਚ 2018)। ਇਨ੍ਹਾਂ ਵਿੱਚੋ ਪੀ ਡਬਲਿਊ ਡੀ ਨੇ ₹ 0.38 ਕਰੋੜ ਦੇ ਵੱਧ ਖਰਚੇ ਨੂੰ ਵਰਕਸ਼ਾਪ ਬਲਾਕ, ਪਾਰਕਿੰਗ, ਸੜ੍ਹਕ ਅਤੇ ਪ੍ਰਸ਼ਾਸਨਿਕ/ਵਿਦਿਅਕ ਬਲਾਕ ਦੀ ਉਸਾਰੀ ਕਰਨ ਵੱਲ ਸਮਾਯੋਜਨ ਕੀਤਾ ਅਤੇ ₹ 0.75 ਕਰੋੜ ਦਾ ਬਕਾਇਆ ਛੱਡਿਆ ਜੋ ਕਿ ਹੋਸਟਲ ਬਲਾਕ ਦਾ ਕੰਮ ਮੁਕੰਮਲ ਕਰਨ ਲਈ ਕਾਫੀ ਨਹੀਂ ਸੀ। ਇੰਜ, ਪੀ ਡਬਲਿਊ ਡੀ ਦੁਆਰਾ ਇਸ ਅਧੂਰੇ ਕੰਮ ਨੂੰ ਪੂਰਾ ਨਹੀਂ ਕੀਤਾ ਜਾ ਸਕਿਆ (ਜੂਨ 2020)।

ਰਾਜ ਸਰਕਾਰ ਨੇ ਫੰਡਾਂ ਦੀ ਵਰਤੋਂ ਕਰਨ ਦੀ ਨਿਰਧਾਰਤ ਤਰੀਕ (ਸਤੰਬਰ 2014) ਤੋਂ ਲਗਪਗ ਦੋ ਸਾਲ ਬਾਅਦ ₹ 4.25 ਕਰੋੜ ਦਾ ਵਰਤੋਂ ਸਰਟੀਫੀਕੇਟ ਭਾਰਤ ਸਰਕਾਰ ਨੂੰ ਭੇਜ ਦਿੱਤਾ (ਜੁਲਾਈ 2016)। ਇਸ ਤੋਂ ਬਾਅਦ ਭਾਰਤ ਸਰਕਾਰ ਨੇ 10 ਸਤੰਬਰ 2018 ਨੂੰ

---

44 ਸਿਵਲ ਕੰਮ: ₹ 5.50 ਕਰੋੜ; ਔਜਾਰ ਅਤੇ ਫਰਨੀਚਰ/ ਸਿੱਖਿਆ ਦੇ ਸਾਧਨ: ₹ 4.00 ਕਰੋੜ ਅਤੇ ਆਵਰਤੀ ਲਾਗਤ : ₹ 0.40 ਕਰੋੜ ।

45 ਹਿੱਸੇਦਾਰੀ ਦੇ ਮੰਤਵ ਲਈ ਐਲੋਕੇਸ਼ਨ ਨੂੰ ₹ 9.46 ਕਰੋੜ (ਕੇਂਦਰ : ₹ 7.10 ਕਰੋੜ ਅਤੇ ਰਾਜ: ₹ 2.36 ਕਰੋੜ) ਤਕ ਸੀਮਤ ਰੱਖਿਆ ਗਿਆ ਸੀ।

46. ਸੋਧਿਤ ਤਜ਼ਵੀਜ਼ ਅਨੁਸਾਰ ਆਈ ਟੀ ਓ ਟੀ, ਲਾਲੜੂ ਵਿਖੇ ਸ਼ੁਰੂ ਵਿੱਚ ਤਿੰਨ ਟਰੇਡਾਂ ਭਾਵ (i) ਡਰਾਫਟਮੈਨ ਸਿਵਲ; (ii) ਰੈਫੀਰਜਰੇਸ਼ਨ ਤੇ ਏਅਰ- ਕੰਡੀਸ਼ਨਿੰਗ; ਅਤੇ ( iii) ਮਕੈਨਿਕ ਡੀਜ਼ਲ, ਕਵਰ ਕਰਨੀਆਂ ਸਨ।

47 ਰਾਜ ਦਾ ਹਿੱਸਾ: ₹ 1.06 ਕਰੋੜ ਅਤੇ ਕੇਂਦਰ ਦਾ ਹਿੱਸਾ: ₹ 3.44 ਕਰੋੜ ( ਭਾਰਤ ਸਰਕਾਰ ਵਲੋਂ ਸਤੰਬਰ 2013 ਵਿੱਚ ਮੰਨਜ਼ੂਰ/ਜਾਰੀ ਕੀਤੇ ₹ 4.25 ਕਰੋੜ ਵਿੱਚੋਂ)।

48 ₹ 0.38 ਕਰੋੜ ਦਾ ਵੱਧ ਖਰਚਾ ਪੀ ਡਬਲਿਊ ਡੀ ਦੁਆਰਾ ਹੋਸਟਲ ਬਲਾਕ ਦਾ ਕੰਮ ਮੁਕੰਮਲ ਕਰਨ ਲਈ ਵਿਭਾਗ ਵਲੋਂ ਜਾਰੀ ਕੀਤੇ ₹ 1.13 ਕਰੋੜ (ਮਾਰਚ 2018) ਦੇ ਵਾਧੂ ਫੰਡਾਂ ਵਿੱਚੋਂ ਅਡਜਸਟ ਕੀਤਾ ਗਿਆ ਸੀ।

ਵੀ ਟੀ ਆਈ ਪੀ ਦੇ ਵੱਖ ਵੱਖ ਕੰਪੋਨੈਂਟਾਂ ਦੀਆਂ ਬੱਚਤਾਂ ਵਿਚੋਂ ਆਈ ਟੀ ਓ ਟੀ ਨੂੰ ਸਥਾਪਤ ਕਰਨ ਦੀ ਚਲ ਰਹੀ ਗਤੀਵਿਧੀ ਲਈ ₹ 2.24 ਕਰੋੜ ਇਸ ਸ਼ਰਤ ਤੇ ਜਾਰੀ ਕੀਤੇ ਕਿ ਆਈ ਟੀ ਓ ਟੀ ਦਾ ਬੁਨਿਆਦੀ ਢਾਂਚਾ ਪ੍ਰੋਜੈਕਟ ਬੰਦ ਹੋਣ ਤੋਂ ਪਹਿਲਾਂ ਭਾਵ 30 ਸਤੰਬਰ 2018 ਤੱਕ ਮੁਕੰਮਲ ਕੀਤਾ ਜਾਵੇਗਾ। ਇਸ ਵਿੱਚੋਂ ਵਿਭਾਗ ਨੇ ₹ 1.77 ਕਰੋੜ ਵਿੱਤ ਵਿਭਾਗ ਕੋਲ ਛੱਡਦੇ ਹੋਏ ₹ 0.47 ਕਰੋੜ ਮਸ਼ੀਨਰੀ ਖਰੀਦਣ ਤੇ ਖਰਚ ਕੀਤੇ। ਇਸ ਤੋਂ ਬਾਅਦ ਭਾਰਤ ਸਰਕਾਰ ਨੇ ਰਾਜ ਸਰਕਾਰ ਨੂੰ ਅਣਖਰਚਿਆ ਬਕਾਇਆ ਵਾਪਸ ਕਰਨ ਨੂੰ ਕਿਹਾ (ਅਗਸਤ 2019) ਅਤੇ ਇਸ ਤੋਂ ਇਲਾਵਾ ₹ 0.61 ਕਰੋੜ ਦੀ ਬਕਾਇਆ ਰਕਮ ਵੀ ਜਾਰੀ ਨਹੀ ਕੀਤੀ ਕਿਉਂਜੋ ਵੀ ਟੀ ਆਈ ਪੀ ਪ੍ਰਾਜੈਕਟ 30 ਸਤੰਬਰ 2018 ਨੂੰ ਬੰਦ ਹੋ ਗਿਆ ਸੀ। ਜਦੋਂਕਿ ਰਾਜ ਸਰਕਾਰ ਵੱਲੋਂ ਬਚਦੀ ਰਕਮ ਅਜੇ ਵਾਪਸ ਕੀਤੀ ਜਾਣੀ ਸੀ (ਜੂਨ 2020)।

ਜੁਆਇੰਟ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ ਨੇ ਕਿਹਾ (ਜੂਨ 2020) ਕਿ ਵਿੱਤ ਵਿਭਾਗ ਨੇ ਬਜਟ ਵਿੱਚ ਇਸ ਮੰਤਵ ਲਈ ਉਪਬੰਧ ਕਰ ਲਿਆ ਸੀ ਅਤੇ ਫੰਡ ਜਾਰੀ ਕਰਾਉਣ ਅਤੇ ਲੋੜੀਂਦੀ ਮਸ਼ੀਨਰੀ ਖਰੀਦਣ ਦੇ ਯਤਨ ਕੀਤੇ ਜਾ ਰਹੇ ਸਨ। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ₹ 5.70 ਕਰੋੜ ਦੀ ਜਰੂਰਤ ਦੇ ਵਿਰੁੱਧ ਸਾਲ 2020-21 ਦੌਰਾਨ ਸਿਰਫ ₹ 0.41 ਕਰੋੜ ਦਾ ਬਜਟ ਉਪਬੰਧ ਕੀਤਾ ਗਿਆ ਸੀ। ਅੱਗੇ ਵਿਭਾਗ ਦੇ ਉੱਤਰ/ਕਾਰਵਾਈ ਦੀ ਉਡੀਕ ਸੀ (ਨਵੰਬਰ 2020)। ਇਸ ਤਰ੍ਹਾਂ, ਵਿੱਤ ਵਿਭਾਗ ਵਲੋਂ ਲੋੜੀਂਦੇ ਫੰਡ ਦੇਰ ਨਾਲ/ ਜਾਰੀ ਨਾ ਕਰਨ ਕਰਕੇ ਲਾਲੜੂ ਵਿਖੇ ਆਈ ਟੀ ਓ ਟੀ ਚਾਲੂ ਨਹੀਂ ਹੋ ਸਕਿਆ ਜਿਸ ਨਾਲ ਨਾ ਕੇਵਲ ₹ 6.34 ਕਰੋੜ ਦਾ ਖਰਚਾ ਬੇਕਾਰ ਹੋ ਗਿਆ ਸਗੋਂ ਕੇਂਦਰੀ ਸਕੀਮ ਅਧੀਨ ਟਰੇਂਡ ਅਤੇ ਕੁਆਲੀਫਾਈਡ ਇੰਸਟਰਕਟਰਜ਼ ਉਪਲੱਬਧ ਹੋਣ ਦਾ ਚਿਤਵਿਆ ਟੀਚਾ ਪ੍ਰਾਪਤ ਨਹੀਂ ਕੀਤਾ ਜਾ ਸਕਿਆ।

ਮਾਮਲਾ ਅਪ੍ਰੈਲ 2019 ਵਿੱਚ ਸਰਕਾਰ ਕੋਲ ਭੇਜਿਆ ਗਿਆ ਸੀ; ਉਨ੍ਹਾਂ ਵੱਲੋਂ ਉੱਤਰ ਦੀ ਉਡੀਕ ਸੀ (ਦਸੰਬਰ 2020)।

**ਸਿਫਾਰਸ਼: ਰਾਜ ਸਰਕਾਰ ਕੁਆਲੀਫਾਈਡ ਅਤੇ ਟਰੇਂਡ ਇੰਸਟਰਕਟਰਜ਼ ਉਪਲੱਬਧ ਕਰਨ ਦਾ ਟੀਚਾ ਪ੍ਰਾਪਤ ਕਰਨ ਲਈ ਲਾਲੜੂ ਵਿਖੇ ਆਈ ਟੀ ਓ ਟੀ ਨੂੰ ਚਲਾਉਣ ਲਈ ਸਮੇਂ ਸਿਰ ਫੰਡ ਮੁਹੱਈਆ ਕਰਵਾਉਣਾ ਯਕੀਨੀ ਬਣਾ ਸਕਦੀ ਹੈ।**

## ਜਲ ਸਰੋਤ ਵਿਭਾਗ

## 3.9 ਰਾਜ ਦੇ ਖਜ਼ਾਨੇ 'ਤੇ ਅਣਉਚਿੱਤ ਵਾਧੂ ਬੋਝ

**ਭੂਮੀ ਗ੍ਰਹਿਣ ਕੁਲੈਕਟਰ, ਸ਼ਾਹਪੁਰਕੰਡੀ ਦੁਆਰਾ ਅਵਾਰਡ ਦੀ ਘੋਸ਼ਣਾ ਕਰਨ ਤੋਂ ਪਹਿਲਾਂ ਗ੍ਰਹਿਣ ਕੀਤੀ ਗਈ ਜ਼ਮੀਨ ਉੱਤੇ ਬਣੇ ਢਾਂਚਿਆਂ ਦਾ ਮੁੱਲ ਨਿਰਧਾਰਤ ਨਾ ਕੀਤੇ ਜਾਣ ਕਾਰਣ ਵਿਭਾਗ ਨੂੰ ਇਕ ਪੂਰਕ ਅਵਾਰਡ ਰਾਹੀਂ ਢਾਂਚਿਆਂ ਦੇ ਮੁਆਵਜੇ ਦੀ ਅਦਾਇਗੀ ਕਰਨੀ ਪਈ, ਜਿਸ ਦੇ ਸਿੱਟੇ ਵਜੋ ਸੋਲੇਸ਼ੀਅਮ ਦੀ ₹ 3.26 ਕਰੋੜ ਦੀ ਟਾਲਣਯੋਗ ਅਦਾਇਗੀ ਤੋਂ ਇਲਾਵਾ ਵਿਭਾਗ ਨੇ ਢਾਂਚਿਆਂ ਦੇ ਮੁੱਲ ਦੇ ਹੋਏ ਅਡੀਸ਼ਨਲ ਵਾਧੇ ਲਈ ₹ 1.69 ਕਰੋੜ ਦੀ ਨਾ ਦੇਣਯੋਗ ਰਾਸ਼ੀ ਦੀ ਅਦਾਇਗੀ ਵੀ ਕੀਤੀ।**

ਭੂਮੀ ਗ੍ਰਹਿਣ ਐਕਟ, 1894 (ਪੁਰਾਣਾ ਐਕਟ) ਦੀ ਧਾਰਾ 23 ਵਿੱਚ ਕੀਤੀ ਗਈ ਵਿਵਸਥਾ ਅਨੁਸਾਰ ਜਮੀਨ ਦੀ ਮਾਰਕੀਟ ਕੀਮਤ, ਐਕਟ ਦੀ ਧਾਰਾ 4 ਅਧੀਨ ਨੋਟੀਫਿਕੇਸ਼ਨ ਪ੍ਰਕਾਸ਼ਤ ਹੋਣ ਦੀ ਮਿਤੀ ਨੂੰ ਨਿਰਧਾਰਤ ਕੀਤੀ ਜਾਣੀ ਸੀ। ਪੁਰਾਣੇ ਐਕਟ ਦੀ ਧਾਰਾ 23(1 ਏ) ਵਿੱਚ ਵਿਵਸਥਾ ਹੈ

ਕਿ ਜਮੀਨ ਦੀ ਮਾਰਕੀਟ ਕੀਮਤ ਤੋਂ ਇਲਾਵਾ, ਕੁਲੈਕਟਰ ਦੁਆਰਾ ਕੀਤੀ ਗਈ ਨੋਟੀਫਿਕੇਸ਼ਨ ਦੀ ਮਿਤੀ ਤੋਂ ਅਵਾਰਡ ਦੀ ਮਿਤੀ ਤੱਕ ਜਾਂ ਜਮੀਨ ਦਾ ਕਬਜਾ ਲੈਣ ਦੀ ਮਿਤੀ ਜੋ ਵੀ ਪਹਿਲਾਂ ਹੋਵੇ, 12 *ਪ੍ਰਤੀਸ਼ਤ* ਦੀ ਦਰ ਨਾਲ ਆਂਕੀ ਗਈ ਰਾਸ਼ੀ ਦਾ ਭੁਗਤਾਨ ਕੀਤਾ ਜਾਣਾ ਸੀ। ਐਕਟ ਦੀ ਧਾਰਾ 23(1 ਏ) ਅਤੇ ਧਾਰਾ 23(2) ਗ੍ਰਹਿਣ ਕੀਤੀ ਜ਼ਮੀਨ ਦੀ ਮਾਰਕੀਟ ਕੀਮਤ ਤੇ ਨਾ ਕਿ ਕੁੱਲ ਅਵਾਰਡ ਤੇ ਵੱਧ ਮੁਆਵਜ਼ਾ[49] ਪ੍ਰਦਾਨ ਕਰਨ ਦੀ ਵਿਵਸਥਾ ਕਰਦੀ ਹੈ।

ਸਟੈਂਡਿੰਗ ਆਰਡਰ[50] ਨੰਬਰ 28 (ਅਪ੍ਰੈਲ 2008) ਵਿਵਸਥਾ ਕਰਦਾ ਹੈ ਕਿ ਪੁਰਾਣੇ ਐਕਟ ਦੀ ਧਾਰਾ 4 ਅਧੀਨ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਤੁਰੰਤ ਬਾਅਦ, ਭੂਮੀ ਗ੍ਰਹਿਣ ਕੁਲੈਕਟਰ (ਕੁਲੈਕਟਰ) ਗ੍ਰਹਿਣ ਕੀਤੀ ਜਾਣ ਵਾਲੀ ਜ਼ਮੀਨ ਉੱਤੇ ਢਾਂਚਿਆਂ, ਰੁੱਖਾਂ, ਖੂਹਾਂ ਅਤੇ ਟਿਊਬਵੈਲਾਂ, ਆਦਿ ਦੀ ਸਹੀ ਗਿਣਤੀ ਅਤੇ ਮੁੱਲ ਨਿਰਧਾਰਣ ਦੇ ਸਬੰਧ ਵਿੱਚ ਸਮਰੱਥ ਤਕਨੀਕੀ ਅਧਿਕਾਰੀਆਂ ਤੋਂ ਇੱਕ ਰਿਪੋਰਟ ਹਾਸਲ ਕਰੇਗਾ ਅਤੇ ਐਕਟ ਦੀ ਧਾਰਾ 6 ਅਧੀਨ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਪਹਿਲਾਂ ਇੱਕ ਕੱਚਾ ਮੁਲਾਂਕਣ ਉਪਲੱਬਧ ਜਰੂਰ ਕਰਵਾਇਆ ਜਾਣਾ ਚਾਹੀਦਾ ਹੈ।

ਰਾਈਟ ਟੂ ਫੇਅਰ ਕੰਮਪੈਨਸੇਸ਼ਨ ਐਂਡ ਟਰਾਂਸਪੇਰੈਂਸੀ ਇਨ ਲੈਂਡ ਅਕਵੀਜ਼ੀਸ਼ਨ, ਰੀਹੈਬੀਲੀਟੇਸ਼ਨ, ਰੀਸੈਟਲਮੈਂਟ ਐਕਟ, 2013 (ਨਵਾਂ ਐਕਟ) 1 ਜਨਵਰੀ 2014 ਨੂੰ ਲਾਗੂ ਹੋਇਆ ਸੀ। ਨਵੇਂ ਐਕਟ ਦੀ ਧਾਰਾ 30 (1), (3) ਇਹ ਵਿਵਸਥਾ ਕਰਦੀ ਹੈ ਕਿ ਧਾਰਾ 26 ਅਧੀਨ ਮੁਹੱਈਆ ਕਰਵਾਈ ਗਈ ਜ਼ਮੀਨ ਦੀ ਮਾਰਕੀਟ ਕੀਮਤ ਤੋਂ ਇਲਾਵਾ, ਕੁਲੈਕਟਰ ਹਰ ਮਾਮਲੇ ਵਿੱਚ, ਅਜਿਹੀ ਜ਼ਮੀਨ ਦੇ ਸਬੰਧ ਵਿੱਚ ਸਮਾਜਿਕ ਪ੍ਰਭਾਵ ਮੁਲਾਂਕਣ ਅਧਿਐਨ ਦੀ ਨੋਟੀਫਿਕੇਸ਼ਨ ਦੇ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ ਸ਼ੁਰੂ ਹੋ ਕੇ ਅਵਾਰਡ ਦੀ ਮਿਤੀ ਜਾਂ ਜਮੀਨ ਦਾ ਕਬਜਾ ਲੈਣ ਦੀ ਮਿਤੀ ਤੱਕ ਜੋ ਵੀ ਪਹਿਲਾਂ ਹੋਵੇ, ਅਜਿਹੀ ਮਾਰਕੀਟ ਕੀਮਤ ਤੇ ਸਾਲਾਨਾ ਬਾਰਾਂ *ਪ੍ਰਤੀਸ਼ਤ* ਦੀ ਦਰ ਨਾਲ ਆਂਕੀ ਗਈ ਰਾਸ਼ੀ ਅਤੇ ਕੁੱਲ ਦਿੱਤੇ ਜਾਣ ਵਾਲੇ ਮੁਆਵਜੇ ਤੇ 100 *ਪ੍ਰਤੀਸ਼ਤ* ਦੀ ਦਰ ਨਾਲ ਸੋਲੇਸ਼ੀਅਮ[51] ਦੀ ਅਦਾਇਗੀ ਕਰੇਗਾ।

ਵਿੱਤੀ ਸਲਾਹਕਾਰ ਅਤੇ ਮੁੱਖ ਲੇਖਾ ਅਧਿਕਾਰੀ (ਐਫ ਏ ਤੇ ਸੀ ਏ ਓ), ਰਣਜੀਤ ਸਾਗਰ ਡੈਮ (ਆਰ ਐਸ ਡੀ) ਪ੍ਰੋਜੈਕਟ, ਸ਼ਾਹਪੁਰਕੰਡੀ ਟਾਊਨਸ਼ਿਪ ਦੇ ਦਫਤਰ ਵਿੱਚ ਰਿਕਾਰਡ ਦੀ ਨਮੂਨਾ ਜਾਂਚ (ਨਵੰਬਰ 2019) ਅਤੇ ਬਾਅਦ ਵਿੱਚ ਇਕੱਠੀ ਕੀਤੀ ਗਈ ਜਾਣਕਾਰੀ (ਫਰਵਰੀ 2020) ਨੇ ਦਰਸਾਇਆ ਕਿ ਪੰਜਾਬ ਸਰਕਾਰ ਦੇ ਜਲ ਸਰੋਤ ਵਿਭਾਗ (ਵਿਭਾਗ) ਨੇ ਸ਼ਾਹਪੁਰਕੰਡੀ ਡੈਮ ਪ੍ਰੋਜੈਕਟ ਦੇ ਰਿਜ਼ਰਵਾਇਰ ਲਈ ਜਿਲ੍ਹਾ ਪਠਾਨਕੋਟ ਦੀ *ਤਹਿਸੀਲ ਧਾਰਕਲਾਂ* ਵਿਖੇ *ਥਾਰਾ ਝਿਕਲਾ ਟੀਕਾ ਡੰਗ* ਦੀ ਰੈਵੀਨਿਊ ਅਸਟੇਟ ਵਿੱਚ 3.86 ਏਕੜ ਭੂਮੀ ਗ੍ਰਹਿਣ ਕਰਨ ਲਈ ਪੁਰਾਣੇ ਐਕਟ ਤਹਿਤ ਨੋਟੀਫਿਕੇਸ਼ਨ[52] ਜਾਰੀ ਕੀਤੀ ਸੀ। ਇਹ ਅਵਾਰਡ ਕੁਲੈਕਟਰ, ਆਰ ਐਸ ਡੀ, ਸ਼ਾਹਪੁਰਕੰਡੀ ਦੁਆਰਾ 26 ਨਵੰਬਰ 2012 ਨੂੰ ਜਮੀਨ ਉੱਤੇ ਢਾਂਚਿਆ[53] ਦੀ ਗਿਣਤੀ ਅਤੇ ਕੀਮਤ ਨਿਰਧਾਰਣ ਕੀਤੇ ਬਗੈਰ ₹ 0.81 ਕਰੋੜ[54] ਲਈ ਇਸ ਅਧਾਰ ਤੇ ਐਲਾਨਿਆ ਗਿਆ ਸੀ ਕਿ ਢਾਂਚਿਆਂ ਦੀ

---

49 ਤੀਹ *ਪ੍ਰਤੀਸ਼ਤ* ਸੋਲੇਸ਼ੀਅਮ ਅਤੇ 12 *ਪ੍ਰਤੀਸ਼ਤ* ਅਡੀਸ਼ਨਲ ਮੁਆਵਜ਼ੇ ਵਜੋਂ।

50 ਜਨਤਕ ਮੰਤਵਾਂ ਲਈ ਭੂਮੀ ਗ੍ਰਹਿਣ ਕਰਨ ਨਾਲ ਸਬੰਧਤ ਹੈ।

51 ਸੋਲੇਸ਼ੀਅਮ ਭੂਮੀ ਗ੍ਰਹਿਣ ਕੀਤੇ ਜਾਣ ਦਾ ਇੱਕ ਲਾਜ਼ਮੀ ਭੁਗਤਾਨ ਹੈ।

52 (i) 28 ਨਵੰਬਰ 2011 ਨੂੰ ਸੈਕਸ਼ਨ 4 ਅਧੀਨ; (ii) 25 ਮਈ 2012 ਨੂੰ ਸੈਕਸ਼ਨ 6 ਅਧੀਨ ।

53 ਆਰ ਸੀ ਸੀ ਸਲੈਬਾਂ, ਸ਼ੈੱਡ ਸੀ ਜੀ ਆਈ ਸ਼ੀਟਾਂ, ਪਾਣੀ ਦੀਆਂ ਟੈਂਕੀਆਂ ਆਦਿ।

54 (i) ਜਮੀਨ ਦੀ ਮਾਰਕੀਟ ਕੀਮਤ ₹ 0.57 ਕਰੋੜ; (ii) ਮਾਰਕੀਟ ਕੀਮਤ ਤੇ 30 *ਪ੍ਰਤੀਸ਼ਤ* ਦੀ ਦਰ ਤੇ ₹ 0.17 ਕਰੋੜ ਦਾ ਸੋਲੇਸ਼ੀਅਮ; ਅਤੇ (iii) 28.11.2011 ਤੋਂ 26.11.2012 ਤੱਕ ਦੇ ਸਮੇਂ ਲਈ ਜ਼ਮੀਨ ਦੀ ਮਾਰਕੀਟ ਕੀਮਤ ਤੇ ਸਾਲਾਨਾ 12 *ਪ੍ਰਤੀਸ਼ਤ* ਦੀ ਦਰ ਨਾਲ ₹ 0.07 ਕਰੋੜ ਦਾ ਅਡੀਸ਼ਨਲ ਵਾਧਾ।

ਅਸੈਸਮੈਂਟ ਸੂਚੀ ਗ੍ਰਹਿਣ ਕਰਨ ਵਾਲੇ ਵਿਭਾਗ ਦੁਆਰਾ ਮੁਹੱਈਆ ਨਹੀਂ ਕਰਵਾਈ ਗਈ ਸੀ। ਇਸ ਤੋਂ ਇਲਾਵਾ, ਵਿਭਾਗ ਨੇ ਨਾਮਜ਼ਦ ਕੀਤੇ ਗਏ ਕਾਰਜਕਾਰੀ ਮੈਜਿਸਟ੍ਰੇਟ ਦੀ ਮੌਜੂਦਗੀ ਵਿੱਚ ਜਮੀਨ ਉੱਤੇ ਢਾਂਚਿਆਂ ਦੀ ਮੌਜੂਦਗੀ ਨੂੰ ਵੀਡੀਓ ਫਿਲਮਾਂਕਣ/ਫੋਟੋਗ੍ਰਾਫੀ ਦੁਆਰਾ ਯਕੀਨੀ ਨਹੀਂ ਬਣਾਇਆ ਜਿਵੇਂ ਕਿ ਅਪ੍ਰੈਲ 2008 ਵਿੱਚ ਜਾਰੀ ਕੀਤੇ ਗਏ ਉਪਰੋਕਤ ਸਟੈਡਿੰਗ ਆਰਡਰਜ਼ ਵਿੱਚ ਵਿਵਸਥਾ ਕੀਤੀ ਗਈ ਸੀ।

ਅੱਗੇ, ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਇਆ ਕਿ ਕਾਰਜਕਾਰੀ ਇੰਜੀਨੀਅਰ, ਕੇਂਦਰੀ ਕਾਰਜ ਮੰਡਲ, ਪਠਾਣਕੋਟ ਤੋਂ ਢਾਂਚਿਆਂ ਦਾ ₹ 3.26 ਕਰੋੜ ਮੁੱਲ ਨਿਰਧਾਰਣ ਫਰਵਰੀ 2015 ਵਿੱਚ (ਪਹਿਲੇ ਅਵਾਰਡ ਦੇ ਦੋ ਸਾਲਾਂ ਤੋਂ ਵੱਧ ਬਾਅਦ), ਭਾਵ ਨਵਾਂ ਐਕਟ ਲਾਗੂ ਹੋਣ ਤੋਂ ਬਾਅਦ ਕਰਵਾਇਆ ਗਿਆ ਸੀ। ਢਾਂਚਿਆਂ ਦਾ ਮੁਆਵਜ਼ਾ ਦੇਣ ਲਈ ਕੁਲੈਕਟਰ ਨੂੰ ₹ 8.21 ਕਰੋੜ ਦੇ ਇਕ ਪੂਰਕ ਅਵਾਰਡ ਦੀ ਘੋਸ਼ਣਾ ਕਰਨੀ ਪਈ (ਮਾਰਚ 2016)। ਇਹ ਵੇਖਿਆ ਗਿਆ ਕਿ ਪੂਰਕ ਅਵਾਰਡ ਵਿੱਚ ਸ਼ਾਮਲ ਸੀ (i) ਢਾਂਚਿਆਂ ਦੀ ਕੀਮਤ (₹ 3.26 ਕਰੋੜ), (ii) ਢਾਂਚਿਆਂ ਦੀ ਕੀਮਤ ਉੱਤੇ 100 *ਪ੍ਰਤੀਸ਼ਤ* ਦੀ ਦਰ ਨਾਲ ਸੋਲੇਸ਼ੀਅਮ (₹ 3.26 ਕਰੋੜ), ਜੋ ਕਿ ਪੁਰਾਣੇ ਐਕਟ ਦੇ ਉਪਬੰਧਾਂ ਅਨੁਸਾਰ ਅਦਾਇਗੀ ਯੋਗ ਨਹੀਂ ਸੀ ਅਤੇ ਜੇਕਰ ਮੂਲ ਅਵਾਰਡ ਦੀ ਘੋਸ਼ਣਾ ਕਰਨ ਤੋਂ ਪਹਿਲਾਂ ਢਾਂਚਿਆਂ ਦੇ ਮੁੱਲ ਦਾ ਮੁਲਾਂਕਣ ਕਰ ਲਿਆ ਜਾਂਦਾ ਤਾਂ ਇਹ ਟਾਲਣਯੋਗ ਸੀ ਅਤੇ (iii) ਢਾਂਚਿਆਂ ਦੇ ਮੁੱਲ ਤੇ ਅਡੀਸ਼ਨਲ ਵਾਧਾ[55] (₹ 1.69 ਕਰੋੜ), ਜੋਕਿ ਪੁਰਾਣੇ ਅਤੇ ਨਵੇਂ ਐਕਟ ਦੇ ਅਨੁਸਾਰ ਅਦਾਇਗੀਯੋਗ ਨਹੀਂ ਸੀ (***ਅੰਤਿਕਾ 1.11***)। ਖਜ਼ਾਨੇ ਵਿੱਚੋਂ ਮਈ 2019 ਵਿੱਚ ਕਢਵਾਏ ਗਏ ₹ 8.21 ਕਰੋੜ ਵਿੱਚੋਂ ਨਵੰਬਰ 2019 ਤੱਕ ਜਮੀਨ ਮਾਲਕਾਂ ਨੂੰ ₹ 7.65 ਕਰੋੜ ਦੀ ਅਦਾਇਗੀ ਕਰ ਦਿੱਤੀ ਗਈ ਸੀ।

ਸਰਕਾਰ ਨੇ ਕਿਹਾ (ਨਵੰਬਰ 2020) ਕਿ ਨਵੰਬਰ 2012 ਵਿੱਚ ਅਵਾਰਡ ਨੰਬਰ 20 ਦੇ ਐਲਾਨ ਸਮੇਂ ਗ੍ਰਹਿਣ ਕਰਨ ਵਾਲੇ ਵਿਭਾਗ ਵੱਲੋਂ ਢਾਂਚਿਆਂ ਦੇ ਮੁਲਾਂਕਣ ਦੀ ਸੂਚੀ ਨਹੀਂ ਭੇਜੀ ਗਈ ਸੀ, ਇਸ ਲਈ ਢਾਂਚਿਆਂ ਦੀ ਕੀਮਤ ਅਵਾਰਡ ਵਿੱਚ ਸ਼ਾਮਲ ਨਹੀਂ ਕੀਤੀ ਜਾ ਸਕੀ। ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਪੁਰਾਣੇ ਐਕਟ ਦੀ ਧਾਰਾ 6 ਅਧੀਨ ਨੋਟੀਫੀਕੇਸ਼ਨ ਦੀ ਘੋਸ਼ਣਾ ਕਰਨ ਤੋਂ ਪਹਿਲਾ ਜਮੀਨ ਤੇ ਉਸਾਰੇ ਗਏ ਢਾਂਚਿਆਂ ਦੇ ਮੁੱਲ ਦਾ ਕੱਚਾ ਨਿਰਧਾਰਣ ਹਾਸਲ ਕਰਨ ਦੀ ਜਿੰਮੇਵਾਰੀ ਭੂਮੀ ਗ੍ਰਹਿਣ ਕੁਲੈਕਟਰ ਦੀ ਸੀ।

ਇਸ ਤਰ੍ਹਾਂ, ਭੂਮੀ ਗ੍ਰਹਿਣ ਕੁਲੈਕਟਰ ਸ਼ਾਹਪੁਰਕੰਡੀ ਦੁਆਰਾ ਮੂਲ ਅਵਾਰਡ ਦੀ ਘੋਸ਼ਣਾ ਕਰਨ ਤੋਂ ਪਹਿਲਾਂ ਗ੍ਰਹਿਣ ਕੀਤੀ ਗਈ ਜਮੀਨ ਉੱਤੇ ਮੌਜੂਦ ਢਾਂਚਿਆਂ ਦਾ ਮੁੱਲ ਨਿਰਧਾਰਤ ਨਾ ਕਰਨ ਕਰਕੇ ਵਿਭਾਗ ਨੂੰ ਇੱਕ ਪੂਰਕ ਅਵਾਰਡ ਰਾਹੀਂ ਢਾਂਚਿਆਂ ਦੇ ਮੁਆਵਜੇ ਦੀ ਅਦਾਇਗੀ ਕਰਨੀ ਪਈ ਸੀ ਜਿਸ ਦੇ ਸਿੱਟੇ ਵਜੋ ਸੋਲੇਸ਼ੀਅਮ ਦੀ ₹ 3.26 ਕਰੋੜ ਦੀ ਟਾਲਣਯੋਗ ਅਦਾਇਗੀ ਹੋਈ ਅਤੇ ਇਸ ਤੋਂ ਇਲਾਵਾ ਵਿਭਾਗ ਨੇ ਢਾਂਚਿਆਂ ਦੇ ਮੁੱਲ ਉੱਤੇ ਅਡੀਸ਼ਨਲ ਵਾਧੇ ਵਜੋਂ ₹ 1.69 ਕਰੋੜ ਦੀ ਨਾ–ਦੇਣਯੋਗ ਰਾਸ਼ੀ ਦੀ ਅਦਾਇਗੀ ਵੀ ਕੀਤੀ ।

**ਸਿਫਾਰਸ਼: ਵਿਭਾਗ ਨੂੰ ਵੱਧ ਅਦਾਇਗੀ ਤੋਂ ਬਚਣ ਲਈ ਭੂਮੀ ਗ੍ਰਹਿਣ ਐਕਟ ਦੇ ਉਪਬੰਧਾਂ ਦੀ ਪਾਲਣਾ ਨੂੰ ਯਕੀਨੀ ਜਰੂਰ ਬਣਾਉਣਾ ਚਾਹੀਦਾ ਹੈ।**

---

[55] 28.11.2011 (ਪੁਰਾਣੇ ਐਕਟ ਦੀ ਧਾਰਾ 4 ਅਧੀਨ ਨੋਟੀਫਿਕੇਸ਼ਨ ਦੀ ਮਿਤੀ) ਤੋਂ 18 ਮਾਰਚ 2016 ਤੱਕ ਦੇ ਸਮੇਂ ਲਈ 12 *ਪ੍ਰਤੀਸ਼ਤ* ਦੀ ਦਰ ਨਾਲ।

## ਜਲ ਸਪਲਾਈ ਤੇ ਸੈਨੀਟੇਸ਼ਨ , ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਅਤੇ ਵਿੱਤ ਵਿਭਾਗ

### 3.10 ਗੈਰ-ਕਾਰਜਸ਼ੀਲ ਸੀਵਰੇਜ ਸਕੀਮ 'ਤੇ ਲਾਭਹੀਣ ਖਰਚਾ

**ਟੋਲ ਸੜ੍ਹਕ ਦੀ ਪੁਟਾਈ ਦੀ ਵਿਵਸਥਾ ਕੀਤੇ ਬਗੈਰ ਅਤੇ ਲੋੜੀਂਦੇ ਫੰਡਾਂ ਦੀ ਵਿਵਸਥਾ ਨੂੰ ਯਕੀਨੀ ਬਣਾਏ ਬਗੈਰ ਪ੍ਰੋਜੈਕਟ ਬਣਾਉਣ ਦੇ ਨਤੀਜੇ ਵਜੋਂ ਸੀਵਰੇਜ ਸਿਸਟਮ ਇਸ ਦੇ ਮੁਕੰਮਲ ਹੋਣ ਦੇ ਮਿੱਥੇ ਸਮੇਂ ਤੋਂ ਸੱਤ ਸਾਲਾਂ ਤੋਂ ਵੀ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਕਾਰਜਸ਼ੀਲ ਨਹੀਂ ਹੋ ਸਕਿਆ। ਇਸਦੇ ਨਾਲ ਨਾ ਕੇਵਲ ₹ 18.95 ਕਰੋੜ ਦਾ ਕੀਤਾ ਖਰਚਾ ਲਾਭਹੀਣ ਹੋ ਗਿਆ ਸਗੋਂ ਬਾਘਾ ਪੁਰਾਣਾ ਕਸਬੇ ਦੇ ਵਸਨੀਕਾਂ ਨੂੰ ਲਗਾਤਾਰ ਗੈਰ-ਹਾਈਜਨਿਕ ਹਾਲਤਾਂ ਦਾ ਸਾਹਮਣਾ ਵੀ ਕਰਨਾ ਪਿਆ।**

ਪੀ ਡਬਲਿਊ ਡੀ ਕੋਡ ਦਾ ਪੈਰ੍ਹਾ 2.89 ਵਿਵਸਥਾ ਕਰਦਾ ਹੈ ਕਿ ਜਦੋਂ ਤਕ ਉਚਿੱਤ ਵਿਸਥਾਰਤ ਡਿਜ਼ਾਇਨ ਅਤੇ ਅਨੁਮਾਨ ਮਨਜੂਰ ਨਹੀਂ ਕੀਤੇ ਜਾਂਦੇ, ਫੰਡਾਂ ਦੀ ਅਲਾਟਮੈਂਟ ਨਹੀਂ ਕੀਤੀ ਜਾਂਦੀ ਅਤੇ ਸਮਰੱਥ ਅਧਿਕਾਰੀ ਵਲੋਂ ਕੰਮ ਸ਼ੁਰੂ ਕਰਨ ਦੇ ਹੁਕਮ ਜਾਰੀ ਨਹੀ ਕੀਤੇ ਜਾਂਦੇ ਉਦੋਂ ਤੱਕ ਕੋਈ ਕੰਮ ਸ਼ੁਰੂ ਨਹੀਂ ਹੋਵੇਗਾ। ਅੱਗੇ, ਪੀ ਡਬਲਿਊ ਡੀ (ਬੀ ਐਂਡ ਆਰ) ਦੇ ਮੈਨੂਅਲ ਆਫ ਆਰਡਰਜ਼ ਦਾ ਪੈਰ੍ਹਾ 6.11(vi) ਵਿਵਸਥਾ ਕਰਦਾ ਹੈ ਕਿ ਪ੍ਰੋਜੈਕਟ ਬਣਾਉਣ ਤੋਂ ਪਹਿਲਾਂ ਪੂਰੇ ਧਿਆਨ ਨਾਲ ਮੁਢਲੀ ਜਾਂਚ ਕਰ ਲੈਣੀ ਚਾਹੀਦੀ ਹੈ ਤਾਂ ਜੋ ਖਰਚੇ ਦੇ ਮੂਲ ਅਨੁਮਾਨਾਂ ਤੋਂ ਵਧਣ ਤੋਂ ਬਚਣ ਲਈ ਅਤੇ ਅਨੁਮਾਨਾਂ ਨੂੰ ਸੋਧਣ ਦੀ ਲੋੜ ਨੂੰ ਖਤਮ ਕਰਨ ਲਈ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਨੁਮਾਨ ਜਿੰਨੇ ਸੰਭਵ ਹੋ ਸਕਣ ਓਨੇ ਮੁਕੰਮਲ ਹਨ।

ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ ਸਰਕਾਰ (ਜੀ ਓ ਪੀ) ਨੇ ਛੂਤ-ਛਾਤ ਦੇ ਰੋਗਾਂ ਦੇ ਫੈਲਣ ਤੋਂ ਰੋਕਣ ਲਈ ਹਰ ਕਿਸਮ ਦੇ ਵੇਸਟ ਜਿਵੇਂ ਕਿ ਘਰੇਲੂ, ਉਦਯੋਗਿਕ ਅਤੇ ਸੰਸਥਾਨਕ ਵੇਸਟ ਦਾ ਨਿਪਟਾਰਾ ਕਰਨ ਦੇ ਵਿਚਾਰ ਨਾਲ, ਮੋਗਾ ਜਿਲ੍ਹੇ ਦੇ ਬਾਘਾਪੁਰਾਣਾ ਨਗਰ ਵਿੱਚ ₹ 22.56 ਕਰੋੜ ਦੇ "ਸੀਵਰੇਜ ਸਿਸਟਮ ਅਤੇ ਸੀਵਰੇਜ ਟਰੀਟਮੈਂਟ ਪਲਾਂਟ" ਪ੍ਰੋਜੈਕਟ ਨੂੰ ਪ੍ਰਸ਼ਾਸਨਿਕ ਮਨਜ਼ੂਰੀ (ਏ ਏ) ਦਿੱਤੀ (ਨਵੰਬਰ 2010)। ਏ ਏ ਦੀਆਂ ਸ਼ਰਤਾਂ ਅਨੁਸਾਰ ਕੰਮ ਗਰੇਟਰ ਲੁਧਿਆਣਾ ਏਰੀਆ ਵਿਕਾਸ ਅਥਾਰਟੀ (ਗਲਾਡਾ) ਵਲੋਂ ਫੰਡਾਂ ਦੀ ਵਿਵਸਥਾ ਕੀਤੇ ਜਾਣ ਤੋਂ ਬਾਅਦ ਸ਼ੁਰੂ ਕਰਨਾ ਸੀ। ਕਾਰਜਕਾਰੀ ਇੰਜਨੀਅਰ (ਈ ਈ), ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ (ਡਬਲਿਊ ਐਸ ਐਸ ਡੀ) ਮੋਗਾ, ਨੇ ₹ 22.56 ਕਰੋੜ ਦੇ ਪ੍ਰੋਜੈਕਟ ਲਈ ਇੱਕ ਵਿਸਥਾਰਤ ਅਨੁਮਾਨ ਤਿਆਰ ਕੀਤਾ (ਨਵੰਬਰ 2010) ਜਿਸ ਵਿੱਚ ਹੋਰ[56] ਕੰਟੀਜੈਂਟ ਕੰਮਾਂ ਤੋਂ ਇਲਾਵਾ (i) ਸੀਵਰ ਪਾਈਪਲਾਈਨਾਂ ਵਿਛਾਉਣਾ, ਮੈਨਹੋਲਜ਼; (ii) ਮੁੱਖ ਪੰਪਿੰਗ ਸਟੇਸ਼ਨ (ਐਮ ਪੀ ਐਸ) ਦੀ ਉਸਾਰੀ ਕਰਨਾ; ਅਤੇ (iii) ਸੀਵਰੇਜ ਟਰੀਟਮੈਂਟ ਪਲਾਂਟ (ਐਸ ਟੀ ਪੀ) ਦੀ ਉਸਾਰੀ ਕਰਨਾ ਸ਼ਾਮਲ ਸੀ।

[56] (i) ਭੋਂ ਪ੍ਰਾਪਤੀ; (ii) ਸੰਡਰੀ ਖਰਚੇ (ਬਿਜਲੀ ਕਨੈਕਸ਼ਨ ਦੀ ਫੀਸ, ਟੈਂਡਰ ਮੰਗਣ ਦਾ ਖਰਚ, ਅਨੁਮਾਨ ਬਣਾਉਣਾ, ਡੀ ਐਨ ਆਈ ਟੀ ਦੇ ਕਾਗਜ਼ਾਤ, ਆਦਿ); ਅਤੇ (iii) ਕੰਟੀਜੈਂਟ ਖਰਚੇ ।

ਲੇਖਾ ਪ੍ਰੀਖਿਆ ਨੇ ਵੇਖਿਆ (ਦਸੰਬਰ 2015) ਕਿ ਈ ਈ ਨੇ ਸੀਵਰੇਜ ਸਿਸਟਮ, ਐਮ ਪੀ ਐਸ ਅਤੇ ਐਸ ਟੀ ਪੀ ਮੁਹੱਈਆ ਕਰਾਉਣ ਲਈ ₹ 19.04 ਕਰੋੜ ਦੀ ਲਾਗਤ ਦੇ ਤਿੰਨ[57] ਕੰਮ ਤਿੰਨ ਏਜੰਸੀਆਂ ਨੂੰ ਸਮਰੱਥ ਅਧਿਕਾਰੀ ਤੋਂ ਵਿਸਥਾਰਤ ਅਨੁਮਾਨ ਮਨਜ਼ੂਰ ਕਰਵਾਏ ਬਗੈਰ ਹੀ ਅਲਾਟ ਕਰ ਦਿੱਤੇ (ਅਪ੍ਰੈਲ ਅਤੇ ਨਵੰਬਰ 2011)। ਇਹ ਕੰਮ ਅਕਤੂਬਰ 2011 ਅਤੇ ਨਵੰਬਰ 2012 ਵਿਚਕਾਰ ਮੁਕੰਮਲ ਹੋਣੇ ਸਨ। ਜਦੋਂਕਿ ਇਸ ਪ੍ਰਾਜੈਕਟ ਲਈ ਗਲਾਡਾ ਨੇ ਅਕਤੂਬਰ 2015 ਤੱਕ ਵੱਖ ਵੱਖ ਸਮੇ ਤੇ ਭਾਵ 2010-11 ਤੋਂ 2015-16 ਦੇ ਛੇ ਸਾਲਾਂ ਦੇ ਸਮੇ ਦੌਰਾਨ ₹18.80 ਕਰੋੜ ਜਾਰੀ ਕੀਤੇ। ਈ ਈ ਵਲੋਂ ਅਗਲੇ ਫੰਡਾਂ ਦੀ ਕੀਤੀ ਗਈ ਮੰਗ (ਅਕਤੂਬਰ 2015) ਦੇ ਜਵਾਬ ਵਿੱਚ ਗਲਾਡਾ ਦੇ ਵਧੀਕ ਮੁੱਖ ਪ੍ਰਸ਼ਾਸਕ ਨੇ ਕਿਹਾ (ਅਕਤੂਬਰ 2015) ਕਿ ਹੁਣ ਬਾਕੀ ਰਹਿੰਦੇ ਕੰਮ ਲਈ ਫੰਡ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ ਆਈ ਡੀ ਬੀ) ਮੁਹੱਈਆ ਕਰਵਾਏਗਾ ਜਿਸਨੇ ਕਿ ਹੁਣ ਤਕ (ਜਨਵਰੀ 2020) ਸਿਰਫ ₹ 1.66 ਕਰੋੜ ਜਾਰੀ ਕੀਤੇ (2016-17)। ਇੰਜ, ਮਾਰਚ 2020 ਤਕ ਈ ਈ ਨੂੰ ਨਵੰਬਰ 2012 (ਕੰਮ ਪੂਰਾ ਹੋਣ) ਤੋਂ ਪਹਿਲਾਂ ₹ 22.56 ਕਰੋੜ ਦੀ ਲੋੜ ਦੇ ਵਿਰੁੱਧ ਸਿਰਫ ₹ 20.46 ਕਰੋੜ ਹੀ ਮੁਹੱਈਆ ਕਰਵਾਏ ਗਏ ਸਨ।

ਈ ਈ ਨੇ ਉਪਲੱਬਧ ₹ 20.46 ਕਰੋੜ ਵਿੱਚੋਂ (i) ਸੀਵਰੇਜ ਪਾਈਪਾਂ ਵਿਛਾਉਣ (80 *ਪ੍ਰਤੀਸ਼ਤ* - ਕੁੱਲ 53,200 ਮੀਟਰ ਵਿੱਚੋਂ 42,350 ਮੀਟਰ ਵਿਛਾਈਆਂ ਗਈਆਂ) (ii) ਐਮ ਪੀ ਐਸ ਅਤੇ ਐਸ ਟੀ ਪੀ (90 *ਪ੍ਰਤੀਸ਼ਤ*) ਦੀ ਐਗਜ਼ੀਕਿਊਸ਼ਨ ਤੇ ₹ 18.95 ਕਰੋੜ[58] ਦਾ ਖਰਚਾ ਕੀਤਾ। ਲੇਖਾ ਪ੍ਰੀਖਿਆ ਨੇ ਵੇਖਿਆ ਕਿ ਬਾਕੀ ਰਹਿੰਦੀਆਂ ਸੀਵਰੇਜ ਪਾਈਪ ਲਾਈਨਾਂ ਵਿਛਾਉਣ ਲਈ, ਮੋਗਾ-ਕੋਟਕਪੂਰਾ ਸੜ੍ਹਕ ਜੋ ਕਿ ਇੱਕ ਟੋਲ ਸੜ੍ਹਕ ਸੀ, ਦੀ ਪੁਟਾਈ ਕਰਨੀ ਪੈਣੀ ਸੀ। ਇਸ ਸੜ੍ਹਕ ਦੀ ਪੁਟਾਈ ਕਰਨ ਲਈ 'ਨੋ ਆਬਜੈਕਸ਼ਨ ਸਰਟੀਫਿਕੇਟ' (ਐਨ ਓ ਸੀ) ਦੀ ਲੋੜ ਪੈਣੀ ਸੀ ਅਤੇ ਟੋਲ ਸੜ੍ਹਕ ਅਪਰੇਟ ਕਰਨ ਵਾਲੀ ਏਜੰਸੀ ਨੇ ਮੁੱਖ ਸੀਵਰ ਲਾਈਨ ਵਿਛਾਉਣ ਤੋਂ ਬਾਅਦ ਸੜ੍ਹਕ ਨੂੰ ਬਹਾਲ ਕਰਨ ਲਈ ਅਤੇ ਸੜ੍ਹਕ ਬੰਦ ਹੋਣ ਕਰਕੇ ਹੋਏ ਮਾਲੀ ਨੁਕਸਾਨ ਨੂੰ ਪੂਰਾ ਕਰਨ ਲਈ ₹ 19.15 ਕਰੋੜ ਦੀ ਮੰਗ ਕੀਤੀ (ਅਗਸਤ 2016)। ਜਦੋਂਕਿ, ਇਸ ਸੀਵਰ ਲਾਈਨ ਨੂੰ ਵਿਛਾਉਣ ਦਾ ਕੰਮ ਮੁਕੰਮਲ ਨਹੀਂ ਹੋ ਸਕਿਆ ਕਿਉਂਕਿ ਈ ਈ ਵਲੋਂ ਸੀਵਰੇਜ ਸਕੀਮ ਲਈ ਤਿਆਰ ਕੀਤੇ ਗਏ ਪ੍ਰੋਜੈਕਟ ਅਨੁਮਾਨ ਵਿੱਚ ਟੋਲ ਸੜ੍ਹਕ ਦੀ ਪੁਟਾਈ ਦੀ ਕੋਈ ਵਿਵਸਥਾ ਹੀ ਨਹੀਂ ਸੀ। ਸਿੱਟੇ ਵਜੋਂ, ਸੀਵਰ ਲਾਈਨਾਂ ਵਿਛਾਉਣ ਦਾ ਇਹ ਕੰਮ ਅਗਸਤ 2016 ਤੋਂ ਰੁਕ ਗਿਆ ਅਤੇ

57

| ਲੜੀ ਨੰ. | ਕੰਮ ਦਾ ਨਾਅ | ਅਲਾਟਮੈਂਟ ਦੀ ਮਿਤੀ | ਅਲਾਟ ਕੀਤੀ ਗਈ ਲਾਗਤ (₹ ਕਰੋੜ ਵਿੱਚ) | ਮੁਕੰਮਲ ਕਰਨ ਲਈ ਸਮਾ | ਮੁਕੰਮਲ ਕਰਨ ਲਈ ਨਿਰਧਾਰਤ ਕੀਤੀ ਮਿਤੀ |
|---|---|---|---|---|---|
| 1. | ਮੈਨਹੋਲ ਸਮੇਤ ਸੀਵਰੇਜ ਸਿਸਟਮ ਮੁਹੱਈਆ ਕਰਾਉਣਾ ਅਤੇ ਵਿਛਾਉਣਾ (ਪੂਰਬੀ ਖੇਤਰ) | 27.4.2011 | 7.11 | 06 ਮਹੀਨੇ | 26.10.2011 |
| 2. | ਮੈਨਹੋਲ ਸਮੇਤ ਸੀਵਰੇਜ ਸਿਸਟਮ ਮੁਹੱਈਆ ਕਰਾਉਣਾ ਅਤੇ ਵਿਛਾਉਣਾ (ਪੱਛਮੀ ਖੇਤਰ) | 27.4.2011 | 6.11 | 06 ਮਹੀਨੇ | 26.10.2011 |
| 3. | ਮੁੱਖ ਪੰਪਿੰਗ ਸਟੇਸ਼ਨ ਅਤੇ ਸੀਵਰੇਜ ਟਰੀਟਮੈਂਟ ਪਲਾਂਟ ਦਾ ਡਿਜ਼ਾਈਨ, ਉਸਾਰੀ, ਸਥਾਪਨਾ, ਜਾਂਚ ਅਤੇ ਅਰੰਭ ਕਰਨਾ ਅਤੇ ਹੋਰ ਸਬੰਧਤ ਕੰਮ | 9.11.2011 | 5.82 | 12 ਮਹੀਨੇ | 8.11.2012 |

58 (i) ਸੀਵਰ ਪਾਈਪਲਾਈਨਾਂ ਅਤੇ ਮੈਨਹੋਲ - ₹ 10.41 ਕਰੋੜ; (ii) ਐਸ ਟੀ ਪੀ ਦਾ ਨਿਰਮਾਣ- ₹ 4.89 ਕਰੋੜ; (iii) ਜਮੀਨ ਦੇ ਮਾਲਕਾਂ ਨੂੰ ਅਦਾਇਗੀ - ₹ 0.64 ਕਰੋੜ; (iv) ਫੁਟਕਲ ਖਰਚੇ (ਇਲੈਕਟ੍ਰਿਕ ਕਨੈਕਸ਼ਨ ਫੀਸ, ਟੈਂਡਰ ਮੰਗਣ ਦੀ ਕੀਮਤ, ਡੀ ਐਨ ਆਈ ਟੀ ਦਸਤਾਵੇਜ਼, ਆਦਿ ਤਿਆਰ ਕਰਨਾ) - ₹ 3.00 ਕਰੋੜ; ਅਤੇ (v) ਕੰਟੀਜੈਂਸੀ ਖਰਚਾ - ₹ 0.01 ਕਰੋੜ।

ਇਸ ਦੇ ਬਾਕੀ ਰਹਿੰਦੇ ਹਿੱਸੇ ਦੇ ਮੁਕੰਮਲ ਨਾ ਹੋਣ ਕਾਰਣ ਪੂਰਾ ਸੀਵਰੇਜ ਸਿਸਟਮ ਕਾਰਜਸ਼ੀਲ ਨਹੀਂ ਹੋ ਸਕਿਆ।

ਵਿਭਾਗ ਨੇ ਐਨ ਓ ਸੀ ਪ੍ਰਾਪਤ ਕਰਨ ਦੀ ਭਾਰੀ ਲਾਗਤ ਨੂੰ ਧਿਆਨ ਵਿੱਚ ਰੱਖਦੇ ਹੋਏ, ਟੋਲ ਸੜ੍ਹਕ ਦੀ ਪੁਟਾਈ ਕੀਤੇ ਬਗੈਰ, ਪਹਿਲਾਂ ਤੋਂ ਪਾਏ ਹੋਏ ਸੀਵਰੇਜ ਸਿਸਟਮ ਨੂੰ ਆਰੰਭ ਕਰਨ ਲਈ ਇਕ ਕਿਫਾਇਤੀ ਪ੍ਰਾਜੈਕਟ ਤਿਆਰ ਕਰਨ ਅਤੇ ਪੇਸ਼ ਕਰਨ ਲਈ ਇੱਕ ਸਲਾਹਕਾਰ ਹਾਇਰ ਕੀਤਾ। ਸਲਾਹਕਾਰ ਦੇ ਸੁਝਾਅ ਦੇ ਅਧਾਰ ਤੇ ਈ ਈ ਨੇ ਕੰਮ ਮੁਕੰਮਲ ਕਰਨ ਲਈ ₹ 2.59 ਕਰੋੜ[59] ਦਾ ਇੱਕ ਪ੍ਰਸਤਾਵ ਤਿਆਰ ਕੀਤਾ (ਜਨਵਰੀ 2020)। ਪ੍ਰੰਤੂ, ਪੀ ਆਈ ਡੀ ਬੀ ਵਲੋਂ ਫੰਡ ਮੁੱਹਈਆ ਨਾ ਕਰਵਾਏ ਜਾਣ ਕਾਰਣ ਕੰਮ ਦੋਬਾਰਾ ਸ਼ੁਰੂ ਨਹੀਂ ਹੋ ਸਕਿਆ ਅਤੇ ਸੀਵਰੇਜ ਸਕੀਮ ਗੈਰ-ਕਾਰਜਸ਼ੀਲ ਰਹੀ (ਮਾਰਚ 2020)। ਈ ਈ ਨੇ ਇਨ੍ਹਾਂ ਤੱਥਾਂ ਨੂੰ ਸਵੀਕਾਰਿਆ (ਅਕਤੂਬਰ 2019)।

ਇੰਜ, ਪ੍ਰੋਜੈਕਟ ਤਿਆਰ ਕਰਨ ਸਮੇ ਟੋਲ ਸੜ੍ਹਕ ਪੁਟੱਣ ਦੀ ਵਿਵਸਥਾ ਨਾ ਕਰਨ ਕਰਕੇ ਅਤੇ ਫਿਰ ਕੰਮ ਨੂੰ ਬਗੈਰ ਤਕਨੀਕੀ ਮੰਜੂਰੀ ਦੇ ਸ਼ੁਰੂ ਕਰਨ ਦੇ ਨਾਲ ਨਾਲ ਕੰਮ ਅਲਾਟ ਕਰਨ ਤੋਂ ਪਹਿਲਾਂ ਲੋੜੀਂਦੇ ਫੰਡਾਂ ਦੀ ਉਪਲੱਬਧਤਾ ਯਕੀਨੀ ਨਾ ਬਣਾਉਣ ਦਾ ਸਿੱਟਾ ਇਹ ਹੋਇਆ ਕਿ ਸੀਵਰੇਜ ਸਿਸਟਮ ਇਸ ਦੇ ਮੁਕੰਮਲ ਹੋਣ ਦੀ ਮਿਤੀ (ਨਵੰਬਰ 2012) ਤੋਂ ਸੱਤ ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਅਰੰਭ ਨਹੀਂ ਹੋ ਸਕਿਆ। ਇਸ ਕਰਕੇ ਕੀਤੇ ਜਾ ਚੁੱਕੇ ਕੰਮਾਂ ਦੀ ਹਾਲਤ ਖਰਾਬ ਹੋਣ ਤੋਂ ਇਲਾਵਾ, ਨਾ ਕੇਵਲ ₹ 18.95 ਕਰੋੜ ਦਾ ਕੀਤਾ ਖਰਚਾ ਲਾਭਹੀਣ ਹੋ ਗਿਆ ਸਗੋਂ ਇਸ ਦੇ ਨਾਲ ਨਾਲ ਬਾਘਾਪੁਰਾਣਾ ਨਗਰ ਦੇ ਵਸਨੀਕਾਂ ਨੂੰ ਨਿਰੰਤਰ ਗੈਰ-ਹਾਈਜਨਿਕ ਹਾਲਤਾਂ ਦਾ ਸਾਹਮਣਾ ਵੀ ਕਰਨਾ ਪਿਆ।

ਮਾਮਲਾ ਅਪ੍ਰੈਲ 2018 ਵਿੱਚ ਸਰਕਾਰ ਨੂੰ ਭੇਜਿਆ ਗਿਆ ਸੀ; ਉਨ੍ਹਾਂ ਵੱਲੋਂ ਉੱਤਰ ਦੀ ਉਡੀਕ ਸੀ (ਦਸੰਬਰ 2020)।

**ਸਿਫਾਰਸ਼: ਵਿਭਾਗ ਨੂੰ ਚਾਹੀਦਾ ਹੈ ਕਿ ਕੰਮ ਮੁਕੰਮਲ ਹੋਣ ਵਿੱਚ ਕਿਸੇ ਕਿਸਮ ਦੀ ਦੇਰੀ ਤੋਂ ਬਚਣ ਲਈ ਸਾਰੇ ਸਬੰਧਤ ਕਾਰਕਾਂ ਨੂੰ ਧਿਆਨ ਵਿੱਚ ਰੱਖਣ ਤੋਂ ਬਾਅਦ ਵਿਸਥਾਰਪੂਰਵਕ ਪ੍ਰੋਜੈਕਟ ਰਿਪੋਰਟ ਬਣਾਏ ਅਤੇ ਕੰਮ ਅਲਾਟ ਕਰਨ ਤੋਂ ਪਹਿਲਾਂ ਲੋੜੀਂਦੇ ਫੰਡ ਵੀ ਯਕੀਨੀ ਬਣਾਏ ਜਾਣ।**

[59] ਪਹਿਲੇ ਫੰਡਾਂ ਵਿੱਚੋਂ ਬਕਾਏ ਨੂੰ ਲੇਖੇ ਵਿੱਚ ਲੈਣ ਤੋਂ ਬਾਅਦ।

# ਭਾਗ - II

# ਰੈਵੀਨਿਊ ਖੇਤਰ

# ਅਧਿਆਇ - I

# ਆਮ

# ਅਧਿਆਇ-I

## ਆਮ

### 1.1 ਰੈਵੀਨਿਊ ਪ੍ਰਾਪਤੀਆਂ ਦੇ ਰੁਝਾਨ

1.1.1 ਸਾਲ 2018-19 ਦੌਰਾਨ ਪੰਜਾਬ ਸਰਕਾਰ ਦੁਆਰਾ ਇਕੱਠੇ ਕੀਤੇ ਕਰ ਅਤੇ ਗੈਰ-ਕਰ ਰੈਵੀਨਿਊ, ਰਾਜਾਂ ਨੂੰ ਵੰਡਣਯੋਗ ਕੇਂਦਰੀ ਕਰਾਂ ਅਤੇ ਸ਼ੁਲਕਾਂ ਦੀ ਨਿਰੋਲ ਕਮਾਈ ਵਿੱਚ ਰਾਜ ਦਾ ਹਿੱਸਾ ਅਤੇ ਭਾਰਤ ਸਰਕਾਰ ਤੋਂ ਪ੍ਰਾਪਤ ਸਹਾਇਤਾ ਅਨੁਦਾਨ ਅਤੇ ਬੀਤੇ ਚਾਰ ਸਾਲਾਂ ਦੇ ਪ੍ਰਸਪਰ ਅੰਕੜੇ **ਸਾਰਣੀ** 1.1.1 ਵਿੱਚ ਦਰਸਾਏ ਗਏ ਹਨ।

**ਸਾਰਣੀ 1.1.1: ਰੈਵੀਨਿਊ ਪ੍ਰਾਪਤੀਆਂ ਦੇ ਰੁਝਾਨ**

*(₹ ਕਰੋੜ ਵਿੱਚ)*

| ਲੜੀ ਨੰ. | ਵੇਰਵੇ | 2014-15 | 2015-16 | 2016-17 | 2017-18 | 2018-19[1] |
|---|---|---|---|---|---|---|
| 1. | ਰਾਜ ਸਰਕਾਰ ਦੁਆਰਾ ਇਕੱਠਾ ਕੀਤਾ ਰੈਵੀਨਿਊ | | | | | |
| | ਕਰ ਰੈਵੀਨਿਊ | 25,570.20 | 26,690.49 | 27,746.66 | 30,423.24 | 31,574.28 |
| | ਗੈਰ-ਕਰ ਰੈਵੀਨਿਊ | 2,879.73 | 2,650.27 | 5,863.20 | 4,318.39 | 7,582.29 |
| | **ਕੁੱਲ** | **28,449.93** | **29,340.76** | **33,609.86** | **34,741.63** | **39,156.57** |
| 2. | ਭਾਰਤ ਸਰਕਾਰ ਕੋਲੋਂ ਪ੍ਰਾਪਤੀਆਂ | | | | | |
| | ਵੰਡਣਯੋਗ ਕੇਂਦਰੀ ਕਰਾਂ ਅਤੇ ਸ਼ੁਲਕਾਂ ਦੀ ਨਿਰੋਲ ਕਮਾਈ ਵਿੱਚ ਹਿੱਸਾ | 4,702.97 | 8,008.90 | 9,599.73 | 10,616.94 | 12,005.14[2] |
| | ਸਹਾਇਤਾ ਅਨੁਦਾਨ | 5,869.95 | 4,173.72 | 4,775.83 | 7,651.01 | 11,107.37[3] |
| | **ਕੁੱਲ** | **10,572.92** | **12,182.62** | **14,375.56** | **18,267.95** | **23,112.51** |
| 3. | ਰਾਜ ਸਰਕਾਰ ਦੀਆਂ ਕੁੱਲ ਰੈਵੀਨਿਊ ਪ੍ਰਾਪਤੀਆਂ (1 ਅਤੇ 2) | **39,022.85** | **41,523.38** | **47,985.42** | **53,009.58** | **62,269.08** |
| 1 ਤੋਂ 3 ਦੀ ਪ੍ਰਤੀਸ਼ਤਤਾ | | **73** | **71** | **70** | **66** | **63** |

2014-15 ਤੋਂ 2018-19 ਤੱਕ ਰੈਵੀਨਿਊ ਪ੍ਰਾਪਤੀਆਂ ਵਿਚ ਸਾਲ-ਵਾਰ ਰੁਝਾਨ ਨੂੰ **ਚਾਰਟ** 1.1 ਵਿੱਚ ਦਰਸਾਇਆ ਗਿਆ ਹੈ।

---


1 ਰਾਜ ਸਰਕਾਰ ਦੇ ਵਿੱਤੀ ਖਾਤੇ।

2 ਇਸ ਵਿੱਚ ਭਾਰਤ ਸਰਕਾਰ ਤੋਂ ਪ੍ਰਾਪਤ ਕੇਂਦਰੀ ਵਸਤਾਂ ਅਤੇ ਸੇਵਾਵਾਂ ਕਰ ਦੇ ਹਿੱਸੇ ਵਜੋਂ ₹ 2,964.16 ਕਰੋੜ ਦੀ ਰਕਮ ਅਤੇ ਏਕੀਕ੍ਰਿਤ ਵਸਤਾਂ ਅਤੇ ਸੇਵਾਵਾਂ ਕਰ ਦੇ ਹਿੱਸੇ ਵਜੋਂ ₹ 236.60 ਕਰੋੜ ਸ਼ਾਮਿਲ ਹਨ।

3 ਇਸ ਵਿੱਚ ਭਾਰਤ ਸਰਕਾਰ ਵਲੋਂ ਵਸਤਾਂ ਅਤੇ ਸੇਵਾਵਾਂ ਕਰ ਲਾਗੂ ਕਰਨ ਦੇ ਕਾਰਣ ਹੋਏ ਨੁਕਸਾਨ ਦੇ ਮੁਆਵਜੇ ਲਈ ਪ੍ਰਾਪਤ ₹ 7,129.00 ਕਰੋੜ ਸ਼ਾਮਲ ਹਨ।

**ਚਾਰਟ 1.1**

(₹ ਕਰੋੜ ਵਿੱਚ)




ਸਾਲ 2018-19 ਦੌਰਾਨ, ਰਾਜ ਸਰਕਾਰ ਨੇ ਕੁੱਲ ਰੈਵੀਨਿਊ ਪ੍ਰਾਪਤੀਆਂ ਦਾ 63 ਪ੍ਰਤੀਸ਼ਤ ਇਕੱਠਾ (₹ 39,156.57 ਕਰੋੜ) ਕੀਤਾ। ਪ੍ਰਾਪਤੀਆਂ ਦਾ ਬਕਾਇਆ 37 ਪ੍ਰਤੀਸ਼ਤ ਭਾਰਤ ਸਰਕਾਰ ਵੱਲੋਂ ਵੰਡਣਯੋਗ ਕੇਂਦਰੀ ਕਰਾਂ ਅਤੇ ਸ਼ੁਲਕਾਂ ਦੀ ਨਿਰੋਲ ਕਮਾਈ ਦਾ ਹਿੱਸਾ ਅਤੇ ਸਹਾਇਤਾ ਅਨੁਦਾਨ ਵਜੋਂ ਸੀ। ਆਪਣੇ ਸਰੋਤਾਂ ਤੋਂ ਰਾਜ ਸਰਕਾਰ ਦੀਆਂ ਰੈਵੀਨਿਊ ਪ੍ਰਾਪਤੀਆਂ ਦੀ ਕੁੱਲ ਪ੍ਰਾਪਤੀਆਂ ਵਿੱਚ ਪ੍ਰਤੀਸ਼ਤਤਾ 2014-15 (73 ਪ੍ਰਤੀਸ਼ਤ) ਤੋਂ 2018-19 (63 ਪ੍ਰਤੀਸ਼ਤ) ਤੱਕ ਘੱਟਦਾ ਰੁਝਾਨ ਦਰਸਾਉਂਦੀ ਹੈ।

1.1.2 2014-15 ਤੋਂ 2018-19 ਤੱਕ ਦੇ ਸਮੇਂ ਦੌਰਾਨ ਇਕੱਠੇ ਕੀਤੇ ਕਰ ਰੈਵੀਨਿਊ ਦੇ ਵੇਰਵਿਆਂ ਨੂੰ **ਸਾਰਣੀ** 1.1.2 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 1.1.2: ਇੱਕਠੇ ਕੀਤੇ ਕਰ ਰੈਵੀਨਿਊ ਦੇ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ. | ਰੈਵੀਨਿਊ ਦੀ ਮੱਦ | 2014-15 ਰੈਵੀਨਿਊ *(ਕੁੱਲ ਦਾ ਪ੍ਰਤੀਸ਼ਤ)* | 2015-16 ਰੈਵੀਨਿਊ *(ਕੁੱਲ ਦਾ ਪ੍ਰਤੀਸ਼ਤ)* | 2016-17 ਰੈਵੀਨਿਊ *(ਕੁੱਲ ਦਾ ਪ੍ਰਤੀਸ਼ਤ)* | 2017-18 ਰੈਵੀਨਿਊ *(ਕੁੱਲ ਦਾ ਪ੍ਰਤੀਸ਼ਤ)* | 2018-19 ਰੈਵੀਨਿਊ *(ਕੁੱਲ ਦਾ ਪ੍ਰਤੀਸ਼ਤ)* | 2017-18 ਨਾਲੋਂ 2018-19 ਵਿੱਚ ਅਸਲ ਦੀ ਪ੍ਰਤੀਸ਼ਤਤਾ ਵਾਧਾ (+) ਜਾਂ ਘਾਟਾ (-) |
|---|---|---|---|---|---|---|---|
| 1 | ਵੈਟ/ਸੀ ਐਸ ਟੀ | 15,455.17 *(60.44)* | 15,856.64 (59.41) | 17,586.71 (63.38) | 11,160.30 *(36.68)* | 6,571.92 *(20.81)* | (+) 4.11 |
| | ਰਾਜ ਵਸਤਾਂ ਅਤੇ ਸੇਵਾਵਾਂ ਕਰ (ਐਸ ਜੀ ਐਸ ਟੀ) | -- | -- | -- | 7,901.14 (25.97) | 13,273.15[4] (42.04) | |
| 2 | ਰਾਜ ਆਬਕਾਰੀ | 4,246.11 (16.61) | 4,796.45 (17.97) | 4,406.00 (15.88) | 5,135.68 *(16.88)* | 5,072.40 *(16.06)* | (-) 1.23 |
| 3 | ਸਟੈਂਪ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ | 2,474.15 (9.68) | 2,448.98 (9.18) | 2,043.61 (7.37) | 2,135.13 *(7.02)* | 2,297.54 *(7.28)* | (+) 7.61 |
| 4 | ਬਿਜਲੀ ਉੱਤੇ ਕਰ ਅਤੇ ਸ਼ੁਲਕ | 1,875.23 (7.33) | 1,967.42 (7.37) | 1,993.01 (7.18) | 2,053.07 *(6.75)* | 2,329.55 *(7.38)* | (+) 13.47 |
| 5 | ਵਾਹਨਾਂ ਉੱਤੇ ਕਰ | 1,393.32 (5.45) | 1,474.83 (5.52) | 1,548.12 (5.58) | 1,911.20 *(6.28)* | 1,861.39 *(5.90)* | (-) 2.61 |
| 6 | ਹੋਰ[5] | 126.22 (0.49) | 146.17 (0.55) | 169.21 (0.61) | 126.72 *(0.42)* | 168.33 *(0.53)* | (+) 32.84 |
| **ਕੁੱਲ** | | **25,570.20** | **26,690.49** | **27,746.66** | **30,423.24** | **31,574.28** | **(+) 3.78** |
| ਪਿਛਲੇ ਸਾਲ ਦੇ ਮੁਕਾਬਲੇ ਵਾਧਾ (ਪ੍ਰਤੀਸ਼ਤ) | | **6.19** | **4.38** | **3.96** | **9.65** | **3.78** | |
| ਪੰਜ ਸਾਲਾਂ ਲਈ ਕੁੱਲ ਔਸਤਨ ਵਿਕਾਸ ਦਰ (ਪ੍ਰਤੀਸ਼ਤ) | | | | | | | **5.59** |


2014-15 ਤੋਂ 2018-19 ਦੌਰਾਨ ਕਰ ਰੈਵੀਨਿਊ ਪ੍ਰਾਪਤੀਆਂ ਵਿੱਚ ਸਾਲ-ਵਾਰ ਰੁਝਾਨ **ਚਾਰਟ** 1.2 ਵਿੱਚ ਦਰਸਾਇਆ ਗਿਆ ਹੈ।

[4] ਸਾਲ 2017-18 ਲਈ ਜੀ ਐਸ ਟੀ ਅੰਕੜਾ ਸਿਰਫ ਨੌ ਮਹੀਨਿਆਂ ਦਾ ਹੈ ਅਤੇ 2018-19 ਲਈ ਇਹ 12 ਮਹੀਨਿਆਂ ਲਈ ਹੈ। ਇਸ ਲਈ, ਤੁਲਨਾ ਨਹੀਂ ਕੀਤੀ ਜਾ ਸਕਦੀ।

[5] ਤਿੰਨ ਵਿਭਾਗਾਂ ਦੀਆਂ ਰੈਵੀਨਿਊ ਪ੍ਰਾਪਤੀਆਂ ਯਾਨੀ ਭੌ ਮਾਲੀਆਂ (₹ 69.24 ਕਰੋੜ ਜੋ ਕਿ ਪਿਛਲੇ ਸਾਲ ਦੀ ₹ 91.34 ਕਰੋੜ ਦੀ ਪ੍ਰਾਪਤੀ ਤੋਂ 24.20 ਪ੍ਰਤੀਸ਼ਤ ਘੱਟ ਹੈ), ਵਸਤਾਂ ਅਤੇ ਸੇਵਾਵਾਂ ਉੱਤੇ ਹੋਰ ਕਰ ਅਤੇ ਸ਼ੁਲਕ (₹ 4.84 ਕਰੋੜ, ਜੋ ਕਿ ਪਿਛਲੇ ਸਾਲ ਦੀ ₹ 35.38 ਕਰੋੜ ਦੀ ਪ੍ਰਾਪਤੀ ਤੋਂ 86.32 ਪ੍ਰਤੀਸ਼ਤ ਘੱਟ ਹੈ) ਅਤੇ ਆਮਦਨ ਅਤੇ ਖਰਚ ਉੱਤੇ ਹੋਰ ਕਰ (₹ 94.25 ਕਰੋੜ) ਕੁੱਲ ਕਰ ਰੈਵੀਨਿਊ ਪ੍ਰਾਪਤੀਆਂ ਦੇ ਇੱਕ ਪ੍ਰਤੀਸ਼ਤ ਤੋਂ ਘੱਟ ਹਨ। ਇਸ ਲਈ, ਇਨ੍ਹਾਂ ਵਿਭਾਗਾਂ ਦੀਆਂ ਰੈਵੀਨਿਊ ਪ੍ਰਾਪਤੀਆਂ ਨੂੰ "ਹੋਰਾਂ" ਵਿੱਚ ਮਿਲਾ ਦਿੱਤਾ ਗਿਆ ਹੈ।

**ਚਾਰਟ 1.2**

*(₹ ਕਰੋੜ ਵਿੱਚ)*




ਇਹ ਦੇਖਿਆ ਗਿਆ ਹੈ ਕਿ ਵੈਟ/ਸੀ ਐਸ ਟੀ/ਜੀ ਐਸ ਟੀ (62.85 ਪ੍ਰਤੀਸ਼ਤ) ਅਤੇ ਰਾਜ ਆਬਕਾਰੀ (16.06 ਪ੍ਰਤੀਸ਼ਤ) ਰੈਵੀਨਿਊ ਵਿੱਚ ਪ੍ਰਮੁੱਖ ਯੋਗਦਾਨ ਪਾਉਣ ਵਾਲੇ ਹਨ। 2018-19 ਦੌਰਾਨ, ਰੈਵੀਨਿਊ ਦੀਆਂ ਇਨ੍ਹਾਂ ਦੋਵਾਂ ਮੱਦਾਂ ਨੇ ਕੁੱਲ ਇਕੱਠੇ ਕੀਤੇ ਰੈਵੀਨਿਊ ਦਾ ਲਗਭਗ 78.91 ਪ੍ਰਤੀਸ਼ਤ ਦਾ ਯੋਗਦਾਨ ਦਿੱਤਾ। 2014-15 ਤੋਂ 2018-19 ਦੇ ਸਾਲਾਂ ਦੌਰਾਨ ਕਰ ਰੈਵੀਨਿਊ ₹ 6,004.08 ਕਰੋੜ (23.48 ਪ੍ਰਤੀਸ਼ਤ) 5.59 ਪ੍ਰਤੀਸ਼ਤ ਦੇ ਔਸਤ ਵਾਧੇ ਦੀ ਦਰ ਨਾਲ ਵਧਿਆ। ਹਾਲਾਂਕਿ, ਮੁੱਖ ਤੌਰ ਤੇ ਵਿਕੱਰੀ (ਵੈਟ/ਐਸ ਜੀ ਐਸ ਟੀ) ਉੱਤੇ ਕਰ ਦੀ ਸਾਲਾਨਾ ਵਿਕਾਸ ਦਰ ਵਿੱਚ 2017-18 ਵਿੱਚ 8.39 ਪ੍ਰਤੀਸ਼ਤ ਤੋਂ 4.11 ਪ੍ਰਤੀਸ਼ਤ ਦੀ ਗਿਰਾਵਟ ਕਰਕੇ 2018-19 ਲਈ ਵਾਧੇ ਦੀ ਦਰ ਘੱਟ ਕੇ 3.78 ਪ੍ਰਤੀਸ਼ਤ ਹੋ ਗਈ, ਕਿਉਂਕਿ ਕਰ ਪ੍ਰਾਪਤੀਆਂ ਦਾ 63.23 ਪ੍ਰਤੀਸ਼ਤ ਇਕੱਲੇ ਇਸ ਮੱਦ ਅਧੀਨ ਇਕੱਠਾ ਕੀਤਾ ਜਾਂਦਾ ਹੈ।

ਰੈਵੀਨਿਊ ਪ੍ਰਾਪਤੀਆਂ ਵਿੱਚ ਭਿੰਨਤਾਵਾਂ ਲਈ ਕਾਰਨ ਜਿਵੇਂ ਸਬੰਧਤ ਵਿਭਾਗਾਂ ਦੁਆਰਾ ਪ੍ਰਦਾਨ ਕੀਤੇ ਗਏ, ਹੇਠ ਦਿੱਤੇ ਅਨੁਸਾਰ ਹਨ:

**ਰਾਜ ਆਬਕਾਰੀ:** ਵਿਭਾਗ ਨੇ ਰੈਵੀਨਿਊ ਵਿੱਚ ਕਮੀ ਦਾ ਕਾਰਨ ਲੀਕਰ ਦੇ ਕੋਟੇ ਦੀ ਤਰਕਸ਼ੀਲਤਾ ਅਤੇ ਪੰਜਾਬ ਮੀਡੀਅਮ ਲੀਕਰ, ਇੰਡੀਅਨ ਮੇਡ ਵਿਦੇਸ਼ੀ ਲੀਕਰ ਅਤੇ ਬੀਅਰ ਦੇ ਸਬੰਧ ਵਿੱਚ ਬਜਟ ਅਨੁਮਾਨਾਂ ਅਨੁਸਾਰ ਅਨੁਮਾਨਤ ਵਾਧੂ ਕੋਟੇ ਨੂੰ ਨਾ ਚੁਕੱਣਾ ਦੱਸਿਆ (ਜਨਵਰੀ 2020)।

**ਸਟੈਂਪ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ:** ਵਿਭਾਗ ਨੇ ਰੈਵੀਨਿਊ ਵਿੱਚ ਵਾਧੇ ਦਾ ਕਾਰਨ ਜਾਇਦਾਦਾਂ ਦੀ ਵਿੱਕਰੀ/ਖਰੀਦ ਦੇ ਲੈਣ-ਦੇਣ ਵਿੱਚ ਵਾਧਾ ਦੱਸਿਆ (ਅਪ੍ਰੈਲ 2020)।

**ਵਾਹਨਾਂ ਉੱਤੇ ਕਰ:** ਵਿਭਾਗ ਨੇ ਦੱਸਿਆ (ਅਪ੍ਰੈਲ 2020) ਕਿ ਸਾਲ 2018-19 ਦੌਰਾਨ ਇਸ ਮੱਦ ਦੇ ਅਧੀਨ ਅਸਲ ਪ੍ਰਾਪਤੀ ₹ 1,934.39 ਕਰੋੜ ਸੀ ਜੋ ਕਿ ਪਿਛਲੇ ਸਾਲ ਨਾਲੋਂ ਵੱਧ ਸੀ ਯਾਨੀ ₹ 1,911.20 ਕਰੋੜ। ਹਾਲਾਂਕਿ, ਪੰਜਾਬ ਸਰਕਾਰ (ਵਿੱਤ ਵਿਭਾਗ) ਦੀ ਹਦਾਇਤ ਅਨੁਸਾਰ ₹ 73 ਕਰੋੜ 0075-ਫੁਟਕਲ ਜਨਰਲ ਸੇਵਾਵਾਂ ਸਰਕਾਰ ਨੂੰ ਤਬਦੀਲ ਕੀਤੇ ਗਏ ਸਨ। ਇਸ ਲਈ, ₹ 1,861.39 ਕਰੋੜ ਦੀ ਪ੍ਰਾਪਤੀ ਨੂੰ ਮੱਦ 0041-ਵਾਹਨਾਂ ਉੱਤੇ ਕਰ ਅਧੀਨ ਅਸਲ

ਪ੍ਰਾਪਤੀ ਵਜੋਂ ਗਿਣਿਆ ਗਿਆ ਸੀ। ਕੁੱਲ ਪ੍ਰਾਪਤੀ ਵਿੱਚ ਵਾਧਾ 2018-19 ਵਿੱਚ ਵਪਾਰਕ ਅਤੇ ਗੈਰ-ਵਪਾਰਕ ਵਾਹਨਾਂ ਉੱਤੇ ਸੁਰੱਖਿਆ ਸੈੱਸ[6] ਲਗਾਉਣ ਕਾਰਨ ਹੋਇਆ ਸੀ।

**ਬਿਜਲੀ ਉੱਤੇ ਕਰ ਅਤੇ ਸ਼ੁਲਕ**: ਪੰਜਾਬ ਇਲੈਕਟ੍ਰੀਕਲ ਇੰਸਪੈਕਟਰ ਨੇ ਪੇਂਡੂ ਖੇਤਰਾਂ ਲਈ ਬਿਜਲੀ ਸਪਲਾਈ ਉੱਤੇ ਟੈਕਸ ਦੀ ਦਰ ਵਿੱਚ ਵਾਧੇ ਨੂੰ ਰੈਵੀਨਿਊ ਪ੍ਰਾਪਤੀਆਂ ਵਿੱਚ ਵਾਧੇ ਦਾ ਕਾਰਨ ਦੱਸਿਆ।

**ਭੌਂ ਮਾਲੀਆ**: ਡਾਇਰੈਕਟਰ ਲੈਂਡ ਰਿਕਾਰਡਸ, ਪੰਜਾਬ ਨੇ ਜਇਦਾਦਾਂ ਦੀ ਘੱਟ ਵਿਕਰੀ/ਖਰੀਦ ਦੇ ਕਾਰਨ ਇੰਤਕਾਲ ਅਤੇ ਨਕਲ ਫੀਸ ਦੀ ਘੱਟ ਪ੍ਰਾਪਤੀ ਨੂੰ ਰੈਵੀਨਿਊ ਵਿੱਚ ਕਮੀ ਦਾ ਕਾਰਨ ਦੱਸਿਆ।

ਦੂਜੇ ਵਿਭਾਗਾਂ ਨੇ ਬੇਨਤੀ ਕੀਤੇ ਜਾਣ ਦੇ ਬਾਵਜੂਦ ਪਿਛਲੇ ਸਾਲ ਨਾਲੋਂ ਪ੍ਰਾਪਤੀਆਂ ਵਿੱਚ ਭਿੰਨਤਾਵਾਂ ਦੇ ਕਾਰਨ ਪੇਸ਼ ਨਹੀਂ ਕੀਤੇ ਸਨ।

1.1.3 2014-15 ਤੋਂ 2018-19 ਦੀ ਮਿਆਦ ਦੇ ਦੌਰਾਨ ਇਕੱਠਾ ਕੀਤੇ ਗੈਰ-ਕਰ ਰੈਵੀਨਿਊ ਦੇ ਵੇਰਵੇ **ਸਾਰਣੀ 1.1.3** ਦਰਸਾਏ ਗਏ ਹਨ:

**ਸਾਰਣੀ 1.1.3: ਗੈਰ-ਕਰ ਰੈਵੀਨਿਊ ਦੇ ਵੇਰਵੇ**

*(₹ ਕਰੋੜ ਵਿੱਚ)*


| ਲੜੀ ਨੰ. | ਰੈਵੀਨਿਊ ਦੀ ਮੱਦ | 2014-15 ਰੈਵੀਨਿਊ *(ਕੁੱਲ ਦਾ ਪ੍ਰਤੀਸ਼ਤ)* | 2015-16 ਰੈਵੀਨਿਊ *(ਕੁੱਲ ਦਾ ਪ੍ਰਤੀਸ਼ਤ)* | 2016-17 ਰੈਵੀਨਿਊ *(ਕੁੱਲ ਦਾ ਪ੍ਰਤੀਸ਼ਤ)* | 2017-18 ਰੈਵੀਨਿਊ *(ਕੁੱਲ ਦਾ ਪ੍ਰਤੀਸ਼ਤ)* | 2018-19 ਰੈਵੀਨਿਊ *(ਕੁੱਲ ਦਾ ਪ੍ਰਤੀਸ਼ਤ)* | 2017-18 ਨਾਲੋ 2018-19 ਵਿੱਚ ਅਸਲ ਦੀ ਪ੍ਰਤੀਸ਼ਤਤਾ ਵਾਧਾ (+) ਜਾਂ ਘਾਟਾ (–) |
|---|---|---|---|---|---|---|---|
| 1 | ਫੁਟਕਲ ਜਨਰਲ ਸੇਵਾਵਾਂ | 1,473.47 *(51.17)* | 999.84 *(37.73)* | 3,028.08 *(51.64)* | 1,478.97 *(34.25)* | 4,851.51 *(63.98)* | (+) 228.03 |
| 2 | ਵਿਆਜ਼ ਪ੍ਰਾਪਤੀਆਂ | 193.88 *(6.73)* | 225.28 *(8.50)* | 1,293.80 *(22.07)* | 1,404.94 *(32.53)* | 1,455.26 *(19.19)* | (+) 3.58 |
| 3 | ਹੋਰ ਪ੍ਰਬੰਧਕੀ ਸੇਵਾਵਾਂ | 114.12 *(3.96)* | 253.05 *(9.55)* | 133.46 *(2.28)* | 165.85 *(3.84)* | 150.63 *(1.99)* | (-) 9.18 |
| 4 | ਪੁਲਿਸ | 77.23 *(2.68)* | 48.45 *(1.83)* | 98.52 *(1.68)* | 61.78 *(1.43)* | 73.38 *(0.97)* | (+) 18.78 |
| 5 | ਮੈਡੀਕਲ ਅਤੇ ਪਬਲਿਕ ਹੈਲਥ | 116.50 *(4.05)* | 184.25 *(6.95)* | 135.47 *(2.31)* | 253.34 *(5.87)* | 263.42 *(3.47)* | (+) 3.98 |
| 6 | ਮੇਜਰ ਅਤੇ ਮੀਡੀਅਮ ਸਿੰਚਾਈ | 72.81 *(2.53)* | 142.66 *(5.38)* | 93.61 *(1.60)* | 71.38 *(1.65)* | 24.22 *(0.32)* | (-) 66.07 |
| 7 | ਨਾਨ-ਫੈਰਸ ਮਾਈਨਿੰਗ ਅਤੇ ਮੈਟਲਰਜੀਕਲ ਉਦਯੋਗ | 86.44 *(3.00)* | 56.64 *(2.14)* | 42.08 *(0.72)* | 122.40 *(2.83)* | 36.13 *(0.48)* | (-) 70.48 |
| 8 | ਲੋਕ ਨਿਰਮਾਣ | 16.79 *(0.58)* | 18.94 *(0.71)* | 67.96 *(1.16)* | 83.30 *(1.93)* | 28.81 *(0.38)* | (-) 65.41 |
| 9 | ਜੰਗਲਾਤ ਅਤੇ ਜੰਗਲੀ ਜੀਵ | 19.45 *(0.68)* | 31.81 *(1.20)* | 20.92 *(0.35)* | 48.67 *(1.13)* | 15.66 *(0.21)* | (-) 67.82 |
| 10 | ਸਹਿਕਾਰਤਾ | 14.16 *(0.49)* | 3.24 *(0.12)* | 3.37 *(0.06)* | 2.82 *(0.07)* | 3.31 *(0.04)* | (+) 17.38 |
| 11 | ਡੇਅਰੀ ਵਿਕਾਸ | 0.11 *(0.00)* | 0.10 *(0.00)* | 0.03 *(0.00)* | 0.02 *(0.00)* | 0.02 *(0.00)* | 0.00 |
| 12 | ਸਿੱਖਿਆ, ਖੇਡਾਂ, ਆਰਟ ਅਤੇ ਕਲਚਰ | 159.36 *(5.54)* | 88.68 (3.35) | 95.89 *(1.63)* | 41.87 *(0.97)* | 56.75 *(0.75)* | (+) 35.54 |
| 13 | ਹੋਰ[7] | 535.41 *(18.59)* | 597.33 *(22.54)* | 850.01 *(14.50)* | 583.05 *(13.50)* | 623.19 *(8.22)* | (+) 6.88 |
| | **ਕੁੱਲ** | **2,879.73** | **2,650.27** | **5,863.20** | **4,318.39** | **7,582.29** | **(+) 75.58** |

6 ਪੰਜਾਬ ਸਰਕਾਰ ਨੇ ਗੈਰ-ਆਵਾਜਾਈ ਵਾਹਨ ਦੇ ਮਾਮਲੇ ਵਿੱਚ ਵਾਹਨ ਦੇ ਮੁੱਲ ਦੇ ਇੱਕ ਪ੍ਰਤੀਸ਼ਤ ਦੀ ਦਰ ਨਾਲ ਅਤੇ ਆਵਾਜਾਈ ਵਾਹਨ ਦੇ ਮਾਮਲੇ ਵਿੱਚ ਮੋਟਰ ਵਾਹਨ ਕਰ ਦਾ 10 ਪ੍ਰਤੀਸ਼ਤ ਸਮਾਜਿਕ ਸੁਰੱਖਿਆ ਸਰਚਾਰਜ ਲਗਾਇਆ (ਅਕਤੂਬਰ 2018)।

7 ਪ੍ਰਾਪਤੀਆਂ ਜੋ ਕਿ ਸਾਰਣੀ ਦੇ ਲੜੀ ਨੰ. 1 ਤੋਂ 12 ਵਿੱਚ ਦਰਸਾਈਆਂ ਰੈਵੀਨਿਊ ਦੀਆਂ ਮੱਦਾਂ ਅਧੀਨ ਨਹੀਂ ਆਉਂਦੀਆਂ।

2014-15 ਤੋਂ 2018-19 ਤੱਕ ਗੈਰ-ਕਰ ਰੈਵੀਨਿਊ ਪ੍ਰਾਪਤੀਆਂ ਦਾ ਸਾਲ-ਅਨੁਸਾਰ ਰੁਝਾਨ **ਚਾਰਟ 1.3** ਵਿੱਚ ਦਰਸਾਇਆ ਗਿਆ ਹੈ।

**ਚਾਰਟ 1.3**




ਇਹ ਦੇਖਿਆ ਗਿਆ ਕਿ 2017-18 ਦੇ ਮੁਕਾਬਲੇ 2018-19 ਵਿੱਚ ਫੁਟਕਲ ਜਨਰਲ ਸੇਵਾਵਾਂ ਰਾਹੀਂ ਰੈਵੀਨਿਊ ਵਿੱਚ ਦੋ ਗੁਣਾ ਤੋਂ ਵੱਧ ਵਾਧਾ ਹੋਇਆ ਹੈ। ਜਿਨ੍ਹਾਂ ਵਿਭਾਗਾਂ ਨੇ ਰੈਵੀਨਿਊ ਵਿੱਚ ਮਹੱਤਵਪੂਰਨ ਕਮੀ ਦਰਜ ਕੀਤੀ ਉਹ ਸਨ ਨਾਲ-ਫੈਰਸ ਮਾਈਨਿੰਗ ਅਤੇ ਮੈਟਲਰਜੀਕਲ ਉਦਯੋਗ (70.48 ਪ੍ਰਤੀਸ਼ਤ), ਜੰਗਲਾਤ ਅਤੇ ਜੰਗਲੀ ਜੀਵ (67.82 ਪ੍ਰਤੀਸ਼ਤ), ਮੇਜਰ ਅਤੇ ਮੀਡੀਅਮ ਸਿੰਚਾਈ (66.07 ਪ੍ਰਤੀਸ਼ਤ) ਅਤੇ ਲੋਕ ਨਿਰਮਾਣ (65.41 ਪ੍ਰਤੀਸ਼ਤ)।

ਸਬੰਧਤ ਵਿਭਾਗਾਂ ਨੇ ਸਾਲ 2018-19 ਦੌਰਾਨ ਅਸਲ ਪ੍ਰਾਪਤੀਆਂ ਵਿੱਚ ਭਿੰਨਤਾਵਾਂ ਦੇ ਹੇਠ ਲਿਖੇ ਕਾਰਨਾਂ ਦੀ ਜਾਣਕਾਰੀ ਦਿੱਤੀ:

(i) **ਫੁਟਕਲ ਜਨਰਲ ਸੇਵਾਵਾਂ:** ਵਿੱਤ ਵਿਭਾਗ, ਪੰਜਾਬ ਸਰਕਾਰ ਨੇ ਦੱਸਿਆ (ਮਈ 2020) ਕਿ ਪਿਛਲੇ ਸਾਲ ਦੇ ਮੁਕਾਬਲੇ ਅਸਲ ਪ੍ਰਾਪਤੀ ਵਿੱਚ ਵਾਧਾ ਮੁੱਖ ਤੌਰ ਤੇ ਪੰਜਾਬ ਦੇ ਕਰਜ਼ੇ ਹੇਠ ਦੱਬੇ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਲਈ

ਪੰਜਾਬ ਮੰਡੀ ਬੋਰਡ ਅਤੇ ਪੰਜਾਬ ਪੇਂਡੂ ਵਿਕਾਸ ਬੋਰਡ ਦੁਆਰਾ ਖੇਤੀ ਉਪਜ਼ਾਂ ਦੀ ਵਿੱਕਰੀ ਤੇ ਇੱਕਠੇ ਕੀਤੇ ਪੇਂਡੂ ਵਿਕਾਸ ਫੰਡ ਅਤੇ ਮਾਰਕੀਟ ਫੀਸ ਨੂੰ ਸਰਕਾਰੀ ਖਾਤੇ ਵਿੱਚ ਤਬਾਦਲੇ ਕਰਕੇ ਹੋਇਆ ਸੀ।

**(ii)** **ਪੁਲਿਸ**: ਡਾਇਰੈਕਟਰ ਜਨਰਲ, ਪੁਲਿਸ, ਪੰਜਾਬ ਨੇ ਦੱਸਿਆ (ਜੁਲਾਈ 2019) ਕਿ ਅਸਲ ਪ੍ਰਾਪਤੀਆਂ ਵਿੱਚ ਵਾਧਾ ਏਅਰਪਰੋਟ ਅਥਾਰਟੀਆਂ/ਪੀ ਸੀ ਏ ਤੋਂ ਤੈਨਾਤੀ ਖਰਚਿਆਂ ਦੇ ਸਬੰਧ ਵਿੱਚ ਪਿਛਲੇ ਸਾਲਾਂ ਦੇ ਬਕਾਏ ਦਾਅਵਿਆਂ ਦੀ ਵਸੂਲੀ ਕਾਰਨ ਹੋਇਆ ਸੀ।

**(iii)** **ਮੈਡੀਕਲ ਅਤੇ ਪਬਲਿਕ ਹੈਲਥ**: ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ ਨੇ ਦੱਸਿਆ (ਅਗਸਤ 2019) ਕਿ ਅਸਲ ਪ੍ਰਾਪਤੀਆਂ ਵਿੱਚ ਪਿਛਲੇ ਸਾਲ ਨਾਲੋਂ ਵਾਧੇ ਦੇ ਕਾਰਨ ਬਾਹਰੀ/ਅੰਦਰੂਨੀ ਮਰੀਜ਼ਾਂ ਦੀ ਗਿਣਤੀ ਵਿੱਚ ਵਾਧਾ ਅਤੇ ਵਿਭਾਗ ਦੁਆਰਾ 2017-18 ਵਿੱਚ ਕੀਤੇ ਖਰਚੇ ਦੇ ਵਿਰੁੱਧ ਰਾਜ ਕਰਮਚਾਰੀ ਬੀਮਾ ਨਿਗਮ ਤੋਂ 2018-19 ਵਿੱਚ ₹ 182.64 ਕਰੋੜ ਦੀ ਅਦਾਇਗੀ ਸਨ।

**(iv)** **ਮੇਜਰ ਅਤੇ ਮੀਡੀਅਮ ਸਿੰਚਾਈ**: ਵਿਭਾਗ ਨੇ ਪਾਣੀ ਦੇ ਸੈੱਸ ਦੀ ਘੱਟ ਵਸੂਲੀ ਨੂੰ ਘੱਟ ਪ੍ਰਾਪਤੀਆਂ ਦਾ ਕਾਰਨ ਠਹਿਰਾਇਆ।

**(v)** **ਨਾਨ-ਫੈਰਸ ਮਾਈਨਿੰਗ ਅਤੇ ਮੈਟਲਰਜੀਕਲ ਉਦਯੋਗ**: ਮਾਈਨਜ਼ ਅਤੇ ਜੀਓਲੌਜੀ ਵਿਭਾਗ, ਪੰਜਾਬ ਨੇ ਦੱਸਿਆ (ਅਗਸਤ 2019) ਕਿ 92 ਖਾਣਾਂ ਦੀ ਆਰਜ਼ੀ ਪ੍ਰਵਾਨਗੀ 2017-18 ਦੌਰਾਨ ਜਾਰੀ ਕੀਤੀ ਗਈ ਸੀ ਜਿਸਦਾ ਕੁੱਲ ਠੇਕਾ ਮੁੱਲ ₹ 378.96 ਕਰੋੜ ਸੀ, ਜਿਨ੍ਹਾਂ ਦੇ ਵਿਰੁੱਧ ਠੇਕੇਦਾਰਾਂ ਨੇ 2017-18 ਦੌਰਾਨ ₹ 122.40 ਕਰੋੜ ਦੀ ਪਹਿਲੀ ਕਿਸ਼ਤ ਜਮ੍ਹਾਂ ਕੀਤੀ ਸੀ। ਹਾਲਾਂਕਿ, ਵਾਤਾਵਰਣ ਪ੍ਰਵਾਨਗੀ ਦਾ ਤਬਾਦਲਾ, ਲੰਘਣ ਦੀ ਅਣ-ਉਪਲਬਧਤਾ, ਮਾਈਨਿੰਗ ਸਾਈਟਾਂ ਦਾ ਡੁੱਬਣਾ ਅਤੇ ਬਕਾਏ ਦੀ ਅਦਾਇਗੀ ਨਾ ਹੋਣ ਕਾਰਨ ਖਾਣਾਂ ਨੂੰ ਰੱਦ ਕਰਨ ਕਰਕੇ 92 ਵਿੱਚੋਂ ਸਿਰਫ 44 ਖਾਣਾਂ ਠੇਕੇਦਾਰਾਂ ਵੱਲੋਂ ਚਲਾਈਆਂ ਗਈਆਂ ਸਨ, ਜਿਸਦੇ ਨਤੀਜੇ ਵਜੋਂ 2018-19 ਦੌਰਾਨ ਰੈਵੀਨਿਊ ਦੀ ਘੱਟ ਵਸੂਲੀ ਹੋਈ।

**(vi)** **ਲੋਕ ਨਿਰਮਾਣ**: ਵਿਭਾਗ ਨੇ ਰੈਵੀਨਿਊ ਪ੍ਰਾਪਤੀਆਂ ਵਿੱਚ ਕਮੀ ਦਾ ਕਾਰਨ ਏਜੰਸੀ ਖਰਚਿਆਂ, ਜੋ ਕਿ ਰਾਜ ਦੁਆਰਾ ਮੁਹੱਈਆ ਕਰਵਾਏ ਗਏ ਸਟਾਫ ਅਤੇ ਸੇਵਾਵਾਂ ਦੇ ਬਦਲੇ ਨੈਸ਼ਨਲ ਹਾਈਵੇਜ਼ ਅਥਾਰਟੀ ਆਫ ਇੰਡੀਆ (ਐਨ ਐਚ ਏ ਆਈ) ਤੋਂ ਪ੍ਰਾਪਤ ਹੁੰਦੇ ਸਨ, ਦੀ ਦਰ ਨੂੰ ਨੌਂ ਪ੍ਰਤੀਸ਼ਤ ਤੋਂ ਘਟਾ ਕੇ ਤਿੰਨ ਪ੍ਰਤੀਸ਼ਤ ਕਰਨ ਅਤੇ ਉੱਚੇ ਮੁੱਲ ਵਾਲੇ ਸਾਰੇ ਪ੍ਰੋਜੈਕਟਾਂ ਦੇ 2017-18 ਦੌਰਾਨ ਮੁਕੰਮਲ ਹੋਣ ਨੂੰ ਠਹਿਰਾਇਆ (ਦਸੰਬਰ 2019) ਸੀ।

**(vii)** **ਜੰਗਲਾਤ ਅਤੇ ਜੰਗਲੀ ਜੀਵ**: ਮੁੱਖ ਵਣ ਪਾਲ, ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਨੇ ਰੈਵੀਨਿਊ ਪ੍ਰਾਪਤੀਆਂ ਵਿੱਚ ਕਮੀ ਦਾ ਕਾਰਨ ਮਾਈਨਰ

ਮੱਦ "101-ਲੱਕੜ ਅਤੇ ਵਣ ਉਪਜ ਦੀ ਵਿੱਕਰੀ" ਵਿੱਚ ਘੱਟ ਪ੍ਰਾਪਤੀਆਂ ਨੂੰ ਠਹਿਰਾਇਆ (ਸਤੰਬਰ 2019) ਸੀ।

**(viii)** **ਫਸਲ ਪਾਲਣ**: ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਨੇ ਪ੍ਰਾਪਤੀਆਂ ਵਿੱਚ ਕਮੀ ਦਾ ਕਾਰਨ ਪ੍ਰਮਾਣਿਤ ਬੀਜ, ਖਾਦ, ਪੌਦੇ ਸੁਰੱਖਿਆ ਉਪਕਰਣਾਂ, ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਦੀ ਵਿੱਕਰੀ ਲਈ ਘੱਟ ਲਾਈਸੈਂਸਾਂ ਦੇ ਨਵੀਨੀਕਰਣ ਅਤੇ ਗੰਨਾ ਸੈੱਸ ਦੀਆਂ ਘੱਟ ਪ੍ਰਾਪਤੀਆਂ ਨੂੰ ਠਹਿਰਾਇਆ (ਅਗਸਤ 2019) ਸੀ।

ਬਾਕੀ ਵਿਭਾਗਾਂ[8] ਨੇ ਬੇਨਤੀ ਕੀਤੇ ਜਾਣ ਦੇ ਬਾਵਜੂਦ ਪਿਛਲੇ ਸਾਲ ਨਾਲੋਂ ਪ੍ਰਾਪਤੀਆਂ ਵਿੱਚ ਭਿੰਨਤਾਵਾਂ ਦੇ ਕਾਰਨ ਪੇਸ਼ ਨਹੀਂ ਕੀਤੇ ਸਨ।

## 1.2 ਰੈਵੀਨਿਊ ਦੇ ਬਕਾਏ ਦਾ ਮੁਲਾਂਕਣ

31 ਮਾਰਚ 2019 ਨੂੰ ਰੈਵੀਨਿਊ ਦੀਆਂ ਮੁੱਖ ਮੱਦਾਂ ਦੇ ਸਬੰਧ ਵਿੱਚ ਰੈਵੀਨਿਊ ਦੇ ਬਕਾਏ ₹ 7,909.18 ਕਰੋੜ ਸਨ ਜਿਸ ਵਿੱਚੋਂ ₹ 1,076.21 ਕਰੋੜ ਪੰਜ ਸਾਲ ਤੋਂ ਵੱਧ ਸਮੇਂ ਤੋਂ ਬਕਾਇਆ ਸਨ, ਜਿਵੇਂ ਕਿ **ਸਾਰਣੀ** 1.2 ਵਿੱਚ ਦਰਸਾਇਆ ਗਿਆ ਹੈ।

[8] ਵਿਆਜ਼ ਪ੍ਰਾਪਤੀਆਂ, ਸਿੱਖਿਆ, ਖੇਡਾਂ, ਆਰਟ ਅਤੇ ਕਲਚਰ ਅਤੇ ਹੋਰ ਪ੍ਰਸ਼ਾਸਨਿਕ ਸੇਵਾਵਾਂ।

ਸਾਰਣੀ 1.2: ਰੈਵੀਨਿਊ ਦੇ ਬਕਾਏ

*(₹ ਕਰੋੜ ਵਿੱਚ)*

| ਲੜੀ ਨੰ. | ਰੈਵੀਨਿਊ ਦੀ ਮੱਦ | 31 ਮਾਰਚ 2019 ਨੂੰ ਬਕਾਇਆ ਰਕਮ | 31 ਮਾਰਚ 2019 ਨੂੰ ਪੰਜ ਸਾਲਾਂ ਤੋਂ ਵੱਧ ਤੋਂ ਬਕਾਇਆ ਰਕਮ | ਵਿਭਾਗ ਦਾ ਜਵਾਬ |
|---|---|---|---|---|
| 1. | ਵਿੱਕਰੀਆਂ, ਵਪਾਰ ਆਦਿ ਉੱਤੇ ਕਰ/ਵੈਟ | 7,104.56 | 952.83 | ਵਸੂਲੀ ਪ੍ਰਕਿਰਿਆ ਅਧੀਨ ਹੈ। |
| 2. | ਵਣ ਅਤੇ ਜੰਗਲੀ ਜੀਵਣ | 23.21 | 22.81 | ਪੀ ਸੀ ਸੀ ਐਫ (ਐਚ ਓ ਐਫ ਐਫ) ਪੰਜਾਬ ਨੇ ਦੱਸਿਆ ਕਿ ਵਣ ਠੇਕਿਆਂ ਦੇ ਵਿਰੁੱਧ ਬਕਾਇਆ ₹ 22.81 ਕਰੋੜ ਦੀ ਰਕਮ ਦੀ ਵਸੂਲੀ ਕਿਸ਼ਤਾਂ ਵਿੱਚ ਕੀਤੀ ਜਾ ਰਹੀ ਹੈ ਅਤੇ ₹ 39.92 ਲੱਖ ਦੀ ਰਕਮ ਪੀ ਐਸ ਐਫ ਡੀ ਸੀ ਤੋਂ ਰਾਇਲਟੀ ਦੇ ਕਾਰਨ ਵਸੂਲਣਯੋਗ ਸੀ। |
| 3. | ਰਾਜ ਆਬਕਾਰੀ | 368.77 | 13.98 | ਬਹੁਤੇ ਮਾਮਲਿਆਂ ਵਿੱਚ ਡਿਫਾਲਟਰਾਂ ਖਿਲਾਫ ਵਸੂਲੀ ਦੀ ਕਾਰਵਾਈ ਪਹਿਲਾਂ ਹੀ ਲੈਂਡ ਰੈਵੀਨਿਊ ਐਕਟ ਤਹਿਤ ਸ਼ੁਰੂ ਕੀਤੀ ਜਾ ਚੁੱਕੀ ਸੀ। |
| 4 | ਵਾਹਨਾਂ ਉੱਤੇ ਕਰ | 190.70 | 86.43 | 31 ਮਾਰਚ 2019 ਨੂੰ ਪੰਜ ਸਾਲਾਂ ਤੋਂ ਵੱਧ ਸਮੇਂ ਲਈ ਬਕਾਇਆ ਰਕਮ ਉਨ੍ਹਾਂ ਵਾਹਨਾਂ ਨਾਲ ਸਬੰਧਤ ਹੈ ਜਿਨ੍ਹਾਂ ਨੂੰ ਜਾਂ ਤਾਂ ਵਿਭਾਗ ਦੀ ਜਾਣਕਾਰੀ ਤੋਂ ਬਿਨਾਂ ਕੰਡਮ ਕਰ ਦਿੱਤਾ ਗਿਆ ਸੀ ਜਾਂ ਸੜਕ ਤੇ ਨਹੀਂ ਚਲ ਰਹੇ ਸਨ। |
| 5. | ਭੌਂ ਮਾਲੀਆ | 221.94 | 0.16 | ਵਸੂਲੀ ਦੀਆਂ ਕਾਰਵਾਈਆਂ ਪ੍ਰਕਿਰਿਆ ਅਧੀਨ ਸਨ। |
| | ਕੁੱਲ | **7,909.18** | **1,076.21** | |

ਇਹ ਦੇਖਿਆ ਗਿਆ ਹੈ ਕਿ ਵਿੱਕਰੀਆਂ, ਵਪਾਰ ਆਦਿ ਉੱਤੇ ਕਰ/ਵੈਟ ਦੇ ਕੁੱਲ ਬਕਾਇਆ ਖੜ੍ਹੇ ₹ 7,104.56 ਕਰੋੜ ਵਿਚੋਂ, ₹ 4,589.24 ਕਰੋੜ (65 ਪ੍ਰਤੀਸ਼ਤ) ਦਾ ਬਕਾਇਆ ਚਾਰ[9] ਸਹਾਇਕ ਰਾਜ ਕਰ ਕਮਿਸ਼ਨਰਾਂ (ਏ ਸੀ ਐਸ ਟੀਜ਼) ਨਾਲ ਸਬੰਧਤ ਹੈ, ਜਿਨ੍ਹਾਂ ਵਿੱਚੋਂ ₹ 315.50 ਕਰੋੜ ਦਾ ਬਕਾਇਆ ਪੰਜ ਸਾਲਾਂ ਤੋਂ ਵੱਧ ਸਮੇਂ ਦਾ ਖੜ੍ਹਾ ਹੈ।

## 1.3 ਨਿਰਧਾਰਣ ਦੇ ਬਕਾਏ

ਵਿੱਕਰੀ ਕਰ ਦੇ ਸਬੰਧ ਵਿੱਚ ਜਿਵੇਂ ਕਿ ਆਬਕਾਰੀ ਅਤੇ ਕਰਬੰਦੀ ਵਿਭਾਗ ਦੁਆਰਾ ਪੇਸ਼ ਕੀਤੇ ਗਏ ਸਾਲ ਦੇ ਸ਼ੁਰੂ ਉੱਤੇ ਲੰਬਿਤ ਕੇਸਾਂ, ਨਿਰਧਾਰਣ ਲਈ ਯੋਗ ਬਣਦੇ ਕੇਸਾਂ, ਸਾਲ ਦੌਰਾਨ ਨਿਪਟਾਏ ਕੇਸਾਂ ਅਤੇ ਸਾਲ ਦੇ ਅੰਤ ਉੱਤੇ ਫਾਈਨਲ ਹੋਣ ਲਈ ਲੰਬਿਤ ਕੇਸਾਂ ਦੀ ਗਣਤੀ **ਸਾਰਣੀ** 1.3 ਵਿੱਚ ਦਰਸਾਈ ਗਈ ਹੈ:

9 ਫਤਿਹਗੜ੍ਹ ਸਾਹਿਬ, ਲੁਧਿਆਣਾ-1, ਮੁਹਾਲੀ ਅਤੇ ਪਟਿਆਲਾ।

**ਸਾਰਣੀ 1.3: ਨਿਰਧਾਰਣ ਦੇ ਬਕਾਏ**

| ਰੈਵੀਨਿਊ ਦੀ ਮੱਦ | ਮੁੱਢਲਾ ਬਕਾਇਆ | 2018-19 ਵਿੱਚ ਨਿਰਧਾਰਣ ਲਈ ਯੋਗ ਬਣਦੇ ਨਵੇਂ ਕੇਸ | ਕੁੱਲ ਨਿਰਧਾਰਣ ਯੋਗ ਕੇਸ | 2018-19 ਦੌਰਾਨ ਨਿਪਟਾਏ ਕੇਸ | ਸਾਲ ਦੇ ਅੰਤ ਉੱਤੇ ਬਕਾਇਆ | ਨਿਪਟਾਰੇ ਦੀ ਪ੍ਰਤੀਸ਼ਤਤਾ (ਕਾਲਮ 5 ਨੂੰ 4) |
|---|---|---|---|---|---|---|
| (1) | (2) | (3) | (4) | (5) | (6) | (7) |
| ਵਿੱਕਰੀਆਂ/ ਵਪਾਰ ਆਦਿ ਉੱਤੇ ਕਰ/ਵੈਟ | 1,06,561 | 15,987 | 1,22,548 | 27,943 | 94,605 | 22.80 |

*ਪਿਛਲੇ ਸਾਲ ਦਾ ਅੰਤਿਮ ਬਕਾਇਆ 1,06,781 ਸੀ। ਹਾਲਾਂਕਿ, ਇਸ ਸਾਲ ਦਾ ਮੁੱਢਲਾ ਬਕਾਇਆ ਵਿਭਾਗ ਨਾਲ ਤਸਦੀਕ ਦੇ ਬਾਅਦ 1,06,561 ਚੁੱਕਿਆ ਗਿਆ ਹੈ।*

ਸਾਰੇ 26 ਏ ਸੀ ਐਸ ਟੀਜ਼ ਵਿੱਚ ਨਿਰਧਾਰਣ ਵਿੱਚ ਬਕਾਏ ਸਨ। ਹਾਲਾਂਕਿ, ਸੱਤ[10] ਏ ਸੀ ਐਸ ਟੀਜ਼ ਵਿੱਚ ਡਾਟਾ ਦੀ ਪ੍ਰਮਾਣਿਕਤਾ ਦੌਰਾਨ, ਏ ਸੀ ਐਸ ਟੀਜ਼ ਹੁਸ਼ਿਆਰਪੁਰ ਵਿੱਚ ਇਹ ਦੇਖਿਆ ਗਿਆ ਕਿ 31 ਮਾਰਚ 2019 ਨੂੰ ਇੱਥੇ 230[11] ਕੇਸਾਂ ਦਾ ਅੰਤਰ ਸੀ। ਇਹ ਵਿਭਾਗ ਦੁਆਰਾ ਮੁਹੱਈਆ ਕਰਵਾਏ ਗਏ ਡਾਟਾ ਵਿੱਚ ਗਲਤੀਆਂ ਦਾ ਸੰਕੇਤ ਹੈ। ਵਿਭਾਗ ਨਿਰਧਾਰਣ ਦੇ ਬਕਾਏ ਨਾਲ ਸਬੰਧਤ ਡਾਟਾ ਦਾ ਮਿਲਾਨ ਕਰ ਸਕਦਾ ਹੈ।

## 1.4 ਕਰ ਦੀ ਚੋਰੀ

ਆਬਕਾਰੀ ਅਤੇ ਕਰਬੰਦੀ ਵਿਭਾਗ ਦੁਆਰਾ ਫੜੇ ਕਰ ਦੀ ਚੋਰੀ ਦੇ ਕੇਸਾਂ ਦੇ ਵੇਰਵੇ, ਫਾਈਨਲ ਕੀਤੇ ਕੇਸ ਅਤੇ ਵਾਧੂ ਟੈਕਸ ਲਗਾਉਣ ਦੀ ਮੰਗ, ਜਿਵੇਂ ਕਿ ਵਿਭਾਗ ਦੁਆਰਾ ਸੂਚਿਤ ਕੀਤੇ ਗਏ, **ਸਾਰਣੀ** 1.4 ਵਿੱਚ ਦਰਸਾਏ ਗਏ ਹਨ:

**ਸਾਰਣੀ 1.4: ਫੜੀ ਗਈ ਕਰ ਦੀ ਚੋਰੀ**

| ਲੜੀ ਨੰ. | ਰੈਵੀਨਿਊ ਦੀ ਮੱਦ | 31 ਮਾਰਚ 2018 ਨੂੰ ਲੰਬਿਤ ਕੇਸ | 2018-19 ਦੌਰਾਨ ਫੜੇ ਗਏ ਕੇਸ | ਕੁੱਲ | ਕੇਸਾਂ ਦੀ ਗਿਣਤੀ ਜਿਨ੍ਹਾਂ ਵਿੱਚ ਨਿਰਧਾਰਣ/ਜਾਂਚ ਪੂਰੀ ਹੋ ਚੁੱਕੀ ਅਤੇ ਜ਼ੁਰਮਾਨੇ ਆਦਿ ਨਾਲ ਵਾਧੂ ਮੰਗ ਉਠਾਈ ਗਈ | | 31 ਮਾਰਚ 2019 ਨੂੰ ਫਾਈਨਲ ਹੋਣ ਲਈ ਲੰਬਿਤ ਕੇਸਾਂ ਦੀ ਗਿਣਤੀ |
|---|---|---|---|---|---|---|---|
| | | | | | ਕੇਸਾਂ ਦੀ ਗਿਣਤੀ | ਮੰਗ ਦੀ ਰਕਮ (₹ ਕਰੋੜ ਵਿੱਚ) | |
| 1. | ਵਿੱਕਰੀਆਂ ਵਪਾਰ ਆਦਿ ਉੱਤੇ ਕਰ/ਵੈਟ | 1,301 | 176 | 1,477 | 1,094 | 48.25 | 383 |
| 2. | ਵਾਹਨਾਂ ਉੱਤੇ ਕਰ | 16 | --- | 16 | 10 | 0.04 | 6 |
| **ਕੁੱਲ** | | **1,317** | **176** | **1,493** | **1,104** | **48.29** | **389** |

*ਪਿਛਲੇ ਸਾਲ ਦਾ ਅੰਤਿਮ ਬਕਾਇਆ 4,004 ਸੀ ਜਦ ਕਿ ਇਸ ਸਾਲ ਦਾ ਮੁੱਢਲਾ ਬਕਾਇਆ 1,317 ਹੈ। 2,687 ਕੇਸਾਂ ਦਾ ਅੰਤਰ ਏ ਸੀ ਐਸ ਟੀ ਰੋਪੜ ਦੁਆਰਾ ਮੁਲਾਂਕਣ ਦੇ ਬਕਾਏ ਦੀ ਚੋਰੀ ਦੇ ਮਾਮਲਿਆਂ ਦੇ ਤੌਰ ਤੇ ਅਣਜਾਣ ਰਿਪੋਰਟਿੰਗ ਦੇ ਕਾਰਨ ਸੀ।*

---

10 ਤਰਨ ਤਾਰਨ, ਪਟਿਆਲਾ, ਮੋਹਾਲੀ, ਫਤਿਹਗੜ੍ਹ ਸਾਹਿਬ, ਲੁਧਿਆਣਾ-1, ਰੂਪ ਨਗਰ (ਰੋਪੜ) ਅਤੇ ਹੁਸ਼ਿਆਰਪੁਰ।

11 ਸੂਚਿਤ = 2,989 ਕੇਸ, ਏ ਸੀ ਐਸ ਟੀ ਹੁਸ਼ਿਆਰਪੁਰ ਵਿੱਚ ਪ੍ਰਮਾਣਿਕਤਾ ਦੌਰਾਨ ਮਿਲੇ = 2,759 ਕੇਸ।

## 1.5 ਰਿਫੰਡ ਕੇਸ

ਸਾਲ 2018-19 ਦੇ ਸ਼ੁਰੂ ਉੱਤੇ ਲੰਬਿਤ ਰਿਫੰਡ ਕੇਸਾਂ ਦੀ ਗਿਣਤੀ, ਸਾਲ ਦੌਰਾਨ ਪ੍ਰਾਪਤ ਕੀਤੇ ਦਾਅਵੇ, ਸਾਲ ਦੌਰਾਨ ਦਿੱਤੀ ਰਿਫੰਡਾਂ ਦੀ ਆਗਿਆ ਅਤੇ ਸਾਲ 2018-19 ਦੇ ਅੰਤ ਉੱਤੇ ਲੰਬਿਤ ਕੇਸ, ਜਿਵੇਂ ਕਿ ਵਿਭਾਗ ਦੁਆਰਾ ਸੂਚਿਤ ਕੀਤੇ ਗਏ, **ਸਾਰਣੀ** 1.5 ਵਿੱਚ ਦਰਸਾਏ ਗਏ ਹਨ:

**ਸਾਰਣੀ 1.5: ਰਿਫੰਡ ਕੇਸਾਂ ਦੇ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ. | ਵੇਰਵੇ | ਜੀ ਐਸ ਟੀ | | ਵਿੱਕਰੀ ਕਰ/ਵੈਟ | | ਰਾਜ ਆਬਕਾਰੀ | |
|---|---|---|---|---|---|---|---|
| | | ਕੇਸਾਂ ਦੀ ਗਿਣਤੀ | ਰਕਮ | ਕੇਸਾਂ ਦੀ ਗਿਣਤੀ | ਰਕਮ | ਕੇਸਾਂ ਦੀ ਗਿਣਤੀ | ਰਕਮ |
| 1. | ਸਾਲ ਦੇ ਸ਼ੁਰੂ ਉੱਤੇ ਬਕਾਇਆ ਦਾਅਵੇ | 494 | 51.05 | 8,709 | 1,030.18 | 194 | 1.50 |
| 2. | ਸਾਲ ਦੌਰਾਨ ਪ੍ਰਾਪਤ ਕੀਤੇ ਦਾਅਵੇ | 6,788 | 778.00 | 5,951 | 600.75 | 26 | 2.43 |
| 3. | ਸਾਲ ਦੌਰਾਨ ਦਿੱਤੇ ਰਿਫੰਡ | 5,706 | 530.45 | 10,014 | 1,027.11 | 5 | 0.04 |
| 4. | ਸਾਲ ਦੌਰਾਨ ਰੱਦ ਕੀਤੇ ਰਿਫੰਡ | 433 | 171.77 | 1,520 | 309.96 | 0 | 0 |
| 5. | ਸਾਲ ਦੇ ਅੰਤ ਉੱਤੇ ਲੰਬਿਤ ਬਕਾਇਆ | 1,143 | 126.83 | 3,126 | 293.86 | 215 | 3.89 |

- *2017-18 ਦੌਰਾਨ ਵਿੱਕਰੀ ਕਰ/ਵੈਟ ਅਧੀਨ ਰਿਫੰਡ ਦੀ ਰਕਮ ਦਾ ਅੰਤਿਮ ਬਕਾਇਆ ₹ 1030.23 ਕਰੋੜ ਸੀ ਜਦੋਂਕਿ 2018-19 ਲਈ ਮੁੱਢਲਾ ਬਕਾਇਆ ₹ 1030.18 ਕਰੋੜ ਹੈ। ₹ 0.05 ਕਰੋੜ ਦਾ ਅੰਤਰ ਸਾਲ 2017-18 ਦੇ ਅੰਕੜਿਆਂ ਨੂੰ ਰੁਪਈਆ ਵਿੱਚ ਸੰਕਲਿਤ ਕਰਨ ਕਰਕੇ ਹੋਇਆ ਹੈ ਜਦੋਂਕਿ ਸਾਲ 2018-19 ਦੇ ਅੰਕੜਿਆਂ ਦਾ ਸੰਕਲਨ ਕਰੋੜ ਵਿੱਚ ਕੀਤਾ ਗਿਆ ਹੈ।*
- *2017-18 ਦੌਰਾਨ ਰਾਜ ਆਬਕਾਰੀ ਵਿੱਚ ਰਿਫੰਡ ਕੇਸਾਂ ਦਾ ਅੰਤਿਮ ਬਕਾਇਆ 165 ਸੀ ਜਦੋਂਕਿ ਮੁੱਢਲਾ ਬਕਾਇਆ 194 ਹੈ। 29 ਕੇਸਾਂ ਦਾ ਅੰਤਰ ਸਹਾਇਕ ਆਬਕਾਰੀ ਅਤੇ ਕਰਬੰਦੀ ਕਮਿਸ਼ਨਰ ਫਤਿਹਗੜ੍ਹ ਸਾਹਿਬ ਦੁਆਰਾ 2017-18 ਦੌਰਾਨ ਕੇਸਾਂ ਨੂੰ ਘੱਟ ਸੂਚਿਤ ਕਰਨਾ ਹੈ।*

ਇਹ ਦੇਖਿਆ ਗਿਆ ਹੈ ਕਿ ਜੀ ਐਸ ਟੀ ਵਿੱਚ ਰਿਫੰਡ ਦੇ ਬਕਾਇਆ ਕੇਸਾਂ ਵਿੱਚ ਕਾਫ਼ੀ ਵਾਧਾ ਹੋਇਆ ਹੈ, ਵੈਟ ਵਿੱਚ ਬਕਾਇਆ ਰਿਫੰਡ ਕੇਸਾਂ ਵਿੱਚ 64 ਪ੍ਰਤੀਸ਼ਤ ਦੀ ਕਮੀ ਆਈ ਹੈ।

ਜੀ ਐਸ ਟੀ ਰਿਫੰਡ 19 ਆਬਕਾਰੀ ਜ਼ਿਲ੍ਹਿਆਂ ਵਿੱਚ ਬਕਾਇਆ ਸਨ, ਵਿੱਕਰੀ ਕਰ/ਵੈਟ ਰਿਫੰਡ 25 ਆਬਕਾਰੀ ਜ਼ਿਲ੍ਹਿਆਂ ਵਿੱਚ ਬਕਾਇਆ ਸਨ ਅਤੇ ਆਬਕਾਰੀ ਰਿਫੰਡ 26 ਵਿੱਚੋਂ 13 ਆਬਕਾਰੀ ਜ਼ਿਲ੍ਹਿਆਂ ਵਿੱਚ ਬਕਾਇਆ ਸਨ।

ਸੱਤ[12] ਏ ਸੀ ਐਸ ਟੀਜ਼ ਵਿੱਚ ਡਾਟਾ ਦੀ ਪ੍ਰਮਾਣਿਕਤਾ ਦੌਰਾਨ, ਏ ਸੀ ਐਸ ਟੀ, ਰੂਪ ਨਗਰ (ਰੋਪੜ) ਵਿੱਚ ਇਹ ਦੇਖਿਆ ਗਿਆ ਕਿ ਦੋ ਕੇਸਾਂ ਦੀ ਪ੍ਰਾਪਤੀ ਅਤੇ ਅੰਤਿਮਤਾ ਦੀ ਰਿਪੋਰਟ ਦੇ ਵਿਰੁੱਧ ਜੀ ਐਸ ਟੀ ਨਾਲ ਸਬੰਧਤ ਕੋਈ ਰਿਫੰਡ ਕੇਸ ਪ੍ਰਾਪਤ ਨਹੀਂ ਹੋਇਆ ਸੀ।

**ਵਿਭਾਗ ਸਾਰੇ ਜ਼ਿਲ੍ਹਿਆਂ ਦੇ ਸਬੰਧ ਵਿੱਚ ਜੀ ਐਸ ਟੀ ਨਾਲ ਸਬੰਧਤ ਰਿਫੰਡ ਕੇਸਾਂ ਦੇ ਅੰਕੜਿਆਂ ਦਾ ਮਿਲਾਨ ਕਰ ਸਕਦਾ ਹੈ।**

## 1.6 ਆਡਿਟ ਪ੍ਰਤੀ ਸਰਕਾਰ/ਵਿਭਾਗਾਂ ਦਾ ਹੁੰਗਾਰਾ

ਪ੍ਰਧਾਨ ਮਹਾਂਲੇਖਾਕਾਰ (ਪੀ ਏ ਜੀ) ਪੰਜਾਬ ਲੈਣ-ਦੇਣ ਦੀ ਨਮੂਨਾ ਜਾਂਚ ਕਰਨ ਲਈ ਸਰਕਾਰੀ ਵਿਭਾਗਾਂ ਦਾ ਸਮੇਂ ਸਮੇਂ ਸਿਰ ਨਿਰੀਖਣ ਕਰਦਾ ਹੈ। ਇਨ੍ਹਾਂ ਨਿਰੀਖਣਾਂ ਦੀ ਪੈਰਵੀ ਨਿਰੀਖਣ ਦੌਰਾਨ ਫੜੀਆਂ ਗਈਆਂ ਅਨਿਯਮਤਾਵਾਂ ਨੂੰ ਸ਼ਾਮਲ ਕਰਦੇ ਹੋਏ ਨਿਰੀਖਣ ਰਿਪੋਰਟਾਂ (ਆਈ ਆਰਜ਼) ਦੁਆਰਾ ਕੀਤੀ ਜਾਂਦੀ ਹੈ ਜੋ ਕਿ ਨਿਰੀਖਣ ਕੀਤੇ ਦਫਤਰਾਂ ਦੇ ਮੁੱਖੀਆਂ ਨੂੰ ਅਤੇ ਇਨ੍ਹਾਂ ਦੀਆਂ

12 ਤਰਨ ਤਾਰਨ, ਪਟਿਆਲਾ, ਮੁਹਾਲੀ, ਫਤਿਹਗੜ੍ਹ ਸਾਹਿਬ, ਲੁਧਿਆਣਾ-1, ਰੂਪ ਨਗਰ (ਰੋਪੜ) ਅਤੇ ਹੁਸ਼ਿਆਰਪੁਰ।

ਨਕਲਾਂ ਅਗਲੇ ਉੱਚ ਅਧਿਕਾਰੀਆਂ ਨੂੰ ਤੁਰੰਤ ਸੋਧ ਕਾਰਵਾਈ ਲਈ ਜਾਰੀ ਕੀਤੀਆਂ ਜਾਂਦੀਆਂ ਹਨ। ਦਫਤਰਾਂ ਦੇ ਮੁੱਖੀਆਂ ਵੱਲੋਂ ਆਈ ਆਰਜ਼ ਪ੍ਰਾਪਤ ਹੋਣ ਤੋਂ ਚਾਰ ਹਫਤੇ ਅੰਦਰ ਮੁੱਢਲੇ ਜਵਾਬ ਪੀ ਏ ਜੀ ਨੂੰ ਭੇਜਣਾ ਲੋੜੀਂਦਾ ਹੈ। ਗੰਭੀਰ ਵਿੱਤੀ ਅਨਿਯਮਤਾਵਾਂ ਵਿਭਾਗੀ ਮੁੱਖੀਆਂ ਅਤੇ ਸਰਕਾਰ ਨੂੰ ਸੂਚਿਤ ਕੀਤੀਆਂ ਜਾਂਦੀਆਂ ਹਨ।

ਦਸੰਬਰ 2018 ਤੱਕ ਜਾਰੀ ਨਿਰੀਖਣ ਰਿਪੋਰਟਾਂ ਨੇ ਖੁਲਾਸਾ ਕੀਤਾ ਕਿ 2,421 ਆਈ ਆਰਜ਼ ਨਾਲ ਸਬੰਧਤ ₹ 4,965.83 ਕਰੋੜ ਨਾਲ ਜੁੜੇ 9,702 ਪੈਰ੍ਹੇ ਜੂਨ 2019 ਦੇ ਅੰਤ ਤੱਕ ਬਕਾਇਆ ਸਨ। ਇਹ, ਸਮੇਤ ਬੀਤ ਚੁੱਕੇ ਦੋ ਸਾਲਾਂ ਦੀਆਂ ਪ੍ਰਸਪਰ ਸੰਖਿਆਵਾਂ **ਸਾਰਣੀ 1.6** ਵਿੱਚ ਦਰਸਾਈਆਂ ਗਈਆਂ ਹਨ।

**ਸਾਰਣੀ 1.6: ਬਕਾਇਆ ਨਿਰੀਖਣ ਰਿਪੋਰਟਾਂ ਦੇ ਵੇਰਵੇ**

| | ਜੂਨ 2017 | ਜੂਨ 2018 | ਜੂਨ 2019 |
|---|---|---|---|
| ਨਿਪਟਾਰੇ ਲਈ ਬਕਾਇਆ ਆਈ ਆਰਜ਼ ਦੀ ਗਿਣਤੀ | 6,170 | 6,358 | 2,421 |
| ਬਕਾਇਆ ਆਡਿਟ ਟਿੱਪਣੀਆਂ ਦੀ ਗਿਣਤੀ | 15,478 | 16,318 | 9,702 |
| ਸ਼ਾਮਲ ਰੈਵੀਨਿਊ ਦੀ ਰਕਮ (₹ ਕਰੋੜ ਵਿੱਚ) | 6,001.19 | 6,280.32 | 4,965.83 |

**1.6.1** 30 ਜੂਨ 2019 ਨੂੰ ਵਿਭਾਗ–ਵਾਰ ਬਕਾਇਆ ਆਈ ਆਰਜ਼ ਅਤੇ ਆਡਿਟ ਟਿੱਪਣੀਆਂ ਅਤੇ ਸ਼ਾਮਲ ਰਕਮ ਦੇ ਵੇਰਵਿਆਂ ਨੂੰ **ਸਾਰਣੀ 1.6.1** ਵਿੱਚ ਦਰਸਾਇਆ ਗਿਆ ਹੈ।

**ਸਾਰਣੀ 1.6.1: ਵਿਭਾਗ–ਵਾਰ ਬਕਾਇਆ ਆਈ ਆਰਜ਼ ਦੇ ਵੇਰਵੇ**

| ਲੜੀ ਨੰ. | ਵਿਭਾਗ ਦਾ ਨਾਮ | ਪ੍ਰਾਪਤੀਆਂ ਦੀ ਕਿਸਮ | ਬਕਾਇਆ ਆਈ ਆਰਜ਼ ਦੀ ਗਿਣਤੀ | ਬਕਾਇਆ ਆਡਿਟ ਟਿਪੱਣੀਆਂ ਦੀ ਗਿਣਤੀ | ਸ਼ਾਮਲ ਰਕਮ (₹ ਕਰੋੜ ਵਿੱਚ) |
|---|---|---|---|---|---|
| 1. | ਆਬਕਾਰੀ ਅਤੇ ਕਰਬੰਦੀ | ਵਿੱਕਰੀਆਂ ਵਪਾਰ ਆਦਿ ਉੱਤੇ ਕਰ/ਵੈਟ | 318 | 1,804 | 1,155.43 |
| | | ਮਨੋਰੰਜਨ ਅਤੇ ਲਗਜ਼ਰੀ ਕਰ | 122 | 307 | 93.74 |
| | | ਰਾਜ ਆਬਕਾਰੀ | 256 | 281 | 537.86 |
| 2. | ਰੈਵੀਨਿਊ | ਲੈਂਡ ਰੈਵੀਨਿਊ | 302 | 875 | 2,008.71 |
| | | ਸਟੈਂਪ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ | 962 | 4,365 | 562.39 |
| 3. | ਟਰਾਂਸਪੋਰਟ | ਮੋਟਰ ਵਾਹਨਾਂ ਉੱਤੇ ਕਰ | 265 | 1,762 | 223.52 |
| 4. | ਵਿੱਤ | ਰਾਜ ਲਾਟਰੀਆਂ | 7 | 26 | 5.48 |
| 5. | ਜੰਗਲਾਤ ਅਤੇ ਜੰਗਲੀ ਜੀਵ ਸੁੱਰਖਿਆ | ਜੰਗਲਾਤ ਅਤੇ ਜੰਗਲੀ ਜੀਵਣ | 189 | 282 | 378.70 |
| ਕੁੱਲ | | | **2,421** | **9,702** | **4,965.83** |

ਇਥੋਂ ਤੱਕ ਕਿ 2018-19 ਦੌਰਾਨ ਜਾਰੀ ਕੀਤੀਆਂ 310 ਆਈ ਆਰਜ਼ ਵਿੱਚੋਂ 258 ਆਈ ਆਰਜ਼ ਦੇ ਮੁੱਢਲੇ ਜਵਾਬ ਦਫਤਰਾਂ ਦੇ ਮੁੱਖੀਆਂ ਤੋਂ ਨਿਰਧਾਰਤ ਚਾਰ ਹਫਤਿਆਂ ਦੇ ਸਮੇਂ ਅੰਦਰ ਪ੍ਰਾਪਤ ਨਹੀਂ ਹੋਏ ਸਨ।

ਜੂਨ 2019 ਵਿੱਚ ਬਕਾਇਆ ਆਈ ਆਰਜ਼ ਅਤੇ ਆਡਿਟ ਟਿਪੱਣੀਆਂ ਦੀ ਗਿਣਤੀ ਵਿੱਚ ਕਮੀ ਦਾ ਕਾਰਨ 2008-09 ਦੀ ਮਿਆਦ ਤੱਕ ਦੀਆਂ ਆਡਿਟ ਟਿਪੱਣੀਆਂ ਦਾ ਪ੍ਰਸ਼ਾਸਨਿਕ ਸੱਕਤਰਾਂ ਨੂੰ ਤਬਾਦਲਾ ਕਰਨਾ ਹੈ।

ਉੱਤਰ ਪ੍ਰਾਪਤ ਨਾ ਹੋਣ ਕਾਰਨ ਆਈ ਆਰਜ਼ ਦੀ ਵੱਡੀ ਗਿਣਤੀ ਵਿੱਚ ਪੈਂਡੈਂਸੀ ਇਸ ਤੱਥ ਨੂੰ ਪ੍ਰਦਰਸ਼ਿਤ ਕਰਦੀ ਹੈ ਕਿ ਦਫਤਰਾਂ ਦੇ ਮੁੱਖੀਆਂ ਅਤੇ ਵਿਭਾਗਾਂ ਨੇ ਆਈ ਆਰਜ਼ ਵਿੱਚ ਆਡਿਟ ਦੁਆਰਾ ਦੱਸੇ ਗਏ ਨੁਕਸਾਂ, ਉਕਾਈਆਂ ਅਤੇ ਅਨਿਯਮਤਾਵਾਂ ਨੂੰ ਠੀਕ ਕਰਨ ਲਈ ਕਾਰਵਾਈ ਸ਼ੁਰੂ ਨਹੀਂ ਕੀਤੀ ਸੀ। ਆਡਿਟ ਟਿੱਪਣੀਆਂ ਉੱਤੇ ਕਾਰਜਕਾਰੀ ਕਾਰਵਾਈ ਦੀ ਘਾਟ ਜਵਾਬਦੇਹੀ ਨੂੰ ਕਮਜ਼ੋਰ ਕਰਦੀ ਹੈ। ਬਕਾਇਆ ਆਡਿਟ ਪੈਰ੍ਹਿਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਸਰਕਾਰ ਦਾ ਧਿਆਨ ਲਾਜ਼ਮੀ ਕਰਦਾ ਹੈ ਕਿ ਆਡਿਟ ਅਨਿਯਮਤਾਵਾਂ ਦੀ ਨਿਯਮਤ ਨਿਗਰਾਨੀ, ਪਾਲਣਾ ਦੀ ਸਮੀਖਿਆ ਅਤੇ ਨਿਪਟਾਰਣ ਲਈ ਪ੍ਰਭਾਵਸ਼ਾਲੀ ਵਿਧੀਆਂ ਯਕੀਨੀ ਬਣਾਏ।

### 1.6.2 ਵਿਭਾਗੀ ਆਡਿਟ ਕਮੇਟੀ ਮੀਟਿੰਗਾਂ

ਸਰਕਾਰ ਆਈ ਆਰਜ਼ ਵਿੱਚ ਸ਼ਾਮਲ ਆਡਿਟ ਟਿਪੱਣੀਆਂ ਦੇ ਨਿਪਟਾਰੇ ਦੀ ਪ੍ਰਗਤੀ ਦੀ ਨਿਗਰਾਨੀ ਅਤੇ ਤੇਜ਼ ਕਰਨ ਲਈ ਆਡਿਟ ਕਮੇਟੀਆਂ ਦੀ ਸਥਾਪਨਾ ਕਰਦੀ ਹੈ। 2018-19 ਦੌਰਾਨ ਹੋਈਆਂ ਆਡਿਟ ਕਮੇਟੀ ਮੀਟਿੰਗਾਂ ਅਤੇ ਨਿਪਟਾਰਾ ਕੀਤੇ ਪੈਰ੍ਹਿਆਂ ਨੂੰ **ਸਾਰਣੀ 1.6.2** ਦਰਸਾਇਆ ਗਿਆ ਹੈ:

**ਸਾਰਣੀ 1.6.2: ਵਿਭਾਗੀ ਆਡਿਟ ਕਮੇਟੀ ਮੀਟਿੰਗਾਂ ਦੇ ਵੇਰਵੇ**

| ਰੈਵੀਨਿਊ ਦੀ ਮੱਦ | ਹੋਈਆਂ ਮੀਟਿੰਗਾਂ ਦੀ ਗਿਣਤੀ | ਬਕਾਇਆ ਟਿਪੱਣੀਆਂ ਦੀ ਗਿਣਤੀ | ਨਿਪਟਾਰਾ ਕੀਤੇ ਪੈਰ੍ਹਿਆਂ ਦੀ ਗਿਣਤੀ | ਰਕਮ (₹ ਕਰੋੜ ਵਿੱਚ) |
|---|---|---|---|---|
| 0030-ਸਟੈਂਪ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ | 30 | 1,093 | 41 | 0.90 |
| 0041- ਵਾਹਨਾਂ ਉੱਤੇ ਕਰ | 1 | 32 | 06 | 0.10 |
| **ਕੁੱਲ** | **31** | **1,125** | **47** | **1.00** |

ਇਹ ਦੇਖਿਆ ਗਿਆ ਹੈ ਕਿ ਆਡਿਟ ਕਮੇਟੀ ਮੀਟਿੰਗਾਂ ਦੁਆਰਾ ਬਕਾਇਆ ਪੈਰ੍ਹਿਆਂ ਦਾ ਨਿਪਟਾਰਾ ਬਹੁਤ ਘੱਟ ਸੀ। ਲੈਂਡ ਰੈਵੀਨਿਊ, ਰਾਜ ਆਬਕਾਰੀ, ਲਗਜ਼ਰੀ ਅਤੇ ਮਨੋਰੰਜਨ ਕਰ, ਰਾਜ ਲਾਟਰੀਆਂ, ਜੰਗਲਾਤ ਅਤੇ ਜੰਗਲੀ ਜੀਵ ਅਤੇ ਵਿੱਕਰੀ ਕਰ/ਵੈਟ ਦੇ ਸਬੰਧ ਵਿੱਚ ਕੋਈ ਆਡਿਟ ਕਮੇਟੀ ਮੀਟਿੰਗ ਨਹੀਂ ਕੀਤੀ ਗਈ ਸੀ।

**ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਸਰਕਾਰ ਨੂੰ ਸਾਰੇ ਵਿਭਾਗਾਂ ਵਿੱਚ ਕੁਝ-ਕੁਝ ਵਕਫੇ ਪਿੱਛੋਂ ਆਡਿਟ ਕਮੇਟੀ ਦੀਆਂ ਮੀਟਿੰਗਾਂ ਕਰਨ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।**

### 1.6.3 ਆਡਿਟ ਨੂੰ ਪੜਤਾਲ ਲਈ ਰਿਕਾਰਡ ਪੇਸ਼ ਨਾ ਕਰਨਾ

ਕਰ ਰੈਵੀਨਿਊ/ਗੈਰ-ਕਰ ਰੈਵੀਨਿਊ ਦਫਤਰਾਂ ਦੇ ਸਥਾਨਕ ਆਡਿਟ ਦਾ ਪ੍ਰੋਗਰਾਮ ਉਲੀਕਿਆ ਜਾਂਦਾ ਹੈ ਅਤੇ ਆਡਿਟ ਪੜਤਾਲ ਲਈ ਸਬੰਧਤ ਰਿਕਾਰਡ ਤਿਆਰ ਰੱਖਣ ਲਈ ਵਿਭਾਗਾਂ ਨੂੰ ਸੂਚਨਾਵਾਂ ਜਾਰੀ ਕੀਤੀਆਂ ਜਾਂਦੀਆਂ ਹਨ।

ਸਾਲ 2018-19 ਦੌਰਾਨ, ਸੱਤ ਵਿਭਾਗਾਂ ਨਾਲ ਸਬੰਧਤ ਆਡਿਟਯੋਗ ਰਿਕਾਰਡਾਂ ਦੇ 959 ਕੇਸਾਂ/ਆਈਟਮਾਂ ਨੂੰ ਆਡਿਟ ਨੂੰ ਉਪਲੱਬਧ ਨਹੀਂ ਕੀਤਾ ਗਿਆ ਜਿਵੇਂ ਕਿ **ਸਾਰਣੀ 1.6.3** ਵਿੱਚ ਦਰਸਾਇਆ ਗਿਆ ਹੈ।

**ਸਾਰਣੀ 1.6.3: ਰਿਕਾਰਡਾਂ ਨੂੰ ਪੇਸ਼ ਨਾ ਕਰਨ ਦੇ ਵੇਰਵੇ**

| ਦਫਤਰ/ਵਿਭਾਗ ਦਾ ਨਾਮ | ਪੇਸ਼ ਨਾ ਕੀਤੇ ਕੇਸਾਂ/ਆਇਟਮਾਂ ਦੀ ਗਿਣਤੀ | |
|---|---|---|
| | 2017-18 | 2018-19 |
| ਵਿੱਕਰੀ ਕਰ/ਵੈਟ | 557 | 781 |
| ਮਨੋਰੰਜਨ ਅਤੇ ਲਗਜ਼ਰੀ ਕਰ | 5 | 11 |
| ਵਾਹਨਾਂ ਉੱਤੇ ਕਰ | 62 | 34 |
| ਸਟੈਂਪ ਅਤੇ ਰਜਿਸਟ੍ਰੇਸ਼ਨ ਫੀਸ | 152 | 68 |
| ਲੈਂਡ ਰੈਵੀਨਿਊ | 25 | 48 |
| ਰਾਜ ਆਬਕਾਰੀ | 0 | 2 |
| ਜੰਗਲਾਤ ਅਤੇ ਜੰਗਲੀ ਜੀਵ | 3 | 15 |
| **ਕੁੱਲ** | **804** | **959** |

ਰੈਵੀਨਿਊ ਨਾਲ ਸਬੰਧਤ ਰਿਕਾਰਡ ਪੇਸ਼ ਨਾ ਕਰਨਾ ਗੰਭੀਰ ਹੈ ਅਤੇ ਨਿਰੀਖਣ ਦੀ ਅਣਹੋਂਦ ਵਿੱਚ, ਸੀ ਏ ਜੀ ਦੇ ਸੰਵਿਧਾਨਕ ਨਿਗਰਾਨੀ ਕਾਰਜ ਨਹੀਂ ਕੀਤੇ ਜਾ ਸਕੇ। **ਸਬੰਧਤ ਅਧਿਕਾਰੀਆਂ ਨੂੰ ਨਿਰੀਖਣ ਦੌਰਾਨ ਰਿਕਾਰਡ ਪੇਸ਼ ਕਰਨ ਦੇ ਦਿਸ਼ਾ-ਨਿਰਦੇਸ਼ ਦੇਣ ਦੀ ਸਲਾਹ ਦਿੱਤੀ ਜਾਂਦੀ ਹੈ।**

### 1.6.4 ਡ੍ਰਾਫਟ ਆਡਿਟ ਪੈਰ੍ਹਿਆਂ ਪ੍ਰਤੀ ਵਿਭਾਗਾਂ ਦਾ ਹੁੰਗਾਰਾਂ

ਭਾਰਤ ਦੇ ਲੇਖਾ ਨਿਰੀਖਣ ਅਤੇ ਮਹਾਂ ਲੇਖਾਪਰੀਖਕ ਦੀ ਰਿਪੋਰਟ ਵਿੱਚ ਸ਼ਮੂਲੀਅਤ ਲਈ ਪ੍ਰਸਤਾਵਿਤ ਆਡਿਟ ਪੈਰ੍ਹਿਆਂ ਨੂੰ ਪੀ ਏ ਜੀ ਵੱਲੋਂ ਸਬੰਧਤ ਵਿਭਾਗ ਦੇ ਪ੍ਰਮੁੱਖ ਸੱਕਤਰਾਂ/ਸੱਕਤਰਾਂ ਨੂੰ ਆਡਿਟ ਲੱਭਤਾਂ ਵੱਲ ਉਨ੍ਹਾਂ ਦਾ ਧਿਆਨ ਖਿੱਚਦੇ ਹੋਏ ਉਨ੍ਹਾਂ ਦਾ ਛੇ ਹਫਤਿਆਂ ਵਿੱਚ ਜਵਾਬ ਭੇਜਣ ਦੀ ਬੇਨਤੀ ਕਰਦੇ ਹੋਏ ਭੇਜਿਆ ਜਾਂਦਾ ਹੈ। ਵਿਭਾਗ/ਸਰਕਾਰ ਵੱਲੋਂ ਜਵਾਬ ਨਾ ਮਿਲਣ ਦੇ ਤੱਥ ਦਾ ਸੰਕੇਤ ਆਡਿਟ ਰਿਪੋਰਟ ਵਿੱਚ ਸ਼ਾਮਲ ਅਜਿਹੇ ਪੈਰ੍ਹਿਆਂ ਦੇ ਅਖੀਰ ਵਿੱਚ ਹਮੇਸ਼ਾਂ ਦਿੱਤਾ ਜਾਂਦਾ ਹੈ।

ਇਸ ਰਿਪੋਰਟ ਦੇ ਭਾਗ-II (ਰੈਵੀਨਿਊ ਖੇਤਰ) ਵਿੱਚ ਸ਼ਾਮਿਲ ਅਠਾਰਾਂ ਡ੍ਰਾਫਟ ਪੈਰ੍ਹੇ ਅਤੇ ਇੱਕ ਕਾਰਗੁਜ਼ਾਰੀ ਆਡਿਟ ਨੂੰ ਅਪ੍ਰੈਲ 2019 ਅਤੇ ਜੂਨ 2020 ਦੇ ਵਿਚਕਾਰ ਸਬੰਧਤ ਵਿਭਾਗਾਂ ਦੇ ਪ੍ਰਮੁੱਖ ਸੱਕਤਰਾਂ/ਸੱਕਤਰਾਂ ਨੂੰ ਭੇਜਿਆ ਗਿਆ ਸੀ। ਕਾਰਗੁਜ਼ਾਰੀ ਆਡਿਟ ਦੀ ਐਗਜ਼ਿਟ ਕਾਨਫਰੰਸ ਸਰਕਾਰ/ਵਿਭਾਗ ਨਾਲ 22 ਅਕਤੂਬਰ 2020 ਨੂੰ ਕੀਤੀ ਗਈ ਸੀ। ਸਬੰਧਤ ਵਿਭਾਗਾਂ ਦੇ ਪ੍ਰਮੁੱਖ ਸੱਕਤਰ/ਸੁੱਕਤਰ ਨੇ ਇਨ੍ਹਾਂ ਡ੍ਰਾਫਟ ਪੈਰ੍ਹਿਆ ਦੇ ਜਵਾਬ ਨਹੀਂ ਭੇਜੇ ਅਤੇ ਇਨ੍ਹਾਂ ਨੂੰ ਉਨ੍ਹਾਂ ਦੇ ਹੁੰਗਾਰੇ ਤੋਂ ਬਿਨਾਂ ਰਿਪੋਰਟ ਵਿੱਚ ਸ਼ਾਮਲ ਕੀਤਾ ਗਿਆ ਸੀ। ਹਾਲਾਂਕਿ, ਸਬੰਧਤ ਵਿਭਾਗੀ ਅਧਿਕਾਰੀਆਂ

ਵੱਲੋਂ ਦਿੱਤੇ ਗਏ ਜਵਾਬ, ਜਿੱਥੇ ਕਿਤੇ ਪ੍ਰਾਪਤ ਹੋ ਗਏ ਸਨ, ਠੀਕ ਤਰ੍ਹਾਂ ਰਿਪੋਰਟ ਵਿੱਚ ਸ਼ਾਮਲ ਕਰ ਲਏ ਗਏ ਸਨ।

### 1.6.5 ਆਡਿਟ ਰਿਪੋਰਟਾਂ ਉੱਤੇ ਪੈਰ੍ਹਵੀ-ਸੰਖੇਪ ਸਥਿਤੀ

ਅਗਸਤ 1992 ਵਿੱਚ ਨੋਟੀਫਾਈ ਕੀਤੀ ਲੋਕ ਲੇਖਾ ਕਮੇਟੀ (ਪੀ ਏ ਸੀ) ਦੀ ਅੰਦਰੂਨੀ ਕਾਰਜ ਪ੍ਰਣਾਲੀ ਵਿਵਸਥਾ ਕਰਦੀ ਹੈ ਕਿ ਭਾਰਤ ਦੇ ਲੇਖਾ ਨਿਰੀਖਣ ਅਤੇ ਮਹਾਂ ਲੇਖਾਪਰੀਖਕ ਦੀ ਰਿਪੋਰਟ ਵਿਧਾਨ ਸਭਾ ਵਿੱਚ ਪੇਸ਼ ਕਰਨ ਤੋਂ ਬਾਅਦ, ਵਿਭਾਗ ਆਡਿਟ ਪੈਰ੍ਹਿਆਂ ਉੱਤੇ ਕਾਰਵਾਈ ਸ਼ੁਰੂ ਕਰਨਗੇ। ਐਕਸ਼ਨ ਟੇਕਨ ਨੋਟਸ (ਏ ਟੀ ਐਨਜ਼) ਨੂੰ ਇਨ੍ਹਾਂ ਉੱਤੇ ਰਿਪੋਰਟ ਪੇਸ਼ ਕਰਨ ਦੇ ਤਿੰਨ ਮਹੀਨਿਆਂ ਦੇ ਅੰਦਰ ਸਰਕਾਰ ਦੁਆਰਾ ਕਮੇਟੀ ਦੇ ਵਿਚਾਰ ਕਰਨ ਲਈ ਪ੍ਰਸਤਤ ਕੀਤਾ ਜਾਣਾ ਚਾਹੀਦਾ ਹੈ। ਇਨ੍ਹਾਂ ਉਪਬੰਧਾਂ ਦੇ ਬਾਵਜੂਦ, ਰਿਪੋਰਟਾਂ ਦੇ ਆਡਿਟ ਪੈਰ੍ਹਿਆਂ ਉੱਤੇ ਵਿਆਖਿਆਤਮਕ ਨੋਟਾਂ ਉੱਤੇ ਬਹੁਤ ਜ਼ਿਆਦਾ ਦੇਰੀ ਕੀਤੀ ਜਾ ਰਹੀ ਸੀ। 31 ਮਾਰਚ 2011 ਤੋਂ 2018 ਨੂੰ ਸਮਾਪਤ ਹੋਏ ਸਾਲਾਂ ਲਈ ਪੰਜਾਬ ਸਰਕਾਰ ਦੀ ਰੈਵੀਨਿਊ ਸੈਕਟਰ ਉੱਤੇ ਭਾਰਤ ਦੇ ਲੇਖਾ ਨਿਰੀਖਣ ਅਤੇ ਮਹਾਂ ਲੇਖਾਪਰੀਖਕ ਦੀਆਂ ਰਿਪੋਰਟਾਂ ਵਿੱਚ ਸ਼ਾਮਿਲ ਕੁੱਲ 204 ਪੈਰ੍ਹੇ (ਕਾਰਗੁਜ਼ਾਰੀ ਆਡਿਟ ਸਮੇਤ) 28 ਮਾਰਚ 2012 ਅਤੇ 27 ਫਰਵਰੀ 2020 ਵਿਚਕਾਰ ਰਾਜ ਵਿਧਾਨ ਸਭਾ ਵਿੱਚ ਰੱਖੇ ਗਏ ਸਨ। ਛੇ[13] ਵਿਭਾਗਾਂ ਦੇ 81 ਪੈਰ੍ਹਿਆਂ ਨਾਲ ਸਬੰਧਤ ਏ ਟੀ ਐਨਜ਼ ਪ੍ਰਾਪਤ ਨਹੀਂ ਹੋਏ ਸਨ। ਹਾਲਾਂਕਿ, ਬਾਕੀ ਰਹਿੰਦੇ 123 ਏ ਟੀ ਐਨਜ਼ ਔਸਤਨ ਦੇਰੀ ਨਾਲ ਪ੍ਰਾਪਤ ਹੋਏ ਸਨ ਜੋ ਕਿ ਇੱਕ ਅਤੇ 70 ਮਹੀਨਿਆਂ ਦੇ ਵਿਚਕਾਰ ਸੀ।

ਪੀ ਏ ਸੀ ਨੇ 2010-11 ਤੋਂ 2016-17 ਦੇ ਸਾਲਾਂ ਲਈ ਆਡਿਟ ਰਿਪੋਰਟਾਂ ਨਾਲ ਸਬੰਧਤ 96 ਚੁਣੇ ਹੋਏ ਪੈਰ੍ਹਿਆਂ ਉੱਤੇ ਵਿਚਾਰ-ਵਟਾਂਦਰਾ ਕੀਤਾ ਅਤੇ 42 ਪੈਰ੍ਹਿਆਂ[14] ਉੱਤੇ ਇਸ ਦੀਆਂ ਸਿਫਾਰਸ਼ਾਂ ਨੂੰ ਚਾਰ ਪੀ ਏ ਸੀ ਰਿਪੋਰਟਾਂ (2014-15, 2015-16, 2017-18, ਅਤੇ 2018-19) ਵਿੱਚ ਸ਼ਾਮਲ ਕੀਤਾ ਸੀ। ਹਾਲਾਂਕਿ, ਸਾਲ 2017-18 ਅਤੇ 2018-19 ਲਈ 21 ਪੈਰ੍ਹਿਆਂ[15] ਉੱਤੇ ਪੀ ਏ ਸੀ ਦੀਆਂ ਸਿਫਾਰਸ਼ਾ ਉੱਤੇ ਕੋਈ ਏ ਟੀ ਐਨ ਦੋ ਵਿਭਾਗਾਂ ਤੋਂ ਪ੍ਰਾਪਤ ਨਹੀਂ ਹੋਇਆ ਹੈ।

## 1.7 ਆਡਿਟ ਦੁਆਰਾ ਉਠਾਏ ਗਏ ਮਾਮਲਿਆਂ ਨੂੰ ਨਜਿੱਠਣ ਵਾਲੇ ਤੰਤਰ ਦਾ ਵਿਸ਼ਲੇਸ਼ਣ

ਵਿਭਾਗਾਂ/ਸਰਕਾਰ ਦੁਆਰਾ ਨਿਰੀਖਣ ਰਿਪੋਰਟਾਂ/ਆਡਿਟ ਰਿਪੋਰਟਾਂ ਵਿੱਚ ਉਜਾਗਰ ਕੀਤੇ ਮਾਮਲਿਆਂ ਦੇ ਹੱਲ ਦੀ ਵਿਧੀ ਦਾ ਵਿਸ਼ਲੇਸ਼ਣ ਕਰਨ ਲਈ, ਪਿਛਲੇ 10 ਸਾਲਾਂ ਦੀਆਂ ਆਡਿਟ ਰਿਪੋਰਟ ਵਿੱਚ ਸ਼ਾਮਲ ਰਾਜ ਆਬਕਾਰੀ ਡਿਊਟੀ ਪੈਰ੍ਹਿਆਂ ਅਤੇ ਕਾਰਗੁਜ਼ਾਰੀ ਉੱਤੇ ਕੀਤੀ ਗਈ ਕਾਰਵਾਈ ਦਾ ਮੁਲਾਂਕਣ ਕੀਤਾ ਗਿਆ ਅਤੇ ਇਸ ਆਡਿਟ ਰਿਪੋਰਟਾਂ ਵਿੱਚ ਸ਼ਾਮਲ ਕੀਤਾ ਗਿਆ ਹੈ।

ਅਨੁਕ੍ਰਮਿਕ ਪੈਰ੍ਹੇ 1.7.1 ਤੋਂ 1.7.2 ਰਾਜ ਆਬਕਾਰੀ ਵਿਭਾਗ ਦੀ 2018-19 ਤੱਕ ਪਿਛਲੇ 10 ਸਾਲਾਂ ਦੌਰਾਨ ਕੀਤੀ ਆਡਿਟ ਦੇ ਸਮੇਂ ਪਕੜੇ ਮਾਮਲਿਆਂ ਅਤੇ ਸਾਲ 2009-10 ਤੋਂ 2018-19 ਸਾਲਾਂ ਦੀਆਂ ਆਡਿਟ ਰਿਪੋਰਟਾਂ ਵਿੱਚ ਸ਼ਾਮਲ ਕੇਸ ਵੀ ਹਨ, ਦੀ ਕਾਰਗੁਜ਼ਾਰੀ ਦੀ ਚਰਚਾ ਕਰਦੇ ਹਨ।

[13] ਵਿਕੱਰੀ ਕਰ/ਵੈਟ, ਮਾਲੀਆ ਅਤੇ ਮੁੜ ਵਸੇਬਾ, ਰਾਜ ਆਬਕਾਰੀ, ਵਾਹਨਾਂ ਉੱਤੇ ਕਰ, ਵਣ ਅਤੇ ਜੰਗਲੀ ਜੀਵ ਅਤੇ ਹੋਰ ਕਰ/ਗੈਰ-ਕਰ ਪ੍ਰਾਪਤੀਆਂ।

[14] ਖੇਤੀਬਾੜੀ ਵਿਭਾਗ (07) + ਟਰਾਂਸਪੋਰਟ ਵਿਭਾਗ (25) + ਬਿਜਲੀ ਵਿਭਾਗ (10)

[15] ਖੇਤੀਬਾੜੀ ਵਿਭਾਗ (03) + ਟਰਾਂਸਪੋਰਟ ਵਿਭਾਗ (18)

### 1.7.1 ਨਿਰੀਖਣ ਰਿਪੋਰਟਾਂ

ਪਿਛਲੇ 10 ਸਾਲਾਂ ਦੌਰਾਨ ਜਾਰੀ ਕੀਤੀਆਂ ਨਿਰੀਖਣ ਰਿਪੋਰਟਾਂ, ਇਨ੍ਹਾਂ ਰਿਪੋਰਟਾਂ ਵਿੱਚ ਸ਼ਾਮਲ ਪੈਰ੍ਹਿਆਂ ਅਤੇ 31 ਮਾਰਚ 2019 ਨੂੰ ਇਸ ਦੀ ਸਥਿੱਤੀ ਦੇ ਸਾਰ ਨੂੰ **ਸਾਰਣੀ** 1.7.1 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 1.7.1: ਰਾਜ ਆਬਕਾਰੀ ਵਿਭਾਗ ਵਿੱਚ ਨਿਰੀਖਣ ਰਿਪੋਰਟ ਦੀ ਸਥਿਤੀ**

*(₹ ਕਰੋੜ ਵਿੱਚ)*

| ਸਾਲ | ਮੁੱਢਲਾ ਬਕਾਇਆ | | | ਸਾਲ ਦੌਰਾਨ ਵਾਧਾ | | | ਸਾਲ ਦੌਰਾਨ ਨਿਪਟਾਰਾ | | | ਅੰਤਿਮ ਬਕਾਇਆ | | |
|---|---|---|---|---|---|---|---|---|---|---|---|---|
| | ਆਈ ਆਰਜ਼ | ਪੈਰ੍ਹੇ | ਮਨੀ ਵੈਲਯੂ | ਆਈ ਆਰਜ਼ | ਪੈਰ੍ਹੇ | ਮਨੀ ਵੈਲਯੂ | ਆਈ ਆਰਜ਼ | ਪੈਰ੍ਹੇ | ਮਨੀ ਵੈਲਯੂ | ਆਈ ਆਰਜ਼ | ਪੈਰ੍ਹੇ | ਮਨੀ ਵੈਲਯੂ |
| 2009-10 | 406 | 518 | 56.27 | 21 | 25 | 17.65 | 61 | 83 | 0.25 | 366 | 460 | 73.67 |
| 2010-11 | 366 | 460 | 73.67 | 34 | 44 | 16.80 | 8 | 9 | 0.46 | 392 | 495 | 90.01 |
| 2011-12 | 392 | 495 | 90.01 | 41 | 51 | 295.90 | 21 | 24 | 1.22 | 412 | 522 | 384.69 |
| 2012-13 | 412 | 522 | 384.69 | 36 | 29 | 2.12 | 205 | 271 | 4.83 | 243 | 280 | 381.98 |
| 2013-14 | 243 | 280 | 381.98 | 46 | 16 | 37.13 | 17 | 26 | 0.07 | 272 | 270 | 419.04 |
| 2014-15 | 272 | 270 | 419.04 | 31 | 23 | 13.48 | 5 | 7 | 0.60 | 298 | 286 | 431.92 |
| 2015-16 | 298 | 286 | 431.92 | 46 | 65 | 24.52 | 14 | 18 | 2.86 | 330 | 333 | 453.58 |
| 2016-17 | 330 | 333 | 453.58 | 29 | 43 | 100.89 | 08 | 09 | 79.13 | 351 | 367 | 475.34 |
| 2017-18 | 351 | 367 | 475.34 | 41 | 69 | 117.26 | 11 | 24 | 0.30 | 381 | 412 | 592.30 |
| 2018-19 | 381 | 412 | 592.30 | 40 | 97 | 149.39 | 149 | 167 | 75.44 | 272 | 342 | 666.25 |

2018-19 ਵਿੱਚ ਆਈ ਆਰਜ਼ ਦੀ ਗਿਣਤੀ ਵਿੱਚ ਕਮੀ ਦਾ ਕਾਰਨ ਪ੍ਰਸ਼ਾਸਨਿਕ ਸਕੱਤਰਾਂ ਨੂੰ 2008-09 ਤੱਕ ਦੀਆਂ ਆਡਿਟ ਟਿਪੱਣੀਆਂ ਨੂੰ ਤਬਦੀਲ ਕਰਨਾ ਸੀ।

### 1.7.2 ਸਵੀਕਾਰ ਕੀਤੇ ਕੇਸਾਂ ਦੀ ਵਸੂਲੀ

ਮੱਦ "0039-ਰਾਜ ਆਬਕਾਰੀ ਡਿਊਟੀ" ਅਧੀਨ ਪਿਛਲੇ 10 ਸਾਲਾਂ ਦੀਆਂ ਆਡਿਟ ਰਿਪੋਰਟਾਂ ਵਿੱਚ ਸ਼ਾਮਲ ਪੈਰ੍ਹੇ, ਵਿਭਾਗ ਵਲੋਂ ਸਵੀਕਾਰ ਕੀਤੇ ਪੈਰ੍ਹੇ ਅਤੇ ਵਸੂਲ ਕੀਤੀ ਰਕਮ ਦੀ ਸਥਿਤੀ ਹੇਠਾਂ **ਸਾਰਣੀ** 1.7.2 ਵਿੱਚ ਦਰਸਾਈ ਗਈ ਹੈ।

ਸਾਰਣੀ 1.7.2: ਸਵੀਕਾਰ ਕੀਤੇ ਕੇਸਾਂ ਦੀ ਵਸੂਲੀ

*(₹ ਕਰੋੜ ਵਿੱਚ)*

| ਆਡਿਟ ਰਿਪੋਰਟ ਦਾ ਸਾਲ | ਸ਼ਾਮਲ ਕੀਤੇ ਪੈਰ੍ਹਿਆਂ ਦੀ ਗਿਣਤੀ | ਮਨੀ ਵੈਲਯੂ | ਸਵੀਕਾਰ ਦੀਤੇ ਪੈਰ੍ਹਿਆਂ ਦੀ ਗਿਣਤੀ | ਸਵੀਕਾਰ ਕੀਤੇ ਪੈਰ੍ਹਿਆਂ ਦੀ ਮਨੀ ਵੈਲਯੂ | 31 ਮਾਰਚ 2018 ਤੱਕ ਵਸੂਲ ਕੀਤੀ ਰਕਮ | ਸਾਲ 2018-19 ਦੌਰਾਨ ਵਸੂਲ ਕੀਤੀ ਰਕਮ | 31 ਮਾਰਚ 2019 ਨੂੰ ਸਵੀਕਾਰ ਕੀਤੇ ਕੇਸਾਂ ਦੀ ਵਸੂਲੀ ਦੀ ਸਮੁੱਚਿਤ ਸਥਿਤੀ |
|---|---|---|---|---|---|---|---|
| 1 | 2 | 3 | 4 | 5 | 6 | 7 | 8 |
| 2008-09 | 02 | 10.70 | --- | --- | --- | --- | --- |
| 2009-10 | 02 | 2.50 | --- | --- | --- | --- | --- |
| 2010-11 | 26 | 120.69 | 04 | 21.05 | 6.72 | --- | 6.72 |
| 2011-12 | 01 | 0.08 | 01 | 0.08 | --- | --- | --- |
| 2012-13 | 0 | 0 | --- | --- | --- | --- | --- |
| 2013-14 | 02 | 2.03 | --- | --- | ਸਬੰਧਤ ਵਿਭਾਗ ਤੋਂ ਜਵਾਬ ਪ੍ਰਾਪਤ ਨਹੀਂ ਹੋਇਆ | | |
| 2014-15 | 01 | 3.24 | --- | --- | | | |
| 2015-16 | 01 | 0.90 | --- | --- | | | |
| 2016-17 | 12 | 57.45 | --- | --- | | | |
| 2017-18 | 02 | 1.50 | --- | --- | --- | --- | --- |
| **ਕੁੱਲ** | **49** | **199.09** | | | | | |

*ਲੋਕ ਲੇਖਾ ਕਮੇਟੀ ਨੇ 2011-12 ਦੀ ਮਿਆਦ ਤੱਕ ਕੇਸਾਂ ਦੀ ਪੈਰਵੀ ਨਾ ਕਰਨ ਦਾ ਫੈਸਲਾ ਕੀਤਾ।*

ਇਹ ਵੇਖਿਆ ਗਿਆ ਕਿ ਸਵੀਕਾਰ ਕੀਤੇ ਮਾਮਲਿਆ ਵਿੱਚ ਵੀ ਵਸੂਲੀ ਦੀ ਪ੍ਰਗਤੀ ਬਹੁਤ ਹੌਲੀ ਸੀ।

**ਵਿਭਾਗ ਸਵੀਕਾਰ ਕੀਤੇ ਕੇਸਾਂ ਵਿੱਚ ਸ਼ਾਮਲ ਬਕਾਇਆ ਨੂੰ ਅੱਗੇ ਚਲਾਉਣ, ਮਾਨੀਟਰ ਕਰਨ ਅਤੇ ਤੁਰੰਤ ਵਸੂਲੀ ਹਿੱਤ ਕਦਮ ਚੁੱਕੇ।**

## 1.8 ਆਡਿਟ ਯੋਜਨਾਬੰਦੀ

ਸਾਲ 2018-19 ਦੌਰਾਨ, 451 ਆਡਿਟਯੋਗ ਯੂਨਿਟ ਸਨ, ਜਿਨ੍ਹਾਂ ਵਿੱਚੋਂ 314 ਯੂਨਿਟਾਂ (69.62 ਪ੍ਰਤੀਸ਼ਤ) ਦੀ ਯੋਜਨਾ ਬਣਾਈ ਗਈ ਅਤੇ ਆਡਿਟ (100 ਪ੍ਰਤੀਸ਼ਤ) ਕੀਤੇ ਗਏ। ਯੂਨਿਟਾਂ ਦੀ ਚੋਣ ਜੋਖਮ ਵਿਸ਼ਲੇਸ਼ਣ ਦੇ ਆਧਾਰ ਤੇ ਕੀਤੀ ਗਈ ਸੀ।

ਉੱਪਰ ਦੱਸੇ ਗਏ ਪਾਲਣਾ ਅਡਿਟ ਤੋਂ ਇਲਾਵਾ "ਜੰਗਲਾਤ ਅਤੇ ਜੰਗਲੀ ਜੀਵ ਸੁੱਰਖਿਆ ਵਿਭਾਗ ਦੇ ਕੰਮਕਾਜ" ਵਿਸ਼ੇ ਉੱਤੇ ਕਾਰਗੁਜ਼ਾਰੀ ਆਡਿਟ ਅਤੇ "ਲੀਜ਼ ਡੀਡਜ਼ ਉੱਤੇ ਅਸ਼ਟਾਮ ਡਿਊਟੀ ਲਗਾਉਣਾ ਅਤੇ ਇਕੱਠਾ ਕਰਨਾ" ਵਿਸ਼ੇ ਉੱਤੇ ਥੀਮੈਟਿਕ ਆਡਿਟ ਪਰਿਭਾਸ਼ਤ ਆਡਿਟ ਉਦੇਸ਼ਾਂ ਅਤੇ ਰੈਵੀਨਿਊ ਪ੍ਰਾਪਤੀਆਂ ਦੀ ਵਸੂਲੀ ਦੇ ਸਬੰਧ ਵਿੱਚ ਸਬੰਧਤ ਵਿਭਾਗਾਂ ਦੀ ਕਰਜਸ਼ੀਲਤਾ ਦੀ ਜਾਂਚ ਕਰਨ ਲਈ ਕੀਤੇ ਗਏ ਸਨ।

## 1.9 ਅੰਦਰੂਨੀ ਆਡਿਟ

ਵਿੱਤ ਵਿਭਾਗ ਵਿੱਚ ਵਧੀਕ ਡਾਇਰੈਕਟਰ ਦੇ ਚਾਰਜ ਅਧੀਨ ਇੱਕ ਅੰਦਰੂਨੀ ਲੇਖਾ ਪ੍ਰੀਖਿਆ ਸੰਸਥਾ (ਆਈ ਏ ਓ) ਹੈ। ਇਸ ਸੰਸਥਾ ਨੇ ਸਵੀਕਾਰ ਕੀਤੀ ਕਾਰਵਾਈ ਯੋਜਨਾ ਅਧੀਨ ਅਤੇ ਇੱਕ ਸਟੀਰਿੰਗ ਕਮੇਟੀ ਦੁਆਰਾ ਮੰਨੇ ਮਾਪਦੰਡ ਦੇ ਅਨੁਸਾਰ ਕੇਸਾਂ ਦੀ ਨਮੂਨਾ ਜਾਂਚ ਕਰਨੀ ਸੀ ਤਾਂ ਜੋ ਐਕਟ ਅਤੇ ਨਿਯਮਾਂ ਦੀਆਂ ਧਾਰਾਵਾਂ ਨਾਲੋਂ-ਨਾਲ ਸਮੇਂ-ਸਮੇਂ ਤੇ ਜਾਰੀ ਵਿਭਾਗੀ ਹਿਦਾਇਤਾਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾ ਸਕੇ।

ਸਾਲ 2018-19 ਦੌਰਾਨ, ਆਈ ਏ ਓ ਨੇ ਮੁੱਖ ਮੱਦ 0030 ਅਧੀਨ ਬਿਨਾ ਕਿਸੇ ਯੂਨਿਟ ਦੇ ਆਡਿਟ ਦੀ ਯੋਜਨਾ ਦੇ 29 ਯੂਨਿਟਾਂ ਦਾ ਆਡਿਟ ਕੀਤਾ ਜਿਵੇਂ ਕਿ **ਸਾਰਣੀ 1.8** ਵਿੱਚ ਦਰਸਾਇਆ ਗਿਆ ਹੈ।

**ਸਾਰਣੀ 1.8: ਅੰਦਰੂਨੀ ਆਡਿਟ**

| ਰੈਵਿਨਿਊ ਮੱਦ | ਯੋਜਿਤ ਕੀਤੀਆਂ ਯੂਨਿਟਾਂ ਦੀ ਗਿਣਤੀ | ਆਡਿਟ ਕੀਤੀਆਂ ਯੂਨਿਟਾਂ |
|---|---|---|
| 0006-ਐਸ ਜੀ ਐਸ ਟੀ | --- | --- |
| 0029-ਲੈਂਡ ਰੈਵਿਨਿਊ | --- | --- |
| 0030-ਅਸ਼ਟਾਮ ਡਿਊਟੀ | --- | 29 |
| 0039-ਰਾਜ ਆਬਕਾਰੀ | --- | --- |
| 0040-ਵੈਟ/ਵਿੱਕਰੀ ਕਰ | --- | --- |
| 0041-ਮੋਟਰ ਵਾਹਨ ਕਰ | --- | --- |
| 0075-ਰਾਜ ਲਾਟਰੀ | --- | --- |
| 0406 ਅਤੇ 2406-ਜੰਗਲਾਤ ਅਤੇ ਜੰਗਲੀ ਜੀਵ | --- | --- |

ਵਿਭਾਗ ਨੇ ਦੱਸਿਆ ਕਿ ਸਾਲ 2018-19 ਲਈ ਕਿਸੇ ਵੀ ਯੂਨਿਟ ਦੇ ਆਡਿਟ ਦੀ ਯੋਜਨਾ ਮੁੱਖ ਮੰਤਰੀ ਪੰਜਾਬ ਦੇ ਹੁਕਮਾਂ ਅਨੁਸਾਰ ਐਸ ਸੀ/ਬੀ ਸੀ ਵਿਦਿਆਰਥੀਆਂ, ਜਿਨ੍ਹਾਂ ਨੇ ਸਰਕਾਰੀ/ ਪ੍ਰਾਈਵੇਟ ਵਿਦਿਅਕ ਸੰਸਥਾਵਾਂ ਵਿੱਚ ਸਾਲ 2017-2018 ਅਤੇ 2018-2019 ਲਈ ਪੜ੍ਹਾਈ ਕੀਤੀ ਸੀ, ਨੂੰ ਵੰਡੇ ਵਜੀਫੇ/ਸਕਾਲਰਸ਼ਿਪ ਦੇ ਖਾਸ ਆਡਿਟ ਕਰਕੇ ਨਹੀਂ ਬਣਾਈ ਗਈ ਸੀ।

**ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਆਈ ਏ ਓ ਨੂੰ ਜੋਖਮ ਮੁਲਾਂਕਲ ਵਿਧੀ ਨੂੰ ਅਪਣਾ ਕੇ ਆਡਿਟ ਯੋਜਤ ਕਰਨ ਲਈ ਦਿਸ਼ਾ ਨਿਰਦੇਸ਼ ਜਾਰੀ ਕਰੇ ਅਤੇ ਸਾਰੀਆ ਯੋਜਤ ਯੂਨਿਟਾਂ ਦੀ ਆਡਿਟ ਨੂੰ ਯਕੀਨੀ ਬਣਾਏ।**

## 1.10 ਆਡਿਟ ਦੇ ਨਤੀਜੇ

### 1.10.1 ਸਾਲ ਦੌਰਾਨ ਕੀਤੀ ਸਥਾਨਕ ਆਡਿਟ ਦੀ ਸਥਿਤੀ

ਸਾਲ 2018-2019 ਦੌਰਾਨ ਵਿੱਕਰੀ ਕਰ/ਵੈਲਯੂ ਐਡਿਡ ਟੈਕਸ, ਰਾਜ ਆਬਕਾਰੀ, ਮੋਟਰ ਵਾਹਨਾਂ ਉੱਤੇ ਕਰ, ਜੰਗਲਾਤ ਪ੍ਰਾਪਤੀਆਂ ਅਤੇ ਹੋਰ ਵਿਭਾਗੀ ਦਫਤਰਾਂ ਦੇ 451 ਆਡਿਟ ਯੋਗ ਯੂਨਿਟਾਂ ਵਿੱਚੋਂ 314 ਯੂਨਿਟਾਂ ਦੇ ਰਿਕਾਰਡ ਦੀ ਕੀਤੀ ਗਈ ਨਮੂਨਾ ਜਾਂਚ ਤੋ ਰੈਵਿਨਿਊ ਦੇ ₹ 481.56 ਕਰੋੜ ਦੇ ਸਮੁੱਚਿਤ ਕਰ ਪ੍ਰਭਾਵ ਵਾਲੇ ਘੱਟ ਨਿਰਧਾਰਣ/ਘੱਟ ਕਰ ਲਗਾਉਣ/ਰੈਵਿਨਿਊ ਦੇ ਨੁਕਸਾਨ ਵਾਲੇ 21,637 ਕੇਸਾਂ ਦਾ ਪਤਾ ਲੱਗਿਆ। ਵਿਭਾਗਾਂ ਨੇ 2018-19 ਦੌਰਾਨ 2,719 ਕੇਸਾਂ ਵਿੱਚ ₹ 11.84 ਕਰੋੜ ਦੀ ਵਸੂਲੀ ਕੀਤੀ, ਜਿਸ ਵਿੱਚੋਂ ₹ 0.55 ਕਰੋੜ (39 ਕੇਸ) ਸਾਲ 2018-19 ਦੇ ਸਾਲ ਦੌਰਾਨ ਦੱਸੇ ਗਏ ਸਨ ਅਤੇ ਬਾਕੀ ਪਿਛਲੇ ਸਾਲਾਂ ਦੇ ਸਨ।

### 1.10.2 ਭਾਗ-II ਦੀ ਕਵਰੇਜ (ਰੈਵੀਨਿਊ ਸੈਕਟਰ)

ਇਸ ਰਿਪੋਰਟ ਦੇ ਭਾਗ-II ਵਿੱਚ 'ਵਣ ਅਤੇ ਜੰਗਲੀ ਜੀਵ ਸੁੱਰਖਿਆ ਵਿਭਾਗ ਦੇ ਕੰਮਕਾਜ' ਉੱਤੇ ਕਾਰਗੁਜ਼ਾਰੀ ਆਡਿਟ ਅਤੇ ₹ 194.29 ਕਰੋੜ ਦੇ ਵਿੱਤੀ ਪ੍ਰਭਾਵ ਵਾਲੇ 18 ਪੈਰ੍ਹੇ ਸ਼ਾਮਲ ਹਨ। ਵਿਭਾਗਾਂ ਨੇ 50 ਕੇਸਾਂ ਵਿੱਚ ₹ 13.67 ਕਰੋੜ ਦੀਆਂ ਆਡਿਟ ਟਿੱਪਣੀਆਂ ਸਵੀਕਾਰ ਕੀਤੀਆਂ ਹਨ। ਬਾਕੀ ਕੇਸਾਂ ਵਿੱਚ ਜਵਾਬ, ਜਿੱਥੇ ਵੀ ਪ੍ਰਾਪਤ ਹੋਏ ਸਨ, ਰਿਪੋਰਟ ਵਿੱਚ ਸ਼ਾਮਲ ਕੀਤੇ ਗਏ ਹਨ। ਇਹ ਅੱਗੇ ਦੱਸੇ ਅਧਿਆਇਆਂ ਵਿੱਚ ਵਿਚਾਰੇ ਗਏ ਹਨ।

# ਅਧਿਆਇ - II

# ਵਿੱਕਰੀਆਂ ਅਤੇ ਵਪਾਰ ਉੱਤੇ ਕਰ/ਵੈਟ

# ਅਧਿਆਇ-II

# ਵਿੱਕਰੀਆਂ ਅਤੇ ਵਪਾਰ ਉੱਤੇ ਕਰ/ਵੈਟ

## 2.1 ਕਰ ਪ੍ਰਬੰਧਨ

ਵਿੱਤ ਕਮਿਸ਼ਨਰ ਕਰਬੰਦੀ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ ਰਾਜ ਕਰ ਵਿਭਾਗ ਦਾ ਸਮੁੱਚਾ ਇੰਚਾਰਜ ਹੈ। ਵਿਭਾਗ ਰਾਜ ਕਰ ਕਮਿਸ਼ਨਰ (ਸੀ ਐਸ ਟੀ ) ਦੇ ਸਮੁੱਚੇ ਨਿਯੰਤਰਣ ਅਤੇ ਨਿਗਰਾਨੀ ਅਧੀਨ ਵਸਤਾਂ ਅਤੇ ਸੇਵਾਵਾਂ ਕਰ ਦੇ ਨਾਲ-ਨਾਲ ਪੰਜਾਬ ਵੈਲਯੂ ਐਡਿਡ ਕਰ ਐਕਟ (ਪੀ ਵੈਟ ਐਕਟ)/ਕੇਂਦਰੀ ਵਿੱਕਰੀ ਕਰ ਐਕਟ (ਸੀ ਐਸ ਟੀ ਐਕਟ) ਰਾਜ ਵਿੱਚ ਹੈਡਕੁਆਟਰ ਉੱਤੇ ਵਧੀਕ ਰਾਜ ਕਰ ਕਮਿਸ਼ਨਰਾਂ (ਵਧੀਕ ਸੀ ਐਸ ਟੀਜ਼), ਜੁਆਇੰਟ ਰਾਜ ਕਰ ਕਮਿਸ਼ਨਰਾਂ (ਜੇ ਸੀ ਐਸ ਟੀਜ਼), ਡਿਵੀਜਨ ਪੱਧਰ ਉੱਤੇ ਉਪ ਰਾਜ ਕਰ ਕਮਿਸ਼ਨਰਾਂ (ਡੀ ਸੀ ਐਸ ਟੀਜ਼) ਅਤੇ ਜਿਲ੍ਹਾ ਪੱਧਰ ਉੱਤੇ ਸਹਾਇਕ ਰਾਜ ਕਰ ਕਮਿਸ਼ਨਰਾਂ (ਏ ਸੀ ਐਸ ਟੀਜ਼), ਰਾਜ ਕਰ ਅਧਿਕਾਰੀਆਂ (ਐਸ ਟੀ ਓਜ਼) ਅਤੇ ਹੋਰ ਸਹਿਯੋਗੀ ਸਟਾਫ ਦੀ ਸਹਾਇਤਾ ਨਾਲ ਲਾਗੂ ਕਰਵਾਉਂਦਾ ਹੈ। ਜਿਹੜੀਆਂ ਅਥਾਰਟੀਆਂ ਪੀ ਵੈਟ ਐਕਟ ਅਧੀਨ ਸਰਕਾਰ ਦੁਆਰਾ ਨਿਰਧਾਰਤ ਖੇਤਰਾਂ ਦੇ ਅੰਦਰ ਆਪਣੀਆਂ ਡਿਊਟੀਆਂ ਨਿਭਾਉਂਦੀਆਂ ਹਨ ਉਨ੍ਹਾਂ ਨੂੰ ਮਨੋਨਿਤ ਅਧਿਕਾਰੀ (ਡੀ ਓਜ਼) ਕਿਹਾ ਜਾਂਦਾ ਹੈ।

## 2.2 ਆਡਿਟ ਦੇ ਨਤੀਜੇ

ਵਿਭਾਗ ਵਿੱਚ ਏ ਸੀ ਐਸ ਟੀਜ਼ ਦੇ 26 ਜ਼ਿਲ੍ਹਾ ਦਫਤਰ, 14 ਮੋਬਾਇਲ ਵਿੰਗ ਅਤੇ 17 ਇਨਫਾਰਮੇਸ਼ਨ ਕੁਲੈਕਸ਼ਨ ਸੈਂਟਰ (ਆਈ ਸੀ ਸੀ) ਬੈਰੀਅਰ ਨਾਲ 57 ਆਡਿਟਯੋਗ ਯੂਨਿਟ ਸਨ। ਇਨ੍ਹਾਂ ਵਿੱਚੋਂ, ਆਡਿਟ ਨੇ ਸਾਲ 2018-19 ਦੌਰਾਨ, ਨਮੂਨਾ ਜਾਂਚ ਲਈ 46[1] ਯੂਨਿਟ ਚੁਣੇ। ਮੁਲਾਂਕਣ ਅਤੇ ਰਿਫੰਡ ਦੇ ਕੁੱਲ 37,957 ਕੇਸਾਂ ਵਿੱਚ 14,531 ਕੇਸਾਂ ਦੀ ਨਮੂਨਾ ਜਾਂਚ ਨੇ 3,910 ਕੇਸਾਂ ਵਿੱਚ ₹ 130.40 ਕਰੋੜ (ਵੈਟ ਅਧੀਨ 2017-18 ਲਈ 2018-19 ਵਿੱਚ ਆਡਿਟ ਕੀਤੀ ₹ 11,160.30 ਕਰੋੜ ਦੀ ਪ੍ਰਾਪਤੀ ਦਾ 1.17 ਪ੍ਰਤੀਸ਼ਤ) ਦੇ ਕਰ ਦੇ ਘੱਟ ਮੁਲਾਂਕਣ, ਵਧੇਰੇ ਇੰਨਪੁਟ ਟੈਕਸ ਕਰੈਡਿਟ ਅਤੇ ਹੋਰ ਅਨਿਯਮਤਾਵਾਂ ਦਾ ਖੁਲਾਸਾ ਕੀਤਾ ਜੋ ਕਿ ਹੇਠ ਲਿਖੀਆਂ ਸ੍ਰੇਣੀਆਂ ਅਧੀਨ ਆਉਂਦੀਆਂ ਹਨ:

**ਸਾਰਣੀ 2.1: ਆਡਿਟ ਦੇ ਨਤੀਜੇ**


| ਲੜੀ ਨੰ. | ਸ੍ਰੇਣੀਆਂ | ਕੇਸਾਂ ਦੀ ਸੰਖਿਆ | *ਰਕਮ (₹ ਕਰੋੜ ਵਿੱਚ)* |
|---|---|---|---|
| 1. | ਆਈ ਟੀ ਸੀ ਦਾ ਵਧੇਰੇ ਭੱਤਾ/ ਦਾਅਵਾ | 2,437 | 15.15 |
| 2. | ਨਾ/ਘੱਟ ਲਗਾਉਣਾ/ਆਉਟਪੁੱਟ ਟੈਕਸ/ਸੀ ਆਈ ਡੀ ਐਫ | 53 | 17.91 |
| 3. | ਆਈ ਟੀ ਸੀ ਦਾ ਨਾ/ਘੱਟ ਉਲਟਾਓ/ਆਈ ਟੀ ਸੀ ਦੀ ਘੱਟ ਰਿਟੈਨਸ਼ਨ | 52 | 3.61 |
| 4. | ਵਿਆਜ਼ ਦਾ ਨਾ/ਘੱਟ ਲਗਾਉਣਾ | 111 | 13.88 |
| 5. | ਹੋਰ ਅਨਿਯਮਤਾਵਾਂ | 1,257 | 79.85 |
| **ਕੁੱਲ** | | **3,910** | **130.40** |

[1] 26 ਜ਼ਿਲ੍ਹਾ ਦਫਤਰ, 3 ਮੋਬਾਇਲ ਵਿੰਗ ਅਤੇ 17 ਆਈ ਸੀ ਸੀ ਬੈਰੀਅਰ।

ਵਿੱਕਰੀਆਂ ਅਤੇ ਵਪਾਰ ਉੱਤੇ ਕਰ/ਵੈਟ ਅਧੀਨ ਸ਼੍ਰੇਣੀ-ਵਾਰ ਆਡਿਟ ਲਭਤਾਂ ਨੂੰ ਚਾਰਟ 2.1 ਵਿੱਚ ਦਰਸਾਇਆ ਗਿਆ ਹੈ।

**ਚਾਰਟ-2.1**

*(₹ ਕਰੋੜ ਵਿੱਚ)*




ਆਡਿਟ ਨੇ ਪਿਛਲੇ ਸਾਲਾਂ ਵਿੱਚ ਵੀ ਇਸੇ ਤਰ੍ਹਾਂ ਦੀਆਂ ਖਾਮੀਆਂ ਵੱਲ ਇਸਾਰਾ ਕੀਤਾ ਸੀ। ਹਾਲਾਂਕਿ, ਇਹ ਅਨਿਯਮਤਾਵਾਂ 2018-19 ਵਿੱਚ ਦੁਬਾਰਾ ਦੇਖੀਆਂ ਗਈਆਂ। ਵਿਭਾਗ ਨੇ ਤਿੰਨ ਕੇਸਾਂ ਵਿੱਚ ₹ 4.08 ਲੱਖ ਸਵੀਕਾਰ ਕੀਤੇ ਅਤੇ ਵਸੂਲੇ ਜੋ ਕਿ 2018-19 ਦੌਰਾਨ ਦਰਸਾਏ ਗਏ ਸਨ।

₹ 17.81 ਕਰੋੜ ਦੇ ਵਿੱਤੀ ਪ੍ਰਭਾਵ ਵਾਲੇ ਮਹੱਤਵਪੂਰਨ ਕੇਸਾਂ (ਅੱਠ) ਦੀ ਹੇਠਾਂ ਪੈਰ੍ਹਾ 2.3 ਤੋਂ 2.10 ਵਿੱਚ ਚਰਚਾ ਕੀਤੀ ਗਈ ਹੈ।

## 2.3 ਟੈਕਸ ਦੀ ਅਨਿਯਮਤ ਰਿਆਇਤ/ ਛੋਟ

**ਚਾਰ ਸਹਾਇਕ ਰਾਜ ਕਰ ਕਮਿਸ਼ਨਰਾਂ ਵਿੱਚ ਮਨੋਨੀਤ ਅਧਿਕਾਰੀਆਂ ਨੇ 19 ਗੈਰ-ਸੱਚੇ 'ਸੀ' ਫਾਰਮਾਂ, ਜੋ ਸਬੰਧਤ ਰਾਜਾਂ ਦੇ ਨਿਰਧਾਰਤ ਅਧਿਕਾਰੀਆਂ ਤੋਂ ਪ੍ਰਾਪਤ ਨਹੀਂ ਕੀਤੇ ਗਏ ਸਨ, ਦੇ ਅਧਾਰ ਤੇ ₹ 0.61 ਕਰੋੜ ਦੀ ਅਨਿਯਮਿਤ ਛੋਟ/ਰਿਆਇਤ ਦੀ ਇਜਾਜ਼ਤ ਦਿੱਤੀ।**

ਚਾਰ[2] ਸਹਾਇਕ ਰਾਜ ਕਰ ਕਮਿਸ਼ਨਰਾਂ (ਏ ਸੀ ਐਸ ਟੀਜ਼) ਦੇ ਵੈਟ ਨਾਲ ਸਬੰਧਤ ਰਿਕਾਰਡਾਂ ਦੀ ਜਾਂਚ ਨੇ ਖੁਲਾਸਾ ਕੀਤਾ ਕਿ ਮਨੋਨੀਤ ਅਧਿਕਾਰੀਆਂ ਨੇ ਗੈਰ-ਸੱਚੇ 'ਸੀ' ਫਾਰਮਾਂ ਦੇ ਆਧਾਰ ਤੇ ਹੇਠਾਂ ਪੈਰ੍ਹਿਆਂ ਵਿੱਚ ਦਿੱਤੇ ਵੇਰਵੇ ਅਨੁਸਾਰ ਛੋਟ/ਰਿਆਇਤ ਦੀ ਇਜਾਜ਼ਤ ਦਿੱਤੀ:

### ੳ) ਕੇਂਦਰੀ ਵਿੱਕਰੀ ਕਰ ਤੋ ਛੋਟ

ਸੀ ਐਸ ਟੀ ਐਕਟ 1956 ਦੀ ਧਾਰਾ 6(2) ਨੂੰ ਸੀ ਐਸ ਟੀ (ਰਜਿਸਟਰੇਸ਼ਨ ਅਤੇ ਟਰਨਓਵਰ) ਨਿਯਮ 1957 ਦੇ ਨਿਯਮ 12(1) ਅਤੇ 12(4) ਨਾਲ ਪੜਦੇ ਹੋਏ, ਵਿਵਸਥਾ ਕਰਦੀ ਹੈ ਕਿ ਅੰਤਰਰਾਜੀ ਵਿੱਕਰੀ ਦੇ ਕਾਰਨ ਵਾਸਤਾਂ ਦੀ ਆਵਾਜਾਈ ਦੇ ਦੌਰਾਨ, ਇੱਕ ਰਜਿਸਟਰਡ ਡੀਲਰ ਨੂੰ ਅਜਿਹੀਆਂ ਵਸਤਾਂ ਦੇ ਟਾਈਟਲ ਦੇ ਦਸਤਾਵੇਜ਼ਾ ਦੇ ਟਰਾਂਸਫਰ ਨਾਲ ਹੋਈ ਕੋਈ ਬਾਅਦ ਦੀ ਵਿੱਕਰੀ ਉੱਤੇ (ਆਵਾਜਾਈ ਵਿੱਚ ਵਿੱਕਰੀ) ਟੈਕਸ ਤੋਂ ਛੋਟ ਪ੍ਰਾਪਤ ਨਹੀਂ ਹੋਵੇਗੀ ਜਦੋਂ ਤੱਕ

[2] ਕਪੂਰਥਲਾ, ਲੁਧਿਆਣਾ-।, ਲੁਧਿਆਣਾ-।। ਅਤੇ ਲੁਧਿਆਣਾ-।।।

ਅਜਿਹੀ ਬਾਅਦ ਦੀ ਵਿੱਕਰੀ ਕਰਨ ਵਾਲਾ ਡੀਲਰ ਨਿਰਧਾਰਤ ਅਧਿਕਾਰੀ ਤੋਂ ਪ੍ਰਸਤਤ ਨਹੀਂ ਕਰਦਾ (ੳ) ਫਾਰਮ ਈ-1 ਉਸ ਵਿਅਕਤੀ ਤੋਂ, ਜਿਸ ਤੋਂ ਵਸਤਾਂ ਅੰਤਰਰਾਜੀ ਖਰੀਦੀਆਂ ਗਈਆਂ ਸਨ ਅਤੇ (ਅ) ਫਾਰਮ 'ਸੀ', ਉਸ ਰਜਿਸਟਰਡ ਵਿਅਕਤੀ ਤੋਂ ਜਿਸ ਨੂੰ ਵਸਤਾਂ ਦੀ ਆਵਾਜਾਈ ਦੌਰਾਨ ਬਾਅਦ ਦੀ ਵਿੱਕਰੀ ਕੀਤੀ ਗਈ ਸੀ।

ਸਹਾਇਕ ਰਾਜ ਕਰ ਕਮਿਸ਼ਨਰ (ਏ ਸੀ ਐਸ ਟੀ) ਲੁਧਿਆਣਾ-II ਦੇ ਰਿਕਾਰਡਾਂ ਦੀ ਪੜਤਾਲ ਨੇ ਖੁਲਾਸਾ ਕੀਤਾ ਕਿ ਮਨੋਨੀਤ ਅਧਿਕਾਰੀ ਨੇ ਇੱਕ ਡੀਲਰ ਦੇ ਸਾਲ 2010-11 ਦੀ ਅਸੈਸਮੇਂਟ (ਨਵੰਬਰ 2017) ਵੇਲੇ 3 'ਈ-I' ਅਤੇ 3 'ਸੀ' ਫਾਰਮਾਂ ਦੇ ਆਧਾਰ ਤੇ ਆਵਾਜਾਈ ਵਿੱਚ ਵਿੱਕਰੀ ਉੱਤੇ ₹ 7.61 ਕਰੋੜ ਦੇ ਸੀ ਐਸ ਟੀ ਦੀ ਛੋਟ ਦੀ ਇਜਾਜ਼ਤ ਦਿੱਤੀ। ਈ-I ਫਾਰਮ ਜੰਮੂ ਅਤੇ ਕਸ਼ਮੀਰ ਦੇ ਡੀਲਰ ਦੁਆਰਾ ਜ਼ਾਰੀ ਕੀਤੇ ਗਏ ਸਨ ਅਤੇ 'ਸੀ' ਫਾਰਮ ਯੂ ਟੀ ਚੰਡੀਗੜ੍ਹ ਦੇ ਡੀਲਰ ਦੁਆਰਾ ਜਾਰੀ ਕੀਤੇ ਗਏ ਸਨ। ਫਾਰਮਾਂ ਦੀ ਪੜਤਾਲ ਨੇ ਖੁਲਾਸਾ ਕੀਤਾ ਕਿ ਇਨ੍ਹਾਂ ਫਾਰਮਾਂ ਵਿੱਚ ਜ਼ਿਕਰ ਕੀਤਾ ਡੀਲਰ ਦਾ ਨਾਮ ਅੰਸ਼ਕ ਤੌਰ ਤੇ ਅਸੈਸੀ ਦੇ ਨਾਮ ਤੋਂ ਵੱਖਰਾ ਸੀ। ਆਡਿਟ ਨੇ ਫਾਰਮਾਂ ਦੀ ਸੱਚਾਈ ਦਾ ਪਤਾ ਲਗਾਉਣ ਲਈ ਇਨ੍ਹਾਂ 'ਸੀ' ਫਾਰਮਾਂ ਨੂੰ ਜਾਰੀਕਰਤਾ ਅਧਿਕਾਰੀ (ਯੂ ਟੀ ਚੰਡੀਗੜ੍ਹ) ਤੋਂ ਪ੍ਰਮਾਣਿਤ ਕਰਵਾਇਆ। ਵੈਰੀਫਿਕੇਸ਼ਨ ਕਰਨ ਤੇ ਇਹ ਪਤਾ ਲੱਗਿਆ ਕਿ ਇਹ 'ਸੀ' ਫਾਰਮ ਉਸ ਡੀਲਰ ਨੂੰ ਜਾਰੀ ਨਹੀ ਕੀਤੇ ਗਏ ਸਨ ਜਿਨ੍ਹਾਂ ਨੇ ਅਸੈਸੀ ਨੂੰ ਫਾਰਮ ਸਪਲਾਈ ਕੀਤੇ। ਇਸ ਤਰਾਂ, ਡੀ ੳ ਨੇ ਇਹ ਯਕੀਨੀ ਬਣਾਏ ਬਿਨਾ ਛੋਟ ਦੀ ਇਜ਼ਾਜਤ ਦਿੱਤੀ ਕਿ ਫਾਰਮ ਵੈਧ ਸਨ। ਅਨਿਯਮਿਤ ਛੋਟ ਦੇ ਨਤੀਜੇ ਵਜੋਂ 5.50 ਪ੍ਰਤੀਸ਼ਤ ਦੀ ਦਰ ਨਾਲ ₹ 0.42 ਕਰੋੜ[3] ਦਾ ਟੈਕਸ ਘੱਟ ਲੱਗਿਆ।

### ਅ) ਕੇਂਦਰੀ ਵਿੱਕਰੀ ਕਰ ਦੀ ਛੋਟ

ਸੀ ਐਸ ਟੀ ਐਕਟ 1956 ਦੀ ਧਾਰਾ 8(4), ਸੀ ਐਸ ਟੀ (ਰਜਿਸਟ੍ਰੇਸ਼ਨ ਅਤੇ ਟਰਨਓਵਰ) ਨਿਯਮ 1957 ਦੇ ਨਿਯਮ 12(1) ਨਾਲ ਪੜਦੇ ਹੋਏ, ਵਿਵਸਥਾ ਕਰਦੀ ਹੈ ਕਿ ਟੈਕਸ ਦਾ ਦੋ ਪ੍ਰਤੀਸ਼ਤ ਰਿਆਇਤੀ ਰੇਟ ਮਿਲਣਯੋਗ ਨਹੀਂ ਹੋਵੇਗਾ ਜਦੋਂ ਤੱਕ ਵਸਤਾਂ ਵੇਚ ਰਿਹਾ ਰਜਿਸਟਰਡ ਡੀਲਰ, ਜਿਸਨੂੰ ਵਸਤਾਂ ਵੇਚੀਆਂ ਗਈਆਂ ਹਨ, ਦੁਆਰਾ ਭਰਿਆ ਅਤੇ ਹਸਤਾਖਰ ਕੀਤਾ ਫਾਰਮ 'ਸੀ' ਨਿਰਧਾਰਤ ਅਧਿਕਾਰੀ ਤੋਂ ਨਿਰਧਾਰਤ ਫਾਰਮ ਉੱਤੇ ਪ੍ਰਾਪਤ ਕਰਨ ਦੀ ਘੋਸ਼ਣਾ ਪ੍ਰਸਤੁਤ ਨਹੀਂ ਕਰਦਾ। ਇਸ ਕੇਸ ਵਿੱਚ, ਅਜਿਹਿਆਂ ਵਸਤਾਂ ਦੀ ਰਾਜ ਦੇ ਅੰਦਰ ਵਿੱਕਰੀ ਉੱਤੇ ਲਾਗੂ ਟੈਕਸ ਅਜਿਹੀ ਵਿੱਕਰੀ ਉੱਤੇ ਅਦਾਇਗੀਯੋਗ ਟੈਕਸ ਹੋਵੇਗਾ।

ਚਾਰ[4] ਏ ਸੀ ਐਸ ਟੀ ਦੇ ਰਿਕਾਰਡਾਂ ਦੀ ਜਾਂਚ ਨੇ ਖੁਲਾਸਾ ਕੀਤਾ ਕਿ ਮਨੋਨੀਤ ਅਧਿਕਾਰੀਆਂ (ਡੀ ਓਜ਼) ਨੇ 'ਸੀ' ਫਾਰਮਾਂ, ਜਿਸ ਦੇ ਵਿਰੁੱਧ ਚਾਰ ਡੀਲਰਾਂ ਨੇ ₹ 5.41 ਕਰੋੜ ਦੀਆਂ ਵਸਤਾਂ ਚੰਡੀਗੜ੍ਹ, ਹਰਿਆਣਾ ਅਤੇ ਓੱਤਰ ਪ੍ਰਦੇਸ਼ ਦੇ ਡੀਲਰਾਂ ਨੂੰ ਵੇਚੀਆਂ ਸਨ, ਉੱਤੇ ਸੀ ਐਸ ਟੀ ਦੇ 2 ਪ੍ਰਤੀਸ਼ਤ ਦੇ ਰਿਆਇਤੀ ਰੇਟ ਦੀ ਇਜਾਜ਼ਤ ਦਿੱਤੀ। ਜਾਰੀ ਕਰਨ ਵਾਲੇ ਰਾਜਾਂ ਤੋਂ ਕਰਾਸ ਵੈਰੀਫਿਕੇਸ਼ਨ ਕਰਨ ਉਤੇ ਇਹ ਪਾਇਆ ਗਿਆ ਕਿ ਇਹ 'ਸੀ' ਫਾਰਮ ਸਹੀ ਨਹੀਂ ਸਨ ਅਤੇ ਨਿਰਧਾਰਤ ਅਥਾਰਟੀ ਦੁਆਰਾ ਜਾਰੀ ਨਹੀਂ ਕੀਤੇ ਗਏ ਸਨ। ਡੀ ੳ ਨੇ ਇਹ ਯਕੀਨੀ ਬਣਾਏ ਬਿਨਾ ਕਿ ਫਾਰਮ ਉਚਿੱਤ ਸਨ, ਛੋਟ ਦਾ ਲਾਭ ਦੇ ਦਿੱਤਾ। ਇਨ੍ਹਾਂ ਵਸਤਾਂ ਉੱਤੇ ਟੈਕਸ ਦੇ ਆਮ-ਰੇਟ ਤੇ ₹ 30.05 ਲੱਖ ਦਾ ਸੀ ਐਸ ਟੀ ਲੱਗਣਯੋਗ ਸੀ ਜਦੋ ਕਿ ₹ 10.83 ਲੱਖ ਦਾ ਸੀ ਐਸ ਟੀ ਲਗਾਇਆ ਗਿਆ। ਛੋਟ ਦੇ ਅਨਿਯਮਿਤ ਲਾਭ ਦੇ ਨਤੀਜੇ ਵਜੋਂ ₹ 0.19 ਕਰੋੜ ਘੱਟ ਟੈਕਸ ਲਗਾਇਆ ਗਿਆ ਜਿਸਦਾ ਵੇਰਵਾ ਹੇਠ ਅਨੁਸਾਰ ਹੈ:

[3] ₹ 7,60,52,388 x 5.5 ਪ੍ਰਤੀਸ਼ਤ = ₹ 41,82,881

[4] ਕਪੂਰਥਲਾ, ਲੁਧਿਆਣਾ-I, ਲੁਧਿਆਣਾ-II, ਅਤੇ ਲੁਧਿਆਣਾ-III

| ਇਤਰਾਜ਼ ਕੀਤੇ ਸੀ ਫਾਰਮਾਂ ਦੀ ਸੰਖਿਆ | ਵਸਤਾਂ ਦਾ ਮੁੱਲ (₹) | ਲੱਗਣਯੋਗ ਸੀ ਐਸ ਟੀ ਦਾ ਰੇਟ | ਲੱਗਣਯੋਗ ਸੀ ਐਸ ਟੀ | ਲਗਾਏ ਗਏ ਸੀ ਐਸ ਟੀ ਦਾ ਰੇਟ | ਲਗਾਇਆ ਗਿਆ ਸੀ ਐਸ ਟੀ | ਘੱਟ ਲੱਗਿਆ ਟੈਕਸ |
|---|---|---|---|---|---|---|
| 4 | 1,01,09,177 | 4.50 | 4,54,913 | 2 | 2,02,184 | 2,52,729 |
| 7 | 2,06,66,133 | 5.50 | 11,36,637 | 2 | 4,13,323 | 7,23,314 |
| 5 | 2,33,69,799 | 6.05 | 14,13,873 | 2 | 4,67,396 | 9,46,477 |
| **16** | **5,41,45,109** | | **30,05,423** | | **10,82,903** | **19,22,520** |

ਮਾਮਲਾ ਸਰਕਾਰ/ਵਿਭਾਗ ਨੂੰ ਜਨਵਰੀ 2019, ਅਪ੍ਰੈਲ 2019, ਜੁਲਾਈ 2019 ਅਤੇ ਅਪ੍ਰੈਲ 2020 ਵਿੱਚ ਦੱਸਿਆ ਗਿਆ ਸੀ; ਉਨ੍ਹਾਂ ਦੇ ਜਵਾਬਾਂ ਦਾ ਇੰਤਜ਼ਾਰ (ਦਸੰਬਰ 2020) ਸੀ।

**ਸਿਫਾਰਸ਼ : ਸਰਕਾਰ ਵਿਭਾਗ ਨੂੰ ਇਸ ਪੈਰ੍ਹੇ ਵਿੱਚ ਸੰਬੋਧਿਤ ਕੇਸਾਂ ਵਿੱਚ ਅਸੈਸੀਆਂ ਤੋਂ ₹ 0.61 ਕਰੋੜ ਦੀ ਰਿਕਵਰੀ ਲਈ ਨਿਰਦੇਸ਼ ਦੇ ਸਕਦੀ ਹੈ। ਇਸ ਤੋਂ ਇਲਾਵਾ, ਸਰਕਾਰ ਨੂੰ ਇੱਕ ਪ੍ਰਣਾਲੀ (ਤਰਜੀਹੀ ਤੌਰ ਤੇ ਆਈ ਟੀ ਅਧਾਰਤ) ਵਿਕਸਤ ਕਰਨੀ ਚਾਹੀਦੀ ਹੈ, ਜਿਥੇ ਫਾਰਮਾਂ ਦੇ ਆਧਾਰ ਤੇ ਰਿਆਇਤਾਂ ਲਈਆਂ ਜਾਂਦੀਆਂ ਹਨ, ਰਾਜ/ਡੀਲਰਾਂ ਤੋਂ ਇਹ ਫਾਰਮ ਜਾਰੀ ਕਰਨ ਵਾਲਿਆਂ ਤੋਂ ਉਨ੍ਹਾਂ ਦੀ ਸੱਚਾਈ ਲਈ ਹਮੇਸ਼ਾ ਜਾਣੀਆਂ ਜਾਂਦੀਆਂ ਹਨ।**

## 2.4 ਟੈਕਸ ਫਰੀ ਵਿੱਕਰੀ ਉੱਤੇ ਇੰਨਪੁੱਟ ਟੈਕਸ ਕਰੈਡਿਟ ਦਾ ਘੱਟ ਉਲਟਾਓ

**ਏ ਸੀ ਐਸ ਟੀ ਲੁਧਿਆਣਾ-II ਅਧੀਨ ਟੈਕਸ ਫਰੀ ਵਿੱਕਰੀ ਉੱਤੇ ₹ 1.02 ਕਰੋੜ ਦੀ ਥਾਂ ₹ 0.57 ਕਰੋੜ ਦੇ ਇੰਨਪੁੱਟ ਟੈਕਸ ਕਰੈਡਿਟ ਦਾ ਉਲਟਾਓ ਕੀਤਾ ਗਿਆ ਜਿਸ ਕਰਕੇ ₹ 0.45 ਕਰੋੜ ਦੇ ਇੰਨਪੁੱਟ ਟੈਕਸ ਕਰੈਡਿਟ ਦਾ ਘੱਟ ਉਲਟਾਓ ਹੋਇਆ।**

ਪੀ ਵੈਟ ਐਕਟ ਦੀ ਧਾਰਾ 13 ਵਿਵਸਥਾ ਕਰਦੀ ਹੈ ਕਿ ਵਸਤਾਂ ਦੀ ਲੋਕਲ ਖਰੀਦ ਉੱਤੇ ਅਦਾ ਕੀਤਾ ਵੈਟ ਇੰਨਪੁੱਟ ਟੈਕਸ ਕਰੈਡਿਟ ਵਜੋਂ ਉਪਲਬੱਧ ਹੈ। ਐਕਟ ਦੀ ਧਾਰਾ 13-ਏ ਵਿਵਸਥਾ ਕਰਦੀ ਹੈ ਕਿ ਅਦਾ ਕੀਤਾ ਗਿਆ ਐਂਟਰੀ ਟੈਕਸ[5] ਇੰਨਪੁੱਟ ਟੈਕਸ ਕਰੈਡਿਟ ਵਜੋਂ ਐਕਟ ਦੇ ਉਪਬੰਧਾਂ ਅਨੁਸਾਰ ਉਪਲਬੱਧ ਹੋਵੇਗਾ। ਐਕਟ ਦੀ ਧਾਰਾ 13(5)(ਐਚ) ਵਿਵਸਥਾ ਕਰਦੀ ਹੈ ਕਿ ਟੈਕਸਯੋਗ ਵਿਅਕਤੀ ਟੈਕਸ ਫਰੀ ਵਸਤਾਂ ਦੇ ਉਤਪਾਦਨ, ਪ੍ਰੋਸੈਸਿੰਗ ਜਾਂ ਪੈਕਿੰਗ ਲਈ ਵਰਤੀਆਂ ਗਈਆਂ ਵਸਤਾਂ ਉੱਤੇ ਆਈ ਟੀ ਸੀ ਪ੍ਰਾਪਤ ਨਹੀਂ ਕਰੇਗਾ।

ਏ ਸੀ ਐਸ ਟੀ ਲੁਧਿਆਣਾ-II ਅਧੀਨ 2010-11 ਲਈ ਇਕ ਅਸੈਸਮੈਂਟ ਕੇਸ, ਜੋ ਅਕਤੂਬਰ 2017 ਵਿੱਚ ਅਸੈਸ ਕੀਤਾ ਗਿਆ, ਦੀ ਪੜਤਾਲ ਨੇ ਖੁਲਾਸਾ ਕੀਤਾ ਕਿ ਇੱਕ ਡੀਲਰ ਦੀ ਕੁੱਲ ਵਿੱਕਰੀ ₹ 49.72 ਕਰੋੜ ਸੀ, ਜਿਸ ਵਿੱਚੋਂ ₹ 34.80 ਕਰੋੜ[6] (70 ਪ੍ਰਤੀਸ਼ਤ) ਦੀ ਟੈਕਸ ਫਰੀ ਵਿੱਕਰੀ ਸੀ। ਡੀਲਰ ਦੀ ਕੁੱਲ ਖਰੀਦ ₹ 42.53 ਕਰੋੜ ਸੀ, ਜਿਸ ਵਿੱਚੋ ₹ 3.17 ਕਰੋੜ ਦੀ ਟੈਕਸ ਫਰੀ ਖਰੀਦ ਸੀ ਅਤੇ ₹ 4.92 ਕਰੋੜ ਦੀ ਖਰੀਦ ਟੈਕਸਯੋਗ ਵਿਅਕਤੀ ਤੋਂ ਇਲਾਵਾ ਵਿਅਕਤੀ ਤੋਂ ਸੀ। ਕੇਸ ਅਸੈਸ (ਅਕਤੂਬਰ 2017) ਕਰਨ ਵੇਲੇ ਡੀ ਓ ਨੇ ਟੈਕਸ ਫਰੀ ਵਸਤਾਂ ਦੇ ਉਤਪਾਦਨ ਦੇ ਕਾਰਨ ₹ 1.02 ਕਰੋੜ[7] ਦੇ ਉਲਟਾਉਣਯੋਗ ਆਈ ਟੀ ਸੀ ਦੇ ਵਿਰੁੱਧ

---

5 ਐਂਟਰੀ ਟੈਕਸ ਪੰਜਾਬ ਰਾਜ ਨੂੰ ਵਸਤਾਂ ਦੀ ਅੰਤਰਰਾਜੀ ਖਰੀਦ ਉੱਤੇ ਅਦਾ ਕੀਤਾ ਜਾਂਦਾ ਹੈ।

6 ₹ 7.87 ਕਰੋੜ ਦੀ ਲੋਕਲ ਟੈਕਸ ਫਰੀ ਸੇਲ + ₹ 26.93 ਕਰੋੜ ਦੀ ਅੰਤਰਰਾਜੀ ਟੈਕਸ ਫਰੀ ਸੇਲ।

7 ਆਡਿਟ ਨੇ ਟੈਕਸ ਫਰੀ ਵਸਤਾਂ ਦੇ ਉਤਪਾਦਨ ਵਿੱਚ ਵਰਤੀਆਂ ਗਈਆਂ ਲੋਕਲ ਅਤੇ ਅੰਤਰਰਾਜੀ ਖਰੀਦਦਾਰੀਆਂ ਉੱਤੇ ਲਏ ਗਏ ਆਈ ਟੀ ਸੀ ਦੀ ਗਣਨਾ ਅਨੁਪਾਤਕ ਅਧਾਰ ਤੇ ਕੀਤੀ।

₹ 1.58 ਕਰੋੜ ਦੇ ਉਪਲਬਧ ਆਈ ਟੀ ਸੀ ਵਿੱਚੋਂ ਸਿਰਫ ₹ 0.57 ਕਰੋੜ ਦੇ ਆਈ ਟੀ ਸੀ ਦਾ ਉਲਟਾਓ ਕੀਤਾ। ₹ 0.45 ਕਰੋੜ ਦੇ ਆਈ ਟੀ ਸੀ ਦੇ ਉਲਟਾਓ ਦੇ ਨਤੀਜੇ ਵਜੋਂ ₹ 0.45 ਕਰੋੜ ਦਾ ਟੈਕਸ ਘੱਟ ਲੱਗਿਆ।

ਮਾਮਲਾ ਸਰਕਾਰ/ਵਿਭਾਗ ਨੂੰ ਫਰਵਰੀ 2020 ਅਤੇ ਅਪ੍ਰੈਲ 2020 ਵਿੱਚ ਦੱਸਿਆ ਗਿਆ ਸੀ; ਉਨ੍ਹਾਂ ਦੇ ਜਵਾਬਾਂ ਦਾ ਇੰਤਜ਼ਾਰ (ਦਸੰਬਰ 2020) ਸੀ।

**ਸਿਫਾਰਸ਼ :ਸਰਕਾਰ ਵਿਭਾਗ ਨੂੰ ਇਸ ਕੇਸ ਵਿੱਚ ₹ 0.45 ਕਰੋੜ ਦੀ ਵਸੂਲੀ ਲਈ ਨਿਰਦੇਸ਼ ਦੇ ਸਕਦੀ ਹੈ।**

## 2.5 ਟੀ ਡੀ ਐਸ ਦੀ ਦੇਰੀ ਨਾਲ ਜਮਾ ਉੱਤੇ ਵਿਆਜ਼ ਦੀ ਰਿਕਵਰੀ ਦਾ ਕਰਨਾ

**ਏ ਸੀ ਐਸ ਟੀ ਫਰੀਦਕੋਟ ਨੇ ਇੱਕ ਕੰਟ੍ਰੈਕਟੀ ਤੋਂ ਦੇਰੀ ਨਾਲ ਜਮ੍ਹਾਂ ਕੀਤੇ ₹ 1.44 ਕਰੋੜ ਦੇ ਟੀ ਡੀ ਐਸ ਉੱਤੇ ₹ 20.29 ਲੱਖ ਦੇ ਵਿਆਜ ਦੀ ਵਸੂਲੀ ਨਹੀ ਕੀਤੀ।**

ਪੀ ਵੈਟ ਐਕਟ ਦੀ ਧਾਰਾ 27(1) ਇੱਕ ਕੰਟ੍ਰੈਕਟੀ ਨੂੰ ਅਧਿਕਾਰ ਦਿੰਦੀ ਹੈ ਕਿ ਉਹ ਕੰਟ੍ਰੈਕਟਰ ਨੂੰ ₹ 5 ਲੱਖ ਤੋਂ ਵੱਧ ਦੇ ਵਰਕ ਕੰਟ੍ਰੈਕਟ ਅਧੀਨ ਕੀਤੇ ਜਾਣ ਵਾਲੇ ਭੁਗਤਾਨ ਵਿੱਚੋਂ ਛੇ ਪ੍ਰਤੀਸ਼ਤ ਦੀ ਕਟੌਤੀ ਵਰਕ ਕੰਟ੍ਰੈਕਟ ਅਧੀਨ ਜਿੰਮੇਵਾਰੀ ਨੂੰ ਨਿਭਾਉਣ ਲਈ ਕਰੇ। ਪੀ ਵੈਟ ਐਕਟ 2005 ਦੀ ਧਾਰਾ 27(7) ਨੂੰ ਪੀ ਵੈਟ ਨਿਯਮਾਂ 2005 ਦੇ ਨਿਯਮ 46(3) ਨਾਲ ਪੜਦੇ ਹੋਏ, ਵਿਵਸਥਾ ਕਰਦੀ ਹੈ ਕਿ ਜੇ ਕੋਈ ਕੰਟ੍ਰੈਕਟੀ ਰਕਮ ਦੀ ਕਟੌਤੀ ਤੋਂ ਬਾਅਦ ਮਹੀਨਾ ਖਤਮ ਹੋਣ ਦੇ 15 ਦਿਨਾਂ ਅੰਦਰ ਇਸ ਨੂੰ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਨ ਵਿੱਚ ਅਸਫਲ ਹੁੰਦਾ ਹੈ ਤਾਂ ਉਹ ਕਟੌਤੀ ਕੀਤੀ ਰਕਮ ਉੱਤੇ ਕਟੌਤੀ ਦੀ ਅਸਲ ਮਿਤੀ ਤੋਂ ਉਸ ਮਿਤੀ ਤੱਕ ਜਿਸ ਉੱਤੇ ਅਸਲ ਵਿੱਚ ਰਕਮ ਜਮ੍ਹਾਂ ਕੀਤੀ ਜਾਂਦੀ ਹੈ, ਇੱਕ ਅਤੇ ਅੱਧਾ ਪ੍ਰਤੀਸ਼ਤ ਪ੍ਰਤੀ ਮਹੀਨਾ ਦੀ ਦਰ ਨਾਲ ਸਾਧਾਰਨ ਵਿਆਜ਼ ਅਦਾ ਕਰਨ ਲਈ ਜਿੰਮੇਵਾਰ ਹੋਵੇਗਾ।

ਆਡਿਟ ਨੇ ਸਹਾਇਕ ਸਟੇਟ ਟੈਕਸ ਕਮਿਸ਼ਨਰ (ਏ ਸੀ ਐਸ ਟੀ) ਫਰੀਦਕੋਟ ਅਧੀਨ ਇੱਕ ਕੰਟ੍ਰੈਕਟਰ ਦੇ ਜੁਲਾਈ 2017 ਵਿੱਚ ਫਾਇਨਲ ਕੀਤੇ ਸਾਲ 2013-14 ਤੋਂ 2015-16 ਤੱਕ ਦੇ ਤਿੰਨ ਅਸੈਸਮੈਂਟ ਕੇਸਾਂ ਵਿੱਚ ਵੇਖਿਆ ਕਿ ਇੱਕ ਕੰਟ੍ਰੈਕਟੀ ਨੇ ਮਈ 2013 ਅਤੇ ਫਰਵਰੀ 2016 ਵਿੱਚਕਾਰ ਕੰਟ੍ਰੈਕਟਰ ਦੇ ਬਿੱਲਾਂ ਵਿਚੋਂ ₹ 1.95 ਕਰੋੜ ਦੇ ਟੀ ਡੀ ਐਸ ਦੀ ਕਟੌਤੀ ਕੀਤੀ ਸੀ। ਕੰਟ੍ਰੈਕਟੀ ਦੁਆਰਾ ₹ 1.95 ਕਰੋੜ ਦਾ ਟੀ ਡੀ ਐਸ ਸਬੰਧਤ ਮਹੀਨਿਆਂ ਦੇ ਖਤਮ ਹੋਣ ਦੇ 15 ਦਿਨਾਂ ਅੰਦਰ ਜਮ੍ਹਾਂ ਕਰਨਾ ਲੋੜੀਂਦਾ ਸੀ। ਹਾਲਾਂਕਿ, ਕੰਟ੍ਰੈਕਟੀ ਨੇ ₹ 1.95 ਕਰੋੜ ਦੇ ਟੀ ਡੀ ਐਸ ਵਿੱਚੋ ₹ 1.44 ਕਰੋੜ 2 ਅਤੇ 22 ਮਹੀਨਿਆਂ *(ਅੰਤਿਕਾ2.1)* ਦੇ ਵਿਚਕਾਰ ਦੀ ਦੇਰੀ ਨਾਲ ਜਮ੍ਹਾਂ ਕੀਤਾ। ਵਿਭਾਗ ਨੇ ₹ 20.29 ਲੱਖ ਦੇ ਵਿਆਜ ਦੀ ਵਸੂਲੀ ਨਹੀ ਕੀਤੀ।

ਏ ਸੀ ਐਸ ਟੀ ਫਰੀਦਕੋਟ ਨੇ ਜਵਾਬ ਦਿੱਤਾ (ਮਾਰਚ 2019) ਕਿ ਕੰਟ੍ਰੈਕਟੀ ਨੇ ਈ-ਭੁਗਤਾਨ (ਸੀ ਐਮ ਪੀ ਸਿਸਟਮ) ਦੇ ਸਿਸਟਮ ਦੀ ਪਾਲਣਾ ਕਰਨੀ ਸ਼ੁਰੂ ਕਰ ਦਿੱਤੀ ਸੀ ਅਤੇ ਭੁਗਤਾਨ ਦੇ ਕਿਸੇ ਹੋਰ ਤਰੀਕੇ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਸੀ। ਕੰਟ੍ਰੈਕਟੀ ਕੋਲ ਵਿਭਾਗ ਦੇ ਕਿਸੇ ਬੈਂਕ ਵਿੱਚ ਖਾਤੇ ਦੇ ਨੰਬਰ ਨਾਲ ਸਬਧੰਤ ਜਾਣਕਾਰੀ ਨਹੀਂ ਸੀ ਜਿਸ ਵਿੱਚ ਈ-ਭੁਗਤਾਨ ਸਿਸਟਮ ਦੀ ਵਰਤੋਂ ਕਰਦੇ ਹੋਏ ਟੀ ਡੀ ਐਸ ਜਮ੍ਹਾਂ ਕੀਤਾ ਜਾ ਸਕਦਾ। ਵਿਭਾਗ ਨੇ ਈ ਟੀ ਓ ਫਰੀਦਕੋਟ ਤੇ ਨਾਮ ਤੇ ਸਟੇਟ ਬੈਂਕ ਆੱਫ ਪਟਿਆਲਾ, ਫਰੀਦਕੋਟ ਵਿੱਚ ਇਕ ਬੈਂਕ ਖਾਤਾ ਖੋਲਿਆ ਅਤੇ ਅਗਸਤ 2015 ਵਿੱਚ ਕੰਟ੍ਰੈਕਟੀ ਨੂੰ ਸੂਚਿਤ ਕੀਤਾ। ਕੰਟ੍ਰੈਕਟੀ ਨੇ ਸਤੰਬਰ 2015 ਵਿੱਚ ਬੈਂਕ ਖਾਤੇ ਵਿੱਚ ਟੀ

ਡੀ ਐਸ ਜਮ੍ਹਾਂ ਕੀਤਾ ਅਤੇ ਬਾਅਦ ਵਿੱਚ ਵਿਭਾਗ ਦੁਆਰਾ ਰਕਮ ਨੂੰ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕੀਤਾ ਗਿਆ ਸੀ। ਉੱਪਰ ਦੱਸੇ ਤੱਥਾਂ ਦੇ ਅਧਾਰ ਤੇ ਕੋਈ ਕੇਸ ਨਹੀਂ ਬਣਾਇਆ ਗਿਆ ਸੀ।

ਹਾਲਾਂਕਿ, ਆਡਿਟ ਨੇ ਵੇਖਿਆ ਕਿ ਹਦਾਇਤੀ ਢੰਗ ਦੀ ਵਰਤੋਂ ਕਰਦੇ ਹੋਏ ਟੀ ਡੀ ਐਸ ਜਮ੍ਹਾਂ ਕਰਨ ਵਿੱਚ ਅਸਮਰੱਥਾ ਸਬੰਧੀ ਸੂਚਨਾ ਕੰਟ੍ਰੈਕਟੀ ਵਲੋਂ ਵਿਭਾਗ ਨੂੰ ਸਿਰਫ 25 ਮਾਰਚ 2015 ਨੂੰ ਦਿੱਤੀ ਗਈ ਜਦੋ ਕਿ ਕੰਟ੍ਰੈਕਟੀ ਕੋਲ ਮਈ 2013 ਤੋਂ ਅੱਗੇ ਦਾ ਟੀ ਡੀ ਐਸ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਹੋਣਾ ਬਕਾਇਆ ਸੀ। ਕੰਟ੍ਰੈਕਟੀ ਨੇ ਨਾ ਤਾ ਸਮੇਂ ਸਿਰ ਟੀ ਡੀ ਐਸ ਜਮ੍ਹਾਂ ਕੀਤਾ ਅਤੇ ਨਾ ਹੀ ਵਿਭਾਗ ਨੂੰ ਕੇਸ ਦੇ ਤੁਰੰਤ ਨਿਪਟਾਰੇ ਲਈ ਹਦਾਇਤੀ ਢੰਗ ਦੀ ਵਰਤੋਂ ਕਰਕੇ ਟੀ ਡੀ ਐਸ ਜਮ੍ਹਾਂ ਕਰਨ ਵਿੱਚ ਆਪਣੀ ਅਸਮਰੱਥਾ ਸਬੰਧੀ ਸੂਚਿਤ ਕੀਤਾ। ਟੀ ਡੀ ਐਸ ਦੇ ਜਮ੍ਹਾਂ ਹੋਣ ਵਿੱਚ ਦੇਰੀ ਲਈ ਕੰਟ੍ਰੈਕਟੀ ਜ਼ਿੰਮੇਵਾਰ ਹੈ ਪਰ ਵਿਭਾਗ ਨੇ ₹ 20.29 ਲੱਖ ਦੇ ਵਿਆਜ ਦੀ ਵਸੂਲੀ ਨਹੀਂ ਕੀਤੀ।

ਮਾਮਲਾ ਸਰਕਾਰ/ਵਿਭਾਗ ਨੂੰ ਜੁਲਾਈ 2019 ਅਤੇ ਅਪ੍ਰੈਲ 2020 ਵਿੱਚ ਦੱਸਿਆ ਗਿਆ ਸੀ; ਉਨ੍ਹਾਂ ਦੇ ਜਵਾਬਾਂ ਦਾ ਇੰਤਜ਼ਾਰ (ਦਸੰਬਰ 2020) ਸੀ।

**ਸਿਫਾਰਸ਼ : ਸਰਕਾਰ ਵਿਭਾਗ ਨੂੰ ਇਸ ਕੇਸ ਵਿੱਚ ਕੰਟ੍ਰੈਕਟੀ ਤੋਂ ₹ 20.29 ਲੱਖ ਦੇ ਵਿਆਜ਼ ਦੀ ਵਸੂਲੀ ਕਰਨ ਲਈ ਨਿਰਦੇਸ਼ ਦੇ ਸਕਦੀ ਹੈ।**

## 2.6 ਟੈਕਸ ਦੀ ਮੰਗ ਨਾ ਕਰਨਾ

**ਏ ਸੀ ਐਸ ਟੀ ਮੋਹਾਲੀ ਵਿੱਚ, ਡੀ ਓ ਨੇ ਵਾਧੂ ਟੈਕਸ ਦੀ ਮੰਗ ਕਰਨ ਦੀ ਬਜਾਏ ਸਾਲ 2010-11 ਲਈ ਨਾ ਵਰਤੇ ਗਏ ਆਈ ਟੀ ਸੀ ਦੀ ਰਕਮ ਨੂੰ ₹ 4.58 ਕਰੋੜ ਤੋ ਘਟਾ ਕੇ ₹ 3.67 ਕਰੋੜ ਕਰ ਦਿੱਤਾ ਜਦਕਿ ₹ 4.58 ਕਰੋੜ ਦਾ ਆਈ ਟੀ ਸੀ ਡੀਲਰ ਦੁਆਰਾ ਪਹਿਲਾਂ ਹੀ 2011-12 ਵਿਚ ਵਰਤਿਆ ਜਾ ਚੁੱਕਾ ਸੀ, ਜਿਸਦੇ ਨਤੀਜੇ ਵਜੋਂ ₹ 0.91 ਕਰੋੜ ਦਾ ਟੈਕਸ ਘੱਟ ਲੱਗਿਆ।**

ਪੀ ਵੈਟ ਐਕਟ 2005 ਦੀ ਧਾਰਾ 2(ਜੈਡ ਸੀ) ਵਿਵਸਥਾ ਕਰਦੀ ਹੈ ਕਿ ਰਿਟਰਨ ਨਿਰਧਾਰਤ ਫਾਰਮ ਉੱਤੇ ਰਿਟਰਨ ਦੀ ਅਵਧੀ ਨਾਲ ਸਬੰਧਤ ਕਾਰੋਬਾਰ ਦਾ ਸੱਚਾ ਅਤੇ ਸਹੀ ਲੇਖਾ ਹੁੰਦੀ ਹੈ। ਅੱਗੇ, ਪੀ ਵੈਟ ਨਿਯਮ 2005 ਦਾ ਨਿਯਮ 48(1) ਵਿਵਸਥਾ ਕਰਦਾ ਹੈ ਕਿ ਮਨੋਨੀਤ ਅਧਿਕਾਰੀ (ਡੀ ਓ) ਇਤਰਾਜ਼ਾਂ ਅਤੇ ਵਿਅਕਤੀ ਦੁਆਰਾ ਫਾਈਲ ਕੀਤਾ ਗਿਆ ਦਸਤਾਵੇਜ਼ੀ ਸਬੂਤ, ਜੇਕਰ ਕੋਈ ਹੈ, ਨੂੰ ਵਿਚਾਰਨ ਤੋਂ ਬਾਅਦ ਅਜਿਹੇ ਵਿਅਕਤੀ ਦੀ ਟੈਕਸ ਦੇਣਦਾਰੀ ਨਿਸ਼ਚਿਤ ਕਰਦੇ ਹੋਏ ਲਿਖਤੀ ਰੂਪ ਵਿੱਚ ਅਸੈਸਮੈਂਟ ਦਾ ਆਦੇਸ਼ ਜਾਰੀ ਕਰੇਗਾ।

ਸਹਾਇਕ ਸਟੇਟ ਟੈਕਸ ਕਮਿਸ਼ਨਰ (ਏ ਸੀ ਐਸ ਟੀ), ਮੋਹਾਲੀ ਵਿੱਚ ਇੱਕ ਡੀਲਰ ਦੇ ਸਾਲ 2010-11 ਲਈ ਨਵੰਬਰ 2017 ਵਿੱਚ ਅਸੈਸ ਕੀਤੇ ਅਸੈਸਮੈਂਟ ਕੇਸ ਦੀ ਪੜਤਾਲ ਨੇ ਖੁਲਾਸਾ ਕੀਤਾ ਕਿ ਅਸੈਸੀ ਨੇ ਸਾਲ 2010-11 ਲਈ ਆਪਣੀ ਸਲਾਨਾ ਰਿਟਰਨ ਵਿੱਚ ₹ 4.58 ਕਰੋੜ ਦੇ ਅਣ-ਵਰਤੇ ਆਈ ਟੀ ਸੀ ਦੀ ਗਣਨਾ ਕੀਤੀ ਸੀ ਅਤੇ ਇਸ ਰਕਮ ਦੀ ਵਰਤੋਂ ਸਾਲ 2011-12 ਲਈ ਸਲਾਨਾ ਰਿਟਰਨ ਵਿੱਚ ਕੀਤੀ ਸੀ। ਇਹ ਅੱਗੇ ਵੇਖਿਆ ਗਿਆ ਕਿ ਵੈਟ ਦੇ ਸਮੇ ਦੇ ਪਿਛਲੇ ਸਾਲਾਂ ਤੋਂ ਅੱਗੇ ਲਿਆਂਦੇ ਅਣ-ਵਰਤੇ ਆਈ ਟੀ ਸੀ ਦਾ ਡੀਲਰ ਨੇ ਜੀ ਐਸ ਟੀ ਦੇ ਸਮੇਂ ਵਿੱਚ ₹ 6.87 ਕਰੋੜ ਦਾ ਟੈਕਸ ਕਰੈਡਿਟ ਕਲੇਮ (ਅਕਤੂਬਰ 2017) ਕੀਤਾ ਸੀ।

ਅਸੈਸਮੈਂਟ ਦੇ ਸਮੇਂ ਡੀ ਓ ਨੇ ₹ 0.91 ਕਰੋੜ[8] ਦੀ ਵਾਧੂ ਟੈਕਸ ਦੇਣਦਾਰੀ ਦੀ ਗਣਨਾ ਕੀਤੀ। ਮਨੋਨੀਤ ਅਧਿਕਾਰੀ ਲਈ ₹ 4.58 ਕਰੋੜ ਦੇ ਅੱਗੇ ਲਿਆਂਦੇ ਆਈ ਟੀ ਸੀ ਦਾ ਸਲਾਨਾ ਰਿਟਰਨ ਨਾਲ ਮਿਲਾਨ ਕਰਦੇ ਹੋਏ ₹ 0.91 ਕਰੋੜ ਦੇ ਵਾਧੂ ਟੈਕਸ ਦੀ ਮੰਗ ਕਰਨਾ ਲੋੜੀਂਦਾ ਸੀ ਕਿਉਂਕਿ ਇਹ ਰਕਮ ਪਹਿਲਾਂ ਹੀ ਜੀ ਐਸ ਟੀ ਦੇ ਸਮੇਂ ਵਿੱਚ ਟੈਕਸ ਕਰੈਡਿਟ ਕਲੇਮ ਕਰਨ ਲਈ ਵਿਚਾਰੀ ਜਾ ਚੁੱਕੀ ਸੀ। ਹਾਲਾਂਕਿ, ਡੀ ਓ ਨੇ ₹ 0.91 ਕਰੋੜ ਦੇ ਵਾਧੂ ਟੈਕਸ ਦੀ ਡਿਮਾਂਡ ਕਰਨ ਦੀ ਬਜਾਏ, ਅਣ-ਵਰਤੇ ਆਈ ਟੀ ਸੀ ਦੀ ਰਕਮ ₹ 4.58 ਕਰੋੜ ਤੋਂ ਘਟਾ ਦੇ ₹ 3.67 ਕਰੋੜ ਕਰ ਦਿੱਤੀ, ਜਿਸਦੇ ਨਤੀਜੇ ਵਜੋਂ ₹ 0.91 ਕਰੋੜ ਦਾ ਟੈਕਸ ਘੱਟ ਲੱਗਿਆ।

ਮਾਮਲਾ ਸਰਕਾਰ/ਵਿਭਾਗ ਨੂੰ ਫਰਵਰੀ 2019 ਅਤੇ ਅਪ੍ਰੈਲ 2020 ਵਿੱਚ ਦੱਸਿਆ ਗਿਆ ਸੀ; ਉਨ੍ਹਾਂ ਦੇ ਜਵਾਬਾਂ ਦਾ ਇੰਤਜ਼ਾਰ (ਦਸੰਬਰ 2020) ਸੀ।

**ਸਿਫਾਰਸ਼ : ਸਰਕਾਰ ਵਿਭਾਗ ਨੂੰ ਇਸ ਕੇਸ ਵਿੱਚ ਗਲਤੀ ਸੁਧਾਰਦੇ ਹੋਏ ₹ 0.91 ਕਰੋੜ ਦੇ ਟੈਕਸ ਦੀ ਵਸੂਲੀ ਕਰਨ ਲਈ ਨਿਰਦੇਸ਼ ਦੇ ਸਕਦੀ ਹੈ।**

## 2.7 ਆਈ ਟੀ ਸੀ ਦਾ ਨਾਮਿਲਣਯੋਗ ਲਾਭ

**ਏ ਸੀ ਐਸ ਟੀ ਫਤਿਹਗੜ ਸਾਹਿਬ ਦੇ ਦੋ ਕੇਸਾਂ ਵਿੱਚ, ਡੀ ਓ ਨੇ ₹ 12.59 ਲੱਖ ਦੇ ਮਿਲਣਯੋਗ ਆਈ ਟੀ ਸੀ ਦੀ ਬਜਾਏ ਪਿਛਲੇ ਸਾਲ ਦੇ ਅਣ-ਵਰਤੇ ਆਈ ਟੀ ਸੀ ਦੇ ਕਾਰਨ ₹ 30.61 ਲੱਖ ਦੇ ਆਈ ਟੀ ਸੀ ਦੀ ਇਜਾਜ਼ਤ ਦਿੱਤੀ ਅਤੇ ₹ 9.73 ਲੱਖ ਸੀ ਐਸ ਟੀ ਦੀ ਮੰਗ ਨਹੀਂ ਕੀਤੀ, ਜਿਸਦੇ ਕਾਰਨ ₹ 27.75 ਲੱਖ ਘੱਟ ਟੈਕਸ ਲਗਾਇਆ ਗਿਆ।**

ਪੀ ਵੈਟ ਐਕਟ 2005 ਦੀ ਧਾਰਾ 2(ਜੈੱਡ ਸੀ) ਵਿਵਸਥਾ ਕਰਦੀ ਹੈ ਕਿ ਰਿਟਰਨ ਨਿਰਧਾਰਤ ਫਾਰਮ ਉੱਤੇ ਰਿਟਰਨ ਦੀ ਅਵਧੀ ਨਾਲ ਸਬਧੰਤ ਕਾਰੋਬਾਰ ਦਾ ਸੱਚਾ ਅਤੇ ਸਹੀ ਲੇਖਾ ਹੁੰਦੀ ਹੈ। ਅੱਗੇ, ਪੀ ਵੈਟ ਨਿਯਮ 2005 ਦਾ ਨਿਯਮ 48(1) ਵਿਵਸਥਾ ਕਰਦਾ ਹੈ ਕਿ ਡੀ ਓ ਇਤਰਾਜ਼ਾਂ ਅਤੇ ਵਿਅਕਤੀ ਦੁਆਰਾ ਫਾਈਲ ਕੀਤਾ ਗਿਆ ਦਸਤਾਵੇਜ਼ੀ ਸਬੂਤ, ਜੇਕਰ ਕੋਈ ਹੈ, ਨੂੰ ਵਿਚਾਰਨ ਤੋਂ ਬਾਅਦ ਅਜਿਹੇ ਵਿਅਕਤੀ ਦੀ ਟੈਕਸ ਦੇਣਦਾਰੀ ਨਿਸ਼ਚਿਤ ਕਰਦੇ ਹੋਏ ਲਿਖਤੀ ਰੂਪ ਵਿੱਚ ਅਸੈਸਮੈਂਟ ਦਾ ਆਦੇਸ਼ ਜਾਰੀ ਕਰੇਗਾ।

ਏ ਸੀ ਐਸ ਟੀ ਫਤਿਹਗੜ੍ਹ ਸਾਹਿਬ ਅਧੀਨ ਇੱਕ ਡੀਲਰ ਦੇ ਸਾਲ 2010-11 ਅਤੇ 2011-12 ਦੇ ਦੋ ਅਸੈਸਮੈਂਟ ਕੇਸਾਂ ਦੀ ਪੜਤਾਲ ਨੇ ਖੁਲਾਸਾ ਕੀਤਾ ਕਿ ਡੀ ਓ ਨੇ ਪਿਛਲੇ ਸਾਲ ਦੇ ਅਣ-ਵਰਤੇ ਆਈ ਟੀ ਸੀ ਦੇ ਕਾਰਨ ₹ 30.61 ਲੱਖ ਦੇ ਇੰਨਪੁੱਟ ਟੈਕਸ ਕਰੈਡਿਟ (ਆਈ ਟੀ ਸੀ) ਦੀ ਇਜਾਜ਼ਤ ਦਿੱਤੀ ਜਦ ਕਿ ₹ 12.59 ਲੱਖ ਦਾ ਅਣ-ਵਰਤਿਆ ਆਈ ਟੀ ਸੀ ਪਿਛਲੇ ਸਾਲਾਂ ਭਾਵ 2009-10 ਅਤੇ 2010-11 ਦੇ ਅਸੈਸਮੈਂਟ ਆਦੇਸ਼ਾ ਅਨੁਸਾਰ ਮਿਲਣਯੋਗ ਸੀ। ਇਸ ਤਰ੍ਹਾਂ, ਹੇਠਾਂ ਦਿੱਤੀ ਸਾਰਣੀ ਅਨੁਸਾਰ ₹ 18.02 ਲੱਖ (₹ 30.61 ਲੱਖ – ₹ 12.59 ਲੱਖ) ਦੇ ਵੱਧ ਆਈ ਟੀ ਸੀ ਦੀ ਇਜਾਜ਼ਤ ਦਿੱਤੀ ਗਈ:

[8] ₹ 0.24 ਕਰੋੜ (₹ 51.97 ਕਰੋੜ – ₹ 51.73 ਕਰੋੜ) ਦਾ ਆਈ ਟੀ ਸੀ ਮਨਾ ਕਰ ਦਿੱਤਾ ਗਿਆ ਸੀ ਅਤੇ ₹ 0.67 ਕਰੋੜ ਦੀ ਟੈਕਸ ਦੀ ਮੰਗ ਦੀ ਗਣਨਾ ਕੀਤੀ ਗਈ ਸੀ ਜਿਸਨੇ ਕੁੱਲ ਟੈਕਸ ਦਾ ਪ੍ਰਭਾਵ ₹ 0.91 ਕਰੋੜ ਬਣਾਇਆ।

(ਅੰਕੜੇ ₹ ਵਿੱਚ)

| ਸਾਲ | ਮਹੀਨਾ ਅਤੇ ਸਾਲ ਜਿਸ ਵਿੱਚ ਅਸੈਸਮੈਂਟ ਫਾਈਨਲ ਕੀਤੀ ਗਈ | ਸਲਾਨਾ ਰਿਟਰਨ ਅਨੁਸਾਰ ਪਿ ਛਲੇ ਸਾਲ ਦਾ ਅਣਵਰਤਿਆ ਆਈ ਟੀ ਸੀ ਜਿਸਦੀ ਇਜਾਜ਼ਤ ਅਸੈਸਮੈਂਟ ਆਦੇਸ ਵਿੱਚ ਦਿੱਤੀ ਗਈ | 2009-10 ਅਤੇ 2010-11 ਦੇ ਅਸੈਸਮੈਂਟ ਆਦੇਸ ਅਨੁਸਾਰ ਉਪਲੱਬਧ ਅਣ-ਵਰਤਿਆ ਆਈ ਟੀ ਸੀ | ਵੱਧ ਆਈ ਟੀ ਸੀ ਦੀ ਇਜਾਜ਼ਤ |
|---|---|---|---|---|
| 2010-11 | 4 ਅਕਤੂਬਰ 2017 | 17,00,730 | 35,270 | 16,65,460 |
| 2011-12 | 4 ਦਸੰਬਰ 2017 | 13,60,137 | 12,23,516[9] | 1,36,621 |
| ਕੁੱਲ | | **30,60,867** | **12,58,786** | **18,02,081** |

ਅੱਗੇ, ਸਾਲ 2011-12 ਦੇ ਅਸੈਸਮੈਂਟ ਆਦੇਸ਼ ਵਿੱਚ, ਸੀ ਐਸ ਟੀ ਦੀ ₹ 9.73 ਲੱਖ ਦੀ ਮੰਗ ਨੂੰ ਪਾਰਟ ਬੀ ਵਿੱਚ ਆਈ ਟੀ ਸੀ ਵਿੱਚੋਂ ਅਡਜਸਟ ਵਿਖਾਇਆ ਗਿਆ ਪਰੰਤੂ ਇਸ ਰਾਸ਼ੀ ਨੂੰ ਪਾਰਟ ਏ ਵਿੱਚ ਆਈ ਟੀ ਸੀ ਵਿੱਚੋਂ ਨਹੀਂ ਘਟਾਇਆ ਗਿਆ ਜਿੱਥੇ ਆਈ ਟੀ ਸੀ ਦੀ ਕੈਲਕੂਲੇਸ਼ਨ ਕੀਤੀ ਗਈ ਸੀ। ਉਪਰੋਕਤ ਗਲਤੀਆਂ ਹੋਣ ਕਰਕੇ ₹ 27.75 ਲੱਖ (₹ 18.02 ਲੱਖ + ₹ 9.73 ਲੱਖ) ਦਾ ਟੈਕਸ ਘੱਟ ਲਗਾਇਆ ਗਿਆ।

ਮਾਮਲਾ ਸਰਕਾਰ/ਵਿਭਾਗ ਨੂੰ ਫਰਵਰੀ 2019 ਅਤੇ ਅਪ੍ਰੈਲ 2020 ਵਿੱਚ ਦੱਸਿਆ ਗਿਆ ਸੀ; ਉਨ੍ਹਾਂ ਦੇ ਜਵਾਬਾਂ ਦਾ ਇੰਤਜ਼ਾਰ (ਦਸੰਬਰ 2020) ਸੀ।

**ਸਿਫਾਰਸ਼ : ਸਰਕਾਰ ਵਿਭਾਗ ਨੂੰ ਇਨ੍ਹਾਂ ਦੋ ਕੇਸਾਂ ਵਿੱਚ ਗਲਤੀ ਸੁਧਾਰਦੇ ਹੋਏ ₹ 27.75 ਲੱਖ ਦੀ ਵਸੂਲੀ ਕਰਨ ਲਈ ਨਿਰਦੇਸ਼ ਦੇ ਸਕਦੀ ਹੈ।**

## 2.8 ਵਿਆਜ਼ ਨਾ/ਘੱਟ ਲਗਾਉਣਾ

**ਛੇ ਏ ਈ ਟੀ ਸੀਜ਼ ਅਧੀਨ ਅਸੈਸਮੈਂਟ ਆਦੇਸਾਂ ਵਿੱਚ ਵਿਆਜ਼ ਲਗਾਉਣ ਸਬੰਧੀ ਗਲਤ ਉਪਬੰਧ ਲਗਾਉਣ ਦੇ ਨਤੀਜੇ ਵਜੋਂ ₹ 2.51 ਕਰੋੜ ਦਾ ਵਿਆਜ਼ ਘੱਟ ਲੱਗਿਆ**

ਪੀ ਵੈਟ ਐਕਟ 2005 ਦੀ ਧਾਰਾ 32(1) ਵਿਵਸਥਾ ਕਰਦੀ ਹੈ ਕਿ ਜੇਕਰ ਇੱਕ ਵਿਅਕਤੀ ਇਸ ਐਕਟ ਦੇ ਉਪਬੰਧਾਂ ਅਨੁਸਾਰ ਉਸਤੋਂ ਦੇਣਯੋਗ ਟੈਕਸ ਦੀ ਰਕਮ ਚੁਕਾਉਣ ਵਿੱਚ ਅਸਮਰਥ ਹੁੰਦਾ ਹੈ, ਉਹ ਟੈਕਸ ਦੀ ਰਕਮ ਉੱਤੇ ਅੱਧਾ ਪ੍ਰਤੀਸ਼ਤ ਪ੍ਰਤੀ ਮਹੀਨਾ ਦੀ ਦਰ ਨਾਲ ਸਧਾਰਨ ਵਿਆਜ਼ ਨਿਯਤ ਮਿਤੀ ਤੋ ਟੈਕਸ ਦੀ ਰਕਮ ਦੀ ਅਸਲ ਅਦਾਇਗੀ ਦੀ ਮਿਤੀ ਤੱਕ ਅਦਾ ਕਰਨ ਲਈ ਜ਼ਿੰਮੇਵਾਰ ਹੋਵੇਗਾ। ਅੱਗੇ, ਧਾਰਾ 32(3) ਵਿਵਸਥਾ ਕਰਦੀ ਹੈਂ ਕਿ ਜੇਕਰ ਇੱਕ ਵਿਅਕਤੀ ਰਿਟਰਨ ਵਿੱਚ ਟੈਕਸ ਦੀ ਰਕਮ ਦੀ ਘੋਸ਼ਣਾ ਕਰਨ ਵਿੱਚ ਅਸਮਰਥ ਹੁੰਦਾ ਹੈ, ਜੋ ਕਿ ਘੋਸ਼ਿਤ ਕੀਤੀ ਜਾਣੀ ਚਾਹੀਦੀ ਸੀ, ਅਜਿਹਾ ਵਿਅਕਤੀ ਅਦਾਇਗੀ ਦੀ ਨਿਯਤ ਮਿਤੀ ਤੋਂ ਉਸ ਦੁਆਰਾ ਅਸਲ ਅਦਾਇਗੀ ਦੀ ਮਿਤੀ ਤੱਕ ਟੈਕਸ ਦੀ ਅਜਿਹੀ ਰਕਮ ਉੱਤੇ ਡੇਢ ਪ੍ਰਤੀਸ਼ਤ ਪ੍ਰਤੀ ਮਹੀਨਾ ਦੀ ਦਰ ਨਾਲ ਸਧਾਰਨ ਵਿਆਜ ਦੇਣ ਲਈ ਜ਼ਿੰਮੇਵਾਰ ਹੋਵੇਗਾ। ਅੱਗੇ, ਸੀ ਐਸ ਟੀ ਐਕਟ 1956 ਦੀ ਧਾਰਾ 9(2ਬੀ) ਵਿਵਸਥਾ ਕਰਦੀ ਹੈ ਕਿ ਹਰੇਕ ਰਾਜ ਦੇ ਸੇਲ ਟੈਕਸ ਕਾਨੂੰਨ ਦੇ ਟੈਕਸ ਦੀ ਅਦਾਇਗੀ ਲਈ

9 ₹ 6,21,156 (ਰਿਫੰਡ ਦੀ ਰਕਮ, ਸਾਲ 2010-11 ਲਈ ਅਸੈਸਮੈਂਟ ਆਦੇਸ਼ ਵਿੱਚ ਡੈਬਿਟ ਕੀਤੀ, ਸਾਲ 2009-10 ਲਈ ਅਸੈਸਮੈਂਟ ਆਦੇਸ਼ ਵਿੱਚ ਪਹਿਲਾਂ ਹੀ ਡੈਬਿਟ ਕੀਤੀ, ਇਸ ਲਈ ਅਣ-ਵਰਤੇ ਆਈ ਟੀ ਸੀ ਵਿੱਚ ਸ਼ਾਮਿਲ ਕੀਤੀ) + ₹ 6,02,360 (ਸਾਲ 2010-11 ਲਈ ਅਸੈਸਮੈਂਟ ਆਦੇਸ਼ ਵਿੱਚ ਅਣ-ਵਰਤੇ ਆਈ ਟੀ ਸੀ ਦੀ ਇਜਾਜ਼ਤ ਦਿੱਤੀ।

ਨਿਯਤ ਮਿਤੀ, ਵਿਆਜ਼ ਦੀ ਦਰ, ਦੇਰੀ ਨਾਲ ਟੈਕਸ ਦੀ ਅਦਾਇਗੀ ਲਈ ਵਿਆਜ਼ ਨੂੰ ਅਸੈਸ ਅਤੇ ਇੱਕਠਾ ਕਰਨ ਨਾਲ ਸੰਬਧੰਤ ਸਾਰੇ ਉਪਬੰਧ ਸੀ ਐਸ ਟੀ ਅਧੀਨ ਟੈਕਸ ਦੇ ਸਬੰਧ ਵਿੱਚ ਲਾਗੂ ਹੋਣਗੇ।

ਛੇ[10] ਏ ਸੀ ਐਸ ਟੀਜ਼ ਦੇ ਅਸੈਸਮੈਂਟ ਕੇਸਾਂ, ਜੋ 2017-18 ਦੌਰਾਨ ਅਸੈਸ ਕੀਤੇ ਗਏ, ਦੀ ਪੜਤਾਲ ਨੇ ਖੁਲਾਸਾ ਕੀਤਾ ਕਿ ਛੇ ਡੀਲਰਾਂ ਨੇ 2010-11 ਅਤੇ 2012-13 ਵਿੱਚਕਾਰ ਆਪਣੀਆਂ ਸਲਾਨਾ ਰਿਟਰਨਾਂ ਵਿੱਚ ਨਿਯਤ ਟੈਕਸ ਘੋਸ਼ਿਤ ਨਹੀਂ ਕੀਤਾ। ਕੇਸਾਂ ਨੂੰ ਅਸੈਸ ਕਰਨ ਵੇਲੇ, ਡੀ ਓਜ਼ ਨੇ ₹ 3.07 ਕਰੋੜ ਦੇ ਵਾਧੂ ਟੈਕਸ ਦੀਆਂ ਮੰਗਾਂ ਕੀਤੀਆਂ। ਹਾਲਾਂਕਿ, ਦੋ ਏ ਸੀ ਐਸ ਟੀਜ਼[11] ਨਾਲ ਸਬੰਧਤ ਛੇ ਕੇਸਾਂ ਵਿੱਚੋ ਦੋ ਵਿੱਚ, ਡੀ ਓਜ਼ ਨੇ ਡੇਢ ਪ੍ਰਤੀਸ਼ਤ ਪ੍ਰਤੀ ਮਹੀਨਾ ਦੀ ਦਰ ਨਾਲ ਲੱਗਣਯੋਗ ₹ 2.70 ਕਰੋੜ ਦੀ ਬਜਾਏ ਅੱਧਾ ਪ੍ਰਤੀਸ਼ਤ ਪ੍ਰਤੀ ਮਹੀਨਾ ਦੀ ਦਰ ਨਾਲ ₹ 0.96 ਕਰੋੜ ਦਾ ਵਿਆਜ਼ ਲਗਾਇਆ। ਬਾਕੀ ਚਾਰ ਕੇਸਾਂ ਵਿੱਚ, ਡੀ ਓਜ਼ ਨੇ ਕੋਈ ਵਿਆਜ਼ ਨਹੀਂ ਲਗਾਇਆ ਜਦ ਕਿ ₹ 0.77 ਕਰੋੜ[12] ਦਾ ਵਿਆਜ਼ ਲੱਗਣਯੋਗ ਸੀ। ਉੱਪਰ ਦੱਸੀਆਂ ਗਲਤੀਆਂ ਦੇ ਨਤੀਜੇ ਵਜੋਂ ₹ 2.51 ਕਰੋੜ[13] ਦਾ ਵਿਆਜ਼ ਘੱਟ ਲੱਗਿਆ।

ਇਹ ਦੱਸੇ ਜਾਣ ਉੱਤੇ, ਏ ਸੀ ਐਸ ਟੀ ਸੰਗਰੂਰ ਨੇ ਜਵਾਬ ਦਿੱਤਾ (ਜੂਨ 2018) ਕਿ ਮਾਣਯੋਗ ਕੋਰਟਾਂ ਦੇ ਅਲੱਗ-ਅਲੱਗ ਫੈਸਲਿਆਂ ਵਿੱਚ, ਇਹ ਕਿਹਾ ਗਿਆ ਸੀ ਕਿ ਰਿਟਰਨ ਅਨੁਸਾਰ ਅਦਾ ਕੀਤੇ ਟੈਕਸ ਅਸੈਸਮੈਂਟ ਹੋਣ ਤੱਕ ਵਿਆਜ਼ ਅਦਾ ਕਰਨ ਦੀ ਕੋਈ ਜਿੰਮੇਵਾਰੀ ਨਹੀਂ ਬਣਦੀ। ਹਾਲਾਂਕਿ, ਏ ਸੀ ਐਸ ਟੀ ਕੋਈ ਸਬੂਤ ਨਹੀਂ ਦੇ ਸਕਿਆ ਜੋਂ ਦਰਸਾਉਂਦਾ ਹੋਏ ਕਿ ਐਕਟ ਦੀ ਧਾਰਾ 32(3) ਦੇ ਉਪਬੰਧਾ ਨੂੰ ਕਿਸੇ ਕੋਰਟ ਦੁਆਰਾ ਨਕਾਰਿਆ ਗਿਆ ਸੀ ਜਾਂ ਸਰਕਾਰ ਦੁਆਰਾ ਐਕਟ ਵਿੱਚ ਅਜਿਹੀ ਹਾਲਤ ਦਿੰਦਿਆਂ ਕੋਈ ਸੋਧ ਕੀਤੀ ਗਈ ਸੀ। ਫਰਨੈਸ ਤੇਲ, ਡੀਜ਼ਲ ਉੱਤੇ ਇੰਨਪੁੱਟ ਟੈਕਸ ਕਰੈਡਿਟ ਦਾ ਉਲਟਾਓ, ਬਰਾਂਚ ਟਰਾਂਸਫਰ, ਟੈਕਸ ਫਰੀ ਵਿੱਕਰੀ ਅਤੇ ਟੈਕਸ ਤੋਂ ਰਿਆਇਤ/ਛੋਟ ਕਲੇਮ ਕਰਨ ਲਈ ਕਾਨੂਨੀ ਘੋਸ਼ਣਾਵਾਂ ਦੀ ਪ੍ਰਸਤੁਤੀ ਕਰਨ ਦੀ ਜਰੂਰਤ ਸਬੰਧੀ ਐਕਟ ਦੇ ਉਪਬੰਧ ਸਪੱਸ਼ਟ ਸਨ ਅਤੇ ਡੀਲਰਾਂ ਲਈ ਅਪਣੀਆਂ ਟੈਕਸ ਦੇਣਦਾਰੀਆਂ ਨੂੰ ਉਪਰੋਕਤ ਉਪਬੰਧਾਂ ਦੀ ਪਾਲਣਾ ਕਰਦੇ ਹੋਏ ਰਿਟਰਨਾਂ ਵਿੱਚ ਘੋਸ਼ਿਤ ਕਰਨਾ ਲੋੜੀਂਦਾ ਸੀ। ਮਨੋਨੀਤ ਅਧਿਕਾਰੀਆਂ ਦੁਆਰਾ ਉਪਰੋਕਤ ਉਪਬੰਧਾਂ ਦੀ ਪਾਲਣਾ ਨਾ ਹੋਣ ਕਰਕੇ ਵਾਧੂ ਟੈਕਸ ਮੰਗਾਂ ਉਠਾਈਆਂ ਗਈਆਂ ਸਨ ਅਤੇ ਇਹ ਸਪੱਸ਼ਟ ਕਰਦਾ ਹੈ ਕਿ ਡੀਲਰਾਂ ਦੁਆਰਾ ਰਿਟਰਨਾਂ ਵਿੱਚ ਸਹੀ ਟੈਕਸ ਦੇਣਦਾਰੀਆਂ ਘੋਸ਼ਿਤ ਨਹੀਂ ਕੀਤੀਆਂ ਗਈਆਂ ਸਨ। ਇਸ ਲਈ, ਮਨੋਨੀਤ ਅਧਿਕਾਰੀਆਂ ਨੂੰ 1.50 ਪ੍ਰਤੀਸ਼ਤ ਦੀ ਦਰ ਨਾਲ ਵਿਆਜ਼ ਲਗਾਉਣਾ ਚਾਹੀਦਾ ਸੀ।

ਮਾਮਲਾ/ਸਰਕਾਰ ਵਿਭਾਗ ਨੂੰ ਮਾਰਚ 2019 ਅਤੇ ਅਪ੍ਰੈਲ 2020 ਵਿੱਚਕਾਰ ਦੱਸਿਆ ਗਿਆ ਸੀ; ਉਨ੍ਹਾਂ ਦੇ ਜਵਾਬਾਂ ਦਾ ਇੰਤਜ਼ਾਰ (ਦਸੰਬਰ 2020) ਸੀ।

**ਸਿਫਾਰਸ਼ : ਸਰਕਾਰ ਵਿਭਾਗ ਨੂੰ ਇਨ੍ਹਾਂ ਛੇ ਕੇਸਾਂ ਵਿੱਚ ₹ 2.51 ਕਰੋੜ ਦੇ ਵਿਆਜ, ਜੋ ਘੱਟ ਲਗਾਇਆ ਗਿਆ ਸੀ, ਦੀ ਵਸੂਲੀ ਕਰਨ ਲਈ ਨਿਰਦੇਸ਼ ਦੇ ਸਕਦੀ ਹੈ।**

10 ਜਲੰਧਰ-II, ਲੁਧਿਆਣਾ-I, ਮੋਹਾਲੀ, ਪਟਿਆਲਾ, ਰੋਪੜ ਅਤੇ ਸੰਗਰੂਰ

11 ਜਲੰਧਰ-II ਅਤੇ ਮੋਹਾਲੀ

12 ਆਡਿਟ ਦੁਆਰਾ ਵਿਆਜ਼ ਦੀ ਗਣਨਾ ਅਗਲੇ ਵਿੱਤੀ ਸਾਲ ਦੇ ਅਪ੍ਰੈਲ ਤੋਂ ਉਸ ਮਹੀਨੇ ਤੱਕ ਕੀਤੀ ਗਈ ਹੈ ਜਿਸ ਵਿੱਚ ਅਸੈਸਮੈਂਟ ਪੂਰੀ ਹੋਈ ਸੀ।

13 ₹ 2.70 ਕਰੋੜ - ₹ 0.96 ਕਰੋੜ + ₹ 0.77 ਕਰੋੜ = ₹ 2.51 ਕਰੋੜ

## 2.9 ਫਰਨੈਸ ਤੇਲ ਉੱਪਰ ਨਾਮਿਲਣਯੋਗ ਇੰਨਪੁੱਟ ਟੈਕਸ ਕਰੈਡਿਟ

**ਮਨੋਨਿਤ ਅਧਿਕਾਰੀ ਨੇ ਚਾਰ ਕੇਸਾਂ ਵਿੱਚ ਫਰਨੈਸ ਤੇਲ ਦੀ ਅੰਤਰਰਾਜੀ ਖਰੀਦ ਉੱਤੇ ਅਦਾ ਕੀਤੇ ਐਂਟਰੀ ਟੈਕਸ ਦੀ ਨਾਮਿਲਣਯੋਗ ਇੰਨਪੁੱਟ ਟੈਕਸ ਕਰੈਡਿਟ ਦੀ ਇਜਾਜ਼ਤ ਦਿੱਤੀ ਜਿਸਦੇ ਨਤੀਜੇ ਵਜੋਂ ₹ 46.81 ਲੱਖ ਦਾ ਟੈਕਸ ਘੱਟ ਲਗਾਇਆ ਗਿਆ।**

ਪੀ ਵੈਟ ਐਕਟ 2005 ਦੀ ਧਾਰਾ 13(4) ਵਿਵਸਥਾ ਕਰਦੀ ਹੈ ਕਿ ਫਰਨੈਸ ਤੇਲ ਉੱਤੇ ਆਈ ਟੀ ਸੀ ਦੀ ਇਜਾਜ਼ਤ ਸਿਰਫ ਉਸ ਹੱਕ ਤੱਕ ਦਿੱਤੀ ਜਾਵੇਗੀ ਜਿਸ ਤੋਂ ਰਾਜ ਵਿੱਚ ਅਦਾ ਕੀਤੇ ਗਏ ਟੈਕਸ ਦੀ ਰਕਮ ਇਕ ਨਿਸ਼ਚਿਤ ਰੇਟ[14] ਤੋਂ ਵੱਧ ਜਾਂਦੀ ਹੈ। ਅੱਗੇ, ਐਕਟ ਦੀ ਧਾਰਾ 13-ਏ ਵਿਵਸਥਾ ਕਰਦੀ ਹੈ ਕਿ ਵਸਤਾਂ ਦੀਆਂ ਅੰਤਰਰਾਜੀ ਖਰੀਦਦਾਰੀਆਂ ਉੱਤੇ ਅਦਾ ਕੀਤਾ ਗਿਆ ਐਂਟਰੀ ਟੈਕਸ ਐਕਟ ਦੇ ਉਪਬੰਧਾਂ ਅਨੁਸਾਰ ਇੰਨਪੁੱਟ ਟੈਕਸ ਕਰੈਡਿਟ ਵਜੋਂ ਉਪਲਬੱਧ ਹੋਵੇਗਾ।

ਏ ਸੀ ਐਸ ਟੀ ਲੁਧਿਆਣਾ-। ਦੇ ਰਿਕਾਰਡਾਂ ਦੀ ਪੜਤਾਲ ਨੇ ਖੁਲਾਸਾ ਕੀਤਾ ਕਿ ਚਾਰ ਅਸੈਸੀਆਂ ਨੇ ₹ 13.59 ਕਰੋੜ ਦੇ ਫਰਨੈਸ ਤੇਲ ਦੀ ਅੰਤਰਰਾਜੀ ਖਰੀਦ ਕੀਤੀ ਅਤੇ ਇਸ ਉੱਤੇ 2010-11 ਅਤੇ 2011-12 ਦੌਰਾਨ ₹ 48.01 ਲੱਖ ਦਾ ਐਂਟਰੀ ਟੈਕਸ ਅਦਾ ਕੀਤਾ। ਡੀਲਰ ਉਸ ਸਮੇਂ ਦੌਰਾਨ ਚਾਰ ਪ੍ਰਤੀਸ਼ਤ ਤੋਂ ਵੱਧ ਅਦਾ ਕੀਤੇ ਐਂਟਰੀ ਟੈਕਸ ਉੱਤੇ ਇੰਨਪੁਟ ਟੈਕਸ ਕਰੈਡਿਟ ਲਈ ਯੋਗ ਸੀ। ₹ 48.01 ਲੱਖ ਵਿੱਚੋਂ, ਡੀਲਰ ਚਾਰ ਪ੍ਰਤੀਸ਼ਤ ਤੋਂ ਵੱਧ ਅਦਾ ਕੀਤੇ ₹ 1.20 ਲੱਖ ਦੇ ਇੰਨਪੁੱਟ ਟੈਕਸ ਕਰੈਡਿਟ ਲਈ ਯੋਗ ਸੀ। ₹ 46.81 ਲੱਖ ਦੀ ਬਾਕੀ ਰਕਮ ਇੰਨਪੁੱਟ ਟੈਕਸ ਕਰੈਡਿਟ ਵਜੋਂ ਉਪਲਬੱਧ ਨਹੀਂ ਸੀ ਅਤੇ ਉਲਟਾਉਣੀ[15] ਲੋੜੀਂਦੀ ਸੀ। ਹਾਲਾਂਕਿ, ਮਨੋਨੀਤ ਅਧਿਕਾਰੀ ਨੇ ਕੇਸ ਅਸੈਸ ਕਰਨ ਵੇਲੇ ਇਸ ਖਾਤੇ ਉੱਤੇ ਕੋਈ ਰਕਮ ਨਹੀਂ ਉਲਟਾਈ। ਆਈ ਟੀ ਸੀ ਦੀ ਨਾਮਿਲਣਯੋਗ ਰਿਆਇਤ ਦੇ ਨਤੀਜ਼ੇ ਵਜੋਂ ₹ 46.81 ਲੱਖ ਦਾ ਟੈਕਸ ਘੱਟ ਲਗਾਇਆ ਗਿਆ।

ਮਾਮਲਾ ਸਰਕਾਰ/ਵਿਭਾਗ ਨੂੰ ਫਰਵਰੀ 2019, ਮਾਰਚ 2019 ਅਤੇ ਅਪ੍ਰੈਲ 2020 ਵਿੱਚ ਦੱਸਿਆ ਗਿਆ ਸੀ; ਉਨ੍ਹਾਂ ਦੇ ਜਵਾਬਾਂ ਦਾ ਇੰਤਜ਼ਾਰ (ਦਸੰਬਰ 2020) ਸੀ।

**ਸਿਫਾਰਸ਼ : ਸਰਕਾਰ ਵਿਭਾਗ ਨੂੰ ₹ 46.81 ਲੱਖ ਦੇ ਆਈ ਟੀ ਸੀ ਦੀ ਵਾਧੂ ਰਿਆਇਤ ਨੂੰ ਵਸੂਲਣ ਲਈ ਨਿਰਦੇਸ਼ ਦੇ ਸਕਦੀ ਹੈ।**

14 ਐਂਟਰੀ ਟੈਕਸ ਦੇ ਰੇਟ

| ਮਿਤੀ | ਫਰਨੈਸ ਤੇਲ ਉੱਤੇ ਐਂਟਰੀ ਟੈਕਸ ਦਾ ਰੇਟ (ਪ੍ਰਤੀਸ਼ਤ ਵਿੱਚ) | ਪੀ ਵੈਟ ਐਕਟ ਦੀ ਧਾਰਾ 13(4) ਅਧੀਨ ਐਂਟਰੀ ਟੈਕਸ ਉਲਟਾਉਣ ਦਾ ਰੇਟ (ਪ੍ਰਤੀਸ਼ਤ ਵਿੱਚ) |
|---|---|---|
| 5 ਫਰਵਰੀ 2010 ਤੋਂ 17 ਅਗਸਤ 2010 | 2 | 4 |
| 18 ਅਗਸਤ 2010 ਤੋਂ 18 ਸਤੰਬਰ 2012 | 4 | 4 |

4 ਦਸੰਬਰ 2012 ਤੋਂ ਧਾਰਾ 13(4) ਅਧੀਨ ਐਂਟਰੀ ਟੈਕਸ ਉਲਟਾਉਣ ਦਾ ਰੇਟ ਵਾਧਾ ਕੇ ਪੰਜ ਪ੍ਰਤੀਸ਼ਤ ਕੀਤਾ ਗਿਆ ਸੀ।

15 ਉਲਟਾਉ ਦਾ ਮਤਲਬ ਹੈ ਮਨੋਨਿਤ ਅਧਿਕਾਰੀ ਦੁਆਰਾ ਨਿਰਧਾਰਤ ਸਮੇਂ ਦੌਰਾਨ ਪੀ ਵੈਟ ਐਕਟ ਅਤੇ ਨਿਯਮਾਂ ਦੇ ਉਪਬੰਧਾਂ ਅਧੀਨ ਡੀਲਰ ਦੇ ਆਈ ਟੀ ਸੀ ਕਲੇਮ ਨਾ-ਮੰਜ਼ੂਰ ਕਰ ਦੇਣਾ।

## 2.10 ਪੰਜਾਬ ਇੰਨਫਰਾਸਟਰਕਚਰ (ਡਿਵੈਲਪਮੈਂਟ ਅਤੇ ਰੈਗੂਲੇਸ਼ਨ) ਐਕਟ ਅਧੀਨ ਫੀਸ ਨਾ/ਘੱਟ ਲਗਾਉਣਾ

**ਚਾਰ ਏ ਸੀ ਐਸ ਟੀਜ਼ ਅਧੀਨ 36 ਅਸੈਸਮੈਂਟ ਕੇਸਾਂ ਵਿੱਚ ਮਨੋਨੀਤ ਅਧਿਕਾਰੀਆਂ ਨੇ ਪੰਜਾਬ ਇੰਨਫਰਾਸਟਰਕਚਰ (ਡਿਵੈਲਪਮੈਂਟ ਅਤੇ ਰੈਗੂਲੇਸ਼ਨ) ਐਕਟ ਅਧੀਨ ₹ 12.38 ਕਰੋੜ ਦੀ ਫੀਸ ਨਹੀਂ ਲਗਾਈ ਜਾਂ ਘੱਟ ਲਗਾਈ।**

ਪੰਜਾਬ ਇੰਨਫਰਾਸਟਰਕਚਰ (ਡਿਵੈਲਪਮੈਂਟ ਅਤੇ ਰੈਗੂਲੇਸ਼ਨ) ਐਕਟ 2002 (ਪੀ ਆਈ ਡੀ ਆਰ ਐਕਟ) ਦੀ ਧਾਰਾ 25(I) ਐਕਟ ਦੀ ਅਨੁਸੂਚੀ III[16] ਵਿੱਚ ਨਿਰਧਾਰਤ ਵਸਤਾਂ ਦੀ ਵਿੱਕਰੀ ਜਾਂ ਖਰੀਦ ਉੱਤੇ ਫੀਸ ਲਗਾਉਣ ਦੀ ਵਿਵਸਥਾ ਕਰਦੀ ਹੈ। ਐਕਟ ਦੀ ਧਾਰਾ 25(3) ਵਿਵਸਥਾ ਕਰਦੀ ਹੈ ਕਿ ਪੰਜਾਬ ਵੈਲਯੂ ਐਡਡ ਟੈਕਸ ਐਕਟ 2005 (ਪੀ ਵੈਟ ਐਕਟ) ਅਧੀਨ ਟੈਕਸ ਨੂੰ ਅਸੈਸ ਕਰਨ ਅਤੇ ਇੱਕਠਾ ਕਰਨ ਦੇ ਅਧਿਕਾਰ ਪ੍ਰਾਪਤ ਅਧਿਕਾਰੀ ਪੀ ਆਈ ਡੀ ਆਰ ਐਕਟ ਅਧੀਨ ਫੀਸ ਨੂੰ ਵੀ ਅਸੈਸ ਕਰਨਗੇ ਅਤੇ ਇੱਕਠਾ ਕਰਨਗੇ ਅਤੇ ਅਸੈਸਮੈਂਟ ਅਤੇ ਇੱਕਠਾ ਕਰਨ ਨਾਲ ਸਬੰਧਤ ਪੀ ਵੈਟ ਐਕਟ ਦੇ ਉਪਬੰਧ ਲਾਗੂ ਹੋਣਗੇ। ਫੀਸ ਦਾ ਰੇਟ ਖੇਤੀਬਾੜੀ ਉਤਪਾਦਾਂ ਉੱਤੇ ਕਪਾਹ ਨੂੰ ਛੱਡ ਕੇ, ਜਿਸਦੇ ਲਈ ਰੇਟ ਦੋ ਪ੍ਰਤੀਸ਼ਤ ਰਿਹਾ, 24 ਸਤੰਬਰ 2008 ਤੋਂ ਦੋ ਪ੍ਰਤੀਸ਼ਤ ਤੋਂ ਵਧਾ ਕੇ ਤਿੰਨ ਪ੍ਰਤੀਸ਼ਤ ਕੀਤਾ ਗਿਆ ਸੀ। ਅੱਗੇ, ਸਰਕਾਰ ਨੇ ਸਤੰਬਰ ਅਤੇ ਨਵੰਬਰ 2012 ਵਿੱਚ ਅਜਿਹੇ ਝੋਨੇ ਦੀ ਖਰੀਦ ਉੱਤੇ ਫੀਸ ਦੀ ਛੋਟ ਦਿੱਤੀ ਜਿਸ ਵਿੱਚੋ ਚਾਵਲ[17] ਕੱਢ ਕੇ ਨਿਰਯਾਤ ਕੀਤੇ ਜਾਣ ਅਤੇ ਫਰਵਰੀ 2014 ਵਿੱਚ ਕਪਾਹ ਦੇ ਬੀਜ, ਕਪਾਹ[18] (ਜੀਨਡ ਅਤੇ ਅਣ-ਜੀਨਡ) ਦੀ ਖਰੀਦ ਉੱਤੇ ਫੀਸ ਤੋ ਛੋਟ ਦਿੱਤੀ। ਸਰਕਾਰ ਨੇ ਆਦੇਸ਼ ਦਿੱਤਾ (27 ਜੁਲਾਈ 2017) ਕਿ ਪੀ ਆਈ ਡੀ ਆਰ ਅਧੀਨ ਇਕੱਠੀ ਕੀਤੀ ਗਈ ਫੀਸ ਨੂੰ ਰਾਜ ਦੇ ਕਨਸੋਲੀਡੇਟਡ ਫੰਡ ਵਿੱਚ ਜਮ੍ਹਾਂ[19] ਕੀਤਾ ਜਾਵੇਗਾ।

ਸਾਲ 2010-11, 2011-12 ਅਤੇ 2012-13 ਲਈ 36 ਅਸੈਸਮੈਂਟ ਕੇਸਾਂ, ਜੋ 2017-18 ਵਿੱਚ ਅਸੈਸ ਕੀਤੇ ਗਏ, ਦੀ ਪੜਤਾਲ ਨੇ ਖੁਲਾਸਾ ਕੀਤਾ ਕਿ:

ੳ) ਚਾਰ[20] ਏ ਸੀ ਐਸ ਟੀਜ਼ ਅਧੀਨ 27 ਕੇਸਾਂ ਵਿੱਚ ਮਨੋਨੀਤ ਅਧਿਕਾਰੀਆਂ ਨੇ ₹ 525.91 ਕਰੋੜ ਦੀ ਕਪਾਹ ਦੀ ਪਹਿਲੀ ਸਟੇਜ ਦੀ ਖਰੀਦ ਉੱਤੇ ₹ 10.52 ਕਰੋੜ ਦੀ ਫੀਸ ਨਹੀਂ ਲਗਾਈ।

ਅ) ਏ ਸੀ ਐਸ ਟੀ ਫਾਜ਼ਿਲਕਾ ਅਧੀਨ ਨੌਂ ਕੇਸਾਂ ਵਿੱਚ ਮਨੋਨੀਤ ਅਧਿਕਾਰੀਆਂ ਨੇ ₹ 90.76 ਕਰੋੜ ਦੇ ਝੋਨੇ ਦੀ ਪਹਿਲੀ ਸਟੇਜ ਦੀ ਖਰੀਦ ਉੱਤੇ ਇਸ ਝੋਨੇ ਵਿੱਚੋਂ ਕੱਢੇ ਚਾਵਲ ਦੇ ਨਿਰਯਾਤ ਦੇ ਲਾਭ ਦੀ ਇਜਾਜ਼ਤ ਦਿੰਦੇ ਹੋਏ ₹ 0.86 ਕਰੋੜ ਦੀ ਫੀਸ ਲਗਾਈ ਜਦ ਕਿ ਇਨ੍ਹਾਂ ਕੇਸਾਂ ਵਿੱਚ ₹ 2.72 ਕਰੋੜ ਦੀ ਫੀਸ ਲਗਾਈ ਜਾਣੀ ਲੋੜੀਂਦੀ ਸੀ ਕਿਉਂਕਿ 2010-11 ਅਤੇ 2011-12 ਦੌਰਾਨ ਨਿਰਯਾਤ ਦਾ ਲਾਭ ਉਪਲੱਬਧ ਨਹੀਂ ਸੀ। ਇਸਦੇ ਨਤੀਜੇ ਵਜੋਂ ₹ 1.86 ਕਰੋੜ ਦੀ ਫੀਸ ਘੱਟ ਲਗਾਈ ਗਈ।

---

16 ਪੈਟਰੋਲ, ਡੀਜਲ ਅਤੇ ਸਾਰੇ ਖੇਤੀਬਾੜੀ ਉਤਪਾਦ ਜਿਵੇਂ ਪੰਜਾਬ ਐਗਰੀਕਲਚਰਲ ਪ੍ਰੋਡਿਊਸ ਮਾਰਕੀਟ ਐਕਟ 1961 ਵਿੱਚ ਪਰਿਭਾਸ਼ਤ ਹਨ ਫੱਲ, ਸਬਜੀਆਂ ਅਤੇ ਦਾਲਾ ਛੱਡ ਕੇ। ਫੀਸ ਵੇਚਣ ਜਾਂ ਖਰੀਦਣ ਦੇ ਪਹਿਲੇ ਪੜਾਅ ਉੱਤੇ ਲਗਾਈ ਜਾ ਸਕਦੀ ਹੈ, ਜਿਵੇਂ ਕਿ ਪੰਜਾਬ ਰਾਜ ਵਿੱਚ ਹੋਵੇ।

17 ਗੈਰ-ਬਾਸਮਤੀ ਚਾਵਲ ਉੱਤੇ ਫੀਸ ਤੋਂ ਛੋਟ ਦੀ ਧਾਰਾ 25 ਸਤੰਬਰ 2012 ਤੋਂ ਜੋੜੀ ਗਈ ਅਤੇ ਬਾਸਮਤੀ ਚਾਵਲ ਉੱਤੇ ਫੀਸ ਤੋਂ ਛੋਟ ਦੀ ਧਾਰਾ 7 ਨੰਵਬਰ 2012 ਤੋਂ ਜੋੜੀ ਗਈ।

18 ਕਪਾਹ ਦੇ ਬੀਜ ਅਤੇ ਕਪਾਹ ਉੱਤੇ ਫੀਸ ਦੀ ਛੋਟ ਸਬੰਧੀ ਧਾਰਾ 3 ਫਰਵਰੀ 2014 ਤੋਂ ਜੋੜੀ ਗਈ।

19 27 ਜੁਲਾਈ 2017 ਤੋਂ ਪਹਿਲਾਂ, ਫੀਸ ਨੂੰ ਪੀ ਆਈ ਡੀ ਆਰ ਐਕਟ ਅਧੀਨ ਬਣਾਏ ਪੰਜਾਬ ਇੰਨਫਰਾਸਟਰਕਚਰ ਡਿਵੈਲਪਮੈਂਟ ਫੰਡ ਕਹੇ ਜਾਂਦੇ ਇਕ ਡਿਵੈਲਪਮੈਂਟ ਫੰਡ ਵਿੱਚ ਜਮ੍ਹਾਂ ਕੀਤਾ ਜਾਂਦਾ ਸੀ।

20 ਬਠਿੰਡਾ (1), ਫਰੀਦਕੋਟ (1) ਫਾਜ਼ਿਲਕਾ (23) ਅਤੇ ਮੁਕਤਸਰ (2)

ਉਪਰ ਦੱਸੀਆਂ ਗਲਤੀਆਂ ਦੇ ਨਤੀਜੇ ਵਜੋਂ ₹ 12.38 ਕਰੋੜ ਦੀ ਫੀਸ ਨਹੀਂ/ਘੱਟ ਲਗਾਈ ਗਈ।

ਮਾਮਲਾ ਸਰਕਾਰ/ਵਿਭਾਗ ਨੂੰ ਜਨਵਰੀ 2019, ਜੁਲਾਈ 2019 ਅਤੇ ਅਪ੍ਰੈਲ 2020 ਵਿੱਚ ਦੱਸਿਆ ਗਿਆ ਸੀ। ਏ ਸੀ ਐਸ ਟੀ ਬਠਿੰਡਾ ਨੇ ਜਵਾਬ ਦਿੱਤਾ (ਜੁਲਾਈ 2019) ਕਿ ਉਸਨੇ ਆਡਿਟ ਵੱਲੋਂ ਦੱਸਣ ਤੋਂ ਬਾਅਦ ਇਕ ਕੇਸ ਦੁਬਾਰਾ ਅਸੈਸ ਕੀਤਾ ਅਤੇ ₹ 1.24 ਕਰੋੜ ਦੀ ਮੰਗ ਕੀਤੀ। ਏ ਸੀ ਐਸ ਟੀ ਫਾਜ਼ਿਲਕਾ ਨੇ ਜਵਾਬ ਦਿੱਤਾ (ਸਤੰਬਰ 2019) ਕਿ ਉਸਨੇ 12 ਕੇਸ ਦੁਬਾਰਾ ਅਸੈਸ ਕੀਤੇ ਅਤੇ ₹ 2.80 ਕਰੋੜ ਦੀ ਮੰਗ ਕੀਤੀ। 23 ਕੇਸਾਂ ਦੇ ਜਵਾਬ ਦਾ ਇੰਤਜਾਰ (ਦਸੰਬਰ 2020) ਸੀ।

**ਸਿਫਾਰਸ਼ : ਸਰਕਾਰ ਵਿਭਾਗ ਨੂੰ ₹ 12.38 ਕਰੋੜ ਦੀ ਲਾਗੂ ਫੀਸ ਨੂੰ ਪੰਜਾਬ ਇੰਨਫਰਾਸਟਰਕਚਰ (ਡਿਵੈਲਪਮੈਂਟ ਅਤੇ ਰੈਗੂਲੇਸ਼ਨ) ਐਕਟ ਅਧੀਨ ਵਸੂਲਣ ਲਈ ਨਿਰਦੇਸ਼ ਦੇ ਸਕਦੀ ਹੈ।**

# ਅਧਿਆਇ - III

# ਰਾਜ ਆਬਕਾਰੀ

# ਅਧਿਆਇ-III

# ਰਾਜ ਆਬਕਾਰੀ

## 3.1 ਕਰ ਪ੍ਰਬੰਧਨ

ਵਿੱਤੀ ਕਮਿਸ਼ਨਰ ਕਰਬੰਦੀ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ ਆਬਕਾਰੀ ਅਤੇ ਕਰਬੰਦੀ ਵਿਭਾਗ ਦਾ ਕੁੱਲ ਮਿਲਾਕੇ ਇੰਚਾਰਜ ਹੈ। ਪੰਜਾਬ ਆਬਾਕਾਰੀ ਐਕਟ, 1914 ਦਾ ਪ੍ਰਬੰਧਨ ਪਟਿਆਲਾ ਵਿੱਖੇ ਵਧੀਕ ਆਬਕਾਰੀ ਤੇ ਕਰਬੰਦੀ ਕਮਿਸ਼ਨਰ ਅਤੇ ਛੇ ਉਪ ਆਬਕਾਰੀ ਤੇ ਕਰਬੰਦੀ ਕਮਿਸ਼ਨਰਾਂ (ਡੀ ਈ ਟੀ ਸੀਜ਼) ਦੁਆਰਾ ਅੰਮ੍ਰਿਤਸਰ, ਫਰੀਦਕੋਟ, ਫਿਰੋਜ਼ਪੁਰ, ਜਲੰਧਰ, ਲੁਧਿਆਣਾ ਅਤੇ ਪਟਿਆਲਾ ਵਿਖੇ ਚਲਾਇਆ ਜਾਂਦਾ ਹੈ। ਛੱਬੀ ਸਹਾਇਕ ਆਬਕਾਰੀ ਅਤੇ ਕਰਬੰਦੀ ਕਮਿਸ਼ਨਰ (ਏ ਈ ਟੀ ਸੀਜ਼) ਆਬਕਾਰੀ ਤੇ ਕਰਬੰਦੀ ਅਫਸਰਾਂ (ਈ ਟੀ ਓਜ਼) ਅਤੇ ਦੂਸਰੇ ਸਹਾਇਕ ਸਟਾਫ ਦੀ ਸਹਾਇਤਾ ਨਾਲ ਜ਼ਿਲ੍ਹਾ ਪੱਧਰ ਉੱਤੇ ਕੰਮ ਦੀ ਨਿਗਰਾਨੀ ਕਰਦੇ ਹਨ।

## 3.2 ਆਡਿਟ ਦੇ ਨਤੀਜੇ

ਵਿਭਾਗ ਵਿੱਚ 58 ਆਡਿਟਯੋਗ ਇਕਾਈਆਂ ਸਨ ਜਿਨ੍ਹਾਂ ਵਿੱਚ ਏ ਈ ਟੀ ਸੀਜ਼ ਦੇ 26 ਜ਼ਿਲ੍ਹਾ ਦਫਤਰ ਅਤੇ 32 ਡਿਸਟਿਲਰੀਆਂ/ਬਰੂਵੇਰੀਜ਼ ਅਤੇ ਹੋਰ ਇਕਾਈਆਂ ਸ਼ਾਮਲ ਸਨ। ਇਨ੍ਹਾਂ ਵਿੱਚੋਂ, ਆਡਿਟ ਨੇ ਸਾਲ 2018-19 ਦੌਰਾਨ ਨਮੂਨਾ ਜਾਂਚ ਲਈ 42[1] ਇਕਾਈਆਂ ਦੀ ਚੋਣ ਕੀਤੀ। ਜ਼ਿਲ੍ਹਾਂ ਦਫਤਰਾਂ ਅਧੀਨ ਸ਼ਰਾਬ ਦੇ ਠੇਕੇ ਦੇ 210 ਲਾਇਸੈਂਸ ਸਨ, ਜਿਨ੍ਹਾਂ ਲਈ ਲਾਇਸੈਂਸ ਫੀਸ ਪ੍ਰਾਪਤ ਹੋਣ ਨਾਲ ਸਬੰਧਤ ਰਿਕਾਰਡ ਰੱਖੇ ਗਏ ਸਨ। ਰਿਕਾਰਡਾਂ ਦੀ ਨਮੂਨਾ ਜਾਂਚ ਨੇ 185 ਕੇਸਾਂ (2018-19 ਵਿੱਚ ਆਡਿਟ ਕੀਤੇ ਰਾਜ ਆਬਕਾਰੀ ਅਧੀਨ ਸਾਲ 2017-18 ਲਈ ₹ 5,135.68 ਕਰੋੜ ਦੀ ਪ੍ਰਾਪਤੀ ਦਾ 3.99 ਪ੍ਰਤੀਸ਼ਤ) ਵਿੱਚ ₹ 205.14 ਕਰੋੜ ਦੀ ਲਾਇਸੈਂਸ ਫੀਸ ਨਾ/ਘੱਟ ਲਗਾਉਣ ਅਤੇ ਹੋਰ ਅਨਿਯਮਤਾਵਾਂ ਦਾ ਖੁਲਾਸਾ ਕੀਤਾ ਜਿਵੇਂ ਕਿ ਹੇਠਾਂ **ਸਾਰਣੀ 3.1** ਵਿੱਚ ਦੱਸਿਆ ਗਿਆ ਹੈ:

**ਸਾਰਣੀ 3.1: ਆਡਿਟ ਦੇ ਨਤੀਜੇ**

*(₹ ਕਰੋੜ ਵਿੱਚ)*


| ਲੜੀ ਨੰ. | ਸ਼੍ਰੇਣੀਆਂ | ਕੇਸਾਂ ਦੀ ਸੰਖਿਆ | ਰਕਮ |
|---|---|---|---|
| 1. | ਲਾਇਸੈਂਸ ਫੀਸ ਨਾ/ਘੱਟ ਲਗਾਉਣਾ | 94 | 94.23 |
| 2. | ਸਪੈਸ਼ਲ ਡਿਵੈਲਪਮੈਂਟ ਫੀਸ/ਅਸੈਸਡ ਨਾ/ਘੱਟ ਵਸੂਲਣਾ | 19 | 7.22 |
| 3. | ਲੀਕਰ ਦੀ ਬਿਕਰੀ ਅਤੇ ਕਾਓ ਸੈਸ ਨਾ ਲਗਾਉਣਾ | 24 | 97.24 |
| 4. | ਵਿਆਜ਼ ਦੀ ਘੱਟ ਵਸੂਲੀ | 9 | 1.67 |
| 5. | ਹੋਰ ਅਨਿਯਮਤਾਵਾਂ | 39 | 4.78 |
| **ਕੁੱਲ** | | **185** | **205.14** |

ਰਾਜ ਆਬਕਾਰੀ ਅਧੀਨ ਧਿਆਨ ਵਿੱਚ ਆਈਆਂ ਮੱਦ-ਵਾਰ ਆਡਿਟ ਲੱਭਤਾਂ **ਚਾਰਟ 3.1** ਵਿੱਚ ਦਰਸਾਈਆ ਹਨ:

[1] ਏ ਈ ਟੀ ਸੀਜ਼ ਦੇ 26 ਜਿਲ੍ਹਾ ਦਫਤਰ ਅਤੇ 16 ਹੋਰ ਇਕਾਈਆਂ।

**ਚਾਰਟ 3.1**

*(₹ ਕਰੋੜ ਵਿੱਚ)*




2018-19 ਵਿਚ, ਵਿਭਾਗ ਨੇ 34 ਕੇਸਾਂ ਵਿੱਚ ₹ 2.21 ਕਰੋੜ ਸਵੀਕਾਰੇ ਅਤੇ ਵਸੂਲ ਕੀਤੇ ਜੋ ਕਿ ਪਿਛਲੇ ਸਾਲਾਂ ਵਿੱਚ ਦੱਸੇ ਗਏ ਹਨ।

₹ 98.22 ਕਰੋੜ ਦੇ ਵਿੱਤੀ ਪ੍ਰਭਾਵ ਵਾਲੇ ਮਹੱਤਵਪੂਰਨ ਕੇਸਾਂ (ਤਿੰਨ) ਦੇ ਬਾਰੇ ਹੇਠਾਂ ਪੈਰ੍ਹਾ 3.3 ਤੋਂ 3.5 ਵਿੱਚ ਦੱਸਿਆ ਗਿਆ ਹੈ।

## 3.3 ਸਪੈਸ਼ਲ ਡਿਵੈਲਪਮੈਂਟ ਫੀਸ ਦੀ ਘੱਟ ਵਸੂਲੀ

**ਏ ਈ ਟੀ ਸੀ ਗੁਰਦਾਸਪੁਰ ਨੇ ਤਿੰਨ ਪ੍ਰਚੂਨ ਵਿਕਰੇਤਾਵਾਂ ਤੋਂ ਪੰਜਾਬ ਮੀਡੀਅਮ ਲੀਕਰ ਅਤੇ ਬੀਅਰ ਉੱਤੇ ₹ 0.20 ਕਰੋੜ ਦੀ ਸਪੈਸ਼ਲ ਡਿਵੈਲਪਮੈਂਟ ਫੀਸ ਦੀ ਘੱਟ ਵਸੂਲੀ ਕੀਤੀ।**

ਪੰਜਾਬ ਲੀਕਰ ਲਾਇਸੈਂਸ (ਸੋਧ) ਨਿਯਮ 2017 (ਪੀ ਐਲ ਐਲ ਆਰ) ਵਿਵਸਥਾ ਕਰਦੇ ਸਨ ਕਿ ਪ੍ਰਚੂਨ ਵਿਕਰੇਤਾ[2] ਨਿਰਧਾਰਤ ਰੇਟਾਂ[3] ਉੱਤੇ ਨਿਰਧਾਰਤ ਲਾਇਸੈਂਸ ਫੀਸ ਅਤੇ ਹੋਰ ਸਾਰੀਆਂ ਅਦਾਇਗੀਆਂ[4] ਦਾ ਭੁਗਤਾਨ 15 ਮਾਰਚ ਤੱਕ ਕਰਨਗੇ, ਭਾਵੇਂ ਕਿ ਵਿਕੇਰਤਾਵਾਂ ਨੇ ਉਨਾਂ ਨੂੰ ਨਿਰਧਾਰਤ ਕੀਤੀ ਗਈ ਸ਼ਰਾਬ ਦਾ ਸਾਰਾ ਸਲਾਨਾ ਕੋਟਾ ਚੁੱਕ ਲਿਆ ਹੈ ਜਾਂ ਨਹੀਂ।

ਏ ਈ ਟੀ ਸੀ ਗੁਰਦਾਸਪੁਰ ਦੇ ਰਿਕਾਰਡਾਂ ਦੀ ਆਡਿਟ ਜਾਂਚ ਨੇ ਖੁਲਾਸਾ (ਜੁਲਾਈ 2018) ਕੀਤਾ ਕਿ ਤਿੰਨ ਵਿਕਰੇਤਾਵਾਂ ਦੇ ਸਬੰਧ ਵਿੱਚ ਪੰਜਾਬ ਮੇਡ ਲੀਕਰ (ਪੀ ਐਮ ਐਲ) ਅਤੇ ਬੀਅਰ ਦਾ ਸਲਾਨਾ ਕੋਟਾ ਸਾਲ 2017-18 ਲਈ ਕ੍ਰਮਵਾਰ 12,86,063 ਪਰੂਫ ਲੀਟਰ ਅਤੇ 5,42,315 ਬਲਕ ਲੀਟਰ ਅਲਾਟ ਕੀਤਾ ਗਿਆ ਸੀ ਜਿਸ ਉੱਤੇ ਐਸ ਡੀ ਐਫ ₹ 5.68 ਕਰੋੜ ਵਸੂਲਣਯੋਗ

---

[2] ਆਈ ਐਮ ਐਫ ਐਲ, ਆਈ ਐਫ ਐਲ ਅਤੇ ਬੀਅਰ ਸਮੇਤ ਬਾੱਟਲਡ ਇੰਨ ਓਰਿਜਨ (ਬੀ ਆਈ ਓ) ਲਈ ਲਾਇਸੈਂਸ ਐਲ-। ਅਤੇ ਪੀ ਐਮ ਐਲ ਲਈ ਲਾਇਸੈਂਸ ਐਲ-13 ਥੋਕ ਵਿਕਰੇਤਾਵਾਂ ਵਿੱਚ ਸਾਮਿਲ ਸਨ। ਆਈ ਐਮ ਐਫ ਐਲ, ਆਈ ਐਫ ਐਲ ਅਤੇ ਬੀਅਰ ਲਈ ਲਾਇਸੈਂਸ ਐਲ-2 ਅਤੇ ਪੀ ਐਮ ਐਲ ਲਈ ਐਲ-14 ਏ ਪ੍ਰਚੂਨ ਵਿਕਰੇਤਾਵਾਂ ਵਿੱਚ ਸ਼ਾਮਿਲ ਸਨ।

[3] ਸਪੈਸ਼ਲ ਡਿਵੈਲਪਮੈਂਟ ਫੀਸ, ਅਸੈਸਡ ਫੀਸ ਅਤੇ ਵਾਧੂ ਲਾਈਸੈਂਸ ਫੀਸ।

[4] ਐਸ ਡੀ ਐਫ ਪੀ ਐਮ ਐਲ ਲਈ ₹ 40 ਪ੍ਰਤੀ ਪੀ ਐਲ ਅਤੇ ਬੀਅਰ ਲਈ ₹ 10 ਪ੍ਰਤੀ ਬੀ ਐਲ।

ਸੀ ਪਰ ਵਿਭਾਗ ਨੇ ਸਿਰਫ ₹ 5.21 ਕਰੋੜ ਦੀ ਵਸੂਲੀ ਕੀਤੀ ਸੀ। ₹ 0.47 ਕਰੋੜ ਦੀ ਬਾਕੀ ਐਸ ਡੀ ਐਫ ਦੀ ਵਸੂਲੀ ਲਈ ਕਾਰਵਾਈ ਆਰੰਭ ਨਹੀਂ ਕੀਤੀ ਗਈ ਸੀ, ਜਿਸ ਦੇ ਨਤੀਜੇ ਵਜੋਂ ₹ 0.47 ਕਰੋੜ ਦੀ ਐਸ ਡੀ ਐਫ ਦੀ ਘੱਟ ਵਸੂਲੀ ਹੋਈ ।

ਮਾਮਲਾ ਸਰਕਾਰ/ਵਿਭਾਗ (ਫਰਵਰੀ 2019 ਅਤੇ ਅਪ੍ਰੈਲ 2020) ਨੂੰ ਵਿੱਚ ਦੱਸਿਆ ਗਿਆ ਸੀ। ਵਿਭਾਗ ਨੇ ਆਡਿਟ ਇਤਰਾਜ ਨੂੰ ਸਵੀਕਾਰ (ਜੂਨ 2019) ਕਰ ਲਿਆ ਅਤੇ ₹ 0.27 ਕਰੋੜ ਦੀ ਐਸ ਡੀ ਐਫ ਵਸੂਲ ਲਈ। ₹ 0.20 ਕਰੋੜ ਦੀ ਬਕਾਇਆ ਰਿਕਵਰੀ ਅਜੇ ਕੀਤੀ ਜਾਣੀ (ਦਸੰਬਰ 2020) ਸੀ।

**ਸਿਫਾਰਸ਼ : ਸਰਕਾਰ ਵਿਭਾਗ ਨੂੰ ₹ 0.20 ਕਰੋੜ ਦੀ ਬਕਾਇਆ ਐਸ ਡੀ ਐਫ ਨੂੰ ਵਸੂਲਣ ਲਈ ਨਿਰਦੇਸ਼ ਦੇ ਸਕਦੀ ਹੈ।**

## 3.4 ਅਸੈਸਡ ਫੀਸ ਦੀ ਘੱਟ ਵਸੂਲੀ

**ਏ ਈ ਟੀ ਸੀ ਗੁਰਦਾਸਪੁਰ ਛੇ ਪ੍ਰਚੂਨ ਵਿਕਰੇਤਾਵਾਂ ਤੋਂ ਬੀਅਰ ਦੇ 5,05, 861 ਬਲਕ ਲੀਟਰ ਨਾ ਚੁੱਕੇ ਕੋਟੇ ਉਪਰ ₹ 0.78 ਕਰੋੜ ਦੀ ਅਸੈਸਡ ਫੀਸ ਦੀ ਵਸੂਲੀ ਕਰਨ ਵਿੱਚ ਅਸਫਲ ਰਿਹਾ**

ਪੰਜਾਬ ਲੀਕਰ ਲਾਇਸੈਂਸ (ਸੋਧ) ਨਿਯਮ 2017 (ਪੀ ਐਲ ਐਲ ਆਰ) ਫਿਕਸਡ ਲਾਇਸੈਂਸ ਫੀਸ, ਸਪੈਸ਼ਲ ਡਿਵੈਲਪਮੈਂਟ ਫੀਸ ਅਤੇ ਅਸੈਸਡ ਫੀਸ ਦੇ ਰੂਪ ਵਿੱਚ ਬੀਅਰ ਉਪਰ ਆਬਕਾਰੀ ਡਿਊਟੀ ਲਗਾਉਂਦੇ ਹਨ। ਫਿਕਸਡ ਲਾਇਸੈਂਸ ਫੀਸ ਅਤੇ ਸਪੈਸ਼ਲ ਡਿਵੈਲਪਮੈਂਟ ਫੀਸ ਪ੍ਰਚੂਨ ਵਿਕਰੇਤਾਵਾਂ[5] ਉਪਰ ਲਗਾਈ ਗਈ ਸੀ ਜਦੋਂ ਕਿ ਅਸੈਸਡ ਫੀਸ ਥੋਕ ਵਿਕਰੇਤਾਵਾਂ ਉੱਪਰ ਲਗਾਈ ਗਈ ਸੀ। ਹਰੇਕ ਪ੍ਰਚੂਨ ਵਿਕਰੇਤਾ ਨੂੰ ਬੀਅਰ ਦਾ ਨਿਸ਼ਚਤ ਕੋਟਾ ਅਲਾਟ ਕੀਤਾ ਗਿਆ ਸੀ ਜਿਸ ਉੱਤੇ ਵਿਕਰੇਤਾ ਨੂੰ ਫਿਕਸਡ ਲਾਇਸੈਂਸ ਫੀਸ ਅਤੇ ਸਪੈਸ਼ਲ ਡਿਵੈਲਪਮੈਂਟ ਫੀਸ ਅਦਾ ਕਰਨੀ ਲੋੜੀਂਦੀ ਸੀ ਚਾਹੇ ਵਿਕਰੇਤਾ ਨੇ ਥੋਕ ਵਿਕਰੇਤਾ ਤੋਂ ਸਾਰਾ ਕੋਟਾ ਚੁੱਕ ਲਿਆ ਹੋਵੇ ਜਾ ਨਹੀਂ। ਅੱਗੇ, ਪੀ ਐਲ ਐਲ ਆਰ ਦੇ ਨਿਯਮ 25(3) ਅਨੁਸਾਰ ਥੋਕ ਵਿਕਰੇਤਾ ਤੋਂ ਬੀਅਰ ਦਾ ਕੋਟਾ ਨਾ ਚੁੱਕਣ ਦੀ ਸਥਿਤੀ ਵਿੱਚ, ਪ੍ਰਚੂਨ ਵਿਕਰਤਾ ਬੀਅਰ ਦੇ ਨਾ ਚੁੱਕੇ ਕੋਟੇ ਉੱਤੇ ਨਿਰਧਾਰਤ ਰੇਟਾਂ[6] ਦੇ ਸਭ ਤੋਂ ਘੱਟ ਰੇਟ ਤੇ ਅਸੈਸਡ ਫੀਸ ਅਦਾ ਕਰਨ ਲਈ ਜ਼ਿੰਮੇਵਾਰ ਸੀ।

ਏ ਈ ਟੀ ਸੀ ਗੁਰਦਾਸਪੁਰ ਦੇ ਰਿਕਾਰਡਾਂ ਦੀ ਆਡਿਟ ਜਾਂਚ ਨੇ ਖੁਲਾਸਾ (ਜੁਲਾਈ 2018) ਕੀਤਾ ਕਿ ਛੇ ਪ੍ਰਚੂਨ ਵਿਕਰੇਤਾਵਾਂ ਨੂੰ ਸਾਲ 2017-18 ਲਈ ਬੀਅਰ ਦਾ 11,13,123 ਬਲਕ ਲੀਟਰ ਸਲਾਨਾ ਕੋਟਾ ਅਲਾਟ ਕੀਤਾ ਗਿਆ ਸੀ, ਪਰ ਇਨ੍ਹਾਂ ਵਿਕਰੇਤਾਵਾਂ ਨੇ ਬੀਅਰ ਦਾ ਸਿਰਫ 6,07,262 ਬੀ ਐਲ ਕੋਟਾ ਹੀ ਚੁੱਕਿਆ। ਇਸ ਤਰ੍ਹਾਂ, ਬੀਅਰ ਦਾ 5,05,861 ਬਲਕ ਲੀਟਰ ਅਣ-ਚੁੱਕਿਆ ਰਿਹਾ ਜਿਸ ਉੱਤੇ ਵਿਭਾਗ ਲਈ ਪ੍ਰਚੂਨ ਵਿਕਰੇਤਾਵਾਂ ਤੋਂ ₹ 1.77 ਕਰੋੜ[7] ਦੀ

---

5 ਆਈ ਐਮ ਐਫ ਐਲ, ਆਈ ਐਫ ਐਲ ਅਤੇ ਬੀਅਰ ਸਮੇਤ ਬਾੱਟਲਡ ਇੱਨ ਓਰਿਜਨ (ਬੀ ਆਈ ਓ) ਲਈ ਲਾਇਸੈਂਸ ਐਲ-। ਅਤੇ ਪੀ ਐਮ ਐਲ ਲਈ ਲਾਇਸੈਂਸ ਐਲ-13 ਥੋਕ ਵਿਕਰੇਤਾਵਾਂ ਵਿੱਚ ਸਾਮਿਲ ਸਨ। ਆਈ ਐਮ ਐਫ ਐਲ, ਆਈ ਐਫ ਐਲ ਅਤੇ ਬੀਅਰ ਲਈ ਲਾਇਸੈਂਸ ਐਲ-2 ਅਤੇ ਪੀ ਐਮ ਐਲ ਲਈ ਐਲ-14 ਏ ਪ੍ਰਚੂਨ ਵਿਕਰੇਤਾਵਾਂ ਵਿੱਚ ਸ਼ਾਮਿਲ ਸਨ।

6 2017-18 ਦੌਰਾਨ ਬੀਅਰ ਦਾ ਪ੍ਰਤੀ ਬਲਕ ਲੀਟਰ ਅਸੈਸਡ ਫੀਸ ਦਾ ਰੇਟ:

| ਬੀਅਰ ਦੀ ਕਿਸਮ | ਲਾਈਟ | ਸਟ੍ਰਾਂਗ | ਕੈਨਡ ਲਾਈਟ | ਕੈਨਡ ਸਟ੍ਰਾਂਗ |
|---|---|---|---|---|
| ਇੰਡੀਅਨ ਮੇਡ ਬੀਅਰ | 35 | 42 | 35 | 42 |
| ਇੰਮਪੋਰਟਡ ਬੀਅਰ | 35 | 42 | - | - |

7 5,05,861 x ₹ 35 (ਬੀਅਰ ਉੱਤੇ ਅਸੈਸਡ ਫੀਸ ਦਾ ਸਭ ਤੋਂ ਘੱਟ ਰੇਟ) = ₹ 1,77,05, 135

ਅਸੈਸਡ ਫੀਸ ਵਸੂਲ ਕਰਨੀ ਲੋੜੀਂਦੀ ਸੀ। ਹਾਲਾਂਕਿ, ਵਸੂਲੀ ਨਹੀ ਕੀਤੀ ਗਈ ਜਿਸਦੇ ਨਤੀਜੇ ਵਜੋਂ ₹ 1.77 ਕਰੋੜ ਦੀ ਅਸੈਸਡ ਫੀਸ ਦੀ ਘੱਟ ਵਸੂਲੀ ਹੋਈ।

ਏ ਈ ਟੀ ਸੀ ਗੁਰਦਾਸਪੁਰ ਨੇ ਰਿਕਾਰਡਾਂ ਨੂੰ ਮਿਲਾਉਣ ਤੋਂ ਬਾਅਦ ਡਿਫਾਲਟ ਪ੍ਰਚੂਨ ਵਿਕਰੇਤਾਵਾਂ ਨੂੰ ₹ 1.85 ਕਰੋੜਦੀ ਵਸੂਲੀ ਦੇ ਨੋਟਿਸ ਜਾਰੀ ਕੀਤੇ (ਅਗਸਤ ਅਤੇ ਦਸੰਬਰ 2018 ਵਿਚਕਾਰ)। ਏ ਈ ਟੀ ਸੀ ਗੁਰਦਾਸਪੁਰ ਨੇ ਸੂਚਿਤ (ਜਨਵਰੀ 2020) ਕਿ ₹ 1.07 ਕਰੋੜ ਦੀ ਰਿਕਵਰੀ ਕੀਤੀ ਜਾ ਚੁੱਕੀ ਸੀ। ₹ 0.78 ਕਰੋੜ ਦੀ ਬਕਾਇਆ ਰਿਕਵਰੀ ਅਜੇ ਕਰਨੀ (ਨਵੰਬਰ 2020) ਸੀ।

ਮਾਮਲਾ ਸਰਕਾਰ/ਵਿਭਾਗ (ਫਰਵਰੀ 2019 ਅਤੇ ਅਪ੍ਰੈਲ 2020) ਨੂੰ ਦੱਸਿਆ ਗਿਆ ਸੀ; ਉਨ੍ਹਾਂ ਦੇ ਜਵਾਬਾਂ ਦਾ ਇੰਤਜ਼ਾਰ (ਦਸੰਬਰ 2020) ਸੀ।

**ਸਿਫਾਰਸ਼ : ਸਰਕਾਰ ਵਿਭਾਗ ਨੂੰ ₹ 0.78 ਕਰੋੜ ਦੀ ਬਕਾਇਆ ਘੱਟ ਵਸੂਲੀ ਅਸੈਸਡ ਫੀਸ ਨੂੰ ਵਸੂਲਣ ਲਈ ਨਿਰਦੇਸ਼ ਦੇ ਸਕਦੀ ਹੈ।**

## 3.5 ਸ਼ਰਾਬ ਦੀ ਵਿੱਕਰੀ ਉੱਤੇ ਕਾਓ ਸੈੱਸ ਨਾ ਵਸੂਲਣਾ

**ਚੌਵੀ ਏ ਈ ਟੀ ਸੀਜ਼ ਨੇ ਆਪਣੇ ਅਧਿਕਾਰ ਅਧੀਨ ਆਉਂਦੇ ਮਿਊਂਨਸਪਲ ਖੇਤਰਾਂ ਵਿੱਚ ਸ਼ਰਾਬ ਦੀ ਵਿੱਕਰੀ ਉੱਤੇ ਕਾਊ ਸੈੱਸ ਲਈ ਕੁਲੈਕਸ਼ਨ ਅਥਾਰਟੀ ਵਜੋਂ ਨਾਮਜ਼ਦ ਕਰਦੀ ਸਥਾਨਕ ਸਰਕਾਰ ਵਿਭਾਗ ਦੁਆਰਾ ਜ਼ਾਰੀ ਇੱਕ ਨੋਟੀਫਿਕੇਸ਼ਨ ਦਾ ਆਬਕਾਰੀ ਨੀਤੀ ਵਿੱਚ ਸ਼ਾਮਲ ਨਾ ਹੋਣ ਕਰਕੇ ਧਿਆਨ ਨਹੀਂ ਲਿਆ। ਸਿੱਟੇ ਵਜੋਂ, ਇਸ ਕਰਕੇ ₹ 97.24 ਕਰੋੜ ਵਸੂਲੇ ਨਹੀਂ ਗਏ।**

ਸਥਾਨਕ ਸਰਕਾਰ ਵਿਭਾਗ, ਪੰਜਾਬ ਨੇ 24[8] ਏ ਈ ਟੀ ਸੀਜ਼ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਮਿਊਂਨਸਪਲ ਖੇਤਰਾਂ ਵਿੱਚ ਇੰਡੀਅਨ ਮੇਡ ਫਾਰਨ ਲੀਕਰ, ਦੇਸੀ ਸ਼ਰਾਬ ਅਤੇ ਬੀਅਰ ਦੀ ਵਿੱਕਰੀ ਉੱਤੇ ਕਾਓ ਸੈੱਸ ਲਗਾਇਆ (ਜੂਨ 2015 ਅਤੇ ਜਨਵਰੀ 2018 ਵਿਚਕਾਰ)। ਏ ਈ ਟੀ ਸੀਜ਼ ਨੂੰ ਕਾਓ ਸੈੱਸ ਲਈ ਸਬੰਧਤ ਅਧਿਕਾਰ ਖੇਤਰਾਂ ਵਾਸਤੇ ਵਸੂਲੀ ਅਧਿਕਾਰੀ ਐਲਾਨਿਆ ਗਿਆ ਸੀ।

ਏ ਈ ਟੀ ਸੀ ਮੋਗਾ ਦੇ ਰਿਕਾਰਡਾਂ ਦੀ ਪੜਤਾਲ ਅਤੇ 23 ਏ ਈ ਟੀ ਸੀਜ਼ ਤੋਂ ਇੱਕਠੀ ਕੀਤੀ ਜਾਣਕਾਰੀ ਨੇ ਖੁਲਾਸਾ ਕੀਤਾ ਕਿ ਭਾਵੇਂ ਕਾਓ ਸੈੱਸ ਲਗਾਉਣ ਲਈ ਨੋਟੀਫਿਕੇਸ਼ਨਾਂ ਜੂਨ 2015 (2015-16) ਅਤੇ ਜਨਵਰੀ 2018 (2017-18) ਵਿੱਚਕਾਰ ਜਾਰੀ ਕੀਤੀਆਂ ਗਈਆਂ ਸਨ, ਪਰ ਵਿਭਾਗ ਨੇ ਨੋਟੀਫਿਕੇਸ਼ਨ ਜਾਰੀ ਹੋਣ ਦੀ ਮਿਤੀ ਤੋਂ ਲੈ ਕੇ 31 ਮਾਰਚ 2018 ਤੱਕ ਇੰਡੀਅਨ ਮੇਡ ਫਾਰਨ ਲੀਕਰ, ਪੰਜਾਬ ਮੀਡੀਅਮ ਲੀਕਰ (ਦੇਸੀ ਸ਼ਰਾਬ) ਅਤੇ ਬੀਅਰ ਉੱਤੇ ₹ 97.24 ਕਰੋੜ ਦੇ ਕਾਓ ਸੈੱਸ ਨੂੰ ਇਕੱਠਾ ਨਹੀਂ ਕੀਤਾ। ਵਿਭਾਗ ਨੇ ਲੀਕਰ (ਪੀ ਐਸ ਐਲ, ਆਈ ਐਮ ਐਫ ਐਲ ਅਤੇ ਬੀਅਰ) ਉੱਤੇ ਕਾਓ ਸੈੱਸ ਇਕੱਠਾ ਕਰਨ ਲਈ ਵਿਵਸਥਾ ਨੂੰ ਸਾਲ 2018-19 ਲਈ ਆਬਕਾਰੀ ਨੀਤੀ ਵਿੱਚ ਸ਼ਾਮਿਲ ਕੀਤਾ ਅਤੇ 01 ਅਪ੍ਰੈਲ 2018 ਤੋਂ ਅੱਗੇ ਕਾਓ ਸੈੱਸ ਇਕੱਠਾ ਕਰਨਾ ਸ਼ੁਰੂ ਕੀਤਾ। ਆਬਕਾਰੀ ਨੀਤੀ ਵਿੱਚ ਕਾਓ ਸੈੱਸ ਨੂੰ ਇਕੱਠਾ ਕਰਨ ਦੀ ਵਿਵਸਥਾ ਸ਼ਾਮਿਲ ਕਰਨ ਦੀ ਦੇਰੀ ਦੇ ਨਤੀਜੇ ਵਜੋਂ ਲੀਕਰ ਉੱਤੇ ₹ 97.24 ਕਰੋੜ ਦੇ ਕਾਓ ਸੈੱਸ ਦੀ ਵਸੂਲੀ ਨਹੀ ਹੋਈ।

ਏ ਈ ਟੀ ਸੀ ਮੋਗਾ ਅਤੇ ਮਾਨਸਾ ਨੇ ਜਵਾਬ (ਮਈ 2018 ਅਤੇ ਜੁਲਾਈ 2019) ਦਿੱਤਾ ਕਿ ਆਬਕਾਰੀ ਨੀਤੀ ਵਿੱਚ ਕਾਓ ਸੈੱਸ ਦੀ ਕੋਈ ਵਿਵਸਥਾ ਨਹੀਂ ਸੀ। ਇਸ ਲਈ, ਕਾਓ ਸੈੱਸ ਇੱਕਠਾ

[8] ਅੰਮ੍ਰਿਤਸਰ-I, ਅੰਮ੍ਰਿਤਸਰ-II, ਬਰਨਾਲਾ, ਬਠਿੰਡਾ, ਫਰੀਦਕੋਟ, ਫਤਿਹਗੜ੍ਹ ਸਾਹਿਬ, ਫਾਜ਼ਿਲਕਾ, ਫਿਰੋਜ਼ਪੁਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ-I, ਜਲੰਧਰ-II, ਕਪੂਰਥਲਾ, ਲੁਧਿਆਣਾ-I, ਲੁਧਿਆਣਾ-II, ਮਾਨਸਾ, ਮੋਗਾ, ਪਠਾਨਕੋਟ, ਪਟਿਆਲਾ, ਸੰਗਰੂਰ, ਐਸ ਏ ਐਸ ਨਗਰ, ਐਸ ਬੀ ਐਸ ਨਗਰ ਅਤੇ ਤਰਨ ਤਾਰਨ

ਨਹੀਂ ਕੀਤਾ ਗਿਆ ਕਿਉਂਕਿ ਸ਼ਰਾਬ ਉੱਤੇ ਸਾਰੀਆਂ ਅਦਾਇਗੀਆਂ ਸਿਰਫ ਆਬਕਾਰੀ ਨੀਤੀ ਅਨੁਸਾਰ ਹੀ ਇਕੱਠੀਆਂ ਕੀਤੀਆਂ ਜਾਣੀਆਂ ਸਨ। ਜਵਾਬ ਮੰਨਣਯੋਗ ਨਹੀਂ ਸੀ ਕਿਉਂਕਿ ਕਾਓ ਸੈੱਸ ਸਰਕਾਰ ਦੁਆਰਾ ਇੱਕ ਨੋਟੀਫਿਕੇਸ਼ਨ ਰਾਹੀਂ ਲਗਾਇਆ ਗਿਆ ਸੀ। ਇੱਕ ਵਾਰ ਏ ਈ ਟੀ ਸੀ ਨੂੰ ਕੁਲੈਕਸ਼ਨ ਅਥਾਰਟੀ ਐਲਾਨਦਿਆਂ ਕਾਊ ਸੈੱਸ ਲਗਾਉਣ ਦੀ ਨੋਟੀਫਿਕੇਸ਼ਨ ਜਾਰੀ ਹੋਣ ਉੱਤੇ, ਕਾਓ ਸੈੱਸ ਨੂੰ ਇਕੱਠਾ ਕਰਨਾ ਨੋਟੀਫਿਕੇਸ਼ਨ ਰੱਦ ਹੋਣ ਤੱਕ ਵਸੂਲੀ ਅਧਿਕਾਰੀਆਂ ਦੀ ਜ਼ਿੰਮੇਵਾਰੀ ਸੀ। ਅੱਗੇ, ਵਿਭਾਗ ਨੂੰ ਕਾਓ ਸੈੱਸ ਲਗਾਉਣ ਦੀਆਂ ਨੋਟੀਫਿਕੇਸ਼ਨਾਂ ਦੀ ਇਕਸਰਤਾ ਵਿੱਚ 2015-16 ਅਤੇ 2016-17 ਦੌਰਾਨ ਆਬਕਾਰੀ ਨੀਤੀਆਂ ਵਿੱਚ ਕਾਓ ਸੈੱਸ ਇੱਕਠਾ ਕਰਨ ਦੀ ਵਿਵਸਥਾ ਕਰਨੀ ਚਾਹੀਦੀ ਸੀ।

ਮਾਮਲਾ ਸਰਕਾਰ/ਵਿਭਾਗ ਦੇ ਧਿਆਨ ਵਿੱਚ ਲਿਆਂਦਾ ਗਿਆ (ਦਸੰਬਰ 2018, ਫਰਵਰੀ 2019, ਮਾਰਚ 2020 ਅਤੇ ਅਪ੍ਰੈਲ 2020); ਉਨ੍ਹਾਂ ਦੇ ਜਵਾਬਾਂ ਦਾ ਇੰਤਜ਼ਾਰ (ਦਸੰਬਰ 2020) ਸੀ।

**ਸਿਫਾਰਸ਼ : ਸਰਕਾਰ ਵਿਭਾਗ ਨੂੰ ₹ 97.24 ਕਰੋੜ ਰੁਪਏ ਦੇ ਕਾਓ ਸੈੱਸ ਦੀ ਵਸੂਲੀ ਦੀ ਸੰਭਾਵਨਾ ਦੀ ਪੜਚੋਲ ਕਰਨ ਲਈ ਨਿਰਦੇਸ਼ ਦੇ ਸਕਦੀ ਹੈ ।**

# ਆਧਿਆਇ - IV

# ਅਸ਼ਟਾਮ ਡਿਊਟੀ

# ਆਧਿਆਇ-IV

# ਅਸ਼ਟਾਮ ਡਿਊਟੀ

## 4.1 ਕਰ ਪ੍ਰਬੰਧਨ

ਰਾਜ ਸਰਕਾਰ ਵਲੋਂ ਵਿਲੇਖਾਂ ਦੀ ਰਜਿਸਟਰੇਸ਼ਨ ਦਾ ਸਮੁੱਚਾ ਕੰਟਰੋਲ ਇੰਸਪੈਕਟਰ ਜਨਰਲ ਆਫ ਰਜਿਸਟਰੇਸ਼ਨ ਦੁਆਰਾ ਕੀਤਾ ਜਾਂਦਾ ਹੈ, ਜਿਸ ਦੀ ਸਹਾਇਤਾ ਡਿਪਟੀ ਕਮਿਸ਼ਨਰਾਂ (ਕੁਲੈੱਕਟਰਾਂ), ਤਹਿਸੀਲਦਾਰਾਂ ਅਤੇ ਨਾਇਬ ਤਹਿਸਲੀਦਾਰਾਂ ਵਲੋਂ ਕ੍ਰਮਵਾਰ ਰਜਿਸਟਰਾਰਾਂ, ਸਬ-ਰਜਿਸਟਰਾਰਾਂ (ਐਸ ਆਰਜ਼) ਅਤੇ ਜ਼ੁਆਇੰਟ ਸਬ-ਰਜਿਸਟਰਾਰਾਂ (ਜੇ ਐਸ ਆਰਜ਼) ਦੇ ਤੌਰ ਤੇ ਕਾਰਜ ਕਰਦੇ ਹੋਏ ਕੀਤੀ ਜਾਂਦੀ ਹੈ। ਰਜਿਸਟਰਾਰ ਜ਼ਿਲ੍ਹੇ  ਦੇ ਐਸ ਆਰਜ਼ ਅਤੇ ਜੇ ਐਸ ਆਰਜ਼ ਦੀ ਸਮੁੱਚੀ ਨਿਗਰਾਨੀ ਅਤੇ ਕੰਟਰੋਲ ਕਰਦਾ ਹੈ। ਅਸ਼ਟਾਮ  ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਲਗਾਉਣ ਅਤੇ ਉਗਰਾਹੀ ਕਰਨ ਦੇ ਮੰਤਵ ਨਾਲ ਰਾਜ ਨੂੰ ਪੰਜ ਮੰਡਲਾਂ ਅਤੇ 22 ਜ਼ਿਲ੍ਹਿਆਂ ਵਿੰਚ ਵੰਡਿਆ ਹੋਇਆ ਹੈ।

ਸੇਲ ਡੀਡ ਵਿੱਚ ਦੱਸੀ ਗਈ ਜਾਇਦਾਦ ਦੀ ਕੀਮਤ ਜਾਂ ਕੁਲੈੱਕਟਰ ਦੁਆਰਾ ਨਿਰਧਾਰਤ ਕੀਤਾ ਗਿਆ ਘੱਟੋ-ਘੱਟ ਮਾਰਕਿਟ ਰੇਟ, ਜੋ ਵੀ ਉਚੇਰਾ ਹੋਵੇ, ਜਾਇਦਾਦਾਂ ਦੀ ਬਦਲੀ ਉੱਤੇ ਡਿਊਟੀ ਅਤੇ ਫੀਸ ਲਗਾਉਣ ਲਈ ਵਿਚਾਰਿਆ ਜਾਂਦਾ ਹੈ। ਇੱਕ ਵਿਲੇਖ ਨੂੰ ਬਣਾਉਣ ਸਮੇਂ ਹੇਠ ਲਿਖੇ ਕਰ/ਫੀਸ/ਸੈੱਸ ਲੱਗਣਯੋਗ ਹਨ:

- ਅਸ਼ਟਾਮ ਡਿਊਟੀ ਪੰਜ ਪ੍ਰਤੀਸ਼ਤ ਦੀ ਦਰ ਨਾਲ;
- ਨਗਰ ਪਾਲਕਾ/ਨਿਗਮ ਦੀ ਹਦੂਦ ਜਾਂ ਨਗਰ ਪਾਲਕਾ/ਨਿਗਮ ਦੀ ਬਾਹਰੀ ਹੱਦ ਤੋਂ ਪੰਜ ਕਿਲੋਮੀਟਰ ਦੇ ਦਾਇਰੇ ਅੰਦਰ ਸਥਿੱਤ ਜਾਇਦਾਦਾਂ ਦੀ ਬਦਲੀ ਉੱਤੇ ਤਿੰਨ ਪ੍ਰਤੀਸ਼ਤ ਦੀ ਦਰ ਨਾਲ ਸਮਾਜਿਕ ਸੁਰੱਖਿਆ ਫੰਡ (ਐਸ ਐਸ ਐਫ) ਲਈ ਵਾਧੂ ਅਸ਼ਟਾਮ ਡਿਊਟੀ;
- ਸਮਾਜਿਕ ਢਾਂਚਾ ਸੈੱਸ (ਐਸ ਆਈ ਸੀ) ਇੱਕ ਪ੍ਰਤੀਸ਼ਤ ਦੀ ਦਰ ਨਾਲ ;
- ਰਜਿਸਟ੍ਰੇਸ਼ਨ ਫੀਸ (ਆਰ ਐਫ) ਇੱਕ ਪ੍ਰਤੀਸ਼ਤ ਦੀ ਦਰ ਨਾਲ ਵੱਧ ਤੋਂ ਵੱਧ 2 ਲੱਖ ਤੱਕ ਅਤੇ;
- ਇਨੰਫਰਾਸਟਰਕਚਰ ਵਿਕਾਸ ਫੀਸ (ਆਈ ਡੀ ਐਫ) ਇੱਕ ਪ੍ਰਤੀਸ਼ਤ ਦੀ ਦਰ ਨਾਲ।

## 4.2 ਆਡਿਟ ਦੇ ਨਤੀਜੇ

ਵਿਭਾਗ ਵਿੱਚ 178 ਆਡਿਟਯੋਗ ਇਕਾਈਆਂ ਵਿਚੋਂ ਆਡਿਟ ਨੇ ਸਾਲ 2018-19 ਦੌਰਾਨ 114 ਇਕਾਈਆਂ ਦੀ ਨਮੂਨਾ ਜਾਂਚ ਕੀਤੀ। ਇਨ੍ਹਾਂ ਇਕਾਈਆਂ ਵਿੱਚ ਰਜਿਸਟਰ ਹੋਏ ਕੁੱਲ 3,62,486 ਵਿਲੇਖਾਂ ਵਿਚੋਂ 26,450 ਦੀ ਨਮੂਨਾ ਜਾਂਚ ਨੇ 1,665 ਕੇਸਾਂ ਵਿੱਚ ₹ 24.51 ਕਰੋੜ ਦੀ ਅਸ਼ਟਾਮ ਡਿਊਟੀ ਨਾ/ਘੱਟ ਲਗਾਉਣ ਅਤੇ ਹੋਰ ਅਨਿਯਮਤਾਵਾਂ ਦਾ ਖੁਲਾਸਾ ਕੀਤਾ। "ਲੀਜ਼ ਡੀਡਜ਼ ਉੱਤੇ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਨੂੰ ਲਗਾਉਣ ਅਤੇ ਇਕੱਠਾ ਕਰਨ" ਦਾ ਆਡਿਟ ਵੀ ਕੀਤਾ ਗਿਆ ਜਿਸ ਨਾਲ 1,964 ਕੇਸਾਂ ਵਿੱਚ ₹ 59.83 ਕਰੋੜ ਦੀਆਂ ਅਨਿਯਮਤਾਵਾਂ ਸਾਹਮਣੇ ਆਈਆਂ। 3,629 ਕੇਸਾਂ ਵਿੱਚ ਸ਼ਾਮਲ ₹ 84.34 ਕਰੋੜ (2018-19 ਵਿੱਚ ਆਡਿਟ ਕੀਤੀ 2017-18 ਦੇ ਸਾਲ ਲਈ ₹ 2,135.13 ਕਰੋੜ ਦੀ ਅਸ਼ਟਾਮ ਡਿਊਟੀ ਦੀ ਪ੍ਰਾਪਤੀ ਦਾ 3.95 ਪ੍ਰਤੀਸ਼ਤ) ਦੇ ਆਡਿਟ ਦੇ ਨਤੀਜੇ ਹੇਠਾਂ **ਸਾਰਣੀ** 4.1 ਵਿੱਚ ਦਿੱਤੇ ਗਏ ਹਨ:


**ਸਾਰਣੀ 4.1**

| ਲੜੀ ਨੰ. | ਸ਼੍ਰੇਣੀਆਂ | ਕੇਸਾਂ ਦੀ ਸੰਖਿਆ | ਰਕਮ (₹ ਕਰੋੜ ਵਿੱਚ) |
|---|---|---|---|
| 1. | ਜਾਇਦਾਦਾਂ ਦੇ ਗਲਤ ਵਰਗੀਕਰਣ/ਘੱਟ ਮੁੱਲ ਲਗਾਉਣ ਕਾਰਨ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਨਾ/ਘੱਟ ਲਗਾਉਣਾ | 633 | 12.92 |
| 2. | ਪਾਵਰ ਆਫ ਅਟਾਰਨੀ/ਮਾਰਟਰਗੇਜ਼ ਡੀਡਜ਼ ਉਤੇ ਅਸ਼ਟਾਮ ਡਿਊਟੀ ਨਾ ਲਗਾਉਣਾ | 52 | 0.47 |
| 3. | ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਦੀ ਅਨਿਯਮਤ ਛੂਟ | 255 | 9.16 |
| 4. | ਸਮਾਜਿਕ ਢਾਂਚਾ ਸੈੱਸ (ਐਸ ਆਈ ਸੀ)/ਸਮਾਜਿਕ ਸੁਰੱਖਿਆ ਫੰਡ (ਐਸ ਐਸ ਐਫ) ਨਾ ਲਗਾਉਣਾ | 275 | 0.24 |
| 5. | ਹੋਰ ਅਨਿਯਮਤਾਵਾਂ | 450 | 1.72 |
| 6. | *ਲੀਜ਼ ਡੀਡਜ਼ ਉੱਤੇ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਲਗਾਉਣਾ ਅਤੇ ਇਕੱਠਾ ਕਰਨਾ* | 1,964 | 59.83 |
| **ਕੁੱਲ** | | **3,629** | **84.34** |

ਅਸ਼ਟਾਮ ਡਿਊਟੀ ਅਧੀਨ ਆਡਿਟ ਵਿੱਚ ਧਿਆਨ ਵਿੱਚ ਆਈਆਂ ਸ਼੍ਰੇਣੀ-ਵਾਰ ਆਡਿਟ ਲੱਭਤਾਂ ਚਾਰਟ 4.1 ਵਿੱਚ ਦਰਸਾਈਆਂ ਗਈਆਂ ਹਨ:

**ਚਾਰਟ 4.1**

*(₹ ਕਰੋੜ ਵਿੱਚ)*




ਆਡਿਟ ਨੇ ਪਿਛਲੇ ਸਾਲਾਂ ਵਿੱਚ ਵੀ ਇਸੇ ਤਰ੍ਹਾਂ ਦੀਆਂ ਖਾਮੀਆਂ ਦੱਸੀਆਂ ਸਨ ਅਤੇ ਇਹ ਅਨਿਯਮਤਾਵਾਂ 2018-19 ਦੋਰਾਨ ਦੁਬਾਰਾ ਧਿਆਨ ਵਿੱਚ ਆਈਆਂ। 2018-19 ਦੌਰਾਨ, ਵਿਭਾਗ ਨੇ 2,483 ਕੇਸਾਂ ਵਿੱਚ ₹ 8.05 ਕਰੋੜ ਦੀ ਵਸੂਲੀ ਕੀਤੀ ਜਿਸ ਵਿਚੋਂ ₹ 0.06 ਲੱਖ ਦੇ ਦੋ ਕੇਸ 2018-19 ਦੌਰਾਨ ਅਤੇ ਬਾਕੀ ਪਿਛਲੇ ਸਾਲਾਂ ਵਿੱਚ ਦੱਸੇ ਗਏ ਸਨ।

₹ 63.35 ਕਰੋੜ ਦੇ ਵਿੱਤੀ ਪ੍ਰਭਾਵ ਵਾਲੇ ਮਹੱਤਵਪੂਰਨ ਕੇਸਾਂ (ਪੰਜ) ਨੂੰ ਹੇਠਾਂ ਪੈਰ੍ਹਾ 4.3 ਤੋਂ 4.7 ਵਿੱਚ ਦੱਸਿਆ ਗਿਆ ਹੈ।

## 4.3 ਪਾਵਰ ਆੱਫ ਅਟਾਰਨੀ ਉੱਤੇ ਅਸ਼ਟਾਮ ਡਿਊਟੀ ਘੱਟ ਲਗਾਉਣਾ

**ਜੇ ਐਸ ਆਰ ਜ਼ੀਰਕਪੁਰ ਨੇ ਪਰਿਵਾਰਕ ਮੈਂਬਰ ਤੋਂ ਇਲਾਵਾ ਵਿਅਕਤੀ ਨੂੰ ਅੱਚਲ ਜਾਇਦਾਦ ਵੇਚਣ ਦਾ ਹੱਕ ਦਿੰਦੇ ਹੋਏ ਦੋ ਪਾਵਰ ਆੱਫ ਅਟਾਰਨੀਆਂ ਉੱਤੇ ₹ 10.59 ਲੱਖ ਦੀ ਅਸ਼ਟਾਮ ਡਿਊਟੀ ਘੱਟ ਲਗਾਈ।**

ਪੰਜਾਬ ਸਰਕਾਰ ਨੇ ਭਾਰਤੀ ਸਟੈਂਪ ਐਕਟ, 1899 ਜਿਵੇਂ ਪੰਜਾਬ ਉੱਤੇ ਲਾਗੂ ਸੀ, ਦੀ ਅਨੁਸੂਚੀ I-ਏ ਦੇ ਇੰਦਰਾਜ 48 ਨੂੰ ਸੋਧਿਆ (ਦਸੰਬਰ 2013) ਅਤੇ ਪਾਵਰ ਆੱਫ ਅਟਾਰਨੀ ਉੱਤੇ ਦੋ ਪ੍ਰਤੀਸ਼ਤ ਦੀ ਦਰ ਨਾਲ ਅਸ਼ਟਾਮ ਡਿਊਟੀ ਲਗਾਈ ਜਦੋਂ ਇਹ ਪਰਿਵਾਰਕ ਮੈਂਬਰ ਤੋਂ ਇਲਾਵਾ ਕਿਸੀ ਵਿਅਕਤੀ ਨੂੰ ਅੱਚਲ ਜਾਇਦਾਦ ਵੇਚਣ ਲਈ ਅਧਿਕਾਰਤ ਕਰਨ ਲਈ ਦਿੱਤੀ ਜਾਵੇ।

ਜੇ ਐਸ ਆਰ ਜ਼ੀਰਕਪੁਰ ਅਧੀਨ 2014-15 ਵਿੱਚ ਰਜਿਸਟਰ ਡੀਡਜ਼ ਦੀ ਪੜਤਾਲ (ਮਈ 2018) ਨੇ ਖੁਲਾਸਾ ਕੀਤਾ ਕਿ ਦੋ ਪਾਵਰ ਆੱਫ ਅਟਾਰਨੀਆਂ ਜਿਹੜੀਆਂ ਪਰਿਵਾਰਕ ਮੈਂਬਰ ਤੋਂ ਇਲਾਵਾ ਵਿਅਕਤੀ ਦੇ ਹੱਕ ਵਿੱਚ ਅੱਚਲ ਜਾਇਦਾਦ ਵੇਚਣ ਦਾ ਹੱਕ ਦੇਣ ਲਈ ਬਣਾਈਆਂ ਗਈਆਂ ਸਨ, ਦੇ ਉਪਰ ਸਿਰਫ ₹ 1000 ਰੁਪਏ (₹ 500 ਰੁਪਏ ਹਰੇਕ) ਦੀ ਅਸ਼ਟਾਮ ਡਿਊਟੀ ਲਗਾਈ ਗਈ, ਜਦੋਂ ਕਿ ਜਾਇਦਾਦ ਦੇ ਮੁੱਲ ਭਾਵ ₹ 5.30 ਕਰੋੜ ਦੇ ਉੱਪਰ ਦੋ ਪ੍ਰਤੀਸ਼ਤ ਦੇ ਹਿਸਾਬ ਨਾਲ ₹ 10.60 ਲੱਖ[1] ਰੁਪਏ ਦੀ ਅਸ਼ਟਾਮ ਡਿਊਟੀ ਲਗਾਉਣੀ ਬਣਦੀ ਸੀ। ਇਸ ਗਲਤੀ ਦੇ ਨਤੀਜੇ ਵਜੋਂ ₹ 10.59 ਲੱਖ ਰੁਪਏ ਦੀ ਅਸ਼ਟਾਮ ਡਿਊਟੀ ਘੱਟ ਲੱਗੀ।

ਇਹ ਦੱਸੇ ਜਾਣ ਉੱਤੇ, ਜੇ ਐਸ ਆਰ ਜ਼ੀਰਕਪੁਰ ਨੇ ਕੇਸਾਂ ਨੂੰ ਧਾਰਾ 47-ਏ ਅਧੀਨ ਫੈਸਲੇ ਲਈ ਕੁਲੈਕਟਰ ਐਸ ਏ ਐਸ ਨਗਰ ਕੋਲ ਭੇਜਿਆ ਅਤੇ ਜਵਾਬ ਦਿੱਤਾ (ਦਸੰਬਰ 2019) ਕਿ ਇਨ੍ਹਾਂ ਕੇਸਾਂ ਦਾ ਫੈਸਲਾ ਕੁਲੈਕਟਰ ਐਸ ਏ ਐਸ ਨਗਰ ਦੁਆਰਾ ਕੀਤਾ ਜਾ ਚੁੱਕਾ ਹੈ ਜਿਸ ਵਿੱਚ ₹ 10.59 ਲੱਖ ਰੁਪਏ ਦੀ ਵਸੂਲੀ ਦੇ ਆਦੇਸ਼ ਵਸੂਲੀ ਹੋਣ ਤੱਕ 12 ਪ੍ਰਤੀਸ਼ਤ ਵਿਆਜ ਦੇ ਨਾਲ ਜਾਰੀ ਕੀਤੇ ਗਏ ਹਨ।

ਮਾਮਲਾ ਸਰਕਾਰ/ਵਿਭਾਗ (ਨਵੰਬਰ 2018 ਅਤੇ ਅਪ੍ਰੈਲ 2020) ਨੂੰ ਦੱਸਿਆ ਗਿਆ ਸੀ; ਉਨ੍ਹਾਂ ਦੇ ਜਵਾਬਾਂ ਦਾ ਇੰਤਜ਼ਾਰ (ਦਸੰਬਰ 2020) ਸੀ।

**ਸਿਫਾਰਸ਼ : ਸਰਕਾਰ ਵਿਭਾਗ ਨੂੰ ਇਸ ਪੈਰ੍ਹੇ ਵਿੱਚ ਦੱਸੇ ਗਏ ਕੇਸ ਵਿੱਚ ₹ 10.59 ਲੱਖ ਦੀ ਅਸ਼ਟਾਮ ਡਿਊਟੀ, ਜੋ ਕਿ ਘੱਟ ਲਗਾਈ ਗਈ ਸੀ, ਦੀ ਵਸੂਲੀ ਲਈ ਨਿਰਦੇਸ਼ ਦੇ ਸਕਦੀ ਹੈ।**

## 4.4 ਨਿਰਧਾਰਤ ਮਾਰਕੀਟ ਰੇਟ ਨਾ ਲਗਾਉਣਾ

**ਸਬ-ਰਜਿਸਟਰਾਰ ਬਠਿੰਡਾ ਨੇ ਇੱਕ ਕੇਸ ਵਿੱਚ ਕੁਲੈਕਟਰ ਦੁਆਰਾ ਨਿਰਧਾਰਤ ਘੱਟੋ-ਘੱਟ ਮਾਰਕੀਟ ਰੇਟ ਨਾ ਲਗਾਉਣ ਕਰਕੇ ₹ 12.69 ਲੱਖ ਰੁਪਏ ਦੀ ਐਸ ਡੀ, ਆਰ ਐਫ ਅਤੇ ਇੰਨਫਰਾਸਟਰਕਚਰ ਵਿਕਾਸ (ਆਈ ਡੀ) ਫੀਸ ਘੱਟ ਲਗਾਈ।**

ਭਾਰਤੀ ਸਟੈਂਪ ਐਕਟ, 1899 ਦੀ ਅਨੁਸੂਚੀ I-ਏ (ਪੰਜਾਬ ਲਈ) ਵਿੱਚ ਦਰਜ ਇੰਦਰਾਜ 23 ਨਾਲ ਪੜਦੇ ਹੋਏ ਪੰਜਾਬ ਸਟੈਂਪ (ਡੀਲਿੰਗ ਆੱਫ ਅੰਡਰਵੈਲਿਯੂਡ ਇੰਸਟਰੂਮੈਂਟਸ) ਨਿਯਮ 1983 ਦਾ

[1] ₹ 5.30 ਕਰੋੜ ਰੁਪਏ ਦਾ ਦੋ ਪ੍ਰਤੀਸ਼ਤ।

ਨਿਯਮ 3-ਏ ਵਿਵਸਥਾ ਕਰਦਾ ਹੈ ਕਿ ਜਾਇਦਾਦਾਂ ਦੀ ਬਦਲੀ ਉੱਤੇ ਡਿਊਟੀ ਅਤੇ ਫੀਸ ਲਗਾਉਣ ਲਈ ਜਾਇਦਾਦ ਦੀ ਬਦਲੀ ਦੇ ਵਿਲੇਖ ਵਿੱਚ ਦੱਸੀ ਗਈ ਰਕਮ ਜਾਂ ਕੁਲੈਕਟਰ ਦੁਆਰਾ ਨਿਰਧਾਰਤ ਘੱਟੋ-ਘੱਟ ਮਾਰਕੀਟ ਮੁੱਲ, ਜੋ ਵੀ ਉਚੇਰਾ ਹੋਵੇ, ਵਿਚਾਰਿਆ ਜਾਂਦਾ ਹੈ।

ਐਸ ਆਰ ਬਠਿੰਡਾ ਦੇ ਸਾਲ 2017-18 ਦੇ ਰਿਕਾਡਰਾਂ ਦੀ ਪੜਤਾਲ ਨੇ ਖੁਲਾਸਾ ਕੀਤਾ ਕਿ ਇੱਕ ਸੇਲ ਡੀਡ, ਜੋ ਕਿ ਵੇਚਣ ਦੇ ਇਕਰਾਰਨਾਮੇ ਦੀ ਖਾਸ ਕਾਰਗੁਜ਼ਾਰੀ ਲਈ ਮੁੱਕਦਮੇ ਦੇ ਸਬੰਧ ਵਿੱਚ ਦਿੱਤੇ ਗਏ ਸਿਵਲ ਕੋਰਟ ਦੇ ਫਰਮਾਨ ਦੀ ਪਾਲਣਾ ਵਿੱਚ ਬਣਾਈ ਗਈ, ਕੁਲੈਕਟਰ ਦੁਆਰਾ ਨਿਰਧਾਰਤ ਘੱਟੋ-ਘੱਟ ਮਾਰਕੀਟ ਮੁੱਲ ਦੀ ਬਜਾਏ ਸੇਲ ਡੀਡ ਵਿੱਚ ਨਿਰਧਾਰਤ ਘੱਟ ਮੁੱਲ ਉੱਤੇ ਐਸ ਡੀ, ਆਰ ਐਫ ਅਤੇ ਆਈ ਡੀ ਫੀਸ ਲਗਾ ਕੇ ਰਜਿਸਟਰ ਕੀਤੀ ਗਈ। ਵੇਚਣ ਦਾ ਇਕਰਾਰਨਾਮਾ 2005 ਦੌਰਾਨ ਕੀਤਾ ਗਿਆ ਸੀ ਜਦੋਂਕਿ ਸੇਲ ਡੀਡ 2017-18 ਦੌਰਾਨ ਬਣਾਈ ਅਤੇ ਰਜਿਸਟਰ ਕੀਤੀ ਗਈ ਸੀ। ਡੀਡ ਇਨ੍ਹਾਂ ਦਸਤਾਵੇਜ਼ਾਂ ਵਿੱਚ ਨਿਰਧਾਰਤ ₹ 6.00 ਲੱਖ, ਜੋ ਕਿ ਵੇਚਣ ਦੇ ਇਕਰਾਰਨਾਮੇ ਅਨੁਸਾਰ ਮੁੱਲ ਸੀ, ਦੇ ਮੁੱਲ ਉੱਤੇ ਸੱਤ ਪ੍ਰਤੀਸ਼ਤ ਦੀ ਦਰ ਨਾਲ ₹ 0.42 ਲੱਖ ਦੀ ਐਸ ਡੀ, ਇੱਕ ਪ੍ਰਤੀਸ਼ਤ ਦੀ ਦਰ ਨਾਲ ₹ 0.06 ਲੱਖ ਦੀ ਆਰ ਐਫ ਅਤੇ ਇੱਕ ਪ੍ਰਤੀਸ਼ਤ ਦੀ ਦਰ ਨਾਲ ₹ 0.06 ਲੱਖ ਦੀ ਆਈ ਡੀ ਫੀਸ ਲਗਾ ਕੇ ਰਜਿਸਟਰ ਕੀਤੀ ਗਈ। ਹਾਲਾਂਕਿ, ਕੁਲੈਕਟਰ ਦੁਆਰਾ ਉਸ ਸਮੇਂ ਲਈ ਨਿਰਧਾਰਤ ਘੱਟੋ-ਘੱਟ ਮਾਰਕੀਟ ਰੇਟ ਜਿਸ ਵਿੱਚ ਵਿਲੇਖ ਬਣਾਇਆ ਗਿਆ ਸੀ ਦੇ ਅਧਾਰ ਤੇ ਗਣਨਾ ਕੀਤੇ ₹ 1.47 ਕਰੋੜ ਉਪਰ ₹ 10.29 ਲੱਖ ਦੀ ਅਸ਼ਟਾਮ ਡਿਊਟੀ, ₹ 1.47 ਲੱਖ ਦੀ ਐਸ ਡੀ, ਅਤੇ ₹ 1.47 ਲੱਖ ਦੀ ਆਈ ਡੀ ਫੀਸ ਲਗਾਉਣੀ ਲੋੜੀਂਦੀ ਸੀ। ਇਸ ਗਲਤੀ ਦੇ ਨਤੀਜੇ ਵਜੋਂ ₹ 12.69 ਲੱਖ[2] ਦੀ ਐਸ ਡੀ ਅਤੇ ਆਰ ਐਫ ਘੱਟ ਲੱਗੀ।

ਮਾਮਲਾ ਸਰਕਾਰ/ਵਿਭਾਗ ਨੂੰ ਸਤੰਬਰ 2018 ਅਤੇ ਅਪ੍ਰੈਲ 2020 ਵਿੱਚ ਦੱਸਿਆ ਗਿਆ ਸੀ; ਉਨ੍ਹਾਂ ਦੇ ਜਵਾਬਾਂ ਦਾ ਇੰਤਜ਼ਾਰ (ਦਸੰਬਰ 2020) ਸੀ।

**ਸਿਫਾਰਸ਼ : ਸਰਕਾਰ ਵਿਭਾਗ ਨੂੰ ਇਸ ਪੈਰ੍ਹੇ ਵਿੱਚ ਦੱਸੇ ਗਏ ਕੇਸ ਵਿੱਚ ₹ 12.69 ਲੱਖ ਰੁਪਏ ਦੀ ਐਸ ਡੀ, ਆਰ ਆਫ ਅਤੇ ਆਈ ਡੀ ਫੀਸ, ਜੋ ਕਿ ਘੱਟ ਲਗਾਈ ਗਈ ਸੀ, ਦੀ ਵਸੂਲੀ ਲਈ ਨਿਰਦੇਸ਼ ਦੇ ਸਕਦੀ ਹੈ।**

## 4.5 ਵਧੀਕ ਅਸ਼ਟਾਮ ਡਿਊਟੀ, ਸਮਾਜਿਕ ਢਾਂਚਾ ਸੈੱਸ ਅਤੇ ਇੰਨਫਰਾਸਟਰਕਚਰ ਵਿਕਾਸ ਫੀਸ ਦੀ ਨਾਮਿਲਣਯੋਗ ਛੋਟ

**ਉੱਨੀ ਐਸ ਆਰਜ਼/ਜੇ ਐਸ ਆਰਜ਼ ਨੇ 99 ਕੇਸਾਂ ਵਿੱਚ ₹ 1.92 ਕਰੋੜ ਦੀ ਵਾਧੂ ਅਸ਼ਟਾਮ ਡਿਊਟੀ, ਐਸ ਆਈ ਸੀ ਅਤੇ ਆਈ ਡੀ ਫੀਸ ਦੀ ਨਾਮਿਲਣਯੋਗ ਛੋਟ ਦਿੱਤੀ ਜਿੱਥੇ ਵਿਲੇਖ ੳ) ਉਪਕਾਰੀ ਸੰਸਥਾਵਾਂ ਦੇ ਹੱਕ ਵਿੱਚ ਅ) ਮਾਲਕ, ਜਿਸਦੀ ਜ਼ਮੀਨ ਜਨਤਕ ਮੰਤਵ ਲਈ ਗ੍ਰਹਿਣ ਕੀਤੀ ਗਈ ਸੀ, ਦੁਆਰਾ ਜ਼ਮੀਨ ਦੀ ਖਰੀਦ ਲਈ ਅਤੇ ੲ) ਨਵੇਂ ਅਤੇ ਨਵਿਆਉਣਯੋਗ ਸਰੋਤਾਂ ਦੀ ਐਨਰਜੀ ਪਾਲਿਸੀ 2012 ਅਧੀਨ ਪੰਜਾਬ ਐਨਰਜੀ ਵਿਕਾਸ ਅਥਾਰਟੀ (ਪੀ ਈ ਡੀ ਏ) ਦੁਆਰਾ ਮੰਨਜ਼ੂਰ ਪ੍ਰੋਜੈਕਟ ਸਥਾਪਿਤ ਕਰਨ ਲਈ ਜਮੀਨ ਦੀ ਖਰੀਦ/ਲੀਜ਼ ਲਈ ਵਿਅਕਤੀਆਂ ਦੇ ਹੱਕ ਵਿੱਚ ਬਣਾਏ ਗਏ ਸਨ।**

ਪੰਜਾਬ ਸਰਕਾਰ ਨੇ ਉਨ੍ਹਾਂ ਵਿਲੇਖਾਂ ਉੱਤੇ ਵਸੂਲਣਯੋਗ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਦੀ ਛੋਟ (ਫਰਵਰੀ 1981 ਅਤੇ ਜੂਨ 2008) ਦਿੱਤੀ ਜੋ (ੳ) ਉਪਕਾਰੀ ਸੰਸਥਾਵਾਂ ਦੇ ਹੱਦ ਵਿੱਚ (ਅ) ਪੰਜਾਬ ਰਾਜ ਵਿੱਚ ਉਸ ਮਾਲਕ ਦੁਆਰਾ ਜ਼ਮੀਨ ਦੀ ਖਰੀਦ ਲਈ ਬਣਾਏ ਜਾਣ, ਜਿਸਦੀ

[2] ਐਸ ਡੀ ₹ 9.87 ਲੱਖ (₹ 10.29 ਲੱਖ – ₹ 0.42 ਲੱਖ ) + ਆਰ ਐਫ ₹ 1.41 ਲੱਖ (₹ 1.47 ਲੱਖ – ₹ 0.06 ਲੱਖ) + ਆਈ ਡੀ ਫੀਸ ₹ 1.41 ਲੱਖ (₹ 1.47 ਲੱਖ – ₹ 0.06 ਲੱਖ)

ਜਮੀਨ ਜਨਤਕ ਮੰਤਵਾਂ ਲਈ ਗ੍ਰਹਿਣ ਕੀਤੀ ਗਈ ਹੋਵੇ ਅਤੇ (ਅ) ਕਿਸੇ ਵਿਅਕਤੀ ਦੁਆਰਾ ਨਵੇਂ ਅਤੇ ਨਵਿਆਉਣਯੋਗ ਸਰੋਤਾਂ ਦੀ ਐਨਰਜੀ ਪਾਲਿਸੀ 2012 ਅਧੀਨ ਪੰਜਾਬ ਐਨਰਜੀ ਵਿਕਾਸ ਅਥਾਰਟੀ (ਪੀ ਈ ਡੀ ਏ) ਦੁਆਰਾ ਮੰਨਜ਼ੂਰ ਪ੍ਰੋਜੈਕਟ ਸਥਾਪਿਤ ਕਰਨ ਲਈ ਜਮੀਨ ਦੀ ਖਰੀਦ/ਲੀਜ਼ ਲਈ ਬਣਾਏ ਜਾਣ। ਪੰਜਾਬ ਸਰਕਾਰ ਨੇ ਅਨੁਸੂਚੀ 1-ਏ ਦੇ ਇੰਦਰਾਜ 23 ਵਿਚ ਦਰਜ ਹਰ ਇੱਕ ਵਿਲੇਖ ਉੱਤੇ ਸਮਾਜਿਕ ਸੁਰੱਖਿਆ ਫੰਡ (ਐਸ ਐਸ ਐਫ) ਲਈ ਵਧੀਕ ਅਸ਼ਟਾਮ ਡਿਊਟੀ (ਫਰਵਰੀ 2005[3]) ਤਿੰਨ ਪ੍ਰਤੀਸ਼ਤ ਦੀ ਦਰ ਨਾਲ, ਸਮਾਜਿਕ ਢਾਂਚਾ ਸੈਸ (ਐਸ ਆਈ ਸੀ) (ਫਰਵਰੀ 2013) ਅਤੇ ਇੰਨਫਰਾਕਸਟਚਰ ਵਿਕਾਸ ਫੀਸ (ਜੂਨ 2015) ਇੱਕ ਪ੍ਰਤੀਸ਼ਤ ਦੀ ਦਰ ਨਾਲ ਲਗਾਈ। ਅੱਗੇ, ਸਰਕਾਰ ਨੇ ਐਸ ਐਸ ਐਫ ਲਗਾਉਣ ਸਬੰਧੀ ਸਪਸ਼ਟੀਕਰਨ ਜਾਰੀ ਕਰਨ ਸਮੇਂ ਕਿਹਾ (ਮਈ 2005) ਕਿ ਜਿੱਥੇ ਭਾਰਤੀ ਸਟੈਂਪ ਐਕਟ ਦੇ ਉਪਬੰਧ ਅਧੀਨ ਸਮੇਂ-ਸਮੇਂ ਸਿਰ ਅਸ਼ਟਾਮ ਡਿਊਟੀ ਦੀ ਅਦਾਇਗੀ ਤੋਂ ਛੋਟ ਹੈ, ਅਜਿਹੀ ਛੋਟ ਸਿਰਫ ਅਸ਼ਟਾਮ ਡਿਊਟੀ ਲਈ ਹੈ।

19[4] ਐਸ ਆਰਜ਼/ਜੇ ਐਸ ਆਰਜ਼ ਦੇ 2014-15 ਤੋਂ 2017-18 ਦੀ ਮਿਆਦ ਦੇ ਰਿਕਾਰਡਾਂ ਦੀ ਪੜਤਾਲ (ਨਵੰਬਰ 2016 ਅਤੇ ਜਨਵਰੀ 2019 ਵਿਚਕਾਰ) ਨੇ ਖੁਲਾਸਾ ਕੀਤਾ ਕਿ ਐਸ ਆਰਜ਼/ਜੇ ਐਸ ਆਰਜ਼ ਨੇ 99 ਕੇਸਾਂ ਵਿੱਚ ₹ 1.92 ਕਰੋੜ ਦੀ ਵਧੀਕ ਅਸ਼ਟਾਮ ਡਿਊਟੀ, ਐਸ ਈ ਸੀ ਅਤੇ ਆਈ ਡੀ ਫੀਸ ਦੀ ਛੋਟ ਦੇ ਨਾਲ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਦੀ ਛੋਟ ਦਿੱਤੀ ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ:

**ੳ) ਉਪਕਾਰੀ ਸੰਸਥਾਵਾਂ**

10[5] ਐਸ ਆਰਜ਼/ਜੇ ਐਸ ਆਰਜ਼ ਦੇ ਵਿੱਚ 22 ਵਿਲੇਖਾਂ ਨੂੰ ਜਾਇਦਾਦ ਦੀ ਬਦਲੀ ਲਈ ਇਹ ਮੰਨਦੇ ਹੋਏ ਰਜਿਸਟਰ ਕੀਤਾ ਕਿ ਇਹ ਬਦਲੀਆਂ 10 ਉਪਕਾਰੀ ਸੰਸਥਾਵਾਂ ਦੇ ਹੱਕ ਵਿੱਚ ਉਪਕਾਰੀ ਉਦੇਸ਼ਾਂ ਲਈ ਹੋਈਆਂ ਅਤੇ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਦੀ ਛੋਟ ਦੀ ਇਜਾਜ਼ਤ ਦਿੱਤੀ। ਹਾਲਾਂਕਿ, ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਦੀ ਛੋਟ ਨਾਲ ₹ 1.03 ਕਰੋੜ ਦੀ ਵਧੀਕ ਅਸ਼ਟਾਮ ਡਿਊਟੀ ਅਤੇ ₹ 0.35 ਕਰੋੜ ਰੁਪਏ ਦੇ ਐਸ ਆਈ ਸੀ ਦੀ ਛੋਟ ਵੀ ਦਿੱਤੀ ਜੋ ਕਿ ਉਪਰ ਦੱਸੇ ਸਪਸ਼ਟੀਕਰਨ ਦੀ ਉਲੰਘਣਾ ਵਿੱਚ ਸੀ। ਨਾਮਿਲਣਯੋਗ ਛੋਟ ਦੇ ਸਿੱਟੇ ਵੱਜੋ ਵਧੀਕ ਅਸ਼ਟਾਮ ਡਿਊਟੀ ਲਈ ₹1.38 ਕਰੋੜ ਰੁਪਏ ਦੇ ਐਸ ਐਸ ਐਫ ਅਤੇ ਐਸ ਆਈ ਸੀ ਦੀ ਅਣ-ਵਸੂਲੀ ਹੋਈ।

**ਅ) ਕੇਸ ਜਿਨ੍ਹਾਂ ਵਿੱਚ ਖਰੀਦਾਰਾਂ ਦੀ ਜ਼ਮੀਨ ਜਨਤਕ ਮੰਤਵਾਂ ਲਈ ਗ੍ਰਹਿਣ ਕੀਤੀ ਗਈ**

ਨੌਂ[6] ਐਸ ਆਰਜ਼/ਜੇ ਐਸ ਆਰਜ਼ ਵਿੱਚ ਉਨ੍ਹਾਂ ਵਿਅਕਤੀਆਂ ਦੇ ਨਾਮ ਉੱਤੇ ਜਾਇਦਾਦ ਦੀ ਬਦਲੀ ਲਈ 54 ਵਿਲੇਖਾਂ ਨੂੰ ਰਜਿਸਟਰ ਕੀਤਾ ਗਿਆ ਜਿਨ੍ਹਾਂ ਦੀ ਜ਼ਮੀਨ ਜਨਤਕ ਮੰਤਵਾਂ ਲਈ ਗ੍ਰਹਿਣ ਕੀਤੀ ਗਈ ਸੀ ਅਤੇ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਦੀ ਛੋਟ ਦੀ ਇਜਾਜ਼ਤ ਦਿੱਤੀ। ਹਾਲਾਂਕਿ, ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਦੀ ਛੋਟ ਦੇ ਨਾਲ ₹ 0.12 ਕਰੋੜ ਦੀ ਵਧੀਕ ਅਸ਼ਟਾਮ ਡਿਊਟੀ, ₹ 0.22 ਕਰੋੜ ਦੇ ਐਸ ਆਈ ਸੀ ਅਤੇ ₹ 0.09 ਕਰੋੜ ਦੀ ਆਈ ਡੀ ਫੀਸ ਦੀ ਛੋਟ ਵੀ ਦਿੱਤੀ ਗਈ, ਜੋ ਕਿ ਉੱਪਰ ਦੱਸੇ ਸਪਸ਼ਟੀਕਰਨ ਦੀ ਉਲੰਘਣਾਂ ਵਿੱਚ ਸੀ। ਨਾਮਿਲਣਯੋਗ ਛੋਟ ਦੇ ਸਿੱਟੇ ਵਜੋਂ ₹ 0.43 ਕਰੋੜ ਦੀ ਅਣ-ਵਸੂਲੀ ਹੋਈ।

---

3 ਸਰਕਾਰ ਨੇ ਐਸ ਐਸ ਐਫ ਲਈ ਵਧੀਕ ਅਸ਼ਟਾਮ ਡਿਊਟੀ 28 ਅਗਸਤ 2017 ਤੋਂ ਅਗਲੇ ਹੁਕਮਾਂ ਤੱਕ ਮੁਆਫ ਕਰ ਦਿੱਤੀ ਸੀ।

4 ਆਨੰਦਪੁਰ ਸਾਹਿਬ, ਅਟਾਰੀ, ਬਾਘਾ ਪੁਰਾਣਾ, ਬਰਨਾਲਾ, ਬਠਿੰਡਾ, ਭੀਖੀ, ਹਰੀਕੇ, ਜਲੰਧਰ-1, ਲੰਬੀ, ਲੁਧਿਆਣਾ (ਪੱਛਮ), ਮਾਨਸਾ, ਮੁੱਲਾਂਪੁਰ ਦਾਖਾਂ, ਨਥਾਣਾ, ਪੱਟੀ, ਫਿਲੌਰ, ਤਲਵੰਡੀ ਭਾਈ, ਤਲਵੰਡੀ ਸਾਬੋ, ਜ਼ੀਰਾ ਅਤੇ ਜ਼ੀਰਕਪੁਰ

5 ਆਨੰਦਪੁਰ ਸਾਹਿਬ, ਅਟਾਰੀ, ਬਰਨਾਲਾ, ਬਠਿੰਡਾ, ਜਲੰਧਰ-1, ਲੰਬੀ, ਮੁਲਾਂਪੁਰ ਦਾਖਾਂ, ਨਥਾਣਾ, ਫਿਲੌਰ ਅਤੇ ਜ਼ੀਰਕਪੁਰ

6 ਬਾਘਾ ਪੁਰਾਣਾ, ਭੀਖੀ, ਹਰੀਕੇ, ਨਥਾਣਾ, ਤਲਵੰਡੀ ਭਾਈ, ਲੁਧਿਆਣਾ (ਪੱਛਮ) ਮਾਨਸਾ, ਪੱਟੀ ਅਤੇ ਜ਼ੀਰਾ

ਐਸ ਆਰ ਜ਼ੀਰਾ ਨੇ ਕਿਹਾ (ਦਸੰਬਰ 2019) ਕਿ ਆਈ ਡੀ ਐਫ ਵਸੂਲਿਆਂ ਨਹੀਂ ਗਿਆ ਸੀ ਕਿਉਂਕਿ ਵਿਲੇਖਾਂ ਨੂੰ ਭੂਮੀ ਗ੍ਰਹਿਣ ਐਕਟ ਦੇ ਅਨੁਸਾਰ ਰਜਿਸਟਰ ਕੀਤਾ ਗਿਆ ਸੀ। ਐਸ ਆਰ ਦਾ ਜਵਾਬ ਮੰਨਣਯੋਗ ਨਹੀਂ ਹੈ ਕਿਉਂਕਿ ਉੱਪਰ ਦੱਸੀ ਨੋਟੀਫਿਕੇਸ਼ਨ (ਜੂਨ 2008) ਸਿਰਫ ਅਸ਼ਟਾਮ ਡਿਊਟੀ ਤੋਂ ਛੋਟ ਪ੍ਰਦਾਨ ਕਰਦੀ ਸੀ।

**ੲ) ਸੋਲਰ ਪਾਵਰ ਪ੍ਰੋਜੈਕਟਾਂ ਨੂੰ ਐਸ ਆਈ ਸੀ ਦੀ ਨਾਮਿਲਣਯੋਗ ਛੋਟ**

ਸਬ ਰਜਿਸਟਰਾਰ ਤਲਵੰਡੀ ਸਾਬੋ ਦੇ ਸਾਲ 2014–15 ਦੇ ਰਿਕਾਰਡਾਂ ਲਈ ਪੜਤਾਲ ਨੇ ਖੁਲਾਸਾ ਕੀਤਾ ਕਿ 23 ਵਿਲੇਖਾਂ ਵਿੱਚ ਐਸ ਆਰ ਨੇ ਅਸ਼ਟਾਮ ਡਿਊਟੀ ਦੇ ਨਾਲ ਐਸ ਆਈ ਸੀ ਦੀ ਛੋਟ ਦੀ ਇਜਾਜ਼ਤ ਦਿੱਤੀ। ਵਿਲੇਖ ਉਨ੍ਹਾਂ ਵਿਅਕਤੀਆਂ ਦੇ ਹੱਕ ਵਿੱਚ ਜਾਇਦਾਦ ਦੀ ਬਦਲੀ ਲਈ ਬਣਾਏ ਗਏ ਸਨ, ਜਿਨ੍ਹਾਂ ਨੇ ਪੀ ਈ ਡੀ ਏ ਦੁਆਰਾ ਮੰਨਜ਼ੂਰ ਸੋਲਰ ਪਾਵਰ ਪ੍ਰੋਜੈਕਟਾਂ ਨੂੰ ਸਥਾਪਿਤ ਕਰਨਾ ਸੀ। ਇਸ ਲਈ, ਅਸ਼ਟਾਮ ਡਿਊਟੀ ਦੀ ਛੋਟ ਸਹੀ ਸੀ। ਹਾਲਾਂਕਿ, ਅਸ਼ਟਾਮ ਡਿਊਟੀ ਦੀ ਛੋਟ ਦੇ ਨਾਲ ₹ 10.57 ਲੱਖ ਦੇ ਐਸ ਆਈ ਸੀ ਦੀ ਛੋਟ ਉੱਪਰ ਦੱਸੇ ਸਪਸ਼ਟੀਕਰਨ ਦੀ ਉਲੰਘਣਾ ਵਿੱਚ ਸੀ ਜਿਸਦੇ ਨਤੀਜੇ ਵਜੋਂ ₹ 10.57 ਲੱਖ ਦੀ ਅਣ–ਵਸੂਲੀ ਹੋਈ।

ਮਾਮਲਾ ਸਰਕਾਰ/ਵਿਭਾਗ ਨੂੰ ਜੂਨ 2018 ਅਤੇ ਅਪ੍ਰੈਲ 2020 ਦੇ ਵਿੱਚਕਾਰ ਦੱਸਿਆ ਗਿਆ ਸੀ; ਉਨ੍ਹਾਂ ਦੇ ਜਵਾਬਾਂ ਦਾ ਇੰਤਜ਼ਾਰ (ਦਸੰਬਰ 2020) ਸੀ।

**ਸਿਫਾਰਸ਼ : ਸਰਕਾਰ ਇਜਾਜ਼ਤ ਦਿੱਤੀ ਗਈ ਬੇਨਿਯਮੀ ਲਈ ਇਸ ਮਾਮਲੇ ਵਿੱਚ ਜ਼ਿੰਮੇਵਾਰੀ ਤੈਅ ਕਰਨਾ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਕਾਰਵਾਈ ਆਰੰਭ ਕਰਨਾ ਪਸੰਦ ਕਰ ਸਕਦੀ ਹੈ।**

## 4.6 ਜਾਇਦਾਦ ਦੇ ਗਲਤ ਵਰਗੀਕਰਣ ਕਰਕੇ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਘੱਟ ਲਗਾਉਣਾ

**ਚਾਰ ਐਸ ਆਰਜ਼ ਦੁਆਰਾ ਸੱਤ ਕੇਸਾਂ ਵਿੱਚ ਰਜਿਸਟ੍ਰੇਸ਼ਨ ਵੇਲੇ ਜਾਇਦਾਦਾਂ ਦੇ ਕੁਲੈਕਟਰ ਰੇਟ ਜਾਂ ਸਥਿਤੀ ਅਨੁਸਾਰ ਰੇਟ ਤੋਂ ਘੱਟ ਰੇਟ ਲਗਾਉਣ ਕਰਕੇ ₹ 1.36 ਕਰੋੜ ਦੀ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ ਅਤੇ ਇੰਨਫਰਾਸਟਰਕਚਰ ਵਿਕਾਸ ਸੈੱਸ ਘੱਟ ਲਗਾਇਆ ਗਿਆ।**

ਪੰਜਾਬ ਸਟੈਂਪ (ਡੀਲਿੰਗ ਆੱਫ ਅੰਤਰਵੈਲਿਯੂਡ ਇੰਸਟਰੂਮੈਂਟਸ) (ਪਹਿਲੀ ਸੋਧ) ਨਿਯਮ[7], 2002 ਦਾ ਨਿਯਮ 3–ਏ ਵਿਵਸਥਾ ਕਰਦਾ ਹੈ ਕਿ ਇੱਕ ਜ਼ਿਲ੍ਹੇ ਦਾ ਕੁਲੈਕਟਰ ਜਾਇਦਾਦਾਂ ਦੀ ਬਦਲੀ ਦੇ ਵਿਲੇਖਾਂ ਉੱਤੇ ਐਸ ਡੀ ਅਤੇ ਆਰ ਐਫ ਲਗਾਉਣ ਦੇ ਮੰਤਵ ਲਈ ਆਪਣੇ ਜ਼ਿਲ੍ਹੇ ਵਿੱਚ ਸਥਿਤ ਜਮੀਨ/ਜਾਇਦਾਦਾਂ ਦਾ ਮਾਰਕੀਟ ਮੁੱਲ ਮਹਿਰਾਂ ਦੀ ਕਮੇਟੀ ਦੀ ਸਲਾਹ ਨਾਲ, ਇਲਾਕਾ–ਅਧਾਰਤ ਅਤੇ ਵਰਗ- ਅਧਾਰਤ, ਨਿਰਧਾਰਤ ਕਰੇਗਾ।

ਚਾਰ[8] ਸਬ–ਰਜਿਸਟਰਾਰਾਂ/ਜੁਆਇੰਟ ਸਬ–ਰਜਿਸਟਰਾਰਾਂ ਦੇ ਰਿਕਾਰਡਾਂ ਦੀ ਪੜਤਾਲ ਨੇ ਖੁਲਾਸਾ ਕੀਤਾ ਕਿ 2016–17 ਦੀ ਅਵਧੀ ਦੌਰਾਨ ਸੱਤ ਸੇਲ ਡੀਡਜ਼ ਵਿਲੇਖਾਂ ਵਿੱਚ ਨਿਰਧਾਰਤ ₹ 3.50 ਕਰੋੜ ਰੁਪਏ ਦੇ ਮੁੱਲ ਉੱਤੇ ਰਜਿਸਟਰ ਕੀਤੀਆਂ ਗਈਆਂ ਸਨ ਜਦੋਂਕਿ ਜਾਇਦਾਦਾਂ ਦਾ ਮੁੱਲ ₹ 16.04 ਕਰੋੜ ਹੋਣਾ ਲੋੜੀਦਾਂ ਸੀ ਕਿਉਂਕਿ ਦਸਤਾਵੇਜ਼ ਦੀ ਰਜਿਸਟ੍ਰੇਸ਼ਨ ਵੇਲੋਂ ਇਹ ਕਿਸੇ ਖਾਸ ਇਲਾਕੇ ਵਿੱਚ ਸਥਿਤ ਸਨ ਜਾਂ ਜਾਇਦਾਦਾਂ ਦੀ ਸਥਿਤੀ ਘਰੇਲੂ/ਵਪਾਰਕ/ਉਦਯੋਗਿਕ ਸੀ, ਜਿਸ ਲਈ ਸਬੰਧਤ ਕੁਲੈਕਟਰ ਦੁਆਰਾ ਨਿਰਧਾਰਤ ਵੱਧ ਰੇਟ ਲਾਗੂ ਸਨ। ਗਲਤ ਵਰਗੀਕਰਣ

---

7 ਜੀ ਐਸ ਆਰ–30/ਸੀ ਏ–2/1899/ਐਸ ਐਸ–47 ਅਤੇ 75/ਏ ਐਮ ਡੀ (2)/2002 ਮਿਤੀ 23 ਅਗਸਤ 2002 ਰਾਹੀਂ ਨੋਟੀਫਾਇਡ।

8 ਡੇਰਾ ਬੱਸੀ, ਖਰੜ, ਜਲੰਧਰ ਅਤੇ ਮੁਲਾਂਪੁਰ ਦਾਖਾਂ

ਕਰਕੇ ਜਾਇਦਾਦਾਂ ਦੇ ਮੁਲਾਕਣ ਵਿੱਚ ₹ 12.54 ਕਰੋੜ ਰੁਪਏ ਦਾ ਅੰਤਰ ਸੀ ਜਿਸਦੇ ਨਤੀਜੇ ਵਜੋਂ ₹ 1.36 ਕਰੋੜ[9] ਰੁਪਏ ਦੀ ਐਸ ਡੀ, ਆਰ ਐਫ ਅਤੇ ਆਈ ਡੀ ਫੀਸ ਘੱਟ ਲਗਾਈ ਗਈ।

ਮਾਮਲਾ ਸਰਕਾਰ/ਵਿਭਾਗ ਨੂੰ ਮਈ 2018 ਅਤੇ ਅਪ੍ਰੈਲ 2020 ਵਿੱਚ ਦੱਸਿਆ ਗਿਆ ਸੀ; ਉਨ੍ਹਾਂ ਦੇ ਜਵਾਬਾਂ ਦਾ ਇੰਤਜ਼ਾਰ (ਦਸੰਬਰ 2020) ਸੀ।

**ਸਿਫਾਰਸ਼ : ਸਰਕਾਰ ਵਿਭਾਗ ਨੂੰ ਇਸ ਪੈਰ੍ਹੇ ਵਿੱਚ ਦੱਸੇ ਗਏ ਸੱਤ ਕੇਸਾਂ ਵਿੱਚ ₹ 1.36 ਕਰੋੜ ਦੀ ਐਸ ਡੀ ਅਤੇ ਆਰ ਐਫ ਦੀ ਵਸੂਲੀ ਲਈ ਨਿਰਦੇਸ਼ ਦੇ ਸਕਦੀ ਹੈ।**

## 4.7 ਲੀਜ਼ ਡੀਡਜ਼ ਉੱਤੇ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਲਗਾਉਣਾ ਅਤੇ ਇੱਕਠਾ ਕਰਨਾ

**ਭਾਰਤੀ ਸਟੈਂਪ ਐਕਟ ਸਾਰੇ ਜਨਤਕ ਅਧਿਕਾਰੀਆਂ ਨੂੰ ਡਿਊਟੀ ਲਈ ਚਾਰਜਯੋਗ ਵਿਲੇਖਾਂ ਨੂੰ ਇੰਪਾਊਂਡ ਕਰਨ ਦੀ ਸ਼ਕਤੀ ਪ੍ਰਦਾਨ ਕਰਦਾ ਹੈ, ਜੋ ਸਹੀ ਤਰ੍ਹਾਂ ਮੋਹਰਿਤ ਨਹੀਂ ਸਨ, ਜੋ ਉਨ੍ਹਾਂ ਦੇ ਕਾਰਜਾਂ ਦੇ ਪ੍ਰਦਰਸ਼ਨ ਦੇ ਦੌਰਾਨ ਪ੍ਰਸਤੁਤ ਕੀਤੇ ਜਾਂਦੇ ਹਨ ਜਾਂ ਉਨ੍ਹਾਂ ਦੇ ਸਾਹਮਣੇ ਆਉਂਦੇ ਹਨ, ਹਾਲਾਂਕਿ, ਜਨਤਕ ਅਧਿਕਾਰੀਆਂ ਨੇ ਨਾਕਾਫੀ ਮੋਹਰਿਤ ਵਿਲੇਖਾਂ ਨੂੰ ਇੰਪਾਊਂਡ ਨਹੀਂ ਕੀਤਾ ਅਤੇ ਅਸ਼ਟਾਮ ਡਿਊਟੀ ਦੇ ਮੁਲਾਂਕਣ ਲਈ ਕੁਲੈਕਟਰਾਂ ਨੂੰ ਨਹੀਂ ਭੇਜਿਆ। ਜਨਤਕ ਸੰਸਥਾਵਾਂ ਅਤੇ ਬੈਂਕਾਂ ਨੇ ਵੀ ਇਹ ਯਕੀਨੀ ਨਹੀਂ ਬਣਾਇਆ ਕਿ ਲੀਜ਼ ਸਮਝੌਤਿਆਂ ਉੱਤੇ ਸਹੀ ਤਰ੍ਹਾਂ ਮੋਹਰ ਲਗਾਈ ਗਈ ਸੀ। ਆਡਿਟ ਵਿੱਚ ਪੜਤਾਲ ਕੀਤੇ ਗਏ 1,800 ਵਿੱਚੋ 1,720 ਲੀਜ਼ ਵਿਲੇਖਾਂ ਉੱਤੇ ₹ 59.42 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਅਦਾ ਨਹੀਂ ਕੀਤੀ ਗਈ ਸੀ। ਅੱਗੇ, ਪੜਤਾਲ ਕੀਤੇ ਗਏ 3,893 ਵਿੱਚੋਂ 244 ਵਿਲੇਖਾਂ ਉੱਤੇ ₹ 0.41 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਘੱਟ ਲਗਾਈ ਸੀ ਜੋ ਕਿ 32 ਐਸ ਆਰਜ਼/ਜੇ ਐਸ ਆਰਜ਼ ਦੇ ਸਾਹਮਣੇ ਰਜਿਸਟ੍ਰੇਸ਼ਨ ਲਈ ਪ੍ਰਸਤੁਤ ਕੀਤੇ ਗਏ ਸਨ।**

### 4.7.1 ਜਾਣ-ਪਛਾਣ

"ਅਚੱਲ ਜਾਇਦਾਦ ਦੀ ਲੀਜ਼" ਨੂੰ ਜਾਇਦਾਦ ਬਦਲੀ ਐਕਟ 1882 ਦੀ ਧਾਰਾ 105 ਅਜਿਹੀ ਜਾਇਦਾਦ ਦਾ ਆਨੰਦ ਲੈਣ ਦੇ ਇੱਕ ਅਧਿਕਾਰ ਦੇ ਇੱਕ ਤਬਦਾਲੇ, ਇੱਕ ਨਿਸ਼ਚਿਤ ਸਮੇਂ ਲਈ ਜਾਂ ਸਦਾ ਲਈ ਬਣਾਏ, ਅਦਾ ਕੀਤੀ ਕੀਮਤ ਜਾਂ ਸਮੇਂ-ਸਮੇਂ ਜਾਂ ਨਿਸ਼ਚਿਤ ਮੌਕਿਆਂ ਉੱਤੇ ਪੇਸ਼ ਕੀਤੇ ਜਾਣ ਦਾ ਵਾਅਦਾ ਕਰਨ ਦੇ ਵਿਚਾਰ ਵਿੱਚ, ਵਜੋਂ ਪਰਿਭਾਸ਼ਤ ਕਰਦੀ ਹੈ। ਤਬਾਦਲਾ ਕਰਨ ਵਾਲੇ ਨੂੰ 'ਲੈਜ਼ਰ' ਕਿਹਾ ਜਾਂਦਾ ਹੈ, ਜਿਸਨੂੰ ਤਬਦਲਾ ਹੋਣਾ ਹੈ 'ਲੈਜ਼ੀ' ਕਿਹਾ ਜਾਂਦਾ ਹੈ, ਕੀਮਤ ਨੂੰ 'ਪ੍ਰੀਮੀਅਮ' ਕਿਹਾ ਜਾਂਦਾ ਹੈ ਅਤੇ ਇਸ ਤਰ੍ਹਾਂ ਪੇਸ਼ ਕੀਤੇ ਜਾਣ ਵਾਲੇ ਪੈਸੇ, ਹਿੱਸੇਦਾਰੀ, ਸੇਵਾ ਜਾਂ ਹੋਰ ਚੀਜਾਂ ਨੂੰ ਕਿਰਾਇਆ ਕਿਹਾ ਜਾਂਦਾ ਹੈ।

ਭਾਰਤੀ ਸਟੈਂਪ ਐਕਟ 1899 (ਆਈ ਐਸ ਐਕਟ) ਦੀ ਧਾਰਾ 2(16) ਲੀਜ਼ ਨੂੰ ਅੱਚਲ ਜਾਇਦਾਦ ਦੀ ਲੀਜ਼ ਵਜੋਂ ਪਰਿਭਾਸ਼ਤ ਕਰਦੀ ਹੈ ਅਤੇ ਇੱਕ ਪੱਟਾ[10], ਇੱਕ ਕਬੂਲੀਅਤ[11] ਅਤੇ ਕਿਸੇ ਵਿਲੇਖ, ਜਿਸ ਦੁਆਰਾ ਕਿਸੇ ਵੇਰਵੇ ਦੇ ਟੋਲਜ਼ ਨੂੰ ਕਿਰਾਏ ਤੇ ਦਿੱਤਾ ਜਾਂਦਾ ਹੈ, ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ। ਇਸ ਤਰ੍ਹਾਂ, ਆਈ ਐਸ ਐਕਟ ਅਧੀਨ ਲੀਜ਼ ਦਾ ਇੱਕ ਵਿਸ਼ਾਲ ਵਿਸਥਾਰ ਹੈ, ਅਚੱਲ

[9] ₹ 1.17 ਕਰੋੜ ਦੀ ਐਸ ਡੀ ₹ 6.36 ਲੱਖ ਦੀ ਆਰ ਐਫ ਅਤੇ ₹ 12.54 ਲੱਖ ਦਾ ਆਈ ਡੀ ਫੀਸ ।

[10] ਪੱਟਾ ਸਰਕਾਰ ਦੁਆਰਾ ਇੱਕ ਕਾਸ਼ਤਕਾਰ ਨੂੰ ਨਿਰਧਾਰਤ ਸਮੇਂ ਲਈ ਜ਼ਮੀਨ ਦੀ ਅਲਾਟਮੈਂਟ ਦੀ ਇੱਕ ਕਿਸਮ ਹੈ ਜਿੱਥੇ ਕਾਸ਼ਤਕਾਰ ਜ਼ਮੀਨ ਦੇ ਕਾਨੂੰਨੀ ਤੌਰ ਉੱਤੇ ਮੁਲਾਕਣ ਕੀਤੇ ਜਾਂ ਥੋਪੇ ਗਏ ਰੇਟ ਉੱਤੇ ਜ਼ਮੀਨੀ ਮਾਲੀਆ, ਟੈਕਸ, ਸੈੱਸ ਅਦਾ ਕਰਨ ਲਈ ਸਹਿਮਤ ਹੁੰਦਾ ਹੈ।

[11] ਇੱਕ ਕਬੂਲੀਅਤ ਇੱਕ ਕਿਰਾਏਦਾਰ ਦੁਆਰਾ ਕਿਰਾਏਦਾਰੀ ਲੈਣ ਲਈ ਲਿਖਤੀ ਰੂਪ ਵਿੱਚ ਦਿੱਤੀ ਗਈ ਇੱਕ ਅੰਡਰਟੇਕਿੰਗ ਹੁੰਦੀ ਹੈ।

ਜਾਇਦਾਦ ਦੀ ਲੀਜ਼ ਤੋਂ ਲੈ ਕੇ ਵੱਖ-ਵੱਖ ਟੋਲਜ਼ ਨੂੰ ਇੱਕਠਾ ਕਰਨ ਦੇ ਹੱਕ ਦੇਣ ਬਾਰੇ ਜਿਸ ਵਿੱਚ ਕਿਸੀ ਅਚੱਲ ਜਾਇਦਾਦ ਦੀ ਲੀਜ਼ ਨਹੀਂ ਦਿੱਤੀ ਜਾਂਦੀ। ਵਿਕਾਸ ਦੇ ਪਬਲਿਕ-ਪ੍ਰਾਈਵੇਟ ਭਾਈਵਾਲੀ (ਪੀ ਪੀ ਪੀ) ਮਾਡਲ ਦੀ ਸ਼ੁਰੂਆਤ ਦੇ ਨਾਲ, ਸਰਕਾਰਾਂ "ਰਿਆਇਤ ਸਮਝੋਤਿਆਂ", "ਬੀ ਓ ਟੀ ਸਮਝੋਤਿਆਂ[12]", "ਵਿਕਾਸ ਸਮਝੋਤਿਆਂ" ਆਦਿ ਦੇ ਰੂਪ ਵਿੱਚ ਪ੍ਰਾਈਵੇਟ ਪਾਰਟੀਆਂ ਨਾਲ ਵੱਖ-ਵੱਖ ਸਮਝੋਤੇ ਕਰ ਰਹੀਆਂ ਹਨ, ਜਿਸ ਤਹਿਤ ਪ੍ਰਾਈਵੇਟ ਪਾਰਟੀਆਂ ਦੁਆਰਾ ਕੀਤੇ ਗਏ ਨਿਵੇਸ਼ ਅਤੇ ਸਰਕਾਰ ਨੂੰ ਰਿਆਇਤ ਫੀਸ/ਅੱਪਫਰੰਟ ਫੀਸ/ਨਕਾਰਾਤਮਕ ਗਰਾਂਟ ਦੇ ਰੂਪ ਵਿੱਚ ਪੇਸ਼ ਕੀਤੇ ਪੈਸੇ ਦੇ ਬਦਲੇ ਟੋਲ/ਫੀਸ ਇੱਕਠਾ ਕਰਨ ਦਾ ਅਧਿਕਾਰ ਅਜਿਹੀਆਂ ਪਾਰਟੀਆਂ ਨੂੰ ਸਮੇਂ ਦੀ ਨਿਰਧਾਰਤ ਅਵਧੀ ਲਈ ਦਿੱਤਾ ਜਾਂਦਾ ਹੈ। ਅਜਿਹੇ ਪ੍ਰਬੰਧਾਂ ਨੂੰ ਆਈ ਐਸ ਐਕਟ ਦੀ ਧਾਰਾ 2(16) ਅਧੀਨ ਲੀਜ਼ ਕਰਾਰ ਦਿੱਤਾ ਜਾਂਦਾ ਹੈ ਅਤੇ ਅਸ਼ਟਾਮ ਡਿਊਟੀ ਦੇ ਯੋਗ ਹੁੰਦੇ ਹਨ, ਜਿਸ ਨੂੰ ਆਈ ਐਸ ਐਕਟ ਦੀ ਅਨੁਸੂਚੀ I-ਏ ਦੇ ਇੰਦਰਾਜ 35 ਵਿੱਚ ਨਿਰਧਾਰਤ ਰੇਟ ਅਨੁਸਾਰ, ਰਾਖਵਾਂ ਸਲਾਨਾ ਔਸਤ ਕਿਰਾਇਆ, ਕਿਰਾਏ ਦੇ ਨਾਲ-ਨਾਲ ਪੇਸ਼ਗੀ ਦਿੱਤਾ ਪੈਸਾ, ਜੁਰਮਾਨਾ ਜਾਂ ਅਦਾ ਕੀਤਾ ਪ੍ਰੀਮੀਅਮ ਅਤੇ ਲੀਜ਼ ਦੀ ਮਿਆਦ ਉੱਤੇ ਵਿਚਾਰ ਕਰਦੇ ਹੋਏ ਲਗਾਇਆ ਜਾਂਦਾ ਹੈ। ਅੱਗੇ, ਆਈ ਐਸ ਐਕਟ ਦੀ ਧਾਰਾ 29(ਸੀ) ਵਿਵਸਥਾ ਕਰਦੀ ਹੈ ਕਿ ਅਸ਼ਟਾਮ ਡਿਊਟੀ ਉੱਤੇ ਖਰਚੇ ਲੈਜ਼ੀ ਨੂੰ ਸਹਿਣੇ ਪੈਣਗੇ ਜਦ ਤੱਕ ਕਿ ਇਸਦੇ ਉਲਟ ਕੋਈ ਸਮਝੋਤਾ ਨਹੀਂ ਹੁੰਦਾ ।

"ਰਜਿਸਟ੍ਰੇਸ਼ਨ ਐਕਟ 1908" ਦੀ ਧਾਰਾ 17 ਅਨੁਸਾਰ ਸਾਲ-ਦਰ-ਸਾਲ ਜਾਂ ਕੋਈ ਵੀ ਮਿਆਦ ਇੱਕ ਸਾਲ ਤੋਂ ਵੱਧ ਜਾਂ ਸਲਾਨਾ ਕਿਰਾਇਆ ਰਾਖਵੀਂ ਕਰਦੀ ਅਚੱਲ ਜਾਇਦਾਦ ਦੀ ਲੀਜ਼ ਨਿਰਧਾਰਤ ਰਜਿਸਟ੍ਰੇਸ਼ਨ ਫੀਸ ਦੀ ਅਦਾਇਗੀ ਤੇ ਲਾਜ਼ਮੀ ਤੌਰ ਉੱਤੇ ਰਜਿਸਟਰ ਕਰਨ ਯੋਗ ਹੈ।

ਲੀਜ਼ ਡੀਡਜ਼ ਉੱਤੇ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਲਗਾਉਣ ਅਤੇ ਇੱਕਠਾ ਕਰਨ ਦੀ ਉਚਿਤਤਾ ਅਤੇ ਪ੍ਰਭਾਵ ਦਾ ਮੁਲਾਂਕਣ ਕਰਨ ਲਈ, "ਲੀਜ਼ ਡੀਡਜ਼ ਉੱਤੇ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਲਗਾਉਣਾ ਅਤੇ ਇੱਕਠਾ ਕਰਨ" ਦਾ ਆਡਿਟ ਅਪ੍ਰੈਲ 2019 ਅਤੇ ਦਸੰਬਰ 2019 ਵਿੱਚਕਾਰ ਕੀਤਾ ਗਿਆ ਸੀ। ਆਡਿਟ ਨੇ ਸਰਕਾਰੀ ਵਿਭਾਗਾਂ/ਸੰਸਥਾਵਾਂ ਦੁਆਰਾ ਪ੍ਰਾਈਵੇਟ ਪਾਰਟੀਆਂ ਨਾਲ ਕੀਤੇ ਸਮਝੌਤਿਆਂ ਦੇ ਵੇਰਵੇ ਅਤੇ ਕਾਪੀਆਂ ਪੰਜਾਬ ਬੁਨਿਆਦੀ ਵਿਕਾਸ ਬੋਰਡ (ਪੀ ਆਈ ਡੀ ਬੀ)[13], ਨੈਸ਼ਨਲ ਹਾਈਵੇਜ਼ ਅਥਾਰਟੀ ਆੱਫ ਇੰਡੀਆ (ਐਨ ਐਚ ਏ ਆਈ) ਦਾ ਪੰਜਾਬ[14] ਲਈ ਖੇਤਰੀ ਦਫਤਰ, ਅਨਾਜ ਖਰੀਦ ਏਜੰਸੀਆਂ[15], ਲੋਕਲ ਬਾਡੀਜ਼[16], ਬੈਂਕਾਂ[17], ਯੂਨੀਵਰਸਿਟੀਆਂ[18], ਵਿਕਾਸ ਅਥਾਰਟੀਆਂ[19] ਅਤੇ ਸਰਕਾਰੀ ਵਿਭਾਗਾਂ[20] ਤੋਂ ਪ੍ਰਾਪਤ ਕੀਤੀਆਂ ਅਤੇ ਅਸ਼ਟਾਮ ਡਿਊਟੀ ਦੀ ਪੂਰਤੀ ਲਈ ਪੜਤਾਲ ਕੀਤੀ। ਆਡਿਟ ਨੇ ਪ੍ਰੋਬਾਬੀਲੀਟੀ ਪ੍ਰੋਪੋਰਸ਼ਨਲ

---

[12] ਬਿਲਡ, ਓਪਰੇਟ ਅਤੇ ਟ੍ਰਾਂਸਫਰ (ਬੀ ਓ ਟੀ) ਸਮਝੌਤਿਆਂ ਵਿੱਚ ਸਰਕਾਰ ਕਿਸੇ ਪ੍ਰੋਜੈਕਟ ਨੂੰ ਵਿੱਤ, ਨਿਰਮਾਣ ਅਤੇ ਸੰਚਾਲਣ ਲਈ ਇੱਕ ਨਿਰਧਾਰਤ ਅਵਧੀ ਲਈ ਇੱਕ ਨਿਜੀ ਪਾਰਟੀ ਨੂੰ ਰਿਆਇਤ ਦਿੰਦੀ ਹੈ। ਰਿਆਇਤ ਪ੍ਰੋਜੇਕਟ ਦੀ ਵਰਤੋਂ ਕਰਨ ਲਈ ਜਨਤਾ ਤੋਂ ਟੋਲ, ਫੀਸ ਵਸੂਲਣ ਦੇ ਅਧਿਆਰ ਦੇ ਰੂਪ ਵਿੱਚ ਹੁੰਦੀ ਹੈ। ਰਿਆਇਤ ਦੀ ਮਿਆਦ ਤੋਂ ਬਾਅਦ, ਪ੍ਰੋਜੈਕਟ ਸਰਕਾਰ ਨੂੰ ਵਾਪਸ ਕਰ ਦਿੱਤਾ ਜਾਂਦਾ ਹੈ।

[13] ਪੰਜਾਬ ਵਿੱਚ ਪੀ ਪੀ ਪੀ ਪ੍ਰੋਜੈਕਟਾਂ ਲਈ, ਸਟੇਟ ਨੋਡਲ ਏਜੰਸੀ। ਪੰਜਾਬ ਸਰਕਾਰ ਦੇ ਸਾਰੇ ਪੀ ਪੀ ਪੀ ਸਮਝੋਤੇ ਬੋਰਡ ਦੁਆਰਾ ਸੁਵਿਧਾਜਨਕ ਹੁੰਦੇ ਹਨ।

[14] ਪੰਜਾਬ ਵਿੱਚ ਸੜਕਾਂ ਬਣਾਉਣ ਲਈ ਨੈਸ਼ਨਲ ਹਾਈਵੇਜ਼ ਦੀ ਨੋਡਲ ਏਜੰਸੀ।

[15] ਪੰਜਾਬ ਅਨਾਜ ਖਰੀਦ ਕਾਰਪੋਰੇਸ਼ਨ ਲਿਮਟਿਡ (ਪੰਨਗਰੇਨ), ਪੰਜਾਬ ਰਾਜ ਸਿਵਲ ਸਪਲਾਈਜ਼ (ਪੱਨਸਪੱ), ਪੰਜਾਬ ਰਾਜ ਗੁਦਾਮ ਕਾਰਪੋਰੇਸ਼ਨ (ਪੀ ਐਸ ਡਬਲਯੂ ਸੀ), ਪੰਜਾਬ ਐਗਰੋ ਫੂਡ ਗਰੇਨਜ਼ ਕਾਰਪੋਰੇਸ਼ਨ (ਪੀ ਏ ਐਫ ਸੀ)।

[16] ਛੇ ਜ਼ਿਲ੍ਹਿਆਂ (ਅੰਮ੍ਰਿਤਸਰ, ਜਲੰਧਰ, ਕਪੂਰਥਲਾ, ਲੁਧਿਆਣਾ, ਰੂਪਨਗਰ, ਐਮ ਏ ਐਸ ਨਗਰ) ਤੋਂ 49 ਐਮ ਸੀਜ਼।

[17] ਬੈਂਕ ਆਫ ਇੰਡੀਆ, ਬੈਂਕ ਆਫ ਮਹਾਰਾਸ਼ਟਰਾ, ਕੈਨਰਾ ਬੈਂਕ, ਸੈਂਟਰਲ ਬੈਂਕ ਆਫ ਇੰਡੀਆ, ਪੰਜਾਬ ਨੈਸ਼ਨਲ ਬੈਂਕ, ਪੰਜਾਬ ਐਂਡ ਸਿੰਧ ਬੈਂਕ, ਭਾਰਤੀ ਸਟੇਟ ਬੈਂਕ, ਯੂਨਾਈਟਡ ਕਮਰਸ਼ੀਅਲ ਬੈਂਕ।

[18] ਗੁਰੂ ਅੰਗਦ ਦੇਵ ਯੂਨੀਵਰਸਿਟੀ ਅਤੇ ਪਸ਼ੂ ਵਿਗਿਆਨ ਯੂਨੀਵਰਸਿਟੀ ਲੁਧਿਆਣਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਆਈ ਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ।

[19] ਅੰਮ੍ਰਿਤਸਰ ਵਿਕਾਸ ਅਥਾਰਟੀ, ਗ੍ਰੇਟਰ ਲੁਧਿਆਣਾ ਏਰੀਆ ਵਿਕਾਸ ਅਥਾਰਟੀ, ਗ੍ਰੇਟ ਮੋਹਾਲੀ ਏਰੀਆ ਵਿਕਾਸ ਅਥਾਰਟੀ, ਜਲੰਧਰ ਵਿਕਾਸ ਅਥਾਰਟੀ।

[20] ਮੈਡੀਕਲ ਸਿੱਖਿਆਂ ਅਤੇ ਖੋਜ ਵਿਭਾਗ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਮੱਛੀ ਪਾਲਣ।

ਨੂੰ ਸਾਈਜ਼ (ਪੀ ਪੀ ਐਸ) ਢੰਗ ਨਾਲ ਚੁਣੇ ਗਏ ਛੇ[21] ਜ਼ਿਲ੍ਹਿਆਂ ਦੇ 39[22] ਐਸ ਆਰਜ਼/ਜੇ ਐਸ ਆਰਜ਼ ਦੇ ਰਿਕਾਰਡਾਂ ਦੀ ਪੜਤਾਲ ਵੀ ਕੀਤੀ। 2016-17 ਤੋਂ 2018-19 ਦੀ ਮਿਆਦ ਦੇ ਵਿੱਚਕਾਰ ਰਜਿਸਟਰ ਕੀਤੀਆਂ ਸਾਰੀਆਂ 3,893 ਲੀਜ਼ ਡੀਡਜ਼ ਦੀ ਜਾਂਚ ਕੀਤੀ ਗਈ।

ਸਰਕਾਰੀ ਵਿਭਾਗਾਂ/ਸੰਸਥਾਵਾਂ ਅਤੇ ਪ੍ਰਾਈਵੇਟ ਪਾਰਟੀਆਂ ਦੇ ਵਿੱਚਕਾਰ ਹੋਏ ਲੀਜ਼ ਸਮਝੌਤਿਆਂ ਅਤੇ ਸਮਝੌਤੇ ਜੋ ਕਿ ਐਸ ਆਰਜ਼/ਜੇ ਐਸ ਆਰਜ਼ ਕੋਲ ਰਜਿਸਟਰ ਹੋਏ ਦੀ ਪੜਤਾਲ ਨੇ 1,964 ਕੇਸਾਂ ਵਿੱਚ ₹ 59.83 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਵਿੱਚ ਬੇਨਿਯਮਿਆਂ ਦਾ ਖੁਲਾਸਾ ਕੀਤਾ, ਜਿਸ ਦੀ ਅੱਗੇ ਦਿੱਤੇ ਗਏ ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ:

### 4.7.2 ਲੀਜ਼ ਵਿਲੇਖਾਂ ਦੇ ਮੋਹਰ ਲਗਾਉਣ ਵਿੱਚ ਕਮੀਆਂ

ਆਈ ਐਸ ਐਕਟ ਦੀ ਧਾਰਾ 33(1) ਸਾਰੇ ਜਨਤਕ ਅਧਿਕਾਰੀਆਂ ਨੂੰ ਡਿਊਟੀ ਲਈ ਚਾਰਜਯੋਗ ਵਿਲੇਖਾਂ ਨੂੰ ਇੰਪਾਊਂਡ ਕਰਨ ਦੀ ਵਿਵਸਥਾ ਕਰਦੀ ਹੈ ਜੋ ਸਹੀ ਤਰ੍ਹਾਂ ਮੋਹਰਿਤ ਨਹੀਂ ਸਨ, ਅਤੇ ਜਿਹੜੇ ਉਨ੍ਹਾਂ ਦੇ ਕਾਰਜਾਂ ਦੇ ਪ੍ਰਦਰਸ਼ਨ ਦੇ ਦੌਰਾਨ ਪ੍ਰਸਤੁਤ ਕੀਤੇ ਜਾਂਦੇ ਹਨ ਜਾਂ ਉਨ੍ਹਾਂ ਦੇ ਸਾਹਮਣੇ ਆਉਂਦੇ ਹਨ।

ਸਰਕਾਰੀ ਵਿਭਾਗਾਂ/ਸੰਸਥਾਵਾਂ ਅਤੇ ਪ੍ਰਾਈਵੇਟ ਪਾਰਟੀਆਂ ਵਿਚਕਾਰ ਬਣਾਏ 1,800 ਲੀਜ਼ ਵਿਲੇਖਾਂ ਨਾਲ ਸਬੰਧਤ ਸਮਝੌਤਿਆਂ ਅਤੇ ਸੂਚਨਾ ਨੇ ਖੁਲਾਸਾ ਕੀਤਾ ਕਿ 1,720 ਲੀਜ਼ ਸਮਝੌਤੇ ਮੋਹਰਿਤ ਨਹੀ ਸਨ। ਜਨਤਕ ਅਧਿਕਾਰੀਆਂ ਨੇ ਨਾਕਾਫੀ ਮੋਹਰਿਤ ਵਿਲੇਖਾਂ ਨੂੰ ਇੰਪਾਊਂਡ ਨਹੀਂ ਕੀਤਾ ਅਤੇ ਅਸ਼ਟਾਮ ਡਿਊਟੀ ਦੇ ਮੁਲਾਂਕਣ ਲਈ ਕੁਲੈਕਟਰ ਨੂੰ ਨਹੀਂ ਭੇਜਿਆ। ਜਨਤਕ ਅਧਿਕਾਰੀਆਂ ਅਤੇ ਬੈਂਕਾਂ ਨੇ ਇਹ ਯਕੀਨੀ ਨਹੀਂ ਬਣਾਇਆ ਕਿ ਲੀਜ਼ ਸਮਝੌਤੇ ਠੀਕ ਤਰ੍ਹਾਂ ਨਾਲ ਮੋਹਰਿਤ ਸਨ। ਇਸ ਦੇ ਨਤੀਜੇ ਵਜੋਂ ਹੇਠਾਂ ਦਰਸਾਏ ਪੈਰ੍ਹਿਆਂ ਅਨੁਸਾਰ ₹ 59.42 ਕਰੋੜ ਦੀ ਅਸ਼ਟਾਮ ਡਿਊਟੀ ਨਹੀਂ ਲਗਾਈ ਗਈ ਅਤੇ ਕਾਨੂੰਨੀ ਪ੍ਰਭਾਵ ਪੈ ਸਕਦੇ ਹਨ ਕਿਉਂਕਿ ਸਟੈਂਪ ਨਾ ਲੱਗੇ ਵਿਲੇਖ ਕਾਨੂੰਨ ਦੀਆਂ ਅਦਾਲਤਾਂ ਵਿੱਚ ਮੰਨਣਯੋਗ ਨਹੀਂ ਹਨ। ਇਸ ਤਰ੍ਹਾਂ, ਸਰਕਾਰ ਦੇ ਹੱਕ ਕਾਨੂੰਨੀ ਤੌਰ ਤੇ ਸੁਰੱਖਿਅਤ ਅਤੇ ਲਾਗੂ ਨਹੀਂ ਹੋ ਸਕਦੇ।

4.7.2.1 **ਰਿਆਇਤੀ ਸਮਝੌਤੇ**: ਪੰਜਾਬ ਸਰਕਾਰ ਦੇ ਸੱਤ[23] ਵਿਭਾਗਾਂ/ਸੰਸਥਾਵਾਂ/ਕਾਰਪੋਰੇਸ਼ਨਾਂ ਅਤੇ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ (ਐਨ ਐਚ ਏ ਆਈ) ਨੇ 2004-05 ਅਤੇ 2016-17 ਵਿਚਕਾਰ ਪੀ ਪੀ ਪੀ ਮੋਡ ਉੱਤੇ 29 ਰਿਆਇਤੀ ਸਮਝੌਤੇ ਪ੍ਰਾਇਵੇਟ ਪਾਰਟੀਆਂ ਨਾਲ ਸੜਕਾਂ, ਮੈਡੀਕਲ ਅਤੇ ਤਕਨੀਕੀ ਸੰਸਥਾਵਾਂ, ਹਸਪਤਾਲਾਂ, ਬੱਸ ਟਰਮੀਨਲਾਂ ਅਤੇ ਟੂਰਿਸਟ ਕੰਪਲੈਕਸਾਂ ਦੇ ਵਿਕਾਸ ਅਤੇ ਰੱਖ-ਰਖਾਵ ਲਈ ਕੀਤੇ। ਇਨ੍ਹਾਂ ਵਿੱਚੋ, 28 ਸਮਝੋਤੇ ਮੋਹਰਿਤ ਨਹੀਂ ਸਨ। ਅਸੀਂ ਦੇਖਿਆ ਕਿ ₹ 499.37 ਕਰੋੜ ਦੀ ਅੱਪਫਰੰਟ ਫੀਸ ਅਤੇ ₹ 178.61 ਕਰੋੜ ਦੀ ਔਸਤ ਸਲਾਨਾ ਰਿਆਇਤੀ ਫੀਸ ਦੇ ਬਦਲੇ ਪ੍ਰਾਈਵੇਟ ਪਾਰਟੀਆਂ ਨੂੰ 5 ਤੋਂ 99 ਸਾਲਾਂ ਦੀ ਮਿਆਦ ਦੇ ਵਿਚਕਾਰ ਟੋਲ ਫੀਸਾਂ, ਕਿਰਾਇਆ, ਯੂਜ਼ਰ ਚਾਰਜਿਜ ਦੀ ਉਗਰਾਹੀ ਦੇ ਅਧਿਕਾਰ ਦਿੱਤੇ ਗਏ ਸਨ।

---

21 ਅੰਮ੍ਰਿਤਸਰ (5), ਜਲੰਧਰ (9), ਕਪੂਰਥਲਾ (4), ਲੁਧਿਆਣਾ (12), ਰੂਪਨਗਰ (4), ਐਸ ਏ ਐਸ ਨਗਰ (5)

22 ਆਦਮਪੁਰ, ਅਜਨਾਲਾ, ਅੰਮ੍ਰਿਤਸਰ-I, ਅੰਮ੍ਰਿਤਸਰ-2, ਆਨੰਦਪੁਰ ਸਾਹਿਬ, ਬਾਬਾ ਬਕਾਲਾ, ਭੁਲੱਥ, ਚਮਕੌਰ ਸਾਹਿਬ, ਦੇਹਲੋ, ਡੇਰਾ ਬੱਸੀ, ਗੋਰਾਇਆ, ਜਗਰਾਓਂ, ਜਲੰਧਰ-I, ਜਲੰਧਰ-2, ਕਪੂਰਥਲਾ, ਕਰਤਾਰਪੁਰ, ਖੰਨਾ, ਖਰੜ, ਕੂਮਕਲਾਂ, ਲੁਧਿਆਣਾ (ਕੇਂਦਰੀ), ਲੁਧਿਆਣਾ (ਪੂਰਵ), ਲੁਧਿਆਣਾ (ਪੱਛਮ), ਮਜ਼ੀਠਾ, ਮਾਜਰੀ, ਮਲੌਦ, ਐਸ ਏ ਐਸ ਨਗਰ, ਮੁੱਲਾਂਪੁਰ ਦਾਖਾ, ਨਕੋਦਰ, ਨੰਗਲ, ਨੂਰਮਹਿਲ, ਪਾਇਲ, ਫਗਵਾੜਾ, ਫਿਲੋਰ ਗਏਕੋਟ, ਰੂਪਨਗਰ, ਸਮਰਾਲਾ, ਸ਼ਾਹਕੋਟ, ਸੁਲਤਾਨਪੁਰ ਲੋਧੀ, ਜ਼ੀਰਕਪੁਰ

23 ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ (ਪੰਜਾਬ ਖੇਤਰ), ਪੰਜਾਬ ਹੈਲਥ ਸਿਸਟਮ ਕਰਪੋਰੇਸ਼ਨ, ਪੰਜਾਬ ਵਿਰਾਸਤ ਅਤੇ ਟੂਰਿਜ਼ਮ ਪ੍ਰੋਮੋਸ਼ਨ ਬੋਰਡ, ਪੰਜਾਬ ਸਟੇਟ ਪਾਵਰ ਕਰਪੋਰੇਸ਼ਨ ਲਿਮਟਿਡ, ਪੰਜਾਬ ਸ਼ਹਿਰੀ ਵਿਕਾਸ ਅਥਾਰਟੀ।

ਸਮਝੌਤਿਆਂ ਦੇ ਅਨੁਸਾਰ, ਇਹ ਸਮਝੌਤੇ ਆਈ ਐਸ ਐਕਟ ਦੀ ਧਾਰਾ 2(16) ਦੇ ਦਾਇਰੇ ਵਿੱਚ ਲੀਜ਼ ਸਮਝੌਤੇ ਸਨ ਅਤੇ ਅਸ਼ਟਾਮ ਡਿਊਟੀ ਦੇ ਯੋਗ ਸਨ, ਹਾਲਾਂਕਿ, ਅਸ਼ਟਾਮ ਡਿਊਟੀ ਅਦਾ ਨਹੀ ਕੀਤੀ ਗਈ ਸੀ। ਇਸ ਨੇ ਰਾਜ ਸਰਕਾਰ ਨੂੰ ਹੇਠਾਂ **ਸਾਰਣੀ** 4.2 ਵਿੱਚ ਦਿੱਤੇ ਅਨੁਸਾਰ ₹ 36.05 ਕਰੋੜ ਦੀ ਅਸ਼ਟਾਮ ਡਿਊਟੀ ਦੇ ਮਾਲੀਏ ਤੋਂ ਵਾਂਝਾ ਕਰ ਦਿੱਤਾ:

**ਸਾਰਣੀ 4.2: ਰਿਆਇਤੀ ਸਮਝੌਤਿਆਂ ਉੱਤੇ ਅਸ਼ਟਾਮ ਡਿਊਟੀ ਦੀ ਨਾ-ਅਦਾਇਗੀ**

| ਲੜੀ ਨੰ. | ਵਿਭਾਗ/ ਸੰਸਥਾ ਦਾ ਨਾ | ਸਮਝੌਤੇ | | ਸਮਝੌਤੇ ਦਾ ਉਦੇਸ਼ | ( ₹ ਕਰੋੜ ਵਿੱਚ ) | | | | |
|---|---|---|---|---|---|---|---|---|---|
| | | ਕੁੱਲ | ਆਡਿਟ ਵਿੱਚ ਇਤਰਾਜ਼ ਕੀਤੇ | | ਅਪਫਰੰਟ ਫੀਸ | ਔਸਤ ਸਲਾਨਾ ਰਿਆਇਤੀ ਫੀਸ | ਐਸ ਡੀ ਅਦਾਇਗੀ ਯੋਗ | ਐਸ ਡੀ ਅਦਾ ਕੀਤੀ | ਘੱਟ ਲਗਾਈ |
| 1 | ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ | 1 | 1 | ਮੈਡੀਕਲ ਸੰਸਥਾ ਦਾ ਵਿਕਾਸ | 131.00 | 116.45 | 17.90 | 0.00 | 17.90 |
| 2 | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ | 11 | 11 | ਉਦਯੋਗਿਕ ਸਿਖਲਾਈ ਸੰਸਥਾਵਾਂ ਦਾ ਵਿਕਾਸ | 0.00 | 0.82 | 0.10 | 0.00 | 0.10 |
| 3 | ਨੈਸ਼ਨਲ ਹਾਈਵੇਜ਼ ਅਥਾਰਟੀ ਆੱਫ ਇੰਡੀਆ (ਐਨ ਐਚ ਏ ਆਈ) | 2 | 2 | ਸੜਕਾਂ ਦਾ ਵਿਕਾਸ | 304.30 | 0.00 | 9.13 | 0.00 | 9.13 |
| 4 | ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ | 2 | 2 | ਹਸਪਤਾਲ ਦਾ ਵਿਕਾਸ | 6.32 | 0.00 | 0.19 | 0.00 | 0.19 |
| 5 | ਪੰਜਾਬ ਵਿਰਾਸਤ ਅਤੇ ਟੂਰਿਜ਼ਮ ਪਮ੍ਰੋਸ਼ਨ ਬੋਰਡ | 9 | 8 | ਟੂਰਿਸਟ ਕੰਪਲੈਕਸ ਦਾ ਵਿਕਾਸ | 0.75 | 5.68 | 0.34 | 0.00 | 0.34 |
| 6 | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ ਐਸ ਪੀ ਸੀ ਐਲ) | 1 | 1 | 5- ਸਟਾਰ ਹੋਟਲ ਦਾ ਵਿਕਾਸ | 0.00 | 3.20 | 0.38 | 0.00 | 0.38 |
| 7 | ਪੰਜਾਬ ਸ਼ਹਿਰੀ ਵਿਕਾਸ ਅਥਾਰਟੀ (ਪੁਡਾ) | 3 | 3 | ਬੱਸ ਟਰਮਿਨਲਾਂ, 5-ਸਟਾਰ, 3-ਸਟਾਰ ਹੋਟਲ ਦਾ ਵਿਕਾਸ | 57.00 | 52.46 | 8.01 | 0.00 | 8.01 |
| **ਕੁਲ** | | **29** | **28** | | **499.37** | **178.61** | **36.05** | **0.00** | **36.05** |

ਪ੍ਰਬੰਧ ਨਿਰਦੇਸ਼ਕ, ਪੀ ਆਈ ਡੀ ਬੀ, ਜੋ ਪੰਜਾਬ ਵਿੱਚ ਪੀ ਪੀ ਪੀ ਪ੍ਰੋਜੈਕਟਾਂ ਲਈ ਨੋਡਲ ਏਜੰਸੀ ਹੈ, ਨੇ ਜਵਾਬ ਦਿੱਤਾ (ਫਰਵਰੀ 2020) ਕਿ ਸਟੈਂਪ ਐਕਟ ਦੀ ਧਾਰਾ 3 ਅਨੁਸਾਰ ਸਰਕਾਰ ਦੁਆਰਾ, ਜਾਂ ਤਰਫੋਂ, ਜਾਂ ਹੱਕ ਵਿੱਚ ਬਣਾਏ ਗਏ ਵਿਲੇਖਾਂ ਦੇ ਸਬੰਧ ਵਿੱਚ ਕੋਈ ਡਿਊਟੀ ਲੱਗਣਯੋਗ ਨਹੀਂ ਸੀ। ਜਵਾਬ ਮੰਨਣਯੋਗ ਨਹੀਂ ਸੀ ਕਿਉਂਕਿ ਉਕਤ ਛੂਟ ਸਿਰਫ ਉਦੋਂ ਹੀ ਲਾਗੂ ਸੀ ਜਦੋਂ ਅਸ਼ਟਾਮ

ਡਿਊਟੀ ਅਦਾ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਸੀ ਜਦਕਿ ਇਨ੍ਹਾਂ ਕੇਸਾਂ ਵਿੱਚ ਡਿਊਟੀ ਪ੍ਰਾਈਵੇਟ ਪਾਰਟੀਆਂ ਵਲੋਂ ਅਦਾਇਗੀ ਯੋਗ ਸੀ।

4.7.2.2 **ਲੀਜ਼ ਸਮਝੌਤੇ**: ਸਰਕਾਰੀ ਵਿਭਾਗਾਂ, ਯੂਨੀਵਰਸਿਟੀਆਂ ਅਤੇ ਟੈਲੀਕਾਮ ਆਪਰੇਟਰਾਂ ਨੇ ਵੱਖ-ਵੱਖ ਉਦੇਸ਼ਾਂ ਲਈ 1,543 ਲੀਜ਼ ਸਮਝੌਤੇ ਬਣਾਏ, ਜਿਨ੍ਹਾਂ ਵਿੱਚੋਂ, 1,470 ਲੀਜ਼ ਸਮਝੌਤੇ ਰਜਿਸਟਰ ਨਹੀਂ ਕੀਤੇ ਗਏ ਸਨ। ਇਸ ਨਾਲ ਰਾਜ ਸਰਕਾਰ ਨੂੰ ਹੇਠਾਂ ਦਰਸਾਏ ਅਨੁਸਾਰ ₹ 20.96 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਦੇ ਮਾਲੀਏ ਤੋਂ ਵਾਂਝਾ ਕਰ ਦਿੱਤਾ ਗਿਆ:

(i) ਪੰਜਾਬ ਰਾਜ ਜੰਗਲਾਤ ਵਿਭਾਗ ਨੇ ਪੰਜਾਬ ਰਾਜ ਜੰਗਲਾਤ ਵਿਕਾਸ ਕਾਰਪੋਰੇਸ਼ਨ (ਪੀ ਐਸ ਐਫ ਡੀ ਸੀ) ਨਾਲ ਇਕ ਐਮ ਓ ਯੂ ਸਾਈਨ ਕੀਤਾ ਜਿਸ ਵਿੱਚ ₹ 6.20 ਕਰੋੜ ਦੇ ਬਦਲੇ ਪੀ ਐਸ ਐਫ ਡੀ ਸੀ ਨੂੰ ਜ਼ਿੰਦਗੀ ਭਰ ਲਈ ਦਫਤਰ ਦਾ ਨੌਂ ਪ੍ਰਤੀਸ਼ਤ ਦਾ ਵਿਸ਼ੇਸ ਅਧਿਕਾਰ ਦਿੱਤਾ ਜੋ ਕਿ ਪੂਰੇ ਦਫਤਰ ਦੇ ਨਿਰਮਾਣ ਦੀ ਲਾਗਤ ਦਾ ਨੌਂ ਪ੍ਰਤੀਸ਼ਤ ਸੀ। ਐਮ ਓ ਯੂ ਵਿੱਚ ਲੀਜ਼ ਦਾ ਤੱਤ ਸੀ ਅਤੇ ਇਸ ਤਰ੍ਹਾਂ ਮੰਨਣ ਦੀ ਜ਼ਰੂਰਤ ਸੀ, ਜਿਸ ਉੱਤੇ ₹ 18.60 ਲੱਖ ਦੀ ਅਸ਼ਟਾਮ ਡਿਊਟੀ ਅਤੇ ₹ 2.00 ਲੱਖ ਦੀ ਰਜਿਸਟ੍ਰੇਸ਼ਨ ਫੀਸ ਅਦਾਇਗੀ ਯੋਗ ਸੀ, ਜਦ ਕਿ ਐਮ ਓ ਯੂ ਨੂੰ ₹ 50 ਦੇ ਸਟੈਂਪ ਪੇਪਰ ਉੱਤੇ ਬਣਾਇਆ ਗਿਆ ਅਤੇ ਰਜਿਸਟਰ ਨਹੀਂ ਕੀਤਾ ਗਿਆ।

(ii) 29[24] ਵਿੱਚੋਂ 14 ਨਗਰ ਨਿਗਮਾਂ ਵਿੱਚ, 22 ਟੈਲੀਕਾਮ ਆਪਰੇਟਰਾਂ ਨੇ 2004-05 ਤੋਂ 2018-19 ਤੱਕ ਦੇ ਸਾਲਾਂ ਦੌਰਾਨ 268 ਲੀਜ਼ ਸਮਝੌਤੇ 10 ਤੋਂ 20 ਸਾਲ ਦੀ ਮਿਆਦ ਦੇ ਲਈ ਦੂਰਸੰਚਾਰ ਟਾਵਰ ਲਗਾਉਣ ਲਈ ਲੀਜ਼ ਉੱਤੇ ਜਗ੍ਹਾ ਲੈਣ ਲਈ ਕੀਤੇ। ਹਾਲਾਂਕਿ, 268 ਵਿੱਚੋ 210 ਸਮਝੌਤੇ ਰਜਿਸਟਰ ਨਹੀਂ ਕੀਤੇ ਗਏ ਸਨ, ਜਿਨ੍ਹਾਂ ਉੱਤੇ ₹ 20.18 ਲੱਖ ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਅਦਾਇਗੀ ਯੋਗ ਸੀ ਪਰ ਅਦਾ ਨਹੀਂ ਕੀਤੀ ਗਈ।

ਵੀਹ[25] ਐਮ ਸੀਜ਼ ਨੇ ਮੋਬਾਇਲ ਟਾਵਰਾਂ ਲਈ ਸੂਚਨਾ ਪ੍ਰਦਾਨ ਨਹੀਂ ਕੀਤੀ।

(iii) ਤਿੰਨ ਯੂਨੀਵਰਸਿਟੀਆਂ ਨੇ 2016-17 ਤੋਂ 2018-19 ਦੌਰਾਨ ਦੁਕਾਨਾਂ ਅਤੇ ਖੇਤੀਬਾੜੀ ਵਾਲੀ ਜ਼ਮੀਨ ਇੱਕ ਸਾਲ ਤੋਂ ਘੱਟ ਅਤੇ 33 ਸਾਲ ਤੱਕ ਦੀ ਅਵਧੀ ਲਈ ਲੀਜ਼ ਉੱਤੇ ਦੇਣ ਵਾਸਤੇ 33 ਸਮਝੌਤੇ ਕੀਤੇ। ਇਨ੍ਹਾਂ ਵਿੱਚੋਂ, 22 ਸਮਝੋਤੇ ਰਜਿਸਟਰ ਨਹੀਂ ਸਨ, ਜਿਨ੍ਹਾਂ ਉੱਤੇ ₹ 9.25 ਲੱਖ ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਅਦਾਇਗੀ ਯੋਗ ਸੀ ਪਰ ਅਦਾ ਨਹੀ ਕੀਤੀ ਗਈ।

ਇੱਕ[26] ਯੂਨੀਵਰਸਿਟੀ ਨੇ ਲੀਜ਼ ਸਮਝੌਤਿਆਂ ਦੀ ਸੂਚਨਾ ਪ੍ਰਦਾਨ ਨਹੀਂ ਕੀਤੀ ।

(iv) ਚਾਰ ਖਰੀਦ ਏਜੰਸੀਆਂ ਜਿਵੇਂ ਕਿ ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ (ਪੀ ਏ ਐਫ ਸੀ), ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ (ਪੱਨਗ੍ਰੇਨ), ਪੰਜਾਬ ਰਾਜ ਸਿਵਲ ਸਪਲਾਈ ਕਾਰਪੋਰੇਸ਼ਨ ਲਿਮਟਿਡ (ਪੱਨਸਪ) ਅਤੇ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ (ਪੀ ਐਸ ਡਬਲਯੂ ਸੀ) ਨੇ ਸਾਲ 2016-17 ਤੋਂ 2018-19 ਤੱਕ

---

24 ਚੁਣੇ ਗਏ ਛੇ ਜ਼ਿਲ੍ਹਿਆਂ ਵਿੱਚ ਕੁੱਲ 49 ਮਿਊਂਨਸਪਲ ਕਾਰਪੋਰੇਸ਼ਨ/ਮਿਊਂਨਸਪਲ ਕਾਊਸਲਾਂ ਵਿੱਚੋ, 29 ਐਮ ਸੀਜ਼ ਨੇ ਟਾਵਰ ਲਗਾਉਣ ਸਬੰਧੀ ਲੀਜ਼ ਸਮਝੋਤਿਆਂ ਬਾਰੇ ਸੂਚਨਾ ਪ੍ਰਦਾਨ ਕੀਤੀ। 29 ਐਸ ਸੀਜ਼ ਵਿੱਚੋ, 268 ਲੀਜ਼ ਸਮਝੋਤੇ ਸਿਰਫ 14 ਐਮ ਸੀਜ਼ ਵਿੱਚ ਬਣਾਏ ਗਏ ਸਨ।

25 ਅਲਵਾਲਪੁਰ, ਭੋਗਪੁਰ, ਭੁਲੱਥ, ਢਿਲਵਾਂ, ਜੰਡਿਆਲਾ ਗੁਰੂ, ਕਪੂਰਥਲਾ, ਖਰੜ, ਕੀਰਤਪੁਰਸਾਹਿਬ, ਕੁਰਾਲੀ, ਲੋਹੀਆਂ ਖਾਸ, ਮਜੀਠਾ, ਮਹਿਤਪੁਰ, ਮੁੱਲਾਂਪੁਰ ਦਾਖਾਂ, ਨਡਾਲਾ, ਨਵਾਂ ਗਾਓ, ਨੂਰ ਮਹਿਲ, ਨੁਰਪੁਰ ਬੇਦੀ, ਫਿਲੋਰ, ਰਾਜਾਸਾਂਸੀ, ਰਮਦਾਸ

26 ਆਈ ਕੇ ਗੁਜ਼ਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ ਜਲੰਧਰ।

ਅਨਾਜ ਦੇ ਭੰਡਾਰਨ ਲਈ ਪ੍ਰਾਈਵੇਟ ਪਾਰਟੀਆਂ ਨਾਲ ਭਾੜਾ ਸਮਝੌਤੇ ਕੀਤੇ। 1,241 ਲੀਜ਼ ਸਮਝੌਤਿਆਂ ਦੀ ਪੜਤਾਲ ਨੇ ਖੁਲਾਸਾ ਕੀਤਾ ਕਿ 1,237 ਸਮਝੌਤੇ ਰਜਿਸਟਰ ਨਹੀਂ ਸਨ ਜਿਨ੍ਹਾਂ ਉੱਤੇ ₹ 20.46 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਅਦਾਇਗੀਯੋਗ ਸੀ।

4.7.2.3 **ਪਾਰਕਿੰਗ ਸਾਇਟਾਂ**: 23 ਐਮ ਸੀਜ਼ ਵਿੱਚ ਆਡਿਟ ਪ੍ਰੀਖਿਆ ਨੇ ਖੁਲਾਸਾ ਕੀਤੀ ਕਿ ਦੋ[27] ਐਮ ਸੀਜ਼ ਨੇ 2016-17 ਤੋਂ 2018-19 ਦੌਰਾਨ ₹ 6.12 ਕਰੋੜ ਦੇ ਔਸਤ ਸਲਾਨਾ ਕਿਰਾਏ ਉੱਤੇ ਪਾਰਕਿੰਗ ਸਾਈਟਾਂ ਦੀ ਅਲਾਟਮੈਂਟ ਲਈ ਪ੍ਰਾਈਵੇਟ ਪਾਰਟੀਆਂ/ਵਿਅਕਤੀਆਂ ਨਾਲ 23 ਸਮਝੌਤੇ ਕੀਤੇ। ਲੀਜ਼ ਵਿਲੇਖ ਹੋਣ ਕਾਰਣ ਇਨ੍ਹਾਂ ਸਮਝੌਤਿਆਂ ਉੱਤੇ ₹ 24.40 ਲੱਖ ਦੀ ਅਸ਼ਟਾਮ ਡਿਊਟੀ ਅਦਾਇਗੀ ਯੋਗ ਸੀ, ਪਰ ਅਦਾ ਨਹੀਂ ਕੀਤੀ ਗਈ। ਇਸ ਨੇ ਰਾਜ ਸਰਕਾਰ ਨੂੰ ਹੇਠਾਂ **ਸਾਰਣੀ** 4.3 ਵਿੱਚ ਦਰਸਾਏ ਅਨੁਸਾਰ ਅਸ਼ਟਾਮ ਡਿਊਟੀ ਤੋਂ ਵਾਂਝਾ ਕਰ ਦਿੱਤਾ।

**ਸਾਰਣੀ 4.3: ਪਾਰਕਿੰਗ ਸਾਈਟਾਂ ਲੀਜ਼ ਕਰਨ ਵਾਲੇ ਸਮਝੌਤਿਆਂ ਉੱਤੇ ਅਸ਼ਟਾਮ ਡਿਊਟੀ ਦੀ ਨਾ-ਅਦਾਇਗੀ**

*(ਰਕਮ ₹ ਵਿੱਚ)*

| ਲੜੀ ਨੰ | ਐਮ ਸੀ | ਸਮਝੌਤਿਆਂ ਦੀ ਸੰਖਿਆ | ਔਸਤ ਸਲਾਨਾ ਕਿਰਾਇਆ | ਅਸ਼ਟਾਮ ਡਿਊਟੀ |
|---|---|---|---|---|
| 1 | ਖੰਨਾ | 4 | 62,92,000 | 2,50,480 |
| 2 | ਲੁਧਿਆਨਾ | 19 | 5,48,86,000 | 21,89,940 |
| **ਕੁੱਲ** | | **23** | **6,11,78,000** | **24,40,420** |

4.7.2.4 **ਕਿਰਾਇਆ ਡੀਡਜ਼**: ਬੈਂਕ ਆਪਣੇ ਅਧਿਕਾਰੀਆਂ ਨੂੰ ਰਿਹਾਇਸ਼, ਜਾਂ ਤਾਂ ਲੀਜ਼ ਉੱਤੇ ਪਲਾਟ/ਫਲੈਟ ਪ੍ਰਾਪਤ ਕਰਕੇ ਜਾਂ ਅਫਸਰਾਂ ਨੂੰ ਕਿਰਾਏ ਦੀ ਭਰਪਾਈ ਕਰਕੇ ਜੋ ਕਿ ਆਪਣੇ ਨਾਂ ਉੱਤੇ ਲੀਜ਼ ਉੱਪਰ ਪਲਾਟ/ਫਲੈਟ ਪ੍ਰਾਪਤ ਕਰਦੇ ਹਨ, ਪ੍ਰਦਾਨ ਕਰਦੇ ਹਨ।

ਦੋ ਬੈਂਕਾਂ ਦੀਆਂ ਚਾਰ[28] ਜੋਨਲ/ਖੇਤਰੀ ਬਰਾਂਚਾਂ ਤੋਂ ਪੰਜਾਬ ਵਿੱਚ ਲੀਜ਼ ਉਪਰ ਪਲਾਟ/ਫਲੈਟ ਪ੍ਰਾਪਤ ਕਰਨ ਲਈ ਬੈਂਕਾਂ ਜਾਂ ਉਨ੍ਹਾਂ ਦੇ ਅਫਸਰਾਂ ਦੁਆਰਾ ਕੀਤੇ ਗਏ ਲੀਜ਼ ਸਮਝੌਤੀਆਂ ਨਾਲ ਸਬੰਧਤ ਪ੍ਰਾਪਤ ਕੀਤੀ ਗਈ ਸੂਚਨਾ ਨੇ ਖੁਲਾਸਾ ਕੀਤੀ ਕਿ 128 ਲੀਜ਼ ਸਮਝੌਤੇ ਨਾ ਤਾਂ ਮਹੋਰਿਤ ਕੀਤੇ ਗਏ ਸਨ ਅਤੇ ਨਾ ਹੀ ਅਧਿਕਾਰ ਖੇਤਰ ਵਾਲੇ ਸਬ ਰਜਿਸਟਰਾਰਾਂ ਕੋਲ ਰਜਿਸਟਰ ਕੀਤੇ ਗਏ ਸਨ। ਇਸ ਨੇ ਰਾਜ ਸਰਕਾਰ ਨੂੰ ₹ 3.49 ਲੱਖ ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਤੋਂ ਵਾਂਝਾ ਕਰ ਦਿੱਤਾ।

ਅੱਠ ਬੈਂਕਾਂ ਦੇ 15 ਜੋਨਲ/ਖੇਤਰੀ ਬਰਾਂਚਾਂ[29] ਤੋਂ ਮੰਗੀ ਗਈ ਸਮਾਨ ਸੂਚਨਾ ਆਡਿਟ ਨੂੰ ਪ੍ਰਦਾਨ ਨਹੀਂ ਕੀਤੀ ਗਈ।

---

27 ਖੰਨਾ ਅਤੇ ਲੁਧਿਆਣਾ।

28 ਪੰਜਾਬ ਐਂਡ ਸਿੰਧ ਬੈਂਕ (ਜਲੰਧਰ, ਲੁਧਿਆਣਾ, ਪਟਿਆਲਾ), ਯੂਨਾਈਟਡ ਕਮਰਸ਼ੀਅਲ ਬੈਂਕ (ਚੰਡੀਗੜ੍ਹ)।

29 ਬੈਕਾਂ ਦੀਆਂ ਜੋਨਲ/ਖੇਤਰੀ ਬਰਾਚਾਂ ਜਿਨ੍ਹਾਂ ਨੇ ਸੂਚਨਾ ਪ੍ਰਦਾਨ ਨਹੀ ਕੀਤੀ:

| 1 | 2 | 3 | 4 | 5 | 6 | 7 | 8 |
|---|---|---|---|---|---|---|---|
| ਬੈਂਕ ਆਫ ਇੰਡੀਆ | ਬੈਂਕ ਆਫ ਮਹਾਰਸ਼ਟਰਾ | ਕੇਨੇਰਾ ਬੈਂਕ | ਸੈਂਟਰਲ ਬੈਂਕ ਆਫ ਇੰਡੀਆ | ਪੰਜਾਬ ਨੈਸ਼ਨਲ ਬੈਂਕ | ਪੰਜਾਬ ਐਂਡ ਸਿੰਧ ਬੈਂਕ | ਭਾਰਤੀ ਸਟੇਟ ਬੈਂਕ | ਯੂਨਾਈਟਡ ਕਮਰਸ਼ੀਅਲ ਬੈਂਕ |
| ਅੰਮ੍ਰਿਤਸਰ ਲੁਧਿਆਣਾ | ਚੰਡੀਗੜ੍ਹ | ਚੰਡੀਗੜ੍ਹ | ਚੰਡੀਗੜ੍ਹ | ਲੁਧਿਆਣਾ | ਅੰਮ੍ਰਿਤਸਰ ਬਠਿੰਡਾ, ਚੰਡੀਗੜ੍ਹ, ਫਰੀਦਕੋਟ ਹੁਸ਼ਿਆਰਪੁਰ | ਲੁਧਿਆਣਾ ਪਟਿਆਲਾ ਐਸ ਏ ਐਸ ਨਗਰ | ਜਲੰਧਰ |

4.7.2.5 **ਮੱਛੀ ਪਾਲਣ ਦੇ ਹੱਕ:** ਮੱਛੀ ਪਾਲਣ ਵਿਭਾਗ ਨੇ 2016-17 ਤੋਂ 2018-19 ਦੌਰਾਨ ਪ੍ਰਾਈਵੇਟ ਪਾਰਟੀਆਂ ਨੂੰ ਮੱਛੀ ਪਾਲਣ ਦੇ ਹੱਕਾਂ ਦੇ ਲੀਜ਼ ਦੇਣ ਲਈ ₹ 8.53 ਕਰੋੜ ਲਈ 36 ਲੀਜ਼ ਸਮਝੌਤੇ ਕੀਤੇ ਜਿਸ ਉੱਤੇ ₹ 34.74 ਲੱਖ ਦੀ ਅਸ਼ਟਾਮ ਡਿਊਟੀ ਅਦਾਇਗੀ ਯੋਗ ਸੀ, ਹਾਲਾਂਕਿ, ਕੋਈ ਵੀ ਸਮਝੌਤਾ ਮੋਹਰਿਤ ਨਹੀਂ ਸੀ। ਇਸ ਨਾਲ ਸਰਕਾਰ ਨੂੰ ₹ 34.74 ਲੱਖ ਦੀ ਅਸ਼ਟਾਮ ਡਿਊਟੀ ਤੋਂ ਵਾਂਝਾ ਕਰ ਦਿੱਤਾ ਗਿਆ।

ਕਾਰਜਕਾਰੀ ਇੰਜੀਨੀਅਰ, ਪ੍ਰੋਜੈਕਟ ਅਤੇ ਆਰ ਐਮ ਡਵੀਜਨ, ਰਣਜੀਤ ਸਾਗਰ ਡੈਮ (ਆਰ ਐਸ ਡੀ) ਸ਼ਾਹਪੁਰ ਕੰਡੀ ਟਾਊਨਸ਼ਿਪ (ਪਠਾਨਕੋਟ) ਨੇ ਆਰ ਐਸ ਡੀ ਜਲ ਭੰਡਾਰ (ਪੰਜਾਬ ਖੇਤਰ) ਤੋਂ ਸੰਬੰਧਿਤ 2016-17 ਤੋਂ 2018-19 ਦੌਰਾਨ ਮੱਛੀ ਪਾਲਣ ਦੇ ਹੱਕਾਂ ਦੀ ਬੋਲੀ ਦੀ ਸੂਚਨਾ ਪ੍ਰਦਾਨ ਨਹੀਂ ਕੀਤੀ।

4.7.2.6 **ਉਦਯੋਗਿਕ ਪਲਾਟਾਂ ਦੀ ਅਲਾਟਮੈਂਟ** : ਗ੍ਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਅਤੇ ਪੰਜਾਬ ਉਦਯੋਗਿਕ ਅਤੇ ਨਿਰਯਾਤ ਕਾਰਪੋਰੇਸ਼ਨ (ਪੀ ਐਸ ਆਈ ਈ ਸੀ) ਨੇ ਲੀਜ਼ ਹੋਲਡ ਅਧਾਰ ਤੇ ਉਦਯੋਗਿਕ ਪਲਾਟਾਂ ਦੀ ਅਲਾਟਮੈਂਟ ਵਿਰੁੱਧ 41 ਸਮਝੌਤੇ ਕੀਤੇ। ਇਨ੍ਹਾਂ ਵਿੱਚੋ, 34 ਲੀਜ਼ ਸਮਝੌਤੇ ਮੋਹਰਿਤ ਨਹੀਂ ਸਨ ਅਤੇ ਇੱਕ ਲੀਜ਼ ਸਮਝੌਤਾ ਨਾਕਾਫੀ ਮੋਹਾਰਿਤ ਸੀ। ਇਸਤੋਂ ਇਲਾਵਾ, ਇਹ ਸਮਝੌਤੇ ਰਜਿਸਟਰ ਨਹੀਂ ਕੀਤੇ ਗਏ ਸਨ। ਇਸ ਨਾਲ ਰਾਜ ਸਰਕਾਰ ਨੂੰ ਹੇਠਾਂ ਦਰਸਾਈ ਗਈ **ਸਾਰਣੀ** 4.4 ਅਨੁਸਾਰ ₹ 1.79 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਦੇ ਮਾਲੀਏ ਤੋਂ ਵਾਂਝਾ ਕਰ ਦਿੱਤਾ ਗਿਆ।

**ਸਾਰਣੀ 4.4: ਲੀਜ਼ ਹੋਲਡ ਅਧਾਰ ਤੇ ਉਦਯੋਗਿਕ ਪਲਾਟਾਂ ਦੀ ਅਲਾਟਮੈਂਟ ਉੱਤੇ ਐਸ ਡੀ ਅਤੇ ਆਰ ਐਫ ਦੀ ਨਾ-ਅਦਾਇਗੀ**

*(₹ ਲੱਖ ਵਿੱਚ)*

| ਲੜੀ ਨੰ. | ਵਿਭਾਗ ਦਾ ਨਾਮ | ਸਮਝੌਤੇ | | ਐਸ ਡੀ ਲਗਾਉਣ ਲਈ ਪ੍ਰੀਮੀਅਮ/ ਏ ਏ ਆਰ | ਅਦਾਇਗੀ ਯੋਗ | | ਅਦਾ ਕੀਤੀ | | ਘੱਟ ਲੱਗੀ | |
|---|---|---|---|---|---|---|---|---|---|---|
| | | ਕੁੱਲ | ਆਡਿਟ ਵਿੱਚ ਇਤਰਾਜ਼ ਕੀਤੇ | | ਐਸ ਡੀ | ਆਰ ਐਫ | ਐਸ ਡੀ | ਆਰ ਐਫ | ਐਸ ਡੀ | ਆਰ ਐਫ |
| 1 | ਗਮਾਡਾ | 40 | 34 | 4,521.54 | 135.65 | 42.59 | 0.00 | 0.00 | 135.65 | 42.59 |
| 2 | ਪੀ ਐਸ ਆਈ ਈ ਸੀ | 1 | 1 | 34.31 | 1.03 | 0.34 | 0.26 | 0.00 | 0.77 | 0.34 |
| **ਕੁੱਲ** | | **41** | 35 | **4,555.85** | **136.68** | **42.93** | **0.26** | **0.00** | **136.42** | **42.93** |
| *ਔਸਤ ਸਲਾਨਾ ਕਿਰਾਇਆ | | | | | | | | | **179.35** | |

ਤਿੰਨ[30] ਵਿਕਾਸ ਅਥਾਰਟੀਆਂ ਤੋਂ ਮੰਗੀ ਗਈ ਸਮਾਨ ਸੂਚਨਾ ਆਡਿਟ ਨੂੰ ਪ੍ਰਦਾਨ ਨਹੀਂ ਕੀਤੀ ਗਈ। ਅੱਗੇ, ਪੰਜਾਬ ਰਾਜ ਉਦਯੋਗਿਕ ਤੇ ਨਿਰਯਾਤ ਕਾਰਪੋਰੇਸ਼ਨ (ਪੀ ਐਸ ਆਈ ਈ ਸੀ), ਜੋ ਕਿ ਪੰਜਾਬ ਵਿੱਚ ਉਦਯੋਗਾਂ ਦੇ ਵਿਕਾਸ ਅਤੇ ਤੱਰਕੀ ਲਈ ਜ਼ਿੰਮੇਵਾਰ ਹੈ, ਨੇ 31 ਮਾਰਚ 2017 ਤੱਕ ਰਾਜ ਵਿੱਚ 10,658 ਉਦਯੋਗਿਕ ਪਲਾਟਾਂ ਦੀ ਅਲਾਟਮੈਂਟ ਕੀਤੀ ਸੀ। ਅਲਾਟਮੈਂਟ ਦੀਆਂ ਸ਼ਰਤਾਂ ਅਨੁਸਾਰ, ਅਲਾਟੀਆਂ ਲਈ ਅਲਾਟਮੈਂਟ ਹੋਣ ਦੇ ਤਿੰਨ ਸਾਲਾਂ ਦੇ ਅੰਦਰ ਲੀਜ਼ ਡੀਡ ਨੂੰ ਰਜਿਸਟਰ ਕਰਾਵਾਉਣਾ ਲੋੜੀਦਾਂ ਸੀ। ਹਾਲਾਂਕਿ, ਪੀ ਐਸ ਆਈ ਈ ਸੀ ਨੇ ਅਲਾਟੀਆਂ ਦੁਆਰਾ ਲੀਜ਼ ਡੀਡਜ਼ ਸਬੰਧੀ ਕੋਈ ਡਾਟਾ ਨਹੀਂ ਬਣਾਇਆ ਸੀ। ਅਜਿਹੇ ਡਾਟਾ ਦੀ ਅਣਹੋਂਦ ਵਿੱਚ, ਪਲਾਂਟਾ, ਜਿਨ੍ਹਾਂ ਲਈ

[30] ਅੰਮ੍ਰਿਤਸਰ ਵਿਕਾਸ ਅਥਾਰਟੀ, ਗ੍ਰੇਟਰ ਲੁਧਿਆਣਾ ਏਰੀਆ ਵਿਕਾਸ ਅਥਾਰਟੀ, ਜਲੰਧਰ ਵਿਕਾਸ ਅਥਾਰਅੀ।

ਲੀਜ਼ ਡੀਡਜ਼ ਰਜਿਸਟਰ ਨਹੀਂ ਕੀਤੀਆਂ ਗਈਆਂ ਸਨ, ਦੇ ਸਬੰਧ ਵਿੱਚ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਦਾ ਘਾਟਾ ਆਡਿਟ ਵਿੱਚ ਪਤਾ ਨਹੀਂ ਲੱਗ ਸਕਿਆ।

ਉੱਪਰ ਦੱਸੇ ਮਾਮਲੇ ਸਰਕਾਰ/ਵਿਭਾਗ (ਮਾਰਚ 2020) ਨੂੰ ਦੱਸੇ ਗਏ ਸਨ; ਉਨ੍ਹਾਂ ਦੇ ਜਵਾਬਾਂ ਦਾ ਇੰਤਜ਼ਾਰ (ਦਸੰਬਰ 2020) ਸੀ।

### 4.7.3 ਲੀਜ਼ ਡੀਡਜ਼ ਉੱਤੇ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਘੱਟ ਲਗਾਉਣ

ਆਈ ਐਸ ਐਕਟ ਦੇ ਉਪਬੰਧਾ ਅਧੀਨ, ਲੀਜ਼ ਦੇ ਵਿਲੇਖ ਉੱਤੇ ਅਸ਼ਟਾਮ ਡਿਊਟੀ ਲੀਜ਼ ਦੀ ਮਿਆਦ ਅਤੇ ਰਾਖਵੇਂ ਔਸਤ ਸਲਾਨਾ ਕਿਰਾਏ ਦੇ ਅਧਾਰ ਤੇ ਨਿਰਧਾਰਤ ਰੇਟ ਤੇ ਵਸੂਲਣਯੋਗ ਹੈ।

ਆਡਿਟ ਨੇ, ਹਾਲਾਂਕਿ, ਵੇਖਿਆ ਕਿ 39 ਐਸ ਆਰਜ਼/ਜੇ ਐਸ ਆਰਜ਼ ਕੋਲ 2016-17 ਤੋਂ 2018-19 ਦੌਰਾਨ ਰਜਿਸਟਰ ਕੀਤੀਆਂ ਗਈਆਂ 3,893 ਲੀਜ਼ ਡੀਡਜ਼ ਵਿੱਚੋਂ 32[31] ਐਸ ਆਰਜ਼/ਜੇ ਐਸ ਆਰਜ਼ ਵਿੱਚ 244 ਲੀਜ਼ ਡੀਡਜ਼ ਵਿਰੁੱਧ ₹ 40.74 ਲੱਖ ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਦੀ ਘੱਟ ਵਸੂਲੀ ਸੀ। ਇਹ ਘੱਟ ਵਸੂਲੀ ਮੁੱਖ ਤੌਰ ਤੇ ਪੰਜ ਸਾਲ ਤੱਕ ਦੀ ਮਿਆਦ ਦੇ ਲੀਜ਼ ਦੇ ਵਿਲੇਖਾਂ ਉਪੱਰ ਸੀ, ਜਿਨ੍ਹਾਂ ਉੱਤੇ ਅਸ਼ਟਾਮ ਡਿਊਟੀ ਲਾਗੂ ਚਾਰ ਪ੍ਰਤੀਸ਼ਤ ਦੀ ਬਜਾਏ ਤਿੰਨ ਪ੍ਰਤੀਸ਼ਤ ਦੀ ਦਰ ਨਾਲ ਲਗਾਈ ਗਈ ਸੀ। ਅੱਗੇ, ਜਨਵਰੀ 2019 ਵਿੱਚ, ਇਨ੍ਹਾਂ ਵਿਲੇਖਾਂ ਉੱਤੇ ਅਸ਼ਟਾਮ ਡਿਊਟੀ ਦੀ ਦਰ ਵਧਾ ਕੇ ਅੱਠ ਪ੍ਰਤੀਸ਼ਤ ਕਰ ਦਿੱਤੀ ਗਈ ਸੀ, ਹਾਲਾਂਕਿ, ਵਿਭਾਗ ਨੇ ਪੂਰਵ-ਸੰਸ਼ੋਧਿਤ ਦਰ ਨਾਲ ਅਸ਼ਟਾਮ ਡਿਊਟੀ ਲਗਾਉਣਾ ਜ਼ਾਰੀ ਰੱਖਿਆ।

ਉਪਰ ਦੱਸੇ ਮਾਮਲੇ ਸਰਕਾਰ/ਵਿਭਾਗਾਂ (ਅਪ੍ਰੈਲ 2019 ਅਤੇ ਮਾਰਚ 2020 ਵਿੱਚਕਾਰ) ਨੂੰ ਦੱਸੇ ਗਏ ਸਨ; ਉਨ੍ਹਾਂ ਦੇ ਜਵਾਬਾਂ ਦਾ ਇੰਤਜ਼ਾਰ (ਦਸੰਬਰ 2020) ਸੀ।

### ਸਿੱਟੇ

ਲੀਜ਼ ਡੀਡਜ਼/ਸਮਝੌਤਿਆਂ ਉੱਤੇ ਅਸ਼ਟਾਮ ਡਿਊਟੀ ਦਾ ਸਰਕਾਰ ਨੂੰ ਆਮਦਨੀ ਦਾ ਇੱਕ ਚੰਗਾ ਸਰੋਤ ਬਣਨ ਦੀ ਸੰਭਾਵਨਾ ਹੈ। ਇਹ ਉਪਰੋਕਤ ਤੋਂ ਸੱਪਸ਼ਟ ਹੈ ਕਿ ਜਨਤਕ ਅਧਿਕਾਰੀ ਦੇ ਕਾਰਜਾਂ ਦੇ ਪ੍ਰਦਰਸ਼ਨ ਦੇ ਦੌਰਾਨ ਪ੍ਰਸਤੁਤ ਕੀਤੇ ਜਾਂ ਸਾਹਮਣੇ ਆਏ ਜ਼ਿਆਦਾਤਰ ਲੀਜ਼ ਸਮਝੋਤੇ ਅਣ-ਮੋਹਰਿਤ ਅਤੇ ਅਣ-ਰਾਜਿਸਟਰਡ ਸਨ। ਹਾਲਾਂਕਿ ਲੀਜ਼ ਡੀਡਜ਼ ਜ਼ਿੰਦਗੀ ਦੇ ਹਰ ਖੇਤਰ ਵਿੱਚ ਮੋਜੂਦ ਹਨ, ਭਾਵੇਂ ਇਹ ਨਗਰ ਕਾਊਂਸਲਾਂ/ਨਿਗਮਾਂ, ਬੈਂਕਾ, ਅਨਾਜ ਖਰੀਦ ਏਜੰਸੀਆਂ, ਯੂਨੀਵਰਸਿਟੀਆਂ, ਟੈਲੀਕਾਮ ਆਪਰੇਟਰਾਂ ਆਦਿ ਹੋਣ, ਫਿਰ ਵੀ ਕੰਨਵੇਐਂਸ ਡੀਡ ਦੇ ਉਲਟ, ਪਾਰਟੀਆਂ ਲਈ ਇਨ੍ਹਾਂ ਨੂੰ ਰਜਿਸਟਰ ਕਰਾਉਣ ਦੀ ਇਸ ਕਰਕੇ ਕੋਈ ਮਜਬੂਰੀ ਨਹੀਂ ਹੈ ਕਿ ਲੀਜ਼ ਡੀਡਜ਼ ਦੇ ਅਧਾਰ ਤੇ ਜ਼ਮੀਨੀ ਰਿਕਾਰਡਾਂ ਵਿੱਚ ਕੋਈ ਤਬਦੀਲੀ ਲੋੜੀਂਦੀ ਨਹੀਂ ਹੁੰਦੀ, ਜਿਵੇਂ ਕਿ ਕੰਨਵੇਐਂਸ ਡੀਡਜ਼ ਵਿੱਚ ਲੋੜੀਂਦੀ ਹੁੰਦੀ ਹੈ। ਇਸ ਤਰ੍ਹਾਂ, ਇਸ ਸਤਿਥੀ ਵਿੱਚ, ਲੀਜ਼ ਤੋਂ ਅਸ਼ਟਾਮ ਡਿਊਟੀ ਸੁਰਖਿਅਤ ਨਹੀਂ ਕੀਤੀ ਜਾ ਸਕਦੀ ਜਦੋਂ ਤੱਕ ਜਨਤਕ ਅਫਸਰਾਂ ਦੇ ਨਾਲ-ਨਾਲ ਜਨਤਕ ਸੰਸਥਾਵਾਂ ਨੂੰ ਲੀਜ਼ ਡੀਡਜ਼ ਦੀ ਨਾਕਾਫੀ ਮੋਹਰ ਅਤੇ ਗੈਰ-ਰਜਿਸਟ੍ਰੇਸ਼ਨ ਲਈ ਜਵਾਬਦੇਹ ਠਹਿਰਾਉਣ ਦੀ ਵਿਧੀ ਨਹੀਂ ਬਣਾਈ ਜਾਂਦੀ।

**ਸਿਫਾਰਸ਼ : ਰਾਜ ਸਰਕਾਰ ਇੱਕ ਸਿਸਟਮ ਨੂੰ ਸੰਸਥਾਗਤ ਬਣਾ ਸਕਦੀ ਹੈ ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਉਪੱਰ ਦੱਸੀਆਂ ਗਲਤੀਆਂ ਮੁੜ ਨਾ ਦੋਹਰਾਈਆਂ ਜਾਣ।**

---

[31] ਆਦਮਪੁਰ, ਅਜਨਾਲਾ, ਅੰਮ੍ਰਿਤਸਰ-I, ਅੰਮਿਤਸਰ-2, ਬਾਬਾ ਬਕਾਲਾ, ਭੁਲੱਥ, ਡੇਹਲੋਂ, ਡੇਰਾ ਬੱਸੀ, ਗੁਰਾਇਆ, ਜਲੰਧਰ-1, ਜੰਲਧਰ-2, ਕਪੂਰਥਲਾ, ਕਰਤਾਰਪੁਰ, ਖੰਨਾ, ਖਰੜ, ਲੁਧਿਆਣਾ (ਕੇਂਦਰੀ), ਲੁਧਿਆਣਾ (ਪੂਰਬ), ਲੁਧਿਆਣਾ (ਪੱਛਮ), ਮਾਜਰੀ ਮਲੋਟ, ਐਮ ਏ ਐਸ ਨਗਰ, ਮੁੱਲਾਂਪੁਰ ਦਾਖਾਂ, ਨਕੋਦਰ, ਨੂਰਮਹਿਲ, ਫਗਵਾੜਾ, ਫਿਲੌਰ, ਰਾਏਕੋਟ ਰੂਪਨਗਰ, ਸਮਰਾਲਾ, ਸ਼ਾਹਕੋਟ, ਸੁਲਤਾਨਪੁਰ ਲੋਧੀ, ਜ਼ੀਰਕਪੁਰ

# ਅਧਿਆਇ - V

# ਵਾਹਨਾਂ ਉੱਤੇ ਕਰ

# ਅਧਿਆਇ-V

# ਵਾਹਨਾਂ ਉੱਤੇ ਕਰ

## 5.1 ਕਰ ਪ੍ਰਬੰਧਨ

ਟਰਾਂਸਪੋਰਟ ਵਿਭਾਗ ਦਾ ਸਮੁੱਚਾ ਕਾਰਜਭਾਰ ਸਟੇਟ ਟਰਾਂਸਪੋਰਟ ਕਮਿਸ਼ਨਰ (ਐਸ ਟੀ ਸੀ) ਪੰਜਾਬ, ਚੰਡੀਗੜ੍ਹ ਕੋਲ ਹੈ। ਇੱਥੇ 11 ਖੇਤਰੀ ਟਰਾਂਸਪੋਰਟ ਅਥਾਰਟੀਆਂ (ਆਰ ਟੀ ਏਜ਼) ਹਨ, ਜੋ ਪੰਜਾਬ ਮੋਟਰ ਵਾਹਨ ਕਰਬੰਦੀ ਐਕਟ, 1924 ਅਤੇ ਉਸਦੇ ਅਧੀਨ ਬਣਾਏ ਨਿਯਮਾਂ ਦੀ ਲੋੜੀਂਦੀ ਪਾਲਣਾ ਤਹਿਤ ਮੋਟਰ ਵਾਹਨ ਕਰਾਂ ਦੀ ਪ੍ਰਾਪਤੀ ਦੇ ਰਿਕਾਰਡ ਦੀ ਨਿਗਰਾਨੀ ਅਤੇ ਦੇਖਭਾਲ ਕਰਦੇ ਹਨ। ਆਰ ਟੀ ਏ ਹੋਰ ਰਾਜਾਂ ਦੀਆਂ ਸਟੇਜ ਕੈਰੇਜ ਬੱਸਾਂ ਦੇ ਸਬੰਧ ਵਿੱਚ ਮੋਟਰ ਵਾਹਨਾਂ ਦੇ ਕਰਾਂ ਦੀ ਵਸੂਲੀ ਲਈ ਵੀ ਜ਼ਿੰਮੇਵਾਰ ਹੈ। ਇਸ ਦੇ ਨਾਲ, ਆਰ ਟੀ ਏਜ਼ ਰਾਜ ਵਿੱਚ ਮੋਟਰ ਵਾਹਨਾਂ ਨੂੰ ਮੋਟਰ ਵਾਹਨ ਐਕਟ, 1988 ਅਨੁਸਾਰ ਨਿਯਮਤ ਕਰਦੇ ਹਨ ਅਤੇ ਮੋਟਰ ਵਾਹਨਾਂ ਉੱਤੇ ਫੀਸਾਂ ਦੀ ਪ੍ਰਾਪਤੀ ਦੇ ਰਿਕਾਰਡਾਂ ਨੂੰ ਬਣਾਉਂਦੇ ਹਨ।

## 5.2 ਆਡਿਟ ਦੇ ਨਤੀਜੇ

ਵਿਭਾਗ ਵਿੱਚ ਸੱਤ ਖੇਤਰੀ ਟਰਾਂਸਪੋਰਟ ਅਥਾਰਟੀਆਂ (ਆਰ ਟੀ ਏਜ਼) ਅਤੇ ਅੱਠ ਹੋਰ ਯੂਨਿਟਾਂ ਸਮੇਤ 15 ਆਡਿਟਯੋਗ ਯੂਨਿਟ ਹਨ। ਆਡਿਟ ਨੇ ਸਾਲ 2018-19 ਦੌਰਾਨ 10[1] ਯੂਨਿਟ ਚੁਣੇ। 5,24,019 ਪਰਮਿਟਾਂ ਦੇ ਸਬੰਧ ਵਿੱਚ ਮੋਟਰ ਵਾਹਨ ਕਰਾਂ ਨਾਲ ਸਬੰਧਤ ਰਿਕਾਰਡਾਂ ਦੀ ਨਮੂਨਾ ਜਾਂਚ ਨੇ 6,373 ਕੇਸਾਂ ਵਿੱਚ ₹ 13.54 ਕਰੋੜ (ਆਡਿਟ ਦੇ ਸਾਲ 2017-18 ਲਈ ਵਾਹਨਾਂ ਉੱਤੇ ਕਰ ਅਧਿਨ ₹ 1,911.20 ਕਰੋੜ ਦੀ ਪ੍ਰਾਪਤੀ ਦਾ 0.71 ਪ੍ਰਤੀਸ਼ਤ) ਦੇ ਮੋਟਰ ਵਾਹਨ ਕਰ ਦੀ ਨਾ/ਘੱਟ ਵਸੂਲੀ ਅਤੇ ਹੋਰ ਬੇਨਿਯਮੀਆਂ ਦਾ **ਸਾਰਣੀ** 5.1 ਵਿੱਚ ਦਿੱਤੇ ਵੇਰਵੇ ਅਨੁਸਾਰ ਖੁਲਾਸਾ ਕੀਤਾ:

**ਸਾਰਣੀ 5.1: ਆਡਿਟ ਦੇ ਨਤੀਜੇ**

*(₹ ਕਰੋੜ ਵਿੱਚ)*


| ਲੜੀ ਨੰ. | ਸ਼੍ਰੇਣੀਆਂ | ਕੇਸਾਂ ਦੀ ਸੰਖਿਆ | ਰਕਮ |
|---|---|---|---|
| 1. | ਮੋਟਰ ਵਾਹਨ ਕਰ ਦੀ ਨਾ/ਘੱਟ ਵਸੂਲੀ | 6,084 | 12.46 |
| 2. | ਹੋਰ ਬੇਨਿਯਮੀਆਂ | 289 | 1.08 |
| ਕੁੱਲ | | **6,373** | **13.54** |

ਮੋਟਰ ਵਾਹਨਾਂ ਉੱਤੇ ਕਰ ਅਧੀਨ ਸ਼੍ਰੇਣੀ-ਵਾਰ ਆਡਿਟ ਲੱਭਤਾਂ **ਚਾਰਟ** 5.1 ਵਿੱਚ ਦਰਸਾਈਆਂ ਗਈਆਂ ਹਨ:

[1] ਸੱਤ ਆਰ ਟੀ ਏਜ਼ ਅਤੇ ਤਿੰਨ ਹੋਰ ਯੂਨਿਟਾਂ।

**ਚਾਰਟ-5.1**

*(₹ ਕਰੋੜ ਵਿੱਚ)*




ਆਡਿਟ ਨੇ ਪਿਛਲੇ ਸਾਲਾਂ ਵਿੱਚ ਵੀ ਇਸੇ ਤਰ੍ਹਾਂ ਦੀਆਂ ਖਾਮੀਆਂ ਵੱਲ ਇਸ਼ਾਰਾ ਕੀਤਾ ਸੀ। ਹਾਲਾਂਕਿ, ਇਹ ਬੇਨਿਯਮੀਆਂ 2018-19 ਵਿੱਚ ਦੁਬਾਰਾ ਵੇਖੀਆਂ ਗਈਆਂ। 2018-19 ਵਿੱਚ ਵਿਭਾਗ ਨੇ 181 ਕੇਸਾਂ ਵਿੱਚ ₹ 1.22 ਕਰੋੜ ਸਵੀਕਾਰ ਕੀਤੇ ਅਤੇ ਵਸੂਲੇ ਜਿਸ ਵਿੱਚੋਂ 32 ਕੇਸ ਵਿੱਚ ਸ਼ਾਮਲ ₹ 0.51 ਕਰੋੜ ਸਾਲ 2018-19 ਨਾਲ ਸਬੰਧਤ ਸਨ ਅਤੇ ਬਾਕੀ 149 ਕੇਸਾਂ ਵਿੱਚ ਸ਼ਾਮਲ ₹ 0.71 ਕਰੋੜ ਪਿਛਲੇ ਸਾਲਾਂ ਨਾਲ ਸਬੰਧਤ ਸਨ।

₹ 0.35 ਕਰੋੜ ਦੀ ਸ਼ਮੂਲਿਅਤ ਵਾਲੀ ਇਕ ਵਧੀਆ ਉਦਾਹਰਣ ਦੀ ਚਰਚਾ ਪੈਰ੍ਹਾ 5.3 ਵਿੱਚ ਕੀਤੀ ਗਈ ਹੈ।

## 5.3 ਮੋਟਰ ਵਾਹਨ ਕਰ ਦੀ ਘੱਟ ਵਸੂਲੀ

**ਦੋ ਆਰ ਟੀ ਏਜ਼ ਵਿੱਚ ਪੰਜਾਬ ਵਿੱਚ ਸਟੇਜ ਕੈਰਿਜ਼ ਬੱਸਾਂ ਚਲਾਉਣ ਵਾਲੇ ਤਿੰਨ ਬੱਸ ਆਪਰੇਟਰਾਂ ਤੋਂ ₹ 34.97 ਲੱਖ ਦੀ ਘੱਟ ਵਸੂਲੀ ਹੋਈ।**

ਪੰਜਾਬ ਮੋਟਰ ਵਾਹਨ ਕਰਬੰਦੀ ਸੋਧ ਐਕਟ 2007 ਦੀ ਧਾਰਾ 3 ਹਰ ਮੋਟਰ ਵਾਹਨ ਉੱਤੇ ਕਰ ਲਗਾਉਣ ਦੀ ਵਿਵਸਥਾ ਕਰਦੀ ਹੈ ਅਤੇ ਪੰਜਾਬ ਸਰਕਾਰ ਨੂੰ ਕਰ ਦੀ ਦਰ ਅਤੇ ਅਦਾਇਗੀ ਦਾ ਢੰਗ ਨਿਰਧਾਰਤ ਕਰਨ ਦੀ ਸ਼ਕਤੀ ਦਿੰਦੀ ਹੈ। ਸਰਕਾਰ ਨੇ ਇਨ੍ਹਾਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਸਟੇਜ ਕੈਰਿਜ਼ ਬੱਸਾਂ ਲਈ ਮੋਟਰ ਵਾਹਨ ਕਰ (ਐਮ ਵੀ ਟੀ) ਦੀਆਂ ਦਰਾਂ[2] ਨੂੰ ਨੋਟੀਫਾਈ ਕੀਤਾ। ਸਟੇਜ ਕੈਰਿਜ਼ਾਂ ਉੱਤੇ ਮੋਟਰ ਵਾਹਨ ਕਰ ਹਰ ਮਹੀਨੇ ਦੇ ਅੰਤ ਤੱਕ ਅਦਾ ਕਰਨਾ ਹੁੰਦਾ ਹੈ।

ਆਰ ਟੀ ਏਜ਼ ਬਠਿੰਡਾ ਅਤੇ ਸੰਗਰੂਰ ਦੇ ਰਿਕਾਡਰਾਂ ਦੀ ਪੜਤਾਲ ਨੇ ਖੁਲਾਸਾ ਕੀਤਾ ਕਿ ਤਿੰਨ ਪ੍ਰਾਈਵੇਟ ਬੱਸ ਆਪਰੇਟਰਾਂ ਨੇ 2016-17 ਤੋਂ 2017-18 ਦੀ ਮਿਆਦ ਲਈ ਕੁੱਲ 4,396.20 ਮੰਨਜੂਰਸ਼ੁਦਾ ਕਿਲੋਮੀਟਰ ਪ੍ਰਤੀ ਦਿਨ ਨਾਲ ਸਟੇਜ ਕੈਰਿਜ ਬੱਸਾਂ ਦੇ 13 ਪਰਮਿਟਾਂ ਲਈ ₹ 19.38 ਲੱਖ ਦਾ ਐਮ ਵੀ ਟੀ ਅਦਾ ਕੀਤਾ। ਹਾਲਾਂਕਿ, ਜਦ ਕਿ ਮੰਨਜੂਰਸ਼ੁਦਾ ਕਿਲੋਮੀਟਰਾਂ ਲਈ ਐਮ ਵੀ ਟੀ ਦੀਆਂ ਪ੍ਰਚਲਿਤ ਦਰਾਂ ਦੇ ਅਧਾਰ ਤੇ ₹ 54.35 ਲੱਖ ਦਾ ਐਮ ਟੀ ਅਦਾ ਕਰਨਾ

2

| ਮਿਆਦ | ਸਧਾਰਨ ਬੱਸਾਂ ਲਈ ਰੇਟ (₹ ਪ੍ਰਤੀ ਕਿਲੋਮੀਟਰ ਪ੍ਰਤੀ ਦਿਨ) | ਇੱਕ ਮਹੀਨੇ ਵਿੱਚ ਐਮ ਵੀ ਟੀ ਤੋਂ ਛੋਟ ਪ੍ਰਾਪਤ ਦਿਨਾਂ ਦੀ ਗਿਣਤੀ |
|---|---|---|
| 12.12.2015 ਤੋਂ 14.06.2016 | 2.73 | 6 |
| 15.06.2016 ਤੋਂ 17.08.2017 | 2.75 | 6 |
| 18.08.2017 ਤੋਂ ਅੱਜ ਤੱਕ | 2.80 | 4 |

ਲੋੜੀਂਦਾ ਸੀ। ਬੱਸ ਆਪਰੇਟਰਾਂ ਨੇ ਨਾ ਤਾਂ ਪਰਮਿਟਾਂ ਦੀ ਵਰਤੋਂ ਨਾ ਕਰਨ ਸਬੰਧੀ ਕੋਈ ਜਾਣਕਾਰੀ ਦਿੱਤੀ ਸੀ ਅਤੇ ਨਾ ਹੀ ਆਰ ਟੀ ਏਜ਼ ਦੁਆਰਾ ਪਰਮਿਟ ਰੱਦ ਕੀਤੇ ਗਏ ਸਨ। ਆਰ ਟੀ ਏ ਸੰਗਰੂਰ ਦੇ ਕੇਸ ਵਿੱਚ, ਪਰਮਿਟਾਂ ਅਧੀਨ ਆਉਂਦੀਆਂ ਬੱਸਾਂ ਦੇ ਸਬੰਧ ਵਿੱਚ ਮੋਟਰ ਵਾਹਨ ਇੰਸਪੈਕਟਰ ਵੱਲੋਂ ਫਿਟਨੈਸ ਸਰਟੀਫਿਕੇਟ ਵੀ ਜਾਰੀ ਕੀਤੇ ਗਏ ਸਨ। ਆਰ ਟੀ ਏਜ਼ ਨੇ ਬੱਸ ਅਪਰੇਟਰਾਂ ਦੁਆਰਾ ਘੱਟ ਅਦਾ ਕੀਤੇ ਐਮ ਵੀ ਟੀ ਦੀ ਵਸੂਲੀ ਲਈ ਕੋਈ ਕਾਰਵਾਈ ਨਹੀਂ ਕੀਤੀ। ਇਸ ਦੇ ਨਤੀਜੇ ਵਜੋਂ ₹ 34.97 ਲੱਖ ਦੇ ਐਮ ਵੀ ਟੀ ਦੀ ਘੱਟ ਵਸੂਲੀ ਹੋਈ।

ਆਰ ਟੀ ਏਜ਼ ਨੇ ਜਵਾਬ ਦਿੱਤਾ (ਜੂਨ ਅਤੇ ਅਗਸਤ 2018) ਕਿ ਟਰਾਂਸਪੋਰਟਰਾਂ ਨੂੰ ਨੋਟਿਸ ਜਾਰੀ ਕੀਤੇ ਜਾਣਗੇ।

ਮਾਮਲਾ ਸਰਕਾਰ/ਵਿਭਾਗ ਨੂੰ ਜਨਵਰੀ 2019, ਮਈ 2019 ਅਤੇ ਮਈ 2020 ਵਿੱਚ ਦੱਸਿਆ ਗਿਆ ਸੀ; ਉਨ੍ਹਾਂ ਦੇ ਜਵਾਬਾਂ ਦੀ ਉਡੀਕ (ਦਸੰਬਰ 2020) ਸੀ।

**ਸਿਫਾਰਸ਼ : ਸਰਕਾਰ ਵਿਭਾਗ ਨੂੰ ਇਨ੍ਹਾਂ ਤਿੰਨ ਬੱਸ ਆਪਰੇਟਰਾਂ ਤੋਂ ₹ 34.97 ਲੱਖ ਦੇ ਐਮ ਵੀ ਟੀ ਦੀ ਵਸੂਲੀ ਕਰਨ ਦੇ ਨਿਰਦੇਸ਼ ਦੇ ਸਕਦੀ ਹੈ।**

# ਅਧਿਆਇ - VI

# ਜੰਗਲਾਤ ਅਤੇ ਜੰਗਲੀ ਜੀਵਣ

# ਅਧਿਆਇ-VI

# ਜੰਗਲਾਤ ਅਤੇ ਜੰਗਲੀ ਜੀਵਣ

## 6.1 ਕਰ ਪ੍ਰਬੰਧਨ

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ ਵਣ ਵਿਭਾਗ ਦਾ ਸਮੁੱਚਾ ਇੰਚਾਰਜ ਹੈ। ਵਿਭਾਗ ਦਾ ਸਮੁੱਚਾ ਨਿਯੰਤਰਣ ਅਤੇ ਨਿਗਰਾਨੀ ਪ੍ਰਧਾਨ ਮੁੱਖ ਵਣ ਪਾਲ ਅਧੀਨ ਹੁੰਦੀ ਹੈ। ਵਿਭਾਗ ਰਾਜ ਵਿੱਚ ਵਣਾਂ ਦੀ ਸੁੱਰਖਿਆ ਅਤੇ ਜੰਗਲੀ ਜੀਵਾਂ ਦੀ ਰੱਖਿਆ ਲਈ ਮੁੱਖ ਤੋਰ ਤੇ ਜਿੰਮੇਵਾਰ ਹੈ।

## 6.2 ਆਡਿਟ ਦੇ ਨਤੀਜੇ

ਵਿਭਾਗ ਵਿੱਚ ਵਣ ਮੰਡਲ ਅਧਿਕਾਰੀਆਂ ਦੇ 26 ਦਫਤਰ ਅਤੇ 13 ਹੋਰ ਇਕਾਈਆਂ ਸਮੇਤ 39 ਆਡਿਟਯੋਗ ਇਕਾਈਆਂ ਹਨ। ਇਨ੍ਹਾਂ ਵਿੱਚੋਂ ਆਡਿਟ ਨੇ ਸਾਲ 2018-19 ਦੋਰਾਨ ਨਮੂਨਾ ਜਾਂਚ ਲਈ 24[1] ਇਕਾਈਆਂ ਨੂੰ ਚੁਣਿਆ। ਰਿਕਾਰਡਾਂ ਦੀ ਨਮੂਨਾ ਜਾਂਚ ਨੇ 546 ਕੇਸਾਂ ਵਿੱਚ ₹ 6.29 ਕਰੋੜ (2018-19 ਵਿੱਚ ਆਡਿਟ ਕੀਤੇ ਸਾਲ 2017-18 ਲਈ ਜੰਗਲਾਤ ਅਤੇ ਜੰਗਲੀ ਜੀਵਣ ਅਧੀਨ ਪ੍ਰਾਪਤ ₹ 48.67 ਕਰੋੜ ਦਾ 15.02 ਪ੍ਰਤੀਸ਼ਤ) ਦੀਆਂ ਬੇਨਿਯਮੀਆਂ ਦਾ ਖੁਲਾਸਾ ਕੀਤਾ। ਨਿਯਮਤ ਆਡਿਟ ਤੋਂ ਇਲਾਵਾ, "ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਕੰਮ" ਉੱਤੇ ਇੱਕ ਕਾਰਗੁਜ਼ਾਰੀ ਆਡਿਟ ਵੀ ਕੀਤਾ ਗਿਆ ਜਿਸ ਨੇ ਵਿਵਸਥਿਤ ਮੁੱਦਿਆਂ ਦੇ ਨਾਲ ₹ 14.10 ਕਰੋੜ ਦੀਆਂ ਬੇਨਿਯਮੀਆਂ ਨੂੰ ਉਜਾਗਰ ਕੀਤਾ। 547 ਕੇਸਾਂ ਵਿੱਚ ਸ਼ਾਮਲ ₹ 20.39 ਰੋੜ ਦੇ ਆਡਿਟ ਦੇ ਨਤੀਜੇ **ਸਾਰਣੀ 6.1** ਵਿੱਚ ਦਿੱਤੇ ਗਏ ਹਨ:

**ਸਾਰਣੀ 6.1: ਆਡਿਟ ਦੇ ਨਤੀਜੇ**

*(₹ ਕਰੋੜ ਵਿੱਚ)*

| ਲੜੀ ਨੰ. | ਸ਼੍ਰੇਣੀਆਂ | ਕੇਸਾਂ ਦੀ ਸੰਖਿਆ | ਰਕਮ |
|---|---|---|---|
| 1. | ਅਣਅਧਿਕਾਰਤ ਪ੍ਰੋਵੀਜ਼ਨ ਅਤੇ ਖਰਚ | 33 | 6.11 |
| 2. | ਹੋਰ ਬੇਨਿਯਮੀਆਂ | 513 | 0.18 |
| 3. | *"ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਕੰਮ" ਉੱਤੇ ਕਾਰਗੁਜ਼ਾਰੀ ਆਡਿਟ* | 1 | 14.10 |
| ਕੁੱਲ | | **547** | **20.39** |

2018-19 ਵਿੱਚ, ਵਿਭਾਗ ਨੇ ਦੋ ਕੇਸਾਂ ਵਿੱਚ ₹ 2.49 ਲੱਖ ਸਵੀਕਾਰ ਕੀਤੇ ਅਤੇ ਵਸੂਲੇ, ਜੋ ਕਿ ਪਿਛਲੇ ਸਾਲਾਂ ਵਿੱਚ ਦੱਸੇ ਗਏ ਸਨ।

[1] 18 ਡੀ ਐਫ ਓਜ਼ ਅਤੇ ਛੇ ਹੋਰ ਇਕਾਈਆਂ।

## 6.3 ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਕੰਮ ਉੱਤੇ ਕਾਰਗੁਜ਼ਾਰੀ ਆਡਿਟ

ਵਿਭਾਗ ਦੇ ਸਮੁੱਚੇ ਕਾਰਜਾਂ ਦੀ ਜਾਂਚ ਕਰਨ ਦੇ ਵਿਚਾਰ ਨਾਲ, ਅਪ੍ਰੈਲ 2019 ਅਤੇ ਜਨਵਰੀ 2020 ਵਿੱਚਕਾਰ ਰਿਕਾਰਡਾਂ ਦੀ ਨਮੂਨਾ ਜਾਂਚ ਚੁਣੇ ਗਏ ਮੰਡਲਾਂ ਦੇ ਰਿਕਾਰਡਾਂ ਦੀ ਪੜਤਾਲ ਤੋਂ ਇਲਾਵਾ ਸਟੈਂਡਰਡ ਆਡਿਟ ਦਿਸ਼ਾ ਨਿਰਦੇਸ਼ਾਂ, ਵਿਭਾਗ ਦੇ ਅਧਿਕਾਰੀਆਂ ਨਾਲ ਸੰਯੁਕਤ ਸਾਈਟ ਨਿਰੀਖਣਾਂ ਅਤੇ ਵਿਭਾਗ ਦੀਆਂ ਲਾਗੂ ਕਰਨ ਵਾਲੀਆਂ ਅਤੇ ਨਿਗਰਾਨੀ ਕਰਨ ਵਾਲੀਆਂ ਇਕਾਇਆਂ ਦੇ ਅਧਿਕਾਰੀਆਂ ਨਾਲ ਵਿਚਾਰ ਵਟਾਂਰਦੇ ਦੇ ਅਧਾਰ ਤੇ ਕੀਤੀ ਗਈ ਸੀ। ਇਸ ਨੇ ਕਾਰਜਕਾਰੀ ਯੋਜਨਾ ਨੂੰ ਲਾਗੂ ਨਾ ਕਰਨਾ, ਵਣ ਪ੍ਰਾਪਤੀਆਂ ਵਿਚ ਕਮੀ ਅਤੇ ਨਿਗਰਾਨੀ ਦੀ ਘਾਟ ਦਾ ਖੁਲਾਸਾ ਕੀਤਾ। ਹਾਲਾਂਕਿ, ਇਸ ਆਡਿਟ ਦਖਲ ਦਾ ਸਮੁੱਚਾ ਵਿੱਤੀ ਪ੍ਰਭਾਵ ₹ 14.10 ਕਰੋੜ ਸੀ, ਕੁਝ ਮੱਹਤਵਪੂਰਨ ਲੱਭਤਾਂ ਨੂੰ ਹੇਠਾਂ ਉਜਾਗਰ ਕੀਤਾ ਗਿਆ ਹੈ:

**ਰਾਜ ਵਣ ਨੀਤੀ ਨੂੰ ਰਾਜ ਵਿੱਚ ਵਣ ਖੇਤਰ ਦੀ ਸੰਭਾਲ, ਸੁਰੱਖਿਆ ਅਤੇ ਬਹਾਲੀ ਅਤੇ ਵਾਤਾਵਰਣਕ ਸੰਤੂਲਨ ਨਾਲ ਸਬੰਧਤ ਲੰਮੇ ਸਮੇਂ ਦੇ ਟੀਚਿਆਂ ਦੀ ਪ੍ਰਾਪਤੀ ਲਈ ਨਹੀਂ ਬਣਾਇਆ ਗਿਆ ਸੀ।**

***(ਪੈਰ੍ਹਾ 6.3.6.1)***

**ਸੋਧੀ ਹੋਈ ਰਾਇਲਟੀ ਨੀਤੀ 2009 ਤੋਂ ਵਿਆਜ਼ ਦੀ ਧਾਰਾ ਹਟਾਉਣ ਕਾਰਨ ਵਿਭਾਗ ਪੰਜਾਬ ਰਾਜ ਵਣ ਵਿਕਾਸ ਕਾਰਪੋਰੇਸ਼ਨ ਤੋਂ ₹ 3.29 ਕਰੋੜ ਦਾ ਵਿਆਜ਼ ਨਹੀਂ ਲੈ ਸਕਿਆ।**

***(ਪੈਰ੍ਹਾ 6.3.7.2)***

**ਰਾਇਲਟੀ ਦੇ ਘੱਟ ਦਾਅਵੇ ਕਾਰਨ ਪੰਜਾਬ ਰਾਜ ਵਣ ਵਿਕਾਸ ਕਾਰਪੋਰੇਸ਼ਨ ਨੂੰ ₹ 6.91 ਕਰੋੜ ਦਾ ਅਣਉਚਿਤ ਲਾਭ ਦਿੱਤਾ ਗਿਆ।**

***(ਪੈਰ੍ਹਾ 6.3.7.4)***

**ਬਾਂਸ ਦੀ ਕਟਾਈ ਨਾ ਕਰਨ ਦੇ ਨਤੀਜੇ ਵਜੋਂ ₹ 1.16 ਕਰੋੜ ਦਾ ਰੈਵੀਨਿਊ ਟਲ ਗਿਆ।**

***(ਪੈਰ੍ਹਾ 6.3.11.2)***

**ਸੈਂਚੂਰੀਜ਼ ਅਤੇ ਜ਼ੁਆਲੋਜੀਕਲ ਪਾਰਕ ਦੀਆਂ ਸੀਮਾਵਾਂ ਦੀ ਨਿਸ਼ਾਨਦੇਹੀ ਨਹੀਂ ਕੀਤੀ ਗਈ ਸੀ।**

***(ਪੈਰ੍ਹਾ 6.3.15.1)***


### 6.3.1 ਜਾਣ ਪਛਾਣ

ਵਣ ਅਤੇ ਜੰਗਲੀ ਜੀਵ ਕੁਦਰਤੀ ਵਿਲੱਖਣ ਸਰੋਤ ਹਨ ਜੋ ਆਪਣੇ ਆਪ ਆਪਣੇ ਆਪ ਨੂੰ ਕਾਇਮ ਰੱਖਣ ਦੇ ਸਮਰੱਥ ਹਨ। "ਵਣ" ਅਤੇ "ਜੰਗਲੀ ਜੀਵਣ ਦੀ ਰੱਖਿਆ" ਵਿਸ਼ੇ "ਕੰਨਕਰੰਟ ਲਿਸਟ" ਵਿੱਚ ਭਾਰਤ ਦੇ ਸੰਵਿਧਾਨ ਦੇ ਸੱਤਵੇਂ ਸ਼ਡਿਊਲ ਦੇ ਆਰਟੀਕਲ 246 ਅਧੀਨ ਸ਼ਾਮਲ ਹਨ।

ਭਾਰਤੀ ਵਣ ਐਕਟ 1927, ਵਣ ਸੰਭਾਲ (ਐਫ ਸੀ) ਐਕਟ 1980 ਅਤੇ ਭਾਰਤੀ ਜੰਗਲੀ ਜੀਵ (ਸੁਰੱਖਿਆ) ਐਕਟ 1972 ਕੇਂਦਰੀ ਐਕਟ ਹਨ ਜਦ ਕਿ ਭਾਰਤੀ ਵਣ (ਪੰਜਾਬ ਸੋਧ)

ਐਕਟ 2004[2] ਇਕ ਰਾਜ ਐਕਟ ਹੈ। ਇਹ ਐਕਟ ਪੰਜਾਬ ਰਾਜ ਵਿੱਚ ਵਣਾਂ ਅਤੇ ਜੰਗਲੀ ਜੀਵਣ ਦੀ ਸੁਰੱਖਿਆ ਅਤੇ ਪ੍ਰਬੰਧਨ ਦਾ ਪ੍ਰਬੰਧ ਕਰਦੇ ਹਨ। ਐਫ ਸੀ ਐਕਟ ਅਧੀਨ ਵਣ ਜ਼ਮੀਨ ਦੀ ਗੈਰ-ਵਣ ਉਦੇਸ਼ਾਂ ਲਈ ਵਰਤੋਂ ਲਈ ਭਾਰਤ ਸਰਕਾਰ ਦੀ ਪਹਿਲਾਂ ਤੋਂ ਪ੍ਰਵਾਨਗੀ ਲੈਣਾ ਜ਼ਰੂਰੀ ਹੈ। ਪੰਜਾਬ ਵਿੱਚ, ਵਣ ਦੀ ਜ਼ਮੀਨ (ਰਿਕਾਰਡ ਕੀਤਾ ਵਣ ਖੇਤਰ[3]) ਵਜੋਂ 3,084 ਵਰਗ ਕਿਲੋਮੀਟਰ ਨੋਟੀਫਾਇਡ ਹੈ ਜੋ ਕਿ ਰਾਜ ਦੇ 50,362 ਵਰਗ ਕਿਲੋਮੀਟਰ ਦੇ ਭੂਗੋਲਿਕ ਏਰੀਏ ਦਾ 6.12 ਪ੍ਰਤੀਸ਼ਤ ਹੈ ਅਤੇ ਦੇਸ਼ ਦੇ ਕੁੱਲ 7,67,419 ਵਰਗ ਕਿਲੋਮੀਟਰ ਵਣ ਏਰੀਏ ਦਾ 0.40 ਪ੍ਰਤੀਸ਼ਤ ਹੈ। ਰਿਕਾਰਡ ਕੀਤੇ ਵਣ ਏਰੀਏ ਵਿੱਚ 44.10 ਵਰਗ ਕਿਲੋਮੀਟਰ ਰਿਜ਼ਰਵਡ[4] ਵਣ (1.43 ਪ੍ਰਤੀਸ਼ਤ), 1,137.07 ਵਰਗ ਕਿਲੋਮੀਟਰ ਸੁਰੱਖਿਅਤ[5] ਵਣ (36.87 ਪ੍ਰਤੀਸ਼ਤ) ਅਤੇ 1,902.83 ਵਰਗ ਕਿਲੋਮੀਟਰ ਅਨਕਲਾਸੀਫਾਈਡ[6] ਵਣ (61.70 ਪ੍ਰਤੀਸ਼ਤ) ਸ਼ਾਮਿਲ ਹੈ।

**ਚਾਰਟ 6.1**




ਫਾਰੈਸਟ ਸਰਵੇ ਆਫ ਇੰਡੀਆ ਦੁਆਰਾ ਪ੍ਰਕਾਸ਼ਿਤ ਭਾਰਤੀ ਰਾਜ ਵਣ ਰਿਪੋਰਟਾਂ 2013, 2015, 2017 ਅਤੇ 2019 ਦੇ ਅਨੁਸਾਰ ਪੰਜਾਬ ਵਿੱਚ ਵਣ ਖੇਤਰ ਦੀ ਸਥਿਤੀ ਹੇਠਾਂ ਦਿੱਤੀ ਗਈ ਹੈ:

**ਸਾਰਣੀ 6.2: ਪੰਜਾਬ ਵਿੱਚ ਵਣ ਖੇਤਰ ਦਾ ਵੇਰਵਾ**

*(ਖੇਤਰ ਵਰਗ ਕਿਲੋਮੀਟਰ ਵਿੱਚ)*

| ਸਾਲ | 2013 | 2015 | 2017 | 2019 |
|---|---|---|---|---|
| ੳ: ਦਰੱਖਤ ਅਤੇ ਵਣ ਕਵਰ ਅਧੀਨ ਖੇਤਰ | 3,271 | 3,315 | 3,459 | 3,441 |
| ਅ: ਰਾਜ ਦਾ ਕੁੱਲ ਭੂਗੋਲਿਕ ਖੇਤਰ (ਜੀ ਏ) | 50,362 | 50,362 | 50,362 | 50,362 |
| **ੳ ਤੋਂ ਅ ਦੀ ਪ੍ਰਤੀਸ਼ਤਤਾ** | **6.49** | **6.58** | **6.87** | **6.83** |

*ਸਰੋਤ: ਫਾਰੈਸਟ ਸਰਵੇ ਆਫ ਇੰਡੀਆ ਦੁਆਰਾ ਪ੍ਰਕਾਸ਼ਿਤ ਭਾਰਤੀ ਰਾਜ ਵਣ ਰਿਪੋਰਟਾਂ*

2 ਭਾਰਤੀ ਵਣ ਐਕਟ, 1927 ਆਪਣੇ ਲਾਗੂ ਹੋਣ ਵਿੱਚ ਪੰਜਾਬ ਰਾਜ ਵਿੱਚ ਪਹਿਲਾਂ ਭਾਰਤੀ ਵਣਾਂ (ਪੂਰਬੀ ਪੰਜਾਬ ਸੋਧ) ਐਕਟ 1948, ਭਾਰਤੀ ਵਣਾਂ (ਪੰਜਾਬ ਸੋਧ) ਐਕਟ 1954 ਅਤੇ ਭਾਰਤੀ ਵਣਾਂ (ਪੰਜਾਬ ਸੋਧ) ਐਕਟ 1962 ਰਾਹੀਂ ਸੋਧਿਆ ਗਿਆ ਸੀ।

3 ਵਣ ਦੀ ਜ਼ਮੀਨ ਵਜੋਂ ਨੋਟੀਫਾਇਡ ਖੇਤਰ ਨੂੰ ਰਿਕਾਰਡ ਕੀਤਾ ਵਣ ਖੇਤਰ ਕਿਹਾ ਜਾਂਦਾ ਹੈ। ਵਣ ਖੇਤਰ ਰਿਕਾਰਡ ਕੀਤੇ ਵਣ ਖੇਤਰ ਦੇ ਅੰਦਰ ਅਤੇ ਬਾਹਰ ਮੌਜੂਦ ਹੁੰਦਾ ਹੈ। ਰਾਜ ਵਿੱਚ 'ਰਿਕਾਰਡ ਕੀਤਾ ਵਣ ਖੇਤਰ' 3,084 ਵਰਗ ਕਿਲੋਮੀਟਰ ਸੀ ਅਤੇ 'ਦਰੱਖਤ ਅਤੇ ਵਣ ਅਧੀਨ ਖੇਤਰ' 3,441 ਵਰਗ ਕਿਲੋਮੀਟਰ ਸੀ।

4 ਇੱਕ ਖੇਤਰ ਜਿਸ ਨੂੰ ਭਾਤਰੀ ਵਣ ਐਕਟ 1927 ਦੀ ਧਾਰਾ 20 ਅਧੀਨ ਨੋਟੀਫਾਈ ਕੀਤਾ ਗਿਆ ਸੀ ਜੋ ਪੂਰੀ ਤਰ੍ਹਾਂ ਨਾਲ ਸੁੱਰਖਿਤ ਸੀ।

5 ਇੱਕ ਖੇਤਰ ਜਿਸ ਨੂੰ ਭਾਰਤੀ ਵਣ ਐਕਟ 1927 ਦੀ ਧਾਰਾ 29 ਅਧੀਨ ਨੋਟੀਫਾਈ ਕੀਤਾ ਗਿਆ ਸੀ ਜਿਸਦੀ ਸੀਮਤ ਡਿਗਰੀ ਦੀ ਸੁੱਰਖਿਆ ਸੀ। ਸੁੱਰਖਿਆ ਵਣ ਵਿੱਚ, ਸਾਰੀਆਂ ਗਤੀਵਿਧੀਆਂ ਦੀ ਆਗਿਆ ਹੁੰਦੀ ਹੈ ਜਦੋਂ ਤੱਕ ਵਰਜਿਤ ਨਾ ਹੋਵੇ।

6 ਇੱਕ ਖੇਤਰ ਵਣ ਵਜੋਂ ਦਰਜ ਕੀਤਾ ਗਿਆ ਹੈ ਪਰ ਰਾਖਵੇਂ ਜਾਂ ਸੁੱਰਖਿਅਤ ਵਣ ਖੇਤਰ ਦੀ ਸ਼੍ਰੇਣੀ ਵਿੱਚ ਸ਼ਾਮਲ ਨਹੀਂ ਹੈ।

ਉਪਰੋਕਤ ਸਾਰਣੀ ਤੋਂ ਇਹ ਨੋਟ ਕੀਤਾ ਗਿਆ ਹੈ ਕਿ 2013-17 ਦੀ ਮਿਆਦ ਦੌਰਾਨ ਦਰੱਖਤ ਅਤੇ ਵਣ ਦੇ ਕਵਰ ਖੇਤਰ ਵਿੱਚ ਰਾਜ ਦੇ ਕੁੱਲ ਭੂਗੋਲਿਕ ਖੇਤਰ ਵਿੱਚ ਵਾਧਾ ਹੋਇਆ ਸੀ, ਪਰ ਇਹ ਮਾਮੂਲੀ ਵਾਧਾ/ਕਮੀ ਦੇ ਨਾਲ 6 ਤੋ 7 ਪ੍ਰਤੀਸ਼ਤ ਦੇ ਵਿਚਕਾਰ ਹੀ ਰਿਹਾ। ਭਾਰਤੀ ਰਾਜ ਦੀ ਵਣ ਰਿਪੋਰਟ 2019 ਦੇ ਅਨੁਸਾਰ, ਕੁੱਲ 3,441 ਵਰਗ ਕਿਲੋਮੀਟਰ ਦੇ ਵਣ ਅਤੇ ਦਰੱਖਤ ਕਵਰ ਵਿੱਚੋਂ ਵਣ ਕਵਰ ਦਾ ਖੇਤਰ 1,849 ਵਰਗ ਕਿਲੋਮੀਟਰ ਸੀ ਅਤੇ ਦਰੱਖਤ ਕਵਰ ਦਾ ਖੇਤਰ 1,592 ਵਰਗ ਕਿਲੋਮੀਟਰ ਸੀ। 1,849 ਵਰਗ ਕਿਲੋਮੀਟਰ ਵਿੱਚੋਂ, ਵਣ ਕਵਰ ਦਾ 784 ਵਰਗ ਕਿਲੋਮੀਟਰ ਰਿਕਾਰਡ ਕੀਤੇ ਵਣ ਖੇਤਰ ਦੇ ਅੰਦਰ ਸੀ ਅਤੇ 1,065 ਵਰਗ ਕਿਲੋਮੀਟਰ ਰਿਕਾਰਡ ਕੀਤੇ ਵਣ ਖੇਤਰ ਦੇ ਬਾਹਰ ਸੀ ਜਿਵੇਂਕਿ ਹੇਠਾਂ ਸਾਰਣੀ ਵਿੱਚ ਦਰਸਾਇਆ ਗਿਆ ਹੈ:

**ਸਾਰਣੀ 6.3: ਰਿਕਾਰਡ ਕੀਤੇ ਵਣ ਖੇਤਰ ਦੇ ਅੰਦਰ ਅਤੇ ਬਾਹਰ ਵਣ ਕਵਰ ਦੇ ਵੇਰਵੇ**

*(ਅੰਕੜੇ ਵਰਗ ਕਿਲੋਮੀਟਰ ਵਿੱਚ)*

| ਰਿਕਾਰਡ ਕੀਤੇ ਵਣ ਖੇਤਰ ਦੇ ਅੰਦਰ ਵਣ ਕਵਰ | | | | ਰਿਕਾਰਡ ਕੀਤੇ ਵਣ ਖੇਤਰ ਦੇ ਬਾਹਰ ਵਣ ਕਵਰ | | | |
|---|---|---|---|---|---|---|---|
| ਬਹੁਤ ਸੰਘਣਾ ਵਣ | ਦਰਮਿਆਨਾ ਸੰਘਣਾ ਵਣ | ਖੁੱਲਾ ਵਣ | ਕੁੱਲ | ਬਹੁਤ ਸੰਘਣਾ ਵਣ | ਦਰਮਿਆਨਾ ਸੰਘਣਾ ਵਣ | ਖੁੱਲਾ ਵਣ | ਕੁੱਲ |
| 7 | 451 | 326 | 784 | 1 | 350 | 714 | 1,065 |

*ਸਰੋਤ: ਭਾਰਤ ਰਾਜ ਵਣ ਵਿਭਾਗ ਰਿਪੋਰਟ 2019*

ਪੰਜਾਬ ਵਿੱਚ 13 ਜੰਗਲੀ ਜੀਵ ਸੈਂਚੂਰੀਜ਼, ਦੋ ਜ਼ੁਆਲੋਜੀਕਲ ਪਾਰਕ/ਟਾਈਗਰ ਸਫ਼ਾਰੀ, ਤਿੰਨ ਹਿਰਨ ਪਾਰਕ ਅਤੇ ਚਾਰ ਕਮਿਊਨਿਟੀ ਰਿਜਰਵਜ਼ ਹਨ ਜੋ ਕਿ ਕੁਦਰਤੀ ਅਤੇ ਬੰਧਕਤਾ ਵਿੱਚ ਜੰਗਲੀ ਜੀਵਣ ਦੀ ਰੱਖਿਆ[7], ਸੰਭਾਲ ਅਤੇ ਪ੍ਰਬੰਧਨ[8] ਲਈ ਜ਼ਿੰਮੇਵਾਰ ਹਨ।

ਵਿਭਾਗ ਲੱਕੜ, ਬਾਲਣ, ਬਾਂਸ ਅਤੇ ਹੋਰ ਮਾਮੂਲੀ ਵਣ ਉਪਜ ਦੀ ਵਿੱਕਰੀ ਕਰਕੇ ਮਾਲੀਆ ਪੈਦਾ ਕਰਦਾ ਹੈ। ਇਸਦੇ ਨਾਲ, ਵਣ ਜ਼ਮੀਨ ਦੀ ਅਣਅਧਿਕਾਰਤ ਵਰਤੋਂ ਅਤੇ ਦਰੱਖਤਾਂ ਦੀ ਨਾਜਾਇਜ਼ ਕਟਾਈ ਲਈ ਜੁਰਮਾਨੇ ਸਮੇਤ ਮੁਆਵਜ਼ਾ ਵਸੂਲਿਆ ਜਾਂਦਾ ਹੈ। ਵਣ ਉਪਜ ਦੀ ਕਟਾਈ ਵਿਭਾਗ ਦੁਆਰਾ ਜਾਂ ਪੰਜਾਬ ਸਟੇਟ ਵਣ ਵਿਕਾਸ ਕਾਰਪੋਰੇਸ਼ਨ[9] (ਇੱਥੇ ਕਾਰਪੋਰੇਸ਼ਨ ਵਜੋ ਸੰਦਰਭਿਤ ਹੈ) ਅਤੇ ਠੇਕੇਦਾਰਾਂ ਦੁਆਰਾ ਕੀਤਾ ਜਾਂਦੀ ਹੈ। ਵਣ ਉਪਜ ਦੀ ਕਟਾਈ ਅਤੇ ਵਣ ਜ਼ਮੀਨ ਦੀ ਦੇਖਭਾਲ ਦੇ ਉਦੇਸ਼ਾਂ ਲਈ, ਵਣ ਖੇਤਰ ਨੂੰ 'ਕੂਪਾਂ'[10] ਅਤੇ 'ਕੰਪਾਰਟਮੈਂਟਸ'[11] ਵਿਚ ਵੰਡਿਆ ਗਿਆ ਹੈ। ਰਾਜ ਵਿੱਚ ਸਾਲ 2018-19 ਵਿੱਚ ਵਣ ਪ੍ਰਾਪਤੀਆਂ ਦਾ ਹਿੱਸਾ ਕੁੱਲ ਰੈਵੀਨਿਊ ਪ੍ਰਾਪਤੀਆਂ ਦਾ 0.039 ਪ੍ਰਤੀਸ਼ਤ ਸੀ।

### 6.3.2 ਸੰਗਠਨਾਤਮਕ ਸਥਾਪਨਾ

ਵਿਭਾਗ ਸਰਕਾਰੀ ਪੱਧਰ ਉੱਤੇ ਪ੍ਰਧਾਨ ਸਕੱਤਰ/ਵਧੀਕ ਮੁੱਖ ਸਕੱਤਰ ਦੇ ਸਮੁੱਚੇ ਨਿਯੰਤਰਣ ਹੇਠ ਕੰਮ ਕਰਦਾ ਹੈ। ਪ੍ਰਧਾਨ ਮੁੱਖ ਵਣ ਪਾਲ (ਐਚ ਓ ਐਫ ਐਫ) ਵਿਭਾਗ ਦਾ ਮੁੱਖੀ ਹੁੰਦਾ ਹੈ ਜੋ ਕਿ

7 ਬਚਾਅ ਕਾਰਜਾਂ ਵਿੱਚ ਜੰਗਲੀ ਜੀਵਣ ਦੇ ਅਪਰਾਧਾਂ ਦੀ ਪਛਾਣ ਕਰਨਾ, ਪੰਛੀਆਂ ਅਤੇ ਜਾਨਵਰਾਂ ਦੀਆਂ ਦੁਰਲੱਭ ਅਤੇ ਖਤਰੇ ਵਾਲੀਆਂ ਕਿਸਮਾਂ ਦੀ ਰੱਖਿਆ ਅਤੇ ਸੁੱਰਖਿਆ ਖੇਤਰਾਂ ਦਾ ਵਿਕਾਸ ਸ਼ਾਮਲ ਹੈ।

8 ਜੰਗਲੀ ਜੀਵਣ ਦੀ ਸੰਭਾਲ ਅਤੇ ਪ੍ਰਬੰਧਨ ਦੀਆਂ ਗਤੀਵਿਧੀਆਂ ਵਿੱਚ ਜੰਗਲੀ ਜੀਵਣ ਦੀਆਂ ਵੱਖ-ਵੱਖ ਕਿਸਮਾਂ ਦਾ ਉਨ੍ਹਾਂ ਦੇ ਕੁਦਰਤੀ (ਹਿਰਨ ਪਾਰਕਾਂ) ਦਾ ਪ੍ਰਬੰਧਨ ਸ਼ਾਮਲ ਹੈ।

9 ਪੰਜਾਬ ਰਾਜ ਵਣ ਵਿਕਾਸ ਕਾਰਪੋਰੇਸ਼ਨ (ਇੱਥੇ ਕਾਰਪੋਰੇਸ਼ਨ ਕਿਹਾ ਗਿਆ ਹੈ) ਨੂੰ ਕੰਪਨੀ ਐਕਟ 1956 ਦੇ ਅਧੀਨ ਮਈ 1983 ਵਿੱਚ ਸ਼ਾਮਿਲ ਕੀਤਾ ਗਿਆ ਸੀ।

10 ਕੂਪ ਇੱਕ ਹੱਦਬੰਦੀ ਕੀਤਾ ਖੇਤਰ ਹੈ ਜਿੱਥੇ ਕਟਾਈ ਕੀਤੀ ਜਾਣੀ ਹੈ।

11 ਕੰਪਾਰਟਮੈਂਟ ਵਣ ਦੇ ਪ੍ਰਬੰਧਨ ਦੀ ਸਭ ਤੋ ਛੋਟੀ ਇਕਾਈ ਹੈ।

ਵਿਭਾਗ ਦੇ ਸਮੁੱਚੇ ਪ੍ਰਸ਼ਾਸਨ ਲਈ ਜ਼ਿੰਮੇਵਾਰ ਹੁੰਦਾ ਹੈ ਅਤੇ ਸਿੱਧੇ ਤੌਰ ਤੇ ਤਿੰਨ ਵਧੀਕ ਪ੍ਰਧਾਨ ਮੁੱਖ ਵਣ ਪਾਲਾਂ[12], ਵਣ ਪਾਲਾਂ (ਸੀ ਐਫਜ਼) ਦੁਆਰਾ ਇਸਦੀ ਸਹਾਇਤਾ ਕੀਤੀ ਜਾਂਦੀ ਹੈ। ਹਰੇਕ ਸੀ ਐਫ ਵਣ ਮੰਡਲ ਅਧਿਕਾਰੀਆਂ (ਡੀ ਐਫ ਓਜ਼) ਦੁਆਰਾ ਉਨ੍ਹਾਂ ਦੇ ਅਧੀਨ ਆਉਂਦੇ ਖੇਤਰਾਂ ਵਿੱਚ ਕੀਤੀ ਜਾਂਦੀ ਕਟਾਈ ਅਤੇ ਮੁੜ ਪੈਦਾ ਕਰਨ ਦੀਆਂ ਵਣ ਗਤੀਵਿਧੀਆਂ ਨੂੰ ਕੰਟਰੋਲ ਕਰਦਾ ਹੈ ਅਤੇ ਉਸਦੀ ਸਹਾਇਤਾ ਸਹਾਇਕ ਵਣ ਪਾਲਾਂ (ਏ ਸੀ ਐਫ), ਰੇਂਜ ਅਧਿਕਾਰੀਆਂ, ਉਪ ਰੇਂਜ ਅਧਿਕਾਰੀਆਂ, ਫਾਰੇਸਟਰਜ਼ ਅਤੇ ਵਣ ਗਾਰਡਾਂ ਦੁਆਰਾ ਕੀਤੀ ਜਾਂਦੀ ਹੈ।

### 6.3.3 ਆਡਿਟ ਉਦੇਸ਼

ਆਡਿਟ ਦੇ ਉਦੇਸ਼ ਵਿਭਾਗ ਦੇ ਸਮੁੱਚੇ ਕੰਮਕਾਜ ਦੀ ਪੜਤਾਲ ਕਰਨਾ ਅਤੇ ਇਹ ਮੁਲਾਂਕਣ ਕਰਨ ਲਈ ਸੀ ਕਿ ਕੀ;

- ਯੋਜਨਾਬੰਦੀ ਪ੍ਰਕਿਰਿਆ ਉਚਿੱਤ ਅਤੇ ਕੁਸ਼ਲਤਾ ਨਾਲ ਲਾਗੂ ਕੀਤੀ ਗਈ ਸੀ;
- ਵਿੱਤੀ ਪ੍ਰਬੰਧਨ ਕੁਸ਼ਲ ਸੀ;
- ਮੁਲਾਂਕਣ ਅਤੇ ਮਾਲੀਆ ਇਕੱਠਾ ਕਰਨ ਲਈ ਉਚਿੱਤ ਅਤੇ ਪ੍ਰਭਾਵਸ਼ਾਲੀ ਪ੍ਰਣਾਲੀ ਮੌਜੂਦ ਸੀ;
- ਵਣ ਜ਼ਮੀਨ ਦਾ ਪ੍ਰਬੰਧਨ ਵਧੀਆ ਸੀ; ਅਤੇ
- ਅੰਦਰੂਨੀ ਕੰਟਰੋਲ ਪ੍ਰਣਾਲੀ ਮਾਲੀਆ ਇਕੱਠਾ ਕਰਨ ਅਤੇ ਇਸਦੇ ਸਹੀ ਪ੍ਰਬੰਧਨ ਉੱਤੇ ਨਜ਼ਰ ਰੱਖਣ ਲਈ ਉਚਿੱਤ ਅਤੇ ਪ੍ਰਭਾਵਸ਼ਾਲੀ ਸੀ।

### 6.3.4 ਆਡਿਟ ਮਾਪਦੰਡ

ਆਡਿਟ ਦੇ ਮਾਪਦੰਡ ਹੇਠ ਦਿੱਤੇ ਸਰੋਤਾਂ ਤੋਂ ਤਿਆਰ ਕੀਤੇ ਗਏ ਸਨ:

- ਭਾਰਤੀ ਵਣ ਐਕਟ 1927; ਵਣ ਸੰਭਾਲ ਐਕਟ, 1980; ਭਾਰਤੀ ਜੰਗਲੀ ਜੀਵ (ਸੁਰੱਖਿਆ) ਐਕਟ 1972 ਅਤੇ ਇਨ੍ਹਾਂ ਅਧੀਨ ਬਣੇ ਨਿਯਮ,
- ਰਾਸ਼ਟਰੀ ਵਣ ਨੀਤੀ, 1988;
- ਰਾਸ਼ਟਰੀ ਜੰਗਲੀ ਜੀਵ ਐਕਸ਼ਨ ਪਲਾਨ, ਰਾਸ਼ਟਰੀ ਕਾਰਜਕਾਰੀ ਯੋਜਨਾ ਕੋਡ, ਕਾਰਜਸ਼ੀਲ ਯੋਜਨਾਵਾਂ ਅਤੇ ਪ੍ਰਬੰਧਨ ਦੀਆਂ ਯੋਜਨਾਵਾਂ;
- ਪੰਜਾਬ ਵਿੱਤੀ ਨਿਯਮ, ਪੰਜਾਬ ਖਜਾਨਾ ਨਿਯਮ ਅਤੇ ਵਣ ਮੈਨੂਅਲ;
- ਰਾਜ ਸਰਕਾਰ ਦੁਆਰਾ ਜਾਰੀ ਨੋਟੀਫਿਕੇਸ਼ਨਾਂ ਅਤੇ ਆਦੇਸ਼।

### 6.3.5 ਆਡਿਟ ਵਿਧੀ ਅਤੇ ਦਾਇਰਾ

ਕਾਰਗੁਜ਼ਾਰੀ ਆਡਿਟ, ਅਪ੍ਰੈਲ 2019 ਅਤੇ ਜਨਵਰੀ 2020 ਵਿੱਚਕਾਰ ਸਟੈਸਿਟੀਕਲ ਰੈਂਡਮ ਸੈਂਪਲਿੰਗ ਦੁਆਰਾ ਚੁਣ ਗਏ 16 ਵਿੱਚੋਂ ਛੇ[13] ਖੇਤਰੀ ਮੰਡਲਾਂ, ਛੇ ਵਿੱਚੋਂ ਚਾਰ[14] ਜੰਗਲੀ ਜੀਵ

---

[12] ਜੰਗਲੀ ਜੀਵਣ ਅਤੇ ਪ੍ਰਾਜੈਕਟ, ਪ੍ਰਸ਼ਾਸਨ ਅਤੇ ਵਿਕਾਸ।

[13] ਐਸ ਏ ਐਸ ਨਗਰ, ਰੂਪ ਨਗਰ, ਗੜ੍ਹਸ਼ੰਕਰ, ਹੁਸ਼ਿਆਰਪੁਰ, ਦਸੂਆ ਅਤੇ ਪਠਾਨਕੋਟ

[14] ਫਿਰੋਜ਼ਪੁਰ, ਪਠਾਨਕੋਟ, ਪਟਿਆਲਾ ਅਤੇ ਫਿਲੌਰ

ਮੰਡਲਾਂ, ਛੇ ਵਿੱਚੋ ਤਿੰਨ[15] ਸਰਕਲਾਂ ਅਤੇ ਰਾਜ ਵਿੱਚ ਇੱਕੋ ਜਿਓਲਾਜੀਕਲ ਪਾਰਕ ਵਿੱਚ 2013-14 ਤੋਂ 2018-19 ਤੱਕ ਦੀ ਅਵਧੀ ਦੇ ਰਿਕਾਰਡਾਂ ਦੀ ਜਾਂਚ ਕਰਨ ਦੇ ਇਲਵਾ ਸਟੈਂਡਰਡ ਆਡਿਟ ਦਿਸ਼ਾ-ਨਿਰਦੇਸ਼ਾਂ, ਵਿਭਾਗੀ ਅਧਿਕਾਰੀਆਂ ਨਾਲ ਸੰਯੁਕਤ ਸਾਈਟ ਨਿਰੀਖਣਾਂ ਅਤੇ ਵਿਚਾਰ ਵਟਾਂਰਦੇ ਦੇ ਅਧਾਰ ਤੇ ਕੀਤਾ ਗਿਆ ਸੀ। ਅਪ੍ਰੈਲ 2019 ਵਿੱਚ ਪੀ ਸੀ ਸੀ ਐਫ ਨਾਲ ਇੱਕ ਐਂਟਰੀ ਕਾਨਫਰੰਸ ਕੀਤੀ ਗਈ ਸੀ, ਜਿਸ ਵਿੱਚ ਆਡਿਟ ਦੇ ਉਦੇਸ਼, ਮਾਪਦੰਡ ਅਤੇ ਵਿਧੀ ਉੱਤੇ ਵਿਚਾਰ ਵਟਾਂਦਰਾ ਕੀਤਾ ਗਿਆ ਸੀ। ਆਡਿਟ ਲੱਭਤਾਂ ਬਾਰੇ ਵਿਭਾਗ ਨਾਲ 22 ਅਕਤੂਬਰ 2020 ਨੂੰ ਵਿਚਾਰ ਵਟਾਂਦਰਾ ਕੀਤਾ ਗਿਆ ਸੀ। ਵਿਭਾਗ ਦੁਆਰਾ ਐਗਜਿਟ ਕਾਨਫਰੰਸ ਵਿੱਚ ਪ੍ਰਗਟ ਕੀਤੇ ਵਿਚਾਰਾਂ ਅਤੇ ਜਵਾਬਾਂ ਨੂੰ ਉਚਿਤਤਾ ਨਾਲ ਰਿਪੋਰਟ ਨੂੰ ਅੰਤਮ ਰੂਪ ਦੇਣ ਵੇਲੇ ਸ਼ਾਮਲ ਕੀਤਾ ਗਿਆ ਹੈ।

### 6.3.6 ਯੋਜਨਾਬੰਦੀ

ਨੀਤੀਆਂ ਅਤੇ ਯੋਜਨਾਵਾਂ ਦੀ ਸਮੇਂ ਸਿਰ ਤਿਆਰੀ ਵਣ ਅਤੇ ਜੰਗਲੀ ਜੀਵਣ ਦੀ ਰੱਖਿਆ ਅਤੇ ਬਚਾਅ ਦੀਆਂ ਗਤੀਵਿਧੀਆਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਲਈ ਜ਼ਰੂਰੀ ਹਨ। ਆਡਿਟ ਨੇ ਯੋਜਨਾਬੰਦੀ ਵਿੱਚ ਹੇਠ ਲਿਖੀਆਂ ਕਮੀਆਂ ਦੇਖੀਆਂ।

### 6.3.6.1 ਰਾਜ ਵਣ ਨੀਤੀ ਨਾ ਬਣਾਉਣਾ

ਨੀਤੀ ਇੱਕ ਮਹੱਤਵਪੂਰਨ ਅਤੇ ਬਹੁਤ ਲੋੜੀਂਦਾ ਦਸਤਾਵੇਜ਼ ਹੈ ਕਿਉਂਕਿ ਇਹ ਰਾਜ ਵਿੱਚ ਵਣਾਂ ਦੇ ਪ੍ਰਬੰਧਨ ਅਤੇ ਕੰਟਰੋਲ ਲਈ ਵਿਸ਼ਾਲ ਢਾਂਚਾ ਪ੍ਰਦਾਨ ਕਰਦੀ ਹੈ। ਇਸ ਲਈ, ਇਸ ਤੱਥ ਨੂੰ ਧਿਆਨ ਵਿੱਚ ਰੱਖਦਿਆਂ ਕਿ ਕੌਮੀ ਵਹਾਅ ਸਥਾਨ ਦੇ ਖਾਸ ਮਾਮਲਿਆਂ ਨੂੰ ਸੰਬੋਧਿਤ ਕਰਨ ਲਈ ਬਹੁਤ ਵੱਡਾ ਹੈ ਅਤੇ ਪੰਜਾਬ ਇੱਕ ਬਹੁਤ ਘੱਟ ਕੁਦਰਤੀ ਵਣਾਂ ਵਾਲਾ ਤੁਲਨਾਤਮਕ ਤੌਰ ਤੇ ਛੋਟਾ ਰਾਜ ਹੈ, ਇਸ ਲਈ ਭਾਰਤ ਸਰਕਾਰ ਦੁਆਰਾ ਬਣਾਈ ਗਈ ਰਾਸ਼ਟਰੀ ਵਣ ਨੀਤੀ, 1988 ਦੇ ਢਾਂਚੇ ਵਿੱਚ ਵਾਤਾਵਰਣਕ ਸੰਤੁਲਨ ਦੀ ਸੰਭਾਲ ਅਤੇ ਬਹਾਲੀ ਨੂੰ ਯਕੀਨੀ ਬਣਾਉਣ ਲਈ ਇੱਕ ਰਾਜ ਵਿਸ਼ੇਸ਼ ਵਣ ਨੀਤੀ ਰੱਖਣੀ ਲਾਜ਼ਮੀ ਹੈ ਜਿਵੇਂਕਿ ਕਈ ਨਾਲ ਲੱਗਦੇ ਰਾਜਾਂ ਜਿਵੇਂ ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ ਅਤੇ ਜੰਮੂ ਅਤੇ ਕਸ਼ਮੀਰ ਦੁਆਰਾ ਅਪਣਾਈ ਗਈ ਹੈ। ਅੱਗੇ, ਰਾਸ਼ਟਰੀ ਵਣ ਕਮਿਸ਼ਨ ਦੀਆਂ ਸਿਫ਼ਾਰਸ਼ਾਂ (2006) ਅਨੁਸਾਰ ਵਣ ਅਤੇ ਜੰਗਲੀ ਜੀਵਣ ਦੇ ਸਰੋਤਾਂ ਦੇ ਟਿਕਾਊ ਪ੍ਰਬੰਧਨ ਲਈ ਰਾਜ ਦੀ ਆਪਣੀ ਵਣ ਨੀਤੀ ਹੋਣੀ ਚਾਹੀਦੀ ਸੀ।
ਆਡਿਟ ਨੇ ਦੇਖਿਆ ਕਿ:

- ਰਾਜ ਸਰਕਾਰ ਨੇ ਵਣ ਕਵਰ ਦੀ ਸੰਭਾਲ, ਰੱਖਿਆ ਅਤੇ ਬਹਾਲੀ ਦੇ ਲੰਮੇ ਸਮੇਂ ਦੇ ਟੀਚਿਆਂ ਦੀ ਪ੍ਰਾਪਤੀ ਲਈ ਰਾਜ ਦੀਆਂ ਖਾਸ ਜ਼ਰੂਰਤਾਂ ਨੂੰ ਸੰਬੋਧਿਤ ਕਰਨ ਲਈ ਵਣ ਨੀਤੀ ਨਹੀਂ ਬਣਾਈ। ਇੱਕ ਰਾਜ ਦੀ ਨੀਤੀ ਮਾਲਵਾ ਖਿੱਤੇ ਵਿੱਚ ਜ਼ਮੀਨ ਦੀ ਸੀਮਿਤ ਉਪਲਬਧਤਾ ਅਤੇ ਖਾਰੇਪਣ ਦੀਆਂ ਚੁਣੌਤੀਆਂ ਬਾਰੇ ਵਿਚਾਰ ਕਰ ਸਕਦੀ ਸੀ।
- ਸ਼ੁਰੂ ਵਿੱਚ ਵਿਭਾਗ ਦੇ ਵਿਜ਼ਨ ਦਸਤਾਵੇਜ਼ 2008 ਵਿੱਚ 2020 ਤੱਕ 15 ਪ੍ਰਤੀਸ਼ਤ ਵਣ ਕਵਰ ਨੂੰ ਪ੍ਰਾਪਤ ਕਰਨ ਦਾ ਟੀਚਾ ਸੀ, ਹਾਲਾਂਕਿ, ਵਿਜ਼ਨ ਦਸਤਾਵੇਜ਼ 2019 ਵਿੱਚ ਇਹ ਟੀਚਾ 2030 ਤੱਕ 7.5 ਪ੍ਰਤੀਸ਼ਤ ਕਰ ਦਿੱਤਾ ਗਿਆ।

ਐਗਜ਼ਿਟ ਕਾਨਫਰੰਸ ਦੌਰਾਨ, ਵਿਭਾਗ ਨੇ ਦੱਸਿਆ ਕਿ ਵਣਾਂ ਦੀ ਸੰਭਾਲ ਅਤੇ ਰੱਖਿਆ ਲਈ ਵੱਖਰੀ ਰਾਜ ਵਣ ਨੀਤੀ ਬਣਾਉਣ ਦੀ ਰਾਜ ਦੀ ਕੋਈ ਵਿਸ਼ੇਸ਼ ਕਾਨੂੰਨੀ ਜ਼ਿੰਮੇਵਾਰੀ ਨਹੀਂ ਸੀ ਅਤੇ

[15] ਉੱਤਰੀ ਸਰਕਲ, ਸ਼ਿਵਾਲਿਕ ਸਰਕਲ, ਪਾਰਕ ਅਤੇ ਸੁੱਰਖਿਅਤ ਖੇਤਰ (ਡਬਲਿਯੂ ਐਲ) ਸਰਕਲ।

ਨਾ ਹੀ ਇਸ ਦੀ ਜ਼ਰੂਰਤ ਸੀ। ਵਿਭਾਗ ਦੇ ਜਵਾਬ ਵਿੱਚ ਵੱਖਰੀ ਰਾਜ ਨੀਤੀ ਦੀ ਮਹੱਤਤਾ ਉੱਤੇ ਵਿਚਾਰ ਨਹੀਂ ਕੀਤਾ ਗਿਆ ਜੋ ਕਿ ਵਿਸ਼ੇਸ਼ ਮੁੱਦਿਆ ਨੂੰ ਪੂਰਾ ਕਰ ਸਕਦੀ ਹੈ।

### 6.3.6.2 ਈਕੋ-ਟੂਰਿਜ਼ਮ ਪ੍ਰੋਜੈਕਟਾਂ ਨੂੰ ਲਾਗੂ ਕਰਨ ਵਿੱਚ ਦੇਰੀ

ਟੂਰਿਜ਼ਮ ਵਿਭਾਗ, ਪੰਜਾਬ ਸਰਕਾਰ ਨੇ 2009 ਵਿੱਚ ਈਕੋ ਟੂਰਿਜ਼ਮ ਪਾਲਿਸੀ ਦੀ ਸ਼ੁਰੂਆਤ ਕੀਤੀ ਸੀ ਜਿਸ ਨੇ ਵਾਤਾਵਰਣ-ਟੂਰਿਜ਼ਮ ਦੇ ਚੰਗੇ ਸਿਧਾਂਤਾਂ ਦੀ ਪਾਲਣਾ ਕਰਦਿਆਂ, ਜੀਵਤ ਭਾਈਚਾਰੇ ਦੀ ਕਦਰ ਕਰਦਿਆਂ ਅਤੇ ਲੋਕਾਂ ਅਤੇ ਕੁਦਰਤ ਦੇ ਹਿੱਤਾਂ ਨੂੰ ਏਕੀਕ੍ਰਿਤ ਕਰਨ ਦੀ ਜ਼ਰੂਰਤ ਨੂੰ ਮੰਨਦੇ ਹੋਏ ਸੈਲਾਨੀਆਂ ਨੂੰ ਉੱਤਮ ਈਕੋ-ਟੂਰਿਜ਼ਮ ਸੇਵਾਵਾਂ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਸੀ। ਨੀਤੀ ਅਨੁਸਾਰ ਵਣ ਅਤੇ ਜੰਗਲੀ ਜੀਵਣ ਦੀ ਸੰਭਾਲ ਅਤੇ ਟੂਰਿਜ਼ਮ ਵਿਭਾਗ ਨੂੰ ਪੜਾਅਵਾਰ ਵਿਕਾਸ ਲਈ ਸੰਭਾਵਿਤ ਥਾਵਾਂ ਦੀ ਪਛਾਣ ਕਰਨੀ ਸੀ।

ਆਡਿਟ ਨੇ ਦੇਖਿਆ ਕਿ ਤਿੰਨ ਸਾਈਟਾਂ ਜਿਵੇਂ ਕਿ ਹਰੀਕੇ ਵੈਟਲੈਂਡ, ਛੱਤਬੀੜ ਚਿੜੀਆਘਰ ਅਤੇ ਰੋਪੜ ਵੈਟਲੈਂਡ ਨੂੰ ਪੀ ਐਚ ਟੀ ਪੀ ਬੀ ਦੁਆਰਾ ਈਕੋ ਟੂਰਿਜ਼ਮ ਪ੍ਰੋਜੈਕਟ ਵਜੋਂ ਵਿਕਸਤ ਕੀਤਾ ਜਾਣਾ ਸੀ। ਪੀ ਐਚ ਟੀ ਪੀ ਬੀ ਦੁਆਰਾ ਦਿੱਤੀ ਜਾਣਕਾਰੀ ਦੇ ਅਨੁਸਾਰ, ਇਹ ਪ੍ਰੋਜੈਕਟ ਸਾਲ 2015 ਵਿੱਚ ₹ 27.85 ਕਰੋੜ ਦੀ ਪ੍ਰਵਾਨਤ ਲਾਗਤ ਨਾਲ ਸ਼ੁਰੂ ਕੀਤੇ ਗਏ ਸਨ ਅਤੇ ਇਹ 18 ਮਹੀਨਿਆਂ ਵਿੱਚ ਮੁਕੰਮਲ ਕੀਤੇ ਜਾਣੇ ਸਨ। ਪਰ ਪ੍ਰੋਜੈਕਟਾਂ ਦੇ ਮੁਕੰਮਲ ਹੋਣ ਦੇ ਬਾਵਜੂਦ ਪ੍ਰੋਜੈਕਟ 17 ਮਹੀਨਿਆਂ ਤੋਂ 34 ਮਹੀਨਿਆਂ ਦੀ ਦੇਰੀ ਨਾਲ ₹ 29.35 ਕਰੋੜ ਰੁਪਏ ਦੀ ਵਧੀ ਹੋਈ ਲਾਗਤ ਨਾਲ ਮੁਕੰਮਲ ਹੋਣ ਦੇ ਬਾਵਜੂਦ ਵਿਭਾਗ ਪ੍ਰਾਜੈਕਟਾਂ ਦਾ ਕਬਜ਼ਾ ਲੈਣ ਵਿੱਚ ਅਸਫਲ ਰਿਹਾ, ਇਸ ਨੇ ਸਮੁੱਚੇ ਉਦੇਸ਼ ਨੂੰ ਹਰਾ ਦਿੱਤਾ।

ਵਿਭਾਗ ਨੇ ਦਸਿਯਾ ਕਿ ਪੀ ਐਚ ਟੀ ਪੀ ਬੀ ਦੁਆਰਾ ਬਨਾਏ ਗਏ ਇੰਨਫਰਾਸਟਰਕਚਰ ਨੂੰ ਅਧਿਕਾਰਿਕ ਤੌਰ ਤੇ ਕਬਜੇ ਵਿੱਚ ਲੈ ਲਿਆ ਗਿਆ ਹੈ ਅਤੇ ਕੋਵਿਡ-19 ਦੀ ਸਥਿਤਿ ਵਿੱਚ ਸੁਧਾਰ ਦੇ ਨਾਲ ਹੀ ਕਾਰਜਸ਼ੀਲ ਬਣਾਇਆ ਜਾਵੇਗਾ।

### 6.3.6.3 ਕਾਰਜਸ਼ੀਲ ਯੋਜਨਾ ਦੀ ਤਿਆਰੀ ਵਿੱਚ ਦੇਰੀ

ਰਾਸ਼ਟਰੀ ਕਾਰਜਸ਼ੀਲ ਯੋਜਨਾ ਕੋਡ (ਐਨ ਡਬਲਿਯੂ ਪੀ ਸੀ) 2014 ਅਨੁਸਾਰ ਕਾਰਜਸ਼ੀਲ ਯੋਜਨਾ ਦੱਸ ਸਾਲਾਂ ਦੀ ਮਿਆਦ ਲਈ ਤਿਆਰ ਕੀਤਾ ਗਿਆ ਇੱਕ ਦਸਤਾਵੇਜ਼ ਹੈ ਜਿਸ ਵਿੱਚ ਵਣਾਂ ਦੇ ਟਿਕਾਊ ਵਿਕਾਸ ਅਤੇ ਕਟਾਈ ਲਈ ਸਿਲਵੀਕਲਚਰਲ[16] ਕਾਰਜਾਂ ਦੇ ਪ੍ਰਬੰਧਨ ਦੀ ਵਿਸਤ੍ਰਿਤ ਯੋਜਨਾ ਸ਼ਾਮਲ ਹੈ। ਅੱਗੇ, ਕਾਰਜਾਂ ਦੀ ਸਲਾਨਾ ਯੋਜਨਾ ਕਾਰਜਸ਼ੀਲ ਯੋਜਨਾ ਵਿੱਚ ਮਨਜ਼ੂਰਸ਼ੁਦਾ ਗਤੀਵਿਧੀਆਂ ਲਈ ਇੱਕ ਸਾਲ ਦੀ ਮਿਆਦ ਲਈ ਤਿਆਰ ਕੀਤੀ ਜਾਂਦੀ ਹੈ। ਇਹ ਵਿਭਾਗ ਦੀ ਜ਼ਿੰਮੇਵਾਰੀ ਹੈ ਕਿ ਉਹ ਕਾਰਜ ਯੋਜਨਾ ਤਿਆਰ ਕਰਨ/ਸੋਧਣ ਅਤੇ ਭਾਰਤ ਸਰਕਾਰ ਤੋਂ ਐਡਵਾਂਸ ਪ੍ਰਵਾਨਗੀਆਂ ਲੈਣ ਲਈ ਢੁਕਵੀਂ ਯੋਜਨਾਬੰਦੀ ਨੂੰ ਯਕੀਨੀ ਬਣਾਏ। ਆਪ੍ਰੇਸ਼ਨ ਦੀ ਸਲਾਨਾ ਯੋਜਨਾ (ਏ ਪੀ ਓ) ਡਬਲਯੂ ਪੀਜ਼ ਤੇ ਅਧਾਰਤ ਹੋਣੀ ਚਾਹੀਦੀ ਹੈ ਅਤੇ ਪ੍ਰਵਾਨਗੀ ਅਤੇ ਫੰਡਾਂ ਦੀ ਰਲੀਜ਼ ਲਈ ਸੀ ਐਫਜ਼ ਨੂੰ ਪ੍ਰਸਤੁਤ ਹੋਣੀ ਲੋੜੀਂਦੀ ਹੈ।

ਆਡਿਟ ਨੇ ਸੀ ਸੀ ਐਫ (ਡਬਲਯੂ ਪੀ) ਦੇ ਦਫਤਰ ਦੇ ਰਿਕਾਰਡਾਂ ਤੋਂ ਦੇਖਿਆ (ਮਈ 2019 ਅਤੇ ਦਸੰਬਰ 2019) ਕਿ 21 ਕਾਰਜਸ਼ੀਲ ਯੋਜਨਾਵਾਂ ਵਿੱਚੋਂ ਦੋ[17] ਮੰਡਲਾਂ ਨਾਲ ਸਬੰਧਤ ਸਿਰਫ 2

16 ਨਵੇਂ ਪੌਦੇ ਲਗਾਉਣ ਅਤੇ ਮੌਜੂਦਾ ਪੌਦਿਆਂ ਦਾ ਵਿਕਾਸ ਕਰਨਾ ਅਤੇ ਪ੍ਰਕਿਰਿਆ ਵਿੱਚ ਵਣ ਉਪਜ ਦੀ ਵਿੱਕਰੀ ਦੁਆਰਾ ਮਾਲੀਆ ਇੱਕਠਾ ਕਰਨਾ।

17 ਪਟਿਆਲਾ ਅਤੇ ਐਸ ਏ ਐਸ ਨਗਰ

ਡਬਲਯੂ ਪੀਜ਼ ਨਿਰਧਾਰਤ ਸਮੇਂ ਸੀਮਾ ਵਿੱਚ ਪ੍ਰਵਾਨ ਕੀਤੇ ਗਏ ਸਨ। ਬਾਕੀ ਦੋ[18] ਮੰਡਲਾਂ ਦੀਆਂ ਦੋ ਕਾਰਜਸ਼ੀਲ ਯੋਜਨਾਵਾਂ ਪੀ ਸੀ ਸੀ ਐਫ ਪੱਧਰ ਤੇ ਪ੍ਰਵਾਨਗੀ ਅਧੀਨ ਸਨ, ਚੌਦਾਂ[19] ਮੰਡਲਾਂ ਦੀਆਂ 14 ਕਾਰਜਸ਼ੀਲ ਯੋਜਨਾਵਾਂ ਦੇਰੀ (4 ਤੋਂ 24 ਮਹੀਨੇ) ਨਾਲ ਪ੍ਰਵਾਨ ਕੀਤੀਆ ਗਈਆਂ ਸਨ ਅਤੇ ਬਾਕੀ ਤਿੰਨ[20] ਮੰਡਲਾਂ ਦੀਆਂ ਤਿੰਨ ਕਾਰਜਸ਼ੀਲ ਯੋਜਨਾਵਾਂ ਦੇਰੀ (20 ਤੋਂ 44 ਮਹੀਨੇ) ਨਾਲ ਜੀ ਓ ਆਈ ਨੂੰ ਪ੍ਰਵਾਨਗੀ ਲਈ ਭੇਜੀਆਂ ਗਈਆਂ ਸਨ। ਨਤੀਜੇ ਵਜੋਂ, ਮੰਜੂਰਸ਼ੁਦਾ ਕਾਰਜਸ਼ੀਲ ਯੋਜਨਾ ਦੀ ਗੈਰ ਹਾਜ਼ਰੀ ਵਿੱਚ ਤਿਆਰ ਕੀਤੇ ਗਏ ਏ ਪੀ ਓਜ਼ ਪ੍ਰਵਾਨਤ ਡਬਲਯੂ ਪੀਜ਼ ਅਨੁਸਾਰ ਇਕਜੁੱਟ ਗਤੀਵਿਧੀਆਂ ਦੇ ਅਧਾਰ ਤੇ ਨਹੀਂ ਸਨ।

ਐਗਜ਼ਿਟ ਕਾਨਫਰੰਸ ਦੌਰਾਨ, ਵਿਭਾਗ ਨੇ ਦੱਸਿਆ ਕਿ ਕਾਰਜ਼ਸੀਲ ਯੋਜਨਾ ਦੀ ਤਿਆਰੀ ਬਹੁਤ ਹੀ ਤਕਨੀਕੀ ਅਤੇ ਮੁਸ਼ਕਲ ਅਭਿਆਸ ਹੈ ਜਿਸ ਵਿੱਚ ਇਸ ਦੀ ਤਿਆਰੀ ਵਿੱਚ ਕਈ ਪੜਾਅ ਸ਼ਾਮਲ ਹੁੰਦੇ ਹਨ ਅਤੇ ਕਈ ਵਾਰ ਦੇਰੀ ਹੋ ਜਾਂਦੀ ਹੈ।

ਵਿਭਾਗ ਦਾ ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਐਨ ਡਬਲਯੂ ਪੀ ਸੀ ਨੇ ਸ਼ਾਮਲ ਪ੍ਰਕਿਰਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਯੋਜਨਾ ਤਿਆਰ ਕਰਨ ਲਈ ਢਾਈ ਸਾਲਾਂ ਦਾ ਸਮਾਂ ਦਿੱਤਾ ਸੀ। ਅੱਗੇ, ਕਾਰਜ਼ਸ਼ੀਲ ਯੋਜਨਾਵਾਂ ਤੋਂ ਬਗੈਰ ਏ ਪੀ ਓਜ਼ ਦਾ ਗਠਨ ਇੱਕ ਵੱਡੀ ਗਲਤੀ ਹੈ, ਜਿਵੇਂਕਿ ਵਿਭਾਗ ਦੁਆਰਾ ਮੰਨਿਆ ਗਿਆ ਹੈ।

### 6.3.6.4 ਜੰਗਲੀ ਜੀਵ ਪ੍ਰਬਧੰਨ ਯੋਜਨਾ

ਰਾਸ਼ਟਰੀ ਜੰਗਲੀ ਜੀਵ ਕਾਰਜ ਯੋਜਨਾ (ਐਨ ਡਬਲਯੂ ਏ ਪੀ), 2002–2016 ਅਨੁਸਾਰ, ਹਰੇਕ ਸੁੱਰਖਿਅਤ ਖੇਤਰ (ਪੀ ਏ) ਦੀ ਸਹੀ ਵਿਗਿਆਨਕ ਅਤੇ ਵਾਤਾਵਰਣਿਕ ਡਾਟਾ ਅਧਾਰਤ ਆਪਣੀ ਖੁਦ ਦੀ ਪ੍ਰਬੰਧਨ ਯੋਜਨਾ ਹੋਣੀ ਚਾਹੀਦੀ ਹੈ ਜਿਸ ਦੇ ਮੁੱਖ ਉਦੇਸ਼ ਪੀ ਏਜ਼ ਨੂੰ ਮਾੜੇ ਪ੍ਰਭਾਵਾਂ ਤੋ ਬਚਾਉਣ ਅਤੇ ਕੁਦਰਤੀ ਪੁਨਰ ਜਨਮ ਨੂੰ ਉਤਸ਼ਾਹਤ ਕਰਨਾ ਹੋਣੇ ਚਾਹੀਦੇ ਹਨ।

ਆਡਿਟ ਨੇ ਦੇਖਿਆ ਕਿ 14 ਪੀ ਏਜ਼ ਵਿੱਚੋਂ, ਜਿੱਥੇ ਪ੍ਰਬੰਧਨ ਯੋਜਨਾਵਾਂ ਤਿਆਰ ਕਰਦੇ ਸਨ ਦੋ[21] ਸੁਰੱਖਿਤ ਖੇਤਰਾਂ ਦੇ, ਐਮ ਪੀਜ਼ ਸੋਧ ਅਧੀਨ ਸਨ। ਚਾਰ[22] ਸੁਰੱਖਿਤ ਖੇਤਰਾਂ ਨਾਲ ਸਬੰਧਤ ਪ੍ਰਬੰਧਨ ਯੋਜਨਾਵਾਂ ਅਜੇ ਤਿਆਰ ਨਹੀਂ ਕੀਤੇ ਗਏ ਸਨ ਅਤੇ ਦੇਰੀ ਇੱਕ ਤੋਂ 18 ਸਾਲਾਂ ਦੇ ਵਿੱਚਕਾਰ ਸੀ।

ਇਹ ਦੱਸੇ ਜਾਣ ਉੱਤੇ, ਵਿਭਾਗ ਨੇ ਕਿਹਾ ਕਿ ਜਿਵੇਂ ਕਿ ਅਡਿਟ ਦੁਆਰਾ ਦੱਸਿਆ ਗਿਆ ਹੈ ਦੋ ਸੁਰੱਖਿਅਤ ਖੇਤਰਾਂ ਦੀਆਂ ਪ੍ਰਬੰਧਨ ਯੋਜਨਾਵਾਂ 10 ਸਾਲ ਪਹਿਲਾਂ ਬਣਾਈਆ ਗਈਆਂ ਸਨ ਅਤੇ ਇਸਦੀ ਸੋਧ ਦਾ ਕੰਮ ਪ੍ਰਗਤੀ ਅਧੀਨ ਹੈ। ਹੋਰ ਚਾਰ ਸੁਰੱਖਿਅਤ ਖੇਤਰ ਜਿਵੇਂ ਕਿ ਅਡਿਟ ਵਿੱਚ ਦੱਸਿਆ ਗਿਆ ਹੈ, ਨੂੰ ਸਿਰਫ ਦੋ ਸਾਲ ਪਹਿਲਾਂ ਸੁਰੱਖਿਅਤ ਖੇਤਰ ਐਲਾਨਿਆ ਗਿਆ ਸੀ ਅਤੇ ਉਨ੍ਹਾਂ ਦੀ ਪ੍ਰਬੰਧਨ ਯੋਜਨਾ ਦੀ ਤਿਆਰੀ ਜਾਰੀ ਹੈ।

ਵਿਭਾਗ ਦਾ ਜਵਾਬ ਤਸੱਲੀਬਖਸ਼ ਨਹੀਂ ਹੈ ਕਿਉਂਕਿ ਚਾਰ ਵਿੱਚੋਂ ਦੋ ਸੁਰੱਖਿਅਤ ਖੇਤਰਾਂ ਜਿਵੇਂ ਕਿ ਅਬਹੋਰ ਵਾਈਲਡ ਲਾਈਫ ਸੈਂਕਚੁਰੀ ਅਤੇ ਹਰੀਪੁਰਲ ਪੰਨੀਵਾਲਾ ਗੁਮਜਾਲ ਕਮਿਊਨਿਟੀ ਰਿਜ਼ਰਵ

---

18 ਬਠਿੰਡਾ ਅਤੇ ਸ੍ਰੀ ਮੁਕਤਸਰ ਸਾਹਿਬ

19 ਅੰਮ੍ਰਿਤਸਰ, ਬਠਿੰਡਾ, ਫਿਰੋਜ਼ਪੁਰ, ਗੁਰਦਾਸਪੁਰ, ਜਲੰਧਰ, ਲੁਧਿਆਣਾ, ਮਾਨਸਾ, ਸ੍ਰੀ ਮੁਕਤਸਰ ਸਾਹਿਬ, ਸੰਗਰੂਰ, ਦਸੂਆ, ਗੜ੍ਹਸ਼ੰਕਰ, ਹੁਸ਼ਿਆਰਪੁਰ, ਪਠਾਨਕੋਟ ਅਤੇ ਰੂਪ ਨਗਰ

20 ਲੁਧਿਆਣਾ, ਮਾਨਸਾ ਅਤੇ ਸੰਗਰੂਰ

21 ਹਰੀਕੇ ਵਾਈਲਡਲਾਈਫ ਸੈਂਕਚੂਰੀ, ਕੇਸ਼ੋਪੁਰ ਛੰਬ ਕਮਿਊਨਿਟੀ ਰਿਜਰਵ।

22 ਅਬੋਹਰ ਵਾਈਲਡਲਾਈਫ ਸੈਂਕਚੂਰੀ, ਹਰੀਪੁਰਾ ਪੰਨੀਵਾਲਾ ਮਹਾਲਾ ਗੁਮਜਲ ਕਮਿਊਨਿਟੀ ਰਿਜ਼ਰਵ ਬਿਆਸ ਕਨਜ਼ਰਵੇਸ਼ਨ ਰਿਜ਼ਰਵ, ਰਣਜੀਤ ਸਾਗਰ ਡੈਮ ਕਨਜ਼ਰਵੇਸ਼ਨ ਰਿਜ਼ਰਵ।

ਨੂੰ ਕ੍ਰਮਵਾਰ 2000 ਅਤੇ 2015 ਵਿੱਚ ਸੁਰੱਖਿਆ ਖੇਤਰ ਐਲਾਨਿਆ ਗਿਆ ਸੀ। ਇਨ੍ਹਾਂ ਦੀਆਂ ਪ੍ਰਬੰਧ ਯੋਜਨਾਵਾਂ ਨੂੰ 3 ਤੋਂ 18 ਸਾਲਾਂ ਦੀ ਮਿਆਦ ਦੇ ਬਾਅਦ ਵੀ ਮੰਨਜ਼ੂਰ ਨਹੀਂ ਕੀਤਾ ਗਿਆ ਸੀ।

## 6.3.7 ਵਿੱਤੀ ਪ੍ਰਬੰਧਨ

ਪ੍ਰਭਾਵਸ਼ਾਲੀ ਵਿੱਤੀ ਪ੍ਰਬੰਧਨ ਉਦੇਸ਼ਿਤ ਪ੍ਰੋਗਰਾਮ ਸਪੁਰਦਗੀਆਂ ਲਈ ਸਮੇਂ ਸਿਰ ਫੰਡਾਂ ਦੀ ਉਪਲਬਧਤਾ ਅਤੇ ਵਰਤੋਂ, ਵਿੱਤੀ ਨਿਯਮਾਂ ਦੇ ਅਨੁਸਾਰ ਖਰਚੇ ਅਤੇ ਖਾਤਿਆਂ ਦੀਆਂ ਕਿਤਾਬਾਂ ਵਿੱਚ ਸਹੀ ਰਿਕਾਰਡਿੰਗ ਯਕੀਨੀ ਬਣਾਉਂਦਾ ਹੈ।

### *6.3.7.1 ਬਜਟ ਅਤੇ ਅਸਲ ਖਰਚ*

2013-14 ਤੋਂ 2018-19 ਦੀ ਮਿਆਦ ਦੌਰਾਨ ਸਬੰਧਤ ਖਾਤਿਆਂ ਦੀ ਮੱਦ 0406 – ਪ੍ਰਾਪਤੀਆਂ ਜੰਗਲਾਤ ਅਤੇ ਜੰਗਲੀ ਜੀਵਣ ਅਤੇ 2406- ਰੈਵੀਨਿਊ ਖਰਚਾ – ਜੰਗਲਾਤ ਅਤੇ ਜੰਗਲੀ ਜੀਵਣ ਅਧੀਨ ਬਜਟ ਅਨੁਮਾਨ ਅਤੇ ਅਸਲ ਆਮਦਨ/ਖਰਚੇ ਹੇਠਾਂ **ਸਾਰਣੀ** 6.4 ਵਿੱਚ ਦਰਸਾਏ ਅਨੁਸਾਰ ਸਨ:

**ਸਾਰਣੀ 6.4: ਪ੍ਰਾਪਤੀਆਂ ਅਤੇ ਖਰਚ ਦੇ ਵੇਰਵੇ**

*(₹ ਕਰੋੜ ਵਿੱਚ)*

| ਸਾਲ | ਪ੍ਰਾਪਤੀਆਂ | | | ਖਰਚ | | |
|---|---|---|---|---|---|---|
| | ਬਜਟ ਅਨੁਮਾਨ (ਸੋਧੇ ਹੋਏ) | ਅਸਲ | ਭਿੰਨਤਾਵਾਂ ਬਚਤ (+) ਵਾਧੂ (-) % | ਬਜਟ ਅਨੁਮਾਨ | ਅਸਲ | ਭਿੰਨਤਾਵਾਂ ਬਚਤ (+) ਵਾਧੂ (-) % |
| **2013-14** | 30.00 | 20.69 | -31.03 | 120.28 | 104.09 | +13.46 |
| **2014-15** | 51.17 | 19.45 | -61.99 | 122.26 | 106.11 | +13.21 |
| **2015-16** | 36.48 | 31.81 | -12.80 | 134.29 | 112.98 | +15.87 |
| **2016-17** | 30.59 | 20.92 | -31.61 | 153.95 | 136.69 | +11.21 |
| **2017-18** | 22.61 | 48.67 | +115.25 | 166.28 | 142.61 | +14.24 |
| **2018-19** | 15.35 | 15.66 | +2.02 | 180.43 | 165.26 | + 08.40 |

*ਸਰੋਤ: ਸਲਾਨਾ ਵਿੱਤੀ ਸਾਰਣੀਆਂ*

ਇਹ ਦੇਖਿਆ ਜਾ ਸਕਦਾ ਸੀ ਕਿ ਪ੍ਰਾਪਤੀਆਂ 2014-15 ਦੇ ਬਜਟ ਅਨੁਮਾਨ ਨਾਲੋਂ ਕਾਫ਼ੀ ਘੱਟ ਸਨ ਅਤੇ 2017-18 ਵਿੱਚ ਵਧੇਰੇ ਸਨ ਅਤੇ ਪੂਰੀ ਮਿਆਦ ਦੌਰਾਨ ਖਰਚਿਆ ਦੀ ਨਿਰੰਤਰ ਬਚਤ ਰਹੀ।

ਇਹ ਦੱਸੇ ਜਾਣ ਉੱਤੇ, ਵਿਭਾਗ ਨੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਵੱਲੋਂ ਲਗਾਏ ਗਏ ਦਰੱਖਤ ਕਟਾਈ ਉੱਤੇ ਪਾਬੰਦੀ ਨੂੰ 2016-18 ਦੀ ਮਿਆਦ ਲਈ ਬਜਟ ਅਨੁਮਾਨਾਂ ਅਤੇ ਅਸਲ ਵਿਚਾਲੇ ਭਿੰਨਤਾਵਾਂ ਦਾ ਕਾਰਨ ਦੱਸਿਆ। 2013-16 ਦੀ ਮਿਆਦ ਦੌਰਾਨ ਭਿਨੰਤਾਵਾਂ ਦੇ ਕਾਰਣ ਵਿਭਾਗ ਦੁਆਰਾ ਨਹੀਂ ਦੱਸੇ ਗਏ।

### *6.3.7.2 ਸੋਧੀ ਹੋਈ ਰਾਇਲਟੀ ਨੀਤੀ ਵਿੱਚ ਵਿਆਜ਼ ਦੀ ਧਾਰਾ ਨੂੰ ਹਟਾਉਣਾ*

ਵਣ ਵਿਭਾਗ ਕਾਰਪੋਰੇਸ਼ਨ ਨੂੰ ਵੇਚੇ ਖੜੇ ਦਰੱਖਤਾਂ ਦੀ ਲਾਗਤ ਰਾਇਲਟੀ ਦੇ ਰੂਪ ਵਿੱਚ ਆਪਸੀ ਸਹਿਮਤੀ ਵਾਲੀਆਂ ਦਰਾਂ ਤੇ ਵਸੂਲਦਾ ਹੈ। ਰਾਇਲਟੀ ਨੀਤੀ 1 ਜੁਲਾਈ 2009 ਤੋਂ ਸੋਧੀ ਗਈ ਸੀ, ਜਿਸ ਦੁਆਰਾ ਰਾਇਲਟੀ ਦੀ ਬਕਾਇਆ ਰਕਮ ਉੱਤੇ 12 ਪ੍ਰਤੀਸ਼ਤ ਦੀ ਦਰ ਨਾਲ ਅਦਾ ਕਰਨਯੋਗ ਵਿਆਜ਼ (ਜੇ ਦਰਖੱਤਾਂ ਦੀ ਪੇਸ਼ਕਸ਼ ਦੀ ਮਿਤੀ ਤੋਂ ਸੱਤ ਮਹੀਨਿਆਂ ਦੇ ਅੰਦਰ-ਅੰਦਰ ਭੁਗਤਾਨ ਨਹੀਂ ਕੀਤਾ ਜਾਂਦਾ) ਦੀ ਧਾਰਾ ਨੂੰ ਹਟਾ ਦਿਤਾ ਗਿਆ।

ਸਿੱਟੇ ਵਜੋਂ, ਵਿਭਾਗ 2014-18 ਦੀ ਮਿਆਦ ਦੌਰਾਨ ਚੁਣੇ ਹੋਏ ਛੇ ਵਿੱਚੋਂ ਪੰਜ[23] ਮੰਡਲਾਂ ਵਿੱਚ ਇੱਕ ਤੋਂ ਚਾਰ ਸਾਲਾਂ ਦੀ ਦੇਰੀ ਨਾਲ ਜਮ੍ਹਾਂ ਕੀਤੀ ₹ 23.77 ਕਰੋੜ ਦੀ ਰਾਇਲਟੀ ਦੀ ਦੇਰੀ ਨਾਲ ਅਦਾਇਗੀ ਉੱਤੇ ਵਿਆਜ਼ ਨਹੀਂ ਲੈ ਸਕਿਆ। ਵਿਆਜ਼ ਦੀ ਵਿਵਸਥਾ ਰਾਇਲਟੀ ਜਮ੍ਹਾਂ ਕਰਾਉਣ ਵਿੱਚ ਦੇਰੀ ਨਾਲ ਜਮ੍ਹਾ ਕਰਨ ਦੇ ਰਾਹ ਵਿੱਚ ਰੁਕਾਵਟ ਬਣ ਸਕਦੀ ਸੀ ਜਾਂ ਇਸ ਨਾਲ ਵਿਭਾਗ ਨੂੰ ₹ 3.29 ਕਰੋੜ[24] ਦਾ ਵਿਆਜ਼ ਵਸੂਲਣ ਦੇ ਯੋਗ ਬਣਾਇਆ ਜਾ ਸਕਦਾ ਸੀ।

ਦੱਸੇ ਜਾਣ ਉੱਤੇ, ਵਿਭਾਗ ਨੇ ਦੱਸਿਆ ਕਿ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਸੀ।

### *6.3.7.3 ਸੋਧੀ ਹੋਈ ਰਾਇਲਟੀ ਨੀਤੀ ਵਿੱਚ ਕਮੀਆਂ*

ਪੰਜਾਬ ਸਰਕਾਰ, ਵਣ ਅਤੇ ਜੰਗਲੀ ਜੀਵ ਸੁੱਰਖਿਆ ਵਿਭਾਗ ਨੇ ਜੁਲਾਈ 2009 ਵਿੱਚ ਰਾਇਲਟੀ ਦੀਆਂ ਦਰਾਂ ਅਤੇ ਵਿਭਾਗ ਅਤੇ ਕਾਰਪੋਰੇਸ਼ਨ ਵਿਚਕਾਰ ਰਾਇਲਟੀ ਨਾਲ ਸਬੰਧਤ ਹੋਰ ਸਬੰਧਤ ਮੁੱਦਿਆਂ ਨਾਲ ਸਬੰਧਤ ਰਾਇਲਟੀ ਨੀਤੀ ਦੀ ਸੋਧ ਕੀਤੀ। ਨੀਤੀ ਨੂੰ ਸਤੰਬਰ 2012 ਵਿੱਚ ਸੋਧਿਆ ਗਿਆ ਸੀ।

2012 ਵਿੱਚ ਸੋਧ ਦੇ ਅਨੁਸਾਰ, ਕਾਰਪੋਰੇਸ਼ਨ ਹਰੇਕ ਖੇਤਰੀ ਡੀ ਐਫ ਓਜ਼ ਨੂੰ ਮਰੇ, ਸੁੱਕੇ ਅਤੇ ਡਿੱਗੇ ਦਰੱਖਤਾਂ ਨੂੰ ਸਾਫ ਕਰਨ ਲਈ ਬਾਂਸ ਵਣਾਂ ਤੋਂ ਬਾਂਸਾਂ ਦੇ ਕੰਮ ਕਰਨ/ਕਟਾਈ ਕਰਨ ਲਈ ₹ 10 ਲੱਖ ਤੱਕ ਕਰਜ਼ਾ ਦੇਵੇਗੀ। ਹਾਲਾਂਕਿ, ਸੋਧ ਵਿੱਚ ਡੀ ਐਫ ਓਜ਼ ਨੂੰ ਕਰਜ਼ਾ ਦੇਣ ਲਈ ਅਤੇ ਡੀ ਐਫ ਓਜ਼ ਦੁਆਰਾ ਅਦਾਇਗੀ ਨਾ ਕਰਨ ਦੀ ਸੂਰਤ ਵਿੱਚ ਕਰਜ਼ੇ ਦੀ ਵਿਵਸਥਾ ਲਈ ਕੋਈ ਨਿਯਮ ਅਤੇ ਸ਼ਰਤਾਂ ਜਿਵੇਂ ਕਿ ਕਾਰਜਕਾਲ ਜਿਸ ਲਈ ਕਰਜ਼ਾ ਦਿੱਤਾ ਜਾਏਗਾ, ਵਿਆਜ਼ ਦੀ ਦਰ ਆਦਿ ਨਿਰਧਾਰਤ ਨਹੀਂ ਕੀਤੀਆਂ ਗਈਆਂ ਸਨ। ਅੱਗੇ, ਸੋਧੀ ਨੀਤੀ ਵਿੱਚ ਇਹ ਯਕੀਨੀ ਬਣਾਉਣ ਲਈ ਕਿ ਕਰਜ਼ਿਆ ਦੀ ਵਰਤੋਂ ਉਸ ਉਦੇਸ਼ ਲਈ ਕੀਤੀ ਗਈ ਹੈ ਜਿਸ ਲਈ ਇਹ ਦਿੱਤੇ ਗਏ ਸਨ ਕੋਈ ਨਿਗਰਾਨ ਵਿਧੀ ਨਿਰਧਾਰਤ ਨਹੀਂ ਕੀਤੀ ਗਈ ਸੀ। ਨੀਤੀ ਤੋਂ ਇਹ ਵੀ ਸਪਸ਼ਟ ਨਹੀਂ ਸੀ ਕਿ ਕੀ ਕਰਜ਼ੇ ਦੀ ਵਿਵਸਥਾ ਨੂੰ ਵਿੱਤ ਵਿਭਾਗ ਦੀ ਸਹਿਮਤੀ ਮਿਲੀ ਹੋਈ ਸੀ। ਸਪਸ਼ਟਤਾ ਅਤੇ ਨਿਗਰਾਨ ਵਿਧੀ ਦੀ ਅਣਹੋਂਦ ਵਿੱਚ, ਕਰਜ਼ੇ ਲੈਣੇ ਅਤੇ ਵਾਪਸ ਕਰਨ ਦੀ ਪ੍ਰਕਿਰਿਆ ਸਧਾਰਣ ਬਣ ਗਈ।

ਆਡਿਟ ਨੇ ਦੇਖਿਆ ਕਿ ਸਬੰਧਤ ਡੀ ਐਫ ਓਜ਼ ਨੇ ਨਾ ਤਾਂ ਐਡਵਾਂਸ ਲੈਣ ਤੋਂ ਪਹਿਲਾਂ ਲੋੜ ਦਾ ਮੁਲਾਂਕਣ ਕੀਤਾ ਅਤੇ ਨਾ ਹੀ ਵਾਪਸ ਕੀਤੀ ਗਈ ਰਕਮ ਦੀ ਸਟੀਕਤਾ ਦੀ ਜਾਂਚ ਕੀਤੀ। ਲੁਧਿਆਣਾ ਅਤੇ ਹੁਸ਼ਿਆਰਪੁਰ ਮੰਡਲਾਂ ਨੇ ਕਾਰਪੋਰੇਸ਼ਨ ਤੋਂ ₹ 10 ਲੱਖ ਅਤੇ ₹ 3 ਲੱਖ ਦੇ ਕਰਜ਼ੇ, ਮਾਰਚ 2013 ਅਤੇ ਨਵੰਬਰ 2015 ਵਿੱਚ ਕ੍ਰਮਵਾਰ ਪ੍ਰਾਪਤ ਕੀਤੇ। ਡੀ ਐਫ ਓ ਲੁਧਿਆਣਾ ਨੇ ₹ 10.25 ਲੱਖ[25] ਦੇ ਵਿਰੁੱਧ ₹ 10.50 ਲੱਖ (₹ 4.96 ਲੱਖ ਵਾਪਿਸ ਕੀਤੇ ਗਏ ਸਨ ਅਤੇ ₹ 5.54 ਲੱਖ ਰਾਇਲਟੀ ਤੋਂ ਐਡਜਸਟ ਕੀਤੇ ਗਏ) ਫਰਵਰੀ 2017 ਵਿੱਚ ਵਾਪਿਸ ਕੀਤੇ ਯਾਨਿ ਕਿ ਚਾਰ ਸਾਲਾਂ ਦੀ ਮਿਆਦ ਤੋਂ ਬਾਅਦ ਜਦਕਿ ਡੀ ਐਫ ਓ ਹੁਸ਼ਿਆਰਪੁਰ ਨੇ ₹ 3 ਲੱਖ ਦਾ ਕਰਜ਼ਾ ਅਕਤੂਬਰ 2018 ਵਿੱਚ ਵਾਪਸ ਕੀਤਾ ਯਾਨਿ ਕਿ ਤਿੰਨ ਸਾਲਾਂ ਦੀ ਮਿਆਦ ਤੋਂ ਬਾਅਦ। ਇਹ ਦਰਸਾਉਂਦਾ ਹੈ ਕਿ ਕਰਜ਼ੇ ਤੁਰੰਤ ਕਾਰਨਾਂ ਕਰਕੇ ਨਹੀ ਲਏ ਗਏ ਸਨ ਅਤੇ ਇਹ ਉਦਾਹਰਣਾਂ ਇਹ ਵੀ ਦਰਸਾਉਂਦੀਆਂ ਹਨ ਕਿ ਸੋਧੀ ਨੀਤੀ ਦੇ ਪ੍ਰਬੰਧਾਂ ਦੀ ਅਸਪਸ਼ਟਤਾ ਦੇ ਕਾਰਨ ਕੋਈ ਸਮਾਂ ਸੀਮਾ ਨਹੀਂ ਸੀ ਅਤੇ ਡੀ ਐਫ ਓਜ਼ ਨੇ ਤਿੰਨ ਤੋਂ ਚਾਰ ਸਾਲਾਂ ਦੀ ਮਿਆਦ ਲਈ ਐਡਵਾਂਸ ਨੂੰ ਬਰਕਰਾਰ

[23] ਦਸੂਆ, ਗੜ੍ਹਸ਼ੰਕਰ, ਪਠਾਨਕੋਟ, ਰੂਪ ਨਗਰ ਅਤੇ ਐਸ ਏ ਐਸ ਨਗਰ

[24] ਵਿਆਜ਼ ਦੇ ਨੋਸ਼ਨਲ ਘਾਟੇ ਦੀ ਗਣਨਾ ਰਾਇਲਟੀ ਨੀਤੀ 2009 ਦੇ ਰੇਟਾਂ ਅਨੁਸਾਰ ਕੀਤੀ ਗਈ।

[25] ₹ 10 ਲੱਖ ਜਮ੍ਹਾਂ ₹ 5.04 ਲੱਖ ਦਾ 5 ਪ੍ਰਤੀਸ਼ਤ (ਵੇਚੇ ਦਰੱਖਤਾਂ ਦੀ ਲਾਗਤ)

ਰੱਖਿਆ। ਇਸ ਤੋਂ ਇਲਾਵਾ, ਐਡਵਾਂਸ ਦੀ ਨਿਗਰਾਨੀ ਨਾ ਕਰਨ ਕਰਕੇ, ਡੀ ਐਫ ਓ ਲੁਧਿਆਣਾ ਵਲੋਂ ₹ 0.25 ਲੱਖ ਵੱਧ ਵਾਪਿਸ ਕੀਤੇ ਗਏ। ਅੱਗੇ, ਰਾਇਲਟੀ ਨੀਤੀ ਦੀ ਸੋਧ ਸਹੀ ਨਹੀਂ ਸੀ ਕਿਉਂਕਿ ਡੀ ਐਫ ਓਜ਼ ਦੁਆਰਾ ਕਾਰਪੋਰੇਸ਼ਨ ਤੋਂ ਕਰਜ਼ਾ ਲੈਣ ਲਈ ਅਪਣਾਈ ਵਿਧੀ ਨੂੰ ਵਿੱਤ ਵਿਭਾਗ ਦੀ ਕੋਈ ਸਹਿਮਤੀ ਨਹੀਂ ਸੀ।

ਇਹ ਦੱਸੇ ਜਾਣ ਉੱਤੇ, ਵਿਭਾਗ ਨੇ ਆਡਿਟ ਟਿੱਪਣੀ ਨੂੰ ਸਵੀਕਾਰ ਕੀਤਾ ਅਤੇ ਭਰੋਸਾ ਦਿੱਤਾ ਕਿ ਵਿਭਾਗ ਵਿੱਤ ਵਿਭਾਗ ਦੀ ਸਹਿਮਤੀ ਨਾਲ ਇੱਕ ਮਿਆਰੀ ਸਮਾਂ ਸੀਮਾ ਤਿਆਰ ਕਰਨ ਦੀ ਕੋਸ਼ਿਸ਼ ਕਰੇਗਾ।

### *6.3.7.4 ਵਿਭਾਗ ਦੁਆਰਾ ਰਾਇਲਟੀ ਦੇ ਘੱਟ ਦਾਅਵੇ ਕਾਰਨ ਕਾਰਪੋਰੇਸ਼ਨ ਨੂੰ ਅਣਉਚਿਤ ਲਾਭ*

ਆਡਿਟ ਨੇ ਦੇਖਿਆ ਕਿ ਵਿਭਾਗ ਨੇ ਕਾਰਪੋਰੇਸ਼ਨ ਤੋਂ 32,509.88 ਕਿਊਬਿਕ ਮੀਟਰ ਮਾਤਰਾ ਦੇ ਦਰੱਖਤਾਂ ਲਈ ਸੋਧੀਆਂ ਦਰਾਂ (ਵਿਕਰੀ ਤੋਂ ਪ੍ਰਾਪਤ ਹੋਏ ਮਾਲੀਏ ਵਿੱਚੋਂ ਸ਼ੁੱਧ ਮੁੱਲ ਦਾ 70 ਪ੍ਰਤੀਸ਼ਤ) ਉੱਤੇ ₹ 13.43 ਕਰੋੜ, ਜਿਵੇਂ ਕਿ ਸਾਲ 2017-18 ਦੌਰਾਨ ਲਾਗੂ ਸੀ, ਦੀ ਬਜਾਏ ₹ 6.52 ਕਰੋੜ ਦੀ ਰਾਇਲਟੀ ਦਾ ਦਾਅਵਾ ਸੋਧਣ ਤੋਂ ਪਹਿਲਾਂ ਦੀਆਂ ਦਰਾਂ (ਵਿੱਕਰੀ ਤੋਂ ਪ੍ਰਾਪਤ ਹੋਏ ਮਾਲੀਏ ਵਿਚੋਂ ਪ੍ਰਸ਼ਾਸਕੀ ਲਾਗਤ ਘਟਾ ਕੇ ਸ਼ੁੱਧ ਮੁੱਲ ਦਾ 80 ਪ੍ਰਤੀਸ਼ਤ) ਉੱਤੇ ਕੀਤਾ। ਇਸ ਨਾਲ ਵਿਭਾਗ ਦੁਆਰਾ ਕਾਰਪੋਰੇਸ਼ਨ ਨੂੰ ₹ 6.91 ਕਰੋੜ ਦਾ ਅਣਉਚਿਤ ਲਾਭ ਦਿੱਤਾ ਗਿਆ ਕਿ ਸਰਕਾਰੀ ਖਜ਼ਾਨੇ ਨੂੰ ਦੇਣਾ ਬਣਦਾ ਸੀ ਕਿਉਂਕਿ 2009 ਦੀ ਰਾਇਲਟੀ ਨੀਤੀ 1 ਜੂਨ, 2018 ਤੋਂ ਲਾਗੂ ਕੀਤੀ ਗਈ ਸੀ ਅਤੇ ਪਿੱਛੋਂ ਤੋਂ ਨਹੀਂ।

ਦੱਸੇ ਜਾਣ ਉੱਤੇ, ਵਿਭਾਗ ਨੇ ਆਡਿਟ ਟਿੱਪਣੀ ਨੂੰ ਸਵੀਕਾਰ ਕੀਤਾ ਅਤੇ ਕਿਹਾ ਕਿ ਇਹ ਮਾਮਲਾ ਰਾਜ ਸਰਕਾਰ ਨਾਲ ਉਠਾਇਆ ਜਾਵੇਗਾ।

### *6.3.7.5 ਰਾਇਲਟੀ ਦੀ ਅਨਿਯਮਿਤ ਐਡਜਸਮੈਂਟ*

ਪੰਜਾਬ ਵਿੱਤੀ ਨਿਯਮਾਂ (ਜਿਲਟ-I) ਦਾ ਨਿਯਮ 2.4 ਮਾਲੀਏ ਨੂੰ ਖਰਚ ਪ੍ਰਤੀ ਵਰਤਣ ਦੀ ਮਨਾਹੀ ਕਰਦਾ ਹੈ। ਕਾਰਪੋਰੇਸ਼ਨ ਲਈ ਰਾਇਲਟੀ ਦੀ ਰਕਮ ਇਸ ਨੂੰ ਪੇਸ਼ ਕੀਤੇ ਖੜੇ ਦਰਖੱਤਾਂ ਦੇ ਕਾਰਨ ਵਿਭਾਗ ਕੋਲ ਦਰੱਖਤਾਂ ਦੀ ਪੇਸ਼ਕਸ਼ ਦੀ ਮਿਤੀ ਤੋਂ ਨਿਰਧਾਰਤ ਸਮੇਂ ਦੇ ਅੰਦਰ ਜਮ੍ਹਾਂ ਕਰਾਉਣ ਲੋੜੀਂਦੀ ਸੀ।

ਆਡਿਟ ਨੇ ਦੇਖਿਆ ਕਿ ਕਾਰਪੋਰੇਸ਼ਨ ਨੇ ₹ 37.66 ਕਰੋੜ ਦੀ ਰਾਇਲਟੀ ਵਿਭਾਗ ਕੋਲ ਜਮ੍ਹਾਂ ਨਹੀਂ ਕਰਵਾਈ ਸੀ ਪਰ ਵਿੱਤ ਕਮਿਸ਼ਨਰ, ਵਣ ਅਤੇ ਜੰਗਲੀ ਜੀਵ ਦੀ ਸਲਾਹ ਉੱਤੇ ਰਾਜ ਦੁਆਰਾ ਪ੍ਰਾਯੋਜਿਤ ਯੋਜਨਾਵਾਂ/ਪ੍ਰੋਜੈਕਟਾਂ ਨੂੰ ਤਬਦੀਲ ਕੀਤੀਆਂ ਰਕਮਾਂ, ਡੀ ਐਫ ਓਜ਼ ਦੁਆਰਾ ਲਏ ਕਰਜ਼ਿਆਂ ਆਦਿ ਵਿਰੁੱਧ ਅਡਜਸਟ ਕੀਤਾ ਗਿਆ ਸੀ। ਰਾਇਲਟੀ ਦੀ ਕਰਜ਼ਿਆ/ਸਕੀਮ/ ਪ੍ਰੋਜੈਕਟਾਂ ਨੂੰ ਤਬਦੀਲ ਕੀਤੀ ਰਕਮ ਵਿਰੁੱਧ ਐਡਜਸਟਮੈਂਟ ਅਨਿਯਮਿਤ ਸੀ ਅਤੇ ਦੱਸੇ ਨਿਯਮਾਂ ਦੀ ਉਲੰਘਣਾਂ ਵਿੱਚ ਸੀ।

ਵਿਭਾਗ ਨੇ ਦੱਸਿਆ ਕਿ ਰਾਇਲਟੀ ਦੀ ਐਡਜਸਟਮੈਂਟ ਕਈ ਵਾਰ ਮੰਤਰੀ ਮੰਡਲ ਦੀ ਮੰਜ਼ੂਰੀ ਨਾਲ ਅਤੇ ਕਈ ਵਾਰ ਵਿਧਾਨ ਸਭਾ ਦੀ ਮੰਜ਼ੂਰੀ ਨਾਲ ਕੀਤੀ ਗਈ ਸੀ।

ਜਵਾਬ ਤਸੱਲੀਬਖਸ਼ ਨਹੀਂ ਹੈ। ਵਿਭਾਗ ਇਹ ਸੁਨਿਸ਼ਚਿਤ ਕਰ ਸਕਦਾ ਹੈ ਕਿ ਵਿੱਤ ਵਿਭਾਗ/ਵਿਧਾਨ ਸਭਾ ਦੀ ਸਹਿਮਤੀ ਦੀ ਲੋੜ ਵਾਲੇ ਵਿੱਤੀ ਮਾਮਲੇ ਉਨ੍ਹਾਂ ਦੀ ਪ੍ਰਵਾਨਗੀ ਤੋਂ ਬਿਨਾ ਨਾ ਕੀਤੇ ਜਾਣ।

### *6.3.7.6 ਲੱਕੜ ਅਧਾਰਤ ਉਦਯੋਗਾਂ ਤੋਂ ਪ੍ਰਬੰਧਕੀ/ਰੈਗੂਲੇਟਰੀ ਚਾਰਜਾਂ ਨੂੰ ਨਾ ਵਸੂਲਣਾ*

ਪੰਜਾਬ ਸਰਕਾਰ (ਵਣ ਅਤੇ ਜੰਗਲੀ ਜੀਵ ਵਿਭਾਗ) ਨੇ ₹ 500, ₹ 1600, ਅਤੇ ₹ 4,800 ਪ੍ਰਤੀ ਸਾਲ ਦੀ ਦਰ ਨਾਲ ਪ੍ਰਬੰਧਕੀ/ਰੈਗੂਲੇਟਰੀ ਚਾਰਜ ਕ੍ਰਮਵਾਰ ਆਰਾ ਚੱਕੀਆਂ, ਵਿਨੀਅਰ ਅਤੇ ਪਲਾਈਵੁੱਡ ਇਕਾਈਆਂ ਤੋਂ ਲਗਾਏ (ਫਰਵਰੀ 2009)।

ਆਡਿਟ ਨੇ ਸੱਤ[26] ਵਣ ਮੰਡਲਾਂ ਦੇ 2013-14 ਤੋਂ 2018-19 ਦੀ ਮਿਆਦ ਦੇ ਰਿਕਾਰਡਾਂ ਤੋਂ ਦੇਖਿਆ ਕਿ ਉਨ੍ਹਾਂ ਅਧੀਨ ਆਉਂਦੇ 1,059 ਇਕਾਈਆਂ ਨੇ ₹ 19.58 ਲੱਖ ਦੇ ਰੈਗੂਲੇਟਰੀ ਚਾਰਜਾਂ ਨੂੰ ਜਮ੍ਹਾਂ ਨਹੀਂ ਕੀਤਾ ਸੀ। ਲੱਕੜ ਅਧਾਰਤ ਉਦਯੋਗਾਂ ਤੋਂ ਪ੍ਰਬੰਧਕੀ/ਰੈਗੂਲੇਟਰੀ ਚਾਰਜਾਂ ਦੀ ਵਸੂਲੀ ਨਾ ਕਰਨਾ ਰਾਜ ਦੇ ਖਜ਼ਾਨੇ ਨੂੰ ਘਾਟੇ ਵਿੱਚ ਪਾਉਂਦੀ ਹੈ। ਇਸ ਤੋਂ ਇਲਾਵਾ, ਯੂਨਿਟਾਂ ਦੇ ਬੰਦ ਹੋਣ ਦੀ ਸੂਰਤ ਵਿੱਚ ਮਾਲੀਏ ਦੇ ਸਥਾਈ ਤੌਰ ਤੇ ਨੁਕਸਾਨ ਦੀ ਸੰਭਾਵਨਾ ਨੂੰ ਵੀ ਨਕਾਰਿਆ ਨਹੀਂ ਜਾ ਸਕਦਾ ਕਿਉਂਕਿ ਅਜਿਹੀਆਂ ਉਦਾਹਰਣਾਂ ਨੂੰ ਵਿਭਾਗ ਦੁਆਰਾ ਖੁਦ ਮੰਨਿਆ ਗਿਆ ਹੈ।

ਵਿਭਾਗ ਨੇ ਜਵਾਬ ਦਿੱਤਾ ਕਿ ₹ 11.52 ਲੱਖ ਪ੍ਰਾਪਤ ਹੋਏ ਹਨ ਅਤੇ ₹ 8.06 ਲੱਖ ਦੀ ਬਾਕੀ ਰਕਮ ਦੀ ਵਸੂਲੀ ਬਕਾਇਆ ਹੈ ਜਿਸ ਲਈ ਯਤਨ ਕੀਤੇ ਜਾ ਰਹੇ ਹਨ।

### *6.3.7.7 ਜ਼ਮੀਨ ਦੀ ਲਾਗਤ ਜਮ੍ਹਾਂ ਨਾ ਕਰਨਾ*

ਜ਼ਮੀਨ ਖਰੀਦ ਨੀਤੀ (ਨਵੰਬਰ 2010) ਦੇ ਅਨੁਸਾਰ, ਉਪਭੋਗਤਾ ਏਜੰਸੀ ਲਈ ₹ 13 ਲੱਖ ਪ੍ਰਤੀ ਏਕੜ ਜਾਂ ਨਾਲ ਲੱਗਦੇ ਖੇਤਰ ਦੇ ਕੁਲੈਕਟਰ ਰੇਟ ਦੇ ਨਾਲ 30 ਪ੍ਰਤੀਸ਼ਤ ਜੜੋਕੇ, ਜੋ ਵੀ ਵੱਧ ਹੋਵੇ ਕਾਰਪੋਰੇਸ਼ਨ ਕੋਲ ਜਮ੍ਹਾਂ ਕਰਨਾ ਲੋੜੀਂਦਾ ਹੈ, ਜੇਕਰ ਉਪਭੋਗਤਾ ਏਜੰਸੀ ਵਣ ਜ਼ਮੀਨ ਨੂੰ ਗੈਰ-ਵਣ ਗਤੀਵਿਧੀਆਂ ਦੇ ਉਦੇਸ਼ਾਂ ਲਈ ਵਰਤੋਂ ਕਰਕੇ ਵਣ ਜ਼ਮੀਨ ਪ੍ਰਦਾਨ ਕਰਨ ਵਿੱਚ ਅਯੋਗ ਹੁੰਦੀ ਹੈ।

ਆਡਿਟ ਨੇ ਤਿੰਨ ਵਣ ਮੰਡਲਾਂ[27] ਤੇ ਰਿਕਾਰਡਾਂ ਦੀ ਕਰਾਸ ਵੈਰੀਫਿਕੇਸ਼ਨ ਅਤੇ ਕਾਰਪੋਰੇਸ਼ਨ ਦੇ ਰਿਕਾਰਡ ਤੋਂ ਦੇਖਿਆ ਕਿ ਡੀ ਐਫ ਓ ਅੰਮ੍ਰਿਤਸਰ ਨੇ ਪੰਜ ਉਪਭੋਗਤਾ ਏਜੰਸੀਆਂ ਤੋਂ ਇੱਕਠੇ ਕੀਤੇ ₹ 3.20 ਲੱਖ ਪੀ ਐਸ ਐਫ ਡੀ ਸੀ ਨੂੰ 2014-18 ਦੌਰਾਨ ਭੇਜੇ ਸਨ, ਪਰ ਕਾਰਪੋਰੇਸ਼ਨ ਦੁਆਰਾ ਬਣਾਏ ਲੈਜ਼ਰ ਵਿੱਚ ਦਰਜ਼ ਨਹੀਂ ਕੀਤੇ ਗਏ ਸਨ।

ਆਡਿਟ ਵਿੱਚ ਇਹ ਦੱਸੇ ਜਾਣ ਉੱਤੇ, ਵਿਭਾਗ ਨੇ ਦੱਸਿਆ (ਅਕਤੂਬਰ 2020) ਕਿ ਉਪਭੋਗਤਾ ਏਜੰਸੀਆਂ ਤੋਂ ਡਿਮਾਂਡ ਡਰਾਫਟ ਪ੍ਰਾਪਤ ਕੀਤੇ ਗਏ ਸਨ ਪਰ ਪੀ ਐਸ ਐਫ ਡੀ ਸੀ ਤੱਕ ਪਹੁੰਚੇ ਨਹੀਂ ਸਨ। ਹਾਲਾਂਕਿ, ਉਪਭੋਗਤਾ ਏਜੰਸੀਆਂ ਤੋਂ ₹ 3.20 ਲੱਖ ਦੇ ਪੰਜ ਡਰਾਫਟ ਪ੍ਰਾਪਤ ਕੀਤੇ ਗਏ ਸਨ ਅਤੇ ਬੈਂਕ ਵਿੱਚ ਜਮ੍ਹਾਂ ਕੀਤੇ ਗਏ ਸਨ। ਹਾਲਾਂਕਿ, ₹ 1.02 ਲੱਖ ਲਈ ਸਿਰਫ ਦੋ ਡਰਾਫਟਾਂ ਨਾਲ ਸਬੰਧਤ ਰਿਕਾਰਡ ਦਿਖਾਏ ਗਏ ਸਨ। ਬਾਕੀ ₹ 2.18 ਲੱਖ ਦੀ ਰਕਮ ਦੀ ਜਮ੍ਹਾਂ ਨਾਲ ਸਬੰਧਤ ਸਬੂਤ ਆਡਿਟ ਨੂੰ ਉਪਲਬਧ ਨਹੀਂ ਕੀਤਾ ਗਿਆ ਸੀ।

ਵਿਭਾਗ ਨੂੰ ਇਹ ਸੁਨਿਸ਼ਚਿਤ ਕਰਨ ਲਈ ਕਿ ਅਜਿਹੀਆਂ ਘੱਟਨਾਵਾਂ ਦੁਬਾਰਾ ਨਾ ਹੋਣ ਕਾਰਪੋਰੇਸ਼ਨ ਨਾਲ ਸਮੇਂ-ਸਮੇਂ ਤੇ ਮਿਲਾਣ ਕਰਨ ਦੀ ਜ਼ਰੂਰਤ ਹੈ।

### *6.3.7.8 ਪ੍ਰਾਪਤੀਆਂ ਦੇ ਰਿਕਾਰਡਾਂ ਦੀ ਗਲਤ ਸੰਭਾਲ*

ਕੋਡਲ ਵਿਵਸਥਾ ਦੇ ਅਨੁਸਾਰ ਸਰਕਾਰੀ ਪ੍ਰਾਪਤੀਆਂ ਨੂੰ ਨਿਰਧਾਰਤ ਰਸੀਦਾਂ ਵਿੱਚ ਪ੍ਰਵਾਨ ਕੀਤਾ ਜਾਣਾ ਚਾਹੀਦਾ ਹੈ ਅਤੇ ਤੁਰੰਤ ਸਰਕਾਰੀ ਖਾਤੇ ਵਿੱਚ ਜਮ੍ਹਾਂ ਕੀਤਾ ਜਾਣਾ ਚਾਹੀਦਾ ਹੈ।

---

[26] ਗੜ੍ਹਸ਼ੰਕਰ, ਹੁਸ਼ਿਆਰਪੁਰ, ਜਲੰਧਰ ਐਟ ਫਿਲੋਰ, ਲੁਧਿਆਣਾ, ਪਟਿਆਲਾ, ਸੰਗਰੂਰ ਅਤੇ ਐਸ ਏ ਐਸ ਨਗਰ

[27] ਡੀ ਐਫ ਓ ਅੰਮ੍ਰਿਤਸਰ, ਦਸੂਆ ਅਤੇ ਹੁਸ਼ਿਆਰਪੁਰ

ਆਡਿਟ ਨੇ ਮੁੱਖ ਵਣ ਪਾਲ (ਕੰਪਲੈਕਸ ਪ੍ਰਬੰਧਕੀ ਸੈਲ) ਦੇ ਮਈ 2016 ਤੋਂ ਮਾਰਚ 2018 ਦੀ ਮਿਆਦ ਦੇ ਰਿਕਾਰਡਾਂ ਤੋਂ ਦੇਖਿਆ ਕਿ ਗੈਸਟ ਹਾਊਸ ਦੀਆਂ ₹ 5.09 ਲੱਖ ਦੀਆਂ ਪ੍ਰਾਪਤੀਆਂ ਖਜ਼ਾਨੇ ਵਿੱਚ ਜਮ੍ਹਾਂ ਕੀਤੀਆਂ ਗਈਆ ਸਨ ਜੋ ਕਿ ਸਹੀ ਸਰਕਾਰੀ ਰਸੀਦਾਂ ਦੀ ਬਜਾਏ ਬਿਨਾ ਮਸ਼ੀਨ ਸੀਰੀਅਲ ਨੰਬਰਾਂ ਦੇ ਪ੍ਰਾਈਵੇਟ ਤੌਰ ਤੇ ਛਾਪੀਆਂ ਗਈਆਂ ਰਸੀਦਾਂ ਦੇ ਵਿਰੁੱਧ ਇੱਕਠੀ ਕੀਤੀ ਗਈਆਂ ਸਨ। ਅੱਗੇ, ਆਡਿਟ ਨੇ ਕੁਝ ਰਸੀਦਾਂ ਦੀਆਂ ਕਿਤਾਬਾਂ ਵਿੱਚ ਰਸੀਦਾਂ ਦੇ ਪੰਨੇ ਗੁੰਮ ਦੇਖੇ ਅਤੇ ਆਡਿਟ 2013-14 ਤੋਂ 2018-19 ਦੀ ਮਿਆਦ ਦੌਰਾਨ ਗੈਸਟ ਹਾਊਸਾਂ ਦੇ ਕਿਰਾਏ ਦੇ ਕਮਰਿਆਂ ਤੋਂ ਇੱਕਠੀਆਂ ਕੀਤੀਆਂ ਪ੍ਰਾਪਤੀਆਂ ਵਿੱਚੋਂ ਸਰਕਾਰ ਨੂੰ ਹੋਏ ਨੁਕਸਾਨ ਦੀ ਪੁਸ਼ਟੀ ਨਹੀਂ ਕਰ ਸਕਿਆ।

ਇਹ ਦੱਸੇ ਜਾਣ ਉੱਤੇ, ਵਿਭਾਗ ਨੇ ਦੱਸਿਆ ਕਿ ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ ਦੁਆਰਾ ਜਾਰੀ ਮਸ਼ੀਨ ਸੀਰੀਅਲ ਨੰਬਰਾਂ ਨਾਲ ਸਰਕਾਰੀ ਪ੍ਰਿੰਟਿਡ ਰਸੀਦ ਬੁੱਕਾਂ ਦੀ ਵਰਤੋਂ ਹੁਣ ਕੀਤੀ ਜਾ ਰਹੀ ਹੈ।

### *6.3.7.9 ਵਣਾਂ ਨੂੰ ਹੋਏ ਨੁਕਸਾਨ ਕਾਰਨ ਅਧਿਕਾਰੀਆਂ/ਠੇਕੇਦਾਰਾਂ ਤੋਂ ਬਕਾਇਆ ਬਕਾਏ ਵਸੂਲਣ ਵਿੱਚ ਪ੍ਰਬੰਧਕੀ ਅਸਫਲਤਾ*

ਵਣ ਮੈਨੂਅਲ ਵਿੱਚ ਪਰਿਭਾਸ਼ਤ ਵਣ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਡਿਊਟੀਆਂ ਅਨੁਸਾਰ, ਵਣ ਅਧਿਕਾਰੀ ਨੂੰ ਇਹ ਲਾਜ਼ਮੀ ਹੁੰਦਾ ਹੈ ਕਿ ਉਹ ਵਣ ਦੀ ਉਪਜ਼ ਅਤੇ ਹੋਰ ਸਰਕਾਰੀ ਜਾਇਦਾਦ ਦੀ ਰੱਖਿਆ ਕਰੇ, ਜੋ ਉਸਦੇ ਚਾਰਜ ਵਿੱਚ ਹੋਵੇ। ਉਸਨੂੰ ਇੰਨਾ ਚੌਕਸ ਰਹਿਣਾ ਚਾਹੀਦਾ ਹੈ ਕਿ ਵਣ ਦੀ ਉਪਜ, ਕੰਡਿਆਲੀ ਤਾਰ ਅਤੇ ਹੋਰ ਸਰਕਾਰੀ ਜਾਇਦਾਦ ਚੋਰੀ ਹੋਣ ਦਾ ਡਰ ਨਹੀਂ ਹੈ। ਜੇ ਉਸਦੀ ਬੀਟ ਵਿੱਚ ਕੋਈ ਚੋਰੀ ਹੁੰਦੀ ਹੈ ਤਾਂ ਉਸਨੂੰ ਦੋਸ਼ੀ ਨੂੰ ਫੜਨ ਲਈ ਹਰ ਸੰਭਵ ਯਤਨ ਕਰਨੇ ਚਾਹੀਦੇ ਹਨ। ਉਹ ਆਪਣੇ ਖੇਤਰ ਵਿੱਚ ਲਗਾਏ ਨਵੇਂ ਪੌਦਿਆਂ ਨੂੰ ਖਾਸ ਤੌਰ ਤੇ ਜਾਨਵਰਾਂ ਅਤੇ ਅੱਗ ਦੇ ਨੁਕਸਾਨ ਤੋਂ ਬਚਾਉਣ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੋਵੇਗਾ। ਉਸਨੂੰ ਵਣ ਦੇ ਜੁਰਮਾਂ ਲਈ ਜੁਰਮਾਨਾ ਵਸੂਲਣ ਨਾਲ ਜੁੜੇ ਕਾਨੂੰਨਾਂ ਤੋਂ ਪੂਰੀ ਤਰ੍ਹਾਂ ਜਾਣੂ ਹੋਣਾ ਚਾਹੀਦਾ ਹੈ ਅਤੇ ਉਸਨੂੰ ਇਨ੍ਹਾਂ ਉੱਤੇ ਕਾਰਵਾਈ ਕਰਨੀ ਚਾਹੀਦੀ ਹੈ।

ਦੱਸ ਚੁੱਣੇ ਗਏ ਖੇਤਰੀ ਅਤੇ ਜੰਗਲੀ ਜੀਵ ਮੰਡਲਾਂ ਵਿੱਚੋਂ ਤਿੰਨ[28] ਅਤੇ ਪੰਜ[29] ਹੋਰ ਖੇਤਰੀ ਮੰਡਲਾਂ ਦੀ ਆਡਿਟ ਪੜਤਾਲ ਨੇ ਖੁਲਾਸਾ ਕੀਤਾ ਕਿ ਵਿਭਾਗ ਨੇ 98 ਕੇਸਾਂ ਵਿੱਚ ਵਣ ਗਾਰਡਾਂ ਨੂੰ ਵਣਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਫਰਜ਼ਾਂ ਦੀ ਲਾਪਰਵਾਹੀ ਲਈ ਜਿੰਮੇਵਾਰ ਠਹਿਰਾਹਿਆ ਅਤੇ ਸਬੰਧਤ ਵਣ ਗਾਰਡ ਤੋਂ ਘਾਟੇ ਦੀ ਵਸੂਲੀ ਲਈ ਹੁਕਮ ਦਿੱਤੇ। ਵਣ ਅਪਰਾਧਾਂ ਕਰਕੇ ₹ 4.10 ਕਰੋੜ ਦੀ ਰਕਮ 31 ਮਾਰਚ 2019 ਨੂੰ ਵਸੂਲਣਯੋਗ ਸੀ। ਰਿਕਵਰੀ 1993-94 ਤੋਂ 2018-19 ਨਾਲ ਸਬੰਧਤ ਸੀ।

ਵਿਭਾਗ ਨੇ ਆਡਿਟ ਟਿੱਪਣੀ ਨੂੰ ਸਵੀਕਾਰ ਕੀਤਾ ਅਤੇ ਕਿਹਾ ਕਿ ਬਕਾਇਆ ਰਕਮ ਦੀ ਵਸੂਲੀ ਲਈ ਯਤਨ ਕੀਤੇ ਜਾਣਗੇ।

## 6.3.8 ਵਣਾਂ ਦੀ ਸੰਭਾਲ ਅਤੇ ਸੁਰੱਖਿਆ

### 6.3.8.1 ਮੁਆਵਜ਼ਾ ਵਣਕਰਣ ਲਈ ਜ਼ਮੀਨ ਦੀ ਖਰੀਦ ਨਾ ਕਰਨਾ

ਪੰਜਾਬ ਸਰਕਾਰ ਨੇ ਸਾਲ 2010 ਵਿੱਚ ਭਰਪਾਈ ਲਈ ਬੂਟੇ ਲਗਾਉਣ ਲਈ ਗੈਰ-ਵਣ ਜ਼ਮੀਨ ਦੀ ਖਰੀਦ ਲਈ ਨੀਤੀ ਬਣਾਈ ਅਤੇ ਕਾਪਰੋਰੇਸ਼ਨ ਨੂੰ ਵਿਭਾਗ ਦੀ ਤਰਫੋਂ ਗੈਰ-ਵਣ ਜ਼ਮੀਨ ਖਰੀਦਣ

---

28 ਪਠਾਨਕੋਟ ਅਤੇ ਫਿਰੋਜ਼ਪੁਰ (ਡਬਲਿਯੂ/ਐਲ)

29 ਜਲੰਧਰ ਐਟ ਫਿਲੌਰ, ਸੰਗਰੂਰ, ਮਾਨਸਾ, ਲੁਧਿਆਣਾ ਅਤੇ ਪਟਿਆਲਾ

ਦਾ ਅਧਿਕਾਰ ਦਿੱਤਾ। ਜ਼ਮੀਨ ਦੀ ਖਰੀਦ ਲਈ ₹ 13 ਲੱਖ ਰੁਪਏ ਪ੍ਰਤੀ ਏਕੜ ਦੀ ਦਰ ਦੇ ਹਿਸਾਬ ਨਾਲ ਜਾਂ ਨਾਲ ਲੱਗਦੇ ਖੇਤਰ ਦੇ ਕੁਲੈਕਟਰ ਰੇਟ ਨਾਲ 30 ਪ੍ਰਤੀਸ਼ਤ ਜੋੜ ਕੇ, ਜੋ ਵੀ ਵੱਧ ਹੋਏ ਉਪਭੋਗਤਾ ਏਜੰਸੀ ਤੋਂ ਇੱਕਠਾ ਕੀਤਾ ਜਾਣਾ ਸੀ।

ਆਡਿਟ ਨੇ ਦੇਖਿਆ ਕਿ 2013-14 ਤੋਂ 2018-19 ਦੀ ਮਿਆਦ ਦੌਰਾਨ ਵਣ ਦੀ 2,548.76 ਹੈਕਟੇਅਰ ਜ਼ਮੀਨ ਗੈਰ-ਵਣ ਉਦੇਸ਼ਾਂ ਲਈ ਤਬਦੀਲ ਕੀਤੀ ਗਈ ਸੀ ਜਿਸਦੇ ਵਿਰੁੱਧ 46.86 ਕਰੋੜ ਉਪਭੋਗਤਾ ਏਜੰਸੀਆਂ ਤੋਂ ਇਕੱਠੇ ਕੀਤੇ ਗਏ ਸਨ ਪਰ ਕਾਰਪੋਰੇਸ਼ਨ ਵਣਕਰਣ ਲਈ ₹ 2.28 ਕਰੋੜ ਦੇ ਫੰਡਾਂ ਦੀ ਵਰਤੋਂ ਕਰਕੇ ਸਿਰਫ 7.88 ਹੈਕਟੇਅਰ (19 ਏਕੜ 4 ਕਨਾਲ) ਜ਼ਮੀਨ ਦੀ ਖਰੀਦ ਕਰ ਸਕਿਆ। ਇਹ ਅੱਗੇ ਦੇਖਿਆ ਗਿਆ ਕਿ ₹ 23.43 ਕਰੋੜ ਦੇ ਫੰਡ ਵਿਭਾਗੀ ਸਕੀਮ ਗ੍ਰੀਨਿੰਗ ਪੰਜਾਬ ਮਿਸ਼ਨ[30] (ਜੀ ਪੀ ਐਮ) ਵੱਲ ਤਬਦੀਲ ਕੀਤੇ ਗਏ ਸਨ। ਇਸਨੇ ਗੈਰ-ਵਣ ਜ਼ਮੀਨ ਦੀ ਖਰੀਦ ਲਈ ਇਸ ਹੱਦ ਤੱਕ ਫੰਡਾਂ ਦੀ ਉਪਲਬਧਤਾ ਘਟਾ ਦਿੱਤੀ।

ਐਗਜ਼ਿਟ ਕਾਨਫਰੰਸ ਦੌਰਾਨ, ਵਿਭਾਗ ਨੇ ਦੱਸਿਆ ਕਿ 2019-20 ਵਿੱਚ ਕਾਰਪੋਰੇਸ਼ਨ ਨੇ 68 ਏਕੜ 2 ਕਨਾਲ 3 ਮਰਲੇ ਜ਼ਮੀਨ ਦੀ ਖਰੀਦ ਕੀਤੀ ਸੀ ਅਤੇ ਹੋਰ ਜ਼ਮੀਨ ਦੀ ਖਰੀਦ ਕੀਤੀ ਜਾ ਰਹੀ ਸੀ। ਵਿਭਾਗ ਨੇ ਅੱਗੇ ਦੱਸਿਆ ਕਿ ਜੀ ਪੀ ਐਮ ਨੂੰ ਰਕਮ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਤਬਦੀਲ ਕੀਤੀ ਗਈ ਸੀ।

ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਹੋਰ ਵਿਭਾਗੀ ਸਕੀਮਾਂ ਨੂੰ ਫੰਡ ਤਬਦੀਲ ਕਰਨ ਕਰਕੇ ਉਦੇਸ਼ ਜਿਸ ਲਈ ਉਪਭੋਗਤਾ ਏਜੰਸੀ ਤੋਂ ਜ਼ਮੀਨ ਦੀ ਲਾਗਤ ਵਸੂਲੀ ਗਈ ਸੀ ਪ੍ਰਾਪਤ ਨਹੀਂ ਹੋਇਆ ਸੀ। ਅੱਗੇ, ਵਿਭਾਗ ਨੇ ਆਪਣੇ ਜਵਾਬ ਦੇ ਸਮਰਥਨ ਵਿੱਚ ਕੋਈ ਦਸਤਾਵੇਜ਼ ਨਹੀਂ ਦਿੱਤਾ ਸੀ।

### 6.3.8.2 ਜ਼ਮੀਨ ਦੀ ਲਾਗਤ ਦੀ ਘੱਟ ਵਸੂਲੀ

ਜ਼ਮੀਨ ਖਰੀਦ ਨੀਤੀ (ਨਵੰਬਰ 2010) ਦੇ ਅਨੁਸਾਰ, ਉਪਭੋਗਤਾ ਏਜੰਸੀ ਲਈ ₹ 13 ਲੱਖ ਪ੍ਰਤੀ ਏਕੜ ਜਾਂ ਨਾਲ ਲੱਗਦੇ ਖੇਤਰ ਦੇ ਕੁਲੈਕਟਰ ਰੇਟ ਦੇ ਨਾਲ 30 ਪ੍ਰਤੀਸ਼ਤ ਜੜੋਕੇ, ਜੋ ਵੀ ਵੱਧ ਹੋਵੇ ਕਾਰਪੋਰੇਸ਼ਨ ਕੋਲ ਜਮ੍ਹਾਂ ਕਰਨਾ ਲੋੜੀਂਦਾ ਹੈ, ਜੇਕਰ ਉਪਭੋਗਤਾ ਏਜੰਸੀ ਵਣ ਜ਼ਮੀਨ ਨੂੰ ਗੈਰ-ਵਣ ਗਤੀਵਿਧੀਆਂ ਦੇ ਉਦੇਸ਼ਾਂ ਲਈ ਵਰਤੋਂ ਕਰਕੇ ਵਣ ਜ਼ਮੀਨ ਪ੍ਰਦਾਨ ਕਰਨ ਵਿੱਚ ਅਯੋਗ ਹੁੰਦੀ ਹੈ।

ਆਡਿਟ ਨੇ ਪੀ ਸੀ ਸੀ ਐਫ, ਪੰਜਾਬ ਅਤੇ ਚਾਰ ਮੰਡਲ ਦਫਤਰਾਂ (ਲੁਧਿਆਣਾ, ਮੁਹਾਲੀ, ਗੜ੍ਹਸ਼ੰਕਰ ਅਤੇ ਹੁਸ਼ਿਆਰਪੁਰ) ਵਿੱਚ ਬਣਾਈਆਂ ਗਈਆਂ ਵਣ ਸੰਭਾਲ ਕੇਸਾਂ ਦੀਆਂ ਫਾਇਲਾਂ ਦੀ ਪੜਤਾਲ ਤੋਂ ਦੇਖਿਆ ਕਿ 2013-14 ਤੋਂ 2018-19 ਦੌਰਾਨ 0.454386 ਹੈਕਟੇਅਰ ਵਣ ਜ਼ਮੀਨ ਗੈਰ-ਵਣ ਉਦੇਸ਼ਾਂ ਲਈ ਤਬਦੀਲ ਕੀਤੀ ਗਈ ਸੀ। ਇਨ੍ਹਾਂ ਸਾਰੇ ਕੇਸਾਂ ਵਿੱਚ ਉਪਭੋਗਤਾ ਏਜੰਸੀਆਂ ਉਦਯੋਗ/ਮੈਰਿਜ ਪੈਲੇਸ/ਬਿਲਡਰ ਸਨ ਜਿਨ੍ਹਾਂ ਨੇ ਪਹਿਲਾਂ ਹੀ ਆਪਣੀਆਂ ਜ਼ਾਇਦਾਦਾਂ ਲਈ ਜ਼ਮੀਨ ਵਰਤੋਂ ਸਰਟੀਫਿਕੇਟ ਪ੍ਰਾਪਤ ਕੀਤਾ ਹੋਇਆ ਸੀ ਅਤੇ ਆਪਣੇ ਅਹਾਤੇ ਲਈ ਪਹੁੰਚ ਸੜਕ ਦੇਖ ਰਹੇ ਸਨ। ਇਸ ਲਈ, ਜ਼ਮੀਨ ਖਰੀਦ ਨੀਤੀ 2010 ਦੇ ਪ੍ਰਬੰਧਾਂ ਅਨੁਸਾਰ ਅਜਿਹੀਆਂ ਜਾਇਦਾਦਾਂ ਦਾ ਵਪਾਰਕ ਜਾਇਦਾਦਾਂ ਵਜੋਂ ਮੁਲਾਂਕਣ ਲੋੜੀਂਦਾ ਸੀ ਕਿਉਂਕਿ ਨੇੜਲੀਆਂ/ਨਾਲ ਲੱਗਦੀਆਂ ਜਾਇਦਾਦਾਂ ਵਪਾਰਕ ਇਕਾਇਆ ਸਨ। ਪਰ ਇਨ੍ਹਾਂ ਸਾਰੇ ਕੇਸਾਂ ਵਿੱਚ, ਵਿਭਾਗ ਨੇ ਜਾਇਦਾਦਾਂ ਦਾ ਮੁਲਾਂਕਣ ਬਤੌਰ ਖੇਤੀਬਾੜੀ ਜਾਇਦਾਦਾਂ ਦੇ ਤੌਰ ਤੇ ਕੀਤਾ ਅਤੇ ਜ਼ਮੀਨ ਦੀ ਲਾਗਤ ਦੇ ₹ 2.06 ਕਰੋੜ ਦੀ ਬਜਾਏ ₹ 33.06 ਲੱਖ ਵਸੂਲ ਕੀਤੇ, ਜਿਸ ਨਾਲ ਰਾਜ ਦੇ ਖਜ਼ਾਨੇ ਨੂੰ ₹ 1.73 ਕਰੋੜ ਦਾ ਘਾਟਾ ਹੋਇਆ।

---

[30] ਪੰਜਾਬ ਨੇ ਵਣ ਕਵਰ ਨੂੰ 15 ਪ੍ਰਤੀਸ਼ਤ ਤੱਕ ਵਧਾਉਣ ਲਈ 'ਗ੍ਰੀਨਿੰਗ ਪੰਜਾਬ ਮਿਸ਼ਨ' (ਜੀ ਪੀ ਐਮ) ਦੀ ਸ਼ੁਰੂਆਤ ਕਰਦਿਆਂ ਇੱਕ ਵੱਡੇ ਵਣ ਕਰਣ ਦੀ ਸ਼ੁਰੂਆਤ ਕੀਤੀ।

ਵਿਭਾਗ ਨੇ ਦੱਸਿਆ ਕਿ ਉਪਭੋਗਤਾ ਏਜੰਸੀਆਂ ਤੋਂ ਗੈਰ-ਵਣ ਜ਼ਮੀਨ (ਐਨ ਐਫ ਐਲ) ਦੀ ਵਸੂਲੀ ਲਈ ਗਣਨਾ ਸਮੇਂ ਸਬੰਧਤ ਮਾਲ ਅਧਿਕਾਰੀ ਤੋਂ ਮੌਜੂਦਾ ਜ਼ਮੀਨ ਦੇ ਰੇਟਾਂ ਦੀ ਰਿਪੋਰਟ ਲੈ ਕੇ ਕੀਤੀ ਗਈ ਸੀ ਅਤੇ ਉੱਚ ਪੱਖ ਦੇ ਅਧਾਰ ਤੇ, ਐਨ ਐਫ ਐਲ ਉਪਭੋਗਤਾ ਏਜੰਸੀ ਨੂੰ ਦੱਸਿਆ ਗਿਆ ਸੀ। ਇਸ ਤਰ੍ਹਾਂ, ਉਪਭੋਗਤਾ ਏਜੰਸੀ ਤੋਂ ਐਨ ਐਫ ਐਲ ਰਕਮ ਦੀ ਵਸੂਲੀ ਦੀ ਗਣਨਾ ਜ਼ਮੀਨ ਖਰੀਦ ਨੀਤੀ ਦੇ ਅਨੁਸਾਰ ਨਿਰਧਾਰਤ ਕੀਤੀ ਗਈ ਸੀ।

ਵਿਭਾਗ ਦਾ ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਜ਼ਮੀਨ ਦੀ ਵੱਖ-ਵੱਖ ਸ਼੍ਰੇਣੀਆਂ (ਵਪਾਰਕ, ਖੇਤੀਬਾੜੀ) ਦੇ ਰੇਟ ਵਣ ਜ਼ਮੀਨ ਦੀ ਤਬਦੀਲੀ ਲਈ ਅਜਿਹੇ ਕੇਸਾਂ ਦੇ ਸਬੰਧ ਵਿੱਚ ਲਏ ਗਏ ਸਨ। ਇਹ ਜ਼ਮੀਨ ਖਰੀਦ ਨੀਤੀ ਵਿੱਚ ਸਪਸ਼ਟਤਾ ਦੀ ਘਾਟ ਦਰਸਾਉਂਦੀ ਹੈ।

ਸਰਕਾਰ ਵਣ ਜ਼ਮੀਨ ਦੇ ਤਬਾਦਲੇ ਦੇ ਕੇਸ ਵਿੱਚ ਵਸੂਲਣਯੋਗ ਰੇਟ ਜ਼ਮੀਨ ਖਰੀਦ ਨੀਤੀ ਵਿੱਚ ਜ਼ਮੀਨ ਦੀ ਸ਼੍ਰੇਣੀ ਦਰਸਾ ਕੇ ਸਪਸ਼ਟ ਦਿਸ਼ਾ-ਨਿਰਦੇਸ਼ ਦੇ ਸਕਦੀ ਹੈ।

## 6.3.9 ਸਰਕਾਰੀ ਵਣ ਜ਼ਮੀਨ ਦਾ ਪ੍ਰਬੰਧਨ

ਮੌਜੂਦਾ ਸਰਕਾਰੀ ਵਣ ਜਮੀਨ ਵਾਤਾਵਰਣਿਕ ਸਤੁੰਲਨ ਅਤੇ ਕੁਦਰਤੀ ਨਿਵਾਸ ਦੇ ਪ੍ਰਬੰਧ ਲਈ ਬਹੁਤ ਮੱਹਤਵਪੂਰਨ ਹੈ ਕਿਉਂਕਿ ਰਾਜ ਵਿੱਚ ਭੂਗੋਲਿਕ ਖੇਤਰ ਦਾ ਲਗਭਗ 83 ਪ੍ਰਤੀਸ਼ਤ ਸ਼ਤ ਖੇਤੀਬਾੜੀ ਅਧੀਨ ਹੈ। ਇਸ ਲਈ, ਇਸਦੀ ਪਵਿਤੱਰਤਾ ਨੂੰ ਬਣਾਈ ਰੱਖਣਾ ਵਿਭਾਗ ਦਾ ਮੁੱਖ ਉਦੇਸ਼ ਹੋਣਾ ਚਾਹੀਦਾ ਹੈ। ਹਾਲਾਂਕਿ, ਆਡਿਟ ਨੇ ਕਬਜ਼ੇ, ਬਿਨਾ ਪ੍ਰਵਾਨਗੀ ਦੇ ਡਾਇਵਰਸ਼ਨ ਆਦਿ ਉਦਾਹਰਣਾਂ ਨੂੰ ਦੇਖਿਆ ਜਿਵੇਂ ਕਿ ਅੱਗੇ ਦੱਸੇ ਪੈਰ੍ਹਿਆਂ ਵਿੱਚ ਵੇਰਵਾ ਦਿੱਤਾ ਗਿਆ ਹੈ:

### *6.3.9.1 ਸਰਕਾਰੀ ਵਣ ਜ਼ਮੀਨ ਉੱਤੇ ਨਾਜਾਇਜ਼ ਕਬਜ਼ੇ ਨਾ ਹਟਾਉਣਾ*

ਭਾਰਤੀ ਵਣ (ਪੰਜਾਬ ਸੋਧ) ਐਕਟ 2004 ਦੇ ਅਨੁਸਾਰ ਕਿਸੇ ਵੀ ਵਣ ਅਧਿਕਾਰੀ ਜੋ ਡੀ ਐਫ ਓ ਦੇ ਰੈਂਕ ਤੋਂ ਘੱਟ ਨਾ ਹੋਵੇ, ਕੋਲ ਇਹ ਮੰਨਣ ਦਾ ਕਾਰਨ ਹੋਵੇ ਕਿ ਜ਼ਮੀਨ ਉੱਤੇ ਨਾਜਾਇਜ਼ ਕਬਜ਼ਾ ਹੈ ਤਾਂ ਉਹ ਪੰਜਾਬ ਪਬਲਿਕ ਪ੍ਰੀਮਾਇਸਿਸ ਐਂਡ ਲੈਂਡ (ਏਵਿਕਸ਼ਨ ਐਂਡ ਰੈਂਟ ਰਿਕਵਰੀ) ਐਕਟ, 1973 (ਪੰਜਾਬ ਐਕਟ, 1973 ਦਾ 31) ਦੇ ਤਹਿਤ ਕਾਰਜਕਾਰੀ ਮੈਜਿਸਟਰੇਟ ਨੂੰ ਮਿਲੀਆਂ ਸਾਰੀਆਂ ਸ਼ਕਤੀਆਂ ਨੂੰ ਜ਼ਮੀਨ ਖਾਲੀ ਕਰਵਾਉਣ ਲਈ ਇਸਤੇਮਾਲ ਕਰ ਸਕਦਾ ਹੈ।

ਆਡਿਟ ਨੇ ਦੇਖਿਆ ਕਿ ਅੱਠ[31] ਡੀ ਐਫ ਓਜ਼ ਦੇ ਅਧਿਕਾਰ ਖੇਤਰ ਅਧੀਨ 2013 ਕੇਸਾਂ ਵਿੱਚ 5,322.17 ਹੈਕਟੇਅਰ ਜ਼ਮੀਨ ਵਣ ਜ਼ਮੀਨ ਦੀ ਹੱਦਬੰਦੀ ਨਾ ਕਰਨ ਕਰਕੇ ਗੈਰ-ਕਾਨੂੰਨੀ ਕਬਜ਼ੇ ਹੇਠ ਸੀ। ਮੁੱਕਦਮਾ ਸਿਰਫ 971 ਕੇਸਾਂ ਵਿੱਚ ਦਾਇਰ ਕੀਤਾ ਗਿਆ ਸੀ ਜਿਸ ਵਿੱਚ 1,658.22 ਹੈਕਟੇਅਰ ਜ਼ਮੀਨ ਸ਼ਾਮਿਲ ਸੀ ਅਤੇ ਬਾਕੀ 1,042 ਕੇਸਾਂ ਵਿੱਚ ਸ਼ਾਮਲ 3,663.96 ਹੈਕਟੇਅਰ ਜ਼ਮੀਨ ਲਈ ਵਿਭਾਗ ਨੇ ਕੋਈ ਕਾਰਵਾਈ ਨਹੀਂ ਕੀਤੀ।

ਅੱਗੇ, 971 ਕੇਸਾਂ ਵਿੱਚੋਂ 778 ਵਿੱਚ, 1,309.9 ਹੈਕਟੇਅਰ ਲਈ ਅਨੁਕੂਲ ਫੈਸਲੇ ਦੇ ਬਾਵਜੂਦ, ਵਿਭਾਗ 27 ਕੇਸਾਂ ਵਿੱਚ ਸਿਰਫ 38.88 ਹੈਕਟੇਅਰ ਜ਼ਮੀਨ ਉੱਤੇ ਕਬਜ਼ਾ ਕਰਨ ਵਿਚ ਸਫਲ ਰਿਹਾ।

ਵਿਭਾਗ ਨੇ ਦੱਸਿਆ ਕਿ 336 ਕੇਸਾਂ ਵਿੱਚ 571.48 ਹੈਕਟੇਅਰ ਜ਼ਮੀਨ ਉੱਤੇ ਨਾਜਾਇਜ਼ ਕਬਜ਼ੇ ਇੱਕ ਕਾਰਜ ਯੋਜਨਾ ਬਣਾ ਕੇ ਹਟਾ ਦਿੱਤੇ ਗਏ ਸਨ ਅਤੇ ਠੋਸ ਤਰੱਕੀ ਜ਼ਮੀਨੀ ਤੋਰ ਤੇ ਹੋਈ ਹੈ।

[31] ਡੀ ਐਫ ਓ ਅੰਮ੍ਰਿਤਸਰ, ਦਸੂਆ, ਹੁਸ਼ਿਆਰਪੁਰ, ਰੋਪੜ, ਫਿਰੋਜਪੁਰ, ਨਵਾਂਸ਼ਹਿਰ, ਜਲੰਧਰ ਐਟ ਫਿਲੌਰ

### *6.3.9.2 ਵਣ ਜ਼ਮੀਨ ਦੀ ਵਣ ਵਿਭਾਗ ਦੇ ਨਾਮ ਉੱਤੇ ਤਬਦੀਲੀ ਨਾ ਹੋਣਾ*

ਸਾਹਪੁਰ ਕੰਡੀ ਵਣਾਂ (ਤਹਿਸੀਲ ਧਾਰ ਕਲਾਂ) ਵਿੱਚ 27,500 ਏਕੜ ਰਕਬੇ ਵਿੱਚ ਜ਼ਮੀਨ ਦਾ ਨਿਯੰਤਰਣ ਅਤੇ ਪ੍ਰਬੰਧਨ ਸਾਲ 1945 ਤੋਂ ਵਣ ਵਿਭਾਗ ਦੇ ਅਧਿਕਾਰ ਖੇਤਰ ਵਿੱਚ ਹੈ। ਪਰ ਵਣ ਵਿਭਾਗ ਦੇ ਹੱਕ ਵਿੱਚ ਵਣ ਦੀ ਜ਼ਮੀਨ ਉੱਤੇ ਕਬਜ਼ਾ ਕਰਨ ਸਬੰਧੀ ਮਾਲ ਰਿਕਾਰਡ ਵਿੱਚ ਜ਼ਰੂਰੀ ਇੰਦਰਾਜ ਕਦੇ ਵੀ ਨਹੀਂ ਕੀਤੇ ਗਏ। ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਦੇ ਫੈਸਲੇ (ਫਰਵਰੀ 2014) ਦੇ ਅਨੁਸਾਰ, ਜ਼ਮੀਨ ਮਾਲ ਰਿਕਾਰਡ ਵਿੱਚ ਇੰਦਰਾਜਾਂ ਦੀ ਦਰੁਸਤੀ ਦੁਆਰਾ ਵਣ ਵਿਭਾਗ ਦੇ ਹੱਕ ਵਿੱਚ ਹੋਈ ਸੀ। ਹਾਲਾਂਕਿ, ਵਿਭਾਗ ਆਪਣੇ ਨਾਮ ਉੱਤੇ ਸਿਰਫ 7,699 ਏਕੜ (ਯਾਨਿ 61,591 ਕਨਾਲ 13 ਮਰਲੇ) ਦਾ ਤਬਾਦਲਾ ਪ੍ਰਾਪਤ ਕਰ ਸਕਿਆ ਸੀ ਅਤੇ ਬਾਕੀ ਵਣ ਜ਼ਮੀਨ (19,801 ਏਕੜ) ਅਜੇ ਵਿਭਾਗ ਦੇ ਨਾਮ ਉੱਤੇ ਤਬਦੀਲ ਹੋਣੀ ਬਕਾਇਆ ਸੀ।

ਵਿਭਾਗ ਨੇ ਦੱਸਿਆ ਕਿ ਹੁਣ 13,662 ਏਕੜ ਜ਼ਮੀਨ ਦਾ ਤਬਾਦਲਾ ਹੋ ਚੁੱਕਾ ਹੈ ਅਤੇ ਮਾਲ ਅਧਿਕਾਰੀਆਂ ਨਾਲ ਪੱਤਰ-ਵਿਹਾਰ ਕੀਤਾ ਜਾ ਰਿਹਾ ਹੈ ਅਤੇ ਮਾਲ ਵਿਭਾਗ, ਪੰਜਾਬ ਦੁਆਰਾ ਪ੍ਰਗਤੀ ਕੀਤੀ ਜਾ ਰਹੀ ਹੈ।

ਵਿਭਾਗ ਵਣ ਜ਼ਮੀਨ ਦੀ ਫਲਦਾਇਕ ਵਰਤੋਂ ਲਈ ਬਾਕੀ ਜ਼ਮੀਨ ਦੇ ਤਬਾਦਲੇ ਲਈ ਮਾਲ ਅਧਿਕਾਰੀਆਂ ਦੇ ਉੱਚ ਪੱਧਰ ਤੇ ਮਾਮਲਾ ਉਠਾ ਕੇ ਤੇਜ਼ੀ ਲਿਆ ਸਕਦਾ ਹੈ।

### 6.3.9.3 ਪੰਜਾਬ ਲੈਂਡ ਪ੍ਰੀਜ਼ਰਵੇਸ਼ਨ ਐਕਟ (ਪੀ ਐਲ ਪੀ ਏ) ਅਧੀਨ ਜ਼ਮੀਨ ਉੱਤੇ ਅਫਲਦਾਇਕ ਖਰਚਾ

ਆਡਿਟ ਨੇ ਡੀ ਐਫ ਓ ਰੋਪੜ ਦੇ ਰਿਕਾਰਡਾਂ ਤੋਂ ਦੇਖਿਆ ਕਿ ਪੀ ਐਲ ਪੀ ਏ ਅਧੀਨ ਸ੍ਰੀ ਦਸ਼ਮੇਸ਼ ਅਕਾਦਮੀ, ਸ੍ਰੀ ਆਨੰਦਪੁਰ ਸਾਹਿਬ (ਰੋਪੜ) ਵਿਖੇ ਜੰਗਲੀ ਜੀਵਣ ਦੇ ਨਿਵਾਸ ਨੂੰ ਸੁਧਾਰਨ ਦੇ ਉਦੇਸ਼ ਨਾਲ ਵਿਭਾਗ ਨੇ ਵਿਆਖਿਆ ਕੇਂਦਰ, ਪੰਛੀਆਂ ਲਈ ਰੂਸਟਿੰਗ ਸਾਈਟਸ, ਐਲੀਵੇਟਿਡ ਵਾਈਲਡ ਲਾਈਫ ਰਿਵੀਊਇੰਗ ਅਤੇ ਵਾਟਰ ਹੋਲਸ ਦੀ ਸਥਾਪਨਾ ਲਈ ਮਾਰਚ 2014 ਤੱਕ ₹ 12.11 ਲੱਖ ਦੀ ਅਲਾਟਮੈਂਟ ਦੇ ਵਿਰੁੱਧ ₹ 15.60 ਲੱਖ ਖਰਚ ਕੀਤੇ ਸਨ। ਹਾਲਾਂਕਿ, ਨਿਜੀ ਜ਼ਮੀਨ ਉੱਤੇ ਖਰਚਾ ਕਰਨ ਤੋਂ ਪਹਿਲਾਂ ਵਿਭਾਗ ਨੇ ਸਹੂਲਤਾਂ ਦੀ ਸੰਭਾਲ ਅਤੇ ਰੱਖ-ਰਖਾਅ ਬਾਰੇ ਯੋਜਨਾ ਨਹੀਂ ਲਿਆਂਦੀ ਜਿਸ ਉੱਤੇ ਖਰਚਾ ਕੀਤਾ ਜਾ ਰਿਹਾ ਹੈ। ਨਤੀਜੇ ਵਜੋਂ, ਵਿਆਖਿਆ ਕੇਂਦਰ ਲਈ ਖਰੀਦੀ ਸਮੱਗਰੀ ਵਿਹਲੀ ਪਈ ਸੀ ਅਤੇ ਰੱਖ-ਰਖਾਅ ਦੀ ਘਾਟ ਕਾਰਨ, ਹੋਰ ਸਹੂਲਤਾਂ ਉੱਤੇ ਖਰਚ ਵੀ ਫਲਦਾਇਕ ਨਹੀਂ ਨਿਕਲਿਆ ਅਤੇ ਉਦੇਸ਼ ਨੂੰ ਹਰਾ ਦਿੱਤਾ ਜਿਸ ਲਈ ਖਰਚਾ ਕੀਤਾ ਗਿਆ ਸੀ।



ਸ੍ਰੀ ਦਸ਼ਮੇਸ਼ ਅਕਾਦਮੀ ਵਿਖੇ ਛੱਡ ਦਿੱਤਾ ਗਿਆ ਵਾਚ ਟਾਵਰ
(21 ਅਗਸਤ 2019)

ਵਿਭਾਗ ਨੇ ਦੱਸਿਆ ਕਿ ਪ੍ਰੋਜੈਕਟ ਜਨਤਕ ਹਿੱਤਾਂ ਵਿੱਚ ਜੈਵ ਵਿਭਿੰਨਤਾ ਦੀ ਸੰਭਾਲ ਅਤੇ ਸੁਧਾਰ ਲਈ ਲਿਆ ਗਿਆ ਸੀ।

ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਵਿਭਾਗ ਨੂੰ ਲਾਗੂ ਕਰਨ ਅਤੇ ਰੱਖ-ਰਖਾਅ ਕਰਨ ਵਿੱਚ ਵਿਭਾਗ ਦੀ ਉਚਿਤ ਯੋਜਨਾਬੰਦੀ ਦੀ ਘਾਟ ਦੇ ਨਤੀਜੇ ਵਜੋਂ ₹ 12.11 ਲੱਖ ਦਾ ਅਫਲਦਾਇਕ ਖਰਚਾ ਹੋਇਆ।

## 6.3.10 ਵਣਯੋਜਨ ਗਤੀਵਿਧੀਆਂ/ਪ੍ਰੋਗ੍ਰਾਮਾਂ ਵਿੱਚ ਬੇਨਿਯਮੀਆਂ

### *6.3.10.1 ਪੌਦਿਆਂ ਦੀ ਖਰੀਦ*

ਪੰਜਾਬ ਵਿੱਤੀ ਨਿਯਮਾਂ ਦਾ ਨਿਯਮ 15.2 ਵਿਵਸਥਾ ਕਰਦਾ ਹੈ ਕਿ ਖਰੀਦਦਾਰੀਆਂ ਜਨਤਕ ਸੇਵਾ ਦੀ ਖਾਸ ਜ਼ਰੂਰਤ ਦੇ ਅਨੁਸਾਰ ਬਹੁਤ ਹੀ ਕਿਫਾਇਤੀ ਢੰਗ ਨਾਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਨ੍ਹਾਂ ਨਿਯਮਾਂ ਦਾ ਨਿਯਮ 2.10(ੳ)(1) ਇਹ ਵੀ ਨਿਰਧਾਰਤ ਕਰਦਾ ਹੈ ਕਿ ਹਰ ਸਰਕਾਰੀ ਕਰਮਚਾਰੀ ਤੋਂ ਜਨਤਾ ਦੇ ਪੈਸੇ ਤੋਂ ਹੋਣ ਵਾਲੇ ਖਰਚੇ ਸਬੰਧੀ ਉਹੀ ਚੌਕਸੀ ਵਰਤਣ ਦੀ ਉਮੀਦ ਕੀਤੀ ਜਾਂਦੀ ਹੈ ਜਿਸ ਤਰਾਂ ਇਕ ਆਮ ਸੂਝ-ਬੂਝ ਵਾਲਾ ਵਿਅਕਤੀ ਆਪਣੇ ਪੈਸੇ ਦੇ ਖਰਚੇ ਦੇ ਸਬੰਧ ਵਿੱਚ ਵਰਤੇਗਾ।

ਆਡਿਟ ਨੇ ਦੇਖਿਆ ਕਿ ਵਿਭਾਗ ਨੇ ਰੋਪੜ ਅਤੇ ਮੁਹਾਲੀ ਵਿੱਚ 27 ਨਰਸਰੀਆਂ ਹੋਣ ਦੇ ਬਾਵਜੂਦ ਓਪਨ ਮਾਰਕੀਟ ਤੋਂ ਪੌਦਿਆਂ ਦੀ ਖਰੀਦ ਕੀਤੀ। ਫੀਲਡ ਆਡਿਟ ਦੌਰਾਨ, ਡੀ ਐਫ ਓਜ਼ ਨੇ ਜਵਾਬ ਦਿੱਤਾ ਕਿ ਵਿੱਤੀ ਸਾਲ ਦੇ ਅੰਤ ਉੱਤੇ ਪੌਦੇ ਲਗਾਉਣ ਦੇ ਟੀਚੇ ਮੁਹੱਈਆ ਕਰਵਾਏ ਜਾਂਦੇ ਹਨ ਜਿਸ ਕਾਰਨ ਨਰਸਰੀ ਦੁਆਰਾ ਪਨੀਰੀ ਤਿਆਰ ਕਰਨ ਲਈ ਬਹੁਤ ਘੱਟ ਸਮਾਂ ਰਹਿ ਜਾਂਦਾ ਹੈ। ਜਵਾਬ ਮੰਨਣਯੋਗ ਨਹੀਂ ਸੀ ਕਿਉਂਕਿ ਸਲਾਨਾ ਕਾਰਜ ਯੋਜਨਾ ਸਾਲ ਦੇ ਸ਼ੁਰੂ ਵਿੱਚ ਤਿਆਰ ਕੀਤੀ ਜਾਂਦੀ ਹੈ ਜਿਸ ਨਾਲ ਸਾਲ ਦੌਰਾਨ ਲਗਾਏ ਜਾਣ ਵਾਲੇ ਪੌਦਿਆਂ ਦਾ ਜ਼ਿਕਰ ਹੁੰਦਾ ਹੈ। ਇਸ ਅਨੁਸਾਰ, ਵਿਭਾਗੀ ਨਰਸਰੀਆਂ ਨੂੰ ਪੌਦਿਆਂ ਲਈ ਪਨੀਰੀ ਐਡਵਾਂਸ ਵਿੱਚ ਤਿਆਰ ਕਰਨੀ ਚਾਹੀਦੀ ਹੈ।

### *6.3.10.2 ਗ੍ਰੀਨ ਭਾਰਤ ਮਿਸ਼ਨ*

ਗ੍ਰੀਨ ਭਾਰਤ ਮਿਸ਼ਨ (ਜੀ ਆਈ ਐਮ) ਅੱਠ ਮਿਸ਼ਨਾਂ ਵਿਚੋਂ ਇੱਕ ਹੈ ਜੋ ਜਲਵਾਯੂ ਤਬਦੀਲੀ ਉੱਤੇ ਰਾਸ਼ਟਰੀ ਕਾਰਜ ਯੋਜਨਾ ਦੇ ਜਲਵਾਯੂ ਤਬਦੀਲੀ ਬਾਰੇ ਰਾਸ਼ਟਰੀ ਕਾਰਜ ਯੋਜਨਾ (ਐਨ ਏ ਪੀ ਸੀ ਸੀ) ਤਹਿਤ ਚਲਾਏ (2015) ਗਏ ਸਨ। ਜੀ ਆਈ ਐਮ ਦਾ ਉਦੇਸ਼ ਭਾਰਤ ਦੇ ਘੱਟ ਰਹੇ ਵਣਾਂ ਦੇ ਕਵਰ ਦੀ ਰੱਖਿਆ, ਬਹਾਲੀ ਅਤੇ ਵਾਧਾ ਕਰਨਾ ਅਤੇ ਜਲਵਾਯੂ ਤਬਦੀਲੀ ਪ੍ਰਤੀ ਪ੍ਰਤੀਕ੍ਰਿਆ ਦੇਣਾ ਸੀ। ਪਿੱਡ ਪੱਧਰ ਉੱਤੇ ਮਿਸ਼ਨ ਦੀਆਂ ਗਤੀਵਿਧੀਆਂ ਨੂੰ ਲਾਗੂ ਕਰਨ ਲਈ ਪਿੰਡੂ ਵਣ ਕਮੇਟੀਆਂ (ਵੀ ਐਫ ਸੀ) ਦਾ ਗਠਨ ਕੀਤਾ ਗਿਆ ਸੀ। ਸਿੱਧੇ ਲਾਭ ਦੇ ਤਬਾਦਲੇ ਅਧੀਨ ਜੀ ਆਈ ਐਮ ਦੇ ਦਿਸ਼ਾ-ਨਿਰਦੇਸ਼ ਇਹ ਨਿਯਤ ਕਰਦੇ ਹਨ ਕਿ ਇਸ ਸਕੀਮ ਅਧੀਨ ਮਜ਼ਦੂਰੀ ਦੀ ਅਦਾਇਗੀ ਨੂੰ ਲਾਭਪਾਤਰੀ ਦੇ ਖਾਤੇ ਵਿੱਚ ਲਿਆ ਜਾਣਾ ਚਾਹੀਦਾ ਹੈ।

ਆਡਿਟ ਨੇ ਸਾਲ 2016-17 ਅਤੇ 2017-18 ਦੌਰਾਨ ਰੋਪੜ ਮੰਡਲ ਵਿੰਚ ਪਿੰਡ ਵਣ ਕਮੇਟੀਆਂ (ਵੀ ਐਫ ਸੀ) ਦੁਆਰਾ ਫੰਡਾਂ ਦੀ ਵੰਡ ਅਤੇ ਵਰਤੋਂ ਵਿੱਚ ਹੇਠਾਂ ਦਿੱਤੇ ਵੇਰਵੇ ਅਨੁਸਾਰ ਗੰਭੀਰ ਬੇਨਿਯਮੀਆਂ ਦੇਖੀਆਂ:

- ਭਾਰਤ ਸਰਕਾਰ ਦੀਆਂ ਹਦਾਇਤਾਂ ਦੀ ਉਲੰਘਣਾ ਕਰਦਿਆਂ ਦਿਹਾੜੀਦਾਰ ਮਜ਼ਦੂਰਾਂ ਨੂੰ ₹ 1.31 ਕਰੋੜ ਦੀ ਮਜ਼ਦੂਰੀ ਨਕਦ ਵੰਡੀ ਗਈ ਸੀ।
- ਪਿੰਡ ਵਣ ਕਮੇਟੀਆਂ ਨੇ ਬਿਜਲੀ ਬਿੱਲਾਂ, ਹਾਈ ਸਪੀਡ ਡੀਜ਼ਲ ਦੀ ਖਰੀਦ ਅਤੇ ਡਿਵੀਜ਼ਨਲ ਕਾਰ ਦੀ ਸਰਵਿਸ ਲਈ ₹ 1.54 ਲੱਖ ਦੀ ਅਦਾਇਗੀ ਕੀਤੀ ਸੀ।

ਵਿਭਾਗ ਨੇ ਦੱਸਿਆ ਕਿ ਮਜ਼ਦੂਰੀ ਦੀ ਅਦਾਇਗੀ ਰੇਂਜ ਅਧਿਕਾਰੀ ਨੂੰ ਚੈਕ/ਆਰ ਟੀ ਜੀ ਐਸ ਦੁਆਰਾ ਕੀਤੀ ਗਈ ਸੀ। ਅੱਗੇ, ਪਿੰਡ ਵਣ ਕਮੇਟੀਆਂ ਨੂੰ ਦਿੱਤੇ ਫੰਡਾਂ ਦਾ 35 ਪ੍ਰਤੀਸ਼ਤ ਗਰੀਨ ਭਾਰਤ ਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਹਾਇਤਾ ਗਤੀਵਿਧੀਆਂ ਲਈ ਖਰਚਿਆ ਜਾ ਸਕਦਾ ਸੀ।

ਵਿਭਾਗ ਦਾ ਜਵਾਬ ਮੰਨਣਯੋਗ ਨਹੀਂ ਸੀ ਕਿਉਂਕਿ ਮਜ਼ਦੂਰੀ ਦੀ ਵੰਡ ਨਗਦ ਰੂਪ ਵਿੱਚ ਕੀਤੀ ਗਈ ਸੀ ਅਤੇ ਵੀ ਐਫ ਸੀਜ਼ ਨੂੰ ਦਿੱਤੇ ਫੰਡਾਂ ਵਿੱਚੋਂ ਡਿਵੀਜਨ ਦੇ ਖਰਚੇ ਕ੍ਰਮਵਾਰ ਜੀ ਓ ਆਈ ਅਤੇ ਗਰੀਨ ਭਾਰਤ ਮਿਸ਼ਨ ਦੀਆਂ ਹਦਾਇਤਾ ਦੇ ਵਿਰੁੱਧ ਸਨ।

### *6.3.10.3 ਪੰਜਾਬ ਜੰਗਲਾਤ ਅਤੇ ਵਾਟਰਸ਼ੈਡ ਵਿਕਾਸ ਪ੍ਰੋਜੈਕਟ*

ਪੰਜਾਬ ਜੰਗਲਾਤ ਅਤੇ ਵਾਟਰਸ਼ੈਡ ਵਿਕਾਸ ਪ੍ਰੋਜੈਕਟ (ਐਫ ਟੀ–10) ਸਟੇਟ ਪਲਾਨ ਸਕੀਮਾਂ ਵਿੱਚੋਂ ਇੱਕ ਹੈ ਜਿਸਦੇ ਅਧੀਨ ਵੱਖ–ਵੱਖ ਗਤੀਵਿਧੀਆਂ ਜਿਵੇਂ ਕਿ ਪੌਦੇ ਲਗਾਉਣਾ, ਖੇਤ/ਖੇਤੀ ਜੰਗਲਾਤ, ਵਣ ਖੋਜ ਅਤੇ ਸਿਖਲਾਈ ਅਤੇ ਬੁਨਿਆਦੀ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ। ਰਾਜ ਸਰਕਾਰ ਨੇ ਇਸ ਸਕੀਮ ਅਧੀਨ ਸਾਲ 2013–14 ਵਿੱਚ ₹ 40.40 ਕਰੋੜ ਦੀ ਕੁੱਲ ਵੰਡ ਵਿਚੋਂ ₹ 5.30 ਕਰੋੜ ਦਾ ਖਰਚਾ ਕੀਤਾ।

ਆਡਿਟ ਨੇ ਚੁਣੇ ਹੋਏ ਛੇ ਮੰਡਲਾਂ ਵਿੱਚੋਂ ਪੰਜ[32] ਅਤੇ ਤਿੰਨ[33] ਹੋਰ ਮੰਡਲਾਂ ਦੇ ਰਿਕਾਰਡਾਂ ਤੋਂ ਦੇਖਿਆ ਕਿ ₹ 2.74 ਕਰੋੜ ਦਾ ਖਰਚਾ 2,005 ਹੈਕਟੇਅਰ ਜ਼ਮੀਨ ਉੱਤੇ ਪੌਦੇ ਲਗਾਉਣ ਕੀਤਾ ਗਿਆ ਸੀ। ਹਾਲਾਂਕਿ, ਸਾਲ 2014–15 ਤੋਂ ਬਾਅਦ ਰਾਜ ਸਰਕਾਰ ਵੱਲੋਂ ਪੌਦਿਆਂ ਦੀ ਦੇਖਭਾਲ ਅਤੇ ਸੁੱਰਖਿਆ ਲਈ ਕੋਈ ਫੰਡ ਨਹੀਂ ਦਿੱਤੇ ਗਏ। ਚੁੱਣੇ ਹੋਏ ਛੇ ਮੰਡਲਾਂ ਵਿੱਚੋਂ ਦੋ[34] ਦੀਆਂ ਸਰਵਾਈਵਲ ਰਿਪੋਰਟਾਂ ਤੋਂ ਇਹ ਦੇਖਿਆ ਗਿਆ ਕਿ ਫੰਡਾਂ ਦੀ ਅਲਾਟਮੈਂਟ ਨਾ ਹੋਣ ਕਰਕੇ ਅਗਲੇ ਸਾਲਾਂ ਦੌਰਾਨ ਪੌਦੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਸਨ। ਇਸ ਤਰ੍ਹਾਂ, ਪੌਦਿਆਂ ਦੀ ਸੰਭਾਲ ਨਾ ਕਰਨ ਕਰਕੇ ₹ 2.74 ਕਰੋੜ ਦਾ ਬੇਕਾਰ ਖਰਚਾ ਹੋਇਆ।

ਵਿਭਾਗ ਨੇ ਦੱਸਿਆ ਕਿ ਸਮੁੱਚੀ ਸਰਵਾਈਵਲ ਦਰ 61 ਪ੍ਰਤੀਸ਼ਤ ਸੀ ਅਤੇ ਇਸ ਸਕੀਮ ਅਧੀਨ ਫੰਡ ਜ਼ਾਰੀ ਨਾ ਕਰਨ ਲਈ ਰਾਜ ਸਰਕਾਰ ਦੀਆਂ ਵਿੱਤੀ ਰੁਕਾਵਟਾਂ ਨੂੰ ਜ਼ਿੰਮੇਵਾਰ ਠਹਿਰਾਇਆ। ਵਿਭਾਗ ਦਾ ਜਵਾਬ ਮੰਨਣਯੋਗ ਨਹੀਂ ਸੀ ਕਿਉਂਕਿ 61 ਪ੍ਰਤੀਸ਼ਤ ਦੀ ਸਮੁੱਚੀ ਸਰਵਾਈਵਲ ਦਰ ਸਿਰਫ 2013–14 ਲਈ ਸੀ ਅਤੇ ਅਗਲੇ ਸਾਲਾਂ ਵਿੱਚ ਪੌਦਿਆਂ ਦੀ ਸਰਵਾਈਵਲ ਬਾਰੇ ਚੁੱਪ ਰਿਹਾ ਜਦੋਂ ਐਫ ਟੀ–10 ਪੌਦਿਆਂ ਦੀ ਸੰਭਾਲ ਲਈ ਸਰਕਾਰ ਵੱਲੋਂ ਫੰਡ ਜ਼ਾਰੀ ਨਹੀਂ ਕੀਤੇ ਗਏ।

## 6.3.11 ਵਣ ਦੀ ਸਥਿਰਤਾ

ਵਣਾਂ ਦੇ ਟਿਕਾਊ ਪੁਨਰ–ਨਿਰਮਾਣ ਨੂੰ ਯਕੀਨੀ ਬਣਾਉਣ ਲਈ, ਖੜੇ ਦਰੱਖਤਾਂ ਦੇ ਸਮੇਂ ਸਿਰ ਕਟਾਈ ਲਈ ਕੂਪ ਪ੍ਰਣਾਲੀ, ਅਣਚਾਹੀ ਬਨਸਪਤੀ ਨੂੰ ਹਟਾਉਣ ਲਈ ਪਤਲਾ ਕਰਨ ਦਾ ਕਾਰਜ, ਵਣਾਂ ਦੀ ਉਪਜ ਨੂੰ ਹਟਾਉਣ ਆਦਿ ਨੂੰ ਅਪਣਾਇਆ ਜਾਂਦਾ ਹੈ।

### *6.3.11.1 ਵਣਾਂ ਦੀ ਕਟਾਈ ਘੱਟ ਕਰਨਾ*

ਡਬਲਯੂ ਪੀ ਦੇ ਅਨੁਸਾਰ, ਵਣ ਖੇਤਰ ਨੂੰ ਸਰਕਲਾਂ ਵਿੱਚ ਵੰਡਿਆ ਜਾਂਦਾ ਹੈ ਅਤੇ ਸਰਕਲਾਂ ਨੂੰ ਕੂਪਾਂ ਵਿੱਚ ਵੰਡਿਆ ਜਾਂਦਾ ਹੈ। ਕਿਸੇ ਖਾਸ ਸਾਲ ਵਿੱਚ ਕਟਾਈ ਲਈ ਕੂਪਾਂ ਦੀ ਨਿਸ਼ਾਨਦੇਹੀ ਉਸ ਸਾਲ ਦੇ ਪਿਛਲੇ ਸਾਲ ਕੀਤੀ ਜਾਂਦੀ ਹੈ ਜਿਸ ਵਿੱਚ ਸਬੰਧਤ ਕੂਪ ਡਬਲਯੂ ਪੀਜ਼ ਵਿੱਚ ਦਿੱਤੀਆਂ ਗਈਆਂ ਤਜਵੀਜ਼ਾਂ ਅਨੁਸਾਰ ਕਟਾਈ ਲਈ ਹੈ।

ਆਡਿਟ ਨੇ ਛੇ ਚੁਣੇ ਹੋਏ ਮੰਡਲਾਂ ਵਿੱਚ ਦੇਖਿਆ ਕਿ ਇੱਥੇ ਲੱਕੜ ਦੇ ਕੂੱਪਾਂ ਦੀ ਘੱਟ ਕਟਾਈ ਹੋਈ। ਸਾਲ 2013–14 ਤੋਂ 2018–19 ਦੋਰਾਨ 1.90 ਲੱਖ ਘਣ ਮੀਟਰ ਲੱਕੜ ਦੇ ਮੁਕਾਬਲੇ ਸਿਰਫ

---

32 ਐਸ ਏ ਐਸ ਨਗਰ, ਗੜ੍ਹਸ਼ੰਕਰ, ਹੁਸ਼ਿਆਰਪੁਰ, ਦਸੂਆ ਅਤੇ ਪਠਾਨਕੋਟ

33 ਲੁਧਿਆਣਾ, ਮਾਨਸਾ ਅਤੇ ਸੰਗਰੂਰ

34 ਦਸੂਆ ਅਤੇ ਪਠਾਨਕੋਟ

0.65 ਲੱਖ ਘਣ ਮੀਟਰ ਲੱਕੜ ਦੀ ਕਟਾਈ ਕੀਤੀ ਗਈ ਜਿਸਦੇ ਨਤੀਜੇ ਵਜੋਂ ਹੇਠਾਂ ਦਿੱਤੀ **ਸਾਰਣੀ 6**.5 ਵਿੱਚ ਵੇਰਵੇ ਅਨੁਸਾਰ ਮਾਲੀਆ ਮੁਲਤਵੀ ਹੋਇਆ:

**ਸਾਰਣੀ 6.5: ਲੱਕੜ ਦੀ ਲੋੜੀਦੀ ਅਤੇ ਅਸਲ ਕਟਾਈ**

| ਮੰਡਲ | ਕੂਪਾਂ ਲਈ ਲੋੜੀਂਦੀ ਕਟਾਈ (ਘਣ ਮੀਟਰ) | ਕਟਾਈ ਕੀਤੇ ਕੂਪ (ਨੰਬਰ) | ਕਟਾਈ ਵਿੱਚ ਭਿੰਨਤਾ | ਗਿਰਾਵਟ ਦੀ ਪ੍ਰਤੀਸ਼ਤਤਾ |
|---|---|---|---|---|
| ਦਸੂਆ | 16,903.16 | 3,239.65 | 13,663.51 | 81 |
| ਗੜ੍ਹਸ਼ੰਕਰ | 11,147.68 | 30,123.45 | -- | -- |
| ਹੁਸ਼ਿਆਰਪੁਰ | 91,974.48 | 10,805.30 | 81,169.18 | 88 |
| ਪਠਾਨਕੋਟ | 17,688.48 | 8,647.77 | 9,040.71 | 51 |
| ਰੂਪਨਗਰ | 22,871.60 | 5,194.35 | 17,677.25 | 77 |
| ਐਸ ਏ ਐਸ ਨਗਰ | 29,908.00 | 6,908.45 | 22,999.55 | 77 |

ਡਬਲਯੂ ਪੀਜ਼ ਦੀਆਂ ਤਜਵੀਜ਼ਾਂ ਅਨੁਸਾਰ ਲੱਕੜ ਦੀਆਂ ਕੂਪਾਂ ਦਾ ਘੱਟ ਸ਼ੋਸ਼ਣ 51 ਤੋਂ 88 ਪ੍ਰਤੀਸ਼ਤ ਤੱਕ ਹੋਇਆ, ਜਿਸ ਨਾਲ ਨਾ ਸਿਰਫ ਵਣਾਂ ਦੇ ਪੁਨਰ-ਨਿਰਮਾਣ ਦੀਆਂ ਗਤੀਵਿਧੀਆਂ ਰੁੱਕੀਆਂ, ਸਗੋਂ ਕੱਢੀ ਗਈ ਲੱਕੜ ਅਤੇ ਹੋਰ ਉਪਜਾਂ ਤੋਂ ਪ੍ਰਾਪਤ ਹੋਣ ਵਾਲਾ ਮਾਲੀਆ ਵੀ ਮੁਲਤਵੀ ਹੋਇਆ।

ਵਿਭਾਗ ਨੇ ਦੱਸਿਆ ਕਿ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਆਦੇਸ਼ ਅਨੁਸਾਰ, 2016 ਵਿੱਚ ਦਰੱਖਤਾਂ ਦੀ ਕਟਾਈ ਉੱਤੇ ਪੂਰਨ ਪਾਬੰਧੀ ਸੀ, ਜਿਸ ਕਰਕੇ ਇਥੇ ਮੁਲਤਵੀ ਰਿਹਾ। ਵਿਭਾਗ ਦਾ ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਉਪੱਰਲੇ ਅੰਕੜਿਆਂ ਵਿੱਚ 2016-18 ਦੌਰਾਨ ਕਟਾਈ ਵਾਲੇ ਲੱਕੜ ਕੂਪ ਸ਼ਾਮਲ ਨਹੀਂ ਸਨ। ਜਦੋਂ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੀ ਪਾਬੰਧੀ ਲਾਗੂ ਨਹੀਂ ਸੀ।

### *6.3.11.2 ਬਾਂਸ ਦੀ ਕਟਾਈ ਨਾ ਕਰਨਾ*

ਬਾਂਸ ਦੇ ਕੂਪਾਂ ਨੂੰ ਤਿੰਨ ਡਿੱਗਣ ਕੀਆਂ ਲੜੀਆਂ ਵਿੱਚ ਵੰਡਿਆਂ ਜਾਂਦਾ ਹੈ ਅਤੇ ਹਰੇਕ ਡਿੱਗਣ ਵਾਲੀ ਲੜੀ ਹਰ ਤਿੰਨ ਸਾਲ ਬਾਅਦ ਵਾਢੀ ਲਈ ਤਿਆਰ ਹੋ ਜਾਂਦੀ ਹੈ। ਜੇ ਬਾਂਸ ਦੀ ਵਾਢੀ ਕਿਸੇ ਖਾਸ ਸਾਲ ਵਿੱਚ ਕਿਸੇ ਡਿੱਗਣ ਵਾਲੀ ਲੜੀ ਤੋਂ ਨਹੀਂ ਕੀਤੀ ਜਾਂਦੀ, ਤਾਂ ਉਸ ਡਿਗੱਣ ਵਾਲੀ ਲੜੀ ਦੀ ਵਾਢੀ ਸਿਰਫ ਤਿੰਨ ਸਾਲਾਂ ਬਾਅਦ ਕੀਤੀ ਜਾ ਸਕਦੀ ਹੈ ਜਿਸਦੇ ਸਿੱਟੇ ਵਜੋਂ ਮਾਲੀਏ ਦਾ ਨੁਕਸਾਨ ਹੁੰਦਾ ਹੈ।

ਆਡਿਟ ਨੇ ਦੇਖਿਆ ਕਿ ਦਸੂਆ ਵਣ ਮੰਡਲ ਦੇ ਕਰਨਪੁਰ, ਬਿੰਦਰਾਬਨ ਅਤੇ ਨੰਦਬੀਰ ਬਾਂਸ ਵਣ ਦੇ 2014-15 ਤੋਂ 2028-29 ਦੀ ਮਿਆਦ ਦੇ ਮੰਨਜੂਰਸ਼ੁਦਾ ਡਬਲਯੂ ਪੀ ਅਨੁਸਾਰ 2013-14 ਤੋਂ 2018-19 ਦੌਰਾਨ ਕਟਾਈ ਕੀਤੇ ਜਾਣ ਵਾਲੇ ਨੌਂ ਕੰਪਾਰਟਮੈਂਟਾਂ ਨੂੰ ਸ਼ਾਮਿਲ ਕਰਦੇ ਜਿਸ ਵਿੱਚ 1,283.90 ਹੈਕਟੇਅਰ ਬਾਂਸ ਖੇਤਰ (19 ਲੱਖ ਕਲੰਪਸ), ਦੇ ਵਿਰੁੱਧ 337 ਹੈਕਟੇਅਰ ਬਾਂਸ ਖੇਤਰ (₹ 4.90 ਲੱਖ ਕਲੰਪਸ) ਦੀ ਕਟਾਈ ਕੀਤੀ ਗਈ ਸੀ। ਬਾਕੀ 946.90 ਹੈਕਟੇਅਰ ਬਾਂਸ ਖੇਤਰ (₹ 14.10 ਲੱਖ ਕਲੰਪਸ) ਦੀ ਕਟਾਈ ਨਾ ਕਰਨ ਦੇ ਨਤੀਜੇ ਵਜੋਂ ਮਾਲੀਏ ਦਾ ਨੁਕਸਾਨ ਹੋਣ ਦੇ ਨਾਲ ਹੀ ਵਣਾਂ ਦੇ ਪੁਨਰ-ਨਿਰਮਾਣ ਉੱਤੇ ਵੀ ਬੁਰਾ ਪ੍ਰਭਾਵ ਪਿਆ।

ਇਹ ਦੱਸੇ ਜਾਣ ਉੱਤੇ, ਵਿਭਾਗ ਨੇ ਦੱਸਿਆ ਕਿ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਆਦੇਸ਼ ਅਨੁਸਾਰ ਸਾਲ 2016 ਵਿੱਚ ਪੰਜਾਬ ਵਿੱਚ ਦਰੱਖਤਾਂ ਦੀ ਕਟਾਈ ਉੱਤੇ ਪੂਰੀ ਪਾਬੰਦੀ ਸੀ ਜਿਸ ਕਰਕੇ ਮੁਲਤਵੀ ਰਿਹਾ।

ਵਿਭਾਗ ਦਾ ਜਵਾਬ ਅੰਸ਼ਕ ਤੌਰ ਤੇ ਮੰਨਣਯੋਗ ਹੈ ਕਿਉਂਕਿ ਪਾਬੰਦੀ ਸਾਲ 2015-16 ਦੌਰਾਨ ਲਾਗੂ ਨਹੀਂ ਸੀ ਜਦ ਕਿ ਸਾਲ 2015-16 ਵਿੱਚ 383.10 ਹੈਕਟੇਅਰ ਬਾਂਸ ਖੇਤਰ (4.75 ਲੱਖ ਕਲੰਪਸ) ਵਾਲੇ ਤਿੰਨ ਕੰਪਾਰਟਮੈਂਟਾਂ ਦੀ ਕਟਾਈ ਲੋੜੀਂਦੀ ਸੀ ਜੋ ਨਹੀਂ ਕੀਤੀ ਗਈ, ਜਿਸ ਦੀ ਕਟਾਈ ਦੇ ਨਤੀਜੇ ਵਜੋਂ ₹ 1.16 ਕਰੋੜ[35] ਦਾ ਮਾਲੀਆ ਪ੍ਰਾਪਤ ਹੋ ਸਕਦਾ ਸੀ।

### 6.3.11.3 ਰੈਜ਼ਿਨ ਟੈਪਿੰਗ

ਚਿਰਪਿਨ-ਰੈਜ਼ਿਨ (ਬਿਰੋਜਾ) ਇੱਕ ਗੈਰ-ਲੱਕੜ ਵਣ ਉਪਜ (ਐਨ ਟੀ ਐਫ ਪੀ) ਹੈ ਜੋ ਪੰਜਾਬ ਦੇ ਉੱਤਰੀ ਸਰਕਲ ਦੇ ਚਿਲੀ-ਵਣਾਂ ਵਿੱਚ ਪਾਈ ਜਾਂਦੀ ਹੈ ਅਤੇ ਆਮ ਤੌਰ ਤੇ ਸੈਪ ਨੂੰ ਦਰੱਖਤ ਤੋਂ ਬਾਹਰ ਕੱਢਣ ਲਈ, ਜਿਸਨੂੰ ਟੈਪਿੰਗ ਵਜੋਂ ਜਾਣਿਆ ਜਾਂਦਾ ਹੈ, ਵੈਕੂਓਲਸ ਨੂੰ ਪੰਚਰ ਕਰਨ ਲਈ ਤਣੇ ਵਿੱਚ ਮੋਰੀ ਕਰਕੇ ਦਰੱਖਤ ਨੂੰ ਮਾਮੂਲੀ ਨੁਕਸਾਨ ਪਹੁੰਚਾ ਕੇ ਅਤੇ ਫਿਰ ਦਰੱਖਤ ਨੂੰ ਆਪਣੇ ਜ਼ਖ਼ਮ ਨੂੰ ਰੈਜ਼ਿਨ ਨਾਲ ਭਰਨ ਲਈ ਛੱਡ ਦਿੱਤਾ ਜਾਂਦਾ ਹੈ ਦੁਆਰਾ ਇਕੱਠੀ ਕੀਤੀ ਜਾਂਦੀ ਹੈ। ਵਾਧੂ ਰੈਜ਼ਿਨ ਰੈਵੀਨਿਊ ਦਾ ਇੱਕ ਮਹੱਤਵਪੂਰਨ ਸਰੋਤ ਹੈ। ਹਾਲਾਂਕਿ, ਸਰਕਾਰੀ ਵਣ ਵਿੱਚ 1980 ਤੋਂ ਰੈਜ਼ਿਨ ਟੈਪਿੰਗ ਨਹੀਂ ਕੀਤੀ ਜਾ ਰਹੀ ਸੀ ਕਿਉਂਕਿ ਵਣ ਨੂੰ ਵਿਸ਼ੇਸ਼ ਸੰਭਾਲ ਉਪਾਅਾਂ ਦੀ ਜ਼ਰੂਰਤ ਸੀ।

ਆਡਿਟ ਨੇ ਦੇਖਿਆ ਕਿ ਵਿਭਾਗ ਦੁਆਰਾ ਇਸ ਤੱਥ ਨੂੰ ਸਵੀਕਾਰ ਕਰਨ ਦੇ ਬਾਵਜੂਦ ਕਿ ਖੇਤਰ ਨੂੰ ਵਿਸ਼ੇਸ਼ ਸੰਭਾਲ ਉਪਾਅਾਂ ਦੀ ਜ਼ਰੂਰਤ ਸੀ, ਹੁਸ਼ਿਆਰਪੁਰ ਮੰਡਲ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਪੀ ਐਲ ਪੀ ਏ ਖੇਤਰਾਂ ਵਿੱਚੋਂ ਰੈਜ਼ਿਨ ਟੇਪਿੰਗ ਲਈ 2013-14 ਤੋਂ 2018-19 ਦੌਰਾਨ 265 ਪਰਮਿਟ ਕਿਸਾਨਾਂ/ਪ੍ਰਾਈਵੇਟ ਵਿਅਕਤੀਆਂ ਨੂੰ ਦਿੱਤੇ ਗਏ ਸਨ।

ਐਗਜ਼ਿਟ ਕਾਨਫਰੰਸ ਦੌਰਾਨ, ਭਾਵੇਂ ਵਿਭਾਗ ਨੇ ਸਰਕਾਰੀ ਵਣ ਵਿੱਚ ਰੈਜ਼ਿਨ ਟੈਪਿੰਗ ਨਾ ਕਰਨ ਨੂੰ ਸਹੀ ਠਹਿਰਾਇਆ, ਨਾਲ ਲੱਗਦੇ ਪੀ ਐਲ ਪੀ ਏ ਖੇਤਰ ਵਿੱਚ ਰੈਜ਼ਿਨ ਟੈਪਿੰਗ ਲਈ ਪ੍ਰਾਈਵੇਟ ਵਿੱਕਤੀਆਂ ਨੂੰ ਪਰਮਿਟ ਜ਼ਾਰੀ ਕਰਨ ਉੱਤੇ ਜਵਾਬ ਨਹੀਂ ਦਿੱਤਾ।

### 6.3.12 ਵਣਾਂ ਦੀ ਸੁਰੱਖਿਆ

ਨਵੇਂ ਵਣਕਰਣ ਲਈ ਜ਼ਮੀਨ ਦੀ ਸੀਮਤ ਉਪਲਬਧਤਾ ਦੇ ਮੱਦੇਨਜ਼ਰ ਮੌਜੂਦਾ ਵਣ ਦੀ ਸੁਰੱਖਿਆ ਦੀ ਲੋੜ ਹੈ। ਇਹ ਅੱਗ ਤੋਂ ਬਚਾਅ ਦੇ ਉਪਾਵਾਂ ਅਤੇ ਦਰੱਖਤਾਂ ਦੀ ਗੈਰਕਾਨੂੰਨੀ ਕਟਾਈ ਦੀ ਰੋਕਥਾਮ ਦੁਆਰਾ ਦੀਤਾ ਜਾਣਾ ਸੀ।

#### *6.3.12.1 ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਆਦੇਸ਼ਾਂ ਦੀ ਪਾਲਣਾ ਨਾ ਕਰਨਾ*

ਵਣ ਸੰਭਾਲ ਐਕਟ 1980 ਦੀ ਧਾਰਾ 2(ii) ਦੇ ਅਨੁਸਾਰ ਕਿਸੇ ਵੀ ਵਣ ਦੀ ਜ਼ਮੀਨ ਜਾਂ ਇਸ ਦੇ ਕਿਸੇ ਹਿੱਸੇ ਨੂੰ ਕਿਸੇ ਗੈਰ-ਵਣ ਉਦੇਸ਼ਾਂ ਲਈ ਬਦਲਣ ਲਈ ਕੇਂਦਰ ਸਰਕਾਰ ਦੀ ਪਹਿਲਾਂ ਤੋਂ ਪ੍ਰਵਾਨਗੀ ਦੀ ਲੋੜ ਹੁੰਦੀ ਹੈ। ਵਣ ਸੰਭਾਲ ਨਿਯਮਾਂ 2003 ਦਾ ਨਿਯਮ 6 ਵਣ ਸੰਭਾਲ ਐਕਟ ਅਧੀਨ ਕੇਂਦਰ ਸਰਕਾਰ ਦੀ ਪ੍ਰਵਾਨਗੀ ਲੈਣ ਲਈ ਉਪਭੋਗਤਾ ਏਜੰਸੀ, ਜਿਸਨੇ ਵਣ ਦੀ ਜ਼ਮੀਨ ਕੀ ਗੈਰ-ਵਣ ਉਦੇਸ਼ਾਂ ਲਈ ਵਰਤੋਂ ਕਰਨੀ ਹੈ, ਦੁਆਰਾ ਪ੍ਰਸਤਾਵ ਪ੍ਰਸਤੁਤ ਕਰਨ ਅਤੇ ਵਣ ਵਿਭਾਗ (ਰਾਜ ਦਾ ਨੋਡਲ ਅਧਿਕਾਰੀ) ਦੁਆਰਾ ਪ੍ਰਸਤਾਵ ਦੀ ਪ੍ਰਕਿਰਿਆ ਕੀ ਵਿਵਸਥਾ ਕਰਦਾ ਹੈ। ਉਪਭੋਗਤਾ ਏਜੰਸੀ ਦੁਆਰਾ ਕੈਂਪਾ ਦਿਸ਼ਾ-ਨਿਰਦੇਸ਼ਾਂ ਅਧੀਨ ਮੁਆਵਜ਼ਾ ਵਣਕਰਣ ਦੀ ਲਾਗਤ ਜਮ੍ਹਾਂ ਕਰਨਾ ਵੀ ਲੋੜੀਂਦਾ ਹੈ।

---

35 2015-16 ਵਿੱਚ ਡਿੱਗਣ ਵਾਲੇ ਬਾਂਸ ਦੇ ਦਰੱਖਤਾਂ ਦੀ ਸੰਖਿਆ 4,75,000 ਸੀ। ਰੇਟ ਦੀ ਗਣਨਾ 2018-19 ਵਿੱਚ ਡਿੱਗੇ ਕੁੱਲ ਬੰਬੂ ਦਰੱਖਤਾਂ ਦੁਆਰਾ ਕਮਾਏ ਰੈਵੀਨਿਊ ਤੋਂ ਕੀਤੀ ਗਈ ਹੈ ਯਾਨਿ ਕਿ ₹ 1,19,48,800/4,90,055 = ₹ 24.38, 2015-16 ਵਿੱਚ ਕਮਾਇਆ ਜਾਣ ਵਾਲਾ ਰੈਵੀਨਿਊ = 4,75,000 x ₹ 24.38 = ₹ 1,15,81,721

ਆਡਿਟ ਨੇ ਦੇਖਿਆ ਕਿ ਸਿੰਚਾਈ ਵਿਭਾਗ ਨੇ ਪੰਜਾਬ ਸਟੇਟ ਵਣ ਵਿਕਾਸ ਕਾਰਪੋਰੇਸ਼ਨ ਦੁਆਰਾ ਬਿਸਤ ਦੁਆਬ ਨਹਿਰ ਦੇ ਨਾਲ ਅਤੇ ਨਵਾਂਸ਼ਹਿਰ ਅਤੇ ਜਲੰਧਰ ਮੰਡਲਾਂ ਵਿੱਚ ਇਸ ਦੀਆਂ ਡਿਸਟਰੀਬਿਊਟਰੀਜ਼ ਵਿੱਚ ਲਗਭਗ 107.25 ਹੈਕਟੇਅਰ ਦੇ ਵਣ ਦੇ ਖੇਤਰ ਵਿੱਚ ਲਗਭਗ 24,777 ਦਰਖਤ ਵਣ ਵਿਭਾਗ ਦੀ ਇਜਾਜ਼ਤ ਦੇ ਬਾਅਦ ਜਨਵਰੀ ਅਤੇ ਮਾਰਚ 2016 ਵਿੱਚ ਗਿਰਾ ਦਿੱਤੇ। ਵਣ ਵਿਭਾਗ ਨੇ ਇਸ ਅਪੀਲ ਉੱਤੇ ਇਹ ਇਜਾਜ਼ਤ ਦਿੱਤੀ ਕਿ ਦਰੱਖਤ ਵਣ ਦੇ ਖੇਤਰ ਵਿੱਚ ਨਹੀਂ ਸਨ, ਇਸ ਲਈ ਵਣ ਸੰਭਾਲ ਐਕਟ ਇਨ੍ਹਾਂ ਦਰੱਖਤਾਂ ਉੱਤੇ ਲਾਗੂ ਨਹੀਂ ਸੀ। ਮਾਰਚ 2016 ਵਿੱਚ ਇਕ ਵਿਅਕਤੀ ਦੁਆਰਾ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਵਿੱਚ ਦਰੱਖਤਾਂ ਦੀ ਕਟਾਈ ਨੂੰ ਅਨਿਯਮਤ ਅਤੇ ਵਣ ਸੰਭਾਲ ਐਕਟ ਵਿਰੁੱਧ ਦੱਸਦੇ ਹੋਏ ਦਰਖਾਸਤ ਦਿੱਤੀ ਗਈ ਸੀ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਅਗਸਤ 2018 ਵਿੱਚ ਕਿਹਾ ਕਿ ਦਰੱਖਤਾਂ ਦੀ ਕਟਾਈ ਵਣ ਸੰਭਾਲ ਐਕਟ ਦੇ ਪ੍ਰਬੰਧਾਂ ਦੀ ਉਲੰਘਣਾ ਵਿੱਚ ਸੀ ਅਤੇ ਹੋਰ ਗੱਲਾਂ ਦੇ ਨਾਲ ਆਦੇਸ਼ ਦਿੱਤਾ ਕਿ ਮੁਆਵਜ਼ਾ ਵਣਕਰਣ ਬਰਾਬਰ ਖੇਤਰ ਦੀ ਗੈਰ-ਵਣ ਜ਼ਮੀਨ ਉੱਤੇ ਮੁਆਵਜ਼ਾ ਵਣਕਰਣ ਦੀ ਲਾਗਤ ਦੀ ਵਸੂਲੀ ਵਣ ਵਿਭਾਗ ਤੋਂ ਵਣ ਤਬਾਹ ਕਰਨ ਕਰਕੇ ਕੀਤੀ ਜਾਵੇ।

ਪ੍ਰਧਾਲ ਮੁੱਖ ਵਣ ਪਾਲ ਨੇ ਨਵੰਬਰ 2019 ਵਿੱਚ ਮੰਡਲ ਵਣ ਅਧਿਕਾਰੀ ਨਵਾਂਸ਼ਹਿਰ ਨੂੰ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਆਦੇਸ਼ ਅਨੁਸਾਰ ਬਿਨਾ ਕਿਸੇ ਦੇਰੀ ਦੇ ਕਾਰਵਾਈ ਕਰਨ ਅਤੇ ਪਾਲਣਾ ਰਿਪੋਰਟ ਪ੍ਰਸਤੁਤ ਕਰਨ ਦਾ ਆਦੇਸ਼ ਦਿੱਤਾ। ਹਾਲਾਂਕਿ, ਮੰਡਲ ਵਣ ਆਧਿਕਾਰੀ, ਨਵਾਂਸ਼ਹਿਰ ਨੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਫੈਸਲੇ ਤੋਂ ਦੋ ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਸਿੰਚਾਈ ਵਿਭਾਗ ਤੋਂ ਮੁਆਵਜ਼ਾ ਵਣਕਰਣ ਦੀ ਲਾਗਤ ਦੀ ਵਸੂਲੀ ਲਈ ਕਾਰਵਾਈ ਨਹੀਂ ਆਰੰਭੀ ਸੀ। ਆਡਿਟ ਨੇ ₹ 129.81 ਕਰੋੜ ਦੇ ਮੁਆਵਜ਼ਾ ਵਣਕਰਣ ਦੀ ਗਣਨਾ ਕੀਤੀ ਜੋ ਕਿ ਸਿੰਚਾਈ ਵਿਭਾਗ ਤੋਂ ਵਸੂਲਣਯੋਗ ਹੈ।

ਵਿਭਾਗ ਨੇ ਦੱਸਿਆ ਕਿ ਅਗਲੇਰੀ ਪੁੱਛਗਿੱਛ ਜ਼ਾਰੀ ਹੈ ਅਤੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਆਦੇਸ਼ਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਹਾਲਾਂਕਿ, ਐਨ ਜੀ ਟੀ ਦੇ ਅਗਸਤ 2018 ਦੇ ਆਦੇਸ਼ ਅਤੇ ਪੀ ਸੀ ਸੀ ਐਫ ਦੇ ਨਵੰਬਰ 2019 ਦੇ ਆਦੇਸ਼ ਦੇ ਬਾਵਜੂਦ, ਡੀ ਐਫ ਓ ਨਵਾਂਸ਼ਹਿਰ ਨੇ ਸਿੰਚਾਈ ਵਿਭਾਗ ਤੋਂ ਮੁਆਵਜ਼ਾ ਵਣਕਰਣ ਦੀ ਲਾਗਤ ਦੀ ਵਸੂਲੀ ਲਈ ਕਾਰਵਾਈ ਨਹੀਂ ਆਰੰਭੀ (ਦਸੰਬਰ 2020) ਸੀ।

### *6.3.12.2 ਵਣ ਦੀ ਅੱਗ ਨੂੰ ਕਾਬੂ ਕਰਨ ਲਈ ਉਪਾਅ ਨਾ ਅਪਨਾਉਣਾ*

ਵਣ ਦੀਆਂ ਅੱਗਾਂ ਉਨੀਆਂ ਪੁਰਾਣੀਆਂ ਹਨ ਜਿਵੇ ਵਣ ਆਪਣੇ ਆਪ ਵਿੱਚ ਹਨ। ਉਹ ਕਿਸੇ ਸਮੇਂ ਜੀਵ ਵਿਭਿੰਨਤਾ ਅਤੇ ਵਾਤਾਵਰਣ ਲਈ ਗੰਭੀਰ ਖ਼ਤਰਾ ਪੈਦਾ ਕਰ ਸਕਦੇ ਹਨ। ਵਣ ਦੀਆਂ ਅੱਗਾਂ ਦਾ ਖੰਡੀ ਬਾਇਓਮਾਸ ਜਲਣ ਦੇ ਰੂਪ ਵਿੱਚ ਵਾਤਾਵਰਣਕ ਪ੍ਰਭਾਵ ਪੈਂਦਾ ਹੈ, ਜੋ ਕਿ ਵੱਡੀ ਮਾਤਰਾ ਵਿੱਚ ਟਰੇਸ ਗੈਸਾਂ, ਐਰੋਸੋਲ ਕਣ ਉਪਜਦੇ ਹਨ ਅਤੇ ਟ੍ਰੋਪੋਸਫੀਅਰ ਕੈਮਿਸਟਰੀ ਅਤੇ ਜਲਵਾਯੂ ਵਿਗਾੜ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ।

ਆਡਿਟ ਨੇ ਚੁਣੇ ਹੋਏ ਮੰਡਲਾਂ ਦੇ ਰਿਕਾਰਡਾਂ ਤੋਂ ਦੇਖਿਆ ਕਿ ਇੱਥੇ 2014-19 ਦੌਰਾਨ 1,074 ਅੱਗ ਦੀਆਂ ਘਟਨਾਵਾਂ ਹੋਈਆਂ ਸਨ ਜਿਨ੍ਹਾਂ ਨੇ 10,464.05 ਹੈਕਟੇਅਰ ਜ਼ਮੀਨ ਨੂੰ ਪ੍ਰਭਾਵਿਤ ਕੀਤਾ। ਅੱਗੇ, ਦੋ[36] ਮੰਡਲਾਂ ਵਿੱਚ ਅੱਗ ਬੁਝਾਉਣ ਲਈ ਲੋੜੀਂਦੇ ਉਪਕਰਣ ਅਤੇ ਸਾਜੋ-ਸਮਾਨਾਂ ਦੀ ਘਾਟ ਸੀ ਜਦੋਂ ਕਿ ਫਾਰੈਸਟਰਾਂ ਅਤੇ ਗਾਰਡਾਂ ਦੇ ਕਾਡਰ ਵਿੱਚ 16 ਤੋਂ 44 ਪ੍ਰਤੀਸ਼ਤ ਤੱਕ ਘਾਟ ਸੀ। ਵਣ ਦੀਆਂ ਅੱਗਾਂ ਦੇ ਰਿਕਾਰਡ ਦਾ ਰੱਖ-ਰਖਾਅ ਅਤੇ ਪ੍ਰਾਪਤ ਕੀਤਾ ਹੁੰਗਾਰੇ ਦਾ ਸਮਾਂ, ਜੋ ਕਿ

---

[36] ਦਸੂਆ ਅਤੇ ਪਠਾਨਕੋਟ

ਸਥਾਪਿਤ ਸਿਸਟਮ ਦੀ ਕੁਸ਼ਲਤਾ ਦਾ ਜਇਜ਼ਾ ਲੈਣ ਦੇ ਨਾਲ ਭਵਿੱਖ ਦੀਆਂ ਜ਼ਰੂਰਤਾਂ ਦੀ ਯੋਜਨਾ ਬਣਾਉਣ ਲਈ ਨਾਕਾਫੀ ਸਨ। ਵਿਭਾਗ ਨੂੰ ਵਣ ਦੀ ਅੱਗ ਨੂੰ ਕਾਬੂ ਕਰਨ ਲਈ ਜਲਦੀ ਪਤਾ ਲਗਾਉਣ ਅਤੇ ਸੁਧਾਰ ਕਰਨ ਦੇ ਉਪਾਅ ਕਰਨ ਲਈ ਇੱਕ ਸਿਸਟਮ ਤਿਆਰ ਕਰਨ ਦੀ ਜ਼ਰੂਰਤ ਸੀ।

ਵਿਭਾਗ ਨੇ ਸਰਵੋਤਮ ਉਪਕਰਣਾਂ ਦੇ ਨਾ ਹੋਣ ਦੀ ਗੱਲ ਮੰਨੀ ਅਤੇ ਕਿਹਾ ਕਿ ਉਹ ਇਸ ਨੂੰ ਵਧਾ ਰਹੇ ਹਨ।!

## 6.3.13 ਮਿੱਟੀ ਦੀ ਜਾਂਚ ਦੀਆਂ ਪ੍ਰਯੋਗਸ਼ਾਲਾਵਾਂ ਦਾ ਬੁਨਿਆਦੀ ਢਾਂਚਾ

ਕਿਸੇ ਖਾਸ ਮਿੱਟੀ ਵਿੱਚ ਪੌਸ਼ਟਿਕ ਤੱਤਾਂ, ਸੂਖਮ ਤੱਤਾਂ ਅਤੇ ਪੀ ਐਚ ਆਦਿ ਦੀ ਉਪਲਬਧਤਾ ਦਾ ਮੁਲਾਂਕਣ ਕਰਨ ਲਈ ਮਿੱਟੀ ਦੀ ਜਾਂਚ ਜ਼ਰੂਰੀ ਹੈ। ਇਹ ਇੱਕ ਖਾਸ ਖੇਤਰ ਲਈ ਢੁੱਕਵੀਆਂ ਪੌਦੇ ਦੀਆਂ ਕਿਸਮਾਂ ਦੀ ਪਛਾਣ ਕਰਨ ਵਿੱਚ ਮਦਦ ਕਰਦੀ ਹੈ।

ਰਿਕਾਰਡਾਂ ਦੀ ਪੜਤਾਲ ਤੋਂ ਆਡਿਟ ਨੇ ਦੇਖਿਆ ਕਿ ਰਾਜ ਵਿੱਚ ਕਿਸੇ ਵੀ ਵਣ ਮੰਡਲ ਵਿੱਚ ਮਿੱਟੀ ਦੀ ਜਾਂਚ ਨਹੀਂ ਕੀਤੀ ਜਾ ਰਹੀ ਸੀ। ਨਤੀਜੇ ਵਜੋਂ, ਰਾਜ ਵਿੱਚ ਪੌਦੇ ਮਿੱਟੀ ਦੀਆਂ ਵਿਸ਼ੇਸ਼ਤਾਵਾਂ ਦਾ ਮੁਲਾਂਕਣ ਕੀਤੇ ਬਗੈਰ ਲਗਾਏ ਜਾ ਰਹੇ ਸਨ। ਪੌਦੇ ਲਗਾਉਣ ਤੋਂ ਪਹਿਲਾਂ ਮਿੱਟੀ ਦੀ ਜਾਂਚ ਨਾ ਕਰਨ ਤੇ ਪੌਦਿਆਂ ਦੇ ਘੱਟ ਬਚਾਅ ਦੀ ਦਰ ਵਿੱਚ ਯੋਗਦਾਨ ਪਾਇਆ ਜਿਵੇਂ ਕਿ ਹੇਠਾਂ ਦਿੱਤੇ ਪੈਰ੍ਹਿਆਂ ਵਿੱਚ ਦਰਸਾਇਆ ਗਿਆ ਹੈ:

### *6.3.13.1 ਮਿੱਟੀ ਸੰਭਾਵਨਾ ਦੇ ਅਧਿਐਨ ਦੇ ਬਗੈਰ ਬੂਟੇ ਲਗਾਉਣਾ*

ੳ) ਮਲੋਟ ਦੇ ਆਲੇ-ਦੁਆਲੇ ਦੀਆਂ ਸੜਕਾਂ ਦੇ ਨਾਲ ਕੁਆਲਟੀ ਵਾਲੇ ਪੌਦੇ ਬਣਾਉਣ ਦੇ ਵਿਚਾਰ ਨਾਲ ਸਾਲ 2012-13 ਦੌਰਾਨ 12ਵੀਂ ਪੰਜ ਸਾਲਾਂ ਯੋਜਨਾ ਵਿੱਚ ₹ 9.39 ਕਰੋੜ ਦੇ ਖਰਚ ਦੀ ਵਿਵਸਥਾ ਕੀਤੀ ਗਈ ਜਿਸਦੇ ਵਿਰੁੱਧ ਸਲਾਨਾ ਯੋਜਨਾ 2012-13 ਵਿੱਚ ₹ 4.10 ਕਰੋੜ ਮੰਨਜੂਰ ਕੀਤੇ ਗਏ ਸਨ। ਵਿਭਾਗ ਨੂੰ ₹ 3.29 ਕਰੋੜ ਦਾ ਖਰਚ ਕਰਨ ਤੋਂ ਬਾਅਦ ਮੁਕਤਸਰ ਖੇਤਰ ਵਿੱਚ ਮਿੱਟੀ ਦੀ ਉੱਚੀ ਸੈਲਿਨਿਟੀ ਅਤੇ ਉੱਚੇ ਪੀ ਐਫ ਪੱਧਰ ਦੇ ਕਾਰਨ ਪ੍ਰਾਜੈਕਟ ਛੱਡਣਾ ਪਿਆ ਸੀ। ਖਰਚਾ ਮੈਸਕਾਈਟ ਹਟਾਉਣ, ਸ਼ਹਿਰੀ ਪੌਦੇ ਲਗਾਉਣ, ਅਵੈਨਿਯੂ ਪੌਦੇ ਲਗਾਉਣ ਆਦਿ ਉੱਤੇ ਕੀਤਾ ਗਿਆ ਸੀ। ਵਣ ਵਿਭਾਗ ਨੇ ਪ੍ਰੋਜੈਕਟ ਨੂੰ ਲਾਗੂ ਕਰਨ ਤੋਂ ਪਹਿਲਾਂ ਇਸ ਸਕੀਮ ਦਾ ਵਿਗਿਆਨਕ ਤੌਰ ਤੇ ਵਿਸ਼ਲੇਸ਼ਣ ਨਹੀਂ ਕੀਤਾ ਸੀ, ਨਤੀਜੇ ਵਜੋਂ, ਵਿਭਾਗ ਵਲੋਂ ਪੌਦਿਆਂ ਦੀ ਉੱਚ ਮੌਤ ਦਰ[37] ਵੇਖੀ ਗਈ ਅਤੇ ਅਖੀਰ ਵਿੱਚ ਪ੍ਰਾਜੈਕਟ ਨੂੰ ਛੱਡ ਦੇਣਾ ਪਿਆ।

ਵਿਭਾਗ ਨੇ ਦੱਸਿਆ ਕਿ ਬਚਾਅ ਚੰਗਾ ਸੀ ਅਤੇ ਪ੍ਰਬੰਧਨ ਅਵਧੀ ਖਤਮ ਹੋਣ ਤੋਂ ਬਾਅਦ ਪ੍ਰਾਜੈਕਟ ਨੂੰ ਛੱਡ ਦਿੱਤਾ ਗਿਆ ਸੀ। ਵਿਭਾਗ ਨੇ ਇਹ ਵੀ ਦੱਸਿਆ ਕਿ ਪੌਦੇ ਲਗਾਉਣ ਦੇ ਅਗਲੇ ਸਾਲ ਵਿੱਚ 80 ਪ੍ਰਤੀਸ਼ਤ (ਇਸ ਕੇਸ ਵਿੱਚ 83.5 ਪ੍ਰਤੀਸ਼ਤ) ਤੋਂ ਵੱਧ ਦੇ ਬੂਟੇ ਦਾ ਬਚਾਅ ਜੰਗਲਾਤ ਬੂਟੇ ਲਗਾਉਣ ਵਿੱਚ ਬਹੁਤ ਚੰਗਾ ਮੰਨਿਆ ਜਾਂਦਾ ਹੈ ਅਤੇ ਇਸ ਲਈ ਅਪ੍ਰੈਲ 2013 ਤੋਂ ਕੋਈ ਫੰਡ ਜਾਰੀ ਨਹੀਂ ਕੀਤਾ ਗਿਆ।

ਵਿਭਾਗ ਦਾ ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਪੰਜ ਸਾਲਾਂ ਦੇ ਰੱਖ-ਰਖਾਵ ਲਈ ਬੂਟੇ ਦੀ ਨਿਗਰਾਨੀ ਨਾ ਕਰਨ ਦੀ ਸੂਰਤ ਵਿੱਚ ਸਾਲ 2014-15 ਵਿੱਚ ਬੂਟੇ ਦੀ ਬਚਣ ਦੀ ਦਰ ਘੱਟ ਕੇ

[37] ਮੌਤ ਦਰ ਸੂਚਕ: 60 ਪ੍ਰਤੀਸ਼ਤ - ਮਾੜਾ, 65 ਪ੍ਰਤੀਸ਼ਤ - ਠੀਕ-ਠੀਕ, 70 ਪ੍ਰਤੀਸ਼ਤ - ਵਧੀਆ, 75 ਪ੍ਰਤੀਸ਼ਤ - ਬਹੁਤ ਵਧੀਆ, 80 ਪ੍ਰਤੀਸ਼ਤ - ਸ਼ਾਨਦਾਰ।

59 ਪ੍ਰਤੀਸ਼ਤ ਰਹਿ ਗਈ ਸੀ। ਅੱਗੇ, ਪੌਦਿਆਂ ਦੀਆਂ ਬਚਾਅ ਰਿਪੋਰਟਾਂ ਆਡਿਟ ਨੂੰ ਮੁਹੱਈਆ ਨਹੀਂ ਕਰਵਾਈਆਂ ਗਈਆਂ ਸਨ।

**ਅ)** ਰੋਪੜ ਵੈਟਲੈਂਡ ਵਿਖੇ ਵਿੱਲੋ ਪਾਰਕ ਪ੍ਰਾਜੈਕਟ ਦੀ ਸਥਾਪਨਾ ਵਾਤਾਵਰਣ ਅਤੇ ਅਵਾਸ ਸੁਧਾਰ ਲਈ ਕਮਿਊਨਿਟੀ ਜਾਗਰੂਕਤਾ ਨੂੰ ਉਤਾਸ਼ਹਤ ਕਰਨ ਦੇ ਉਦੇਸ਼ ਨਾਲ ਕੀਤੀ ਗਈ ਸੀ। ਇਸ ਮੰਤਵ ਲਈ ਪੌਦੇ ਨੌਨੀ ਯੂਨੀਵਰਸਿਟੀ (ਐਚ ਪੀ) ਤੋਂ ਖਰੀਦੇ ਗਏ ਸਨ। ਹਾਲਾਂਕਿ, 2017 ਵਿੱਚ ਮਿੱਟੀ ਦੇ ਖਾਰੀ ਸਭਾਵ ਕਰਕੇ ਪੌਦਿਆਂ ਦਾ ਬਚਾਅ 70 ਪ੍ਰਤੀਸ਼ਤ ਸੀ। ਆਡਿਟ ਵੱਲੋਂ 2019 ਵਿੱਚ ਭੌਤਿਕ ਤਸਦੀਕ ਦੌਰਾਨ ਇਹ ਦੇਖਿਆ ਗਿਆ ਕਿ ਵਿੱਲੋ ਪਾਰਕ ਰੋਪੜ ਵਿੱਚ ਮੌਜੂਦ ਨਹੀਂ ਸੀ ਕਿਉਂਕਿ ਪੌਦੇ ਬਚੇ ਨਹੀਂ ਸਨ। ਇਸ ਤਰ੍ਹਾਂ, ਵਿੱਲੋ ਪਾਰਕ ਦੀ ਸਥਾਪਨਾ ਤੋਂ ਪਹਿਲਾਂ ਪ੍ਰਾਜੈਕਟ ਦੀ ਸੰਭਾਵਨਾ ਦਾ ਪਤਾ ਨਾ ਲਗਾਉਣ ਨੇ ਨਾ ਸਿਰਫ 2015-16 ਅਤੇ 2016-17 ਦੀ ਮਿਆਦ ਦੌਰਾਨ ₹ 16.25 ਲੱਖ ਦਾ ਖਰਚ ਬੇਕਾਰ ਕਰ ਦਿੱਤਾ ਸਗੋਂ ਪਾਰਕ ਦੀ ਸਥਾਪਨਾ ਦੇ ਮੰਤਵ ਨੂੰ ਵੀ ਹਰਾ ਦਿੱਤਾ।

ਇਹ ਦੱਸੇ ਜਾਣ ਉੱਤੇ, ਵਿਭਾਗ ਨੇ ਜਵਾਬ ਨਹੀਂ ਦਿੱਤਾ।

### 6.3.14 ਮੁਆਵਜ਼ਾ ਵਣਕਰਣ ਫੰਡ ਪ੍ਰਬੰਧਨ ਅਤੇ ਯੋਜਨਾ ਅਥਾਰਟੀ (ਕੈਂਪਾ)

ਮਾਣਯੋਗ ਭਾਰਤੀ ਸੁਪਰੀਮ ਕੋਰਟ ਦੀਆਂ ਹਦਾਇਤਾਂ ਅਨੁਸਾਰ, ਕੈਂਪਾ ਦਿਸ਼ਾ ਨਿਰਦੇਸ਼ ਕੁਦਰਤੀ ਵਣਾਂ ਦੀ ਸੰਭਾਲ, ਜੰਗਲੀ ਜੀਵਣ ਦੇ ਪ੍ਰਬੰਧਨ, ਸੈਕਟਰ ਅਤੇ ਹੋਰ ਸਹਾਇਕ ਕੰਮਾਂ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਗਤੀਵਿਧੀਆਂ ਵਿੱਚ ਤੇਜ਼ੀ ਲਿਆਉਣ ਦੇ ਉਦੇਸ਼ ਨਾਲ ਸਾਲ 2009 ਵਿੱਚ ਤਿਆਰ ਕੀਤੇ ਗਏ ਸਨ। ਇਸ ਮੰਤਵ ਲਈ, ਵਣ (ਸੰਭਾਲ) ਐਕਟ 1980 ਅਧੀਨ ਉਪਭੋਗਤਾ ਏਜੰਸੀਆਂ ਤੋਂ ਮੁਆਵਜ਼ਾ ਵਣਕਰਣ, ਵਾਧੂ ਮੁਆਵਜ਼ਾ ਵਣਕਰਣ, ਜੁਰਮਾਨਾ ਮੁਆਵਜ਼ਾ ਵਣਕਰਣ, ਨੈੱਟ ਪਰੈਜੇਂਟ ਵੈਲਯੂ (ਐਨ ਪੀ ਵੀ) ਲਈ ਪੈਸਾ ਇੱਕਠਾ ਕੀਤਾ ਜਾਣਾ ਸੀ। ਕੈਂਪਾ ਨਾਲ ਸਬੰਧਤ ਸਾਰੀਆਂ ਗਤੀਵਿਧੀਆਂ ਨੂੰ ਸਾਲ 2016 ਵਿੱਚ ਕੈਂਪਾ ਐਕਟ ਲਾਗੂ ਹੋਣ ਤੱਕ ਉੱਪਰ ਦੱਸੇ ਦਿਸ਼ਾ ਨਿਰਦੇਸ਼ਾਂ ਦੁਆਰਾ ਨਿਰਦੇਸ਼ਤ ਕੀਤਾ ਜਾਣਾ ਸੀ। ਹੈਡਕੁਆਟਰ ਅਤੇ ਫੀਲਡ ਆਡਿਟ ਇਕਾਈਆਂ ਵਿੱਚ ਬਣਾਏ ਕੈਂਪਾ ਫੰਡਾਂ ਦੇ ਰਿਕਾਰਡ ਦੀ ਆਡਿਟ ਨੇ ਰਿਕਾਰਡ ਦੀ ਸਾਂਭ-ਸੰਭਾਲ ਅਤੇ ਢੰਡਾਂ ਦੀ ਵਰਤੋਂ ਵਿੱਚ ਹੇਠਲੀਆਂ ਬੇਨਿਯਮੀਆਂ ਦਾ ਖੁਲਾਸਾ ਕੀਤਾ।

**ੳ) ਸਲਾਨਾ ਰਿਪੋਰਟ ਤਿਆਰ ਨਾ ਕਰਨਾ**

ਸਟੇਟ ਕੈਂਪਾ ਦਿਸ਼ਾ-ਨਿਰਦੇਸ਼ਾਂ 2009 ਦੀ ਧਾਰਾ 15(2)(vii) ਦੇ ਅਨੁਸਾਰ ਰਾਜ ਪੱਧਰੀ ਕਾਰਜਕਾਰੀ ਕਮੇਟੀ ਹਰ ਵਿੱਤੀ ਸਾਲ ਲਈ ਜੂਨ ਦੇ ਅੰਤ ਤੱਕ ਇੱਕ ਸਲਾਨਾ ਰਿਪੋਰਟ ਤਿਆਰ ਕਰੇਗੀ।

ਆਡਿਟ ਨੇ ਪੰਨਕੈਂਪਾ ਦੇ ਰਿਕਾਰਡਾਂ ਤੋਂ ਦੇਖਿਆ (ਜੂਨ 2019) ਕਿ 2013-14 ਤੋਂ 2018-19 ਦੀ ਮਿਆਦ ਦੌਰਾਨ, ਪੰਨਕੈਂਪਾ ਫੰਡਾਂ ਤੋ ਖਰਚੇ, ਪ੍ਰਾਪਤੀਆਂ ਸਬੰਧੀ ਸਲਾਨਾ ਰਿਪੋਰਟ ਤਿਆਰ ਨਹੀਂ ਕੀਤੀ ਗਈ ਸੀ ਜਿਵੇਂ ਕਿ ਪੰਨਕੈਂਪਾ ਦਿਸ਼ਾ ਨਿਰਦੇਸ਼ਾਂ, 2009 ਦੁਆਰਾ ਲੋੜੀਂਦਾ ਸੀ।

ਮੁੱਖ ਕਾਰਜਕਾਰੀ ਅਧਿਕਾਰੀ (ਸਟੇਟ ਅਥਾਰਟੀ) ਨੇ ਕਿਹਾ ਕਿ ਵਿਭਾਗ ਨੇ ਸਲਾਨਾ ਰਿਪੋਰਟ ਬਣਾਉਣ ਦੀ ਜਗ੍ਹਾ ਓਪਰੇਸ਼ਨ ਦੀ ਸਲਾਨਾ ਯੋਜਨਾ (ਏ ਪੀ ਓ) ਤਿਆਰ ਕੀਤੀ ਸੀ ਅਤੇ ਕੀਤੇ ਗਏ ਵੱਖ ਵੱਖ ਕੰਮਾਂ ਅਤੇ ਖਰਚ ਕੀਤੀ ਗਈ ਰਕਮ ਦੇ ਵੇਰਵੇ, ਸਟੇਟ ਕੈਂਪਾ ਵਲੋਂ ਵੱਖ ਵੱਖ ਸਕੀਮਾਂ ਤੋਂ ਪ੍ਰਾਪਤ ਕੀਤੀ ਰਕਮ ਅਤੇ ਆਡਿਟ ਮੀਮੋ ਵਿੱਚ ਲਗਾਏ ਇਤਰਾਜ਼ ਕਾਰਜਕਾਰੀ ਕਮੇਟੀ ਅਤੇ ਸਟੀਅਰਿੰਗ ਕਮੇਟੀ ਦੀ ਮੰਟਿੰਗ ਲਈ ਤਿਆਰ ਕੀਤੇ ਏਜੰਡਿਆਂ ਵਿੱਚ ਸ਼ਾਮਲ ਕੀਤੇ ਗਏ ਸਨ। ਵਿਭਾਗ ਨੇ ਦੱਸਿਆ ਕਿ ਮੁਆਵਜ਼ਾ ਵਣਕਰਣ ਫੰਡ (ਸੀ ਏ ਐਫ) ਨਿਯਮ 2018 ਪ੍ਰਾਪਤ ਹੋਣ ਤੋਂ

ਬਾਅਦ ਬਜਟ, ਸਲਾਨਾ ਲੇਖੇ ਅਤੇ ਸਲਾਨਾ ਰਿਪੋਰਟ ਹੁਣ ਸਾਲ 2020–21 ਲਈ ਐਮ ਓ ਈ ਐਫ, ਵਣ ਅਤੇ ਮੌਸਮ ਤਬਦੀਲੀ, ਜੀ ਓ ਆਈ, ਨਵੀਂ ਦਿੱਲੀ ਕੋਲ ਪ੍ਰਸਤੁਤ ਕੀਤੇ ਗਏ ਹਨ।

ਜਵਾਬ ਸਟੇਟ ਕੈਂਪਾ ਦਿਸ਼ਾ–ਨਿਰਦੇਸ਼ਾਂ ਦੇ ਅਨੁਕੂਲ ਨਹੀਂ ਹੈ ਜੋ ਹਰ ਵਿੱਤੀ ਸਾਲ ਦੇ ਜੂਨ ਦੇ ਅੰਤ ਤੱਕ ਸਲਾਨਾ ਰਿਪੋਰਟ ਤਿਆਰ ਕਰਨਾ ਲੋੜੀਂਦਾ ਕਰਦੇ ਹਨ।

**ਅ) ਕੈਂਪਾ ਫੰਡਾਂ ਵਿੱਚੋਂ ਨਾਮੰਨਣਯੋਗ ਅਤੇ ਨਾਸਮਝੀ ਭਰਿਆ ਖਰਚਾ**

ਸਟੇਟ ਕੈਂਪਾ ਦਿਸ਼ਾ–ਨਿਰਦੇਸ਼ਾਂ ਦੇ ਨਿਯਮ II(i) ਦੇ ਅਨੁਸਾਰ ਸਟੇਟ ਕੈਂਪਾ ਕੋਲ ਉਪਲਬਧ ਪੈਸੇ ਦੀ ਵਰਤੋਂ ਏ ਪੀ ਓਜ਼ ਦੇ ਅਨੁਸਾਰ ਅਤੇ ਨੈਸ਼ਨਲ ਕੈਂਪਾ ਸਲਾਹਕਾਰ ਪਰਿਸ਼ਦ ਦੀ ਹਦਾਇਤ ਅਨੁਸਾਰ ਵਣਾਂ ਦੇ ਵਿਕਾਸ, ਰੱਖ–ਰਖਾਅ ਅਤੇ ਸੁਰੱਖਿਆ ਅਤੇ ਜੰਗਲੀ ਜੀਵਣ ਦੇ ਪ੍ਰਬੰਧਨ ਸਬੰਧੀ ਖਰਚ ਲਈ ਕੀਤੀ ਜਾ ਸਕਦੀ ਸੀ। ਹਾਲਾਂਕਿ, ਫੰਡਾਂ ਦੀ ਵਰਤੋਂ ਵਿੱਚ ਹੇਠ ਲਿਖੀਆਂ ਬੇਨਿਯਮੀਆਂ ਵੇਖੀਆਂ ਗਈਆਂ:

i. ਝੱਜਰ ਬਚੌਲੀ ਡਬਲਯੂ ਐਲ ਐਸ ਵਿਖੇ ਫਾਇਰਲਾਇਨਾਂ ਦੀ ਦੇਖਭਾਲ, ਜੰਗਲੀ ਜਾਨਵਰਾਂ ਦੇ ਬਚਾਅ ਅਤੇ ਜਾਗਰੂਕਤਾ ਕੈਂਪਾ ਅਤੇ ਪ੍ਰਚਾਰ ਕਰਨ ਉਤੇ ₹ 2.05 ਲੱਖ ਦਾ ਨਾਸਮਝੀ ਭਰਿਆ ਖਰਚਾ ਕੀਤਾ ਗਿਆ ਸੀ। ਹਾਲਾਂਕਿ, ਵਿਭਾਗ ਨੇ ਫੰਡਾਂ ਦੇ ਖਰਚੇ ਦੀ ਸਟੇਟਮੈਂਟ ਪ੍ਰਦਾਨ ਕੀਤੀ ਸੀ ਪਰ ਕੀਤੇ ਖਰਚੇ ਨੂੰ ਪ੍ਰਮਾਣਿਤ ਕਰਨ ਲਈ ਕੋਈ ਵਾਊਚਰ ਪ੍ਰਦਾਨ ਨਹੀਂ ਕੀਤਾ ਸੀ।

ii. ₹ 9.10 ਲੱਖ ਦੇ ਫੰਡ ਸਾਲ 2018–19 ਵਿੱਚ ਰੋਪੜ ਵੈਟਲੈਂਡ ਦੀ ਨਿਗਰਾਨੀ ਲਈ ਇੱਕ ਕਿਸ਼ਤੀ ਦੀ ਖਰੀਦ ਲਈ ਕੈਂਪਾ ਫੰਡ ਵਿੱਚੋਂ ਮੁਹੱਈਆ ਕਰਵਾਏ ਗਏ ਸਨ, ਪਰ ਡੀ ਐਫ ਓ ਰੋਪੜ ਨੇ ਬਚਾਅ ਕਿਸ਼ਤੀ ਦੀ ਖਰੀਦ ਵਿੱਚ ₹ 4.84 ਲੱਖ ਖਰਚ ਕੀਤੇ ਅਤੇ ਬਾਕੀ ₹ 4.26 ਲੱਖ ਦੀ ਰਕਮ ਨੂੰ ਕੈਂਪਾ ਅਥਾਰਟੀਆਂ ਦੀ ਮੰਨਜੂਰੀ ਤੋਂ ਬਿਨਾਂ ਹੋਰ ਕੰਮਾਂ ਲਈ ਅਨਿਯਮਿਤ ਡਾਇਵਰਟ ਕੀਤੇ ਸਨ।

iii. ਵਿਭਾਗ ਨੇ ਦੱਸਿਆ ਕਿ ਡਾਇਵਰਟਡ ਫੰਡ ਨਿਯਮਿਤ ਕਰਵਾਏ ਜਾਣਗੇ।

## 6.3.15 ਜੰਗਲੀ ਜੀਵਣ ਦੀ ਸੁਰੱਖਿਆ

ਜੰਗਲੀ ਜੀਵਣ ਦੀ ਸੰਭਾਲ ਅਤੇ ਪ੍ਰਬੰਧਨ ਦੀਆਂ ਗਤੀਵਿਧੀਆਂ ਵਿੱਚ ਜੰਗਲੀ ਜੀਵਣ ਦੀਆਂ ਵੱਖ ਵੱਖ ਕਿਸਮਾਂ ਦਾ ਉਨ੍ਹਾਂ ਦੇ ਕੁਦਰਤੀ ਨਿਵਾਸ ਵਿੱਚ ਪੁਨਰਵਾਸ, ਚਿੜੀਆਘਰਾਂ ਅਤੇ ਮਿੰਨੀ ਚਿੜੀਆਘਰਾਂ (ਹਿਰਨ ਪਾਰਕਾਂ) ਦਾ ਪ੍ਰਬੰਧਨ, ਦੁਰਲੱਭ ਅਤੇ ਖਤਰੇ ਵਾਲੀਆਂ ਕਿਸਮਾਂ ਦੇ ਪੰਛੀਆਂ ਅਤੇ ਜਾਨਵਰਾਂ ਦੀ ਸੁਰੱਖਿਆ ਦੇ ਨਾਲ ਨਾਲ ਰਾਜ ਵਿੱਚ ਸੁਰੱਖਿਅਤ ਖੇਤਰਾਂ ਦਾ ਪ੍ਰਬੰਧਨ ਅਤੇ ਵਿਕਾਸ ਸ਼ਾਮਿਲ ਹੈ। ਬਲੈਕ ਬੱਕ (ਐਂਟੀਲੋਪ ਸਰਵੀਕਾਪਰਾ) ਜਿਸਨੂੰ ਸਥਾਨਕ ਤੌਰ ਉੱਤੇ ਕਾਲਾ ਹਿਰਨ ਬੁਲਇਆ ਜਾਂਦਾ ਹੈ ਰਾਜ ਪਸ਼ੂ, ਬਾਜ (ਪੂਰਬੀ ਗੋਸ਼ਵਕ) ਰਾਜ ਪੰਛੀ ਅਤੇ ਸ਼ੀਸ਼ਮ (ਡੋਲਬੇਰੀਆ ਸੀਸੂ) ਰਾਜ ਦਰੱਖਤ ਹੈ। ਰਾਜ ਵਿੱਚ ਜੰਗਲੀ ਜੀਵਾਂ ਦੇ ਸ਼ਿਕਾਰ ਅਤੇ ਗੈਰਕਾਨੂੰਨੀ ਵਪਾਰ ਦੇ ਕੇਸਾਂ ਨੂੰ ਮੰਡਲ ਵਣ ਅਧਿਕਾਰੀਆਂ (ਖੇਤਰੀ) ਅਤੇ ਵਣ ਅਤੇ ਜੰਗਲੀ ਜੀਵ ਵਿੰਗ ਦੇ ਅਧੀਨ ਕਰਮਚਾਰੀ ਨਜਿੱਠਦੇ ਹਨ। ਵਣ ਅਤੇ ਜੰਗਲੀ ਜੀਵ ਵਿਭਾਗ ਦੇ ਫਰੰਟਲਾਈਨ ਸਟਾਫ ਲਈ ਕਈ ਸਿਖਲਾਈਆਂ ਦਾ ਪ੍ਰਬੰਧ ਵਣ ਸਿਖਲਾਈ ਸਕੂਲ, ਹੁਸ਼ਿਆਰਪੁਰ ਵਿੱਚ ਕੀਤਾ ਜਾਂਦਾ ਹੈ।

### *6.3.15.1 ਸੈਂਕਚੂਰੀਆਂ ਅਤੇ ਜ਼ੂਲੋਜੀਕਲ ਪਾਰਕ ਦੀ ਨਿਸ਼ਾਨਦੇਹੀ*

ਜਦੋਂ ਵੀ ਸਰਕਾਰ ਜੰਗਲੀ ਜੀਵਣ (ਸੁਰੱਖਿਆ) ਐਕਟ 1972 ਦੀ ਧਾਰਾ 18 ਜਾਂ ਧਾਰਾ 35 ਦੇ ਅਧੀਨ ਕਿਸੇ ਖੇਤਰ ਨੂੰ ਸੈਂਕਚੂਰੀ ਜਾਂ ਰਾਸ਼ਟਰੀ ਪਾਰਕ ਵਜੋਂ ਨੋਟੀਫਾਈ ਕਰਦੀ ਹੈ ਤਾਂ ਇਸ ਦੀਆਂ ਸੀਮਾਵਾਂ ਦਾ ਨਿਰੀਖਣ, ਹੱਦਬੰਦੀ ਅਤੇ ਇੱਕਜੁਟਤਾ ਜੰਗਲੀ ਜੀਵਣ ਦੀ ਸੁਰੱਖਿਆ, ਪ੍ਰਸਾਰ ਅਤੇ ਵਿਕਾਸ ਲਈ ਕੀਤਾ ਜਾਣਾ ਹੁੰਦਾ ਹੈ।

ਆਡਿਟ ਨੇ 13 ਪੀ ਏਜ਼ (33,095 ਹੈਕਟੇਅਰ) ਦੇ ਰਿਕਾਰਡਾਂ ਤੋਂ ਦੇਖਿਆ ਕਿ ਹੁਸ਼ਿਆਰਪੁਰ, ਫਿਰੋਜ਼ਪੁਰ ਅਤੇ ਐਸ ਏ ਐਸ ਨਗਰ ਐਟ ਰੂਪ ਨਗਰ ਦੇ ਅਧਿਕਾਰ ਖੇਤਰ ਅਧੀਨ ਆਉਂਦੇ 9,300 ਹੈਕਟੇਅਰ ਰਕਬੇ ਵਿੱਚ ਫੈਲੀਆਂ ਤਿੰਨ[38] ਸੈਂਕਚੂਰੀਆਂ ਅਤੇ ਇੱਕ ਜ਼ੂਲੋਜੀਕਲ ਪਾਰਕ ਦੀਆਂ ਸੀਮਾਵਾਂ ਦੀ ਵਿਭਾਗ ਦੁਆਰਾ ਮਾਲ ਅਧਿਕਾਰੀਆਂ ਨਾਲ ਪੈਰਵੀ ਕਰਨ ਦੇ ਬਾਵਜੂਦ ਵੀ ਨਿਸ਼ਾਨਦੇਹੀ ਨਹੀਂ ਕੀਤੀ ਗਈ ਸੀ। ਸੈਂਕਚੂਰੀਆਂ ਅਤੇ ਜ਼ੂਲੋਜੀਕਲ ਪਾਰਕ ਦੀਆਂ ਸੀਮਾਵਾਂ ਦੀ ਨਿਸ਼ਾਨਦੇਹੀ ਨਾ ਹੋਣ ਕਰਕੇ ਸਮੱਸਿਆਵਾਂ, ਜਿਵੇਂ ਕਿ ਅਵਾਰਾ ਜਾਨਵਰ ਦੁਆਰਾ ਜੜ੍ਹੀਆਂ ਬੂਟੀਆਂ ਦੇ ਚਾਰੇ ਦੇ ਅਧਾਰ ਦੀ ਕਮੀ, ਨਾਜਾਇਜ਼ ਕਬਜ਼ਿਆਂ (477.46 ਹੈਕਟੇਅਰ), ਸੜਕ ਹਾਦਸਿਆਂ, ਆਦਮੀ ਜਾਨਵਰ ਦੇ ਟਕਰਾਅ ਅਤੇ ਪਸ਼ੂਆਂ ਦੁਆਰਾ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੇ ਖਤਰੇ ਦਾ ਕਾਰਨ ਬਣਿਆ। ਇਸ ਤੋਂ ਇਲਾਵਾ,

- ਜ਼ੂਲੋਜੀਕਲ ਪਾਰਕ, ਐਸ ਏ ਐਸ ਨਗਰ ਦੇ ਨੇੜਲੇ ਇਲਾਕਿਆਂ ਵਿੱਚ ਸੀਵਰੇਜ ਸਿਸਟਮ ਅਤੇ ਠੋਸ ਕੂੜੇ ਦੇ ਨਿਪਟਾਰੇ ਦੀ ਘੱਟ ਸਮਰੱਥਾ ਨੂੰ ਦੇਖਿਆ ਗਿਆ।
- ਰਾਜ ਦੇ ਕਿਸੇ ਵੀ ਸੁਰੱਖਿਅਤ ਖੇਤਰ ਵਿੱਚ ਜਾਨਵਰਾਂ ਦੀ ਦੇਖਭਾਲ ਦੀਆਂ ਸਹੂਲਤਾਂ ਲਈ ਬਚਾਅ-ਕਮ-ਪੁਨਰਵਾਸ ਕੇਂਦਰ, ਸੈਲਾਨੀਆਂ ਬਾਰੇ ਲਿਖਤੀ ਅਤੇ ਤਸਵੀਰੀ ਜਾਣਕਾਰੀ ਲਈ ਵਿਆਖਿਆ ਕੇਂਦਰ ਨਹੀਂ ਸੀ।
- ਚਾਰ ਜੰਗਲੀ ਜੀਵ ਮੰਡਲਾਂ ਵਿੱਚੋਂ ਤਿੰਨ ਵਿੱਚ ਦੁਰਘਟਨਾ ਦੀ ਥਾਂ ਤੇ ਮੁੱਢਲੀ ਸਹਾਇਤਾ ਪ੍ਰਦਾਨ ਕਰਨ ਲਈ ਵੈਟਰਨਰੀ ਸੇਵਾਦਾਰ ਉਪਲਬਧ ਨਹੀਂ ਸਨ।

### *6.3.15.2 ਰਾਜ ਵਿੱਚ ਵੈਟਲੈਂਡ ਦਾ ਪ੍ਰਬੰਧਨ*

ਆਡਿਟ ਨੇ ਅੰਤਰਰਾਸ਼ਟਰੀ ਮੱਹਤਵ ਦੇ ਤਿੰਨ[39] ਵੈਟਲੈਂਡ ਅਤੇ ਤਿੰਨ[40] ਰਾਸ਼ਟਰੀ ਮਹੱਤਵ ਦੇ ਵੈਟਲੈਂਡ ਦੇ ਰਿਕਾਰਡਾਂ ਤੋਂ ਦੇਖਿਆ ਕਿ ਹਰ ਸਾਲ ਹਜ਼ਾਰਾ ਪ੍ਰਵਾਸੀ ਪੰਛੀ ਇਨ੍ਹਾਂ ਵੈਟਲੈਂਡ ਥਾਵਾਂ ਉੱਤੇ ਆਉਂਦੇ ਹਨ। 2017 ਵਿੱਚ, ਰਾਜ ਦੇ ਸਾਰੇ ਵੈਟਲੈਂਡ ਥਾਵਾਂ ਵਿੱਚ ਪ੍ਰਦੂਸ਼ਿਤ ਪਾਣੀ ਕਾਰਨ ਮੱਛੀਆਂ ਅਤੇ ਹੋਰ ਜਲ-ਪਸ਼ੂ ਮਾਰੇ ਗਏ ਸਨ। ਇਨ੍ਹਾਂ ਵੈਂਟਲੈਂਡ ਥਾਵਾਂ ਨੂੰ ਸਹੀ ਢੰਗ ਨਾਲ ਪ੍ਰਬੰਧਨ ਕਰਨ ਅਤੇ ਹੇਠ ਦਿੱਤੇ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰਕੇ ਮਜਬੂਤ ਕਰਨ ਦੀ ਲੋੜ ਸੀ:

- ਪੰਛੀ ਦੇਖਣ ਲਈ ਵਾਚ ਟਾਵਰ, ਪੰਛੀਆਂ ਦੇ ਲੁਕਣ ਅਤੇ ਸੈਰ ਕਰਨ ਦੀ ਥਾਂ ਅਤੇ ਉਪਕਰਣ ਜਿਵੇਂ ਕਿ ਦੂਰਬੀਨਾਂ, ਫੀਲਡ ਸਕੋਪ, ਪੰਛੀ ਦੀ ਕੈਪਚਰ-ਰਲਿਜ਼ ਆਦਿ ਉਪਲਬਧ ਨਹੀਂ ਸਨ।
- ਨੇੜਲੇ ਇਲਾਕਿਆਂ ਤੋਂ ਟਰੀਟ ਨਾ ਕੀਤੀ ਉਦਯੋਗਿਕ ਤਰਲ ਰਹਿੰਦ, ਘਰੇਲੂ ਸੀਵਰੇਜ ਅਤੇ ਕੀਟਨਾਸ਼ਕ ਦੇ ਜ਼ਾਰੀ ਹੋਣ ਦਾ ਜਲ ਜੀਵਾਂ ਅਤੇ ਪੌਦਿਆ ਉੱਤੇ ਮਾੜਾ ਪ੍ਰਭਾਵ ਪਿਆ।
- ਕਾਂਜਲੀ ਵੈਟਲੈਂਡ ਦੇ ਕਿਨਾਰਿਆਂ ਦੇ ਨਾਲ ਪਿਆ ਕੂੜਾ-ਕਰਕਟ।

---

[38] ਝੱਜਰ ਬਚੋਲੀ (116 ਹੈਕਟੇਅਰ) ਐਸ ਏ ਐਸ ਨਗਰ ਐਟ ਰੂਪ ਨਗਰ, ਹਰੀਕੇ ਵਾਈਲਡਲਾਈਫ ਸੈਂਕਚੂਰੀਆਂ (8,600 ਹੈਕਟੇਅਰ) ਐਟ ਫਿਰੋਜ਼ਪੁਰ, ਅਤੇ ਤਖਾਨੀ ਰਹਿਮਪੁਰ (382 ਹੈਕਟੇਅਰ) ਐਟ ਹੁਸ਼ਿਆਰਪੁਰ।

[39] ਹਰੀਕੇ (4,100 ਹੈਕਟੇਅਰ), ਕਾਂਜਲੀ (44 ਹੈਕਟੇਅਰ) ਅਤੇ ਰੋਪੜ ਹੈਡ ਵਰਕਸ (1,365 ਹੈਕਟੇਅਰ)।

[40] ਨੰਗਲ ਰਿਜ਼ਰਵਾਇਰ (270 ਹੈਕਟੇਅਰ) ਅਤੇ ਰਣਜੀਤ ਸਾਗਰ ਡੈਮ (3,200 ਹੈਕਟੈਅਰ) ਅਤੇ ਕੇਸ਼ੋਪੁਰ ਮਿਆਨੀ ਝੀਲ (405 ਹੈਕਟੈਅਰ)।

➢ ਵੈਟਲੈਂਡ ਨੂੰ ਵੱਡੀ ਮਾਤਰਾ ਵਿੱਚ ਹਾਇਸਿੰਥ ਨਾਲ ਢੱਕਿਆ ਸੀ ਜੋ ਕਿ ਵੈਟਲੈਂਡ ਦੀ ਸਿਹਤ ਲਈ ਨੁਕਸਾਨਦੇਹ ਹੈ।

ਵਿਭਾਗ ਨੇ ਦੱਸਿਆ ਕਿ ਸਾਰੇ ਵੈਟਲੈਡਾਂ ਵਿੱਚ ਢੁੱਕਵਾਂ ਬੁਨਿਆਦੀ ਢਾਂਚਾ ਉਪਲਬਧ ਸੀ ਪਰ ਕਿਸੇ ਵੀ ਸਬੂਤ ਨਾਲ ਇਸ ਤੱਥ ਦੀ ਪੁਸ਼ਟੀ ਨਹੀਂ ਕੀਤੀ। ਹਾਈਸਿੰਥ ਦੇ ਸਬੰਧ ਵਿੱਚ ਵਿਭਾਗ ਨੇ ਇਸ ਨੂੰ ਇੱਕ ਨਿਯਮਤ ਵਰਤਾਰੇ ਵਜੋਂ ਮੰਨਿਆ ਅਤੇ ਕਿਹਾ ਕਿ ਇਸ ਨੂੰ ਨਿਯਮਿਤ ਤੌਰ ਤੇ ਹਟਾ ਦਿੱਤਾ ਜਾਂਦਾ ਹੈ ਪਰ ਨਾਲ ਹੀ ਇਹ ਵੀ ਮੰਨਿਆ ਕਿ ਹਾਈਸਿੰਥ ਦੀ ਵੱਡੀ ਮਾਤਰਾ ਵੈਟਲੈਂਡ ਦੀ ਸਿਹਤ ਲਈ ਨੁਕਸਾਨਦੇਹ ਹੈ।




ਕਾਂਜਲੀ ਵੈਂਟਲੈਂਡ ਦੀ ਨਾ-ਸੰਭਾਲ
(13 ਦਸੰਬਰ 2019)



ਕਾਂਜਲੀ ਵੈਟਲੈਂਡ ਵਿੱਚ ਹਾਈਸਿੰਥ
(13 ਦਸੰਬਰ 2019)

### *6.3.15.3 ਜੰਗਲੀ ਜੀਵਣ ਦੇ ਜ਼ੁਰਮ*

ਜੰਗਲੀ ਜੀਵਣ ਨਾਲ ਸਬੰਧਤ ਜ਼ੁਰਮ ਜਿਨ੍ਹਾਂ ਵਿੱਚ ਹੋਰ ਗੱਲਾਂ ਦੇ ਨਾਲ ਸ਼ਿਕਾਰ, ਪਾਬੰਦੀਸ਼ੁਦਾ ਪੌਦਿਆਂ ਅਤੇ ਜਾਨਵਰਾਂ ਦਾ ਗੈਰਕਾਨੂਨੀ ਵਪਾਰ, ਜੰਗਲੀ ਜੀਵਣ ਦੇ ਸਮਾਨਾਂ ਦੀ ਤਸਕਰੀ ਸ਼ਾਮਲ ਹੈ, ਜੰਗਲੀ ਜੀਵਣ ਸੁੱਰਖਿਆ ਐਕਟ 1972 ਦੀਆਂ ਸਬੰਧਤ ਧਾਰਾਵਾਂ ਤਹਿਤ ਸਜ਼ਾਯੋਗ ਹਨ। ਚੁਣੇ ਗਏ ਮੰਡਲਾਂ ਵਿੱਚ 2013-14 ਤੋਂ 2018-19 ਦੌਰਾਨ ਦਰਜ ਕੀਤੇ ਜੰਗਲੀ ਜੀਵਣ ਦੇ ਜ਼ੁਰਮਾਂ ਦੀ ਸੰਖਿਆ **ਸਾਰਣੀ** 6.6 ਵਿੱਚ ਦਿਖਾਈ ਗਈ ਹੈ:

**ਸਾਰਣੀ 6.6: ਜੰਗਲੀ ਜੀਵਣ ਦੇ ਜ਼ੁਰਮਾਂ ਦਾ ਵੇਰਵੇ**

| ਸਾਲ | ਪੀ ਓ ਆਰ[41] | ਸੀ ਓ ਆਰ[42] | ਯੂ ਡੀ ਓ ਆਰ[43] | ਸ਼ਿਕਾਰ[44] | ਜਾਨਵਰ ਦੀ ਚਮੜੀ ਅਤੇ ਸ਼ਰੀਰਕ ਅੰਗ ਜ਼ਬਤ ਕੀਤੇ ਗਏ (ਨੰਬਰਾਂ ਵਿੱਚ) | ਜ਼ਬਤ ਕੀਤੇ ਗਏ ਜਾਨਵਰ (ਨੰਬਰਾਂ ਵਿੱਚ) | ਜ਼ਬਤ ਕੀਤੇ ਜਾਨਵਰ ਦਾ ਮਾਂਸ (ਕਿਲੋਗ੍ਰਾਮ ਵਿੱਚ) |
|---|---|---|---|---|---|---|---|
| 2013-14 | 16 | 16 | 0 | 8 | 0 | 0 | 0 |
| 2014-15 | 20 | 20 | 0 | 4 | 0 | 3 | 0 |
| 2015-16 | 12 | 12 | 0 | 6 | 2 | 1 | 0 |
| 2016-17 | 9 | 8 | 0 | 4 | 2 | 2 | 0 |
| 2017-18 | 10 | 7 | 0 | 3 | 1 | 1 | 0 |
| 2018-19 | 13 | 10 | 0 | 8 | 0 | 6 | 10 |
| **ਕੁੱਲ** | **80** | **73** | **0** | **33** | **5** | **13** | **10** |

41 ਪ੍ਰੋਸੀਕਿਊਸ਼ਨ ਅਪਰਾਧ ਰਿਪੋਰਟ।

42 ਕੋਗਨੀਜੇਬਲ ਅਪਰਾਧ ਰਿਪੋਰਟ।

43 ਅਨਡਿਟੇਕਟਡ ਅਪਰਾਧ ਰਿਪੋਰਟ।

44 ਹਿਰਨ, ਟਾਇਗਰ, ਡੋਲਫਿਨ ਆਦਿ।

ਆਡਿਟ ਨੇ ਜੰਗਲੀ ਜੀਵਣ ਮੰਡਲਾਂ ਵਿੱਚ ਦੇਖਿਆ ਕਿ ਸ਼ਿਕਾਰ ਦੀਆਂ ਗਤੀਵਿਧੀਆਂ ਦਾ ਸਾਹਮਣਾ ਕਰਨ ਲਈ ਜੰਗਲੀ ਜੀਵਣ ਜਵਾਨਾਂ ਨੂੰ ਕੋਈ ਹਥਿਆਰ/ਅਸਲਾ ਪ੍ਰਦਾਨ ਨਹੀਂ ਕੀਤਾ ਗਿਆ ਸੀ।

ਇਹ ਦੱਸੇ ਜਾਣ ਉੱਤੇ, ਵਿਭਾਗ ਨੇ ਦੱਸਿਆ ਕਿ ਵਿਭਾਗ ਦੇ ਕਰਮਚਾਰੀਆਂ ਨੂੰ ਹਥਿਆਰ ਅਤੇ ਅਸਲਾ ਮੁਹੱਈਆ ਕਰਵਾਉਣ ਦੀ ਤਜਵੀਜ਼ ਰਾਜ ਦੇ ਗ੍ਰਹਿ ਵਿਭਾਗ ਦੇ ਵਿਚਾਰ ਅਧੀਨ ਹੈ।

## 6.3.16 ਅੰਦਰੂਨੀ ਨਿਯੰਤਰਣ ਅਤੇ ਨਿਗਰਾਨ ਵਿਧੀ

ਸ਼ਾਸਨ ਦੇ ਵੱਖ-ਵੱਖ ਪੱਧਰਾਂ ਉੱਤੇ ਨਿਗਰਾਨੀ ਸੰਸਥਾ ਨੂੰ ਮੁੱਖ ਸਮੱਸਿਆਵਾਂ ਵਾਲੇ ਖੇਤਰਾਂ, ਨੀਤੀ ਜਾਣਕਾਰੀ ਵਿੱਚ ਸੁਧਾਰ ਲਈ ਰੁਕਾਵਟਾਂ ਅਤੇ ਪ੍ਰਬੰਧਕੀ ਜ਼ਰੂਰਤਾਂ, ਸਰੋਤਾਂ ਦੀ ਪ੍ਰਭਾਵੀ ਵੰਡ ਲਈ ਪਛਾਣ ਕਰਨ ਦੇ ਯੋਗ ਬਣਾਉਂਦੀ ਹੈ।

### *6.3.16.1 ਅੰਦਰੂਨੀ ਆਡਿਟ*

ਵਿੱਤ ਵਿਭਾਗ, ਪੰਜਾਬ ਸਰਕਾਰ ਦੇ ਅਧੀਨ ਅਕਤੂਬਰ 1981 ਵਿੱਚ ਇੱਕ ਅੰਦਰੂਨੀ ਆਡਿਟ ਸੰਸਥਾ (ਆਈ ਏ ਓ) ਪੰਜਾਬ ਵਿੱਚ ਮੁੱਖ ਰੈਵੀਨਿਊ ਕਮਾਉਣ ਵਾਲੇ ਵਿਭਾਗਾਂ, ਸਮੇਤ ਵਣ ਵਿਭਾਗ, ਦੇ ਮਾਲੀਏ ਕੀ ਲੀਕੇਜ ਵਾਲੀਆਂ ਵੱਖ-ਵੱਖ ਕਮੀਆਂ ਨੂੰ ਖਤਮ ਕਰਨ ਅਤੇ ਮੁਲਾਕਣ ਅਤੇ ਇਕੱਠਾ ਕਰਨ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਦੇ ਉਦੇਸ਼ ਨਾਲ ਕੀਤੀ ਗਈ ਸੀ। ਆਡਿਟ ਨੇ ਦੇਖਿਆ ਕਿ 2013-19 ਦੀ ਮਿਆਦ ਦੌਰਾਨ ਕੋਈ ਵੀ ਵਣ ਦਫਤਰ ਅੰਦਰੂਨੀ ਆਡਿਟ ਸੰਸਥਾ ਵੱਲੋਂ ਆਡਿਟ ਨਹੀਂ ਕੀਤਾ ਗਿਆ ਸੀ।

### *6.3.16.2 ਵਣ ਪਾਲਾਂ (ਸੀ ਐਫ) ਦੁਆਰਾ ਨਿਰੀਖਣ*

ਪੰਜਾਬ ਵਣ ਮੈਨੂਅਲ ਸੀ ਐਫਜ਼ ਨੂੰ ਨਿਰੀਖਣ ਦੇ ਅਕਸਰ ਟੂਰ ਬਣਾਉਣ ਅਤੇ ਸਾਲ ਵਿੱਚ ਇੱਕ ਵਾਰ ਆਪਣੇ ਨਿਯੰਤਰਣ ਅਧੀਨ ਆਉਣ ਵਾਲੇ ਸਾਰੇ ਮੰਡਲਾਂ ਦਾ ਨਿਰੀਖਣ ਕਰਨਾ ਲੋੜੀਂਦਾ ਕਰਦਾ ਹੈ।

ਆਡਿਟ ਨੇ ਸ਼ਿਵਾਲਿਕ ਸਰਕਲ ਅਧੀਨ ਤਿੰਨ[45] ਚੁਣੇ ਹੋਏ ਮੰਡਲਾਂ ਵਿੱਚ ਦੇਖਿਆ ਕਿ 2016-17 ਤੋਂ 2018-19 ਦੀ ਮਿਆਦ ਦੌਰਾਨ 39 ਸਲਾਨਾ ਨਿਰੀਖਣ ਹੋਏ ਸਨ। ਚੁੱਣੇ ਹੋਏ ਮੰਡਲਾਂ ਦੇ ਰਿਕਾਰਡਾਂ ਦੀ ਪੜਤਾਲ ਨੇ ਖੁਲਾਸਾ ਕੀਤਾ ਕਿ ਸਬੰਧਤ ਮੰਡਲਾਂ ਦੁਆਰਾ 103 ਨਿਰੀਖਣ ਨੋਟਾਂ ਵਿੱਚੋਂ ਸਿਰਫ ਚਾਰ ਵਿੱਚ ਸੁਧਾਰਵਾਦੀ ਕਦਮ ਚੁੱਕੇ ਗਏ ਸਨ।

ਦੱਸੇ ਜਾਣ ਉੱਤੇ, ਵਿਭਾਗ ਨੇ ਜਵਾਬ ਦਿੱਤਾ ਕਿ ਸੀ ਐਫਜ਼ ਨੂੰ ਆਪਣੇ ਅਧੀਨ ਆਉਂਦੇ ਵਣ ਮੰਡਲ ਦਾ ਨਿਰੀਖਣ ਸਾਲ ਵਿੱਚ ਇੱਕ ਵਾਰ ਕਰਨਾ ਸੀ।

ਵਿਭਾਗ ਦਾ ਜਵਾਬ ਆਡਿਟ ਵਲੋਂ ਦੇਖੀ ਅਸਲ ਸਥਿਤੀ ਅਤੇ ਉੱਪਰ ਦੱਸੇ ਮੈਨੂਅਲ ਦੀ ਵਿਵਸਥਾ ਉੱਤੇ ਅਧਾਰਤ ਨਹੀਂ ਸੀ। ਇਸ ਤੋਂ ਇਲਾਵਾ, ਵਿਭਾਗ ਵਣ ਪਾਲ ਦੁਆਰਾ ਜ਼ਾਰੀ ਨਿਰੀਖਣ ਨੋਟਾਂ ਦੀ ਪਾਲਣਾ ਬਾਰੇ ਚੁੱਪ ਰਿਹਾ।

### *6.3.16.3 ਵਣ ਜ਼ੁਰਮਾਂ ਨੂੰ ਕੰਮਪਾਊਂਡ ਕਰਨ ਵਿੱਚ ਦੇਰੀ*

ਕਿਸੇ ਵੀ ਦਰੱਖਤ ਜਾਂ ਲੱਕੜ ਨੂੰ ਡਿੱਗਣ ਜਾਂ ਖਿੱਚਣ ਦੌਰਾਨ ਜਾਂ ਲੋਪਿੰਗ ਅਤੇ ਟੈਪਿੰਗ, ਪਸ਼ੂਆ ਦੀ ਗ੍ਰੇਜ਼ਿੰਗ ਜਾਂ ਘਾਹ ਦੀ ਕਟਾਈ ਦੌਰਾਨ ਵਣ ਨੂੰ ਨੁਕਸਾਨ, ਭਾਵੇਂ ਜਾਣ ਬੁੱਝ ਕੇ ਜਾਂ ਲਾਪਰਵਾਹੀ

---

[45] ਗੜ੍ਹਸ਼ੰਕਰ, ਰੂਪ ਨਗਰ, ਐਸ ਏ ਐਸ ਨਗਰ

ਨਾਲ ਕੀਤਾ ਗਿਆ ਹੋਵੇ, ਜ਼ੁਰਮ ਹੁੰਦਾ ਹੈ। ਡੀ ਐਫ ਓ ਦੁਆਰਾ ਜ਼ੁਰਮ ਨੂੰ ਨੁਕਸਾਨੀ/ਹਟਾਈ ਗਈ ਵਣ ਉਪਜ ਦੇ ਮੁੱਲ ਅਤੇ ਮੁਆਵਜ਼ੇ (ਜੁਰਮਾਨੇ) ਦੀ ਵਸੂਲੀ ਕਰਕੇ ਕੰਮਪਾਊਂਡ ਕੀਤਾ ਜਾ ਸਕਦਾ ਹੈ। ਵਿਕਲਪ ਵਿੱਚ, ਜ਼ੁਰਮ ਹੋਣ ਦੇ ਇੱਕ ਸਾਲ ਦੇ ਅੰਦਰ, ਭਾਰਤੀ ਵਣ ਐਕਟ 1927 ਦੇ ਅਧੀਨ ਅਪਰਾਧੀ ਉੱਤੇ ਕਾਨੂੰਨੀ ਅਦਾਲਤ ਵਿੱਚ ਮੁੱਕਦਮਾ ਚਲਾਇਆ ਜਾ ਸਕਦਾ ਹੈ ਅਤੇ ਛੇ ਮਹੀਨੇ ਦੀ ਸਜਾ ਜਾਂ ₹ 500 ਦਾ ਜ਼ੁਰਮਾਨਾ ਜਾਂ ਦੋਵੇਂ ਹੋ ਸਕਦੇ ਹਨ। ਕ੍ਰਿਮਿਨਲ ਪ੍ਰੋਸੀਜ਼ਰ ਕੋਡ ਦੇ ਉਪਬੰਧਾਂ ਦੇ ਅਨੁਸਾਰ ਇੱਕ ਸਾਲ ਖਤਮ ਹੋਣ ਤੋਂ ਬਾਅਦ ਕੋਈ ਵੀ ਅਦਾਲਤ ਕਿਸੇ ਜ਼ੁਰਮ ਦਾ ਨੋਟਿਸ ਨਹੀਂ ਲਵੇਗੀ।

ਆਡਿਟ ਨੇ ਤਿੰਨ[46] ਵਣ ਮੰਡਲਾਂ ਵਿੱਚ ਦੇਖਿਆ ਕਿ ਮਾਰਚ 2019 ਨੂੰ ਵਣਾਂ ਨੂੰ ਨੁਕਸਾਨ ਲਈ ਅਪਰਾਧ ਦੇ 1,061 ਕੇਸ ਇੱਕ ਸਾਲ ਤੋਂ ਵੱਧ ਸਮੇਂ ਲਈ ਅੰਤਿਮਤਾ ਲਈ ਬਕਾਇਆ ਸਨ ਜਿਸ ਬਾਰੇ ਕ੍ਰਿਮਿਨਲ ਪ੍ਰੋਸੀਜ਼ਰ ਕੋਡ ਦੇ ਅਨੁਸਾਰ ਕੋਈ ਕੋਰਟ ਧਿਆਨ ਨਹੀਂ ਲਵੇਗੀ। ਸਾਲ-ਵਾਰ ਬਕਾਇਆ ਕੇਸ ਆਡਿਟ ਨੂੰ ਨਹੀਂ ਦੱਸੇ ਗਏ। ਅੱਗੇ, 2017-19 ਦੌਰਾਨ, ਦਸੂਆ ਅਤੇ ਰੋਪੜ ਮੰਡਲਾਂ ਵਿੱਚ 99 ਅਤੇ 774 ਖੈਰ ਦਰੱਖਤ ਗੈਰ-ਕਾਨੂੰਨੀ ਢੰਗ ਨਾਲ ਉਖਾੜੇ ਗਏ ਸਨ ਅਤੇ ਆਡਿਟ ਕਰਨ ਵੇਲੇ ਮੰਡਲਾਂ ਦੁਆਰਾ ਕੋਈ ਚਾਰਜਸ਼ੀਟ ਫਾਇਨਲ ਨਹੀਂ ਕੀਤੀ ਗਈ ਸੀ।

ਇਹ ਦੱਸੇ ਜਾਣ ਉੱਤੇ, ਵਿਭਾਗ ਨੇ ਦੱਸਿਆ ਕਿ ਵਣ ਨੂੰ ਨੁਕਸਾਨ ਦੇ ਅਪਰਾਧਾਂ ਨਾਲ ਸਬੰਧਤ ਅੰਕੜੇ  ਸਾਲ-ਦਰ-ਸਾਲ ਬਦਲਦੇ ਰਹਿੰਦੇ ਹਲ ਅਤੇ ਇੱਕ ਰੁਟੀਨ ਪ੍ਰਕਿਰਿਆ ਹੈ। ਅੱਗੇ, ਵਿਭਾਗ ਨੇ ਜਵਾਬ ਦਿੱਤਾ ਕਿ ਦਸੂਆ ਵਿੱਚ ਪੁੱਟੇ ਗਏ 99 ਦਰੱਖਤਾਂ ਦੀ ₹ 3.17 ਲੱਖ ਦੀ ਰਿਕਵਰੀ ਚਲਾਨ ਨੰ. 004 ਮਿਤੀ 3 ਨਵੰਬਰ 2018 ਰਾਹੀਂ ਡਿਫਾਲਟਰਾਂ ਤੋਂ ਕੀਤੀ ਗਈ ਸੀ ਅਤੇ ਰੋਪੜ ਦੇ ਕੇਸ ਵਿੱਚ, ਸਰਕਾਰ ਵੱਲੋਂ ਚਾਰਜਸ਼ੀਟ ਜਾਰੀ ਕੀਤੀ ਗਈ ਸੀ। ਹਾਲਾਂਕਿ, ਵਿਭਾਗ ਨੇ ਬਾਕੀ 774 ਖੈਰ ਦਰੱਖਤਾਂ ਬਾਰੇ ਜਵਾਬ ਨਹੀਂ ਦਿੱਤਾ।

## 6.3.17 ਮਨੁੱਖੀ ਸਰੋਤ ਪ੍ਰਬੰਧਨ

ਪ੍ਰੋਗਰਾਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਕਿਸੇ ਸੰਗਠਨ ਦੀ ਕਾਰਗੁਜ਼ਾਰੀ ਯੋਗਤਾ ਪ੍ਰਾਪਤ ਅਤੇ ਸਿਖਲਾਈ ਪ੍ਰਾਪਤ ਮਨੁੱਖੀ ਸ਼ਕਤੀ ਉੱਤੇ ਨਿਰਭਰ ਕਰਦੀ ਹੈ। ਇਸ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਮੌਜੂਦਾ ਅਤੇ ਭਵਿੱਖ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਮਨੁੱਖੀ ਸ਼ਕਤੀ ਦੀ ਜਰੂਰਤ ਦਾ ਸਮੇਂ ਤੇ ਮਲਾਂਕਣ ਕਰਨਾ ਜ਼ਰੂਰੀ ਹੈ।

### *6.3.17.1 ਵਿਅਕਤੀ ਸਥਿਤੀ ਵਿੱਚ*

ਆਡਿਟ ਨੇ ਦੇਖਿਆ ਕਿ ਵਿਭਾਗ ਦੇ ਸਾਰੇ ਕਾਡਰਾਂ ਵਿੱਚ ਵੱਡੀ ਗਿਣਤੀ ਵਿੱਚ ਖਾਲੀ ਅਸਾਮੀਆਂ ਸਨ। ਫਰੰਟਲਾਈਨ ਸਟਾਫ (ਵਣ ਰੇਂਜਰ/ਡਿਪਟੀ ਰੇਂਜਰ, ਫੋਰੈਸਟਰ ਅਤੇ ਵਣ ਗਾਰਡ) ਦੇ ਕਾਡਰ ਵਿੱਚ ਖਾਲੀ ਅਸਾਮੀਆਂ ਮੰਨਜ਼ੂਰਸ਼ੁਦਾ ਅਸਾਮੀਆਂ ਦੇ 7 ਤੋਂ 58.39 ਪ੍ਰਤੀਸ਼ਤ ਦੇ ਵਿਚਕਾਰ ਸਨ ਅਤੇ ਕਲੈਰੀਕਲ ਕਾਡਰ ਵਿੱਚ ਅਸਾਮੀਆਂ 4 ਅਤੇ 100 ਪ੍ਰਤੀਸ਼ਤ ਦੇ ਵਿਚਕਾਰ ਸਨ।

ਵਿਭਾਗ ਨੇ ਦੱਸਿਆ ਕਿ ਵਣ ਰੇਂਜਰਾਂ (ਸਮੂਹ-ਅ) ਦੇ ਨਿਯਮਾਂ ਕਾਰਨ ਵਣ ਰੇਂਜਰਾਂ ਦੀਆਂ ਅਸਾਮੀਆਂ ਨਹੀਂ ਭਰੀਆਂ ਜਾ ਸਕਦੀਆਂ ਕਿਉਂਕਿ ਇਹ ਰਾਜ ਸਰਕਾਰ ਦੇ ਵਿਚਾਰ ਅਧੀਨ ਹਨ ਅਤੇ ਹੋਰ ਅਸਾਮੀਆਂ ਨੂੰ ਭਰਨ ਦੇ ਸਬੰਧ ਵਿੱਚ, ਇਹ ਵੀ ਰਾਜ ਸਰਕਾਰ ਦੇ ਵਿਚਾਰ ਅਧੀਨ ਹਨ।

[46] ਨਵਾਂਸ਼ਹਿਰ ਐਟ ਗੜ੍ਹਸ਼ੰਕਰ, ਪਠਾਨਕੋਟ, ਐਸ ਏ ਐਸ ਨਗਰ

### 6.3.17.2 ਸਟੇਟ ਵਣ ਖੋਜ ਸੰਸਥਾ ਦੀ ਸਥਾਪਨਾ ਵਿੱਚ ਦੇਰੀ

ਸਟੇਟ ਵਣ ਖੋਜ ਸੰਸਥਾ (ਐਸ ਐਫ ਆਰ ਆਈ) ਜ਼ਿਲ੍ਹਾ ਲੁਧਿਆਣਾ ਗਰੀਨ ਪੰਜਾਬ ਮਿਸ਼ਨ ਦਾ ਸਮਰਥਨ ਕਰਨ ਅਤੇ ਖੇਤੀ-ਜੰਗਲਾਤ ਦੇ ਖੇਤਰ ਵਿੱਚ ਵਿਗਿਆਨਕ ਗਿਆਨ ਦੇ ਪ੍ਰਸਾਰ, ਵਣ/ਪੌਦੇ ਲਗਾਉਣ ਵਾਲੇ ਉਤਪਾਦਾਂ ਦੀ ਵਰਤੋਂ ਅਤੇ ਚੰਗੀ ਤਰ੍ਹਾਂ ਸਿਖਲਾਈ ਪ੍ਰਾਪਤ ਵਿਗਿਆਨਕ ਦੇ ਸਹਿਯੋਗ ਨਾਲ ਟਿਕਾਊ ਅਧਾਰ ਉੱਤੇ ਵਣ ਅਧਾਰਤ ਬਾਇਓਮਾਸ ਉਤਪਾਦਨ ਪ੍ਰਣਾਲੀ ਨੂੰ ਅਪਗ੍ਰੇਡ ਕਰਨ ਅਤੇ ਲਿਆਉਣ ਲਈ ਵਿਸ਼ਵ ਦੀਆਂ ਸਭ ਤੋਂ ਵਧੀਆ ਸਮਾਨ ਪ੍ਰਣਾਲੀਆਂ ਦੇ ਬਰਾਬਰ ਕਰਨ ਦੇ ਉਦੇਸ਼ ਨਾਲ ਸਥਾਪਤ ਕੀਤੀ ਜਾਣੀ ਸੀ।

ਆਡਿਟ ਨੇ ਪ੍ਰਧਾਨ ਮੁੱਖ ਵਣ ਪਾਲ, ਮੁਹਾਲੀ ਦੇ ਰਿਕਾਰਡਾਂ ਤੋਂ ਦੇਖਿਆ ਕਿ ਸਟੇਟ ਵਣ ਖੋਜ ਸੰਸਥਾ ਦੀ ਬਿਲਡਿੰਗ ਅਕਤੂਬਰ 2016 ਤੱਕ ਮੁਕੰਮਲ ਕਰਨੀ ਸੀ। ਭਾਵੇਂ ਐਸ ਐਫ ਆਰ ਆਈ ਬਿਲਡਿੰਗ ਦੇ ਮੁਕੰਮਲ ਹੋਣ ਦਾ ਸਰਟੀਫਿਕੇਟ ਮਾਰਚ 2019 ਵਿੱਚ ਜਾਰੀ ਹੋ ਗਿਆ ਸੀ, ਬਿਲਡਿੰਗ ਦਾ ਕਬਜ਼ਾ ਵਿਭਾਗ ਨੂੰ ਸੌਂਪਿਆ ਨਹੀਂ ਗਿਆ ਸੀ। ਖੋਜ ਕਾਰਜ ਦੀ ਅਣਹੋਂਦ ਵਿੱਚ, ਖੋਜ ਸੰਸਥਾ ਦੇ ਉਦੇਸ਼ਿਤ ਲਾਭ ਪ੍ਰਾਪਤ ਨਹੀਂ ਕੀਤੇ ਜਾ ਸਕੇ।

ਵਿਭਾਗ ਨੇ ਦੱਸਿਆ ਕਿ ਰਾਜ ਸਰਕਾਰ ਨੇ ਸਟੇਟ ਵਣ ਖੋਜ ਸੰਸਥਾ ਨੂੰ ਸੰਚਾਲਿਤ ਕਰਨ ਲਈ ਮੰਜ਼ੂਰੀ ਨਹੀਂ ਦਿੱਤੀ ਸੀ।

### 6.3.18 ਵਧੀਆ ਅਭਿਆਸ

ਸਰਕਾਰ ਨੇ ਸਤੰਬਰ 2018 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਵਸ ਮੌਕੇ ਹਰ ਪਿੰਡ ਵਿੱਚ 550 ਰੁੱਖ ਲਗਾਉਣ ਲਈ ਇਕ ਪ੍ਰੋਜੈਕਟ ਸ਼ੁਰੂ ਕੀਤਾ ਸੀ। ਵਣ ਅਤੇ ਪੇਂਡੂ ਵਿਕਾਸ ਇਸ ਮੁਹਿੰਮ ਲਈ ਨੋਡਲ ਏਜੰਸੀਆਂ ਸਨ। ਰਾਜ ਭਰ ਦੇ ਸਾਰੇ 12,986 ਪਿੰਡਾਂ ਵਿੱਚ 18,225 ਏਕੜ ਰਕਬੇ ਵਿੱਚ 70 ਪ੍ਰਜਾਤੀਆਂ ਦੇ 76.25 ਲੱਖ ਬੂਟੇ ਲਗਾਏ ਗਏ ਸਨ ਜੋ ਕਿ ਗਰੀਨ ਕਵਰ ਦਾ 0.12 ਪ੍ਰਤੀਸ਼ਤ ਹੈ। ਵਿਭਾਗ ਵੱਲੋਂ ਲਗਾਏ ਗਏ ਰੁੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕਦਮ ਵੀ ਚੁੱਕੇ ਗਏ ਸਨ। ਇਸ ਲਈ 200 ਤੋਂ ਵੱਧ ਪਨੀਰੀ ਲਈ ਵਣ ਮਿੱਤਰਾਂ ਨੂੰ ਨਿਯੁਕਤ ਕੀਤਾ ਗਿਆ ਸੀ।

## ਸਿੱਟੇ

ਵਿਭਾਗ ਨੇ ਵਣ ਖੇਤਰਾਂ ਦੀ ਸੰਭਾਲ ਨੂੰ ਯਕੀਨੀ ਬਣਾਉਣ ਲਈ ਰਾਜ ਵਣ ਨੀਤੀ ਨਹੀਂ ਬਣਾਈ। ਕੁਝ ਮੰਡਲਾਂ ਦੀਆਂ ਕਾਰਜਕਾਰੀ ਯੋਜਨਾਵਾਂ ਲਗਾਤਾਰ ਹੋਂਦ ਵਿੱਚ ਨਹੀਂ ਸਨ ਜਦੋਂ ਕਿ ਇੱਥੇ ਕਾਰਜਕਾਰੀ ਯੋਜਨਾ ਦੀ ਪ੍ਰਵਾਨਗੀ ਵਿੱਚ ਦੇਰੀ ਸੀ, ਕਾਰਜਕਾਰੀ ਯੋਜਨਾ ਵਿੱਚ ਨਿਰਧਾਰਤ ਕੀਤੀਆਂ ਗਤੀਵਿਧੀਆਂ ਨਿਰਧਾਰਤ ਸਮੇਂ ਅਨੁਸਾਰ ਨਹੀਂ ਕੀਤੀਆਂ ਗਈਆਂ ਸਨ ਜਿਸ ਨਾਲ ਰੈਵੀਨਿਊ ਮੁਲਤਵੀ ਹੋਇਆ ਅਤੇ ਨਹੀਂ ਵਸੂਲਿਆ ਗਿਆ। ਵਿਭਾਗ ਨੇ 1 ਜੁਲਾਈ 2009 ਤੋਂ ਪ੍ਰਭਾਵੀ ਹੋਈ ਰਾਇਲਟੀ ਨੀਤੀ ਤੋਂ ਵਿਆਜ਼ ਦੀ ਧਾਰਾ ਹਟਾ ਦਿੱਤੀ। ਵਿਭਾਗ ਨੇ ਵਿੱਤ ਵਿਭਾਗ ਦੀ ਸਹਿਮਤੀ ਤੋਂ ਬਿਨਾਂ ਵਿੱਤੀ ਮਾਮਲਿਆਂ ਨਾਲ ਜੁੜੀਆਂ ਹਦਾਇਤਾਂ ਜਾਰੀ ਕੀਤੀਆਂ ਜਿਸ ਨਾਲ ਸਰਕਾਰੀ ਪੈਸੇ ਦੀ ਅਨਿਯਮਤ ਐਡਜਸਟਮੈਂਟ ਹੋਈ। ਵਿਭਾਗ/ਸਰਕਾਰ ਵੱਲੋਂ ਬਕਾਇਆ ਪੈਸੇ ਦੀ ਵਸੂਲੀ ਲਈ ਸਮੇਂ ਸਿਰ ਕਾਰਵਾਈ ਕਰਨ ਵਿੱਚ ਦੇਰੀ ਦੇ ਨਤੀਜੇ ਵਜੋਂ ਵੱਡੇ ਬਕਾਏ ਇਕੱਠੇ ਹੋਏ। ਸਿੰਚਾਈ ਵਿਭਾਗ ਤੋਂ ਲਾਗਤ ਦੀ ਵਸੂਲੀ ਕਰਕੇ ਮੁਆਵਜ਼ਾ ਵਣਕਰਣ ਸਬੰਧੀ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਆਦੇਸ਼ ਦੀ ਪਾਲਣਾ ਨਹੀਂ ਕੀਤੀ ਗਈ ਸੀ। ਅੰਦਰੂਨੀ ਨਿਯੰਤਰਣ ਨਿਗਰਾਨੀ ਵਿਧੀ ਕਮਜ਼ੋਰ ਸੀ ਕਿਉਂਕਿ ਮੰਡਲਾਂ ਦੁਆਰਾ ਵਣ ਪਾਲਾਂ ਵੱਲੋਂ ਜ਼ਾਰੀ ਨਿਰੀਖਣ ਦੇ ਨੋਟਾਂ ਉੱਤੇ

ਕੋਈ ਪਾਲਣਾ ਨਹੀਂ ਕੀਤੀ ਗਈ ਸੀ। ਹਾਲਾਂਕਿ, ਗੁਰੂ ਨਾਨਕ ਦੇਵ ਜੀ 550ਵੇਂ ਜਨਮ ਦਿਵਸ ਮੌਕੇ ਹਰ ਪਿੰਡ ਵਿੱਚ 550 ਦਰੱਖਤ ਲਗਾਉਣ ਅਤੇ ਦਰੱਖਤ ਕਵਰ ਨੂੰ 0.12 ਪ੍ਰਤੀਸ਼ਤ ਨਾਲ ਵਧਾਉਣ ਦਾ ਵਿਭਾਗ ਦਾ ਉਪਰਾਲਾ ਪ੍ਰਸ਼ੰਸਾਯੋਗ ਸੀ।

**ਸਿਫਾਰਸ਼ਾਂ**

ਵਣ ਕਵਰ ਦੀ ਸਮੀਖਿਆ ਅਧੀਨ ਮਿਆਦ ਦੌਰਾਨ ਖੜੋਤ ਰਹੀ ਸਥਿਤੀ ਦੇ ਮੱਦੇਨਜ਼ਰ, ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਸਰਕਾਰ:

- ਵਣ ਕਵਰ ਨੂੰ ਵਧਾਉਣ ਅਤੇ ਸਪਸ਼ਟ ਰੋਡ ਮੈਪ ਪ੍ਰਦਾਨ ਕਰਨ ਲਈ ਵਿਭਾਗ ਦੇ ਦ੍ਰਿਸ਼ਟੀਕੋਣ ਨਾਲ ਇਕਸਾਰ ਕਰਦੀ ਇੱਕ ਵਿਆਪਕ ਰਾਜ ਵਣ ਨੀਤੀ ਤਿਆਰ ਕਰ ਸਕਦੀ ਹੈ;
- ਮੁਆਵਜ਼ਾ ਵਣਕਰਣ ਵਿੱਚ ਕਮੀ ਕਾਰਨ ਵਣ ਕਵਰ ਦੀ ਜ਼ਮੀਨ ਦੀ ਘਾਟ ਦੀ ਪੂਰਤੀ ਲਈ ਸਮੇਂ ਨਿਰਧਾਰਤ ਯੋਜਨਾ ਤਿਆਰ ਕਰ ਸਕਦੀ ਹੈ ਅਤੇ ਇਸ ਦੀ ਪਾਲਣਾ ਕਰ ਸਕਦੀ ਹੈ;
- ਰਾਇਲਟੀ ਦੀ ਦੇਰੀ ਨਾਲ ਅਦਾਇਗੀ ਉੱਤੇ ਵਿਆਜ਼ ਦੀ ਵਿਵਸਥਾ ਮੁੜ ਬਹਾਲ ਕਰ ਸਕਦੀ ਹੈ ਅਤੇ ਵਿੱਤ ਵਿਭਾਗ ਦੀ ਸਹਿਮਤੀ ਤੋਂ ਬਿਨਾ ਰਾਇਲਟੀ ਦੀ ਐਡਜਸਟਮੈਂਟ ਬੰਦ ਕਰ ਸਕਦੀ ਹੈ;
- ਨਿਰੀਖਣ ਰਿਪੋਰਟਾਂ ਵਿੱਚ ਉਠਾਏ ਗਏ ਮੁੱਦਿਆਂ ਦੀ ਉਪਚਾਰੀ ਕਾਰਵਾਈ ਨੂੰ ਯਕੀਨੀ ਬਣਾ ਕੇ ਅੰਦਰੂਨੀ ਨਿਯੰਤਰਣ ਨੂੰ ਮਜ਼ਬੂਤ ਕਰ ਸਕਦੀ ਹੈ;
- ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਆਦੇਸ਼ਾਂ ਉੱਤੇ ਤੁਰੰਤ ਸੁਧਾਰਵਾਦੀ ਕਾਰਵਾਈ ਕਰ ਸਕਦੀ ਹੈ ਅਤੇ ਡਿਫਾਲਟ ਕਰਨ ਵਾਲੇ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕਰ ਸਕਦੀ ਹੈ; ਅਤੇ
- ਨਿਗਰਾਨੀ ਵਧਾਉਣ ਅਤੇ ਸਮੇਂ ਸਿਰ ਕਬਜ਼ੇ ਰੋਕਣ ਲਈ ਫਰੰਟਲਾਈਨ ਵਣ ਮਨੁੱਖੀ ਸ਼ਕਤੀ ਦੀਆਂ ਅਸਾਮੀਆਂ ਨੂੰ ਭਰਕੇ ਸਮਰੱਥਾ ਵਧਾਉਣ ਦੇ ਉਪਰਾਲੇ ਕਰ ਸਕਦੀ ਹੈ।

# ਅਧਿਆਇ - VII

# ਹੋਰ ਕਰ ਅਤੇ ਗੈਰ–ਕਰ ਪ੍ਰਾਪਤੀਆਂ

# ਅਧਿਆਇ-VII

# ਹੋਰ ਕਰ ਅਤੇ ਗੈਰ-ਕਰ ਪ੍ਰਾਪਤੀਆਂ

## 7.1 ਕਰ ਪ੍ਰਬੰਧਨ

ਇਸ ਪੈਰ੍ਹੇ ਵਿੱਚ ਭੌਂ ਮਾਲਿਆ, ਮਨੋਰੰਜਨ ਅਤੇ ਲਗਜ਼ਰੀ ਕਰ, ਵਿਆਹ ਰਜਿਸਟ੍ਰੇਸ਼ਨ, ਰਾਜ ਲਾਟਰੀਆਂ ਆਦਿ ਪ੍ਰਾਪਤੀਆਂ ਸ਼ਾਮਲ ਹਨ। ਕਰ ਪ੍ਰਬੰਧਨ ਹਰੇਕ ਵਿਭਾਗ ਲਈ ਅਲੱਗ ਤੋਂ ਬਣਾਏ ਗਏ ਕਾਨੂੰਨਾਂ ਅਤੇ ਨਿਯਮਾਂ ਦੁਆਰਾ ਸੰਚਾਲਿਤ ਹੁੰਦਾ ਹੈ।

## 7.2 ਆਡਿਟ ਦੇ ਨਤੀਜੇ

ਮੁੱਖ ਮੱਦ 0029- ਭੌਂ ਮਾਲਿਆ ਅਧੀਨ 87, ਮੁੱਖ ਮੱਦ 0045-ਮਨੋਰੰਜਨ ਅਤੇ ਲਗਜ਼ਰੀ ਕਰ ਅਧੀਨ 16 ਅਤੇ ਮੁੱਖ ਮੱਦ 0075-ਰਾਜ ਲਾਟਰੀਆਂ ਅਧੀਨ ਇੱਕ ਆਡਿਟਯੋਗ ਇਕਾਈ ਸੀ। ਇਨ੍ਹਾਂ ਵਿੱਚੋਂ, ਆਡਿਟ ਨੇ ਸਾਲ 2018-19 ਦੌਰਾਨ 78[1] ਇਕਾਈਆਂ ਚੁਣੀਆਂ। ਰਿਕਾਰਡਾਂ ਦੀ ਨਮੂਨਾਂ ਜਾਂਚ ਨੇ 6,993 ਕੇਸਾਂ (ਆਡਿਟ ਦੇ ਸਾਲ 2017-18 ਦੀ ਪ੍ਰਾਪਤੀ ਦਾ 15.17 ਪ੍ਰਤੀਸ਼ਤ) ਵਿੱਚ ₹ 27.75 ਕਰੋੜ ਦੀਆਂ ਬੇਨਿਯਮੀਆਂ ਦਾ ਖੁਲਾਸਾ ਕੀਤਾ ਜੋ ਕਿ ਹੇਠ ਲਿਖੀਆਂ ਸ਼੍ਰੇਣੀਆਂ ਅਧੀਨ ਹਨ ਜਿਵੇਂ ਕਿ **ਸਾਰਣੀ** 7.1 ਵਿੱਚ ਦਰਸਾਇਆ ਗਿਆ ਹੈ:

**ਸਾਰਣੀ 7.1: ਆਡਿਟ ਦੇ ਨਤੀਜੇ**

*(₹ ਕਰੋੜ ਵਿੱਚ)*

| ਲੜੀ ਨੰ. | ਸ਼੍ਰੇਣੀਆਂ | ਕੇਸਾਂ ਦੀ ਸੰਖਿਆ | ਰਕਮ |
|---|---|---|---|
| | ੳ: 0029- ਭੌਂ ਮਾਲਿਆ | | |
| 1. | ਚੌਕੀਦਾਰਾ ਕਰ ਦੀ ਨਾ/ਘੱਟ ਵਸੂਲੀ | 41 | 2.29 |
| 2. | ਹੋਰ ਬੇਨਿਯਮੀਆਂ | 4,515 | 15.09 |
| | ਕੁੱਲ ੳ | 4,556 | 17.38 |
| | ਅ: 0045-ਮਨੋਰੰਜਨ ਅਤੇ ਲਗਜ਼ਰੀ ਕਰ | | |
| 1. | ਮਨੋਰੰਜਨ ਕਰ/ਡਿਊਟੀ ਦੀ ਨਾ/ਘੱਟ ਵਸੂਲੀ | 1,043 | 0.82 |
| 2. | ਰਿਟਰਨ ਦੇ ਲੇਟ/ਨਾ ਪ੍ਰਸਤੁਤ ਕਰਨ ਕਰਕੇ ਜੁਰਮਾਨਾ ਨਾ ਲਗਾਉਣਾ | 1,134 | 0.22 |
| 3. | ਹੋਰ ਬੇਨਿਯਮੀਆਂ | 253 | 9.04 |
| | ਕੁੱਲ ਅ | 2,430 | 10.08 |
| | ੲ: 0075-ਰਾਜ ਲਾਟਰੀ | | |
| 1. | ਟਿਕਟਾਂ ਦੀ ਛਪਾਈ ਵਿੱਚ ਅਨਿਯਮਤ ਖਰਚ | 2 | 0.28 |
| 2. | ਹੋਰ ਬੇਨਿਯਮੀਆਂ | 5 | 0.01 |
| | ਕੁੱਲ ੲ | 7 | 0.29 |
| | ਕੁੱਲ (ੳ+ਅ+ੲ) | 6,993 | 27.75 |

2018-19 ਵਿੱਚ, ਵਿਭਾਗ ਨੇ 16 ਕੇਸਾਂ ਵਿੱਚ ₹ 29.79 ਲੱਖ ਸਵੀਕਾਰੇ ਅਤੇ ਵਸੂਲ ਕੀਤੇ ਜਿਸ ਵਿੱਚੋਂ ਦੋ ਕੇਸਾਂ ਵਿੱਚ ₹ 0.12 ਲੱਖ 2018-19 ਦੌਰਾਨ ਅਤੇ ਬਾਕੀ ਪਿਛਲੇ ਸਾਲਾਂ ਵਿੱਚ ਦੱਸੇ ਗਏ ਸਨ।

[1] ਭੌਂ ਮਾਲੀਆ (61), ਮਨੋਰੰਜਨ ਅਤੇ ਲਗਜ਼ਰੀ (16), ਰਾਜ ਲਾਟਰੀ (1)

ਕੇਬਲ ਆਪਰੇਟਰ ਤੋਂ ਮੰਨੋਰੰਜਨ ਡਿਊਟੀ ਦੀ ਨਾ/ਘੱਟ ਵਸੂਲੀ ਸਬੰਧੀ ਬੇਨਿਯਮੀਆਂ ਪਿਛਲੇ ਸਾਲ ਵੀ ਵੇਖੀਆ ਗਿਆ ਸਨ। 408 ਕੇਸਾਂ ਵਿੱਚ ₹ 0.46 ਕਰੋੜ ਦੀ ਅਜਿਹੀ ਬੇਨਿਯਮੀ 2018-19 ਵਿੱਚ ਦੁਬਾਰਾ ਦੇਖੀ ਗਈ ਜਿਵੇਂਕਿ ਹੇਠਾਂ ਦਰਸਾਇਆ ਗਿਆ ਹੈ।

## 7.3 ਮਨੋਰੰਜਨ ਸ਼ੁੱਲਕ ਦੀ ਨਾ/ਘੱਟ ਵਸੂਲੀ

**ਛੇ ਏ ਸੀ ਐਸ ਟੀਜ਼ ਨੇ 408 ਕੇਬਲ ਉਪਰੇਟਰਾਂ ਤੋਂ ਮਨੋਰੰਜਨ ਸ਼ੁਲਕ ਦੀ ਵਸੂਲੀ ਕਰਨ ਲਈ ਕੋਈ ਕਦਮ ਨਹੀਂ ਚੁੱਕੇ ਜਿਸਦੇ ਨਤੀਜੇ ਵਜੋਂ ₹ 45.93 ਲੱਖ ਦੇ ਮਨੋਰੰਜਨ ਸ਼ੁਲਕ ਦੀ ਨਾ-ਵਸੂਲੀ ਹੋਈ**

ਪੰਜਾਬ ਮਨੋਰੰਜਨ ਡਿਊਟੀ ਐਕਟ, 1955 (ਪੀ ਈ ਡੀ ਐਕਟ) ਦੀ ਧਾਰਾ 3(3-ਬੀ) ਵਿਵਸਥਾ ਕਰਦੀ ਹੈ ਕਿ ਐਂਟੀਨਾ ਦੀ ਮਦਦ ਨਾਲ ਇੱਕ ਕੁਨੈਕਸ਼ਨ ਹੋਲਡਰ ਨੂੰ ਐਂਟੀਨਾ ਜਾਂ ਕੇਬਲ ਟੈਲੀਵਿਜ਼ਨ ਰਾਹੀਂ ਮਨੋਰੰਜਨ ਪ੍ਰਦਾਨ ਕਰਨ ਦੇ ਕੇਸ ਵਿੱਚ, ਅਜਿਹਾ ਮਨੋਰੰਜਨ ਪ੍ਰਦਾਨ ਕਰਨ ਵਾਲਾ ਮਾਲਕ ਇੱਕ ਸਮੇਂ ਤੇ ₹ 15,000 ਪ੍ਰਤੀ ਸਾਲ ਦੇ ਰੇਟ ਨਾਲ ਮਨੋਰੰਜਨ ਸ਼ੁਲਕ (ਈ ਡੀ) ਅਦਾ ਕਰੇਗਾ। ਕੇਬਲ ਟੈਲੀਵਿਜ਼ਨ ਨੈਟਵਰਕ (ਰੇਗੂਲੇਸ਼ਨ) ਐਕਟ 1995 ਦੀ ਧਾਰਾ 4 ਕੇਬਲ ਟੈਲੀਵਿਜ਼ਨ ਨੈਟਵਰਕ ਨਿਯਮ, 1994 ਦੇ ਨਿਯਮ 3 ਨਾਲ ਪੜਦੇ ਹੋਏ, ਸਾਰੇ ਕੇਬਲ ਉਪਰੇਟਰਾਂ ਨੂੰ ਏਰੀਏ ਦੇ ਮੁੱਖ ਪੋਸਟ ਮਾਸਟਰ, ਜਿੱਥੇ ਕੇਬਲ ਉਪਰੇਟਰ ਦਾ ਦਫਤਰ ਸਥਿੱਤ ਹੈ, ਦੇ ਨਾਲ ਰਜਿਸਟਰ ਕਰਾਉਣ ਲਈ ਬਾਧਿਤ ਕਰਦੀ ਹੈ। ਅੱਗੇ, ਪੀ ਈ ਡੀ ਐਕਟ ਦੀ ਧਾਰਾ 14(1) ਵਿਵਸਥਾ ਕਰਦੀ ਹੈ ਐਕਟ/ਨਿਯਮਾਂ ਦੇ ਉਪਬੰਧਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਆਬਕਾਰੀ ਅਤੇ ਕਰਬੰਦੀ ਵਿਭਾਗ ਦੇ ਨਿਰਧਾਰਤ ਅਧਿਕਾਰੀ, ਕਿਸੇ ਉਚਿੱਤ ਸਮੇਂ ਉੱਤੇ ਕਿਸੇ ਸਥਾਨ ਅੰਦਰ ਜਦੋਂ ਮਨੋਰੰਜਨ ਚਲ ਰਿਹਾ ਹੋਵੇ, ਦਾਖਲ ਹੋ ਕੇ ਨਿਰੀਖਣ ਅਤੇ ਪੜਤਾਲ ਕਰ ਸਕਦੇ ਹਨ।

ਛੇ[2] ਏ ਸੀ ਐਸ ਟੀਜ਼ ਦੇ ਮਨੋਰੰਜਨ ਸ਼ੁਲਕ ਨਾਲ ਸਬੰਧਤ 2015-16 ਅਤੇ 2017-18 (30 ਜੂਨ 2017[3] ਤੱਕ) ਤੱਕ ਦੀ ਅਵਧੀ ਦੇ ਰਿਕਾਰਡਾਂ ਦੀ ਪੜਤਾਲ ਨੇ ਖੁਲਾਸਾ ਕੀਤਾ ਕਿ ਏ ਸੀ ਐਸ ਟੀਜ਼ ਨੇ ਮਨੋਰੰਜਨ ਸ਼ੁਲਕ ਲਗਾਉਣ ਅਤੇ ਇੱਕਠਾ ਕਰਨ ਦੇ ਮੰਤਵ ਲਈ ਕੇਬਲ ਉਪਰੇਟਰਾਂ ਦੀ ਕੋਈ ਸਾਰਣੀ/ਡਾਟਾ ਬੇਸ ਨਹੀਂ ਬਣਾਇਆ ਸੀ। ਆਡਿਟ ਨੇ ਕੇਬਲ ਟੈਲੀਵਿਜ਼ਨ ਨੈਟਵਰਕ (ਰੇਗੂਲੇਸ਼ਨ) ਐਕਟ ਦੀ ਧਾਰਾ 4 ਅਧੀਨ ਸਬੰਧਤ ਜ਼ਿਲ੍ਹਿਆਂ ਦੇ ਜਨਰਲ ਪੋਸਟ ਆਫਿਸਾਂ ਤੋਂ ਕੇਬਲ ਉਪਰੇਟਰਾਂ ਦੀ ਇੱਕ ਲਿਸਟ ਪ੍ਰਾਪਤ ਕੀਤੀ ਅਤੇ ਵੇਖਿਆ ਕਿ ਜਨਰਲ ਪੋਸਟ ਆਫਿਸ ਨਾਲ 445 ਕੇਬਲ ਉਪਰੇਟਰ ਰਜਿਸਟਰ ਹੋਏ ਸਨ। ਹਾਲਾਂਕਿ, ਉਨ੍ਹਾਂ ਵਿੱਚੋ ਤਿੰਨ[4] ਜਿਲ੍ਹਿਆਂ ਨਾਲ ਸਬੰਧਤ ਸਿਰਫ 37 ਨੇ ₹ 15,000 ਪ੍ਰਤੀ ਸਾਲ ਦੇ ਰੇਟ ਨਾਲ ਮਨੋਰੰਜਨ ਸ਼ੁਲਕ ਅਦਾ ਕੀਤਾ ਸੀ। ਬਾਕੀ 408 ਕੇਬਲ ਉਪਰੇਟਰਾਂ ਨੇ ਮਨੋਰੰਜਨ ਸ਼ੁਲਕ ਅਦਾ ਨਹੀਂ ਕੀਤਾ ਸੀ। ਸਬੰਧਤ ਏ ਸੀ ਐਸ ਟੀਜ਼ ਨੇ ਉਨ੍ਹਾਂ ਨੂੰ ਕੋਈ ਡਿਮਾਂਡ ਨੋਟਿਸ ਜ਼ਾਰੀ ਨਹੀਂ ਕੀਤੇ ਸਨ ਅਤੇ ਐਕਟ ਦੇ ਉਪਬੰਧਾ ਦੇ ਅਧੀਨ ਟੈਕਸ ਨੂੰ ਲਗਾਉਣ ਅਤੇ ਇੱਕਠਾ ਕਰਨਾ ਯਕੀਨੀ ਬਣਾਇਆ ਲਈ ਕੇਬਲ ਉਪਰੇਟਰਾਂ ਦੀ ਅਸਲ ਸੰਖਿਆ ਦਾ ਪਤਾ ਲਗਾਉਣ ਲਈ ਕੋਈ ਕਦਮ ਨਹੀਂ ਚੁੱਕੇ ਸਨ। ਇਸਦੇ ਨਤੀਜ਼ੇ ਵਜੋਂ ₹ 45.93 ਲੱਖ ਦੇ ਮਨੋਰੰਜਨ ਸ਼ੁਲਕ ਦੀ ਵਸੂਲੀ ਨਹੀਂ ਹੋਈ।

2 ਬਠਿੰਡਾ, ਫਰੀਦਕੋਟ, ਫਿਰੋਜਪੁਰ, ਜਲੰਧਰ 1, ਪਟਿਆਲਾ ਤੇ ਸ਼ਹੀਦ ਭਗਤ ਸਿੰਘ ਨਗਰ

3 ਵਸਤਾਂ ਅਤੇ ਸੇਵਾਵਾਂ ਕਰ (ਜੀ ਐਸ ਟੀ) 1 ਜੁਲਾਈ 2017 ਤੋਂ ਲਾਗੂ ਕੀਤਾ ਗਿਆ ਸੀ ਅਤੇ ਮਨੋਰੰਜਨ ਉੱਤੇ ਟੈਕਸ ਜੀ ਐਸ ਟੀ ਵਿੱਚ ਸਮਾਂ ਦਿੱਤਾ ਗਿਆ ਸੀ।

4 ਬਠਿੰਡਾ(18), ਫਰੀਦਕੋਟ(16) ਅਤੇ ਜਲੰਧਰ-1(3)

ਏ ਸੀ ਐਸ ਟੀ ਜਲੰਧਰ-। ਨੇ ਜਵਾਬ ਦਿੱਤਾ (ਅਗਸਤ 2018) ਕਿ ਕੇਬਲ ਉਪਰੇਟਰ ਮਨੋਰੰਜਨ ਸ਼ੁਲਕ ਅਦਾ ਕਰਨ ਲਈ ਜਿੰਮੇਵਾਰ ਨਹੀਂ ਸਨ ਕਿਉਂਕਿ ਉਹ ਵਿਅਕਤੀਆਂ ਨੂੰ ਐਂਟੀਨਾ ਦੀ ਮਦਦ ਨਾਲ ਮਨੋਰੰਜਨ ਪ੍ਰਦਾਨ ਨਹੀਂ ਕਰਦੇ ਸਨ ਪਰ ਸਿਰਫ ਸਿਗਨਲ ਰਿਲੇਅ ਕਰਦੇ ਸਨ। ਜਵਾਬ ਮੰਨਣਯੋਗ ਨਹੀਂ ਹੈ ਕਿਉਂਕਿ ਧਾਰਾ 3(3-ਬੀ) ਵਿਵਸਥਾ ਕਰਦੀ ਹੈ ਕਿ ਮਨੋਰੰਜਨ ਸ਼ੁਲਕ ਨੂੰ ਅਦਾ ਕਰਨ ਦੀ ਜ਼ਿੰਮੇਵਾਰੀ ਉਦੋਂ ਪੈਦਾ ਹੁੰਦੀ ਹੈ ਜਦੋਂ ਐਂਟੀਨਾ ਜਾਂ ਕੇਬਲ ਟੇਲੀਵਿਜ਼ਨ ਦੀ ਮਦਦ ਨਾਲ ਇੱਕ ਕੁਨੈਕਸ਼ਨ ਹੋਲਡਰ ਨੂੰ ਮਨੋਰੰਜਨ ਪ੍ਰਦਾਨ ਕੀਤਾ ਜਾਂਦਾ ਹੈ। ਕੇਬਲ ਉਪਰੇਟਰ, ਜਦੋਂ ਉਹ ਵਿਅਕਤੀਗਤ ਐਂਟੀਨਾ ਵਰਤੋਂ ਨਹੀਂ ਕਰ ਰਹੇ ਹਨ, ਇੱਕ ਕੁਨੇਕਸ਼ਨ ਹੋਲਡਰ ਨੂੰ ਮੰਨੋਰੰਜਨ ਪ੍ਰਦਾਨ ਕਰਨ ਲਈ ਕੇਬਲ ਨੈਟਵਰਕ ਦੀ ਵਰਤੋਂ ਕਰ ਰਹੇ ਹੁੰਦੇ ਹਨ ਅਤੇ ਇਸ ਤਰ੍ਹਾਂ ਮਨੋਰੰਜਨ ਸ਼ੁਲਕ ਅਦਾ ਕਰਨ ਲਈ ਜ਼ਿੰਮੇਵਾਰ ਹੁੰਦੇ ਹਨ।

ਮਾਮਲਾ ਸਰਕਾਰ/ਵਿਭਾਗ ਨੂੰ ਜਨਵਰੀ 2020 ਅਤੇ ਅਪ੍ਰੈਲ 2020 ਵਿੱਚ ਦੱਸਿਆ ਗਿਆ ਸੀ; ਉਨ੍ਹਾਂ ਦੇ ਜਵਾਬਾਂ ਦਾ ਇੰਤਜ਼ਾਰ (ਦਸੰਬਰ 2020) ਸੀ।

**ਸਰਕਾਰ ਵਿਭਾਗ ਨੂੰ ਇਸ ਪੈਰ੍ਹੇ ਵਿੱਚ ਦੱਸੇ 408 ਰਜਿਸਟਰਡ ਕੇਬਲ ਉਪਰੇਟਰਾਂ ਤੋਂ ₹ 45.93 ਲੱਖ ਦੇ ਨਾ-ਵਸੂਲੇ ਮਨੋਰੰਜਨ ਸ਼ੁਲਕ ਦੀ ਵਸੂਲੀ ਕਰਨ ਲਈ ਨਿਰਦੇਸ਼ ਦੇ ਸਕਦੀ ਹੈ।**

**ਇਸ ਰਿਪੋਰਟ ਵਿੱਚ ਦੱਸੇ ਗਏ ਕੇਸ ਆਡਿਟ ਦੁਆਰਾ ਕੀਤੀ ਨਮੂਨਾ ਜਾਂਚ ਤੇ ਅਧਾਰਿਤ ਹਨ। ਵਿਭਾਗ ਇਸੇ ਤਰ੍ਹਾਂ ਦੇ ਮਾਮਲਿਆਂ ਦੀ ਜਾਂਚ ਅਤੇ ਜ਼ਰੂਰੀ ਸੁਧਾਰਾਤਮਕ ਕਾਰਵਾਈ ਕਰਨ ਲਈ ਕਦਮ ਚੁੱਕ ਸਕਦਾ ਹੈ।**

Punam Pandey

**ਚੰਡੀਗੜ੍ਹ** **(ਪੂਨਮ ਪਾਂਡੇ)**

**ਮਿਤੀ** 08 **ਅਪ੍ਰੈਲ** 2021 **ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ) ਪੰਜਾਬ**

**ਪ੍ਰਤੀਹਸਤਾਖਰ**

**ਨਵੀਂ ਦਿੱਲੀ** **(ਗਿਰੀਸ਼ ਚੰਦਰ ਮੁਰਮੂ)**

**ਮਿਤੀ** 13 **ਅਪ੍ਰੈਲ** 2021 **ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾਪਰੀਖਕ**

# ਅੰਤਿਕਾਵਾਂ

## ਅੰਤਿਕਾ 1.1

*(ਪੈਰ੍ਹਾ1.8.2 ਪੰਨਾ 5 ਦੇ ਹਵਾਲੇ ਵਿੱਚ)*

### ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀਆਂ ਕਾਰਗੁਜ਼ਾਰੀ ਲੇਖਾ ਪ੍ਰੀਖਿਆਵਾਂ/ਰਿਪੋਰਟਾਂ ਦੇ ਪੈਰ੍ਹਿਆਂ ਦੇ ਵੇਰਵੇ, ਜਿਨ੍ਹਾਂ ਵਿੱਚ 31 ਮਾਰਚ 2020 ਤੱਕ ਵਿਭਾਗੀ ਉੱਤਰ ਪ੍ਰਾਪਤ ਨਹੀਂ ਹੋਏ ਸਨ।

| ਲੜੀ ਨੰ. | ਵਿਭਾਗ ਦਾ ਨਾਂਅ | 2012-13 | | 2013-14 | | 2014-15 | | 2015-16 | | 2016-17 | | 2017-18 | | ਕੁੱਲ ਸੰਖਿਆ | |
|---|---|---|---|---|---|---|---|---|---|---|---|---|---|---|---|
| | | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏਜ | ਪੈਰ੍ਹੇ |
| 1. | ਖੇਤੀਬਾੜੀ | - | 3.5 | 2.1* | - | - | 3.1, 3.2 | - | - | - | 3.15 | - | 3.1, 3.12*, 3.19* | 01 | 07 |
| 2. | ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ | - | - | 2.1* | - | - | - | - | - | - | - | - | - | - | - |
| 3. | ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ | - | - | - | - | - | - | - | - | - | 3.16 | - | 3.13*, 3.17 | - | 03 |
| 4. | ਵਿੱਤ ਅਤੇ ਯੋਜਨਾ | - | - | - | 3.4 | - | 3.4*, 3.15 | 2.2 | - | - | - | - | - | 01 | 03 |
| 5. | ਸ਼ਾਸਨ ਸੁਧਾਰ | - | - | - | - | - | 3.5 | - | - | - | 3.3 | - | - | - | 02 |
| 6. | ਸਿਹਤ ਅਤੇ ਪਰਿਵਾਰ ਭਲਾਈ | - | - | - | - | - | - | - | 3.2, 3.4 | - | 3.4 | 2.1 | 3.3*, 3.4 | 01 | 05 |
| 7. | ਮੈਡੀਕਲ ਸਿੱਖਿਆ | - | - | - | - | - | - | - | - | - | - | - | 3.3*, 3.9, 3.10, 3.11 | - | 03 |
| 8. | ਸਕੂਲ ਸਿੱਖਿਆ | - | - | - | - | - | - | 2.1 | - | - | - | - | 3.2* | 01 | 01 |
| 9. | ਗ੍ਰਹਿ ਮਾਮਲੇ ਅਤੇ ਨਿਆਂ | - | - | - | - | - | - | - | - | - | - | - | 3.5, 3.6, 3.7 | - | 03 |
| 10. | ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ | - | - | - | - | - | - | - | - | 2.3 | - | - | - | 01 | - |
| 11. | ਉਦਯੋਗ ਅਤੇ ਵਣਜ | - | - | - | - | - | - | - | - | - | 3.7 | - | - | - | 01 |
| 12. | ਸਿੰਜਾਈ (ਹੁਣ ਜਲ ਸ੍ਰੋਤ) | 2.3 | 3.12 | - | - | - | - | - | 3.8 | - | - | - | 3.8, 3.19* | 01 | 03 |
| 13. | ਸਥਾਨਕ ਸਰਕਾਰ | - | - | - | - | - | 3.4* | - | - | - | 3.11 | - | 3.15* | - | 02 |

| ਲੜੀ ਨੰ. | ਵਿਭਾਗ ਦਾ ਨਾਂਅ | 2012-13 | | 2013-14 | | 2014-15 | | 2015-16 | | 2016-17 | | 2017-18 | | ਕੁੱਲ ਸੰਖਿਆ | |
|---|---|---|---|---|---|---|---|---|---|---|---|---|---|---|---|
| | | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏਜ | ਪੈਰ੍ਹੇ |
| 14. | ਲੋਕ ਨਿਰਮਾਣ (ਬੀ ਐਂਡ ਆਰ) | - | - | - | - | - | - | - | - | - | - | - | 3.2*, 3.12*, 3.13*, 3.14, 3.15* | - | 01 |
| 15. | ਮਾਲ, ਮੁੜ ਵਸੇਬਾ ਅਤੇ ਆਫਤ ਪ੍ਰਬੰਧਨ | - | - | - | - | - | - | - | 3.15, 3.16, 3.17 | - | 3.18, 3.19 | - | - | - | 05 |
| 16. | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ | - | - | - | - | - | - | - | - | - | - | - | 3.16 | - | 01 |
| 17. | ਐਸ ਸੀਜ਼ ਅਤੇ ਬੀ ਸੀਜ਼ ਦੀ ਭਲਾਈ | - | - | - | - | - | - | - | - | 2.4 | - | - | - | 01 | - |
| 18. | ਕਿਰਤ | - | - | - | - | - | - | - | - | - | - | 2.2 | - | 01 | - |
| 19. | ਟਾਊਨ ਅਤੇ ਕੰਟਰੀ ਪਲਾਨਿੰਗ | - | - | - | - | - | - | - | - | - | - | - | 3.18 | - | 01 |
| 20. | ਭੂਮੀ ਅਤੇ ਜਲ ਸੰਭਾਲ | - | - | - | - | - | - | - | - | - | - | - | 3.19* | - | - |
| | **ਜੋੜ** | **01** | **02** | **01** | **01** | **-** | **05** | **02** | **06** | **02** | **08** | **02** | **19** | **08** | **41** |

*ਸ੍ਰੋਤ : ਦਫਤਰ ਦਾ ਰਿਕਾਰਡ*

** ਸਾਲ 2013–14 ਦਾ ਪੈਰ੍ਹਾ ਨੰ 2.1, ਭਾਵੇਂ ਦੋ ਵਿਭਾਗਾਂ (ਲੜੀ ਨੰ : 1 ਅਤੇ 2) ਨਾਲ ਸਬੰਧਿਤ ਹੈ, ਪ੍ਰੰਤੂ ਇਕ ਵਾਰ ਗਿਣਿਆ ਗਿਆ ਹੈ।*

*ਸਾਲ 2014–15 ਦਾ ਪੈਰ੍ਹਾ 3.4 ਭਾਵੇਂ ਦੋ ਵਿਭਾਗਾਂ (ਲੜੀ ਨੰ. 4 ਅਤੇ 13) ਨਾਲ ਸਬੰਧਿਤ ਹੈ, ਪ੍ਰੰਤੂ ਇਕ ਵਾਰ ਗਿਣਿਆ ਗਿਆ ਹੈ।*

*ਸਾਲ 2017–18 ਦੇ ਪੈਰ੍ਹੇ 3.2, 3.3, 3.12, 3.13, 3.15 ਅਤੇ 3.19 ਭਾਵੇਂ ਦੋ ਵਿਭਾਗਾਂ ਨਾਲ ਸਬੰਧਿਤ ਹਨ (ਕ੍ਰਮਵਾਰ ਲੜੀ ਨੰ. 8 ਅਤੇ 14, 6 ਅਤੇ 7, 1 ਅਤੇ 14, 3 ਅਤੇ 14, 13 ਅਤੇ 14 ਅਤੇ 1, 12 ਅਤੇ 20), ਪ੍ਰੰਤੂ ਇਨ੍ਹਾਂ ਨੂੰ ਇੱਕ ਵਾਰ ਗਿਣਿਆ ਗਿਆ ਹੈ।*

## ਅੰਤਿਕਾ 1.2

*(ਪੈਰ੍ਹਾ 3.1 ਪੰਨਾ 48 ਦੇ ਹਵਾਲੇ ਵਿੱਚ)*

### ਹੈਂਗਰ ਨੰ. 2 ਨਾਲ ਸਬੰਧਤ ਬਕਾਇਆ ਕਿਰਾਏ ਦੇ ਵੇਰਵੇ

*(ਰਾਸ਼ੀ ₹ ਵਿੱਚ)*

| ਲੜੀ ਨੰ. | ਸਾਲ | ਮਹੀਨਾਵਾਰ ਕਿਰਾਇਆ | ਸਾਲਾਨਾ ਕਿਰਾਇਆ |
|---|---|---|---|
| 1 | 2005-06<br>(08.04.2005 ਤੋਂ 31.03.2006 ਤੱਕ) | 37,750 | 4,44,192 |
| 2 | 2006-07 | 41,525 | 4,98,300 |
| 3 | 2007-08 | 45,678 | 5,48,136 |
| 4 | 2008-09 | 50,246 | 6,02,952 |
| 5 | 2009-10 | 55,271 | 6,63,252 |
| 6 | 2010-11 | 60,798 | 7,29,576 |
| 7 | 2011-12 | 66,878 | 8,02,536 |
| 8 | 2012-13 | 73,566 | 8,82,792 |
| 9 | 2013-14 | 80,923 | 9,71,076 |
| 10 | 2014-15 | 89,015 | 10,68,180 |
| 11 | 2015-16<br>(01.04.2015 ਤੋਂ 29.01.2016 ਤੱਕ) | 97,917 | 9,72,853 |
| | **ਜੋੜ (ੳ)** | | **81,83,845** |

*ਸ੍ਰੋਤ: ਵਿਭਾਗੀ ਸੂਚਨਾ*

| | |
|---|---|
| ਹੈਂਗਰ ਨੰ. 2 ਦੇ ਸਬੰਧ ਵਿੱਚ ਵਿਭਾਗ ਦੁਆਰਾ ਬਿਜਲੀ ਦੇ ਬਿਲਾਂ ਦੀਆਂ ਕੀਤੀਆਂ ਗਈਆਂ ਕੁੱਲ ਅਦਾਇਗੀਆਂ (ਅ) | **1,03,380** |
| ਕੁੱਲ ਰਹਿੰਦਾ ਬਕਾਇਆ (ੳ+ਅ) = | **82,87,225**<br>**ਭਾਵ ₹ 0.83 ਕਰੋੜ** |

## ਅੰਤਿਕਾ 1.3

*(ਪੈਰ੍ਹਾ 3.2 ਪੰਨਾ 50 ਦੇ ਹਵਾਲੇ ਵਿੱਚ)*

### ਅਪ੍ਰੈਲ 2017 ਤੋਂ ਜਨਵਰੀ 2018 ਦੇ ਸਮੇਂ ਦੌਰਾਨ ਘੱਟ ਜਮ੍ਹਾਂ ਕਰਵਾਏ ਗਏ ਯੂਜ਼ਰ ਚਾਰਜਿਜ਼ ਦੇ ਵੇਰਵੇ

*(ਰਾਸ਼ੀ ₹ ਵਿੱਚ)*

| ਮਹੀਨਾ | ਮਹੀਨੇ ਦੌਰਾਨ ਕੁੱਲ ਕੁਲੈਕਸ਼ਨ | ਜਮ੍ਹਾਂ ਕਰਵਾਈ ਰਾਸ਼ੀ (ਰੋਜਾਨਾ ਕੁਲੈਕਸ਼ਨ ਰਜਿਸਟਰ/ਕੈਸ਼ ਬੁੱਕ/ਬੈਂਕ ਵਿਵਰਣੀ ਅਨੁਸਾਰ) | ਅੰਤਰ (ਘੱਟ ਜਮ੍ਹਾਂ ਕਰਵਾਇਆ) |
|---|---|---|---|
| **1** | **2** | **3** | **4 (2-3)** |
| ਅਪ੍ਰੈਲ 2017 | 79,370 | 79,350 | 20 |
| ਮਈ 2017 | 1,08,580 | 1,08,570 | 10 |
| ਜੂਨ 2017 | 89,250 | 88,680 | 570 |
| ਜੁਲਾਈ 2017 | 1,01,760 | 91,100 | 10,660 |
| ਅਗਸਤ 2017 | 86,570 | 74,620 | 11,950 |
| ਸਤੰਬਰ 2017 | 89,290 | 77,080 | 12,210 |
| ਅਕਤੂਬਰ 2017 | 88,990 | 67,530 | 21,460 |
| ਨਵੰਬਰ 2017 | 75,770 | 56,000 | 19,770 |
| ਦਸੰਬਰ 2017 | 74,720 | 55,310 | 19,410 |
| ਜਨਵਰੀ 2018 | 77,360 | 71,530 | 5,830 |
| **ਜੋੜ** | **8,71,660** | **7,69,770** | **1,01,890** |

*ਸ੍ਰੋਤ: ਵਿਭਾਗੀ ਰਿਕਾਰਡ*

# ਅੰਤਿਕਾ 1.4

*(ਪੈਰ੍ਹਾ 3.3.2.1 ਪੰਨਾ 52 ਦੇ ਹਵਾਲੇ ਵਿੱਚ)*

## ਵਿਕੇ/ਅਣਵਿਕੇ ਰਹੇ ਰਿਹਾਇਸ਼ੀ ਅਤੇ ਕਮਰਸ਼ੀਅਲ ਪਲਾਟਾਂ ਨੂੰ ਦਰਸਾਉਂਦੇ ਵੇਰਵੇ

| ਲੜੀ ਨੰ. | ਅਥਾਰਿਟੀ ਦਾ ਨਾਂਅ | ਲੜੀ ਨੰ. | ਸਾਈਟ ਦਾ ਨਾਂਅ | ਏਰੀਆ ( ਏਕੜ ਵਿੱਚ) | ਪੁੱਡਾ ਨੂੰ ਜ਼ਮੀਨ ਟਰਾਂਸਫਰ ਕਰਨ ਦੀ ਮਿਤੀ | ਯੋਜਨਾਬੰਦੀ* | ਸਕੀਮ/ਨਿਲਾਮੀ ਸ਼ੁਰੂ ਕਰਨ ਦੀ ਮਿਤੀ (ਬਰੈਕਟ ਵਿੱਚ ਅੰਕੜੇ ਨਿਲਾਮੀਆਂ ਦੀ ਗਿਣਤੀ ਨੂੰ ਦਰਸਾਉਂਦੇ ਹਨ) | ਖਾਲੀ ਸਾਈਟਾਂ ਦੀ ਤਾਜਾ ਸਥਿਤੀ (ਪ੍ਰਤੀਸ਼ਤ) | ਸਾਈਟਾਂ ਦੇ ਵਿਕਾਸ ਤੇ ਖਰਚਾ (₹ ਕਰੋੜ ਵਿੱਚ) | ਵਿਭਾਗ ਦਾ ਉੱਤਰ | ਲੇਖਾ ਪ੍ਰੀਖਿਆ ਦੀ ਟਿੱਪਣੀ |
|---|---|---|---|---|---|---|---|---|---|---|---|
| 1. | ਜੇ ਡੀ ਏ | 1. | ਪੁਰਾਣੀ ਜੇਲ ਸਾਈਟ, ਕਪੂਰਥਲਾ (ਜੇ ਡੀ ਏ) | 11.70 | ਮਈ 2012 | 111 (ਆਰ ਪੀ)<br>08 (ਬੀ) | ਫਰਵਰੀ 2013 ਤੋਂ ਨਵੰਬਰ 2016 (3) | 92 (ਆਰ ਪੀ)<br>8 (ਬੀ) | 2.63 | ਸੀ ਏ, ਪੁੱਡਾ ਨੇ ਕਿਹਾ ਕਿ ਬਚੇ ਹੋਏ ਪਲਾਟਾਂ ਦੀ ਕੀਮਤ ਨਿਰਧਾਰਣ ਦਾ ਮਾਮਲਾ ਉੱਚ ਅਥਾਰਟੀ ਨੂੰ ਭੇਜਿਆ ਗਿਆ ਸੀ। ਲੋੜੀਂਦੇ ਰੇਟ ਅਤੇ ਪ੍ਰਵਾਨਗੀ ਪ੍ਰਾਪਤ ਹੋਣ ਤੋਂ ਬਾਅਦ ਇਹ ਪਲਾਟ ਨਿਲਾਮੀ ਲਈ ਰੱਖੇ ਜਾਣਗੇ। | ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਬਾਕੀ ਰਹਿੰਦੇ ਪਲਾਟ ਵੇਚਣ ਲਈ ਨਵੰਬਰ 2016 ਤੋਂ ਬਾਅਦ ਕੋਈ ਕੋਸ਼ਿਸ ਨਹੀਂ ਕੀਤੀ ਗਈ ਸੀ। |
| | | 2. | ਬੁਲੰਦਪੁਰ ਐਨਕਲੇਵ (ਜੇ ਡੀ ਏ) | 5.76 | -- | 168 (ਆਰ ਪੀ)<br>68 (ਐਸ ਸੀ ਓ)<br>22 (ਬੀ) | 2001 ਤੋਂ 2016 (4) | 56 (ਆਰ ਪੀ)<br>6 (ਐਸ ਸੀ ਓ)<br>18 (ਬੀ) | 1.41 | ਸਾਈਟ ਨੂੰ ਨੈਸ਼ਨਲ ਹਾਈਵੇ ਤੋਂ ਉਚਿੱਤ ਪਹੁੰਚ ਮੁਹੱਈਆ ਕਰਵਾਉਣ ਲਈ, ਪ੍ਰਾਈਵੇਟ ਜ਼ਮੀਨ ਮਾਲਕਾਂ ਤੋਂ ਨਾਲ ਲਗਦੀ ਜ਼ਮੀਨ ਗ੍ਰਹਿਣ ਕਰਨ/ ਖਰੀਦਣ ਦੇ ਯਤਨ ਕੀਤੇ ਜਾ ਰਹੇ ਹਨ। | ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਪੁੱਡਾ, ਸਾਈਟ ਨੂੰ ਨਿਲਾਮੀ ਲਈ ਰੱਖਣ ਤੋਂ ਪਹਿਲਾਂ ਵਿਕਾਸ ਦੇ ਕੰਮਾਂ ਦੀ ਪੂਰਤੀ ਨੂੰ ਯਕੀਨੀ ਬਣਾਉਣ ਵਿੱਚ ਅਸਫਲ ਰਿਹਾ। |

| ਲੜੀ ਨੰ. | ਅਥਾਰਿਟੀ ਦਾ ਨਾਂਅ | ਲੜੀ ਨੰ. | ਸਾਈਟ ਦਾ ਨਾਂਅ | ਏਰੀਆ ( ਏਕੜ ਵਿੱਚ) | ਪੁੱਡਾ ਨੂੰ ਜਮੀਨ ਟਰਾਂਸਫਰ ਕਰਨ ਦੀ ਮਿਤੀ | ਯੋਜਨਾਬੰਦੀ* | ਸਕੀਮ/ਨਿਲਾਮੀ ਸ਼ੁਰੂ ਕਰਨ ਦੀ ਮਿਤੀ (ਬਰੈਕਟ ਵਿੱਚ ਅੰਕੜੇ ਨਿਲਾਮੀਆਂ ਦੀ ਗਿਣਤੀ ਨੂੰ ਦਰਸਾਉਂਦੇ ਹਨ) | ਖਾਲੀ ਸਾਈਟਾਂ ਦੀ ਤਾਜਾ ਸਥਿਤੀ (ਪ੍ਰਤੀਸ਼ਤ) | ਸਾਈਟਾਂ ਦੇ ਵਿਕਾਸ ਤੇ ਖਰਚਾ (₹ ਕਰੋੜ ਵਿੱਚ) | ਵਿਭਾਗ ਦਾ ਉੱਤਰ | ਲੇਖਾ ਪ੍ਰੀਖਿਆ ਦੀ ਟਿੱਪਣੀ |
|---|---|---|---|---|---|---|---|---|---|---|---|
| | | 3. | ਆਰਮੀ ਕੈਂਟੋਨਮੈਂਟ/ ਪੀਰ ਚੌਧਰੀ, ਕਪੂਰਥਲਾ (ਜੇ ਡੀ ਏ) | 10.17 | ਦਸੰਬਰ 2000 | 81 (ਆਰ ਪੀ)<br>10 (ਬੀ) | ਫਰਵਰੀ 2013 ਤੋਂ ਨਵੰਬਰ 2016 (2) | 61 (ਆਰ ਪੀ)<br>10 (ਬੀ) | 0.82 | ਜਿਲ੍ਹਾ ਪ੍ਰਸ਼ਾਸਨ ਦੇ ਪੱਧਰ ਤੇ ਨਿਸ਼ਾਨਦਈ ਕਰਨ ਲਈ ਕਮੇਟੀ ਦਾ ਗਠਨ ਕੀਤਾ ਗਿਆ ਹੈ। | ਵਿਭਾਗ ਦਾ ਉੱਤਰ ਤਸੱਲੀਬਖਸ਼ ਨਹੀਂ ਸੀ ਕਿਉਂਕਿ ਇਹ ਈ ਸੀ/ਪੁੱਡਾ ਦੀ ਜਿੰਮੇਵਾਰੀ ਸੀ ਕਿ ਸਕੀਮ ਲਾਗੂ ਕਰਨ ਤੋਂ ਪਹਿਲਾਂ ਜਮੀਨ ਦੇ ਕਲੀਅਰ ਟਾਈਟਲ ਨੂੰ ਯਕੀਨੀ ਬਣਾਇਆ ਜਾਂਦਾ। |
| | | 4. | ਡੀ ਆਈ ਈ ਟੀ, ਕਪੂਰਥਲਾ (ਜੇ ਡੀ ਏ) | 6.80 | ਨਵੰਬਰ 2000 | 74 (ਆਰ ਪੀ)<br>11 (ਐਸ ਸੀ ਓ)<br>30 (ਬੀ) | ਮਾਰਚ 2001 ਤੋਂ ਜੂਨ 2016 (10) | 51(ਆਰ ਪੀ)<br>5 (ਐਸ ਸੀ ਓ)<br>17(ਬੀ) | 0.78 | ਸਾਈਟ ਦੇ ਰੇਟਾਂ ਵਿੱਚ ਸੋਧ ਕਰਨ ਲਈ ਮਾਮਲੇ ਵਿੱਚ ਕਾਰਵਾਈ ਕੀਤੀ ਜਾ ਰਹੀ ਸੀ। ਜਦੋਂ ਹੀ ਰੇਟ ਸੋਧੇ ਜਾਂਦੇ ਹਨ, ਸਾਈਟ ਦੁਬਾਰਾ ਨਿਲਾਮੀ ਲਈ ਰੱਖੀ ਜਾਵੇਗੀ। | ਉੱਤਰ ਮੰਨਣਯੋਗ ਨਹੀਂ ਸੀ ਕਿਉਂਜੋ ਸਾਈਟ ਦੀ ਦਸ ਵਾਰੀ ਨਿਲਾਮੀ ਕਰਨ ਦੇ ਬਾਵਜੂਦ ਵੀ ਸਾਈਟ ਲਈ ਹੁੰਗਾਰਾ ਬਹੁਤ ਘੱਟ ਸੀ। ਇਸ ਤੋਂ ਇਲਾਵਾ, ਸਮਾਂ ਬੀਤਣ ਨਾਲ ਵਿਕਾਸ ਦੇ ਕੰਮ ਵੀ ਖਰਾਬ ਹੋ ਜਾਣਗੇ। |
| 2. | ਗਲਾਡਾ | 5. | ਸ਼ੂਗਰ ਮਿਲ, ਜਗਰਾਓਂ (ਗਲਾਡਾ) | 94.72 | ਸਤੰਬਰ 2011 | 700 (ਆਰ ਪੀ) | ਨਵੰਬਰ 2012 ਤੋਂ ਫਰਵਰੀ 2016 (2) | 313 (ਆਰ ਪੀ) | 25.87 | ਬਾਕੀ ਰਹਿੰਦੇ 313 ਰਿਹਾਇਸ਼ੀ ਪਲਾਟ ਨੇੜਲੇ ਭਵਿੱਖ ਵਿੱਚ ਵੇਚੇ ਜਾਣਗੇ। | ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਫਰਵਰੀ 2016 ਤੋਂ ਬਾਅਦ ਸਬੰਧਿਤ ਅਥਾਰਟੀ ਦੇ ਕਾਰਵਾਈ ਨਾ ਕਰਨ ਦੇ ਨਤੀਜੇ ਵਜੋਂ ਪੂਰੀ ਸਾਈਟ ਦਾ ਨਿਪਟਾਰਾ ਨਹੀਂ ਹੋਇਆ। |

| ਲੜੀ ਨੰ. | ਅਥਾਰਿਟੀ ਦਾ ਨਾਂਅ | ਲੜੀ ਨੰ. | ਸਾਈਟ ਦਾ ਨਾਂਅ | ਏਰੀਆ ( ਏਕੜ ਵਿੱਚ) | ਪੁੱਡਾ ਨੂੰ ਜਮੀਨ ਟਰਾਂਸਫਰ ਕਰਨ ਦੀ ਮਿਤੀ | ਯੋਜਨਾਬੰਦੀ* | ਸਕੀਮ/ਨਿਲਾਮੀ ਸ਼ੁਰੂ ਕਰਨ ਦੀ ਮਿਤੀ (ਬਰੈਕਟ ਵਿੱਚ ਅੰਕੜੇ ਨਿਲਾਮੀਆਂ ਦੀ ਗਿਣਤੀ ਨੂੰ ਦਰਸਾਉਂਦੇ ਹਨ) | ਖਾਲੀ ਸਾਈਟਾਂ ਦੀ ਤਾਜਾ ਸਥਿਤੀ (ਪ੍ਰਤੀਸ਼ਤ) | ਸਾਈਟਾਂ ਦੇ ਵਿਕਾਸ ਤੇ ਖਰਚਾ (₹ ਕਰੋੜ ਵਿੱਚ) | ਵਿਭਾਗ ਦਾ ਉੱਤਰ | ਲੇਖਾ ਪ੍ਰੀਖਿਆ ਦੀ ਟਿੱਪਣੀ |
|---|---|---|---|---|---|---|---|---|---|---|---|
| 3. | ਪੀ ਡੀ ਏ | 6. | ਮਹਿਮਾਨ ਖਾਨਾ ਹੋਟਲ ਸਾਈਟ ਨੇੜੇ ਰੇਲਵੇ ਸਟੇਸ਼ਨ, ਪਟਿਆਲਾ (ਪੀ ਡੀ ਏ) | 2.31 | ਜੁਲਾਈ 2000 | 42 (ਬੀ)<br>21<br>(ਐਸ ਸੀ ਓ) | ਜੂਨ 2014 ਤੋਂ ਅਗਸਤ 2019<br>(9) | 18 (ਬੀ)<br>21<br>(ਐਸ ਸੀ ਓ) | 1.71 | ਰੇਟਾਂ ਨੂੰ ਹੋਰ 20 *ਪ੍ਰਤੀਸ਼ਤ* ਘਟਾਉਣ ਵਾਸਤੇ ਵਿੱਤ ਅਤੇ ਲੇਖਾ ਕਮੇਟੀ ਪੁੱਡਾ ਦੇ ਵਿਚਾਰਨ ਲਈ ਏਜੰਡਾ ਭੇਜਿਆ ਗਿਆ ਹੈ। | ਬਕਾਇਆ ਜਾਇਦਾਦਾਂ ਦੀ ਵਿਕਰੀ ਦਾ ਲੇਖਾ ਪ੍ਰੀਖਿਆ ਵਿੱਚ ਇੰਤਜਾਰ ਰਹੇਗਾ। |
| | | 7. | ਓਪਨ ਜੇਲ੍ਹ, ਨਾਭਾ (ਪੀ ਡੀ ਏ) | 100 .00 | ਸਤੰਬਰ 2013 | 280 (ਆਰ ਪੀ)<br>47 (ਸੀ) =<br>01 ਡਿਸਪੈਂਸਰੀ | ਦਸੰਬਰ 2014<br>ਤੋਂ<br>ਜਨਵਰੀ 2016<br>(3) | 230 (ਆਰ ਪੀ)<br>47 (ਸੀ)<br>01 ਡਿਸਪੈਂਸਰੀ<br>(ਅਣ-ਵਿਕਸਤ) | 6.47 | ਸਾਈਟ 2015 ਵਿੱਚ ਡਰਾਅ ਦੁਆਰਾ ਵੇਚੀ ਗਈ ਸੀ ਜਿਸਦੇ ਵਿੱਚ 101 ਪਲਾਟ ਵੇਚੇ ਗਏ ਸਨ, ਜੋਕਿ ਦਰਸਾਉਂਦਾ ਹੈ ਕਿ ਉਸ ਸਮੇਂ ਮੰਗ ਸੀ। ਜਦੋਂਕਿ ਮੰਗ ਅਨਿਯਮਿਤਾਵਾਂ ਅਤੇ ਹੋਰ ਅਣਕਿਆਸੇ ਕਾਰਣਾਂ ਕਰਕੇ ਪਲਾਟ ਸਪੁਰਦ ਕਰ ਦਿੱਤੇ ਗਏ ਸਨ। | ਸੀ ਏ, ਪੁੱਡਾ ਦਾ ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ 82 *ਪ੍ਰਤੀਸ਼ਤ* ਰਿਹਾਇਸ਼ੀ ਪਲਾਟ ਅਤੇ 100 *ਪ੍ਰਤੀਸ਼ਤ* ਕਮਰਸ਼ੀਅਲ ਸਾਈਟਾਂ ਸਬੰਧਤ ਅਥਾਰਿਟੀ ਦੁਆਰਾ ਵਿਕਾਸਮਈ ਕੰਮਾਂ ਨੂੰ ਸਾਈਟ ਦੀਆਂ ਜਰੂਰਤਾਂ ਦੇ ਅਨੁਸਾਰ ਪਲਾਨ ਨਾ ਕਰਨ ਦੀ ਅਸਫਲਤਾ ਕਰਕੇ ਅਣਵਿਕੀਆਂ ਰਹਿ ਗਈਆਂ। |
| | | 8. | ਸੀਨੀਅਰ ਸੈਕੰਡਰੀ ਸਕੂਲ, ਅਮਰਗੜ੍ਹ (ਪੀ ਡੀ ਏ) | 19.50 | ਸਤੰਬਰ 2010 | 178 (ਆਰ ਪੀ)<br>31(ਸੀ) | ਜਨਵਰੀ 2011<br>ਤੋਂ<br>ਨਵੰਬਰ 2019<br>(14) | 142 (ਆਰ ਪੀ)<br>20 (ਸੀ) | 3.92 | ਪਾਲਿਸੀ ਦੇ ਅਨੁਸਾਰ ਰੇਟ ਘੱਟ ਕਰਨ ਦਾ ਪ੍ਰਸਤਾਵ ਸਮੱਰਥ ਅਥਾਰਿਟੀ ਕੋਲ ਪੇਸ਼ ਕੀਤਾ ਜਾ ਰਿਹਾ ਸੀ। | ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਤਰਕਸੰਗਤ ਰਾਖਵੀਂ ਕੀਮਤ ਨਿਰਧਾਰਤ ਨਾ ਕੀਤੇ ਜਾਣ ਕਾਰਣ ਨਿਲਾਮੀ 14 ਵਾਰ ਅਸਫਲ ਰਹੀ ਸੀ। |

| ਲੜੀ ਨੰ. | ਅਥਾਰਿਟੀ ਦਾ ਨਾਂਅ | ਲੜੀ ਨੰ. | ਸਾਈਟ ਦਾ ਨਾਂਅ | ਏਰੀਆ ( ਏਕੜ ਵਿੱਚ) | ਪੁੱਡਾ ਨੂੰ ਜਮੀਨ ਟਰਾਂਸਫਰ ਕਰਨ ਦੀ ਮਿਤੀ | ਯੋਜਨਾਬੰਦੀ* | ਸਕੀਮ/ਨਿਲਾਮੀ ਸ਼ੁਰੂ ਕਰਨ ਦੀ ਮਿਤੀ (ਬਰੈਕਟ ਵਿੱਚ ਅੰਕੜੇ ਨਿਲਾਮੀਆਂ ਦੀ ਗਿਣਤੀ ਨੂੰ ਦਰਸਾਉਂਦੇ ਹਨ) | ਖਾਲੀ ਸਾਈਟਾਂ ਦੀ ਤਾਜਾ ਸਥਿਤੀ (ਪ੍ਰਤੀਸ਼ਤ) | ਸਾਈਟਾਂ ਦੇ ਵਿਕਾਸ ਤੇ ਖਰਚਾ (₹ ਕਰੋੜ ਵਿੱਚ) | ਵਿਭਾਗ ਦਾ ਉੱਤਰ | ਲੇਖਾ ਪ੍ਰੀਖਿਆ ਦੀ ਟਿੱਪਣੀ |
|---|---|---|---|---|---|---|---|---|---|---|---|
| | | 9. | ਦੇਵੀਗੜ੍ਹ ਮੰਡਲ | 15.90 | ਮਈ 2000 | 77 (ਐਸ ਸੀ ਓ) ਬਹੁ ਮੰਜਿਲਾ ਮਕਾਨਾਂ ਲਈ 3.5 ਅਤੇ 3.2 ਏਕੜ ਰਾਖਵੀਆਂ ਚੰਕ ਸਾਈਟਾਂ | ਜੁਲਾਈ 2012 ਤੋਂ ਨਵੰਬਰ 2016 (5) | 49 (ਐਸ ਸੀ ਓ) ਬਹੁ ਮੰਜਿਲਾ ਮਕਾਨਾਂ ਲਈ 3.5 ਅਤੇ 3.2 ਏਕੜ ਰਾਖਵੀਆਂ ਚੰਕ ਸਾਈਟਾਂ | 6.22 | ਪੁਨਰ-ਯੋਜਨਾਬੰਦੀ ਜਲਦੀ ਕੀਤੀ ਜਾਵੇਗੀ ਅਤੇ ਸਾਈਟ ਨਿਲਾਮੀ ਲਈ ਰੱਖੀ ਜਾਵੇਗੀ। | ਅਣਵਿਕੀਆਂ ਜਾਇਦਾਦਾਂ ਦੇ ਨਿਪਟਾਰੇ ਦਾ ਲੇਖਾ ਪ੍ਰੀਖਿਆ ਨੂੰ ਇੰਤਜਾਰ ਸੀ। |
| 4. | ਏ ਡੀ ਏ | 10. | ਪੁਰਾਣਾ ਸਿਵਲ ਹਸਪਤਾਲ, ਬਟਾਲਾ | 1.47 | ਜੁਲਾਈ 2011 | 09 (ਐਸ ਸੀ ਓ) 27 (ਐਸ) 01 ਟਾਇਲਟ ਬਲਾਕ | ਜੁਲਾਈ -2015 ਤੋਂ ਅਪ੍ਰੈਲ-2016 (2) | 01 (ਐਸ ਸੀ ਓ) 10 (ਐਸ) 01 ਟਾਇਲਟ ਬਲਾਕ | 0.58 | ਸਾਈਟ ਦੀ ਨਿਗਰਾਨੀ ਕਰਨ ਅਤੇ ਸਾਈਟ ਨੂੰ ਕੂੜਾ ਕਰਕਟ ਤੋਂ ਮੁਕਤ ਕਰਨ ਲਈ ਲੋੜੀਂਦਾ ਸਿਕਿਓਰਟੀ ਅਮਲਾ ਤੈਨਾਤ ਕੀਤਾ ਜਾ ਚੁੱਕਾ ਹੈ। | ਸੀ ਏ, ਪੁੱਡਾ ਦਾ ਜਵਾਬ ਮੰਨਣਯੋਗ ਨਹੀਂ ਸੀ ਕਿਉਂਕਿ ਸਬੰਧਿਤ ਅਥਾਰਿਟੀ ਨੇ ਸਾਈਟ ਤੇ ਕੂੜਾ ਕਰਕਟ ਦੀ ਸਫਾਈ ਹੋਣ ਦੇ ਬਾਵਜੂਦ ਪਲਾਟਾਂ ਦੇ ਨਿਪਟਾਰਾ ਨਾ ਹੋਣ ਦੇ ਕਾਰਣ ਨਹੀਂ ਦੱਸੇ। |

| ਲੜੀ ਨੰ. | ਅਥਾਰਿਟੀ ਦਾ ਨਾਂਅ | ਲੜੀ ਨੰ. | ਸਾਈਟ ਦਾ ਨਾਂਅ | ਏਰੀਆ ( ਏਕੜ ਵਿੱਚ) | ਪੁੱਡਾ ਨੂੰ ਜਮੀਨ ਟਰਾਂਸਫਰ ਕਰਨ ਦੀ ਮਿਤੀ | ਯੋਜਨਾਬੰਦੀ* | ਸਕੀਮ/ਨਿਲਾਮੀ ਸ਼ੁਰੂ ਕਰਨ ਦੀ ਮਿਤੀ (ਬਰੈਕਟ ਵਿੱਚ ਅੰਕੜੇ ਨਿਲਾਮੀਆਂ ਦੀ ਗਿਣਤੀ ਨੂੰ ਦਰਸਾਉਂਦੇ ਹਨ) | ਖਾਲੀ ਸਾਈਟਾਂ ਦੀ ਤਾਜਾ ਸਥਿਤੀ (ਪ੍ਰਤੀਸ਼ਤ) | ਸਾਈਟਾਂ ਦੇ ਵਿਕਾਸ ਤੇ ਖਰਚਾ (₹ ਕਰੋੜ ਵਿੱਚ) | ਵਿਭਾਗ ਦਾ ਉੱਤਰ | ਲੇਖਾ ਪ੍ਰੀਖਿਆ ਦੀ ਟਿੱਪਣੀ |
|---|---|---|---|---|---|---|---|---|---|---|---|
| | | 11. | ਬੇਲ ਅਹਾਤਾ | 0.55 | ਮਾਰਚ 2005 | 21 (ਐਸ ਸੀ ਓ) | ਅਪ੍ਰੈਲ 2008 | 15 (ਐਸ ਸੀ ਓ) | 0.21 | ਬੇਲ ਆਹਾਤਾ ਸਾਈਟ ਤੇ ਸੀਵਰੇਜ ਬੋਰਡ ਦੁਆਰਾ ਸੀਵਰ ਲਾਈਨ ਵਿਛਾਏ ਜਾਣ ਦੌਰਾਨ ਵਿਕਾਸ ਕੰਮਾਂ ਵਿੱਚ ਵਿਘਨ ਪਿਆ ਸੀ। ਸਾਈਟਾਂ ਦੇ ਪੁਨਰ ਵਿਕਾਸ ਤੋਂ ਬਾਅਦ ਸਾਈਟ ਦੀ ਮੁੜ ਨਿਲਾਮੀ ਕੀਤੀ ਜਾਵੇਗੀ। | ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਸੀਵਰੇਜ ਲਾਈਨ ਵਿਛਾਉਣ ਲਈ ਸੀਵਰੇਜ ਬੋਰਡ (ਐਮ ਸੀ) ਵੱਲੋਂ ਡਿਪਾਜ਼ਿਟਸ ਯਕੀਨੀ ਬਣਾਉਣਾ ਪੁੱਡਾ ਦੀ ਜਿੰਮੇਵਾਰੀ ਸੀ। ਇਸ ਤਰ੍ਹਾਂ, ਪੁੱਡਾ ਦੀ ਆਪਣੀ ਜਾਇਦਾਦ ਬਚਾਉਣ ਵਿੱਚ ਅਸਫਲਤਾ ਕਾਰਣ, 71 *ਪ੍ਰਤੀਸ਼ਤ* ਐਸ ਸੀ ਓਜ਼ ਦਾ ਨਿਪਟਾਰਾ ਨਹੀਂ ਹੋਇਆ। |

| ਲੜੀ ਨੰ. | ਅਥਾਰਿਟੀ ਦਾ ਨਾਂਅ | ਲੜੀ ਨੰ. | ਸਾਈਟ ਦਾ ਨਾਂਅ | ਏਰੀਆ ( ਏਕੜ ਵਿੱਚ) | ਪੁੱਡਾ ਨੂੰ ਜਮੀਨ ਟਰਾਂਸਫਰ ਕਰਨ ਦੀ ਮਿਤੀ | ਯੋਜਨਾਬੰਦੀ* | ਸਕੀਮ/ਨਿਲਾਮੀ ਸ਼ੁਰੂ ਕਰਨ ਦੀ ਮਿਤੀ (ਬਰੈਕਟ ਵਿੱਚ ਅੰਕੜੇ ਨਿਲਾਮੀਆਂ ਦੀ ਗਿਣਤੀ ਨੂੰ ਦਰਸਾਉਂਦੇ ਹਨ) | ਖਾਲੀ ਸਾਈਟਾਂ ਦੀ ਤਾਜਾ ਸਥਿਤੀ (ਪ੍ਰਤੀਸ਼ਤ) | ਸਾਈਟਾਂ ਦੇ ਵਿਕਾਸ ਤੇ ਖਰਚਾ (₹ ਕਰੋੜ ਵਿੱਚ) | ਵਿਭਾਗ ਦਾ ਉੱਤਰ | ਲੇਖਾ ਪ੍ਰੀਖਿਆ ਦੀ ਟਿੱਪਣੀ |
|---|---|---|---|---|---|---|---|---|---|---|---|
| | | 12. | ਮਿਲਕ ਯੂਨੀਅਨ ਸਾਈਟ ਵੇਰਕਾ | 3.67 | ਫਰਵਰੀ 2010 | 31 (ਐਸ ਸੀ ਓ) 07 (ਐਸ) 01 ਮਲਟੀਪਲ ਯੂਜ਼ ਸਾਈਟ | ਜੁਲਾਈ 2011 ਤੋਂ ਅਪਰੈਲ 2012 (3) | 12 (ਐਸ ਸੀ ਓ), 02 (ਐਸ) ਅਤੇ 01 ਮਲਟੀਪਲ ਯੂਜ਼ ਸਾਈਟ | 1.07 | ਸਾਈਟ ਨੂੰ ਕੂੜਾ ਕਰਕਟ ਤੋਂ ਮੁਕਤ ਕਰ ਦਿੱਤਾ ਗਿਆ ਹੈ ਅਤੇ ਸਾਈਟ ਦੇ ਵਿਕਾਸ ਤੋਂ ਬਾਅਦ ਇਸ ਦੀ ਦੁਬਾਰਾ ਨਿਲਾਮੀ ਕੀਤੀ ਜਾਵੇਗੀ। | ਸੀ ਏ ਦਾ ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਇਹ ਸਬੰਧਿਤ ਅਥਾਰਟੀ ਦੀ ਜ਼ਿੰਮੇਵਾਰੀ ਸੀ ਕਿ ਵਿਕਾਸ ਕੀਤੀ ਖਾਲੀ ਪਈ ਸਾਈਟ ਦੀ ਕੂੜਾ ਕਰਕਟ ਤੋਂ ਸੰਭਾਲ ਕਰੇ। ਅੱਗੇ, ਕੂੜਾ ਕਰਕਟ ਦੀ ਸਫਾਈ ਤੇ ₹ 3.56 ਲੱਖ ਖਰਚ ਕਰਨ ਦੇ ਬਾਵਜੂਦ ਬਾਕੀ ਰਹਿੰਦੀਆਂ ਜਾਇਦਾਦਾਂ ਅਜੇ ਵੀ ਅਣਵਿਕੀਆਂ ਪਈਆਂ ਸਨ। ਸਾਈਟ ਦੇ ਨਿਪਟਾਰੇ ਦੀ ਲੇਖਾ ਪ੍ਰੀਖਿਆ ਵਿੱਚ ਉਡੀਕ ਕੀਤੀ ਜਾਵੇਗੀ। |

| ਲੜੀ ਨੰ. | ਅਥਾਰਿਟੀ ਦਾ ਨਾਂਅ | ਲੜੀ ਨੰ. | ਸਾਈਟ ਦਾ ਨਾਂਅ | ਏਰੀਆ ( ਏਕੜ ਵਿੱਚ) | ਪੁੱਡਾ ਨੂੰ ਜਮੀਨ ਟਰਾਂਸਫਰ ਕਰਨ ਦੀ ਮਿਤੀ | ਯੋਜਨਾਬੰਦੀ* | ਸਕੀਮ/ਨਿਲਾਮੀ ਸ਼ੁਰੂ ਕਰਨ ਦੀ ਮਿਤੀ (ਬਰੈਕਟ ਵਿੱਚ ਅੰਕੜੇ ਨਿਲਾਮੀਆਂ ਦੀ ਗਿਣਤੀ ਨੂੰ ਦਰਸਾਉਂਦੇ ਹਨ) | ਖਾਲੀ ਸਾਈਟਾਂ ਦੀ ਤਾਜਾ ਸਥਿਤੀ (ਪ੍ਰਤੀਸ਼ਤ) | ਸਾਈਟਾਂ ਦੇ ਵਿਕਾਸ ਤੇ ਖਰਚਾ (₹ ਕਰੋੜ ਵਿੱਚ) | ਵਿਭਾਗ ਦਾ ਉੱਤਰ | ਲੇਖਾ ਪ੍ਰੀਖਿਆ ਦੀ ਟਿੱਪਣੀ |
|---|---|---|---|---|---|---|---|---|---|---|---|
| 5. | ਬੀ ਡੀ ਏ | 13. | ਐਸ ਡੀ ਐਮ ਰੈਜ਼ੀਡੈਂਸ, ਫਾਜ਼ਿਲਕਾ | 6 .40 | ਅਕਤੂਬਰ 2006 ਕਬਜ਼ਾ ਮਈ 2010 | 70 (ਆਰ ਪੀ) 10 (ਸੀ) 01 ਚੰਕ ਸਾਈਟ | 2011 ਤੋਂ 2018 (4) | 50 (ਆਰ ਪੀ) 10 (ਸੀ) ਅਤੇ 01 ਚੰਕ ਸਾਈਟ | 1.60 | 70 ਪਲਾਟਾਂ ਵਿੱਚੋਂ 56 ਪਲਾਟਾਂ ਦੇ ਡਰਾਅ ਕੱਢੇ ਗਏ ਸਨ, ਜਿਸ ਵਿੱਚੋਂ 52 ਪਲਾਟ ਅਲਾਟ ਕਰ ਦਿੱਤੇ ਗਏ ਸਨ। ਸਾਲ 2016 ਵਿੱਚ ਕੀਤੀ ਨਿਲਾਮੀ ਵਿੱਚ ਕੋਈ ਵੀ ਸਾਈਟ ਵੇਚੀ ਨਹੀਂ ਜਾ ਸਕੀ ਸੀ। ਹੁਣ ਕੇਵਲ 20 ਪਲਾਟ ਵੇਚੇ ਜਾ ਚੁੱਕੇ ਹਨ। ਜਦੋਂਕਿ ਬਾਕੀ ਅਲਾਟੀਆਂ ਨੇ ਪਲਾਟ ਸਰੈਂਡਰ ਕਰ ਦਿੱਤੇ ਸਨ। | ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਇੱਕ ਸਾਈਟ ਦਾ ਵਿਕਾਸ ਨਾ ਹੋਣ ਕਰਕੇ ਪਲਾਟਾਂ ਦੇ ਸਰੈਂਡਰ ਹੋਣ ਕਾਰਣ ਬਾਕੀ ਰਹਿੰਦੇ ਪਲਾਟਾਂ ਦੀ ਵਿਕਰੀ ਦੀ ਸੰਭਾਵਨਾ ਨਿਰਉਤਸ਼ਾਹਿਤ ਹੋਈ। |
| | | 14. | ਮਾਨਸਾ ਵਿਖੇ ਰਿਹਾਇਸ਼ੀ ਪਾਕਿਟ 52 ਏਕੜ ਜਮੀਨ | 52.00 | ਅਗਸਤ 2012 | 331 (ਆਰ ਪੀ) 02 ਚੰਕ ਸਾਈਟਾਂ | 2014 ਤੋਂ 2016 (2) | 267 (ਆਰ ਪੀ) 02 ਚੰਕ ਸਾਈਟਾਂ | 18.41 | ਵਿਕਾਸ ਦੇ ਕੰਮਾਂ ਵਿੱਚ ਦੇਰੀ ਕਰਕੇ ਜਿਆਦਾਤਰ ਅਲਾਟੀਆਂ ਨੇ ਆਪਣੇ ਪਲਾਟ ਸਰੈਂਡਰ ਕਰ ਦਿੱਤੇ ਹਨ। ਇਸ ਵੇਲੇ ਅਲਾਟ ਹੋਏ 64 ਪਲਾਟ ਬਚੇ ਹਨ। | ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ 81 *ਪ੍ਰਤੀਸ਼ਤ* ਪਲਾਟਾਂ ਦੇ ਅਣਵਿਕੇ ਰਹਿਣ ਦਾ ਮੁੱਖ ਕਾਰਣ ਉੱਚੀ ਰਿਜ਼ਰਵ ਕੀਮਤ (₹ 7000/- ਪ੍ਰਤੀ ਵਰਗ ਗਜ਼) ਫਿਕਸ ਹੋਣਾ ਸੀ, ਜਦੋਂਕਿ ਤਜਰਬੇਕਾਰਾਂ ਦਾ ਕਹਿਣਾ ਸੀ ਕਿ ₹ 4000/- ਪ੍ਰਤੀ ਵਰਗ ਗਜ਼ ਤੋਂ ਵੱਧ ਰਿਜ਼ਰਵ ਕੀਮਤ ਨਹੀਂ ਲਈ ਜਾ ਸਕਦੀ। |

| ਲੜੀ ਨੰ. | ਅਥਾਰਿਟੀ ਦਾ ਨਾਂਅ | ਲੜੀ ਨੰ. | ਸਾਈਟ ਦਾ ਨਾਂਅ | ਏਰੀਆ ( ਏਕੜ ਵਿੱਚ) | ਪੁੱਡਾ ਨੂੰ ਜਮੀਨ ਟਰਾਂਸਫਰ ਕਰਨ ਦੀ ਮਿਤੀ | ਯੋਜਨਾਬੰਦੀ* | ਸਕੀਮ/ਨਿਲਾਮੀ ਸ਼ੁਰੂ ਕਰਨ ਦੀ ਮਿਤੀ (ਬਰੈਕਟ ਵਿੱਚ ਅੰਕੜੇ ਨਿਲਾਮੀਆਂ ਦੀ ਗਿਣਤੀ ਨੂੰ ਦਰਸਾਉਂਦੇ ਹਨ) | ਖਾਲੀ ਸਾਈਟਾਂ ਦੀ ਤਾਜਾ ਸਥਿਤੀ (ਪ੍ਰਤੀਸ਼ਤ) | ਸਾਈਟਾਂ ਦੇ ਵਿਕਾਸ ਤੇ ਖਰਚਾ (₹ ਕਰੋੜ ਵਿੱਚ) | ਵਿਭਾਗ ਦਾ ਉੱਤਰ | ਲੇਖਾ ਪ੍ਰੀਖਿਆ ਦੀ ਟਿੱਪਣੀ |
|---|---|---|---|---|---|---|---|---|---|---|---|
| | | 15. | ਫੂਡ ਸਪਲਾਈ ਵਿਭਾਗ ਅਤੇ ਵੂਮੈਨ ਪੁਲਿਸ ਸਟੇਸ਼ਨ, ਮਾਨਸਾ | 1.13 | ਜੁਲਾਈ 2013 | 31 (ਡੀ ਐਸ ਐਸ) | ਅਗਸਤ 2016 ਤੋਂ ਨਵੰਬਰ 2016 (2) | 28 (ਡੀ ਐਸ ਐਸ) | 0.66 | ਲੋਕਾਂ ਵਲੋਂ ਘੱਟ ਹੁੰਗਾਰਾ ਮਿਲਣ ਕਰਕੇ ਨਿਲਾਮੀਆਂ ਅਸਫਲ ਰਹੀਆਂ ਸਨ। ਬਾਕੀ ਰਹਿੰਦੀਆਂ ਸਾਈਟਾਂ ਵੇਚਣ ਦੀਆਂ ਕੋਸ਼ਿਸਾਂ ਕੀਤੀਆਂ ਜਾ ਰਹੀਆਂ ਹਨ। | ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਨਿਲਾਮੀ ਪਾਲਿਸੀ ਅਨੁਸਾਰ 20 *ਪ੍ਰਤੀਸ਼ਤ* ਰਿਜ਼ਰਵ ਕੀਮਤ ਘਟਾਉਣ ਉਪਰੰਤ ਨਵੰਬਰ 2016 ਤੋਂ ਬਾਅਦ ਕੋਈ ਨਿਲਾਮੀ ਨਹੀਂ ਹੋਈ ਸੀ। |
| | | 16. | ਮਿਲਕ ਪਲਾਂਟ ਸਾਈਟ, ਬਠਿੰਡਾ | 11.30 | ਅਕਤੂਬਰ 2009 | 105 (ਆਰ ਪੀ) 25 (ਸੀ) 01 ਚੰਕ ਸਾਈਟ | ਦਸੰਬਰ 2010 ਤੋਂ ਅਕਤੂਬਰ 2019 (9) | 55 (ਆਰ ਪੀ) 25 (ਸੀ) 01 ਚੰਕ ਸਾਈਟ | 3.00 | ਰੇਲਵੇ ਓਵਰ ਬ੍ਰਿਜ ਦੇ ਨਿਰਮਾਣ ਕਾਰਣ ਸਾਈਟ ਤੇ ਅਸਰ ਪਿਆ। ਸਾਈਟ ਦੀ ਮੁੜ ਯੋਜਨਾਬੰਦੀ ਟਾਊਨ ਯੋਜਨਾਬੰਦੀ ਵਿਭਾਗ ਕੋਲ ਵਿਚਾਰ ਅਧੀਨ ਸੀ। | ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਰੇਲਵੇ ਵਿਭਾਗ ਦੇ ਨਾਲ ਤਾਲਮੇਲ ਨਾ ਹੋਣ ਕਰਕੇ ਬਾਕੀ ਰਹਿੰਦੇ ਪਲਾਟਾਂ ਦਾ ਨਿਪਟਾਰਾ ਨਹੀਂ ਹੋਇਆ। |
| | | 17. | ਕੈਨਾਲ ਕਲੋਨੀ ਸਾਈਟ, ਬਠਿੰਡਾ | 10.83 (5.76 ਏਕੜ+ 5.07 ਏਕੜ) | ਮਈ 2010 | 15 (ਐਸ ਸੀ ਓ) 01 ਚੰਕ ਸਾਈਟ | ਨਵੰਬਰ 2010 ਤੋਂ ਜਨਵਰੀ 2015 (8) | 15 (ਐਸ ਸੀ ਓ) | 0.08 | ਬਾਕੀ ਰਹਿੰਦੀਆਂ ਸਾਈਟਾਂ ਦੀ ਵਿਕਰੀ ਕਰਨ ਦੇ ਯਤਨ ਕੀਤੇ ਜਾ ਰਹੇ ਹਨ। | ਤੱਥ ਇਹ ਰਿਹਾ ਕਿ ਸਕੀਮ ਕੱਢਣ ਤੋਂ ਪਹਿਲਾਂ ਡਿਮਾਂਡ ਸਰਵੇ ਨਾ ਹੋਣ ਕਰਕੇ 100 *ਪ੍ਰਤੀਸ਼ਤ* ਐਸ ਸੀ ਓਜ਼ ਅਣਵਿਕੇ ਪਏ ਸਨ। |

| ਲੜੀ ਨੰ. | ਅਥਾਰਿਟੀ ਦਾ ਨਾਂਅ | ਲੜੀ ਨੰ. | ਸਾਈਟ ਦਾ ਨਾਂਅ | ਏਰੀਆ ( ਏਕੜ ਵਿੱਚ) | ਪੁੱਡਾ ਨੂੰ ਜਮੀਨ ਟਰਾਂਸਫਰ ਕਰਨ ਦੀ ਮਿਤੀ | ਯੋਜਨਾਬੰਦੀ* | ਸਕੀਮ/ਨਿਲਾਮੀ ਸ਼ੁਰੂ ਕਰਨ ਦੀ ਮਿਤੀ (ਬਰੈਕਟ ਵਿੱਚ ਅੰਕੜੇ ਨਿਲਾਮੀਆਂ ਦੀ ਗਿਣਤੀ ਨੂੰ ਦਰਸਾਉਂਦੇ ਹਨ) | ਖਾਲੀ ਸਾਈਟਾਂ ਦੀ ਤਾਜਾ ਸਥਿਤੀ (ਪ੍ਰਤੀਸ਼ਤ) | ਸਾਈਟਾਂ ਦੇ ਵਿਕਾਸ ਤੇ ਖਰਚਾ (₹ ਕਰੋੜ ਵਿੱਚ) | ਵਿਭਾਗ ਦਾ ਉੱਤਰ | ਲੇਖਾ ਪ੍ਰੀਖਿਆ ਦੀ ਟਿੱਪਣੀ |
|---|---|---|---|---|---|---|---|---|---|---|---|
| | | 18. | ਬਾਬਾ ਫਰੀਦ ਯੂਨੀਵਰਸਿਟੀ, ਫਰੀਦਕੋਟ | 86.03 | ਨਵੰਬਰ 2010 | 687 (ਆਰ ਪੀ) 163 (ਸੀ) (ਐਸ ਸੀ ਓ/ ਸ਼ਾਪਜ਼) | ਅਕਤੂਬਰ 2011 ਤੋਂ ਨਵੰਬਰ 2016 (4) | 384 (ਆਰ ਪੀ), 163 (ਐਸ ਸੀ ਓ/ ਸ਼ਾਪਜ਼) | 22.39 | ਅਲਾਟੀ ਸਾਈਟ ਦੇ ਵਿਕਾਸ ਕੰਮਾਂ ਤੋਂ ਸੰਤੁਸ਼ਟ ਨਹੀਂ ਹਨ ਅਤੇ ਉਨ੍ਹਾਂ ਨੇ ਪਲਾਟਾਂ ਦੇ ਵਿਰੁੱਧ ਜਮ੍ਹਾਂ ਕਰਵਾਈ ਰਾਸ਼ੀ ਦੇ ਰਿਫੰਡ ਲਈ ਵੱਖ ਵੱਖ ਕੋਰਟਾਂ ਵਿੱਚ ਪਹੁੰਚ ਕੀਤੀ ਸੀ। | ਸੀ ਏ ਦਾ ਉੱਤਰ ਮੰਨਣ ਯੋਗ ਨਹੀਂ ਸੀ ਕਿਉਂਜੋ ਪੀ ਡਬਲਿਊ ਡੀ ਦੀ ਸਪੈਸੀਫਿਕੇਸ਼ਨ ਅਨੁਸਾਰ ਵਿਕਾਸ ਦੇ ਕੰਮਾਂ ਨੂੰ ਲਾਗੂ ਕਰਨ ਨੂੰ ਯਕੀਨੀ ਬਣਾਉਣਾ ਸਬੰਧਤ ਅਥਾਰਟੀ ਦੀ ਜ਼ਿੰਮੇਵਾਰੀ ਸੀ। |
| | | 19. | ਉਦੇਕਰਣ ਮੁਕਤਸਰ ਪਿੰਡ ਉਦੇਕਰਣ | 11.40 | ਸਤੰਬਰ 2011 | 98 (ਆਰ ਪੀ) 35 (ਸੀ) | ਜਨਵਰੀ 2013 ਤੋਂ ਮਾਰਚ 2016 (2) | 71 (ਆਰ ਪੀ) 35 (ਸੀ) | 4.31 | ਵਿਕਾਸ ਦੇ ਕੰਮ ਪੂਰਾ ਨਾ ਹੋਣ ਕਰਕੇ ਅਲਾਟੀਆਂ ਨੂੰ ਅੱਜ ਤਕ ਪਲਾਟਾਂ ਦੇ ਕਬਜੇ ਲਈ ਪੇਸ਼ਕਸ ਨਹੀਂ ਕੀਤੀ ਗਈ ਸੀ ਅਤੇ ਅਲਾਟੀ ਵੱਖ ਵੱਖ ਅਦਾਲਤਾਂ ਵਿੱਚ ਪਹੁੰਚ ਕਰ ਰਹੇ ਸਨ। | ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਸਕੀਮ ਲਾਗੂ ਕਰਨ ਤੋਂ ਪਹਿਲਾਂ ਵਿਭਾਗ ਵਿਕਾਸ ਦੇ ਕੰਮਾਂ ਨੂੰ ਪੂਰਾ ਕਰਨ ਨੂੰ ਯਕੀਨੀ ਬਣਾਉਣ ਵਿੱਚ ਅਸਫਲ ਰਿਹਾ, ਜਿਸਦੇ ਕਾਰਣ 98 ਵਿੱਚੋਂ 71 ਰਿਹਾਇਸ਼ੀ ਪਲਾਟ ਅਤੇ 100 *ਪ੍ਰਤੀਸ਼ਤ* ਕਮਰਸ਼ੀਅਲ ਸਾਈਟਾਂ ਅਣ ਵਿਕੀਆਂ ਰਹਿ ਗਈਆਂ। |

| ਲੜੀ ਨੰ. | ਅਥਾਰਿਟੀ ਦਾ ਨਾਂਅ | ਲੜੀ ਨੰ. | ਸਾਈਟ ਦਾ ਨਾਂਅ | ਏਰੀਆ ( ਏਕੜ ਵਿੱਚ) | ਪੁੱਡਾ ਨੂੰ ਜਮੀਨ ਟਰਾਂਸਫਰ ਕਰਨ ਦੀ ਮਿਤੀ | ਯੋਜਨਾਬੰਦੀ* | ਸਕੀਮ/ਨਿਲਾਮੀ ਸ਼ੁਰੂ ਕਰਨ ਦੀ ਮਿਤੀ (ਬਰੈਕਟ ਵਿੱਚ ਅੰਕੜੇ ਨਿਲਾਮੀਆਂ ਦੀ ਗਿਣਤੀ ਨੂੰ ਦਰਸਾਉਂਦੇ ਹਨ) | ਖਾਲੀ ਸਾਈਟਾਂ ਦੀ ਤਾਜਾ ਸਥਿਤੀ (ਪ੍ਰਤੀਸ਼ਤ) | ਸਾਈਟਾਂ ਦੇ ਵਿਕਾਸ ਤੇ ਖਰਚਾ (₹ ਕਰੋੜ ਵਿੱਚ) | ਵਿਭਾਗ ਦਾ ਉੱਤਰ | ਲੇਖਾ ਪ੍ਰੀਖਿਆ ਦੀ ਟਿੱਪਣੀ |
|---|---|---|---|---|---|---|---|---|---|---|---|
| 6. | ਗਮਾਡਾ | 20. | ਤਹਿਸੀਲ ਕੰਪਲੈਕਸ, ਖਮਾਣੋ | 3.00 | ਸਤੰਬਰ 2010 | 37 (ਐਸ ਸੀ ਓ)<br>18 (ਐਸ)<br>01 ਫੂਡ ਕੋਰਟ ਸਾਈਟ | ਅਗਸਤ 2016 | 37 (ਐਸ ਸੀ ਓ)<br>10 (ਐਸ)<br>01 ਫੂਡ ਕੋਰਟ ਸਾਈਟ | 6.21 | ਗਮਾਡਾ ਜਾਇਦਾਦਾਂ ਦੀ ਕੀਮਤ ਨੂੰ ਤਰਕਸੰਗਤ ਬਣਾਉਣ ਦੀ ਪ੍ਰਕਿਰਿਆ ਵਿੱਚ ਹੈ ਅਤੇ ਇਨ੍ਹਾਂ ਸਾਈਟਾਂ ਨੂੰ ਆਉਣ ਵਾਲੇ ਸਮੇਂ ਵਿੱਚ ਨਿਲਾਮੀ ਲਈ ਰੱਖਿਆ ਜਾਵੇਗਾ। | ਉੱਤਰ ਮੰਨਣਯੋਗ ਨਹੀਂ ਸੀ ਕਿਉਂਕਿ ਗੈਰ ਵਾਜਬ ਰਿਜ਼ਰਵ ਕੀਮਤ ਨਿਰਧਾਰਤ ਹੋਣ ਕਰਕੇ ਕੋਈ ਵੀ ਐਸ ਸੀ ਓ ਅਤੇ ਫੂਡ ਕੋਰਟ ਵੇਚੀ ਨਹੀਂ ਗਈ ਸੀ। ਲੇਖਾ ਪ੍ਰੀਖਿਆ ਵਿੱਚ ਪਲਾਟਾਂ/ਸਾਈਟ ਦੇ ਨਿਪਟਾਰੇ ਦਾ ਇੰਤਜਾਰ ਕੀਤਾ ਜਾਵੇਗਾ। |
| | | 21. | ਸ਼ਿਵਾਲਿਕ ਪਬਲਿਕ ਸਕੂਲ ਦੇ ਨੇੜੇ ਪੀ ਡਬਲਿਊ ਡੀ, ਪੰਜਾਬ ਦੀ ਜਮੀਨ, ਰੂਪਨਗਰ | 2.94 | ਜੂਨ 2011 | 41 (ਆਰ ਪੀ) | ਜਨਵਰੀ 2015 ਤੋਂ ਅਗਸਤ 2016 (4) | 19 (ਆਰ ਪੀ) | 1.16 | ਗਮਾਡਾ ਜਾਇਦਾਦ ਦੀ ਕੀਮਤ ਨੂੰ ਤਰਕਸੰਗਤ ਬਣਾਉਣ ਦੀ ਪ੍ਰਕਿਰਿਆ ਵਿੱਚ ਹੈ ਅਤੇ ਇੰਨ੍ਹਾਂ ਸਾਈਟਾਂ ਨੂੰ ਆਉਣ ਵਾਲੇ ਸਮੇਂ ਵਿੱਚ ਨਿਲਾਮੀ ਲਈ ਰੱਖਿਆ ਜਾਵੇਗਾ। | ਲੇਖਾ ਪ੍ਰੀਖਿਆ ਵਿੱਚ ਪਲਾਟਾਂ/ਸਾਈਟ ਦੇ ਨਿਪਟਾਰੇ ਦਾ ਇੰਤਜਾਰ ਕੀਤਾ ਜਾਵੇਗਾ। |
| | **ਜੋੜ** | | | **457.58 ਏਕੜ** | **ਮਈ 2000 ਤੋਂ ਜੁਲਾਈ 2013** | **2924 (ਆਰ ਪੀ)<br>796 (ਸੀ)<br>11 (ਹੋਰ )** | | **1791 (ਆਰ ਪੀ) ( 61)<br>582 (ਸੀ) (73)<br>10 (ਹੋਰ) (91)** | **109.51** | | |

*ਸ੍ਰੋਤ: ਵਿਭਾਗੀ ਸੂਚਨਾ*

** ਰਿਹਾਇਸ਼ੀ ਪਲਾਟ (ਆਰ ਪੀ); ਬੂਥ (ਬੀ); ਕਮਰਸ਼ੀਅਲ ਪਲਾਟ (ਸੀ); ਦੁਕਾਨਾਂ (ਐਸ); ਸ਼ਾਪ ਕਮ ਆਫਿਸ (ਐਸ ਸੀ ਓ); ਡਬਲ ਸਟੋਰੇ ਸ਼ਾਪ ਕਮ ਸ਼ਾਪਸ (ਡੀ ਐਸ ਐਸ)।*

# ਅੰਤਿਕਾ 1.5

*(ਪੈਰ੍ਹਾ.3.3.2.2 (i). ਪੰਨਾ 53 ਦੇ ਹਵਾਲੇ ਵਿੱਚ)*

## ਨਜਾਇਜ਼ ਕਬਜਿਆਂ ਕਾਰਣ ਵੇਚੀਆਂ ਨਹੀਂ ਜਾ ਸਕੀਆਂ ਸਾਈਟਾਂ ਦੇ ਵੇਰਵੇ

| ਲੜੀ ਨੰ. | ਅਥਾਰਟੀ ਦਾ ਨਾਂਅ | ਸਾਈਟ ਦਾ ਨਾਂਅ | ਸਾਈਟ ਦਾ ਏਰੀਆ (ਏਕੜ ਵਿੱਚ) | ਜਮੀਨ ਟਰਾਂਸਫਰ ਕਰਨ ਦੀ ਮਿਤੀ | ਯੋਜਨਾਬੰਦੀ | ਸਾਇਟ ਦੀ ਤਾਜਾ ਸਥਿਤੀ | ਬਦਲਵੀਂ ਰਿਹਾਇਸ਼ ਮੁਹੱਈਆ ਕਰਵਾਉਣ ਅਤੇ ਸਾਈਟਾਂ ਦੇ ਵਿਕਾਸ/ਵਿਕਾਸ ਦੀ ਲਾਗਤ ਲਈ ਕੀਤਾ ਖਰਚਾ (₹ ਕਰੋੜ ਵਿੱਚ) | ਵਿਭਾਗੀ ਟਿੱਪਣੀਆਂ |
|---|---|---|---|---|---|---|---|---|
| 1. | ਗਲਾਡਾ | ਪੁਰਾਣਾ ਤਹਿਸੀਲ ਕੰਪਲੈਕਸ, ਜੀਰਾ | 6.67 (ਪੁਰਾਣਾ ਤਹਿਸੀਲ ਕੰਪਲੈਕਸ)<br>2.19 (ਐਸ ਡੀ ਐਮ ਦੀ ਪੁਰਾਣੀ ਰਿਹਾਇਸ਼, ਜੀਰਾ) | ਨਵੰਬਰ 2010 | ਪੁੱਡਾ ਦੁਆਰਾ ਐਸ ਡੀ ਐਮ, ਡੀ ਐਸ ਪੀ, ਤਹਿਸੀਲਦਾਰ ਅਤੇ ਨਾਇਬ ਤਹਿਸੀਲਦਾਰ ਦੀ ਰਿਹਾਇਸ਼ ਦਾ ਨਿਰਮਾਣ | ਅਣਵਿਕੇ | 2.27 | ਸਾਈਟ ਦਾ ਵਿਕਾਸ ਨਹੀਂ ਹੋ ਸਕਿਆ ਕਿਉਂਕਿ ਪੀ ਡਬਲਿਊ ਦੇ ਦਫਤਰ ਅਤੇ ਰੈਡ ਕਰਾਸ ਦੀਆਂ ਕੁਝ ਦੁਕਾਨਾਂ ਅਜੇ ਵੀ ਚਲ ਰਹੀਆਂ ਹਨ। ਪੁੱਡਾ ਨੇ ਡਿਪਟੀ ਕਮਿਸ਼ਨਰ (ਫਿਰੋਜ਼ਪੁਰ) ਨੂੰ ਦਫਤਰਾਂ ਨੂੰ ਖਾਲੀ ਕਰਨ ਦੀ ਬੇਨਤੀ ਕੀਤੀ ਹੈ ਅਤੇ ਪੁੱਡਾ ਨੂੰ ਕਬਜਾ ਦੇਣ ਲਈ ਕਿਹਾ ਪ੍ਰੰਤੂ ਦਫਤਰਾਂ ਨੇ ਬਦਲਵੀਂ ਥਾਂ ਦੀ ਮੰਗ ਕੀਤੀ ਸੀ। |
| 2. | ਜੇ ਡੀ ਏ | ਪੁਰਾਣਾ ਜਿਲ੍ਹਾ ਕੰਪਲੈਕਸ, ਹੁਸ਼ਿਆਰਪੁਰ | 16.19 | ਜੂਨ 2002 | ਪੁੱਡਾ ਦੁਆਰਾ ਨਵੀਂ ਸਾਈਟ ਵਿਖੇ ਨਵੇਂ ਡੀ ਏ ਸੀ ਦਾ ਨਿਰਮਾਣ ਕੀਤਾ ਜਾਣਾ ਹੈ। | ਅਣਵਿਕੇ | 25.47 | ਪੁਰਾਣੇ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚੋ ਖਜਾਨਾ ਦਫਤਰ ਨੂੰ ਨਵੇਂ ਨਿਰਮਾਣ ਹੋਏ ਪ੍ਰਬੰਧਕੀ ਕੰਪਲੈਕਸ ਵਿੱਚ ਸ਼ਿਫਟ ਨਹੀਂ ਕੀਤਾ ਗਿਆ ਸੀ, ਇਸ ਲਈ ਪੁਰਾਣੀ ਬਿਲਡਿੰਗ ਪੁੱਡਾ ਦੇ ਹਵਾਲੇ ਨਹੀਂ ਕੀਤੀ ਗਈ ਸੀ। |

| ਲੜੀ ਨੰ. | ਅਥਾਰਟੀ ਦਾ ਨਾਂਅ | ਸਾਈਟ ਦਾ ਨਾਂਅ | ਸਾਈਟ ਦਾ ਏਰੀਆ (ਏਕੜ ਵਿੱਚ) | ਜਮੀਨ ਟਰਾਂਸਫਰ ਕਰਨ ਦੀ ਮਿਤੀ | ਯੋਜਨਾਬੰਦੀ | ਸਾਇਟ ਦੀ ਤਾਜਾ ਸਥਿਤੀ | ਬਦਲਵੀਂ ਰਿਹਾਇਸ਼ ਮੁਹੱਈਆ ਕਰਵਾਉਣ ਅਤੇ ਸਾਈਟਾਂ ਦੇ ਵਿਕਾਸ/ਵਿਕਾਸ ਦੀ ਲਾਗਤ ਲਈ ਕੀਤਾ ਖਰਚਾ (₹ ਕਰੋੜ ਵਿੱਚ) | ਵਿਭਾਗੀ ਟਿੱਪਣੀਆਂ |
|---|---|---|---|---|---|---|---|---|
| | | | | | | | | ਡਿਪਟੀ ਕਮਿਸ਼ਨਰ ਜਲੰਧਰ ਦੀ ਪ੍ਰਧਾਨਗੀ ਹੇਠ ਬਣਾਈ ਗਈ ਕਮੇਟੀ ਨੇ ਦੱਸਿਆ ਕਿ ਢੁਕਵੀਂ ਜਗ੍ਹਾ ਉਪਲਬੱਧ ਨਾ ਹੋਣ ਕਰਕੇ, ਖਜਾਨਾ ਦਫਤਰ ਨੂੰ ਨਵੇਂ ਏ ਡੀ ਸੀ (ਅਡੀਸ਼ਨਲ ਡਿਪਟੀ ਕਮਿਸ਼ਨਰ) ਦੀ ਬਿਲਡਿੰਗ ਵਿੱਚ ਸ਼ਿਫਟ ਕਰਨਾ ਸੰਭਵ ਨਹੀਂ ਸੀ। |
| | | ਪੁਰਾਣਾ ਡਿਪਟੀ ਕਮਿਸ਼ਨਰ, ਸੀਨੀਅਰ ਸੁਪਰਡੈਂਟ ਆਫ ਪੁਲਿਸ, ਜਲੰਧਰ | 7.45 | ਜੁਲਾਈ 2001 | ਪੁੱਡਾ ਦੁਆਰਾ ਨਵੀਂ ਸਾਈਟ ਤੇ ਨਵੀਂ ਡੀ ਏ ਸੀ ਦਾ ਨਿਰਮਾਣ ਕੀਤਾ ਜਾਣਾ ਹੈ। | ਅਣਵਿਕੇ | 2.58 | ਇਸ ਸਮੇਂ ਪੁਰਾਣੇ ਡੀ ਸੀ/ਐਸ ਐਸ ਪੀ ਦਫਤਰ ਵਿੱਚ ਜੁਡੀਸ਼ੀਅਲ ਮਾਲਖਾਨਾ ਸਾਈਟ ਵਿਖੇ ਕੋਈ ਬਿਲਡਿੰਗ ਨਹੀਂ ਹੈ ਅਤੇ ਸਾਈਟ ਤੇ ਕੇਵਲ ਰਿਕਾਰਡ ਰੂਮ ਬਿਲਡਿੰਗ ਹੀ ਮੌਜੂਦ ਹੈ ਜੋ ਕਿ ਮਾੜੀ ਹਾਲਤ ਵਿੱਚ ਹੈ। ਇਹ ਸਾਈਟ ਖਾਲੀ ਕਰਵਾਉਣ ਲਈ ਕਾਰਵਾਈ ਕੀਤੀ ਜਾ ਰਹੀ ਹੈ। |
| 3. | ਪੀ ਡੀ ਏ | ਸਿੰਜਾਈ ਕੰਪਲੈਕਸ, ਪਟਿਆਲਾ | 27.85 | ਜੂਨ 2016 | ਅਜੇ ਯੋਜਨਾਬੰਦੀ ਨਹੀਂ ਕੀਤੀ | ਅਣਵਿਕੇ | 0.08 | ਰੈਵੀਨਿਊ ਵਿਭਾਗ ਦੁਆਰਾ ਸਾਰੀ ਜਮੀਨ ਦਾ ਇੰਤਕਾਲ ਪੁੱਡਾ ਦੇ ਨਾਂਅ ਤੇ ਕੀਤਾ ਗਿਆ ਹੈ। ਸਾਈਟ ਦੀ ਆਰ ਈ ਆਰ ਏ ਰਜਿਸਟਰੇਸ਼ਨ ਲਈ ਐਪਲੀਕੇਸ਼ਨ ਪੇਸ਼ ਕੀਤੀ ਗਈ ਹੈ। ਆਰ ਈ ਆਰ ਏ ਦੀ ਰਜਿਸਟਰੇਸ਼ਨ ਪ੍ਰਾਪਤ ਹੋਣ ਤੇ ਰਿਹਾਇਸ਼ੀ ਪਲਾਟਾਂ ਦੀ ਵਿਕਰੀ ਲਈ ਸਕੀਮ ਕੱਢੀ ਜਾਵੇਗੀ। |

| ਲੜੀ ਨੰ. | ਅਥਾਰਟੀ ਦਾ ਨਾਂਅ | ਸਾਈਟ ਦਾ ਨਾਂਅ | ਸਾਈਟ ਦਾ ਏਰੀਆ (ਏਕੜ ਵਿੱਚ) | ਜਮੀਨ ਟਰਾਂਸਫਰ ਕਰਨ ਦੀ ਮਿਤੀ | ਯੋਜਨਾਬੰਦੀ | ਸਾਇਟ ਦੀ ਤਾਜਾ ਸਥਿਤੀ | ਬਦਲਵੀਂ ਰਿਹਾਇਸ਼ ਮੁਹੱਈਆ ਕਰਵਾਉਣ ਅਤੇ ਸਾਈਟਾਂ ਦੇ ਵਿਕਾਸ/ਵਿਕਾਸ ਦੀ ਲਾਗਤ ਲਈ ਕੀਤਾ ਖਰਚਾ (₹ ਕਰੋੜ ਵਿੱਚ) | ਵਿਭਾਗੀ ਟਿੱਪਣੀਆਂ |
|---|---|---|---|---|---|---|---|---|
| | | ਰਾਜਪੁਰਾ ਕਲੋਨੀ, ਪਟਿਆਲਾ | 53 | ਜੂਨ 2011 | 230 ਰਿਹਾਇਸ਼ੀ ਪਲਾਟ | 108 ਰਿਹਾਇਸ਼ੀ ਪਲਾਟ | 13.14 | ਝੁੱਗੀ ਝੌਂਪੜੀ ਵਾਲਿਆਂ ਨੇ ਕੁਝ ਏਰੀਏ ਤੇ ਗੈਰ ਕਾਨੂੰਨੀ ਕਬਜਾ ਕੀਤਾ ਹੋਇਆ ਹੈ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਇਕ ਸੀ ਡਬਲਿਊ ਪੀ ਦਾਇਰ ਕੀਤੀ ਹੋਈ ਹੈ। ਕੋਰਟ ਨੇ ਸਟੇਟਸ ਕੋ ਦੇ ਆਦੇਸ਼ ਪਾਸ ਕੀਤੇ ਹੋਏ ਸਨ। ਕਬਜੇ ਵਾਲੇ ਖੇਤਰ ਵਿੱਚ ਪੈਂਦੇ ਪਲਾਟਾਂ ਨੂੰ ਅਦਾਲਤ ਦੇ ਫੈਸਲੇ ਤੋਂ ਬਾਅਦ ਪੁੱਡਾ ਦੁਆਰਾ ਵੇਚਿਆ ਜਾਵੇਗਾ। |
| 4. | ਬੀ ਡੀ ਏ | ਬੀ ਐਡ ਕਾਲਜ, ਬਠਿੰਡਾ | 2000 ਵਰਗ ਗਜ (0.4 ਏਕੜ) | ਜੂਨ 2002 | 20 ਦੁਕਾਨਾਂ | 14 ਦੁਕਾਨਾਂ | 0.05 | ਖਜਾਨਾ ਦਫਤਰ ਅਜੇ ਵੀ ਇਸ ਸਾਈਟ ਤੇ ਚੱਲ ਰਿਹਾ ਹੈ। |
| | | **ਜੋੜ** | **113.75 ਏਕੜ** | **ਜੁਲਾਈ 2001 ਤੋਂ ਜੂਨ 2016** | | | **43.59** | |

*ਸ੍ਰੋਤ: ਵਿਭਾਗੀ ਸੂਚਨਾ*

# ਅੰਤਿਕਾ 1.6

*(ਪੈਰ੍ਹਾ 3.3.4.4 ਪੰਨਾ 65 ਦੇ ਹਵਾਲੇ ਵਿੱਚ)*

## ਕਨਵੇਂਸ ਡੀਡਜ਼ ਨਹੀਂ ਕਰਵਾਏ ਜਾਣ ਨੂੰ ਦਰਸਾਉਂਦੇ ਵੇਰਵੇ

*(₹ ਕਰੋੜ ਵਿੱਚ)*

| ਲੜੀ ਨੰ. | ਅਥਾਰਟੀ ਦਾ ਨਾਂਅ | ਅਲਾਟੀ ਦਾ ਨਾਂਅ | ਅਲਾਟਮੈਂਟ ਦੀ ਮਿਤੀ | ਦੁਕਾਨ ਨੰ. | ਏਰੀਆ | ਅਲਾਟਮੈਂਟ ਦੀ ਵਿਧੀ | ਦੁਕਾਨ ਦਾ ਮੁੱਲ | ਐਨ ਡੀ ਸੀ ਜਾਰੀ ਕਰਨ ਦੀ ਮਿਤੀ/ਅੰਤਿਮ ਅਦਾਇਗੀ ਦੀ ਮਿਤੀ |
|---|---|---|---|---|---|---|---|---|
| 1. | ਗਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਿਟੀ | ਗੌਰਵ ਧੀਰੀ ਪੁੱਤਰ ਸ਼੍ਰੀ ਅਸ਼ੋਕ ਧੀਰੀ | 8526 ਮਿਤੀ 27/09/2013 | 12 ਜੇਲ ਰੋਡ, ਲੁਧਿਆਣਾ | 27.87 ਵਰਗ ਮੀਟਰ | ਨਿਲਾਮੀ ਦੁਆਰਾ | 0.18 | 24.04.2018 |
| 2. | ਜਲੰਧਰ ਡਿਵੈਲਪਮੈਂਟ ਅਥਾਰਿਟੀ | ਨੀਲਮ ਜੈਨ ਪਤਨੀ ਅਭੈ ਜੈਨ | 260 ਮਿਤੀ 22/03/2017 | 3, ਓਲਡ ਜੇਲ ਸਾਈਟ, ਜਲੰਧਰ | 18.75 ਵਰਗ ਮੀਟਰ | ਨਿਲਾਮੀ ਦੁਆਰਾ | 0.18 | 31.05.2017 |
| 3. | | ਵੀ. ਐਸ. ਐਂਟਰਪ੍ਰਾਈਜ਼ਜ਼ | 249 ਮਿਤੀ 22/03/2017 | 15, ਓਲਡ ਜੇਲ ਸਾਇਟ, ਜਲੰਧਰ | 147 ਵਰਗ ਮੀਟਰ | ਨਿਲਾਮੀ ਦੁਆਰਾ | 1.68 | 06.07.2017 |
| 4. | ਪਟਿਆਲਾ ਡਿਵੈਲਪਮੈਂਟ ਅਥਾਰਿਟੀ | ਰਮਾ ਰਾਣੀ ਪਤਨੀ ਪਵਨ ਕੁਮਾਰ | 2546 ਮਿਤੀ 30/01/2013 | 90, ਬਨਾਸਰ ਐਨਕਲੇਵ, ਸੰਗਰੂਰ | 37.93 ਵਰਗ ਮੀਟਰ | ਨਿਲਾਮੀ ਦੁਆਰਾ | 0.56 | 13.07.2016 |
| 5. | | ਸੁਸ਼ੀਲ ਕੁਮਾਰ ਜੈਨ ਪੁੱਤਰ ਸ਼੍ਰੀ ਲਕਸ਼ਮਣ ਦਾਸ ਜੈਨ | 3200 ਮਿਤੀ 11/02/2013 | 51, ਬਨਾਸਰ ਐਨਕਲੇਵ, ਸੰਗਰੂਰ | 50.58 ਵਰਗ ਮੀਟਰ | ਨਿਲਾਮੀ ਦੁਆਰਾ | 0.60 | 24.08.2017 |
| 6. | | ਵਿਨਿੰਤ ਬਿੰਦਲ ਪੁੱਤਰ ਸ਼੍ਰੀ ਪ੍ਰੇਮ ਚੰਦ | 15406 ਮਿਤੀ 24.07.2013 | 58 ਬਨਾਸਰ ਐਨਕਲੇਵ ਸੰਗਰੂਰ | 50.58 ਵਰਗ ਮੀਟਰ | ਨਿਲਾਮੀ ਦੁਆਰਾ | 0.60 | 13.11.2017 |
| 7. | | ਨਰੇਸ਼ ਕੁਮਾਰ ਪੁੱਤਰ ਸ਼੍ਰੀ ਹਰਸ਼ ਕੁਮਾਰ | 15453 ਮਿਤੀ 24.07.2013 | 57, ਬਨਾਸਰ ਐਨਕਲੇਵ, ਸੰਗਰੂਰ | 50.58 ਵਰਗ ਮੀਟਰ | ਨਿਲਾਮੀ ਦੁਆਰਾ | 0.63 | 24.05.2017 |
| 8. | | ਰਾਣੀ ਦੇਵੀ ਪਤਨੀ ਸਤਪਾਲ ਗੁਪਤਾ | 15569 ਮਿਤੀ 28.12.2016 | 138, ਪੀ ਐਫ ਨਾਭਾ ਰੋਡ, ਪਟਿਆਲਾ (ਰਿਹਾਇਸ਼ੀ) | 250 ਵਰਗ ਗਜ਼ | ਡਰਾਅ ਦੁਆਰਾ | 0.66 | *5 ਪ੍ਰਤੀਸ਼ਤ ਛੋਟ ਲੈਣ* ਤੋਂ ਬਾਅਦ 60 ਦਿਨਾਂ ਵਿੱਚ ਪੂਰੀ ਅਦਾਇਗੀ ਕੀਤੀ |

| ਲੜੀ ਨੰ. | ਅਥਾਰਟੀ ਦਾ ਨਾਂਅ | ਅਲਾਟੀ ਦਾ ਨਾਂਅ | ਅਲਾਟਮੈਂਟ ਦੀ ਮਿਤੀ | ਦੁਕਾਨ ਨੰ. | ਏਰੀਆ | ਅਲਾਟਮੈਂਟ ਦੀ ਵਿਧੀ | ਦੁਕਾਨ ਦਾ ਮੁੱਲ | ਐਨ ਡੀ ਸੀ ਜਾਰੀ ਕਰਨ ਦੀ ਮਿਤੀ/ਅੰਤਿਮ ਅਦਾਇਗੀ ਦੀ ਮਿਤੀ |
|---|---|---|---|---|---|---|---|---|
| 9. | | ਗੁਰਿੰਦਰ ਕੌਰ ਪਤਨੀ ਸਰਜਿੰਦਰ ਸਿੰਘ | 14783 ਮਿਤੀ 09.12.2016 | 227, ਪੀ ਐਫ ਨਾਭਾ ਰੋਡ, ਪਟਿਆਲਾ (ਰਿਹਾਇਸ਼ੀ) | 251.17 ਵਰਗ ਗਜ਼ | ਡਰਾਅ ਦੁਆਰਾ | 0.66 | 20.07.2018 |
| 10. | ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ | ਰੁਪਿੰਦਰ ਸਿੰਘ ਪੁੱਤਰ ਹਰਿੰਦਰ ਸਿੰਘ, ਰੋਪੜ | 08.07.2015 | ਪਲਾਟ ਨੰ. 16 | 168 ਵਰਗ ਗਜ਼ | ਨਿਲਾਮੀ ਦੁਆਰਾ | 0.46 | 06.10.2015 |
| 11. | | ਹਰਿੰਦਰ ਸਿੰਘ ਪੁੱਤਰ ਅਮਰ ਸਿੰਘ, ਰੋਪੜ | 27166 ਮਿਤੀ 09.07.2015 | ਪਲਾਟ ਨੰ. 12 | 188.72 ਵਰਗ ਗਜ਼ | ਨਿਲਾਮੀ ਦੁਆਰਾ | 0.43 | 08.09.2015 |
| 12. | | ਸਤਿੰਦਰ ਪਾਲ ਸਿੰਘ ਪੁੱਤਰ ਸ਼੍ਰੀ ਹਰਜੀਤ ਸਿੰਘ, ਰੋਪੜ | 26888 ਮਿਤੀ 08.07.2015 | ਪਲਾਟ ਨੰ. 17 | 168 ਵਰਗ ਗਜ਼ | ਨਿਲਾਮੀ ਦੁਆਰਾ | 0.45 | 02.11.2018 |
| 13. | | ਅਮਰੀਕ ਸਿੰਘ ਪੁੱਤਰ ਸ਼੍ਰੀ ਜਗਦੀਸ਼ ਸਿੰਘ, ਰੋਪੜ | 27167 ਮਿਤੀ 09.07.2015 | ਪਲਾਟ ਨੰ. 27 | 201.8 ਵਰਗ ਗਜ਼ | ਨਿਲਾਮੀ ਦੁਆਰਾ | 0.52 | 17.09.2015 |
| 14. | | ਅਰਸ਼ਦੀਪ ਭੱਲਾ ਪੁੱਤਰ ਸ਼੍ਰੀ ਜਗਰਾਜ ਭੱਲਾ ਪਿੰਡ ਅਟਾਰੀ ਦੀ ਅੰਨਦਪੁਰ ਸਾਹਿਬ, ਰੋਪੜ | 27524 ਮਿਤੀ 13.07.2015 | ਪਲਾਟ ਨੰ. 01 | 297.75 ਵਰਗ ਗਜ਼ | ਨਿਲਾਮੀ ਦੁਆਰਾ | 0.77 | 17.09.2015 |
| 15. | | ਹਰਪ੍ਰੀਤ ਕੌਰ ਪਤਨੀ ਮਨਦੀਪ ਸਿੰਘ, ਗਿਆਨੀ ਜੈਲ ਸਿੰਘ ਨਗਰ, ਰੂਪ ਨਗਰ | 26891 ਮਿਤੀ 08.07.2015 | ਪਲਾਟ ਨੰ. 04 | 281.14 ਵਰਗ ਗਜ਼ | ਨਿਲਾਮੀ ਦੁਆਰਾ | 0.63 | 23.11.2016 |
| 16. | | ਅਸ਼ੀਸ਼ ਖੰਨਾ ਪੁੱਤਰ ਸ਼੍ਰੀ ਅਸ਼ੋਕ ਕੁਮਾਰ ਖੰਨਾ, ਗਿਆਨੀ ਜੈਲ ਸਿੰਘ ਨਗਰ, ਰੂਪ ਨਗਰ | 26970 ਮਿਤੀ 08.07.2015 | ਪਲਾਟ ਨੰ. 09 | 250.25 ਵਰਗ ਗਜ਼ | ਨਿਲਾਮੀ ਦੁਆਰਾ | 0.64 | 22.07.2019 |

| ਲੜੀ ਨੰ. | ਅਥਾਰਟੀ ਦਾ ਨਾਂਅ | ਅਲਾਟੀ ਦਾ ਨਾਂਅ | ਅਲਾਟਮੈਂਟ ਦੀ ਮਿਤੀ | ਦੁਕਾਨ ਨੰ. | ਏਰੀਆ | ਅਲਾਟਮੈਂਟ ਦੀ ਵਿਧੀ | ਦੁਕਾਨ ਦਾ ਮੁੱਲ | ਐਨ ਡੀ ਸੀ ਜਾਰੀ ਕਰਨ ਦੀ ਮਿਤੀ/ਅੰਤਿਮ ਅਦਾਇਗੀ ਦੀ ਮਿਤੀ |
|---|---|---|---|---|---|---|---|---|
| 17. | | ਸੁਰਿੰਦਰ ਸਿੰਘ ਪੁੱਤਰ ਸ਼੍ਰੀ ਚੇਤ ਰਾਮ, ਪਿੰਡ ਕਲਵਾਨ ਆਨੰਦਪੁਰ ਸਾਹਿਬ, ਰੂਪ ਨਗਰ | 26894 ਮਿਤੀ 08.07.2015 | ਪਲਾਟ ਨੰ. 24 | 201.8 ਵਰਗ ਗਜ਼ | ਨਿਲਾਮੀ ਦੁਆਰਾ | 0.52 | 06.10.2015 |
| 18. | ਅੰਮ੍ਰਿਤਸਰ ਡਿਵੈਲਪਮੈਂਟ ਅਥਾਰਿਟੀ | ਕਰਨ ਕੋਛੜ ਪੁੱਤਰ ਅਨਿਲ ਕੋਛੜ, ਕ੍ਰਿਸ਼ਨਾ ਨਗਰ ਬਟਾਲਾ, ਜਿਲ੍ਹਾ ਗੁਰਦਾਸਪੁਰ | 13647 ਮਿਤੀ 30.06.2016 | ਸ਼ਾਪ ਨੰ. 11 ਸਿਵਲ ਹਸਪਤਾਲ, ਬਟਾਲਾ, ਗੁਰਦਾਸਪੁਰ | 39.60 ਵਰਗ ਮੀਟਰ | ਨਿਲਾਮੀ ਦੁਆਰਾ | 0.51 | 02.01.2019 |
| 19. | | ਸ਼੍ਰੀ ਮਤੀ ਇੰਦਰਜੀਤ ਕੌਰ ਸਾਉਥ ਸ਼ੀਲ ਡੀ ਐਸ ਯੂ ਕੇ | 394 ਮਿਤੀ 05.01.2018 | ਪਲਾਟ ਨੰ. 45 ਸੀ, ਕੈਨਾਲ ਕਲੋਨੀ, ਅੰਮ੍ਰਿਤਸਰ | 418.06 ਵਰਗ ਮੀਟਰ | ਨਿਲਾਮੀ ਦੁਆਰਾ | 2.09 | 31.10.2018 |
| 20. | ਬਠਿੰਡਾ ਡਿਵੈਲਪਮੈਂਟ ਅਥਾਰਟੀ | ਸੰਦੀਪ ਨਾਗਪਾਲ ਪੁੱਤਰ ਸ਼ੀ ਭਾਰਤ ਭੂਸ਼ਣ, ਬਠਿੰਡਾ | 4564 ਮਿਤੀ 06.07.2016 | ਪਲਾਟ ਨੰ. 247, ਪੁੱਡਾ ਐਨਕਲੇਵ, ਮਾਨਸਾ | 200 ਵਰਗ ਗਜ਼ | ਡਰਾਅ ਦੁਆਰਾ | 0.14 | 19.12.2016 |
| 21. | | ਸਨੇਹ ਸੁਮਨ ਪਤਨੀ ਸ਼੍ਰੀ ਭਾਨੂ ਪ੍ਰਤਾਪ, ਬਰਨਾਲਾ | 2016 ਮਿਤੀ 28.06.2016 | ਪਲਾਟ ਨੰ. 261 ਪੁੱਡਾ ਐਨਕਲੇਵ, ਮਾਨਸਾ | 200 ਵਰਗ ਗਜ਼ | ਡਰਾਅ ਦੁਆਰਾ | 0.14 | 20.09.2016 |
| 22. | | ਸ਼ਿਖਾ ਪਤਨੀ ਸ਼੍ਰੀ ਮਧੂ ਸੂਦਨ ਨਾਗਰਾਜ, ਪੰਚਕੂਲਾ | 4546 ਮਿਤੀ 06.07.2016 | ਪਲਾਟ ਨੰ. 235 ਪੁੱਡਾ ਐਨਕਲੇਵ, ਮਾਨਸਾ | 200 ਵਰਗ ਗਜ਼ | ਡਰਾਅ ਦੁਆਰਾ | 0.14 | 30.05.2019 |
| 23. | | ਹਰਪ੍ਰੀਤ ਕੌਰ ਪੁੱਤਰੀ ਸ਼੍ਰੀ ਸਰਬਜੀਤ ਸਿੰਘ, ਮੋਹਾਲੀ | 4573 ਮਿਤੀ 06.07.2016 | ਪਲਾਟ ਨੰ. 263 ਪੁੱਡਾ ਐਨਕਲੇਵ, ਮਾਨਸਾ | 200 ਵਰਗ ਗਜ਼ | ਡਰਾਅ ਦੁਆਰਾ | 0.14 | 19.06.2017 |
| 24. | | ਅਜੈ ਕਪੂਰ ਪੁੱਤਰ ਸ਼੍ਰੀ ਵਿਨੋਦ ਕਪੂਰ, ਮੋਹਾਲੀ | 8104 ਮਿਤੀ 15.11.2016 | ਪਲਾਟ ਨੰ. 243, ਸ਼ੁਗਰ ਮਿਲ, ਬੁਢਲਾਡਾ | 150 ਵਰਗ ਗਜ਼ | ਡਰਾਅ ਦੁਆਰਾ | 0.09 | 07.11.2017 |

| ਲੜੀ ਨੰ. | ਅਥਾਰਟੀ ਦਾ ਨਾਂਅ | ਅਲਾਟੀ ਦਾ ਨਾਂਅ | ਅਲਾਟਮੈਂਟ ਦੀ ਮਿਤੀ | ਦੁਕਾਨ ਨੰ. | ਏਰੀਆ | ਅਲਾਟਮੈਂਟ ਦੀ ਵਿਧੀ | ਦੁਕਾਨ ਦਾ ਮੁੱਲ | ਐਨ ਡੀ ਸੀ ਜਾਰੀ ਕਰਨ ਦੀ ਮਿਤੀ/ਅੰਤਿਮ ਅਦਾਇਗੀ ਦੀ ਮਿਤੀ |
|---|---|---|---|---|---|---|---|---|
| 25. | | ਆਰਤੀ ਅਗਰਵਾਲ ਪਤਨੀ ਸ਼੍ਰੀ ਨਵੀਨ ਕੁਮਾਰ, ਨਰਵਾਨਾ | 4676 ਮਿਤੀ 11.07.2016 | ਪਲਾਟ ਨੰ. 97, ਪੁੱਡਾ ਐਨਕਲੇਵ, ਮਾਨਸਾ | 256.66 ਵਰਗ ਗਜ਼ | ਡਰਾਅ ਦੁਆਰਾ | 0.18 | 16.02.2018 |
| 26. | | ਅਮ੍ਰਿਤ ਪਾਲ ਸਿੰਘ ਪੁੱਤਰ ਸ਼੍ਰੀ ਗੁਰਦੀਪ ਸਿੰਘ ਮਹਾਂਬਹਾਦੁਰ | 3386 ਮਿਤੀ 11.07.2016 | ਪਲਾਟ ਨੰ.19, ਪੁੱਡਾ ਐਨਕਲੇਵ, ਬਠਿੰਡਾ | 200 ਵਰਗ ਗਜ਼ | ਡਰਾਅ ਦੁਆਰਾ | 0.24 | 29.05.2015 |
| ਜੋੜ | | | | | | | **13.84** | |

*ਸ੍ਰੋਤ: ਵਿਭਾਗੀ ਸੂਚਨਾ*

**ਸਟੈਂਪ ਡਿਊਟੀ (13.84*6/100) = ₹ 0.83 ਕਰੋੜ**
**ਰਜਿਸਟਰੇਸ਼ਨ ਫੀਸ (13.84*2/100) = ₹ 0.28 ਕਰੋੜ**
**ਜੋੜ = ₹ 1.11 ਕਰੋੜ**

# ਅੰਤਿਕਾ 1.7

*(ਪੈਰ੍ਹਾ 3.4(i) ਪੰਨਾ 70 ਦੇ ਹਵਾਲੇ ਵਿੱਚ)*

## ਮੁੱਖ ਸਕੱਤਰ ਗ੍ਰੇਡ ਦੀਆਂ ਲੈਵਲ-17 ਵਿੱਚ (ਅਪੈਕਸ ਸਕੇਲ) ਵਿੱਚ ਅਸਾਮੀਆਂ ਦਾ ਅਨਿਯਮਿਤ ਸੰਚਾਲਨ

| ਸਮਾਂ | | ਭਾਰਤ ਸਰਕਾਰ ਦੁਆਰਾ ਮੰਨਜੂਰਸ਼ੁਦਾ ਕਾਡਰ ਅਸਾਮੀਆਂ ਦੀ ਗਿਣਤੀ | ਬਣਦੀਆਂ ਅਸਾਮੀਆਂ ਦੀ ਕੁੱਲ ਗਿਣਤੀ (ਐਸ ਡੀ ਆਰ ਅਧੀਨ ਕਾਡਰ : ਐਕਸ ਕਾਡਰ) (1:1) | ਰਾਜ ਦੁਆਰਾ ਅਸਲ ਵਿੱਚ ਸੰਚਾਲਿਤ ਕੀਤੀਆ ਕੁੱਲ ਅਸਾਮੀਆਂ ਦੀ ਗਿਣਤੀ | ਸੀ ਡੀ ਆਰ ਅਧੀਨ ਸੰਚਾਲਿਤ ਅਸਾਮੀਆਂ ਦੀ ਗਿਣਤੀ | ਸੀ ਡੀ ਆਰ ਤੋਂ ਇਲਾਵਾ ਸੰਚਾਲਿਤ ਕੀਤੀਆ ਅਸਾਮੀਆਂ ਦੀ ਗਿਣਤੀ (ਐਸ ਡੀ ਆਰ ਅਧੀਨ ਕਾਡਰ+ ਐਕਸ-ਕਾਡਰ) | ਐਸ ਡੀ ਆਰ ਅਧੀਨ ਸੰਚਾਲਿਤ ਕੀਤੀਆ ਵੱਧ ਅਸਾਮੀਆਂ ਦੀ ਗਿਣਤੀ | ਪ੍ਰਤੀ ਮਹੀਨਾ ਤਨਖਾਹ (ਫਿਕਸਡ) (₹) | ਮਿਆਦ (ਮਹੀਨੇ-ਦਿਨ) | ਅਨਿਯਮਿਤ ਖਰਚਾ (₹) |
|---|---|---|---|---|---|---|---|---|---|---|
| ਤੋਂ | ਤੱਕ | | | | | | | | | |
| 1 | | 2 | 3 | 4 | 5 | 6 (4-5) | 7 (6-3) | 8 | 9 | 10 (7*8*9) |
| 01-01-2016 | 30-04-2016 | 3 | 6 | 18 | 6 | 12 | 6 | 2,25,000 | 4-00 | 54,00,000 |
| 01-05-2016 | 31-05-2016 | 3 | 6 | 16 | 6 | 10 | 4 | 2,25,000 | 1-00 | 9,00,000 |
| 01-06-2016 | 01-06-2016 | 3 | 6 | 15 | 6 | 09 | 3 | 2,25,000 | 0-01 | 22,500 |
| 02-06-2016 | 24-08-2016 | 3 | 6 | 15 | 5 | 10 | 4 | 2,25,000 | 2-23 | 24,90,000 |
| 25-08-2016 | 07-09-2016 | 3 | 6 | 16 | 5 | 11 | 5 | 2,25,000 | 0-14 | 5,25,000 |
| 08-09-2016 | 08-12-2016 | 3 | 6 | 17 | 5 | 12 | 6 | 2,25,000 | 3-01 | 40,95,000 |
| 09-12-2016 | 22-12-2016 | 3 | 6 | 20 | 5 | 15 | 9 | 2,25,000 | 0-14 | 9,45,000 |
| 23-12-2016 | 06-08-2017 | 3 | 6 | 19 | 5 | 14 | 8 | 2,25,000 | 7-15 | 1,35,00,000 |
| 07-08-2017 | 09-08-2017 | 3 | 6 | 19 | 4 | 15 | 9 | 2,25,000 | 0-03 | 2,02,500 |
| 10-08-2017 | 31-08-2017 | 3 | 6 | 18 | 4 | 14 | 8 | 2,25,000 | 0-22 | 13,20,000 |
| 01-09-2017 | 31-12-2017 | 3 | 6 | 16 | 3 | 13 | 7 | 2,25,000 | 4-00 | 63,00,000 |
| 01-01-2018 | 24-08-2018 | 3 | 6 | 14 | 3 | 11 | 5 | 2,25,000 | 7-24 | 87,75,000 |

| ਸਮਾਂ | | ਭਾਰਤ ਸਰਕਾਰ ਦੁਆਰਾ ਮੰਨਜ਼ੂਰਸ਼ੁਦਾ ਕਾਡਰ ਅਸਾਮੀਆਂ ਦੀ ਗਿਣਤੀ | ਬਣਦੀਆਂ ਅਸਾਮੀਆਂ ਦੀ ਕੁੱਲ ਗਿਣਤੀ (ਐਸ ਡੀ ਆਰ ਅਧੀਨ ਕਾਡਰ : ਐਕਸ ਕਾਡਰ) (1:1) | ਰਾਜ ਦੁਆਰਾ ਅਸਲ ਵਿੱਚ ਸੰਚਾਲਿਤ ਕੀਤੀਆ ਕੁੱਲ ਅਸਾਮੀਆਂ ਦੀ ਗਿਣਤੀ | ਸੀ ਡੀ ਆਰ ਅਧੀਨ ਸੰਚਾਲਿਤ ਅਸਾਮੀਆਂ ਦੀ ਗਿਣਤੀ | ਸੀ ਡੀ ਆਰ ਤੋਂ ਇਲਾਵਾ ਸੰਚਾਲਿਤ ਕੀਤੀਆ ਅਸਾਮੀਆਂ ਦੀ ਗਿਣਤੀ (ਐਸ ਡੀ ਆਰ ਅਧੀਨ ਕਾਡਰ+ ਐਕਸ-ਕਾਡਰ) | ਐਸ ਡੀ ਆਰ ਅਧੀਨ ਸੰਚਾਲਿਤ ਕੀਤੀਆ ਵੱਧ ਅਸਾਮੀਆਂ ਦੀ ਗਿਣਤੀ | ਪ੍ਰਤੀ ਮਹੀਨਾ ਤਨਖਾਹ (ਫਿਕਸਡ) (₹) | ਮਿਆਦ (ਮਹੀਨੇ-ਦਿਨ) | ਅਨਿਯਮਿਤ ਖਰਚਾ (₹) |
|---|---|---|---|---|---|---|---|---|---|---|
| ਤੋਂ | ਤੱਕ | | | | | | | | | |
| **1** | | **2** | **3** | **4** | **5** | **6 (4-5)** | **7 (6-3)** | **8** | **9** | **10 (7*8*9)** |
| 25-08-2018 | 31-08-2018 | 3 | 6 | 18 | 5 | 13 | 7 | 2,25,000 | 0-07 | 3,67,500 |
| 01-09-2018 | 12-10-2018 | 3 | 6 | 17 | 5 | 12 | 6 | 2,25,000 | 1-12 | 18,90,000 |
| 13-10-2018 | 31-10-2018 | 3 | 6 | 16 | 5 | 11 | 5 | 2,25,000 | 0-19 | 7,12,500 |
| 01-11-2018 | 10-12-2018 | 3 | 6 | 15 | 5 | 10 | 4 | 2,25,000 | 1-10 | 12,00,000 |
| 11-12-2018 | 12-03-2019 | 3 | 6 | 15 | 4 | 11 | 5 | 2,25,000 | 3-02 | 34,50,000 |
| 13-03-2019 | 31-05-2019 | 4 | 8 | 15 | 4 | 11 | 3 | 2,25,000 | 2-19 | 17,77,500 |
| 01-06-2019 | 30-06-2019 | 4 | 8 | 14 | 4 | 10 | 2 | 2,25,000 | 1-00 | 4,50,000 |
| 01-07-2019 | 16-07-2019 | 4 | 8 | 13 | 4 | 09 | 1 | 2,25,000 | 0-16 | 1,20,000 |
| 17-07-2019 | 19-08-2019 | 4 | 8 | 13 | 3 | 10 | 2 | 2,25,000 | 1-03 | 4,95,000 |
| 20-08-2019 | 31-12-2019 | 4 | 8 | 15 | 3 | 12 | 4 | 2,25,000 | 4-12 | 39,60,000 |
| 01-01-2020 | 29-02-2020 | 4 | 8 | 14 | 3 | 11 | 3 | 2,25,000 | 2-00 | 13,50,000 |
| 01-03-2020 | 02-06-2020 | 4 | 8 | 13 | 3 | 10 | 2 | 2,25,000 | 3-02 | 13,80,000 |
| 03-06-2020 | 23-06-2020 | 4 | 8 | 17 | 4 | 13 | 5 | 2,25,000 | 0-21 | 7,87,500 |
| **ਜੋੜ** | | | | | | | | | | **6,24,15,000** |

*ਸ੍ਰੋਤ: ਵਿਭਾਗੀ ਸੂਚਨਾ* *ਐਸ ਡੀ ਆਰ = ਸਟੇਟ ਡੈਪੂਟੇਸ਼ਨ ਰਿਜ਼ਰਵ* *ਸੀ ਡੀ ਆਰ=ਸੈਂਟਰਲ ਡੈਪੂਟੇਸ਼ਨ ਰਿਜ਼ਰਵ*

## ਅੰਤਿਕਾ 1.8

*(ਪੈਰ੍ਹਾ 3.4(ii) ਪੰਨਾ 70 ਦੇ ਹਵਾਲੇ ਵਿੱਚ)*

### ਹਾਇਰ ਪ੍ਰਸ਼ਾਸਕੀ ਗ੍ਰੇਡ (ਲੈਵਲ–16) ਅਧੀਨ ਪੁਲਿਸ ਦੇ ਡਾਇਰੈਕਟਰ ਜਨਰਲ ਦੀਆਂ ਅਸਾਮੀਆਂ ਦਾ ਅਨਿਯਮਿਤ ਸੰਚਾਲਨ

| ਸਮਾਂ | | ਭਾਰਤ ਸਰਕਾਰ ਦੁਆਰਾ ਮੰਜ਼ੂਰ ਕਾਡਰ ਅਸਾਮੀਆਂ ਦੀ ਗਿਣਤੀ | ਬਣਦੀਆਂ ਅਸਾਮੀਆਂ ਦੀ ਕੁੱਲ ਗਿਣਤੀ (ਐਸ ਡੀ ਆਰ ਅਧੀਨ ਕਾਡਰ: ਐਕਸ–ਕਾਡਰ) (1:1) | ਰਾਜ ਦੁਆਰਾ ਅਸਲ ਸੰਚਾਲਿਤ ਕੀਤੀਆ ਅਸਾਮੀਆਂ ਦੀ ਗਿਣਤੀ | ਸੀ ਡੀ ਆਰ ਅਧੀਨ ਸੰਚਾਲਿਤ ਅਸਾਮੀਆਂ ਦੀ ਗਿਣਤੀ | ਸੀ ਡੀ ਆਰ ਤੋਂ ਇਲਾਵਾ ਸੰਚਾਲਿਤ ਕੀਤੀਆਂ ਅਸਾਮੀਆਂ ਦੀ ਗਿਣਤੀ (ਐਸ ਡੀ ਆਰ ਅਧੀਨ ਕਾਡਰ + ਐਕਸ ਕੇਡਰ) | ਐਸ ਡੀ ਆਰ ਅਧੀਨ ਸੰਚਾਲਿਤ ਕੀਤੀਆ ਵਾਧੂ ਅਸਾਮੀਆਂ ਦੀ ਗਿਣਤੀ | ਪ੍ਰਤੀ ਮਹੀਨਾ ਘੱਟੋ ਘੱਟ ਤਨਖਾਹ (₹) | ਮਿਆਦ (ਮਹੀਨੇ–ਦਿਨ) | ਅਨਿਯਮਿਤ ਖਰਚਾ (₹) |
|---|---|---|---|---|---|---|---|---|---|---|
| ਤੋਂ | ਤੱਕ | | | | | | | | | |
| **1** | | **2** | **3** | **4** | **5** | **6 (4-5)** | **7 (6-3)** | **8** | **9** | **10 (7*8*9)** |
| 01-01-2016 | 21-03-2016 | 1 | 2 | 4 | 1 | 3 | 1 | 2,05,400 | 2-21 | 5,54,580 |
| 22-03-2016 | 31-07-2016 | 1 | 2 | 7 | 1 | 6 | 4 | 2,05,400 | 4-10 | 35,60,267 |
| 01-08-2016 | 28-02-2017 | 1 | 2 | 6 | 1 | 5 | 3 | 2,05,400 | 7-0 | 43,13,400 |
| 01-03-2017 | 04-04-2017 | 1 | 2 | 5 | 1 | 4 | 2 | 2,05,400 | 1-4 | 4,65,573 |
| 05-04-2017 | 30-06-2017 | 1 | 2 | 7 | 1 | 6 | 4 | 2,05,400 | 2-26 | 23,55,253 |
| 01-07-2017 | 31-08-2017 | 1 | 2 | 10 | 1 | 9 | 7 | 2,05,400 | 2-0 | 28,75,600 |
| 01-09-2017 | 06-02-2019 | 1 | 2 | 9 | 1 | 8 | 6 | 2,05,400 | 17-6 | 2,11,97,280 |
| 07-02-2019 | 31-03-2019 | 1 | 2 | 8 | 1 | 7 | 5 | 2,05,400 | 1-22 | 17,80,133 |
| 01-04-2019 | 16-07-2019 | 1 | 2 | 7 | 1 | 6 | 4 | 2,05,400 | 3-16 | 29,02,987 |
| 17-07-2019 | 31-07-2019 | 1 | 2 | 10 | 1 | 9 | 7 | 2,05,400 | 0-15 | 7,18,900 |
| **ਕੁੱਲ ਜੋੜ** | | | | | | | | | | **4,07,23,973** |

*ਸ੍ਰੋਤ: ਵਿਭਾਗੀ ਸੂਚਨਾ* *ਐਸ ਡੀ ਆਰ = ਸਟੇਟ ਡੈਪੂਟੇਸ਼ਨ ਰਿਜ਼ਰਵ* *ਸੀ ਡੀ ਆਰ = ਸੈਂਟਰਲ ਡੈਪੂਟੇਸ਼ਨ ਰਿਜ਼ਰਵ*

# ਅੰਤਿਕਾ 1.9

*(ਪੈਰ੍ਹਾ 3.7(i) ਪੰਨਾ 77 ਦੇ ਹਵਾਲੇ ਵਿੱਚ)*

## ਸਰਕਾਰੀ ਹਾਈ ਸਕੂਲ, ਕੁਲਗਰਾਂ, ਜਿਲ੍ਹਾ ਰੋਪੜ ਵਿੱਚ ਦਸੰਬਰ 2015 ਤੋਂ ਦਸੰਬਰ 2019 ਦੇ ਸਮੇਂ ਦੌਰਾਨ ਸ਼ੱਕੀ ਧੋਖਾਧੜੀ ਨਾਲ ਤਨਖਾਹ ਅਤੇ ਭੱਤੇ ਕਢਵਾਉਣ ਅਤੇ ਅਦਾਇਗੀ ਕਰਨ ਨੂੰ ਦਰਸਾਉਂਦੇ ਵੇਰਵੇ

*(ਰਾਸ਼ੀ ₹ ਵਿੱਚ)*

| ਲੜੀ ਨੰ. | ਬਿਲ ਨੰਬਰ/ ਮਿਤੀ | ਟੋਕਨ ਨੰਬਰ | ਪੇਅ ਬਿਲ/ਸਕੂਲ ਰਿਕਾਰਡ ਅਨੁਸਾਰ ਜਾਇਜ਼ ਕਰਮਚਾਰੀਆਂ ਦੀ ਸੰਖਿਆਂ | ਕਰਮਚਾਰੀਆਂ ਦੀ ਸੰਖਿਆਂ ਜਿਨ੍ਹਾਂ ਦੀ ਤਨਖਾਹ ਪੇਅ ਆਰਡਰਜ਼ ਅਨੁਸਾਰ ਕਢਵਾਈ ਗਈ | ਪੇਅ ਆਰਡਰਜ਼ ਅਨੁਸਾਰ ਕਢਵਾਈ ਗਈ ਤਨਖਾਹ (₹) | ਵਾਊਚਰ ਨੰਬਰ/ਮਿਤੀ | ਬਣਦੀ ਤਨਖਾਹ (₹) | ਵੱਧ ਕਢਵਾਈ ਗਈ ਰਾਸ਼ੀ (₹) | ਵਿਅਕਤੀ ਦਾ ਨਾਂਅ ਜਿਸ ਦੇ ਵਿਰੁੱਧ ਵੱਧ ਤਨਖਾਹ ਕਢਵਾਈ ਗਈ | ਕਲਰਕ ਦੇ ਬੈਂਕ ਖਾਤੇ ਦਾ ਨੰਬਰ, ਜਿਸ ਵਿੱਚ ਵੱਧ ਰਕਮ ਜਮ੍ਹਾਂ ਕੀਤੀ ਗਈ ਸੀ |
|---|---|---|---|---|---|---|---|---|---|---|
| **1** | **2** | **3** | **4** | **5** | **6** | **7** | **8** | **9 (6-8)** | **10** | **11** |
| 1. | 54/ 04.12.2015 | 2585 | 0 | 1 | 4,46,886 | 716/11.12.2015 | 0 | 4,46,886 | ਰਾਜੀਵ ਕੁਮਾਰ | 11070882238 |
| 2. | 68/ 09.03.2016 | 3376 | 1 | 2 | 3,02,489 | 245/10.03.2016 | 54,193 | 2,48,296 | ਪ੍ਰਵੀਨ | 11070882238 |
| 3. | 11/ 16.05.2016 | 484 | 0 | 1 | 2,40,430 | 446/19.05.2016 | 0 | 2,40,430 | ਇਕਬਾਲ | 11070882238 |
| 4. | 24/ 23.07.2016 | 1126 | 11 | 13 | 5,94,085 | 232/02.08.2016 | 4,83,863 | 1,10,222 | ਸਤਪਾਲ<br>ਬੰਦਨਾ ਕੁਮਾਰੀ | 11070882238 |
| 5. | 25/ 23.07.2016 | 1127 | 6 | 7 | 3,33,073 | 233/02.08.2016 | 2,79,209 | 53,864 | ਅਮ੍ਰਿਤ ਲਾਲ | 11070882238 |
| 6. | 34/ 24.08.2016 | 1557 | 4 | 6 | 3,06,962 | 180/01.09.2016 | 1,79,174 | 1,27,788 | ਮਨਿੰਦਰ ਕੌਰ<br>ਅਮ੍ਰਿਤ ਲਾਲ | 11070882238 |
| 7. | 35/ 24.08.2016 | 1558 | 10 | 12 | 5,87,681 | 181/01.09.2016 | 4,63,399 | 1,24,282 | ਬੰਦਨਾ ਕੁਮਾਰੀ<br>ਸਤਪਾਲ | 11070882238 |
| 8. | 40/ 22.09.2016 | 1878 | 4 | 6 | 3,06,962 | 311/04.10.2016 | 1,79,174 | 1,27,788 | ਅਮ੍ਰਿਤ ਲਾਲ<br>ਮਨਿੰਦਰ ਕੌਰ | 11070882238 |
| 9. | 41/ 22.09.2016 | 1879 | 10 | 12 | 5,87,073 | 312/04.10.2016 | 4,62,791 | 1,24,282 | ਬੰਦਨਾ ਕੁਮਾਰੀ<br>ਸਤਪਾਲ | 11070882238 |

| ਲੜੀ ਨੰ. | ਬਿਲ ਨੰਬਰ/ ਮਿਤੀ | ਟੋਕਨ ਨੰਬਰ | ਪੇਅ ਬਿਲ/ਸਕੂਲ ਰਿਕਾਰਡ ਅਨੁਸਾਰ ਜਾਇਜ਼ ਕਰਮਚਾਰੀਆਂ ਦੀ ਸੰਖਿਆਂ | ਕਰਮਚਾਰੀਆਂ ਦੀ ਸੰਖਿਆਂ ਜਿਨ੍ਹਾਂ ਦੀ ਤਨਖਾਹ ਪੇਅ ਆਰਡਰਜ਼ ਅਨੁਸਾਰ ਕਢਵਾਈ ਗਈ | ਪੇਅ ਆਰਡਰਜ਼ ਅਨੁਸਾਰ ਕਢਵਾਈ ਗਈ ਤਨਖਾਹ (₹) | ਵਾਊਚਰ ਨੰਬਰ/ਮਿਤੀ | ਬਣਦੀ ਤਨਖਾਹ (₹) | ਵੱਧ ਕਢਵਾਈ ਗਈ ਰਾਸ਼ੀ (₹) | ਵਿਅਕਤੀ ਦਾ ਨਾਂਅ ਜਿਸ ਦੇ ਵਿਰੁੱਧ ਵੱਧ ਤਨਖਾਹ ਕਢਵਾਈ ਗਈ | ਕਲਰਕ ਦੇ ਬੈਂਕ ਖਾਤੇ ਦਾ ਨੰਬਰ, ਜਿਸ ਵਿੱਚ ਵੱਧ ਰਕਮ ਜਮ੍ਹਾਂ ਕੀਤੀ ਗਈ ਸੀ |
|---|---|---|---|---|---|---|---|---|---|---|
| **1** | **2** | **3** | **4** | **5** | **6** | **7** | **8** | **9 (6-8)** | **10** | **11** |
| 10. | 45/ 22.10.2016 | 2117 | 4 | 6 | 3,06,818 | 324/01.11.2016 | 1,79,030 | 1,27,788 | ਅਮ੍ਰਿਤ ਲਾਲ<br>ਮਨਿੰਦਰ ਕੌਰ | 11070882238 |
| 11. | 46/ 22.10.2016 | 2118 | 10 | 12 | 5,87,073 | 325/01.11.2016 | 4,62,791 | 1,24,282 | ਬੰਦਨਾ ਕੁਮਾਰੀ<br>ਸਤਪਾਲ | 11070882238 |
| 12. | 53/ 24.11.2016 | 2426 | 4 | 6 | 3,15,975 | 379/03.12.2016 | 1,84,961 | 1,31,014 | ਅਮ੍ਰਿਤ ਲਾਲ<br>ਮਨਿੰਦਰ ਕੌਰ | 11070882238 |
| 13. | 54/ 24.11.2016 | 2427 | 10 | 12 | 6,06,118 | 380/03.12.2016 | 4,78,698 | 1,27,420 | ਬੰਦਨਾ ਕੁਮਾਰੀ<br>ਸਤਪਾਲ | 11070882238 |
| 14. | 57/ 22.12.2016 | 2702 | 4 | 6 | 3,15,975 | 192/03.01.2017 | 1,84,961 | 1,31,014 | ਮਨਿੰਦਰ ਕੌਰ<br>ਅਮ੍ਰਿਤ ਲਾਲ | 11070882238 |
| 15. | 58/ 22.12.2016 | 2703 | 10 | 12 | 6,01,118 | 193/03.01.2017 | 4,73,698 | 1,27,420 | ਸਤਪਾਲ<br>ਬੰਦਨਾ ਕੁਮਾਰੀ | 11070882238 |
| 16. | 63/ 24.01.2017 | 2956 | 4 | 6 | 3,08,225 | 381/02.02.2017 | 1,73,450 | 1,34,775 | ਅਮ੍ਰਿਤ ਲਾਲ<br>ਮਨਿੰਦਰ ਕੌਰ | 11070882238 |
| 17. | 64/ 24.01.2017 | 2957 | 10 | 12 | 5,51,609 | 382/02.02.2017 | 4,20,528 | 1,31,081 | ਬੰਦਨਾ ਕੁਮਾਰੀ<br>ਸਤਪਾਲ | 11070882238 |
| 18. | 30/ 19.08.2016 | 1488 | 13 | 14 | 96,012 | 620/15.02.2017 | 87,692 | 8,320 | ਕ੍ਰਿਸ਼ਨ ਰਾਮ ਸੋਨੀ | 11070882238 |
| 19. | 68/ 25.02.2017 | 3162 | 4 | 6 | 3,17,194 | 394/01.03.2017 | 1,85,987 | 1,41,440* | ਅਮ੍ਰਿਤ ਲਾਲ<br>ਮਨਿੰਦਰ ਕੌਰ | 11070882238 |
| 20. | 69/ 25.02.2017 | 3163 | 10 | 12 | 6,20,684 | 395/01.03.2017 | 4,79,344 | 1,41,340 | ਸਤਪਾਲ<br>ਬੰਦਨਾ ਕੁਮਾਰੀ | 11070882238 |

| ਲੜੀ ਨੰ. | ਬਿਲ ਨੰਬਰ/ ਮਿਤੀ | ਟੋਕਨ ਨੰਬਰ | ਪੇਅ ਬਿਲ/ਸਕੂਲ ਰਿਕਾਰਡ ਅਨੁਸਾਰ ਜਾਇਜ਼ ਕਰਮਚਾਰੀਆਂ ਦੀ ਸੰਖਿਆਂ | ਕਰਮਚਾਰੀਆਂ ਦੀ ਸੰਖਿਆਂ ਜਿਨ੍ਹਾਂ ਦੀ ਤਨਖਾਹ ਪੇਅ ਆਰਡਰਜ਼ ਅਨੁਸਾਰ ਕਢਵਾਈ ਗਈ | ਪੇਅ ਆਰਡਰਜ਼ ਅਨੁਸਾਰ ਕਢਵਾਈ ਗਈ ਤਨਖਾਹ (₹) | ਵਾਊਚਰ ਨੰਬਰ/ਮਿਤੀ | ਬਣਦੀ ਤਨਖਾਹ (₹) | ਵੱਧ ਕਢਵਾਈ ਗਈ ਰਾਸ਼ੀ (₹) | ਵਿਅਕਤੀ ਦਾ ਨਾਂਅ ਜਿਸ ਦੇ ਵਿਰੁੱਧ ਵੱਧ ਤਨਖਾਹ ਕਢਵਾਈ ਗਈ | ਕਲਰਕ ਦੇ ਬੈਂਕ ਖਾਤੇ ਦਾ ਨੰਬਰ, ਜਿਸ ਵਿੱਚ ਵੱਧ ਰਕਮ ਜਮ੍ਹਾਂ ਕੀਤੀ ਗਈ ਸੀ |
|---|---|---|---|---|---|---|---|---|---|---|
| **1** | **2** | **3** | **4** | **5** | **6** | **7** | **8** | **9 (6-8)** | **10** | **11** |
| 21. | 1/ 14.04.2017 | 108 | 4 | 5 | 2,72,607 | 248/18.04.2017 | 2,01,887 | 70,720 | ਮਨਿੰਦਰ ਕੌਰ | 11070882238 |
| 22. | 2/ 14.04.2017 | 109 | 10 | 13 | 7,26,131 | 249/18.04.2017 | 5,14,071 | 2,12,060 | ਸਤਪਾਲ<br>ਬੰਦਨਾ ਕੁਮਾਰੀ<br>ਅਮ੍ਰਿਤ ਲਾਲ | 11070882238 |
| 23. | 5/ 26.04.2017 | 301 | 4 | 5 | 2,74,533 | 323/02.05.2017 | 2,03,813 | 70,720 | ਮਨਿੰਦਰ ਕੌਰ | 11070882238 |
| 24. | 6/26.04.2017 | 302 | 10 | 13 | 7,29,270 | 324/02.05.2017 | 5,17,210 | 2,12,060 | ਅਮ੍ਰਿਤ ਲਾਲ<br>ਸਤਪਾਲ<br>ਬੰਦਨਾ ਕੁਮਾਰੀ | 11070882238 |
| 25. | 9/ 26.05.2017 | 774 | 4 | 5 | 2,74,533 | 177/02.06.2017 | 2,03,813 | 70,720 | ਮਨਿੰਦਰ ਕੌਰ | 11070882238 |
| 26. | 10/ 26.05.2017 | 775 | 10 | 13 | 7,33,962 | 178/02.06.2017 | 5,21,902 | 2,12,060 | ਅਮ੍ਰਿਤ ਲਾਲ<br>ਸਤਪਾਲ<br>ਬੰਦਨਾ ਕੁਮਾਰੀ | 11070882238 |
| 27. | 13/ 03.07.2017 | 1257 | 4 | 5 | 2,73,283 | 397/25.07.2017 | 2,02,813 | 70,470 | ਮਨਿੰਦਰ ਕੌਰ | 11070882238 |
| 28. | 15/ 03.07.2017 | 1259 | 10 | 13 | 7,34,192 | 399/25.07.2017 | 5,22,882 | 2,11,310 | ਸਤਪਾਲ<br>ਬੰਦਨਾ ਕੁਮਾਰੀ<br>ਅਮ੍ਰਿਤ ਲਾਲ | 11070882238 |
| 29. | 17/ 28.07.2017 | 1407 | 4 | 5 | 2,76,233 | 361/01.08.2017 | 2,05,763 | 70,470 | ਮਨਿੰਦਰ ਕੌਰ | 11070882238 |
| 30. | 18/ 28.07.2017 | 1408 | 9 | 11 | 6,16,946 | 362/01.08.2017 | 4,76,606 | 1,40,340 | ਸਤਪਾਲ<br>ਬੰਦਨਾ ਕੁਮਾਰੀ | 11070882238 |
| 31. | 21/ 23.08.2017 | 1667 | 5 | 6 | 3,29,031 | 184/08.09.2017 | 2,58,561 | 70,470 | ਮਨਿੰਦਰ ਕੌਰ | 11070882238 |
| 32. | 22/ 23.08.2017 | 1668 | 8 | 10 | 5,65,367 | 186/09.09.2017 | 4,24,527 | 1,40,840 | ਬੰਦਨਾ ਕੁਮਾਰੀ<br>ਸਤਪਾਲ | 11070882238 |

| ਲੜੀ ਨੰ. | ਬਿਲ ਨੰਬਰ/ ਮਿਤੀ | ਟੋਕਨ ਨੰਬਰ | ਪੇਅ ਬਿਲ/ਸਕੂਲ ਰਿਕਾਰਡ ਅਨੁਸਾਰ ਜਾਇਜ਼ ਕਰਮਚਾਰੀਆਂ ਦੀ ਸੰਖਿਆਂ | ਕਰਮਚਾਰੀਆਂ ਦੀ ਸੰਖਿਆਂ ਜਿਨ੍ਹਾਂ ਦੀ ਤਨਖਾਹ ਪੇਅ ਆਰਡਰਜ਼ ਅਨੁਸਾਰ ਕਢਵਾਈ ਗਈ | ਪੇਅ ਆਰਡਰਜ਼ ਅਨੁਸਾਰ ਕਢਵਾਈ ਗਈ ਤਨਖਾਹ (₹) | ਵਾਊਚਰ ਨੰਬਰ/ਮਿਤੀ | ਬਣਦੀ ਤਨਖਾਹ (₹) | ਵੱਧ ਕਢਵਾਈ ਗਈ ਰਾਸ਼ੀ (₹) | ਵਿਅਕਤੀ ਦਾ ਨਾਂਅ ਜਿਸ ਦੇ ਵਿਰੁੱਧ ਵੱਧ ਤਨਖਾਹ ਕਢਵਾਈ ਗਈ | ਕਲਰਕ ਦੇ ਬੈਂਕ ਖਾਤੇ ਦਾ ਨੰਬਰ, ਜਿਸ ਵਿੱਚ ਵੱਧ ਰਕਮ ਜਮ੍ਹਾਂ ਕੀਤੀ ਗਈ ਸੀ |
|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 (6-8) | 10 | 11 |
| 33. | 29/ 26.09.2017 | 1993 | 5 | 6 | 3,29,031 | 173/04.10.2017 | 2,58,561 | 70,470 | ਮਨਿੰਦਰ ਕੌਰ | 11070882238 |
| 34. | 30/ 26.09.2017 | 1994 | 8 | 10 | 5,65,367 | 174/04.10.2017 | 4,24,527 | 1,40,840 | ਸਤਪਾਲ<br>ਬੰਦਨਾ ਕੁਮਾਰੀ | 11070882238 |
| 35. | 34/ 23.10.2017 | 2240 | 5 | 6 | 3,31,139 | 176/01.11.2017 | 2,60,669 | 70,470 | ਮਨਿੰਦਰ ਕੌਰ | 11070882238 |
| 36. | 35/ 23.10.2017 | 2241 | 8 | 10 | 5,65,367 | 177/01.11.2017 | 4,24,527 | 1,40,840 | ਬੰਦਨਾ ਕੁਮਾਰੀ<br>ਸਤਪਾਲ | 11070882238 |
| 37. | 49/ 22.11.2017 | 2518 | 5 | 6 | 3,31,139 | 434/02.12.2017 | 2,60,669 | 70,470 | ਮਨਿੰਦਰ ਕੌਰ | 11070882238 |
| 38. | 50/ 22.11.2017 | 2519 | 8 | 10 | 5,56,367 | 435/02.12.2017 | 4,15,527 | 1,40,840 | ਬੰਦਨਾ ਕੁਮਾਰੀ<br>ਸਤਪਾਲ | 11070882238 |
| 39. | 56/ 23.12.2017 | 2839 | 5 | 6 | 3,35,075 | 196/01.01.2018 | 2,64,605 | 70,470 | ਮਨਿੰਦਰ ਕੌਰ | 11070882238 |
| 40. | 57/ 23.12.2017 | 2840 | 8 | 10 | 5,56,367 | 197/01.01.2018 | 4,15,527 | 1,40,840 | ਬੰਦਨਾ ਕੁਮਾਰੀ<br>ਸਤਪਾਲ | 11070882238 |
| 41. | 64/ 23.01.2018 | 3082 | 5 | 6 | 3,10,264 | 294/02.02.2018 | 2,39,794 | 70,470 | ਮਨਿੰਦਰ ਕੌਰ | 11070882238 |
| 42. | 65/ 30.01.2018 | 3169 | 7 | 9 | 4,44,878 | 299/02.02.2018 | 3,04,038 | 1,40,840 | ਬੰਦਨਾ ਕੁਮਾਰੀ<br>ਸਤਪਾਲ | 11070882238 |
| 43. | 74/ 22.02.2018 | 3451 | 5 | 6 | 3,17,134 | 325/05.03.2018 | 2,44,664 | 70,470 | ਮਨਿੰਦਰ ਕੌਰ | 11070882238 |
| 44. | 75/ 22.02.2018 | 3452 | 7 | 9 | 4,33,818 | 326/05.03.2018 | 2,92,978 | 1,40,840 | ਸਤਪਾਲ<br>ਬੰਦਨਾ ਕੁਮਾਰੀ | 11070882238 |
| 45. | 2/ 11.04.2018 | 65 | 5 | 6 | 3,25,264 | 538/13.04.2018 | 2,54,794 | 70,470 | ਮਨਿੰਦਰ ਕੌਰ | 11070882238 |
| 46. | 3/ 11.04.2018 | 66 | 7 | 9 | 4,94,458 | 539/13.04.2018 | 3,53,618 | 1,40,840 | ਸਤਪਾਲ<br>ਬੰਦਨਾ ਕੁਮਾਰੀ | 11070882238 |

| ਲੜੀ ਨੰ. | ਬਿਲ ਨੰਬਰ/ ਮਿਤੀ | ਟੋਕਨ ਨੰਬਰ | ਪੇਅ ਬਿਲ/ਸਕੂਲ ਰਿਕਾਰਡ ਅਨੁਸਾਰ ਜਾਇਜ਼ ਕਰਮਚਾਰੀਆਂ ਦੀ ਸੰਖਿਆਂ | ਕਰਮਚਾਰੀਆਂ ਦੀ ਸੰਖਿਆਂ ਜਿਨ੍ਹਾਂ ਦੀ ਤਨਖਾਹ ਪੇਅ ਆਰਡਰਜ਼ ਅਨੁਸਾਰ ਕਢਵਾਈ ਗਈ | ਪੇਅ ਆਰਡਰਜ਼ ਅਨੁਸਾਰ ਕਢਵਾਈ ਗਈ ਤਨਖਾਹ (₹) | ਵਾਉਚਰ ਨੰਬਰ/ਮਿਤੀ | ਬਣਦੀ ਤਨਖਾਹ (₹) | ਵੱਧ ਕਢਵਾਈ ਗਈ ਰਾਸ਼ੀ (₹) | ਵਿਅਕਤੀ ਦਾ ਨਾਂਅ ਜਿਸ ਦੇ ਵਿਰੁੱਧ ਵੱਧ ਤਨਖਾਹ ਕਢਵਾਈ ਗਈ | ਕਲਰਕ ਦੇ ਬੈਂਕ ਖਾਤੇ ਦਾ ਨੰਬਰ, ਜਿਸ ਵਿੱਚ ਵੱਧ ਰਕਮ ਜਮ੍ਹਾਂ ਕੀਤੀ ਗਈ ਸੀ |
|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 (6-8) | 10 | 11 |
| 47. | 7/ 17.04.2018 | 229 | 6 | 7 | 1,53,279 | 890/16.07.2018 | 1,28,484 | 24,795 | ਪ੍ਰੇਮ ਲਤਾ | 11070882238 |
| 48. | 8/ 17.04.2018 | 230 | 13 | 14 | 3,05,566 | 891/16.07.2018 | 2,78,818 | 26,748 | ਕ੍ਰਿਸ਼ਨ ਰਾਮ ਸੋਨੀ | 11070882238 |
| 49. | 9/ 17.04.2018 | 231 | 6 | 7 | 47,174 | 892/16.07.2018 | 40,401 | 6,773 | ਪ੍ਰੇਮ ਲਤਾ | 11070882238 |
| 50. | 76/ 23.10.2018 | 2825 | 5 | 6 | 3,32,977 | 421/03.11.2018 | 2,57,960 | 75,017 | ਰਾਜੀਵ ਕੁਮਾਰ | 11070882238 |
| 51. | 77/30.10.2018 | 2922 | 6 | 7 | 3,77,115 | 428/03.11.2018 | 3,05,796 | 71,319 | ਰਾਜੀਵ ਕੁਮਾਰ | 11070882238 |
| 52. | 86/ 26.11.2018 | 3120 | 5 | 6 | 3,32,977 | 265/04.12.2018 | 2,58,460 | 75,017* | ਰਾਜੀਵ ਕੁਮਾਰ | 11070882238 |
| 53. | 87/ 26.11.2018 | 3121 | 6 | 7 | 3,77,115 | 266/04.12.2018 | 3,05,796 | 71,319 | ਰਾਜੀਵ ਕੁਮਾਰ | 65003115303 |
| 54. | 95/ 24.12.2018 | 3328 | 5 | 6 | 3,37,015 | 622/01.01.2019 | 2,61,998 | 75,017 | ਰਾਜੀਵ ਕੁਮਾਰ | 11070882238 |
| 55. | 96/ 24.12.2018 | 3329 | 6 | 7 | 3,77,115 | 623/01.01.2019 | 3,05,796 | 71,319 | ਰਾਜੀਵ ਕੁਮਾਰ | 65003115303 |
| 56. | 103/ 29.01.2019 | 3724 | 5 | 6 | 3,35,813 | 528/08.02.2019 | 2,60,796 | 75,017 | ਰਾਜੀਵ ਕੁਮਾਰ | 11070882238 |
| 57. | 104/ 29.01.2019 | 3725 | 6 | 7 | 3,83,751 | 529/08.02.2019 | 3,12,432 | 71,319 | ਰਾਜੀਵ ਕੁਮਾਰ | 65003115303 |
| 58. | 111/ 27.02.2019 | 4078 | 5 | 6 | 3,27,423 | 238/01.03.2019 | 2,50,609 | 76,814 | ਰਾਜੀਵ ਕੁਮਾਰ | 11070882238 |
| 59. | 112/ 27.02.2019 | 4079 | 5 | 6 | 3,00,424 | 239/01.03.2019 | 2,27,398 | 73,026 | ਰਾਜੀਵ ਕੁਮਾਰ | 65003115303 |
| 60. | 1/ 10.04.2019 | 183 | 10 | 12 | 6,37,817 | 543/11.04.2019 | 4,84,942 | 1,52,875 | ਰਾਜੀਵ ਕੁਮਾਰ | (i) 11070882238<br>(ii) 65003115303 |
| 61. | 9/ 29.04.2019 | 425 | 10 | 12 | 6,45,330 | 511/01.05.2019 | 4,91,555 | 1,53,775 | ਰਾਜੀਵ ਕੁਮਾਰ | (i) 11070882238<br>(ii) 65003115303 |
| 62. | 14/ 28.05.2019 | 691 | 10 | 12 | 6,45,330 | 501/04.06.2019 | 4,92,455 | 1,53,775* | ਰਾਜੀਵ ਕੁਮਾਰ | (i) 11070882238<br>(ii) 65003115303 |
| 63. | 20/ 24.06.2019 | 885 | 10 | 12 | 6,41,830 | 255/01.07.2019 | 4,89,455 | 1,52,375 | ਰਾਜੀਵ ਕੁਮਾਰ | (i) 11070882238<br>(ii) 65003115303 |
| 64. | 26/ 25.07.2019 | 1254 | 10 | 12 | 6,51,330 | 353/03.08.2019 | 4,98,955 | 1,52,375 | ਰਾਜੀਵ ਕੁਮਾਰ | (i) 11070882238<br>(ii) 65003115303 |

| ਲੜੀ ਨੰ. | ਬਿਲ ਨੰਬਰ/ ਮਿਤੀ | ਟੋਕਨ ਨੰਬਰ | ਪੇਅ ਬਿਲ/ਸਕੂਲ ਰਿਕਾਰਡ ਅਨੁਸਾਰ ਜਾਇਜ਼ ਕਰਮਚਾਰੀਆਂ ਦੀ ਸੰਖਿਆਂ | ਕਰਮਚਾਰੀਆਂ ਦੀ ਸੰਖਿਆਂ ਜਿਨ੍ਹਾਂ ਦੀ ਤਨਖਾਹ ਪੇਅ ਆਰਡਰਜ਼ ਅਨੁਸਾਰ ਕਢਵਾਈ ਗਈ | ਪੇਅ ਆਰਡਰਜ਼ ਅਨੁਸਾਰ ਕਢਵਾਈ ਗਈ ਤਨਖਾਹ (₹) | ਵਾਊਚਰ ਨੰਬਰ/ਮਿਤੀ | ਬਣਦੀ ਤਨਖਾਹ (₹) | ਵੱਧ ਕਢਵਾਈ ਗਈ ਰਾਸ਼ੀ (₹) | ਵਿਅਕਤੀ ਦਾ ਨਾਂਅ ਜਿਸ ਦੇ ਵਿਰੁੱਧ ਵੱਧ ਤਨਖਾਹ ਕਢਵਾਈ ਗਈ | ਕਲਰਕ ਦੇ ਬੈਂਕ ਖਾਤੇ ਦਾ ਨੰਬਰ, ਜਿਸ ਵਿੱਚ ਵੱਧ ਰਕਮ ਜਮ੍ਹਾਂ ਕੀਤੀ ਗਈ ਸੀ |
|---|---|---|---|---|---|---|---|---|---|---|
| **1** | **2** | **3** | **4** | **5** | **6** | **7** | **8** | **9 (6-8)** | **10** | **11** |
| 65. | 33/ 01.09.2019 | 1559 | 8 | 10 | 5,58,287 | 319/06.09.2019 | 4,05,912 | 1,52,375 | ਰਾਜੀਵ ਕੁਮਾਰ | (i) 11070882238<br>(ii) 65003115303 |
| 66. | 41/ 25.09.2019 | 1827 | 8 | 10 | 5,58,287 | 352/04.10.2019 | 4,05,912 | 1,52,375 | ਰਾਜੀਵ ਕੁਮਾਰ | (i) 11070882238<br>(ii) 65003115303 |
| 67. | 54/ 24.10.2019 | 2103 | 8 | 10 | 6,28,287 | 257/01.11.2019 | 4,75,912 | 1,52,375 | ਰਾਜੀਵ ਕੁਮਾਰ | (i) 11070882238<br>(ii) 65003115303 |
| 68. | 61/ 26.11.2019 | 2360 | 8 | 10 | 6,34,684 | 399/03.12.2019 | 4,83,009 | 1,52,375* | ਰਾਜੀਵ ਕੁਮਾਰ | (i) 11070882238<br>(ii) 65003115303 |
| | **ਜੋੜ** | | | | | | | **81,29,317** | | |

*ਸ੍ਰੋਤ: ਵਿਭਾਗੀ ਸੂਚਨਾ*

* ਲੜੀ ਨੰ: 19,52,62 ਅਤੇ 68 ਤੇ ਕਢਵਾਈ ਗਈ ਵੱਧ ਰਕਮ ਵਿੱਚ ਕ੍ਰਮਵਾਰ ₹ 10,233/-, ₹ 500/-, ₹ 900/- ਅਤੇ ₹ 700 ਸ਼ਾਮਲ ਹਨ, ਜੋ ਕਿ ਜਾਇਜ਼ ਕਰਮਚਾਰੀਆਂ ਦੇ ਖਾਤਿਆਂ ਵਿੱਚ ਘੱਟ ਜਮ੍ਹਾਂ ਹੋਏ।

## ਅੰਤਿਕਾ 1.10

*(ਪੈਰ੍ਹਾ 3.7(ii) ਪੰਨਾ 78 ਦੇ ਹਵਾਲੇ ਵਿੱਚ)*

### ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਜੋਲਾ, ਜਿਲ੍ਹਾ ਪਟਿਆਲਾ ਵਿੱਚ ਸਤੰਬਰ 2014 ਤੋਂ ਦਸੰਬਰ 2017 ਦੇ ਸਮੇਂ ਦੌਰਾਨ ਸ਼ੱਕੀ ਧੋਖਾਧੜੀ ਨਾਲ ਤਨਖਾਹ ਕਢਵਾਉਣ ਨੂੰ ਦਰਸਾਉਂਦੀ ਵਿਵਰਣੀ

| ਲੜੀ ਨੰ. | ਬਿਲ ਨੰ. / ਪੇਅ ਬਿਲ ਦੀ ਮਿਤੀ | ਟੋਕਨ ਨੰ. | ਪੇਅ ਬਿਲ ਅਨੁਸਾਰ ਕਰਮਚਾਰੀਆਂ ਦੀ ਸੰਖਿਆ | ਕਰਮਚਾਰੀਆਂ ਦੀ ਸੰਖਿਆ ਜਿਨ੍ਹਾਂ ਲਈ ਪੇਅ ਕਢਵਾਈ ਗਈ | ਕਢਵਾਈ ਗਈ ਪੇਅ (₹ ਵਿੱਚ) | ਬਣਦੀ ਪੇਅ (₹ ਵਿੱਚ) | ਜਿਆਦਾ ਕਢਵਾਈ ਗਈ (₹ ਵਿੱਚ) | ਲਾਭਪਾਤਰੀ ਦਾ ਨਾਂਅ | ਬੈਂਕ ਦਾ ਵੇਰਵਾ ਜਿਸ ਵਿੱਚ ਵੱਧ ਰਾਸ਼ੀ ਟਰਾਂਸਫਰ ਕੀਤੀ ਗਈ ਸੀ |
|---|---|---|---|---|---|---|---|---|---|
| 1 | 32/ 29.9.2014 | 26127 | 36 | 37 | 16,52,992 | 16,06,592 | 46,400 | ਬਿਲ ਕਲਰਕ ਦੀ ਪਤਨੀ | 6482191036572 |
| 2 | 54/30.12.2014 | 38278 | 32 | 33 | 15,89,994 | 15,33,034 | 56,960 | 1. ਬਿਲ ਕਲਰਕ ਦੀ ਪਤਨੀ ₹ 48,960<br>2. ਸਕੂਲ ਦਾ ਸੇਵਾਦਾਰ ₹ 8,000 | 1. 6482191036572<br>2.6012001300001079 |
| 3 | 56/ 01.02.2015 | 42022 | 32 | 33 | 15,97,728 | 15,42,128 | 55,600 | 1. ਬਿਲ ਕਲਰਕ ਦੀ ਪਤਨੀ ₹ 47,600<br>2. ਸਕੂਲ ਦਾ ਸੇਵਾਦਾਰ ₹ 8,000 | 1. 6482191036572<br>2.6012001300001079 |
| 4 | 01/ 06.04.2015 | 454 | 32 | 33 | 15,24,777 | 14,76,177 | 48,600 | ਬਿਲ ਕਲਰਕ ਦੀ ਪਤਨੀ | 6482191036572 |
| 5 | 09/ 10.4.2015 | 1438 | 32 | 33 | 16,28,329 | 15,79,529 | 48,800 | | |
| 6 | 14/ 28.04.2015 | 3272 | 30 | 31 | 15,03,233 | 14,54,433 | 48,800 | | |
| 7 | 21/ 3.6.2015 | 7836 | 30 | 31 | 15,15,657 | 14,55,057 | 60,600 | 1. ਬਿਲ ਕਲਰਕ ਦੀ ਪਤਨੀ ₹ 52,600<br>2. ਸਕੂਲ ਦਾ ਸੇਵਾਦਾਰ ₹ 8,000 | 1. 6482191036572<br>2.6012001300001079 |
| 8 | 24/ 6.7.2015 | 12412 | 27 | 29[1] | 13,90,437 | 13,33,837 | 56,600 | 1. ਬਿਲ ਕਲਰਕ ਦੀ ਪਤਨੀ ₹ 52,600<br>2. ਸਕੂਲ ਦਾ ਸੇਵਾਦਾਰ ₹ 4,000 | 1. 6482191036572<br>2.6012001300001079 |
| 9 | 34/ 30.7.2015 | 15799 | 28 | 29 | 14,56,708 | 14,02,308 | 54,400 | 1. ਬਿਲ ਕਲਰਕ ਦੀ ਪਤਨੀ ₹ 50,400<br>2 ਸਕੂਲ ਦਾ ਸੇਵਾਦਾਰ ₹ 4,000 | 1. 6482191036572<br>2.6012001300001079 |
| 10 | 36/ 28.8.2015 | 19455 | 28 | 29 | 15,00,571 | 14,42,971 | 57,600 | 1. ਬਿਲ ਕਲਰਕ ਦੀ ਪਤਨੀ ₹ 54,600<br>2. ਸਕੂਲ ਦਾ ਸੇਵਾਦਾਰ ₹ 3,000 | 1. 6482191036572<br>2.6012001300001079 |
| 11 | 42/ 28.9.2015 | 22902 | 28 | 29 | 14,99,132 | 14,44,532 | 54,600 | | |

[1] ਸ੍ਰੀ ਦਵਿੰਦਰ ਸਿੰਘ ਦੀ ਤਨਖਾਹ ₹ 5,000 ਘਟਾ ਕੇ ਅਣ-ਅਧਿਕਾਰਤ ਤੌਰ ਤੇ ਇੱਕ ਵਿਅਕਤੀ ਨੂੰ ₹ 5,000/- ਦੀ ਅਦਾਇਗੀ ਕੀਤੀ ਗਈ ਸੀ ਜੋਕਿ ਸਕੂਲ ਦਾ ਕਰਮਚਾਰੀ ਨਹੀਂ ਸੀ।

| ਲੜੀ ਨੰ. | ਬਿਲ ਨੰ. / ਪੇਅ ਬਿਲ ਦੀ ਮਿਤੀ | ਟੋਕਨ ਨੰ. | ਪੇਅ ਬਿਲ ਅਨੁਸਾਰ ਕਰਮਚਾਰੀਆਂ ਦੀ ਸੰਖਿਆ | ਕਰਮਚਾਰੀਆਂ ਦੀ ਸੰਖਿਆ ਜਿਨ੍ਹਾਂ ਲਈ ਪੇਅ ਕਢਵਾਈ ਗਈ | ਕਢਵਾਈ ਗਈ ਪੇਅ (₹ ਵਿੱਚ) | ਬਣਦੀ ਪੇਅ (₹ ਵਿੱਚ) | ਜਿਆਦਾ ਕਢਵਾਈ ਗਈ (₹ ਵਿੱਚ) | ਲਾਭਪਾਤਰੀ ਦਾ ਨਾਂਅ | ਬੈਂਕ ਦਾ ਵੇਰਵਾ ਜਿਸ ਵਿੱਚ ਵੱਧ ਰਾਸ਼ੀ ਟਰਾਂਸਫਰ ਕੀਤੀ ਗਈ ਸੀ |
|---|---|---|---|---|---|---|---|---|---|
| 12 | 46/27.10.2015 | 26981 | 29 | 30 | 15,43,191 | 14,88,591 | 54,600 | | |
| 13 | 47/27.10.2015 | 26983 | 31 | 32 | 3,33,062 | 3,22,114 | 10,948 | ਬਿਲ ਕਲਰਕ ਦੀ ਪਤਨੀ | 6482191036572 |
| 14 | 57/ 1.12.2015 | 31278 | 29 | 30 | 15,40,791 | 14,86,191 | 54,600 | | |
| 15 | 67/ 2.2.2016 | 38820 | 29 | 30 | 15,20,101 | 14,61,501 | 58,600 | | |
| 16 | 69/ 4.3.2016 | 43046 | 29 | 30 | 14,94,208 | 14,35,608 | 58,600 | | |
| 17 | 04/10.04.2016 | 1550 | 29 | 30 | 16,07,208 | 15,48,608 | 58,600 | | |
| 18 | 11/28.04.2016 | 3907 | 29 | 30 | 16,13,480 | 15,54,880 | 58,600 | | |
| 19 | 18/30.05.2016 | 9011 | 28 | 29 | 15,86,538 | 15,27,938 | 58,600 | | |
| 20 | 23/ 3.7.2016 | 12200 | 28 | 29 | 15,53,019 | 14,96,719 | 56,300 | | 6482191036572 |
| 21 | 34/8.9.2016 | 21577 | 27 | 28 | 15,04,373 | 14,47,773 | 56,600 | | |
| 22 | 41/29.9.2016 | 23740 | 27 | 28 | 14,96,810 | 14,40,210 | 56,600 | | |
| 23 | 60/27.12.2016 | 33935 | 27 | 28 | 15,49,716 | 14,97,216 | 52,500 | | |
| 24 | 64/ 30.1.2017 | 37690 | 28 | 29 | 16,08,772 | 15,52,272 | 56,500 | | |
| 25 | 69 /2.3.2017 | 41616 | 29 | 30 | 16,60,911 | 16,02,311 | 58,600 | ਬਿਲ ਕਲਰਕ ਦੀ ਪਤਨੀ | |
| 26 | 2/11.4.2017 | 1178 | 29 | 30 | 17,80,134 | 17,21,634 | 58,500 | | |
| 27 | 16/29.5.2017 | 10188 | 29 | 30 | 17,55,927 | 16,96,327 | 59,600 | | |
| 28 | 30/ 23.7.2017 | 17707 | 28 | 29 | 16,92,928 | 16,33,128 | 59,800 | | |
| 29 | 31/28.7.2018 | 18766 | 27 | 28 | 16,42,529 | 15,83,029 | 59,500 | | |
| 30 | 62/24.12.2017 | 37287 | 29 | 30 | 17,28,610 | 16,82,110 | 46,500 | ਬਿਲ ਕਲਰਕ ਦੀ ਪੁੱਤਰੀ | 6012006900012634 |
| | ਜੋੜ | | | | **4,60,71,866** | **4,44,48,758** | **16,23,108** | | |

*ਸ੍ਰੋਤ: ਵਿਭਾਗੀ ਸੂਚਨਾ*

## ਅੰਤਿਕਾ 1.11

*(ਪੈਰ੍ਹਾ 3.9 ਪੰਨਾ 84 ਦੇ ਹਵਾਲੇ ਵਿੱਚ)*

### ਜਮੀਨ ਦੇ ਮਾਲਕਾਂ ਨੂੰ ਮੁਆਵਜ਼ੇ ਦੀ ਵੱਧ ਅਦਾਇਗੀ

*(₹ ਵਿੱਚ ਰਾਸ਼ੀ)*

| ਲੜੀ ਨੰ. | ਵੇਰਵਾ | ਪੁਰਾਣੇ ਐਕਟ (26.11.2012) ਅਧੀਨ ਅਸਲ ਅਵਾਰਡ ਅਨੁਸਾਰ ਮੁਆਵਜ਼ਾ | ਨਵੇਂ ਐਕਟ, 2013 (18.03.2016) ਅਧੀਨ ਪੂਰਕ ਅਵਾਰਡ ਅਨੁਸਾਰ ਮੁਆਵਜ਼ਾ | ਅਵਾਰਡ ਕੀਤਾ ਗਿਆ ਕੁੱਲ ਮੁਆਵਜ਼ਾ | ਪੁਰਾਣੇ ਐਕਟ (26.11.2012) ਅਨੁਸਾਰ ਦੇਣਯੋਗ ਮੁਆਵਜ਼ਾ | ਮੁਆਵਜ਼ੇ ਦੀ ਵੱਧ ਅਦਾਇਗੀ |
|---|---|---|---|---|---|---|
| **1** | **2** | **3** | **4** | **5** | **6** | **7** |
| 1. | ਜਮੀਨ ਦੀ ਮਾਰਕੀਟ ਕੀਮਤ | 56,82,000 | - | 56,82,000 | 56,82,000 | 0 |
| 2. | ਮਕਾਨਾਂ/ਢਾਂਚਿਆਂ ਦੀ ਨਿਰਧਾਰਤ ਕੀਤੀ ਕੀਮਤ | ਨਿਰਧਾਰਤ ਨਹੀਂ ਕੀਤਾ | 3,26,48,859# | 3,26,48,859 | 3,26,48,859 | 0 |
| 3. | ਸੋਲੇਸ਼ੀਅਮ | 17,04,600<br>(ਲੜੀ ਨੰ. 1 'ਤੇ 30% ਦੀ ਦਰ ਨਾਲ) | 3,26,48,859<br>(ਲੜੀ ਨੰ. 1+2 'ਤੇ 100% ਦੀ ਦਰ ਨਾਲ) | 3,43,53,459 | 17,04,600<br>(ਲੜੀ ਨੰ. 1 'ਤੇ 30% ਦੀ ਦਰ ਨਾਲ) | 3,26,48,859 |
| 4. | 12 ਪ੍ਰਤੀਸ਼ਤ ਦੀ ਦਰ ਨਾਲ ਹੋਰ ਵਾਧਾ | 6,80,135<br>(ਲੜੀ ਨੰ. 1 'ਤੇ 28.11.2011 ਤੋਂ 26.11.2012 ਤੱਕ) | 1,68,66,401<br>(ਲੜੀ ਨੰ.2 'ਤੇ 28.11.2011 ਤੋਂ 18.03.2016 ਤੱਕ) | 1,75,46,536 | 6,80,135*<br>(ਲੜੀ ਨੰ. 1 'ਤੇ 28.11.2011 ਤੋਂ 26.11.2012 ਤੱਕ) | 1,68,66,401 |
| | **ਜੋੜ** | **80,66,735** | **8,21,64,119** | **9,02,30,854** | **4,07,15,594** | **4,95,15,260** |

*ਸ੍ਰੋਤ: ਵਿਭਾਗੀ ਰਿਕਾਰਡ*

*# ਇਹ ਮੰਨ ਲਿਆ ਗਿਆ ਹੈ ਕਿ ਨਵੰਬਰ 2012 ਵਿੱਚ ਭਾਵ ਅਸਲ ਅਵਾਰਡ ਦੀ ਘੋਸ਼ਣਾ ਸਮੇਂ ਢਾਂਚੇ/ਮਕਾਨਾਂ ਦੀ ਕੀਮਤ ਇਕ ਹੀ ਹੋਵੇਗੀ।*

** ਸੈਕਸ਼ਨ 23 (1 ਏ) ਅਤੇ 23(2) ਅਨੁਸਾਰ ਢਾਂਚੇ, ਮਕਾਨਾਂ ਦੀ ਕੀਮਤ ਉੱਤੇ ਹੋਰ ਵਾਧਾ ਅਤੇ ਸੋਲੇਸ਼ੀਅਮ ਦੇਣਯੋਗ ਨਹੀਂ ਸੀ।*

# ਅੰਤਿਕਾ 2.1

*(ਪੈਰ੍ਹਾ 2.5, ਪੰਨਾ 113 ਦੇ ਹਵਾਲੇ ਵਿੱਚ)*

## ਟੀ ਡੀ ਐਸ ਦੀ ਦੇਰੀ ਨਾਲ ਜਮ੍ਹਾਂ ਉੱਤੇ ਲੱਗਣਯੋਗ ਵਿਆਜ਼ ਦੀ ਰਕਮ

| ਏ ਸੀ ਐਸ ਟੀ ਫਰੀਦਕੋਟ | | ਕੰਟ੍ਰੈਕਟੀ-ਐਮ ਏ ਪੀ ਪ੍ਰੋਜੈਕਟ ਸਟੇਸ਼ਨ ਹੈਡਕੁਆਟਰ, ਫਰੀਦਕੋਟ ਕੈਂਟ ਮਿਲਟਰੀ ਸਟੇਸ਼ਨ | | | | | | |
|---|---|---|---|---|---|---|---|---|
| ਲੜੀ ਨੰ. | ਚੱਲਤਾ ਖਾਤਾ ਰਸੀਦ ਨੰ. | ਬਿੱਲ ਦੀ ਰਕਮ | ਟੀ ਡੀ ਐਸ ਦੀ ਰਕਮ | ਕਟੌਤੀ ਦਾ ਮਹੀਨਾ | ਜਮ੍ਹਾਂ ਹੋਣ ਦਾ ਨਿਯਤ ਮਹੀਨਾ | ਜਮ੍ਹਾਂ ਹੋਣ ਦਾ ਅਸਲ ਮਹੀਨਾ | ਦੇਰੀ ਮਹੀਨਿਆਂ ਵਿੱਚ | 1.5 ਪ੍ਰਤੀ ਮਹੀਨਾ ਦੀ ਦਰ ਨਾਲ ਵਿਆਜ਼ |
| 1 | 15 | 1,84,00,000 | 9,05,735 | ਮਈ-13 | ਜੂਨ-13 | ਦਸੰਬਰ-13 | 6 | 81,516 |
| 2 | 16 | 8,700,000 | 4,01,974 | ਮਈ-13 | ਜੂਨ -13 | ਜਨਵਰੀ-14 | 7 | 42,207 |
| 3 | 18 | 2,33,00,000 | 14,70,908 | ਅਗਸਤ-13 | ਸਤੰਬਰ-13 | ਜਨਵਰੀ-14 | 4 | 88,254 |
| 4 | 20 | 99,00,000 | 7,38,729 | ਅਕਤੂਬਰ-13 | ਨਵੰਬਰ-13 | ਸਤੰਬਰ-15 | 22 | 2,43,781 |
| 5 | 21 | 69,00,000 | 51,290 | ਨਵੰਬਰ-13 | ਦਸੰਬਰ-13 | ਸਤੰਬਰ-15 | 21 | 16,156 |
| 6 | 22 | 1,30,00,000 | 19,02,159 | ਦਸੰਬਰ-13 | ਜਨਵਰੀ-14 | ਸਤੰਬਰ-15 | 20 | 5,70,648 |
| 7 | 23 | 2,40,00,000 | 4,13,558 | ਫਰਵਰੀ-14 | ਮਾਰਚ-14 | ਸਤੰਬਰ-15 | 18 | 1,11,661 |
| 8 | 24 | 1,40,00,000 | 6,49,937 | ਮਾਰਚ-14 | ਅਪ੍ਰੈਲ-14 | ਸਤੰਬਰ-15 | 17 | 1,65,734 |
| | **ਉਪ ਕੁੱਲ 2013-14** | | **65,34,290** | | | | | **13,19,957** |
| 9 | 25 | 46,00,000 | 4,22,820 | ਮਾਰਚ-14 | ਅਪ੍ਰੈਲ-14 | ਸਤੰਬਰ-15 | 17 | 1,07,819 |
| 10 | 26 | 87,50,000 | 9,06,517 | ਮਈ-14 | ਜੂਨ-14 | ਸਤੰਬਰ-15 | 15 | 2,03,966 |
| 11 | 28 | 1,85,00,000 | 11,22,961 | ਅਗਸਤ-14 | ਸਤੰਬਰ-14 | ਸਤੰਬਰ-15 | 12 | 2,02,133 |
| 12 | 29 | 35,60,000 | 2,74,305 | ਅਕਤੂਬਰ-14 | ਨਵੰਬਰ-14 | ਸਤੰਬਰ-15 | 10 | 41,146 |
| | **ਉਪ ਕੁੱਲ 2014-15** | | **27,26,603** | | | | | **5,55,064** |
| 13 | 33 | 6,00,00,000 | 38,24,403 | ਜੂਨ-15 | ਜੁਲਾਈ-15 | ਸਤੰਬਰ-15 | 2 | 1,14,732 |
| 14 | 34 | 2,30,00,000 | 13,24,118 | ਅਕਤੂਬਰ-15 | ਨਵੰਬਰ-15 | ਜਨਵਰੀ-16 | 2 | 39,724 |
| 15 | 37 | 64,40,000 | 44,78,857 | ਫਰਵਰੀ-16 | ਮਾਰਚ-16 | ਮਾਰਚ-16 | 0 | 0 |
| 16 | 38 | 89,33,000 | 5,66,688 | ਮਾਰਚ-16 | ਅਪ੍ਰੈਲ-16 | ਮਾਰਚ-16 | 0 | 0 |
| | **ਉਪ ਕੁੱਲ 2015-16** | | **1,01,94,066** | | | | | **1,54,456** |
| **ਕੁੱਲ** | | | **1,94,54,959** | | | | | **20,29,477** |

*ਸ੍ਰੋਤ: ਵਿਭਾਗੀ ਰਿਕਾਰਡ*

## ਸੰਖੇਪਣਾਂ ਦੀ ਗਲੌਸਰੀ
## (ਰੈਵੀਨਿਊ ਖੇਤਰ)

| | |
|---|---|
| ਏ ਈ ਟੀ ਸੀ | ਸਹਾਇਕ ਆਬਕਾਰੀ ਅਤੇ ਕਰ ਕਮਿਸ਼ਨਰ |
| ਏ ਐਸ ਡੀ | ਵਾਧੂ ਅਸ਼ਟਾਮ ਡਿਊਟੀ |
| ਏ ਟੀ ਐਨਜ਼ | ਐਕਸ਼ਨ ਟੇਕਸ ਨੋਟਜ਼ |
| ਸੀ ਐਸ ਟੀ ਐਕਟ | ਕੇਂਦਰੀ ਵਿੱਕਰੀ ਕਰ ਐਕਟ, 1956 |
| ਡੀ ਈ ਟੀ ਸੀ | ਉਪ ਆਬਕਾਰੀ ਅਤੇ ਕਰਬੰਦੀ ਕਮਿਸ਼ਨਰ |
| ਡੀ ਐਫ ਓ | ਜਿਲ੍ਹਾ ਵਣ ਅਧਿਕਾਰੀ |
| ਡੀ ਓ | ਮਨੋਨੀਤ ਅਧਿਕਾਰੀ |
| ਈ ਡੀ | ਮਨੋਰੰਜਨ ਸ਼ੁਲਕ |
| ਈ ਟੀ ਸੀ | ਆਬਕਾਰੀ ਅਤੇ ਕਰ ਕਮਿਸ਼ਨਰ |
| ਜੀ ਓ ਆਈ | ਭਾਰਤ ਸਰਕਾਰ |
| ਜੀ ਟੀ ਓ | ਕੁੱਲ ਟਰਨਓਵਰ |
| ਆਈ ਸੀ ਸੀ | ਇਨਫਾਰਮੇਸ਼ਨ ਕੁਲੈਕਸ਼ਨ ਸੈਂਟਰ |
| ਆਈ ਜੀ ਆਰ | ਇੰਸਪੈਕਟਰ ਜਨਰਲ ਆਫ ਰਜਿਸਟਰੇਸ਼ਨ |
| ਆਈ ਐਮ ਐਫ ਐਲ | ਇੰਡੀਅਨ ਸੇਡ ਫਾਰਨ ਲੀਕਰ |
| ਆਈ ਆਰਜ਼ | ਨਿਰੀਖਣ ਰਿਪੋਰਟਾਂ |
| ਆਈ ਆਰ ਐਕਟ | ਭਾਰਤੀ ਰਜਿਸਟਰੇਸ਼ਨ ਐਕਟ, 1908 |
| ਆਈ ਟੀ ਸੀ | ਭਾਰਤੀ ਸਟੈਂਪ ਐਕਟ, 1899 |
| ਜੇ ਐਸ ਆਰ | ਇੰਨਪੁੱਟ ਟੈਕਸ ਕਰੈਡਿਟ |
| ਐਮ ਸੀ | ਜੁਆਇੰਟ ਸਬ ਰਜਿਸਟਰਾਰ |
| ਐਮ ਸੀ | ਮਿਉਨਿਸਪਲ ਕਾਰਪੋਰੇਸ਼ਨ |
| ਐਮ ਓ ਈ ਐਫ | ਵਾਤਾਵਰਣ ਅਤੇ ਵਣ ਮੰਤਰਾਲਾ |
| ਐਮ ਵੀ ਟੀ | ਮੋਟਰ ਵਾਹਨ ਕਰ |
| ਪੀ ਏ | ਕਾਰਗੁਜ਼ਾਰੀ ਆਡਿਟ |
| ਪੀ ਏ ਸੀ | ਲੋਕ ਲੇਖਾ ਕਮੇਟੀ |
| ਪੀ ਏ ਸੀ | ਪ੍ਰਧਾਨ ਮਹਾਂ ਲੇਖਾਕਾਰ (ਆਡਿਟ) |
| ਪੀ ਈ ਡੀ ਐਕਟ | ਪੰਜਾਬ ਮਨੋਰੰਜਨ ਸ਼ੁਲਕ ਐਕਟ |
| ਪੀ ਐਲ ਪੀ ਏ | ਪੰਜਾਬ ਲੈਂਡ ਪੇਸ਼ਕਾਰੀ ਐਕਟ |
| ਪੀ ਐਲ ਆਰ ਐਕਟ | ਪੰਜਾਬ ਲੈਂਡ ਰੈਵੀਨਿਊ ਐਕਟ, 1887 |
| ਪੀ ਐਲ ਟੀ ਐਕਟ | ਪੰਜਾਬ ਲਗਜ਼ਰੀ ਕਰ ਐਕਟ |
| ਪੀ ਐਮ ਵੀ ਟੀ ਐਕਟ | ਪੰਜਾਬ ਮੋਟਰ ਵਾਹਨ ਕਰਬੰਦੀ ਐਕਟ, 1924 |
| ਪੀ ਐਸ ਐਫ ਡੀ ਸੀ | ਪੰਜਾਬ ਰਾਜ ਵਣ ਵਿਕਾਸ ਕਾਰਪੋਰੇਸ਼ਨ |
| ਆਰ ਐਫ | ਰਜਿਸਟਰੇਸ਼ਨ ਫੀਸ |
| ਆਰ ਟੀ ਏ | ਖੇਤਰੀ ਟਰਾਂਸਪੋਰਟ ਅਥਾਰਟੀ |
| ਐਸ ਡੀ | ਅਸ਼ਟਾਮ ਡਿਊਟੀ |
| ਐਸ ਆਈ ਸੀ | ਸਮਾਜਿਕ ਢਾਂਚਾ ਸੈੱਸ |
| ਐਸ ਆਰ | ਸਬ ਰਜਿਸਟਰਾਰ |
| ਐਸ ਐਸ ਐਫ | ਸਮਾਜਿਕ ਸੁੱਰਖਿਆ ਫੰਡ |
| ਐਸ ਟੀ ਸੀ | ਸਟੇਟ ਟਰਾਂਸਪੋਰਟ ਕਮਿਸ਼ਨਰ |
| ਵੈਟ | ਵੈਲਯੂ ਐਡਿਡ ਕਰ |

©
ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ
**www.cag.gov.in**